# ਲਾਲ ਏਹਿ ਰਤਨ

## (ਭਾਗ–੩)

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਟੇਪ ਰਿਕਾਰਡ ਕੀਤੇ ਹੋਏ ਉਪਦੇਸ਼ਾਂ ਤੇ ਆਧਾਰਿਤ 'ਲਾਲ ਏਹਿ ਰਤਨ' ਪੁਸਤਕਾਂ ਦਾ ਵੇਰਵਾ :–

| ਪੁਸਤਕ ਦਾ ਨਾਂ | ਭਾਗ | ਉਪਦੇਸ਼ਾਂ ਦਾ ਸੰਨ | ਪ੍ਰਕਾਸ਼ਨ ਦਾ ਸੰਨ |
|---|---|---|---|
| ਲਾਲ ਏਹਿ ਰਤਨ | ੧ | ੧੯੪੮, ੧੯੫੦ | ੧੯੯੫ |
| ਲਾਲ ਏਹਿ ਰਤਨ | ੨ | ੧੯੫੧, ੧੯੫੨ | ੧੯੯੯ |
| ਲਾਲ ਏਹਿ ਰਤਨ | ੩ | ੧੯੫੩, ੧੯੫੪ | ੨੦੦੨ |
| ਲਾਲ ਏਹਿ ਰਤਨ | ੪ | ੧੯੫੫, ੧੯੫੬ | ਪ੍ਰਕਾਸ਼ਨ ਅਧੀਨ |
| ਲਾਲ ਏਹਿ ਰਤਨ | ੫ | ੧੯੫੮, ੧੯੫੯ | ਪ੍ਰਕਾਸ਼ਨ ਅਧੀਨ |

# ਲਾਲ ਏਹਿ ਰਤਨ

## (ਭਾਗ–੩)

ਉਪਦੇਸ਼
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਸੰਨ ੧੯੫੩, ੧੯੫੪

ਸੰਪਾਦਿਕਾ
ਪ੍ਰਿੰ. ਬੇਅੰਤ ਕੌਰ
ਐਮ.ਏ. (ਅੰਗਰੇਜ਼ੀ, ਪੰਜਾਬੀ)
ਸਾਹਿੱਤ ਰਤਨ (ਹਿੰਦੀ), ਬੀ.ਟੀ.

ਪ੍ਰਕਾਸ਼ਕ
ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਿਟੇਡ,
ਬੰਗਲੌਰ

# LALEHRATTAN VOL-III

(Updesh : Sri Satguru Partap Singh Ji

PERIOD - 1953, 1954.

Edited by Pr. BEANT KAUR
F-213A-I, Mansarover Garden, New Delhi-110015,
Tel 5414451, 5422956

Publisher Namdhari Seeds Pvt. Ltd.,
Bangalore.

ਪਹਿਲੀ ਵਾਰ : ਸੰਮਤ 2057 (ਸੰਨ 2002)

© : ਨਾਮਧਾਰੀ ਦਰਬਾਰ,
ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ (141113)

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ-6
ਫ਼ੋਨ : 3280657

ਸੈਟਿੰਗ : ਐਸ ਆਰ ਐਸ ਕੰਪਿਊਟਰਜ਼, ਮਾਨਸਰੋਵਰ ਗਾਰਡਨ, ਦਿੱਲੀ-15
ਫ਼ੋਨ : 5414451, 5422956

ਭੇਟਾ : 400 ਰੁਪਏ

ਇਹ ਅਨਮੋਲ

ਅੰਮ੍ਰਿਤ-ਭਰਪੂਰ ਬਚਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਨੇ

ਭੁੱਲੀ-ਭਟਕੀ ਲੋਕਾਈ

ਦੇ

ਉੱਧਾਰ ਹਿੱਤ

ਸੰਨ

੧੯੫੩, ੫੪

ਵਿੱਚ

ਬੰਕੋਕ (ਥਾਈਲੈਂਡ)

ਵਿਖੇ ਉਚਾਰਨ ਕੀਤੇ

# ਤਤਕਰਾ


| | | |
|---|---|---|
| **ਪ੍ਰਸਤਾਵਨਾ** | ਪ੍ਰਿੰ. ਬੇਅੰਤ ਕੌਰ | ੧੧ |
| **ਸੁਆਗਤ** | ਪ੍ਰੋ: ਪ੍ਰੀਤਮ ਸਿੰਘ | ੨੬ |


## ਉਪਦੇਸ਼ ਸੰਨ ੧੯੫੩


| | |
|---|---|
| **ਉਪਦੇਸ਼ ੧੨-੧੧-੧੯੫੩** | **੩੩** |
| ਢਾਈ ਅੱਖਰ ਪ੍ਰੇਮ ਕੇ | ੩੪ |
| ਖਾਲਸੇ ਦਾ ਨਿਆਰਾਪਨ | ੪੬ |
| ਗੁਰਮੁਖੀ ਪਹਿਰਾਵਾ | ੫੦ |
| ਬਿਬੇਕ ਅਤੇ ਅਬਿਬੇਕ | ੫੨ |
| **ਉਪਦੇਸ਼ ੨੨-੬-੧੯੫੩** | **੫੮** |
| ਪਿੱਪਲ ਤੇ ਗਊ ਦੀ ਪੂਜਾ | ੫੯ |
| ਸੁਰ ਅਤੇ ਅਸੁਰ | ੬੧ |
| ਬਾਬਾ ਦਰਬਾਰਾ ਸਿੰਘ | ੬੩ |
| ਹੁਕਮ ਨਾਮਾ ਸਤਿਗੁਰੂ ਰਾਮ ਸਿੰਘ ਜੀ | ੭੩ |
| ਨਿਰਜਲਾ ਇਕਾਦਸ਼ੀ | ੭੫ |
| **ਉਪਦੇਸ਼ ੨੩-੬-੧੯੫੩** | **੭੮** |
| ਸਵਾਸ ਸਵਾਸ ਹਰੀ ਨਾਮ ਜਪ | ੭੮ |
| ਹਮ ਆਦਮੀ ਹਾਂ | ੮੪ |

ਪਰਾਇਆ ਹੱਕ ੮੫
ਚਿਤ੍ਰ ਗੁਪਤ ੮੭
ਅਮਨ ਨੇ ਆਉਨਾ ਹੈ ੮੯

**ਉਪਦੇਸ਼ ੨੪-੬-੧੯੫੩ ੯੭**
ਹੁਕਮ ਨਾਮਾ ਸਤਿਗੁਰੂ ਰਾਮ ਸਿੰਘ ਜੀ ੯੭
ਹੁਕਮ ਨਾਮਾ ਸਤਿਗੁਰੂ ਰਾਮ ਸਿੰਘ ਜੀ ੧੦੦
ਹੁਕਮ ਨਾਮਾ ਸਤਿਗੁਰੂ ਰਾਮ ਸਿੰਘ ਜੀ ੧੦੧
ਸਿਨੇਮਾ ਵੇਖਣਾ ਛੱਡੋ ੧੦੩
ਫਜ਼ੂਲ ਖਰਚੀ ਬੰਦ ਕਰੋ ੧੦੫
ਸਤਿਗੁਰਾਂ ਦੇ ਹੁਕਮਨਾਮੇ ੧੦੬
ਭਜਨ ਕਰਿਆ ਕਰੋ ੧੦੯
ਹੱਸਦੇ ਹੱਸਦੇ ਸ਼ਹੀਦ ਹੋਏ ੧੧੨

**ਉਪਦੇਸ਼ ੨੫-੬-੧੯੫੩ ੧੧੮**
ਹੁਕਮ ਨਾਮਾ ਸਤਿਗੁਰੂ ਰਾਮ ਸਿੰਘ ਜੀ ੧੧੮
ਵਾਹਿ ਨ ਅੰਤ ੧੨੬
ਸਰਗੁਣ ਸਰੂਪ ੧੨੭
ਮੰਦ੍ਰ ਭੈਣੀ ਜਿਵ ਰਚੇ ੧੩੮

**ਉਪਦੇਸ਼ ੨੬-੬-੧੯੫੩ ੧੬੮**
ਹੁਕਮ ਨਾਮਾ ਸਤਿਗੁਰੂ ਰਾਮ ਸਿੰਘ ਜੀ ੧੬੯
ਭਏ ਹਰੀ ਹਰਿ ਹਰੀ ੧੭੮
ਪਾਪੇ ਦਾ ਵਰਤਿਆ ਵਰਤਾਰਾ ੧੮੪
ਮਾਈਆਂ ਨੂੰ ਹੁਕਮ ੧੮੯
ਆਪਣੇ ਨਿਯਮਾਂ ਤੇ ਚਲੋ ੧੯੦
ਗਰੀਬਾਂ ਦੀ ਸੇਵਾ ੧੯੩

# ਉਪਦੇਸ਼ ਸੰਨ ੧੯੫੪

**ਉਪਦੇਸ਼ ੯-੨-੧੯੫੪** **੧੯੯**
ਮੰਗਲਾ ਚਰਨ ਸਤਿਗੁਰੂ ਰਾਮ ਸਿੰਘ ਜੀ ੧੯੯
ਸੁਰ ਤੇ ਅਸੁਰ ੨੦੧
ਅਨੰਤ ਕਲਾਂ ਦਾ ਮਾਲਕ ੨੦੪
ਹਮ ਐਸ ਥੇ ਨੀਚ ੨੧੩

**ਉਪਦੇਸ਼ ੧੬-੨-੧੯੫੪** **੨੨੭**
ਗੁਰ ਸਿੱਖਾਂ ਦਾ ਨਿਆਰਾਪਨ ੨੨੭
ਨਿਯਮਾਂ ਦੀ ਪਾਲਣਾ ੨੩੧
ਦੇਸ ਤਰਾਇ ਬਿਦੇਸ ਸਹਾਇ ੨੩੩
ਲੋਕ ਲਾਜ ਦਾ ਤਿਆਗ ੨੩੬
ਪ੍ਰਿਆ ਭਗਤੀ ੨੩੯
ਦਮਦਮੇ ਵਾਲੀ ਬੀੜ ੨੪੨
ਖਾਣ ਪੀਣ ਦਾ ਮਹਾਤਮ ੨੪੫
ਕਰਜਾ ਮੋੜਨ ਦਾ ਹੁਕਮ ੨੪੮
ਨਾਮ ਦੀ ਮਹਿਮਾ ੨੫੧

**ਉਪਦੇਸ਼ ੧੭-੨-੧੯੫੪** **੨੫੮**
ਸੁਆਮੀ ਅਨੰਤ ਜੀ ੨੫੮
ਨਾਮ ਕਿੱਥੋਂ ਮਿਲਦਾ ਹੈ ੨੬੧
ਭਾਇ ਨ ਜਾਲੈ ੨੬੬
ਸਤਿਗੁਰੂ ਗਰੀਬ ਨਿਵਾਜ ਹੈ ੨੭੨
ਧਰਮ ਦੀ ਕਿਰਤ ੨੭੬

**ਉਪਦੇਸ਼ ੧੮-੨-੧੯੫੪** **੨੮੨**
ਅੰਤਰਜਾਮੀ ਸਤਿਗੁਰੂ ੨੮੨

ਨੀਲ ਮੱਤ ਮਾਰ ਦਿੰਦਾ ਹੈ ੨੮੭

**ਉਪਦੇਸ਼ ੧੯-੨-੧੯੫੪ ੩੦੦**
ਨਾਮ ਬਾਣੀ ਦੀ ਮਹਿਮਾ ੩੦੭
ਧਰਮ ਦੀ ਜੈ ੩੧੧
ਧਨ ਕੁਚਾਲ ਚੱਲਣ ਤੇ ਘਟਦਾ ਹੈ ੩੧੩
ਨਿਹੰਗ ਸਿੰਘ ਤੇ ਕਿਰਪਾ ੩੨੨

**ਉਪਦੇਸ਼ ੨੮-੯-੧੯੫੪ ੩੩੪**
ਕਹਿਣੀ ਤੇ ਕਰਨੀ ੩੩੪
ਨਾਮ ਦਾ ਮਹਾਤਮ ੩੩੭
ਬੰਦਗੀ ੩੪੩
ਆਸ਼ਕਾਂ ਦੀਆਂ ਨਿਸ਼ਾਨੀਆਂ ੩੪੬
ਸੂਲੀ ਦੀ ਸੂਲ ੩੫੩
ਬੱਚਿਆਂ ਨੂੰ ਬਲੀ ਬਣਾਓ ੩੫੬

**ਉਪਦੇਸ਼ ੨੯-੯-੧੯੫੪ ੩੬੭**
ਤੇਜ ਬਲੀ ਗੁਰ ਆਠਮੋ ੩੬੭
ਸਿੱਖਾਂ ਦਾ ਪ੍ਰਣ ਪਾਲਣਾ ੩੬੯
ਸਿੱਖੀ ਦਾ ਪਤਣ ੩੭੩
ਨਾਮ ਦਾ ਪਰਤਾਪ ੩੭੮

**ਉਪਦੇਸ਼ ੮-੧੦-੧੯੫੪ ੩੮੪**
ਜੀਵਨ ਮੁਕਤ ਸਿੱਖ ੩੮੪
ਨਾਮ ਮੰਤ੍ਰ ਸਬਦ ਹੈ ੩੯੩
ਕਰਜਾ ਨਾ ਮੋੜਨਾ ਪਾਪ ਹੈ ੪੦੪

# ਪ੍ਰਸਤਾਵਨਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਅਵਤਾਰ ਧਾਰਨ ਕਰਕੇ, ਉੱਥੇ ਵਸਦੇ ਹੋਏ ਜੀਵਾਂ ਦਾ ਉੱਧਾਰ ਕਰਨ ਦੀ ਅਪਾਰ ਕਿਰਪਾ ਤਾਂ ਕੀਤੀ ਹੀ ਹੈ, ਇਸ ਦੇ ਨਾਲ ਹੀ ਦੇਸ ਦੇਸਾਂਤਰਾਂ ਦਾ ਭ੍ਰਮਣ ਕਰਕੇ ਉੱਥੋਂ ਦੇ ਵਸਨੀਕਾਂ ਨੂੰ ਆਪਣੀ ਪਵਿੱਤਰ ਰਸਨਾ ਨਾਲ ਅੰਮ੍ਰਿਤ ਮਈ ਬਚਨਾਂ ਦੀ ਵਰਖਾ ਕਰਕੇ, ਇਸ ਸੜਦੇ ਭੁਜਦੇ ਜਗਤ ਵਿੱਚੋਂ ਬਾਹਰ ਕੱਢ ਕੇ ਸੀਤਲਤਾ ਪ੍ਰਦਾਨ ਕੀਤੀ। ਉਨ੍ਹਾਂ ਨੂੰ ਗੁਰਮਤਿ ਦੇ ਰਾਹਾਂ ਦਾ ਪਾਂਧੀ ਬਣਾਇਆ ਅਤੇ ਇਸ ਭਵਸਾਗਰ ਤੋਂ ਪਾਰ ਉਤਾਰਾ ਕਰਨ ਦੀ ਜ਼ਿੰਮੇਵਾਰੀ ਨਿਭਾਈ। ਮਾਨਵਤਾ ਨੂੰ ਝੂਠ, ਕਪਟ ਨਿੰਦਾ ਤਿਆਗ ਕੇ ਇੱਕ ਉੱਚਾ ਅਤੇ ਸੁੱਚਾ ਜੀਵਨ ਜੀਊਂਣ ਦਾ ਰਾਹ ਦੱਸਿਆ। ਉਨ੍ਹਾਂ ਨੇ ਆਪ ਇੱਕ ਆਦਰਸ਼ ਜੀਵਨ ਦਾ ਸਾਖਿਆਤ ਉਦਾਹਰਣ ਸਭ ਦੇ ਸਾਹਮਣੇ ਪ੍ਰਸਤੁਤ ਕੀਤਾ ਅਤੇ ਉਹ ਆਦਰਸ਼ ਸਾਰਿਆਂ ਲਈ ਚਾਨਣ ਮੁਨਾਰਾ ਬਣ ਗਏ। ਉਸ ਚਾਨਣ ਦੀ ਲੋਅ ਨੇ ਭੁੱਲੀ ਭਟਕੀ ਕੁਰਾਹੇ ਪਈ ਲੋਕਾਈ ਨੂੰ ਸਹੀ ਮਾਰਗ ਦੀ ਸੇਧ ਪ੍ਰਦਾਨ ਕੀਤੀ। ਜਿਨ੍ਹਾਂ ਨੂੰ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਦਾ ਅਵਸਰ ਮਿਲਿਆ, ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ, ਉਹ ਵਡਭਾਗੀ ਹੋ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨੂਰਾਨੀ ਹਸੂੰ-ਹਸੂੰ ਕਰਦਾ ਮੁਖੜਾ ਤੇ ਮੁੱਖ ਮੰਡਲ ਉੱਤੇ ਅਲੌਕਿਕ ਆਭਾ, ਅੰਮ੍ਰਿਤ ਭਿੰਨੇ ਲੋਇਨ, ਫੁੱਲਾਂ ਦੀ ਵਰਖਾ ਕਰਦੀ ਹੋਈ ਮਿੱਠੀ ਸੁਰੀਲੀ ਰਸਨਾ ਅਤੇ ਉਸ ਵਿਚੋਂ ਨਿਕਲੇ ਮਿੱਠੇ ਅੰਮ੍ਰਿਤ ਭਰਪੂਰ ਬਚਨ, ਉੱਚਾ ਲੰਮਾਂ

ਭਰਵਾਂ ਆਕਰਸ਼ਕ ਸਡੌਲ ਸਰੀਰ, ਮਿਕਨਾਤੀਸੀ ਸਖਸ਼ੀਅਤ, ਸ਼ਰਨਾਗਤ ਵਿੱਚ ਆਏ ਵਿਅਕਤੀਆਂ ਦੀ ਕਾਇਆ ਕਲਪ ਕਰ ਦਿੰਦੀ। ਉਹ ਇਸ ਲੌਕਿਕ ਜਗਤ ਦਾ ਨਾ ਰਹਿ ਕੇ ਅਲੌਕਿਕ ਮੰਡਲਾਂ ਦੀਆਂ ਉਡਾਰੀਆਂ ਮਾਰਨ ਲੱਗ ਜਾਂਦਾ, ਉੱਚ ਅਧਿਆਤਮਿਕ ਸਿਖਰਾਂ ਨੂੰ ਛੂਹਣ ਲੱਗ ਜਾਂਦਾ ਅਤੇ ਉਸ ਰੱਬੀ ਨੂਰਾਨੀ ਜੋਤ ਅੱਗੇ ਕਰਬੱਧ ਨਤਮਸਤਕ ਹੋ ਜਾਂਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗ੍ਰੰਥ ਵਿੱਚ ਲਿਖੇ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੁੰਦਰਤਾ ਦਾ ਸਾਖਿਆਤਕਾਰ ਕਰਾਉਂਦੇ ਹਨ।

**ਕੰਜਲਕ ਨੈਨ ਕੰਬੂ ਗ੍ਰੀਵਹਿ ਕਟਿ ਕੇਹਰ ਕੁੰਜਰ ਗਵਨ।।**
**ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ।।**

*– ਦਸਮ ਗ੍ਰੰਥ, ਪੰਨਾ–੧੩੧*

**– ਮੁਖ ਮੰਡਲ ਪਰ ਲਸਤ ਜੋਤਿ ਉਦੋਤ ਅਮਿਤ ਗਤ।।**
**ਜਟਤ ਜੋਤ ਜਗਮਗਤ ਲਜਤ ਲਖ ਕੋਟਿ ਨਿਖਤਿ ਪਤਿ।।**
**ਚੱਕ੍ਰਵਰਤੀ ਚਕ੍ਰਵੈ ਚਕ੍ਰਤ ਚਉ ਚੱਕ੍ਰ ਕਰਿ ਧਰਿ।।**
**ਪਦਮ ਨਾਥ ਪਦਮਾਛ ਨਵਲ ਨਾਰਾਇਣ ਨਰ ਹਰਿ।।**

*– ਦਸਮ ਗ੍ਰੰਥ, ਪੰਨਾ–੧੩੦*

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਮ੍ਰਿਤ ਮਈ ਬਚਨਾਂ ਦੀ ਬੰਕੋਕ ਨਿਵਾਸੀ ਸਾਧ ਸੰਗਤ ਨੇ ਟੇਪ ਬੱਧ ਕਰਕੇ ਸੰਭਾਲ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮੰਡੀ ਵਿਖੇ ਸੰਨ ੧੯੭੫ ਵਿੱਚ ਆਪਣੇ ਪਵਿਤਰ ਕਰ ਕੰਵਲਾਂ ਨਾਲ ਇਨ੍ਹਾਂ ਟੇਪਾਂ ਤੋਂ ਉਪਦੇਸ਼ਾਂ ਦਾ ਲਿਖਣਾ ਪ੍ਰਾਰੰਭ ਕੀਤਾ। ਸਤਿਗੁਰੂ ਜੀ ਦਾ ਜੀਅ ਕਰਦਾ ਸੀ, ਕਿ ਇਹ ਪਵਿਤਰ ਉਪਦੇਸ਼ ਹਰ ਘਰ ਦੀ ਸ਼ੋਭਾ ਹੋਣ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਉਪਦੇਸ਼ਾਂ ਨੂੰ ਪੁਸਤਕ ਰੂਪ ਦੇਣ ਦੀ ਸੇਵਾ ਮੈਨੂੰ ਸੌਂਪੀ ਤਾਂ ਮੈਂ ਆਪਣੇ ਧੰਨਭਾਗ ਸਮਝੇ। ਇਸ ਸੇਵਾ ਨੂੰ ਨੇਪਰੇ ਚੜ੍ਹਾਉਣ ਵਿੱਚ ਮੇਰੇ ਪਤੀ ਸ੍ਰ: ਸੰਤ ਸਿੰਘ ਜੀ ਨੇ ਵੀ ਆਪਣਾ ਪੂਰਨ ਸਹਿਯੋਗ ਦਿੱਤਾ, ਟੇਪਾਂ ਤੋਂ ਬੜੇ ਗਹੁ ਨਾਲ ਇੱਕ-ਇੱਕ ਸ਼ਬਦ ਮਿਲਾਇਆ ਅਤੇ ਸਤਿਗੁਰੂ ਜੀ ਦੀਆਂ ਅਸੀਮ ਖੁਸ਼ੀਆਂ ਦੇ ਪਾਤਰ ਬਣੇ। ਪ੍ਰਮੁੱਖ ਵਿਦਵਾਨਾਂ ਨੇ ਵੀ ਸ੍ਰੀ ਸਤਿਗੁਰੂ

ਜੀ ਦੀ ਹਜ਼ੂਰੀ ਵਿੱਚ ਇਨ੍ਹਾਂ ਲਿਖਤ ਸ਼ਬਦਾਂ ਨੂੰ ਬੜੇ ਧਿਆਨ ਨਾਲ ਸੁਣਿਆ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਨ੍ਹਾਂ ਉਪਦੇਸ਼ਾਂ ਦਾ ਇੱਕ-ਇੱਕ ਸ਼ਬਦ ਕੰਠ ਹੈ। ਉਨ੍ਹਾਂ ਨੇ ਆਪਣੀ ਕਿਰਪਾ ਕਰਕੇ ਸੁਧਾਈ ਕਰਵਾਈ। ਇਸ ਦੇ ਫਲਸਰੂਪ ਪੁਸਤਕ 'ਲਾਲ ਏਹਿ ਰਤਨ,' ਭਾਗ-੧, ਸੰਨ ੧੯੪੮-੫੦ ਦੇ ਉਪਦੇਸ਼ਾਂ ਤੇ ਆਧਾਰਿਤ, ਦਾ ਵਿਮੋਚਨ ਸੰਨ ੧੯੯੫ ਦੇ ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਗਿਆ। ਸੰਨ ੧੯੫੧-੫੨ ਤੇ ਆਧਾਰਿਤ 'ਲਾਲ ਏਹਿ ਰਤਨ,' ਭਾਗ-੨ ਦਾ ਵਿਮੋਚਨ ਸੰਨ ੧੯੯੯ ਦੇ ਹੋਲੇ ਮਹੱਲੇ ਤੇ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਕੀਤਾ ਗਿਆ। ਸਤਿਗੁਰੂ ਜੀ ਨੇ ਇਸ ਸਮੇਂ ਸਾਰੀ ਸਾਧ ਸੰਗਤ ਨੂੰ ਇਨ੍ਹਾਂ ਪਵਿਤਰ ਉਪਦੇਸ਼ਾਂ ਦਾ ਪਾਠ ਕਰਨ ਲਈ ਹੁਕਮ ਕੀਤਾ। 'ਲਾਲ ਏਹਿ ਰਤਨ', ਭਾਗ-੩ ਵਿੱਚ ਸੰਨ ੧੯੫੩ ਅਤੇ ੫੪ ਦੇ ਉਪਦੇਸ਼ ਸਮਿਲਿਤ ਹਨ।

ਆਧੁਨਿਕ ਜਗਤ ਨੇ ਵਿੱਦਿਆ ਦੇ ਖੇਤਰ ਵਿੱਚ ਬਹੁਤ ਪ੍ਰਗਤੀ ਕੀਤੀ ਹੈ। ਵੱਖ ਵੱਖ ਵਿਸ਼ਿਆਂ ਨੂੰ ਸਮਝਣ ਲਈ, ਹਰੇਕ ਵਿਸ਼ੇ ਉੱਤੇ ਵਿਸਥਾਰ ਨਾਲ ਖੋਜ ਕੀਤੀ ਗਈ ਹੈ, ਅਤੇ ਉਸ ਵਿਸ਼ੇ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਕਰਨ ਲਈ, ਮਹਾਰਿਤ ਗ੍ਰਹਿਣ ਕਰਨ ਲਈ, ਉਸ ਨਾਲ ਸੰਬੰਧਿਤ, ਉਸ ਵਿਸ਼ੇ ਤੇ ਆਧਾਰਿਤ ਇਨਸਾਈਕਲੋਪੀਡੀਆ ਉਪਲਬਧ ਹੈ। ਵਿਗਿਆਨ ਬਾਰੇ ਵਿਸਥਾਰ ਨਾਲ ਜਾਣਕਾਰੀ ਵਾਸਤੇ ਵਿਗਿਆਨ ਨਾਲ ਸੰਬੰਧਿਤ ਇਨਸਾਈਕਲੋਪੀਡੀਆ ਪ੍ਰਾਪਤ ਹੈ। ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ, ਵੱਖ-ਵੱਖ ਬੋਲੀਆਂ ਵਿੱਚ ਮਹਾਨ ਕੋਸ਼ ਪ੍ਰਕਾਸ਼ਤ ਹੋ ਚੁਕੇ ਹਨ। ਇਸੇ ਤਰ੍ਹਾਂ ਗੁਰਮਤਿ ਨਾਲ ਸੰਬੰਧਿਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤ੍ਰ ਉਪਦੇਸ਼ ਹਨ। ਗੁਰਸਿੱਖੀ ਦਾ ਕੋਈ ਵੀ ਪਹਿਲੂ ਐਸਾ ਨਹੀਂ, ਜਿਸ ਉੱਤੇ ਸਤਿਗੁਰੂ ਜੀ ਨੇ ਆਪਣੇ ਵਿਚਾਰ ਵਿਅਕਤ ਨਾ ਕੀਤੇ ਹੋਣ। ਗੁਰਸਿੱਖੀ ਕੀ ਹੈ—ਉਸਨੂੰ ਕਿਸ ਤਰ੍ਹਾਂ ਧਾਰਨ ਕਰਨਾ ਹੈ—ਨਾਮ ਸਿਮਰਨ ਕਿਸ ਤਰ੍ਹਾਂ ਕਰਨਾ ਹੈ—ਗੁਰਸਿੱਖੀ ਦੇ ਸਿਧਾਤਾਂ ਅਨੁਸਾਰ ਜੀਵਨ ਕਿਸ ਤਰ੍ਹਾਂ ਢਾਲਣਾ

ਹੈ—ਗੁਰਮੁਖ ਕੌਣ ਹਨ—ਮਨਮੁਖ ਅਤੇ ਸਨਮੁਖ ਕੌਣ ਹਨ—ਖਾਲਸਾ ਕੀ ਹੈ—ਆਪਣਾ ਆਚਰਣ ਉੱਚਾ ਅਤੇ ਸੁੱਚਾ ਕਿਸ ਤਰ੍ਹਾਂ ਰੱਖਣਾ ਹੈ, ਆਦਿ ਵਿਸ਼ਿਆਂ ਉੱਤੇ ਪੂਰਨ ਰੂਪ ਵਿੱਚ ਪ੍ਰਕਾਸ਼ ਪਾਇਆ ਹੈ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਇਹ ਅਨਮੋਲ ਵਡਮੁੱਲੇ ਪ੍ਰਵਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਸਨਾ ਰਾਹੀਂ ਉਚਾਰਨ ਕੀਤੀ ਹੋਈ, ਗੁਰਮਤਿ ਦੀ ਇੱਕ ਅਪੂਰਵ ਇਨਸਾਈਕਲੋਪੀਡੀਆ ਹੈ ਤਾਂ ਕੋਈ ਅਤਿਕਥਨੀ ਨਹੀਂ। ਇਹਨਾਂ ਵਿਸ਼ਿਆਂ ਬਾਰੇ ਸਤਿਗੁਰੂ ਜੀ ਨੇ ਆਪਣੇ ਪਵਿਤ੍ਰ ਮੁਖਾਰਬਿੰਦ ਤੋਂ ਸੁਹਣੇ ਸਪਸ਼ਟ ਸ਼ਬਦਾਂ ਰਾਹੀਂ ਸਾਧ-ਸੰਗਤ ਨੂੰ ਇਸ ਤਰ੍ਹਾਂ ਸਮਝਾਇਆ ਹੈ।

੧ **ਨਾਮ** :

- ਜਿਹੜਾ ਇਹ ਭਜਨ ਲੈ ਕੇ—ਪੰਜ ਵਾਰ ਜੀਹਦੇ ਕੰਨ ਵਿੱਚ ਆ ਜਾਵੇਗਾ—ਉਹਨੂੰ ਫਿਰ ਮਨੁੱਖਾ ਜੀਵਨ ਮਿਲੇਗਾ। ਇੱਕ ਜਨਮ ਨਹੀਂ, ਦੂਜਾ ਨਹੀਂ, ਤੀਜੇ ਜਨਮ ਉਹ ਬਖਸ਼ਿਆ ਜਾਵੇਗਾ।
- ਭਜਨ ਕਰਿਆ ਕਰੋ, ਜਿਹੜਾ ਹੁਕਮ ਮਿਲਿਆ ਹੋਇਆ ਹੈ। ਜੇ ਭਜਨ ਕਰੋਗੇ, ਇਸ਼ਨਾਨ ਕਰੋਗੇ ਤਾਂ ਬਲ ਆਪੇ ਹੀ ਅੰਦਰੋਂ ਮਿਲੇਗਾ।
- ਨਾਮ ਹੈ ਮੰਤਰ। ਮੰਤਰ ਸ਼ਬਦ ਜਿਹੜਾ ਹੈ ਇਹ ਸੰਸਕ੍ਰਿਤ ਦਾ ਸ਼ਬਦ ਹੈ ਮਤਰੀ ਧਾਤੂ ਸੇ ਮੰਤਰ ਬਣਦਾ ਹੈ ਤਾਂ ਮਤਰੀ ਧਾਤੂ ਦਾ ਮਤਲਬ ਹੈ ਗੁਪਤ ਜਪਣਾ, ਗੁਪਤ ਬਾਚਣਾ।

੨ **ਅਕਾਲ ਪੁਰਖ** :

ਉਹ ਕੂਕਿਆਂ ਦਾ ਨਹੀਂ, ਅਕਾਲੀਆਂ ਦਾ ਨਹੀਂ, ਹਿੰਦੂਆਂ ਦਾ ਨਹੀਂ, ਇਸਾਈਆਂ ਦਾ ਨਹੀਂ। ਜਿਹੜੇ ਉਹਦਾ ਨਾਮ ਜਪਣ—**ਜੋ ਜਪੈ**—ਗੁਰੂ ਜੀ ਕਹਿੰਦੇ ਨੇ—**ਤਿਸ ਕੀ ਗਤਿ ਹੋਇ।**

੩ **ਬਾਣੀ ਦਾ ਅਦਬ** :

ਅਦਬ ਕਿਸ ਤਰ੍ਹਾਂ ਹੈ, ਨਿਰਾ ਮੱਥਾ ਟੇਕ ਕੇ ਅਦਬ ਨਹੀਂ ਹੋ ਜਾਂਦਾ, ਬਹੁਤ ਰੁਮਾਲ ਦੇਣ ਨਾਲ ਅਦਬ ਨਹੀਂ ਹੋ ਜਾਂਦਾ, ਨਿਰਾ ਧੂਪ ਧੁਖਾਉਣ ਨਾਲ ਨਹੀਂ ਹੋ ਜਾਂਦਾ। ਅਦਬ ਇਸ ਚੀਜ਼ ਨਾਲ ਹੁੰਦਾ ਹੈ—ਜਿਹੜਾ ਕੁਝ

ਲਿਖਿਆ ਹੈ ਉਸ ਨੂੰ ਮੰਨਣ ਕਰੀਏ।

੪ **ਸਿੱਖ** :

- ਜੇ ਕਣਕ ਦੇ ਬੋਹਲ ਵਿੱਚ ਪੰਜ ਸੇਰ ਜੌਂ, ਪੰਜ ਸੇਰ ਛੋਲੇ, ਪੰਜ ਸੇਰ ਮੱਕੀ ਪਾ ਦਿਓ ਤਾਂ ਫਿਰ ਉਹਦਾ ਭਾਅ ਕੋਈ ਨਹੀਂ ਰਹਿੰਦਾ। ਸੋਨੇ ਵਿੱਚ ਸਿੱਕਾ ਪਾ ਦਿਓ, ਤਾਂਬਾ ਪਾ ਦਿਓ, ਰਲਾ ਦਿਓ ਤਾਂ ਉਹਦਾ ਮੁੱਲ ਨਹੀਂ ਰਹਿ ਜਾਂਦਾ—ਕੀਮਤ ਉਹਦੀ ਤਾਂ ਹੀ ਹੈ ਜਿਹੜਾ ਸੌ ਵੰਨੀ ਦਾ ਹੈ। ਤੁਸੀਂ ਸਤਿਗੁਰਾਂ ਨੇ ਸੌ ਵੰਨੀ ਦੇ ਬਣਾਏ ਹੋ।
- ਹੱਥ ਜੋੜਨੇ ਜਾਂ ਸਿਰ ਨਿਵਾਉਣ ਦਾ ਮਤਲਬ ਇਹ ਹੈ ਕਿ ਜਿਹਦੇ ਅੱਗੇ ਸਿਰ ਨਿਵਾ ਕੇ ਹੱਥ ਜੋੜ ਦੇਈਏ, ਉੱਥੇ ਸਭ ਕੁਛ ਆਪਣਾ ਦੇਣਾ ਪੈਂਦਾ ਹੈ। ਉੱਥੇ ਉਜਰ ਨਹੀਂ ਕੋਈ ਰਹਿ ਜਾਂਦਾ।
- ਸਿੱਖ ਜਦੋਂ ਵੀ ਕਿਸੇ ਕਾਰਜ ਨੂੰ ਤੁਰੇ, ਕਿਧਰੇ ਵੀ ਤੁਰੇ ਤੇ ਅਰਦਾਸ ਕਰਕੇ ਤੁਰੇ। ਸਤਿਗੁਰੂ ਉਸ ਦੇ ਅੰਗ ਸੰਗ ਰਹਿੰਦਾ ਹੈ। ਸਤਿਗੁਰੂ ਦੇ ਅੱਗੇ ਅਰਦਾਸ ਕਰਦਾ ਹੈ ਤਾਂ ਸਤਿਗੁਰੂ ਯਾਦ ਆਉਂਦਾ ਹੈ। ਸਤਿਗੁਰੂ ਦੀ ਯਾਦ ਇੱਕ ਚੀਜ਼ ਹੈ, ਜਿਹੜੀ ਨਾਲ ਇਹ ਬਚ ਸਕਦਾ ਹੈ।
- ਸਿੱਖੀ ਬੜੀ ਅਮੋਲਕ ਚੀਜ਼ ਹੈ, ਸਤਿਗੁਰੂ ਨੇ ਸਾਨੂੰ ਦਿੱਤੀ ਹੈ ਔਰ ਉਹਨਾਂ ਨੇ ਆਪਣਾ ਲਹੂ ਸਿੰਜ ਸਿੰਜ ਕੇ ਆਪਣੇ ਸਰੀਰ ਵਾਰ ਕੇ, ਆਪਣੇ ਸਰਬੰਸ ਵਾਰ ਕੇ, ਫੇਰ ਸਿੱਖੀ ਬਣਾਈ ਹੈ।

੫ **ਸਤਿਗੁਰੂ** :

ਤੁਹਾਡਾ ਇਹ ਫਰਜ਼ ਹੈ ਨਾਮਧਾਰੀਆਂ ਦਾ, ਕਿ ਤੁਸੀਂ ਭਜਨ ਬਾਣੀ ਕਰਿਆ ਕਰੋ ਔਰ ਇਸ਼ਨਾਨ ਕਰਿਆ ਕਰੋ, ਨਿਤਨੇਮ ਕਰਿਆ ਕਰੋ। ਸਮਾਂ ਬੜਾ ਕਰੂਰ ਹੈ, ਬੜਾ ਖਰਾਬ ਹੈ। ਸਤਿਗੁਰਾਂ ਦੇ ਹੁਕਮ ਨਾਲ, ਜਿਹੜੇ ਹੁਕਮਨਾਮੇ ਸੁਣਦੇ ਹੋ—ਰੋਜ਼ ਅਰਦਾਸ ਕਰਿਆ ਕਰੋ,''ਸੱਚਿਆ ਪਾਤਸ਼ਾਹ ! ਸਾਡੇ ਉੱਤੇ ਕਿਰਪਾ ਕਰ, ਸਾਨੂੰ ਇਹ ਬਲ ਬਖ਼ਸ਼, ਅਸੀਂ ਤੇਰਾ ਹੁਕਮ ਮੰਨੀਏ, ਜਿੰਨਾਂ ਤੂੰ ਮਨਵਾਏਂ।'' ਹਰ ਵੇਲੇ ਅਰਦਾਸ

ਕਰਿਆ ਕਰੋ। ਉਹ ਸਤਿਗੁਰੂ ਸਦਾ ਹੀ ਸੁਣਦੇ ਹਨ। ਉਹ ਕੋਈ ਦੂਰ ਨਹੀਂ। ਉਹਦੇ ਕੋਲੋਂ ਮੁੱਕਰਿਆ ਨਹੀਂ ਜਾਂਦਾ। ਕੋਈ ਗੱਲ ਉਹਦੇ ਕੋਲੋਂ ਲੁਕੀ ਹੋਈ ਨਹੀਂ।

- ਸਤਿਗੁਰੂ ਰਾਮ ਸਿੰਘ ਨੇ ਆ ਕੇ ਚਾਨਣ ਤੁਹਾਨੂੰ ਨਾਮਧਾਰੀਆਂ ਨੂੰ ਦਿੱਤਾ ਹੈ, ਤੁਹਾਡਾ ਫਰਜ਼ ਹੈ ਅਗਰ ਤੁਸੀਂ ਕਿਸੇ ਨੂੰ ਨਹੀਂ ਦੱਸਦੇ ਤਾਂ ਅਸੀਂ ਸਾਰੇ ਹੀ ਪਾਪ ਦੇ ਭਾਗੀ ਹਾਂ।
- ਤੁਹਾਡਾ ਇਹ ਫਰਜ਼ ਹੈ ਲੋਕਾਂ ਨੂੰ ਜਤਾਉਣਾਂ ਕਿ ਭਾਈ ਆਹ ਹੁਕਮ ਹੈ, ਇਹ ਉਸ ਦਾ ਰੂਪ ਹੈ ਔਰ ਜਿਤਨਾ ਚਿਰ ਸਰਗੁਣ ਸਰੂਪ ਦੇਹਧਾਰੀ ਨੂੰ ਨਾ ਮੰਨੋਗੇ, ਸਤਿਗੁਰੂ ਰਾਮ ਸਿੰਘ ਦੇ ਹੁਕਮਾਂ ਵਿੱਚ ਨਾ ਚਲੋਗੇ, ਤੁਹਾਡਾ ਕਲਜੁਗ ਵਿੱਚ ਉੱਧਾਰ ਨਹੀਂ ਹੋ ਸਕਦਾ।
- ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ,''ਸੱਚਿਆ ਪਾਤਸ਼ਾਹ ! ਸਿੱਖੀ ਭੀ ਤੇਰੀ, ਸਿਦਕ ਭੀ ਤੇਰਾ, ਤੇ ਰਾਖਾ ਭੀ ਤੂੰ ਹੀ ਹੈਂ। ਕਿਰਪਾ ਕਰ ਸਾਡੇ ਉੱਤੇ ਤੇ ਸਾਨੂੰ ਇਹ ਦਾਨ ਦੇਹ, ਸਾਨੂੰ ਤੂੰ ਨਾ ਭੁੱਲੇਂ, ਹੋਰ ਜੋ ਮਰਜੀ ਹੈ ਹੋਵੇ।''

੬ **ਸੇਵਾ** :

- ਗੁਰੂ ਦੀ ਸੇਵਾ ਕੀ ਹੈ—ਗੁਰੂ ਦਾ ਹੁਕਮ ਮੰਨਣਾਂ। ਜੋ ਗੁਰੂ ਨੇ ਆਖਿਆ ਹੈ, ਉਹਦੇ ਤੇ ਜਿਹੜਾ ਚੱਲੇ ਉਹੋ ਹੀ ਗੁਰੂ ਦੀ ਸੇਵਾ ਹੈ।
- ਸਤਿਗੁਰੂ ਦੀ ਸੇਵਾ ਕਰਨੀ ਇਹੋ ਹੈ—ਨਾਮ ਜਪਣਾ—ਇਸ਼ਨਾਨ ਕਰਨਾ—ਦਾਨ ਦੇਣਾ। ਜਿਹੜਾ ਸਤਿਗੁਰਾਂ ਨੇ ਹੁਕਮ ਦਿੱਤਾ ਹੈ, ਉਹ ਸਤਿਗੁਰੂ ਦੀ ਸੇਵਾ ਹੈ।

੭ **ਭਗਤੀ** :

ਸੱਚੇ ਪਾਤਸ਼ਾਹ ਨੇ, ਗੁਰੂ ਨਾਨਕ ਤੋਂ ਲੈ ਕੇ ਭਗਤੀ ਨੂੰ ਮੁੱਖ ਰੱਖਿਆ। ਪੁਰਾਣੇ ਜੁਗਾਂ ਵਿੱਚ ਗਿਆਨ ਨੂੰ, ਕਰਮ ਨੂੰ ਮੁੱਖ ਰੱਖਿਆ ਸੀ—ਉਨ੍ਹਾਂ ਨੇ ਭਗਤੀ ਨੂੰ ਮੁੱਖ ਰੱਖਿਆ।

- ਭਗਤ ਉਹ ਹੋ ਸਕਦਾ ਹੈ ਜਿਹੜਾ ਕਹੇ—ਮਤਾ ਗੁਰੂ ਮੇਰੇ ਤੋਂ ਕਿਸੇ ਗੱਲੋਂ ਨਾਰਾਜ਼ ਨਾ ਹੋਵੇ, ਹਰ ਵੇਲੇ ਉਹਦੇ ਹੁਕਮ ਵਿੱਚ ਚੱਲਣ ਵਾਲਾ ਜਿਹੜਾ ਬਣੇ।
- ਮੈਨੂੰ ਬੰਦਗੀ ਦਾ ਖੈਰ ਦੇਹ। ਕੀ ਦੇਹ—ਤੇਰੀ ਮੈਂ ਬੰਦ ਵਿੱਚ ਰਵ੍ਹਾਂ, ਹੱਥ, ਪੈਰ, ਮੇਰੀਆਂ ਅੱਖਾਂ, ਮੇਰੇ ਨੇਤਰ ਤੇਰੀ ਬੰਦ ਵਿੱਚ ਚੱਲਣ, ਜੋ ਤੇਰੇ ਹੁਕਮ ਵਿੱਚ ਚੱਲਣ। ਇਹ ਨਾ ਹੋਵੇ ਬਈ ਤੇਰਾ ਹੁਕਮ ਕੀ ਹੈ, ਮੈਂ ਹੋਰ ਕੁਛ ਕਰਾਂ।

੮ **ਸਿਨੇਮਾ** :

- ਤੁਸੀਂ ਏਥੇ ਆਉਂਦੇ ਹੋ, ਨਾਲੇ ਮੱਥਾ ਟੇਕਦੇ ਹੋ, ਆਪਣੇ ਪੈਸੇ ਗਵਾਉਂਦੇ ਹੋ। ਜਿਹੜੇ ਆਦਮੀ ਸਾਧ ਸੰਗਤ ਦਾ ਬਚਨ ਨਹੀਂ ਮੰਨਦੇ, ਜਿਹੜੇ ਆਪਣੀਆਂ ਇੱਲਤਾਂ ਨਹੀਂ ਛੱਡਦੇ, ਉਹਨਾਂ ਦੇ ਪੈਸੇ ਏਥੇ ਆ ਕੇ ਵੀ ਐਵੇਂ ਹੀ ਜਾਂਦੇ ਹਨ।
- ਖ਼ਬਰ ਨਹੀਂ ਉਹਦੇ ਵਿੱਚ ਕੀ ਚੰਗੀ ਚੀਜ਼ ਹੈ ਜਿਸ ਨੂੰ ਸਮਝਦੇ ਹੋ, ਇਖਲਾਕ ਖ਼ਰਾਬ ਕਰਦੇ ਹੋ, ਰਾਤਾਂ ਜਾਗ ਕੇ ਆਪਣਾ ਸਰੀਰ ਖਰਾਬ ਕਰਦੇ ਹੋ, ਪੈਸੇ ਗਵਾਉਂਦੇ ਹੋ।

੯ **ਮਾਈਆਂ ਨੂੰ** :

- ਮਾਈਆਂ ਦਾ ਕੰਮ ਹੈ ਬੱਚਿਆਂ ਨੂੰ ਸਾਂਭਣਾਂ, ਬੱਚੀਆਂ ਨੂੰ ਸਾਂਭਣਾਂ। ਫੈਸ਼ਨ ਤੋਂ ਮਾਈਆਂ ਨੂੰ ਚਾਹੀਦਾ ਹੈ ਕਿ ਬਚ ਕੇ ਖੇਡਣ।
- ਮਾਈਆਂ ਆਪਣੇ ਬੱਚਿਆਂ ਨੂੰ ਸਵੇਰੇ ਉੱਠ ਕੇ ਭਜਨ ਦੱਸਿਆ ਕਰਨ, ਸੁਣਾਇਆ ਕਰਨ, ਬਾਣੀ ਪੜ੍ਹ ਕੇ ਸੁਣਾਇਆ ਕਰਨ, ਬੱਚਿਆਂ ਨੂੰ ਇਸ਼ਨਾਨ ਸਣੇ ਕੇਸੀਂ ਕਰਾਇਆ ਕਰਨ, ਕੰਠ ਆਪ ਕਰਨ, ਬੱਚਿਆਂ ਨੂੰ ਕਰਾਉਣ। ਇਹ ਮਾਈਆਂ ਦੀ ਬੜੀ ਭਾਰੀ ਡਿਊਟੀ ਹੈ ਇਸ ਪਾਸੇ ਦੀ।

੧੦ **ਕਰਜ਼ਾ** :

- ਕਰਜ਼ਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਥੀਂ ਭੀ ਬਡਾ

ਪਾਪ ਹੈ।

- ਤੁਸੀਂ ਸਤਿਗੁਰੂ ਰਾਮ ਸਿੰਘ ਅੱਗੇ ਅਰਦਾਸ ਕਰੋ,''ਸੱਚੇ ਪਾਤਸ਼ਾਹ ! ਸਾਡਾ ਕਰਜ਼ਾ ਉਤਾਰ, ਸਾਡੇ ਮਨ ਨਿਰਮਲ ਕਰ, ਅਸੀਂ ਜਿਹਦਾ ਦੇਣਾ ਹੈ ਉਹਦਾ ਧੇਲਾ ਧੇਲਾ ਦੇਈਏ।''
- ਪਾਪ ਨਾਲ ਖੱਟੀ ਕੀਤਿਆਂ ਕੁਛ ਨਹੀਂ ਬਣਦਾ ਕਿਸੇ ਦਾ। ਧਰਮ ਦੀ ਖੱਟੀ ਨਾਲ ਹੀ ਕੁਛ ਬਣ ਸਕਦਾ ਹੈ। ਪਾਪ ਦੀ ਖੱਟੀ ਕਦੇ ਕਿਸੇ ਨੂੰ ਸਿਰੇ ਨਹੀਂ ਚੜ੍ਹਾਉਂਦੀ। ਜਿਹੜੇ ਲੋਕ ਧਰਮ ਦੀ ਕਿਰਤ ਕਰਨਗੇ—ਉਹਨਾਂ ਨੂੰ ਘਾਟਾ ਕਦੇ ਨਹੀਂ ਆ ਸਕਦਾ।

੧੧ **ਸਾਂਝੀ ਵਾਲਤਾ** :

ਤੋਪ, ਬੰਦੂਕ ਔਰ ਐਟਮ ਤੁਹਾਡੀ ਰੱਖਿਆ ਨਹੀਂ ਕਰ ਸਕਦੇ, ਰੱਖਿਆ ਕਰ ਸਕਦਾ ਹੈ ਤੁਹਾਡਾ ਆਤਮਾ ਸ਼ੁੱਧ ਹੋ ਕੇ, ਸਤਿਗੁਰੂ ਦੇ ਚਰਨਾਂ ਨਾਲ ਜੁੜਕੇ ਤੁਸੀਂ ਨਾਮ ਜਪੋ, ਤੁਸੀਂ ਇੱਕ ਦੂਜੇ ਨਾਲ ਪਿਆਰ ਕਰੋ, ਤੁਸੀਂ ਇੱਕ ਦੂਜੇ ਨਾਲ ਦੁੱਖ ਵੰਡਾਓ। ਇਹ ਨਾ ਧਿਆਨ ਕਰੋ—ਇਹ ਕੌਣ ਹੈ। ਸਭ ਤੋਂ ਦੂਰ ਚਲੋ ਤਾਂ ਇਹ ਮਨੁੱਖ ਹੈ, ਫੇਰ ਹਿੰਦੁਸਤਾਨੀ ਹੈ, ਫਿਰ ਪੰਜਾਬੀ ਹੈ, ਫਿਰ ਸਾਡਾ ਭਰਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਦਾ ਕੋਈ ਥਾਹ ਨਹੀਂ, ਇਸ ਦੀ ਡੂੰਘਾਈ ਐਨੀ ਗਹਿਰੀ ਹੈ ਕਿ ਉਸ ਨੂੰ ਮਾਪਿਆ ਨਹੀਂ ਜਾ ਸਕਦਾ। ਇਹ ਅਨਮੋਲ ਬਚਨ ਲਾਲ, ਹੀਰੇ, ਜਵਾਹਰਾਤ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਕੇ ਗੁਰਸਿੱਖ ਤ੍ਰਿਪਤ ਹੋ ਜਾਂਦਾ ਹੈ, ਉਸਦੀ ਸਾਰੀ ਲਾਲਸਾ ਖਤਮ ਹੋ ਜਾਂਦੀ ਹੈ, ਅਤੇ ਉਹ ਪੂਰਨ ਰੂਪ ਵਿੱਚ ਤ੍ਰਿਪਤ ਹੋ ਕੇ ਸਹਿਜ ਅਵਸਥਾਂ ਨੂੰ ਪ੍ਰਾਪਤ ਕਰਕੇ ਆਤਮਕ ਮੰਡਲਾਂ ਦੀਆਂ ਸਿਖਰਾਂ ਉੱਤੇ ਪਹੁੰਚ ਕੇ ਕ੍ਰਿਤ ਕ੍ਰਿਤਯ ਹੋ ਜਾਂਦਾ ਹੈ। ਉਹ ਬਚਨਾਂ ਦੇ ਵਿਸ਼ਾਲ ਭੰਡਾਰ ਨੂੰ ਪ੍ਰਾਪਤ ਕਰਕੇ ਸਬਰ, ਸੰਤੋਖ, ਧੀਰਜ, ਖਿਮਾਂ, ਸਹਿਨਸ਼ੀਲਤਾ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਇਸ ਦੁਨਿਆਵੀ ਝਗੜਿਆਂ, ਝਮੇਲਿਆਂ, ਈਰਖਾ, ਦਵੈਸ਼, ਹਉਮੈ ਦੇ ਦੀਰਘ ਰੋਗਾਂ ਤੋਂ ਮੁਕਤ ਹੋ ਜਾਂਦਾ ਹੈ, ਅਤੇ ਅਧਿਆਤਮਕਤਾ ਦਾ ਰਸਾਸਵਾਦਨ ਕਰਦਿਆਂ ਹੋਇਆਂ, ਆਪਣੇ ਪਿਆਰੇ ਸਤਿਗੁਰੂ ਜੀ ਦੇ ਦੱਸੇ

ਹੋਏ ਪੂਰਨਿਆਂ ਤੇ ਚੱਲ ਕੇ, ਅਸੀਮ ਅਪਾਰ ਖੁਸ਼ੀਆਂ ਅਤੇ ਬਖਸ਼ਸ਼ਾਂ ਦਾ ਪਾਤਰ ਬਣ ਜਾਂਦਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤ੍ਰ ਉਪਦੇਸ਼ਾਂ ਨੂੰ ਸੁਣ ਕੇ, ਗੁਰਸਿੱਖ ਆਪਣੇ ਪੂਜਯ ਸਤਿਗੁਰੂ ਜੀ ਦੀਆਂ ਜੀਵਨੀਆਂ ਬਾਰੇ ਆਪਣੇ ਗਿਆਨ ਵਿੱਚ ਵਾਧਾ ਕਰਕੇ ਕ੍ਰਿਤਾਰਥ ਹੁੰਦਾ ਹੈ। 'ਲਾਲ ਏਹਿ ਰਤਨ' ਦਾ ਕੋਈ ਵੀ ਪੰਨਾ ਅਜਿਹਾ ਨਹੀਂ ਹੈ, ਜਿਸ ਉੱਤੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ, ਸਾਹਿਬਾਂ, ਮੇਰੇ ਸਾਹਿਬ, ਆਦਿ ਸ਼ਬਦਾਂ ਨਾਲ ਸਾਹਿਬੇ ਕਮਾਲ ਦੀਆਂ ਸਿਫਤਾਂ ਨਾ ਕੀਤੀਆਂ ਹੋਣ। ਸਤਿਗੁਰੂ ਜੀ ਦੇ ਰਸੀਲੇ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦਾ ਸਾਖਿਆਤਕਾਰ ਕਰਾ ਦਿੰਦੇ ਹਨ। ਜੇਕਰ ਕਿਸੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਕਰਨੀ ਹੋਵੇ, ਤਾਂ ਸਤਿਗੁਰੂ ਜੀ ਦੇ ਪਵਿਤ੍ਰ ਬਚਨਾਂ ਨੂੰ ਸਰਵਨ ਕਰਕੇ 'ਲਾਲ ਏਹਿ ਰਤਨ' ਪੁਸਤਕ ਪੜ੍ਹ ਕੇ ਕੀਤੀ ਜਾ ਸਕਦੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਬਿਲਾਸ ਦੀ ਕਥਾ ਦੀ ਪੂਰੀ ਤਰ੍ਹਾਂ ਖੋਲ੍ਹ ਕੇ ਵਿਆਖਿਆ ਕੀਤੀ ਹੈ। ਉਸ ਦੇ ਨਾਲ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਹੁ-ਪੱਖੀ ਸਖਸ਼ੀਅਤ ਦਾ ਵਰਣਨ ਕੀਤਾ ਹੈ। ਹਰ ਪੰਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਵਿਤ੍ਰ ਨਾਮ ਨਾਲ ਸ਼ੋਭ ਰਿਹਾ ਹੈ। 'ਲਾਲ ਏਹਿ ਰਤਨ' ਤੀਸਰੇ ਭਾਗ ਦੀ ਇੱਕ ਹੋਰ ਵਿਸ਼ੇਸ਼ ਮਹੱਤਤਾ ਹੈ, ਕਿ ਇਸ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਵਰਣਨ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਦੋਂ ਦੇਸ਼ ਤੋਂ ਨਿਰਵਾਸਿਤ ਕੀਤਾ ਗਿਆ ਸੀ, ਸਾਧ ਸੰਗਤ ਆਪਣੇ ਪ੍ਰੀਤਮ ਤੋਂ ਬਿਨਾਂ ਮਛਲੀ ਵਾਂਗ ਤੜਪ ਉਠੀ, ਬਿਹਬਲ ਹੋ ਉਠੀ, ਆਪਣੇ ਪ੍ਰੀਤਮ ਤੋਂ ਬਿਨਾਂ ਜੀਵਨ ਦੇ ਪਲ ਅਉਖੇ ਬਣ ਗਏ। ਭਗਤਾਂ ਪਿਆਰਿਆਂ ਦੇ ਹਿਰਦੇ ਆਪਣੇ ਪ੍ਰੀਤਮ ਤੋਂ ਬਿਨਾਂ ਕਸਕ ਪੀੜਾ ਨਾਲ ਵਿਆਕੁਲ ਹੋ ਰਹੇ ਸੀ। ਬਹੁਤ ਬੇਬਸੀ ਸੀ, ਕਿਸੇ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ, ਕਿਉਂਕਿ ਅੰਗ੍ਰੇਜ਼ ਨੇ ਸਤਿਗੁਰੂ ਜੀ ਨੂੰ ਵੱਖ ਵੱਖ ਥਾਵਾਂ ਤੇ ਨਜ਼ਰਬੰਦ ਕਰਕੇ ਸਾਧ

ਸੰਗਤ ਤੋਂ ਦੂਰ ਕਰਨ ਦਾ ਯਤਨ ਕੀਤਾ ਸੀ। ਸਰਕਾਰ ਨੇ ਸਤਿਗੁਰੂ ਜੀ ਦੀ ਨਜ਼ਰਬੰਦੀ ਦਾ ਭੇਦ ਲੁਕਾ ਕੇ ਰੱਖਿਆ ਸੀ। ਇਸ ਭੇਦ ਨੂੰ ਛਿਪਾਉਣ ਦੇ ਉਪਰਾਲੇ ਕੀਤੇ ਗਏ ਪਰ ਬਿਰਹੋਂ ਵਿਛੁੰਨੀ ਸੰਗਤ ਕਿਵੇਂ ਚੁਪ ਚਾਪ ਬਹਿ ਸਕਦੀ ਸੀ। ਪਿਆਰਿਆਂ ਭਗਤਾਂ ਨੇ ਆਪਣੇ ਪ੍ਰਭੂ ਪਿਆਰੇ ਦੀ ਭਾਲ ਵਿੱਚ ਆਪਣੇ ਘਰ ਬਾਰ ਤਿਆਗ ਦਿੱਤੇ ਅਤੇ ਉਨ੍ਹਾਂ ਦੀ ਭਾਲ ਵਿੱਚ ਬਾਹਰ ਨਿਕਲ ਤੁਰੇ। ਦੇਸਾਂ ਪਰਦੇਸਾਂ ਦੀ ਖਾਕ ਛਾਣੀ, ਕਿਧਰੇ ਕਈ ਦਿਨਾਂ ਤਕ ਪੈਦਲ ਤੁਰ ਕੇ ਭੁੱਖ ਪਿਆਸ ਸਹਿਣ ਕੀਤੀ, ਅਤੇ ਕਿਧਰੇ ਰੇਲ ਤੇ ਸਵਾਰ ਹੋ ਕੇ ਆਪਣੇ ਪ੍ਰੀਤਮ ਮਾਹੀ ਦੀ ਭਾਲ ਕੀਤੀ, ਆਪਣੇ ਸ਼ਹੁ ਦੇ ਥਾਂ ਟਿਕਾਣਿਆਂ ਨੂੰ ਲੱਭਿਆ ਪਰ ਦਰਸ਼ਨਾਂ ਦੀ ਦਾਤ ਇੱਕ ਕਠਿਨ ਤਪੱਸਿਆ ਸੀ। ਪ੍ਰਿਯ ਇਸ਼ਟ ਦੇ ਆਲੇ ਦੁਆਲੇ ਬੜਾ ਸਖ਼ਤ ਪਹਿਰਾ ਸੀ। ਲੰਬੇ ਨਾ ਮੁੱਕਣ ਵਾਲੇ ਉਡੀਕ ਦੇ ਪਲਾਂ ਉਪਰੰਤ ਸਤਿਗੁਰੂ ਜੀ ਦੀ ਦੂਰੋਂ ਦੂਰੋਂ ਇੱਕ ਝਲਕ ਹੀ ਮਿਲਦੀ। ਭੁੱਖੇ, ਪਿਆਸੇ ਤਿਹਾਏ ਭਗਤ ਪ੍ਰੇਮੀ ਕੜਾਕੇ ਦੀ ਗਰਮੀ ਸਹਾਰਦੇ ਮੀਂਹ ਹਨੇਰੀ ਤੇ ਝੱਖੜਾਂ ਦਾ ਸਾਹਮਣਾ ਕਰਦੇ ਹੋਏ, ਆਪਣੇ ਨੇਤਰਾਂ ਦੀ ਟਕਟਕੀ ਲਗਾ ਕੇ ਦਰਸ਼ਨਾਂ ਦੀ ਤਾਂਘ ਕਰਦੇ। ਮੌਕੇ ਦੀ ਭਾਲ ਵਿੱਚ ਰਹਿੰਦੇ ਅਤੇ ਅਵਸਰ ਮਿਲਣ ਤੇ ਖਿੰਨ ਭਰ ਲਈ ਆਪਣੇ ਪਿਆਰੇ ਇਸ਼ਟ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਅਤੇ ਕਦੇ ਕਦੇ ਉਨ੍ਹਾਂ ਵਲੋਂ ਲਿਖੇ ਹੁਕਮਨਾਮੇ ਪ੍ਰਾਪਤ ਕਰਕੇ ਆਪਣੇ ਭਾਗਾਂ ਦੀ ਸਰਾਹੁਣਾ ਕਰਦੇ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਉਨ੍ਹਾਂ ਵਿੱਚੋਂ ਕਈ ਹੁਕਮਨਾਮਿਆਂ ਨੂੰ ਸੰਭਾਲ ਕੇ ਰੱਖਿਆ। ਸਰਕਾਰ ਦੀ ਕਰੜੀ ਨਿਗਰਾਨੀ ਦੇ ਬਾਵਜੂਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਕਈ ਹੁਕਮਨਾਮਿਆਂ ਦੀ ਸੰਭਾਲ ਕੀਤੀ। ਬੰਕੋਕ ਵਿਖੇ ਉਚਾਰਨ ਕੀਤੇ ਹੋਏ ਉਪਦੇਸ਼ਾਂ ਸਮੇਂ ਆਪਣੇ ਪਵਿਤਰ ਮੁਖਾਰਬਿੰਦ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੁਝ ਹੁਕਮਨਾਮੇ ਆਪ ਪੜ੍ਹ ਕੇ ਸਾਧ-ਸੰਗਤ ਨੂੰ ਕ੍ਰਿਤਾਰਥ ਕੀਤਾ। ਇਸ ਪੁਸਤਕ ਦੇ ਵਿੱਚ ਉਨ੍ਹਾਂ ਦੇ ਉਚਾਰੇ ਗਏ ਹੁਕਮਨਾਮਿਆਂ ਦਾ ਜਿਉ ਦਾ ਤਿਉਂ ਉਤਾਰਾ ਕੀਤਾ ਗਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਹੁਕਮਨਾਮਿਆਂ ਨੂੰ ਇਕੱਤ੍ਰ

ਕਰਕੇ ਪੁਸਤਕ ਰੂਪ ਵਿੱਚ ਛਪਵਾਉਣ ਦੀ ਕਿਰਪਾ ਕੀਤੀ। ਇਨ੍ਹਾਂ ਹੁਕਮਨਾਮਿਆਂ ਦਾ ਇੱਕ ਇੱਕ ਸ਼ਬਦ ਗੁਰਬਾਣੀ ਹੈ। ਹਰੇਕ ਸਿੱਖ ਨੂੰ ਉਹਨਾਂ ਹੁਕਮਾਂ ਉੱਤੇ ਚਲ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਇਸ ਪੁਸਤਕ ਦੇ ਵਿੱਚ ਸੰਮਿਲਿਤ ਹੁਕਮਨਾਮਿਆਂ ਦੀਆਂ ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ–

- ਹੋਰ ਤਾਂ ਖਾਲਸਾ ਜੀ ਕੋਈ ਦੁਖ ਨਹੀਂ ਇਕ ਸੰਗਤ ਦੇ ਬਛੋੜੇ ਦਾ ਹੋਇ ਰਿਹਾ ਹੈ। ਸੋ ਏ ਦੁਖ ਗੁਰੂ ਸਾਹਿਬ ਦੇ ਮੇਟਣ ਦਾ ਹੈ। ਜਦ ਗੁਰੂ ਚਾਹੂਗਾ ਤੁਰਤ ਹੀ ਮੇਟ ਦੇ ਊਗਾ।
- ਪੰਜ ਗ੍ਰੰਥ ਜੋ ਪੜੂਗਾ ਉਸ ਨੂੰ ਬਹੁਤ ਫਾਇਦਾ ਹੋਊਗਾ। ਏਸ ਤਰ੍ਹਾਂ ਨਾ ਆਖਿਓ ਰਾਮ ਸਿੰਘ ਨੂੰ ਬਾਣੀ ਨੇ ਫੜਾਇ ਦਿੱਤਾ ਸਾਨੂੰ ਕੀ ਕਰੂਗੀ। ਨਾ ਮੈਨੂੰ ਮੇਰੇ ਕਿਸੇ ਖੋਟ ਕਰਮ ਨੇ ਏਥੇ ਲੈ ਆਂਦਾ ਪਰ ਭਜਨ ਬਾਣੀ ਨੇ ਏਥੇ ਬੀ ਮੈਨੂੰ ਦੁਖ ਮੇ ਸੁਖ ਦੇ ਛੋਡਾ ਹੈ।
- ਹੋਰ ਜੇ ਕੋਈ ਨਿੰਦਾ ਹੁੰਦੀ ਹੈ ਤਾਂ ਨਿੰਦਾ ਤਾਂ ਜਗਤ ਦਾ ਅਹਾਰੁ ਈ ਹੈ। ਕਿਸ ਕਿਸ ਦੀ ਨਿੰਦਾ ਨਹੀਂ ਕੀਤੀ ਜਗਤ ਨੇ। ਤੁਸੀਂ ਗੁਰੂ ਜੀ ਦੇ ਬਚਨਾਂ ਬਲ ਧਿਆਨ ਕਰਨਾ।
- ਸਭ ਨੇ ਤਾਂ ਬਾਣੀ ਕੰਠ ਕਰਨੀ ਬੁਢੇ ਬਾਲੇ ਨੇ ਅਰ ਪਿਛਲੀ ਰਾਤ ਉਠ ਕੇ ਜਰੂਰ ਇਸਨਾਨ ਕਰਨਾ ਜਨਾਨੇ ਮਰਦਾਨੇ ਨੇ ਜਰੂਰ ਬਾਣੀ ਕੰਠ ਕਰਨੀ। ਹਰਿਦਾਸ ਏਹੁ ਸਰਬਤ ਸੰਗਤ ਨੂੰ ਸੁਣਾਇ ਦੇਣੀ। ਜੇ ਬਣ ਆਵੇ ਤਾਂ ਪੰਜ ਗ੍ਰੰਥ ਕੰਠ ਕਰਨੇ ਨਹੀਂ ਤਾਂ ਜਪੁ, ਜਾਪੁ ਰਹਿਰਾਸ ਆਰਤੀ ਸੋਹਿਲਾ ਆਸਾ ਦੀ ਵਾਰ ਸੁਖਮਨੀ ਜਰੂਰ ਕੰਠ ਕਰਨੇ ਅਰ ਨਿਤ ਨਾਇਕੇ ਝਲਾਂਗੇ ਪੜਨੇ ਅਰ ਲੜਕੀ ਲੜਕੇ ਨੂੰ ਅੱਖਰ ਪੜਾਉਣੇ ਫੇਰ ਬਾਣੀ ਕੰਠ ਕਰਨੀ ਅਰ ਗ੍ਰੰਥ ਸਾਹਿਬ ਦਾ ਭੋਗ ਪਾਉਣਾ ਜਥਾ ਸਕਤਿ ਪ੍ਰਸਾਦਿ ਕਰਨਾ। ਏਸ ਰੀਤ ਦੇ ਵਿਚ

ਜੋ ਚਲੇਗਾ ਭਾਈ ਖਾਲਸਾ ਜੀ ਓਸ ਨੂੰ ਦੁਖ ਨ ਹੋਊਗਾ ਸੈ ਉਪਾਧਾਂ ਓਸਦੇ ਸਿਰੋ ਟਲ ਜਾਣਗੀਆਂ। ਏਹੁ ਬਚਨ ਮੇਰੇ ਜਰੂਰ ਮੰਨਣੇ। ਏਹ ਨਫੇ ਬਡੇ ਦਾ ਕੰਮ ਹੈ।

- ਬੇਨਤੀ ਕਰਦੇ ਰਿਹਾ ਕਰੋ ਅੰਤ੍ਰਯਾਮੀ ਪ੍ਰਮੇਸਰ ਅਗੇ। ਪਰਮੇਸਰ ਸਭ ਸੁਣਦਾ ਭੀ ਹੈ ਤੇ ਸਭ ਕੁਝ ਦੇਣ ਨੂੰ ਸਮਰਥ ਹੈ। ਸਤਿ ਕਰਿਕੇ ਮੰਨਣੀ ਏਹ ਬਾਤ। ਜੇ ਕਰ ਬੋਲ ਕੇ ਹੋਵੇ ਬੋਲ ਕੇ ਭੀ ਕਰਨੀ ਅਰਜ ਬੇਨਤੀ ਨਾ ਤੇ ਅੰਦ੍ਰੋਂ ਕਰਨੀ ਪਰਮੇਸਰ ਸਾਰੇ ਹੀ ਸੁਣੱਨ ਜੋਗ ਹੈ।
- ਨਾਮ ਤੇ ਬਾਣੀ ਦਾ ਬੜਾ ਪ੍ਰਤਾਪ ਹੈ ਪਰਸਪਰ ਮੇਲਾ ਹੈ।
- ਬਾਣੀ ਨਾਮ ਦੇ ਗੁਣਾ ਕੋ ਉਚਾਰ ਕਰਦੀ ਹੈ ਸੋ ਏ ਦੋਨੋ ਅਮੋਲਕ ਚੀਜਾ ਹੈਂ। ਏਨਾ ਦਾ ਕਛੁ ਮੁਲ ਨਹੀ ਕਹਿਆ ਜਾਂਦਾ। ਸਿੱਖਾਂ ਨੂੰ ਖਾਲਸਾ ਜੀ ਆਪ ਗੁਰੂ ਸਾਹਿਬ ਕ੍ਰਿਪਾ ਕਰਕੇ ਨਾਮ ਦਿਤਾ ਹੈ ਸੋ ਤੁਸੀ ਤਕੜੇ ਹੋ ਕੇ ਉਚਾਰ ਕਰਨਾ ਸਾਰੀ ਸੰਗਤਿ ਨੇ ਤੁਰਦੇ ਫਿਰਦੇ ਕੰਮ ਕਿਰਤ ਕਰਦੇ।
- ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ ਇਸਨਾਨ ਕਰੇ ਸਮੇਤ ਕੇਸੀ ਇਸਨਾਨ ਕਰੇ ਉਸ ਕੋ ਮੋਤੀ ਦਾਨ ਕਾ ਪੁੰਨ ਹੁੰਦਾ ਹੈ। ਫੇਰ ਸੁਵਰਨ ਦਾ ਫੇਰ ਰੁਪੇ ਦਾ ਫੇਰ ਤਾਂਬੇ ਦਾ ਫੇਰ ਅੰਨ ਦਾ ਫੇਰ ਦੁੱਧ ਦਾ ਫੇਰ ਜਲ ਦਾ ਫੇਰ ਦਿਨ ਚੜ੍ਹੇ ਪੁੰਨ ਕੁਛ ਨਹੀਂ ਪਿੰਡਾ ਧੋ ਲੈਣਾ ਹੈ।
- ਜਦ ਅਰਦਾਸ ਲਿਖਣ ਲਗਦਾ ਹਾਂ ਤਦ ਹੀ ਗੁਰੂ ਸਾਹਿਬ ਅੱਗੇ ਪਹਿਲੇ ਹੱਥ ਜੋੜਕੇ ਬੇਨਤੀ ਕਰਦਾ ਹਾਂ ਹੇ ਗੁਰੂ ਸਾਹਿਬ ਜੀ ਜੋ ਤੈਨੂੰ ਅੱਛੀ ਲੱਗੇ ਮੇਰੇ ਤੇ ਲਿਖਾਈ। ਜੋ ਮੇਰੇ ਤੇ ਗੁਰੂ ਸਾਹਿਬ ਲਿਖਾਵਦਾ ਹੈ ਸੋ ਮੈਂ ਸੰਗਤ ਦੀ ਔਰ ਲਿਖ ਭੇਜਦਾ ਹਾਂ।

- ਹੋਰੁ ਖਾਲਸਾ ਜੀ ਜੇ ਸਰਬੰਧੀ ਸਰੀਰ ਛੋਡ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀ। ਜੇ ਕਿਛ ਬਣਿ ਆਵੈ ਜਥਾ ਸਕਤ ਪੁੰਨ ਦਾਨੁ ਭੋਗ ਪਾਠ, ਸਿਖਾ ਨੂ ਪ੍ਰਸਾਦਿ ਬਸਤਰ ਪੋਸਾਕ ਜਿਤਨੀ ਬਣ ਆਵੈ ਸੋ ਕਰਨਾ। ਰੋਏ ਪਿਟੇ ਤੇ ਇਕ ਤਾ ਪ੍ਰਮੇਸਰ ਤੇ ਬੇਮੁਖੀ ਹੁੰਦੀ ਹੈ ਅਰ ਸਰੀਰ ਨੂ ਬੀ ਕਸਟ ਹੁੰਦਾ ਹੈ, ਨਾਲੇ ਹਥ ਪਲੇ ਬੀ ਕੁਛੁ ਨਹੀ ਪੈਦਾ। ਨਾਲੇ ਸੁਣਿਆ ਹੈ ਜਿਸਨੂ ਰੋਦੇ ਹੈਨਿ ਉਸਨੂ ਭੀ ਖੇਦ ਹੁੰਦਾ ਹੈ। ਸੀਢ ਅਰ ਰੋਣ ਦਾ ਪਾਣੀ ਉਸ ਪ੍ਰਾਣੀ ਦੇ ਉਤੇ ਗਿਰਦਾ ਹੈ ਤਾ ਓਹ ਪ੍ਰਾਣੀ ਆਖਦਾ ਹੈ ਹੇ ਪਰਮੇਸਰ ਏਨਾ ਦਾ ਕੋਈ ਹੋਰ ਮਰੇ ਤਾ ਅਛਾ ਹੈ, ਏ ਮੇਰਾ ਪਿਛਾ ਕਿਮੇ ਛਡਨਿ। ਸੋ ਜੀ ਨਾ ਕਿਸੇ ਨੂ ਸੁਖ ਹੋਆ, ਨਾ ਕਿਛੁ ਹਥਿ ਪਲੇ ਆਇਆ, ਨਾ ਕੁਛੁ ਪ੍ਰਮੇਸਰ ਨਾਲ ਗੰਢ ਲਗਾ। ਸੋ ਐਸਾ ਕੰਮ ਮੂਲ ਨਹੀ ਕੀਤਾ ਚਾਹੀਦਾ।
- ਏਨਾ ਬਿਲਿਆਂ ਨੂ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹੁ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੋਂ ਲੈ ਲਿਆ ਸੀ। ਏ ਓਈ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗਏ ਲੋਕਾ ਦਾ ਕਹਾ ਮੰਨ ਕੇ। ਹਮਾਰੀ ਤਾ ਮਨਸਾ ਕਿਸੇ ਦਾ ਕੱਖ ਖੋਹਣ ਦੀ ਨਹੀ ਸੀ। ਇਕੁ ਗਾਈ ਦਾ ਤਰਸ ਠੀਕ ਆਉਦਾ ਹੈ ਹੁਣ ਭੀ, ਜੋ ਗਾਈ ਮੈ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀ, ਬਿਚਾਰ ਲੇਹੁ।

ਇਹ ਪਵਿਤ੍ਰ ਪਾਵਨ ਉਪਦੇਸ਼ ਸਿਰਫ ਇਕ ਮਨੁੱਖ ਲਈ ਨਹੀਂ, ਸਗੋਂ ਸਾਰੀ ਮਨੁੱਖਤਾ ਦੇ ਪਰਉਪਕਾਰ ਲਈ ਉਚਾਰੇ ਗਏ ਹਨ। ਇਹ ਸਿਰਫ ਇਕ ਜਾਤਿ ਦੇ ਲੋਕਾਂ ਲਈ ਲਾਭਕਾਰੀ ਨਹੀਂ ਸਗੋਂ ਸਮਾਜ ਦੇ ਹਰ ਵਰਗ, ਹਰ ਜਾਤ, ਹਰ ਪ੍ਰਾਣੀ ਦੇ ਭਲੇ ਲਈ ਹਨ। ਇਹ ਸਮਾਜ ਦੇ ਉੱਚੇ ਨੀਵੇਂ, ਅਮੀਰ ਗਰੀਬ, ਧਨੀ ਨਿਰਧਨ, ਬੁੱਢੇ ਬਾਲੇ, ਯੁਵਕ ਮਰਦਾਂ ਅਤੇ

ਇਸਤ੍ਰੀਆਂ, ਸਭ ਦੇ ਲਈ ਪਰਮ ਹਿਤਕਾਰੀ ਹਨ। ਇਹ ਮਿੱਤਰਾਂ, ਵੈਰੀਆਂ ਦੀਆਂ ਭਾਵਨਾਵਾਂ ਦੀ ਪੂਰਤੀ ਕਰਦੇ ਹਨ।

**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ।।**
**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਹਿਾਗ ਸਗਲ ਰੇਣੁਕਹ।।**

*– ਮ:੫, ਪੰਨਾ–੧੩੫੭*

ਇਹ ਨਿਰਮਲ ਹਿਰਦੇ ਤੋਂ, ਨਿਰਮਲ ਰਸਨਾ ਨਾਲ ਉਚਾਰੇ ਗਏ ਉਪਦੇਸ਼ ਇਸ ਘੋਰ ਕਲਿਜੁਗ ਵਿੱਚ ਸਚਿਆਰਿਆਂ, ਪਿਆਰਿਆਂ, ਦੁਲਾਰਿਆਂ ਭਗਤਾਂ ਦੇ ਹਿੱਸੇ ਆਉਂਦੇ ਹਨ, ਜਿਨ੍ਹਾਂ ਦੇ ਪੂਰਨ ਭਾਗ ਹੁੰਦੇ ਹਨ, ਜਿਨ੍ਹਾਂ ਨੇ ਆਪਣੇ ਪੂਰਬਲੇ ਜਨਮਾਂ ਵਿੱਚ ਘੋਰ ਤਪੱਸਿਆ ਅਤੇ ਕਠਿਨ ਭਗਤੀ ਕੀਤੀ ਹੁੰਦੀ ਹੈ। ਆਪਣੇ ਪੂਰਬਲੇ ਸੰਸਕਾਰਾਂ ਅਤੇ ਗੁਰੂ ਦੀ ਮਿਹਰ ਭਰੀ ਨਦਰਿ ਅਤੇ ਬਖਸ਼ਸ਼ਾਂ ਸਦਕਾ ਉਹ ਇਨ੍ਹਾਂ ਉਪਦੇਸ਼ਾਂ ਨੂੰ ਸੁਣਦੇ ਹਨ ਅਤੇ ਮੰਨਦੇ ਹਨ। ਅਤੇ ਉਨ੍ਹਾਂ ਦੇ ਭਾਗਾਂ ਦਾ ਉਦੈ ਹੋ ਜਾਂਦਾ ਹੈ।

**ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ।।**

*– ਮ:੪, ਪੰਨਾ–੮੪੯*

ਆਪਣੇ ਭਾਗਾਂ ਦਾ ਉਦੈ ਹੋਣ ਕਰਕੇ ਹੀ ਸਾਧਕ ਨੂੰ ਆਪਣੇ ਪਿਆਰੇ ਇਸ਼ਟ ਸਤਿਗੁਰੂ ਜੀ ਦੇ ਪਵਿਤ੍ਰ ਉਪਦੇਸ਼ਾਂ ਨੂੰ ਸੁਣਨ ਅਤੇ ਮੰਨਣ ਦਾ ਸ਼ੁਭ ਅਵਸਰ ਪ੍ਰਾਪਤ ਹੁੰਦਾ ਹੈ।

**ਉਪਦੇਸੁ ਜਿ ਦਿਤਾ ਸਤਿਗੁਰੂ**
**ਸੋ ਸੁਣਿਆ ਸਿਖੀ ਕੰਨੇ।।**
**ਜਿਨ ਸਤਿਗੁਰ ਕਾ ਭਾਣਾ ਮੰਨਿਆ**
**ਤਿਨ ਚੜੀ ਚਵਗਣਿ ਵੰਨੇ।।**
**ਇਹ ਚਾਲ ਨਿਰਾਲੀ ਗੁਰਮੁਖੀ**
**ਗੁਰ ਦੀਖਿਆ ਸੁਣਿ ਮਨੁ ਭਿੰਨੇ।।**

*– ਮ:੪, ਪੰਨਾ–੩੧੪*

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟਾਨ ਧੰਨਵਾਦ ਕਰਦੀ ਹੋਈ ਅਤਿ ਕ੍ਰਿਤਗਯ ਹਾਂ, ਜਿਨ੍ਹਾਂ ਦੀ ਵਿਸ਼ੇਸ਼ ਕਿਰਪਾ ਦ੍ਰਿਸ਼ਟੀ

ਸਦਕਾ 'ਲਾਲ ਏਹਿ ਰਤਨ' ਦੇ ਭਾਗ ਪਹਿਲੇ, ਦੂਜੇ, ਅਤੇ ਤੀਜੇ ਦਾ ਮਹਾਨ ਪ੍ਰਕਾਸ਼ਨ ਕਾਰਜ ਨੇਪਰੇ ਚੜ੍ਹ ਸਕਿਆ ਹੈ।

ਮੈਂ ਅਤਿ ਧੰਨਵਾਦੀ ਹਾਂ ਮਾਨਯੋਗ ਠਾਕੁਰ ਉਦੈ ਸਿੰਘ ਜੀ ਦੀ ਜਿਨ੍ਹਾਂ ਨੇ ਆਪਣੇ ਪੂਜਯ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਧੁਰ ਸਿਮ੍ਰਤੀ ਵਿੱਚ ਪੁਸਤਕ 'ਲਾਲ ਏਹਿ ਰਤਨ' ਭਾਗ ਦੂਜੇ ਅਤੇ ਤੀਜੇ ਨੂੰ ਪ੍ਰਕਾਸ਼ਿਤ ਕਰਵਾਇਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ, ਅਸੀਮ ਖੁਸ਼ੀਆਂ ਬਖਸ਼ਸ਼ਾਂ ਪ੍ਰਾਪਤ ਕਰਨ ਦੇ ਵਿਸ਼ੇਸ਼ ਪਾਤਰ ਬਣੇ ਹਨ।

ਅੰਤ ਵਿੱਚ ਸਤਿਗੁਰੂ ਜੀ ਦੀ ਬਖਸ਼ੀ ਹੋਈ ਬੁੱਧੀ ਅਨੁਸਾਰ, ਇਨ੍ਹਾਂ ਅੰਮ੍ਰਿਤ ਭਰਪੂਰ-ਬਚਨਾਂ ਦੀਆਂ ਟੇਪਾਂ ਦੇ ਇੱਕ ਇੱਕ ਸ਼ਬਦ ਨੂੰ ਬੜੇ ਗਹੁ ਨਾਲ ਸੁਣਕੇ, ਜਿਉਂ ਦਾ ਤਿਉਂ ਉਤਾਰਾ ਕਰਨ ਦਾ ਪ੍ਰਯਾਸ ਕੀਤਾ ਗਿਆ ਹੈ। ਇਸ ਪਸੁਤਕ ਵਿੱਚ ਅਨੇਕਾਂ ਹੀ ਹਵਾਲੇ ਹੋਰਨਾਂ ਪੁਸਤਕਾਂ ਵਿੱਚੋਂ ਵੀ ਦਿੱਤੇ ਗਏ ਹਨ। ਉਹਨਾਂ ਪੁਸਤਕਾਂ ਦੇ ਨਾਲ ਇੱਕ ਇੱਕ ਲਗ ਮਾਤਰ ਸ਼ਬਦ ਜੋੜ ਮਿਲਾ ਕੇ ਇਸ ਪੁਸਤਕ ਦੀ ਸੋਧ ਕੀਤੀ ਗਈ ਹੈ। ਇਸ ਦੇ ਬਾਵਜੂਦ ਵੀ ਜੇਕਰ ਕੁਝ ਤਰੁੱਟੀਆਂ ਰਹਿ ਗਈਆਂ ਹੋਣ ਤਾਂ ਖਿਮਾਂ ਦੀ ਜਾਚਿਕਾ ਹਾਂ।

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।।**

**(ਬੇਅੰਤ ਕੌਰ)**

ਐਫ ੨੧੩, ਏ-੧

ਮਾਨਸਰੋਵਰ ਗਾਰਡਨ,

ਨਵੀਂ ਦਿੱਲੀ ੧੧੦੦੧੫

# ਸੁਆਗਤ

ਨਾਮਧਾਰੀ ਸਿੰਘਾਂ ਦੀ ਦਾਦ ਦੇਣੀ ਪੈਂਦੀ ਹੈ ਕਿ ਉਹਨਾਂ ਨੇ ਆਪਣੇ ਧਾਰਮਿਕ ਆਗੂਆਂ ਦੇ ਮੁਖਾਰਬਿੰਦ ਤੋਂ ਨਿਕਲਣ ਵਾਲਾ ਕੋਈ ਸ਼ਬਦ ਹਵਾ ਵਿੱਚ ਰੁਲਨ ਨਹੀਂ ਦਿੱਤਾ। ਜਦੋਂ ਮੇਰੇ ਮਿੱਤਰ ਸ੍ਰ: ਕ੍ਰਿਪਾਲ ਸਿੰਘ ਕਸੇਲ ਦੀ ਕਿਰਪਾ ਨਾਲ ਮੇਰਾ ਮੇਲ ਇੱਕ ਪ੍ਰਸਿੱਧ ਨਾਮਧਾਰੀ ਸ੍ਰ: ਪ੍ਰੀਤਮ ਸਿੰਘ ਕਵੀ ਅਤੇ ਉਹਨਾਂ ਦੀਆਂ ਰਚਨਾਵਾਂ ਨਾਲ ਹੋਇਆ ਤਾਂ ਮੈਂ ਦੰਗ ਰਹਿ ਗਿਆ—ਬਲਕਿ ਇਉਂ ਕਹਿਣਾਂ ਵਧੇਰੇ ਠੀਕ ਹੋਵੇਗਾ ਕਿ ਮੇਰਾ ਸਿਰ ਉਹਨਾਂ ਦੀ ਅਪਾਰ ਸ਼ਰਧਾ ਤੇ ਬੇਮਿਸਾਲ ਘਾਲ ਦੇ ਸਾਹਮਣੇ ਨਿਉਂ ਗਿਆ। ਉਹਨਾਂ ਨੇ ਆਪਣੇ ਇਸ਼ਟ (ਸਤਿਗੁਰੂ ਜਗਜੀਤ ਸਿੰਘ ਜੀ) ਦੀ ਇੱਕ ਇੱਕ ਦਿਨ ਦੀ ਕਥਨੀ ਤੇ ਕਰਨੀ ਨੂੰ, ਅਨੇਕ ਜਿਲਦਾਂ ਵਿੱਚ, ਇੰਨ ਬਿੰਨ ਕਲਮਬੰਦ ਕੀਤਾ ਹੋਇਆ ਸੀ। ਕਿਸੇ ਸਾਹਿਤਕਾਰ ਵਲੋਂ ਇਸ ਤਰ੍ਹਾਂ ਦੀ ਲਗਨ ਨਾਲ ਆਪਣੀ ਕਲਮ ਦੇ ਸਮਰਪਣ ਨੂੰ ਮੈਂ ਜੀਵਨ ਦਾਨ ਮੰਨਦਾ ਹਾਂ। ਸਾਹਿਤ ਦੀ ਇਸ ਔਖੀ ਵਿਧਾ ਦੀ ਨੀਂਹ, ਜਿੱਥੋਂ ਤਕ ਮੈਨੂੰ ਪਤਾ ਹੈ, ਬਾਬਾ ਫਰੀਦ ਜੀ ਦੇ ਗੱਦੀ-ਨਸ਼ੀਨ, ਖ਼ਾਜਾ ਨਿਜ਼ਾਮੁੱਦ-ਦੀਨ ਔਲੀਆ ਦੇ ਅਨਿੰਨ ਮੁਰੀਦ ਤੇ ਸ਼ਾਹੀ ਦਰਬਾਰ ਦੇ ਕਵੀ, ਹਸਨ ਦਿਹਲਵੀ ਨੇ ਆਪਣੀ ਮਹਾਨ ਫਾਰਸੀ ਰਚਨਾ 'ਫ਼ਵਾਇਦੁਲ-ਫ਼ੁਵਾਦ' ਨਾਲ ਰੱਖੀ ਸੀ। ਹਸਨ, ਹਰ ਸ਼ੁਕਰਵਾਰ, ਆਪਣੇ ਧਾਰਮਿਕ ਆਗੂ ਦੇ ਚਰਨਾਂ ਵਿੱਚ ਹਾਜ਼ਰ ਹੋਣ ਲਈ ਦਿੱਲੀ ਤੋਂ ਆਉਂਦਾ ਤੇ ਉਸਦੀ ਹਾਜ਼ਰੀ ਵਿੱਚ ਸਵੇਰ ਤੋਂ ਸ਼ਾਮ ਤਕ ਹੋਏ, ਬਚਨ-ਬਿਲਾਸ ਸਮੇਤ, ਸਾਰੀ ਦਿਨ-ਚਰਿਆ ਦਾ ਪੂਰਾ ਵੇਰਵਾ ਘਰ

ਜਾ ਕੇ ਕਲਮਬੰਦ ਕਰ ਲੈਂਦਾ। ਅਗਲੇ ਸ਼ੁਕਰਵਾਰ, ਆਪਣੀ ਲਿਖਤ ਔਲੀਆ ਜੀ ਨੂੰ ਸੁਣਾ ਕੇ ਉਹਨਾਂ ਪਾਸੋਂ ਆਪਣੀ ਲਿਖਤ ਦੀ ਇੰਨ-ਬਿੰਨਤਾ ਦੀ ਤਸਦੀਕ ਕਰਵਾ ਲੈਂਦਾ। ਦਿਨ-ਪ੍ਰਤਿਦਿਨ, ਕਿਸੇ ਦੇ ਹਰ ਬਚਨ ਤੇ ਹਰ ਕਰਮ ਨੂੰ ਕੋਈ ਪ੍ਰਤਿਭਾਵਾਨ ਪੁਰਸ਼ ਇੰਨ-ਬਿੰਨ ਲਿਖਣ ਦੀ ਖੇਚਲ ਕਿਉਂ ਕਰਦਾ ਹੈ ? ਕਿਉਂਕਿ ਲੇਖਕ ਦੇ ਦਿਮਾਗ ਉੱਤੇ ਉਸ ਮਹਾਂ ਪੁਰਸ਼ ਦੇ ਬਚਨਾਂ ਤੇ ਅਮੋਲਕ ਕਰਮਾਂ ਦੇ ਅਸਾਧਾਰਣ ਗੌਰਵ ਦੀ ਪੱਕੀ ਛਾਪ ਲੱਗੀ ਹੁੰਦੀ ਹੈ। ਉਸਦੇ ਹਿਤਕਾਰੀ ਮਨ ਵਿੱਚ, ਆਉਂਦੀਆਂ ਪੀੜ੍ਹੀਆਂ ਦੇ ਭਲੇ ਲਈ, ਉਸ ਸਭ ਕੁਝ ਨੂੰ ਸਾਂਭ ਜਾਣ ਦੀ ਬਲਵਾਨ ਇੱਛਾ ਹੁੰਦੀ ਹੈ, ਜੋ ਉਸਦੀਆਂ ਅੱਖਾਂ ਦੇਖਦੀਆਂ ਤੇ ਕੰਨ ਸੁਣਦੇ ਰਹਿੰਦੇ ਹਨ। ਜਿਵੇਂ ਹਸਨ ਦੀ ਸਮੁੱਚੀ ਸ਼ਖਸੀਅਤ ਵਿੱਚ ਖ਼ਾਜਾ ਨਿਜ਼ਾਮੁੱਦ-ਦੀਨ ਔਲੀਆ ਦੀ ਵੱਡੀ ਵਡਿਆਈ ਦਾ ਅਹਿਸਾਸ ਰਮਿਆ ਹੋਇਆ ਸੀ, ਉਸੇ ਤਰ੍ਹਾਂ ਸ੍ਰ: ਪ੍ਰੀਤਮ ਸਿੰਘ ਕਵੀ, ਆਪਣੀ ਸਾਰੀ ਉਮਰ ਇਸੇ ਪਾਸੇ ਕਦੀ ਵੀ ਨਾ ਲਾਉਂਦੇ ਜੇ ਉਹਨਾਂ ਦਾ ਲੂੰ ਲੂੰ ਉਸ ਮਹਾਨ ਸ਼ਖ਼ਸੀਅਤ ਦੀ ਰੂਹਾਨੀ ਉੱਚਤਾ ਦੇ ਪ੍ਰਭਾਵ ਨਾਲ ਤਰੰਗਿਤ ਨਾ ਹੋਇਆ ਹੁੰਦਾ, ਜਿਸ ਦੇ ਬਚਨ ਸਾਂਭਣ ਲਈ ਉਹ ਨਿੱਠ ਕੇ ਬੈਠ ਗਏ। ਧੰਨ ਹਨ ਉਹ ਸ਼ਖ਼ਸੀਅਤਾਂ ਜੋ ਹਸਨ ਦਿਹਲਵੀ ਤੇ ਪ੍ਰੀਤਮ ਸਿੰਘ ਕਵੀ ਵਰਗੇ ਸੰਵੇਦਨਸ਼ੀਲ ਲੇਖਕਾਂ ਨੂੰ ਆਪਾ ਵਾਰਨ ਤਕ ਜਾਣ ਲਈ ਪ੍ਰੇਰ ਲੈਂਦੀਆਂ ਹਨ।

ਮੈਂ ਇਸ ਹਥਲੀ ਪੁਸਤਕ 'ਲਾਲ ਏਹਿ ਰਤਨ' ਨੂੰ ਹਸਨ ਦਿਹਲਵੀ ਤੇ ਪ੍ਰੀਤਮ ਸਿੰਘ ਕਵੀ ਦੀ ਸ਼ਰਧਾਲੂ ਰਿਵਾਇਤ ਦਾ ਹੀ ਇੱਕ ਆਧੁਨਿਕ ਵਾਧਰਾ ਸਮਝਦਾ ਹਾਂ। ਅੱਗੇ ਲੇਖਕ ਕਲਮ ਨਾਲ ਆਪਣੀ ਯਾਦ ਦੀ ਟੇਪ ਤੋਂ ਕਾਗਜ਼ ਉੱਤੇ ਬੋਲ ਉਤਾਰਦਾ ਸੀ, ਇੱਥੇ ਮਹਾਰਾਜ (ਸਤਿਗੁਰੂ) ਪ੍ਰਤਾਪ ਸਿੰਘ ਜੀ ਦੇ ਬੰਕੋਕ ਵਿੱਚ ਉਚਾਰੇ ਬਚਨਾ ਨੂੰ ਟੇਪਾਂ ਵਿੱਚ ਜਿਉਂ ਦਾ ਤਿਉਂ ਸਾਂਭਣ ਦਾ ਉੱਦਮ ਕੀਤਾ ਹੋਇਆ ਹੈ। ਹਸਨ ਦਿਹਲਵੀ ਹੋਵੇ ਜਾਂ ਪ੍ਰੀਤਮ ਸਿੰਘ ਕਵੀ, ਇੰਨ-ਬਿੰਨ ਲਿਖਣ ਦਾ ਦਾਅਵਾ ਕਰਨ ਤੇ ਆਪਣੇ ਦਾਅਵੇ ਉੱਤੇ ਪੂਰੇ ਉਤਰਨ ਦੀ ਸਿਰ ਤੋੜ ਕੋਸ਼ਿਸ਼ ਕਰਨ ਦੇ ਬਾਵਜੂਦ, ਇੰਨ-ਬਿੰਨਤਾ ਵਿੱਚ ਟੇਪ ਦਾ ਮੁਕਾਬਲਾ ਨਹੀਂ ਕਰ ਸਕਦੇ। ਬੋਲਣ ਵੇਲੇ

ਕਈ ਵਾਰੀ ਵਾਕ ਦੀ ਵਿਆਕਰਣਿਕ ਬਣਤਰ ਠੁੱਕ ਸਿਰ ਨਹੀਂ ਰਹਿੰਦੀ; ਕਈ ਵਾਰੀ ਵਾਕ ਸ਼ੁਰੂ ਤਾਂ ਕਰ ਲਈਦਾ ਹੈ ਪਰ ਅਧੂਰਾ ਹੀ ਛੱਡ ਦੇਈਦਾ ਹੈ; ਨਾਂਹ ਨਾਂਹ ਕਰਦਿਆਂ ਵੀ ਦੁਹਰ ਆ ਜਾਂਦੀ ਹੈ; ਵਿਚਾਰ-ਲੜੀ ਤੁਰਦੀ ਤੁਰਦੀ ਅਧਵਾਟਿਓਂ ਟੁੱਟ ਜਾਂਦੀ ਹੈ ਤੇ ਕਿਸੇ ਵੱਖਰੇ ਵਿਚਾਰ ਦੀ ਕੰਨੀ ਫੜ ਕੇ ਬਦੋ-ਬਦੀ ਹੋਰ ਪਾਸੇ ਤੁਰ ਪੈਂਦੀ ਹੈ। ਲਿਖਣ ਵਾਲਾ, ਭਾਸ਼ਣਾਂ ਦਾ ਉਤਾਰਾ ਕਰਨ ਵੇਲੇ, ਇਹਨਾਂ ਲੱਛਣਾਂ ਨੂੰ ਨਜ਼ਰ-ਅੰਦਾਜ਼ ਕਰ ਜਾਂਦਾ ਹੈ ਤੇ ਪਾਠਕ ਲਈ ਇੱਕ ਸਵਾਹਰੀ ਵਸਤ ਪਰੋਸ ਦਿੰਦਾ ਹੈ। ਕਿਸੇ ਵੀ ਸ਼ਰਧਾਲੂ ਲਿਖਾਰੀ ਲਈ ਇਓਂ ਕਰਨਾ ਅਸਲੋਂ ਸੁਭਾਵਿਕ ਕਰਮ ਹੁੰਦਾ ਹੈ, ਪਰ ਟੇਪ ਤੋਂ ਤਾਂ ਬੋਲੀ ਦੀ ਛੋਟੀ ਤੋਂ ਛੋਟੀ ਥਿੜਕ ਵੀ ਲੁਕਾਈ ਨਹੀਂ ਜਾ ਸਕਦੀ। ਟੇਪ ਨੇ ਤਾਂ ਮੂਲ ਬੋਲਾਂ ਨੂੰ ਸਦੀਵਤਾ ਬਖਸ਼ਣੀ ਹੁੰਦੀ ਹੈ, ਉਹਨਾਂ ਨੂੰ ਸਵਾਰਨਾ, ਸਵਾਹਰਾ ਕਰਨਾ, ਘਟਾਉਣਾ ਜਾਂ ਵਧਾਉਣਾ ਉਸਦਾ ਕੰਮ ਨਹੀਂ ਹੁੰਦਾ। ਇਸ ਲਿਹਾਜ਼ ਨਾਲ ਮੈਂ ਮਹਾਰਾਜ (ਸਤਿਗੁਰੂ) ਪ੍ਰਤਾਪ ਸਿੰਘ ਜੀ ਦੇ ਇਹਨਾਂ ਭਾਸ਼ਣਾਂ ਨੂੰ ਲਿਖਤੀ ਰੂਪ ਦੇਣ ਵਾਲੀ ਨਾਮਧਾਰੀ ਵਿਦਵਾਨ ਪ੍ਰਿੰਸੀਪਲ ਬੇਅੰਤ ਕੌਰ ਦੇ ਜਤਨ ਨੂੰ ਸਲਾਹੇ ਬਿਨਾਂ ਨਹੀਂ ਰਹਿ ਸਕਦਾ ਕਿਉਂਕਿ ਉਹਨਾਂ ਨੇ ਇਹਨਾਂ ਵਿੱਚ ਆਪਣੇ ਵੱਲੋਂ ਕੋਈ ਘਾਟ-ਵਾਧ ਕਰਨ ਦੀ ਚਤਰਾਈ ਨਹੀਂ ਕੀਤੀ, ਜਿਸ ਕਰਕੇ ਪਾਠਕ ਇਹ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਉਹ ਭਾਸ਼ਣ ਦਾ ਲਿਖਤੀ ਪਾਠ ਪੜ੍ਹ ਨਹੀਂ ਰਿਹਾ ਬਲਕਿ ਪਵਿੱਤਰ ਬੁਲਾਰੇ ਦੇ ਬੋਲਾਂ ਨੂੰ ਆਪਣੇ ਕੰਨਾਂ ਨਾਲ ਸੁਣ ਰਿਹਾ ਹੈ।

ਉਂਜ ਤਾਂ ਭਾਸ਼ਣਾਂ ਦੀ ਇਹ ਲੜੀ ਨਿਰੋਲ ਬੰਕੋਕ ਦੀ ਨਾਮਧਾਰੀ ਸੰਗਤ ਨੂੰ ਸੰਬੋਧਿਤ ਸੀ ਤੇ ਸ਼ਾਇਦ ਇਸੇ ਲਈ ਇਸ ਵਿੱਚ ਉਹਨਾਂ ਗ੍ਰੰਥਾਂ ਦੇ ਕਾਫੀ ਹਵਾਲੇ ਮਿਲਦੇ ਹਨ ਜਿਹਨਾਂ ਨੂੰ ਨਾਮਧਾਰੀ ਸੰਗਤ ਵਿੱਚ ਬੜੀ ਮਾਨਤਾ ਪ੍ਰਾਪਤ ਹੈ ਤੇ ਉਹਨਾਂ ਸਾਖੀਆਂ ਨੂੰ ਸਿੱਖਿਆ ਦਾ ਅਧਾਰ ਬਣਾਇਆ ਗਿਆ ਹੈ, ਜੋ ਸ਼ਰਧਾਲੂ ਸਰੋਤਿਆਂ ਨੂੰ ਜਾਂ ਤਾਂ ਅੱਗੇ ਹੀ ਕੰਠ ਸਨ ਜਾਂ ਉਹਨਾਂ ਨੇ ਝੱਟਪਟ ਸਤਿਕਾਰ ਨਾਲ ਪ੍ਰਵਾਨ ਕਰ ਲੈਣੀਆਂ ਸਨ। ਗ਼ੈਰ ਨਾਮਧਾਰੀ ਵਿਦਵਾਨ ਜੇ ਇਹਨਾਂ ਗ੍ਰੰਥਾਂ ਜਾਂ ਸਾਖੀਆਂ ਵਿੱਚੋਂ ਕਿਸੇ ਨੂੰ

ਪ੍ਰਮਾਣਿਕ ਨਾ ਮੰਨਦੇ ਹੋਣ ਤਾਂ ਕੋਈ ਗੱਲ ਨਹੀਂ—ਇੱਕੋ ਗੱਲ ਜਾਂ ਘਟਨਾ ਨੂੰ ਸ਼ਰਧਾ ਇੱਕ ਤਰ੍ਹਾਂ ਵੇਖਦੀ ਹੈ ਤੇ ਅਲੋਚਨਾਂ ਦੂਜੀ ਤਰ੍ਹਾਂ। ਮੇਰਾ ਆਪਣਾ ਵੀ ਇਹੀ ਹਾਲ ਹੈ—ਪ੍ਰਮਾਣਿਕਤਾ ਦੀ ਮੁਹਰ ਨਾ ਲੱਗੀ ਹੋਵੇ ਤਾਂ ਮੇਰਾ ਕਿੰਤੂ-ਪਰੰਤੂ ਸਜਗ ਹੀ ਰਹਿੰਦਾ ਹੈ। ਅਜਿਹੇ ਹਵਾਲਿਆਂ ਤੋਂ ਛੁੱਟ ਇਹਨਾਂ ਭਾਸ਼ਣਾਂ ਵਿੱਚ ਬਹੁਤ ਕੁਝ ਹੈ, ਜਿਸਨੂੰ ਸਹਿਜੇ ਹੀ ਪੰਜਾਬ ਦੇ ਇੱਕ ਵੱਡ-ਪ੍ਰਤਾਪੀ ਮਹਾਂ ਪੁਰਸ਼ ਵੱਲੋਂ ਪੂਰੀ ਮਨੁੱਖਤਾ ਦੇ ਰੂਹਾਨੀ ਖ਼ਜਾਨੇ ਲਈ ਪੇਸ਼ ਕੀਤਾ ਤੋਹਫ਼ਾ ਮੰਨਿਆਂ ਜਾ ਸਕਦਾ ਹੈ। ਆਖ਼ਰ, ਜਿਹਨਾਂ ਮਹਾਂ ਪੁਰਸ਼ਾਂ ਦਿਆਂ ਬੋਲਾਂ ਨੂੰ, ਹਜ਼ਾਰਾਂ ਨਰ-ਨਾਰੀ ਸ੍ਵਾਂਤਿ ਬੂੰਦ ਦੀ ਤਰ੍ਹਾਂ ਉਡੀਕਦੇ ਰਹਿੰਦੇ ਹਨ, ਉਹ ਲੋਕ ਆਪਣਾ ਸੁਨੇਹਾ ਕੇਵਲ ਆਪਣੇ ਸਾਹਮਣੇ ਬੈਠੇ ਗਿਣਤੀ ਦੇ ਕੁਝ ਸ਼ਰਧਾਲੂਆਂ ਤਕ ਹੀ ਗੁਪਤ ਰੱਖਣਾ ਕਦੀ ਵੀ ਪਸੰਦ ਨਹੀਂ ਕਰ ਸਕਦੇ। ਜੇ ਸਰੀਰਾਂ ਦੀ ਤ੍ਰਿਸ਼ਨਾ ਵਿੱਚ ਵਾਧਾ ਇੱਕ ਵਿਸ਼ਵ-ਵਿਆਪੀ ਘਟਨਾ ਹੈ ਤਾਂ ਇਸ ਤ੍ਰਿਸ਼ਨਾ ਦੀ ਖੁੱਲੀ ਦੁਰਵਰਤੋਂ ਤੋਂ ਉਪਜੇ ਬਿਆਧਾਂ ਵਿੱਚ ਵਾਧਾ ਵੀ ਇੱਕ ਵਿਸ਼ਵ-ਵਿਆਪੀ ਘਟਨਾ ਹੀ ਹੈ ਅਤੇ ਉਹਨਾਂ ਤੋਂ ਛੁਟਕਾਰਾ ਪਾਉਣ ਲਈ ਅਧਿਆਤਮ ਤੇ ਸਦਾਚਾਰ ਦੀ ਭੁੱਖ ਦੀ ਉਪਜ ਵੀ ਇੱਕ ਵੈਸ਼ਵਿਕ ਘਟਨਾ ਹੀ ਹੈ। ਇਹੋ ਜਿਹੇ ਲੱਖਾਂ ਰੋਗੀ ਭਾਲਦੇ ਫਿਰਦੇ ਹਨ ਅਜਿਹੇ ਵਾਗੀਆਂ ਨੂੰ, ਜਿਹੜੇ ਆਪਣੇ ਅਧਿਆਤਮਿਕ ਨੁਸਖ਼ੇ ਸਿਰਫ ਆਪਣੇ ਛੋਟੇ ਜਿਹੇ ਵੱਗ ਲਈ ਹੀ ਰਾਖਵੇਂ ਨਾ ਰੱਖਦੇ ਹੋਣ ਸਗੋਂ ਸਾਰੀ ਦੁਨੀਆਂ ਨੂੰ ਆਪਣਾਂ ਵੱਗ ਸਮਝਕੇ ਸਭ ਦੇ ਕਲਿਆਣ ਲਈ ਫ਼ਿਕਰਮੰਦ ਹੋਣ। ਭਲਾ ਆਓ ਨਮੂਨੇ ਵਜੋਂ ਵੇਖੀਏ ਇਸ ਪੁਸਤਕ ਵਿੱਚ ਅੰਕਿਤ ਬਚਨ ਇਸ ਫ਼ਿਕਰ ਦੀ ਨੁਮਾਇੰਦਗੀ ਕਰਦੇ ਹਨ ਕਿ ਨਹੀਂ:

੧ ਪ੍ਰੇਮ ਦਾ ਲੱਛਣ ਇਹ ਹੈ ਕਿ ਹੋਰ ਕੋਈ ਚੀਜ਼ ਨਹੀਂ ਦਿਸਦੀ। ਔਰ ਜਿੰਨਾਂ ਚਿਰ ਇਸ ਨੂੰ ਹੋਰ ਪਾਸੇ ਦਿਸਦੇ ਹਨ ਓਨਾਂ ਚਿਰ ਇਹਦੇ ਪੱਲੇ ਕੁਝ ਨਹੀਂ ਪੈਂਦਾ।

੨ ਜਿੰਨਾ ਚਿਰ ਮਨ ਵੈਰੀ ਜੀਉਂਦਾ ਹੈ, ਸਾਰੇ ਹੀ ਵੈਰੀ ਜਿਉਂਦੇ ਹਨ। ਜਦੋਂ ਇਹਨੂੰ ਜਿੱਤ ਲਿਆ, ਸਾਰੇ ਹੀ ਮਰ ਗਏ।

੩ ਕਿਸ ਤਰ੍ਹਾਂ ਹੋਵੇ ਅਮਨ ? ਅਮਨ ਦੇਣ ਵਾਸਤੇ, ਜਦ ਤੋਂ ਸਰਿਸ਼ਟੀ

ਬਣੀ ਹੈ—ਇਹ ਭਾਰਤ ਵਰਸ਼ ਹੈ ਜਿਸ ਨੇ ਅਮਨ ਦੁਨੀਆਂ ਨੂੰ ਦਿੱਤਾ ਹੈ। ਅੱਜ ਆਗੂ ਹੋਰ ਮੁਲਕ ਬਣੇ ਹੋਏ ਨੇ। ਅਮਨ ਦੀ ਵਜ੍ਹਾ ਹੈ, ਅਮਨ ਹੋ ਸਕਦਾ ਹੈ—ਨਿਰਲੋਭ ਹੋ ਕੇ।

੪ ਜਿਹਨੂੰ ਕੋਈ ਨਾ ਪੁੱਛੇ, ਜਿਹਨੂੰ ਕੋਈ ਨਾ ਦੇਵੇ, ਉਹਨੂੰ ਜਿਹੜਾ ਧਨ ਪਦਾਰਥ, ਜਿਹੜੀ ਉਸਦੀ ਸੇਵਾ ਕਰਨੀ ਹੈ, ਅਪਾਹਜ ਦੀ, ਇਸ ਤੋਂ ਵੱਡਾ ਕੋਈ ਪੁੰਨ ਨਹੀਂ ਹੈ। ਸਤਿਗੁਰਾਂ ਨੇ ਕਿਹਾ,''ਬਈ ਨਿੰਦਿਆ ਕਰਨ ਵਾਲੇ ਦੀ ਵੀ ਸੇਵਾ ਕਰਨੀ।

੫ ਧਰਮ ਦੀ ਖੱਟੀ ਨਾਲ ਹੀ ਕੁਝ ਬਣ ਸਕਦਾ ਹੈ। ਪਾਪ ਦੀ ਖੱਟੀ ਕਦੇ ਕਿਸੇ ਨੂੰ ਸਿਰੇ ਨਹੀਂ ਚੜ੍ਹਾਉਂਦੀ। ਜਿਹੜੇ ਲੋਕ ਧਰਮ ਦੀ ਕਿਰਤ ਕਰਦੇ ਹਨ, ਉਹਨਾਂ ਨੂੰ ਘਾਟਾ ਨਹੀਂ ਕਦੇ ਆ ਸਕਦਾ।

ਇਹ ਉਪਰੋਕਤ ਪ੍ਰਕਾਰ ਦੀਆਂ ਕਦਰਾਂ-ਕੀਮਤਾਂ ਹਨ ਜਿਨ੍ਹਾਂ ਕਰ ਕੇ ਮੈਂ ਪ੍ਰਿੰ: ਬੇਅੰਤ ਕੌਰ ਵੱਲੋਂ ਕੀਤੀ ਘਾਲ ਨੂੰ ਅੱਜ ਦੀ ਦੁਨੀਆਂ ਲਈ ਸਾਰਥਿਕ ਤੇ ਲਾਭਦਾਇਕ ਸਮਝਦਾ ਹਾਂ। ਉਹ ਆਪਣਾ ਸਮਾਂ ਚੰਗੇ ਪਾਸੇ ਲਾ ਰਹੇ ਹਨ। ਮੇਰੀ ਅਰਦਾਸ ਹੈ ਕਿ ਕੁਦਰਤ ਉਹਨਾਂ ਨੂੰ ਇਹੋ ਜਿਹੇ ਨੇਕ ਕੰਮ ਕਰੀ ਜਾਣ ਲਈ ਲੰਮੀ ਮੁਹਲਤ ਦੇਵੇ।

**ਪ੍ਰੀਤਮ ਸਿੰਘ**

੨, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ-੧੪੭੦੦੧
ਟੈਲੀਫੋਨ- ੦੧੭੫-੨੦੪੨੦੪

ਲਾਲ ਏਹਿ ਰਤਨ

# ਬੰਕੋਕ ੧੨-੧-੧੯੫੩

*ਸਵੈਯਾ। ਕੇਹਰਿ[੧] ਸੇ ਮਨ ਕੇ ਹਰਿ ਦੋਖ ਸੁਕੇ ਹਰਿ ਕੈ ਹਰ ਕੇ ਸਸ ਆਹੂ[੨]।*
*ਆਹੁ ਸੁਣੇ ਧਰ ਕੈ ਤਨ ਮਾਨਸ ਮਾਨ ਦਿਯੇ ਜਨ ਤੋੜ ਨਿਬਾਹੂ।*
*ਬਾਹੁ ਦਰਾਜ ਸੁ ਬਾਹੁ ਦਰਾਜ ਸੁ ਬਾਹੁ ਦਰਾਜ ਫਲਾ ਧਰ ਮਾਹੂ।*
*ਮਾਹੁ ਭਲੇ ਜਨ ਮਾਹੁ ਭਲੇ ਭਵ ਮਾਹੁ ਸੁ ਮਾਹੀਅੜਾ ਦਰਸਾਹੂ।।੧।।*
*ਸਾਹੁ ਸਚਾ ਜਪ ਸਾਹੁ ਗਏ ਖਪ ਸ੍ਰੀ ਗੁਰ ਨਾਨਕ ਦੇਵ ਮਨਾਹੂ।*
*ਨਾਹੁ ਧਰੰਮ ਬਢਾ ਅਧਰੰਮ ਮਲੇਛਨ ਜੰਮ ਕਿਯੇ ਕਤਲਾਹੂ।*
*ਲਾਹੂ ਲਹੇ ਕਿਤੋ ਸਿੰਧ ਬਹੇ ਰਿਪ ਫੂਟ ਜਹਾਜ ਚੁਰੱਤਨ[੩] ਜਾਹੂ।*
*ਜਾਹੁ ਬਲੇ ਦਲ ਮੋਹ ਦਲੇ ਜਪ ਏਕ ਪਲੇ ਮਨ ਪਾਰ ਪਰਾਹੂ।।੨।।*
*ਬੰਦਤ ਹੋਂ ਪਗ ਪੰਕਜ ਤੇ ਜਿਨ ਪੰਕਜ ਸੇ ਕਢ ਅੰਕ ਲਗਾਏ।*
*ਡੂਬਤ ਥੇ ਭਵ ਸਾਗਰ ਮੋ ਨਿਜ ਪੰਥ ਸਮਾਲ ਜਹਾਜ ਚੜਾਏ।*
*ਮੋ ਮਸਕੀਨ ਅਧੀਨ ਕਮੀਨ ਵ ਦੀਨ ਸੁ ਪਾਲਤ ਰੈਣ ਸਬਾਏ।*
*ਐਸਿ ਪ੍ਰਭੂ ਗੁਰ ਬਾਲਕ ਸਿੰਘ ਧਿਆਨ ਮ੍ਰਿਗੰਦ[੪] ਨਮੋ ਨਿਤ ਗਾਏ।।੩।।*

*ਕੇਹਰਿ ਸੇ ਮਨ ਕੇ ਹਰਿ ਦੋਖ ਸੁਕੇ ਹਰਿ ਕੈ ਹਰ ਕੇ ਸਸ ਆਹੂ।*

ਸੰਤਾਂ ਕੋਲੋਂ ਜੇ ਤੇ ਤੁਸੀਂ ਨਾਲ ਢੋਲਕ ਛੈਣੇ ਲਉਗੇ ਤਾਂ ਰਾਤ ਨੂੰ ਕੀਰਤਨ ਸੁਣ ਲਉ, ਨਹੀਂ ਹੁਣੇ ਹੀ ਘੜੀ ਆਲਮ ਜੀ (ਸੰਤ ਨਿਧਾਨ ਸਿੰਘ ਜੀ) ਨੂੰ ਲਾਵਾਂਗੇ, ਮੈਂ ਥੋੜੇ ਜਿਹੇ ਮਿੰਟ ਅਰਜ਼ ਕਰਨੀ ਹੈ। ਸੰਤ ਜੀ

ਮਹਾਰਾਜ, ਸੰਤ ਧਿਆਨ ਸਿੰਘ ਜੀ—ਲੋਕਾਂ ਨੇ ਗੁਰ ਬਿਲਾਸ ਲਿਖੇ ਹਨ —ਸੰਤਾਂ ਨੇ ਸਤਿਗੁਰੂ ਬਿਲਾਸ ਲਿਖਿਐ। ਸੰਤ ਜੀ ਨੇ ਏਥੇ ਹੁਣ ਗੁਰੂ ਬਾਲਕ ਸਿੰਘ ਜੀ ਦਾ ਮੰਗਲ ਕੀਤਾ ਹੈ।

## ਢਾਈ ਅੱਖਰ ਪ੍ਰੇਮ ਕੇ

ਸੰਤ ਜੀ ਦੀ ਜਿਹੜੀ ਹੈ ਕਵਿਤਾ, ਉਹ ਕਹਿੰਦੇ ਹਨ—*ਕੀ ਮਤਿ ਕੀਰ ਕਮੀਨ, ਕਵੀ ਕੋ*—ਆਪਣੇ ਆਪ ਨੂੰ ਕਹਿੰਦੇ ਹਨ,''ਵੱਡੇ ਵੱਡਿਆਂ ਦੀ ਕਵਿਤਾ ਵਿੱਚ, ਮੇਰੀ ਕਮੀਨ ਦੀ, ਗਰੀਬ ਦੀ ਕੀ ਮੱਤ ਹੈ, ਪਰ ਮੈਨੂੰ ਜਦੋਂ ਪ੍ਰੇਮ ਜਾਗਿਆ ਸਤਿਗੁਰੂ ਦਾ ਤੇ ਫਿਰ ਪਤਾ ਨਹੀਂ ਰਹਿਆ ਮੈਂ ਕਿਸ ਤਰ੍ਹਾਂ ਕਿਹਾ ਹੈ।'' ਏਹੋ ਹੀ ਇੱਕ ਗੱਲ ਹੈ ਜਿਹੜੀ ਕਰਨ ਵਾਲੀ ਹੈ। ਉਹ ਲਿਖਿਆ ਹੈ ਕਿ *ਢਾਈ ਅੱਖਰ ਪ੍ਰੇਮ ਕੇ ਪੜ੍ਹੇ ਸੋ ਪੰਡਤ ਹੋਏ*—ਰਾਰਾ ਪੂਰਾ ਨਹੀਂ ਲੱਗਿਆ ਹੋਇਆ। ਪ੍ਰੇਮ ਦੇ ਵਿੱਚ ਜਿਹੜੀ ਇਹ ਚੀਜ਼ ਹੈ, ਜਿੱਥੇ ਇਹ ਪ੍ਰਾਪਤ ਨਹੀਂ, ਫਰੀਦ ਜੀ ਕਹਿੰਦੇ ਨੇ-

**ਬਿਰਹਾ[੫] ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ[੬]॥**

*– ਪੰਨਾ-੧੩੭੯*

ਸੰਮਨ ਜੀ ਕਹਿੰਦੇ ਹਨ-

**ਸੰਮਨ ਜਉ ਇਸ ਪ੍ਰੇਮ ਕੀ ਦਮ[੭] ਕ੍ਹਿਹੁ ਹੋਤੀ ਸਾਟ[੮]॥**

ਜੇ ਇਹਦਾ ਸਾਟ-ਵੱਟਾ, ਮੁੱਲ-ਰੁਪਈਏ ਹੁੰਦਾ ਤੇ-

**ਰਾਵਨ ਹੁਤੇ[੯] ਸੁ ਰੰਕ[੧੦] ਨਹਿ ਜਿਨਿ ਸਿਰ ਦੀਨੇ ਕਾਟਿ[੧੧]॥**

*– ਮ:੫, ਪੰਨਾ-੧੩੬੩*

(ਰਾਵਣ) ਜਿਨ੍ਹੇ, ਸਿਰ ਕੱਟ ਕੱਟ ਕੇ ਦਿੱਤੇ, ਅਰਪਣ ਕੀਤੇ............। ਫਿਰ ਅੱਗੇ ਜਾ ਕੇ ਮੂਸਨ ਜੀ ਕਹਿੰਦੇ ਨੇ-

**ਮੂਸਨ ਮਰਮੁ[੧੨] ਨ ਜਾਨਈ ਮਰਤ[੧੩] ਹਿਰਤ[੧੪] ਸੰਸਾਰ॥**
**ਪ੍ਰੇਮ ਪਿਰੰਮ[੧੫] ਨ ਬੇਧਿਓ ਉਰਝਿਓ[੧੬] ਮਿਥ ਬਿਉਹਾਰ॥**

*– ਮ:੫, ਪੰਨਾ-੧੩੬੪*

ਝੂਠੇ ਕੰਮਾਂ ਵਿੱਚ, ਝੂਠੀ ਚੀਜ਼, ਝੂਠੀ ਦੁਨੀਆਂ ਦੇ ਵਿੱਚ ਲੱਗ ਕੇ ਸਾਰਾ ਕੁਛ–

**ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ।।**

*– ਆਸਾ ਸ੍ਰੀ ਕਬੀਰ ਜੀ, ਪੰਨਾ–੪੮੧*

ਫੇਰ ਕਹਿੰਦੇ ਹਨ–

**ਜਪ ਤਪ ਸੰਜਮੁ ਹਰਖ ਸੁਖ ਮਾਨ ਮਹਤ ਅਰੁ ਗਰਬ।।**
**ਮੂਸਨ ਨਿਮਖਕ[੧੭] ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ।।**

*– ਮ:੫, ਪੰਨਾ–੧੩੬੪*

ਫਰਕ ਬੜਾ ਹੈ। ਉਹ ਜਿੱਥੇ ਭਗਤਾਂ ਦੀਆਂ ਪਰਚੀਆਂ ਵਿੱਚ ਲਿਖਿਆ ਹੈ ਕਿ–

*ਅਕਲ ਕਹੇ ਤੂੰ ਪਹਿਨ ਪੁਸ਼ਾਕ, ਪ੍ਰੇਮ ਕਹੇ ਸਿਰ ਡਾਰੋ ਖਾਕ।*
*ਅਕਲ ਕਹੇ ਤੂੰ ਮਹਿਲ ਪੁਵਾ, ਪ੍ਰੇਮ ਕਹੇ ਅਗ ਬਾਲ ਲਗਾ।*
*ਅਕਲ ਕਹੇ ਇਹ ਧੀਆ ਪੂਤ, ਪ੍ਰੇਮ ਕਹੇ ਸਭ ਕੂੜਾ ਸੂਤ।*

ਹੈ ਸਭ ਕੁਛ ਏਸੇ ਤਰ੍ਹਾਂ, ਪਰ ਉਸਨੇ ਭਰਮਾਇਆ ਹੈ, ਮਾਇਆ ਦਾ ਜਾਲ ਪਾ ਕੇ ਐਸਾ ਕੁਝ ਕੀਤਾ ਹੋਇਆ ਹੈ, ਉਲਟ ਪਾਸੇ ਨੂੰ ਮੂੰਹ ਹੋ ਚੁੱਕਾ ਹੈ। ਇਹ ਨਹੀਂ ਕਿ ਧੀਆਂ ਪੁੱਤ ਨਾ ਹੋਣ; ਇਹ ਨਹੀਂ ਕਿ ਘਰ ਨਾ ਹੋਵੇ; ਮਾਇਆ ਨਾ ਹੋਵੇ; ਪਰ ਇਸ ਨੂੰ ਜੇ ਸਤਿਗੁਰ ਦੀ ਜਾਣੇ, ਆਪਣੀ ਨਾ ਜਾਣੇ ਤਾਂ ਸੌਖਾ ਰਹਿੰਦਾ ਹੈ, ਜੇ ਆਪਣੀ ਜਾਣਦੈ ਤੇ ਦੁਖੀ ਹੁੰਦੈ।

ਇੱਕੋ ਹੀ ਸਫਰ ਹੈ—ਆਦਮੀ ਨੇ ਕੱਟਣਾ ਹੈ। ਇੱਕ ਆਦਮੀ ਦਰਿਆ ਬੇੜੀ ’ ਚ ਚੜ੍ਹਕੇ ਲੰਘਦਾ ਹੈ; ਇੱਕ ਗੋਤੇ ਖਾਂਦਾ ਜਾਂਦਾ ਹੈ। ਗੋਤੇ ਖਾਣ ਵਾਲੇ ਨੂੰ ਕਦੇ ਸਾਹ ਆ ਗਿਆ, ਕਦੇ ਨਾ ਆ ਗਿਆ। ਇਸੇ ਤਰ੍ਹਾਂ ਹੀ ਇਹ ਜਿੰਨਾ ਮਾਇਆ ਦਾ ਜਾਲ ਹੈ, ਉਹ ਕਹਿੰਦੇ ਨੇ—ਬਈ ਪਹਿਲੇ ਸੀ ਇੱਕ ਆਦਮੀ ਦੋ ਲੱਤਾਂ ਵਾਲਾ। ਫੇਰ, ਸ਼ਾਦੀ ਹੋ ਗਈ—ਹੁਣ ਚੌਸਰ ਹੋ ਗਿਆ—ਚਹੁੰ ਪੈਰਾਂ ਵਾਲਾ ਬਣ ਗਿਆ। ਫੇਰ, ਉਸ ਤੋਂ ਬਾਅਦ ਲੜਕਾ ਪੈਦਾ ਹੋ ਗਿਆ–ਬਈ, ਚਿੱਚੜ ਬਣ ਗਿਆ, ਛਿਆਂ ਵਾਲਾ। ਫੇਰ, ਓਦੂੰ ਬਾਅਦ ਅੱਗੇ ਕੁਟੰਬ ਵਧਿਆ, ਹੁਣ ਕੰਨਕੋਲ ਬਣ ਗਈ, ਸੌ ਲੱਤ ਹੋ

ਗਈ। ਸਾਲੇ ਦਾ ਪੁੱਤ ਬਿਮਾਰ ਹੈ; ਸਾਲੀ ਦੀ ਧੀ ਬਿਮਾਰ ਹੈ; ਮਾਮੇ ਦੇ ਪੁੱਤ ਦੀ ਧੀ ਬਿਮਾਰ ਹੈ; ਚੱਲਿਆ ਅੱਗੇ ਨੂੰ, ਸੌ ਲੱਤ ਹੋਈ ਜਿਹੜੀ ਤੇ ਸੱਟ ਵੱਜੀ ਉਥੋਂ ਹੀ ਦੁੱਖ ਲੱਗਾ–ਕੰਨਕੋਲ ਨੂੰ। ਪਰ ਜੇ ਸਤਿਗੁਰੂ ਕਰੇ ਬਖਸ਼ਿਸ਼ ਤੇ ਫੇਰ ਆਪਣਾ ਨਾ ਜਾਣੇ। ਮਹਾਰਾਜ ਕਹਿੰਦੇ ਨੇ–

**ਜਨਮੇ ਕਉ ਵਾਜਹਿ[੧੮] ਵਾਧਾਏ।।**
**ਸੋਹਿਲੜੇ[੧੯] ਅਗਿਆਨੀ ਗਾਏ।।**

*– ਮਾਰੂ ਮ:੧, ਪੰਨਾ–੧੦੩੨*

**ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ।।**

*– ਮਾਰੂ ਮ:੧, ਪੰਨਾ ੧੦੨੭*

ਜਦੋਂ ਜੰਮਦਾ ਹੈ, ਉਦੋਂ ਵਾਜੇ ਵੱਜਦੇ ਨੇ, ਤੇ ਜਦੋਂ ਮਰਦਾ ਹੈ ਤਾਂ ਰੋਂਦੇ ਨੇ। ਉਹ ਕਹਿੰਦੇ ਨੇ—ਜਿਹਦੀ ਚੀਜ਼ ਸੀ ਉਹ ਲੈ ਗਿਆ।

**ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ।।**

*– ਮ:੩, ਪੰਨਾ–੧੨੪੯*

ਸਤਿਗੁਰਾਂ ਬਖਸ਼ਿਸ਼ ਕੀਤੀ ਹੈ, ਭਾਈ ਸੁੱਚਾ ਸਿੰਘ ਉੱਤੇ ਦਿੱਲੀ ਵਿੱਚ—ਦੋ ਬੱਚੇ ਸਨ ਉਹਦੇ। ਪਹਿਲਾ ਬੱਚਾ ਚੜ੍ਹਿਆ ਹੈ, ੧੮ ਤਰੀਕ ਦਸੰਬਰ ਦੀ। ਉਹਦਾ ਭੋਗ ੩੦ ਤਰੀਕ ਰੱਖਿਆ ਹੈ। ੩੦ ਤਰੀਕ ਨੂੰ ਭੋਗ ਉਹਦਾ ਪਿਆ ਹੈ ਤੇ ੩੦ ਤਰੀਕ ਤੇ ੩੧ ਦੀ ਰਾਤ ਨੂੰ ਦੂਸਰਾ ਬੱਚਾ ਵੀ ਗੁਜ਼ਰ ਗਿਆ ਹੈ। ਮੈਂ ਸਵੇਰੇ ਗਿਆ ਤੇ ਮੈਂ ਜਿਸ ਵੇਲੇ ਉਹਨੂੰ ਜਾ ਕੇ ਵੇਖਿਆ ਨ, ਮੈਂ ਵੀ ਓਨੀ ਨਹੀਂ ਹਿੰਮਤ ਰੱਖ ਸਕਦਾ ਜਿੰਨੀ ਸਤਿਗੁਰੂ ਨੇ ਉਹਨੂੰ ਬਖਸ਼ੀ ਹੈ। ਹੁਣ ਤੁਸੀਂ ਕੋਈ ਆਦਮੀ ਜਾ ਕੇ ਮਿਲੋ, ਉਹੋ ਹੀ ਦੋਵੇਂ ਉਹਦੇ ਬੱਚੇ ਸਨ, ਦੋਵੇਂ ਗੁਜ਼ਰ ਗਏ। ਕੋਈ ਇਹ ਪਛਾਣ ਨਹੀਂ ਸਕਦਾ ਕਿ ਸੁੱਚਾ ਸਿੰਘ 'ਚ ਕੋਈ ਫਰਕ ਪਿਆ ਹੈ। ਬਖਸ਼ਿਸ਼ ਹੈ ਸਤਿਗੁਰੂ ਦੀ, ਜੇ ਹੱਥ ਰੱਖੇ। ਉਸਨੇ ਪਹਿਲੇ ਦਿਨ ਉੱਥੇ ਇਹ ਅਰਦਾਸ ਕੀਤੀ ਸੀ,''ਸਾਡੀ ਇਹ ਤਾਕਤ ਨਹੀਂ, ਅਸੀਂ ਇਹ ਭਾਣਾ ਝੱਲ ਜਾਈਏ।'' ਸਤਿਗੁਰੂ ਬਖਸ਼ਿਸ਼ ਕਰੇ ਤਾਂ ਝੱਲਿਆ ਜਾਂਦਾ ਹੈ।

ਤਾਂ, ਸੰਤ ਜੀ ਪ੍ਰੇਮ ਦੇ ਵੱਸ ਹੋ ਕੇ ਕਵਿਤਾ ਕਰਦੇ ਹਨ। ਪ੍ਰੇਮ ਜਦੋਂ

ਹੋ ਜਾਂਦਾ ਹੈ ਨ—ਪ੍ਰੇਮ ਦੇ ਵਿੱਚ ਆ ਕੇ, ਫੇਰ ਪ੍ਰੇਮ ਦਾ ਲੱਛਣ ਇਹ ਹੈ ਕਿ ਹੋਰ ਕੋਈ ਚੀਜ਼ ਨਹੀਂ ਦਿਸਦੀ ਔਰ ਜਿੰਨਾ ਚਿਰ ਇਸਨੂੰ ਹੋਰ ਪਾਸੇ ਦਿਸਦੇ ਹਨ ਓਨਾਂ ਚਿਰ ਇਹਦੇ ਪੱਲੇ ਕੁਛ ਨਹੀਂ ਪੈਂਦਾ। ਦਰੋਣਾਚਾਰੀਆ ਜੀ ਗੁਰੂ ਥੇ—ਪਾਂਡਵਾਂ ਦੇ ਔਰ ਕੌਰਵਾਂ ਦੇ। ਉਹ ਸਿਖਾਉਂਦੇ ਸੀ ਸ਼ਸਤਰ ਵਿੱਦਿਆ। ਸ਼ਸਤਰ ਵਿੱਦਿਆ ਸਿਖਾਉਂਦਿਆਂ ਉਨ੍ਹਾਂ ਨੂੰ ਅਰਜਨ ਨਾਲ ਜ਼ਰਾ ਜ਼ਿਆਦਾ ਪ੍ਰੇਮ ਹੋਇਆ। ਡਰਦੇ ਕੌਰਵਾਂ ਤੋਂ ਅਰਜਨ ਨੂੰ ਉਂਝ ਤੇ ਓਥੇ ਦੱਸ ਨਾ ਸਕਣ। ਓਥੇ ਹੁਕਮ ਸੀ ਕਿ ਆਸ਼ਰਮ ਦੇ ਵਿੱਚ ਲਿਆ ਕੇ, ਜਿੱਥੇ ਜਗ੍ਹਾ ਸੀ—ਸਕੂਲ ਕਹਿ ਲਓ ਜਾਂ ਵਿਦਿਆਲਾ—ਉਹਦੇ 'ਚ ਵੀਹ-ਵੀਹ, ਜਾਂ ਤੀਹ-ਤੀਹ ਜਾਂ ਦਸ-ਦਸ ਘੜੇ ਪਾਣੀ ਦੇ ਪਾਉਂਦੇ ਸਨ—ਲਿਆ ਕੇ ਨਦੀ 'ਚੋਂ। ਉਹਨਾਂ ਨੇ ਇਹ ਕੀਤਾ, ਕਿ ਜਿਹੜਾ ਘੜਾ ਉਹਨੂੰ (ਅਰਜਨ ਨੂੰ) ਦਿੱਤਾ—ਭਾਂਡਾ, ਉਹਦਾ ਮੂੰਹ ਖੁੱਲ੍ਹਾ ਦੇ ਦਿੱਤਾ। ਉਹ ਭਰ ਵੀ ਜਲਦੀ ਲਿਆਵੇ ਤੇ ਡੋਲ ਵੀ ਛੇਤੀ ਦੇਵੇ। ਜਦੋਂ ਆਪਣੇ ਉਹ ਪੂਰੇ ਕਰ ਲਵੇ, ਓਨਾਂ ਟਾਈਮ ਉਹਨੂੰ ਵਾਧੂ ਮਿਲ ਜਾਂਦਾ ਸੀ—ਸਿੱਖਣ ਵਾਸਤੇ। ਸਿੱਖੇ, ਇੱਕ ਦਿਨ ਲੈ ਕੇ ਗਏ ਦੇਖਣ ਦੇ ਵਾਸਤੇ। ਬਾਹਰ ਲਿਜਾ ਕੇ, ਇੱਕ ਦਰੱਖਤ ਦੇ ਉੱਤੇ ਰੂੰ ਦਾ ਜਾਨਵਰ ਬਣਾ ਕੇ ਰੱਖ ਦਿੱਤਾ। ਰੱਖ ਕੇ ਕਿਹਾ,''ਲਉ ਬਈ ਆਵੋ।''

''ਆ ਬਈ ਦੁਰਯੋਧਨ, ਅਸੀਂ ਖੜੇ ਦਿਸਦੇ ਹਾਂ ?''

''ਹਾਂ ਜੀ ਦਿਸਦੇ ਹੋ।''

''ਆਹ ਦਰੱਖਤ ਦਿਸਦੈ।''

''ਦਿਸਦੈ।''

''ਉਹ ਕੁੱਤਾ ਖੜਾ ਦਿਸਦੈ, ਉਹ ਫਲਾਣੀ ਚੀਜ਼ ਦਿਸਦੀ ਹੈ, ਉਹ ਜਾਨਵਰ ਦਿਸਦੈ।''

''ਦਿਸਦੈ।''

''ਹਟ ਜਾ ਪਿਛੇ।''

ਸਾਰੇ ਇਹੀ ਕਹਿੰਦੇ ਆਏ। ਜਦੋਂ ਅਰਜਨ ਦੀ ਵਾਰੀ ਆਈ, ਜਦੋਂ ਅਰਜਨ ਨੂੰ ਪੁੱਛਿਆ—ਕਿਉਂਕਿ ਨਿਸ਼ਾਨਾ ਉਹਦੇ ਵਿੱਚ ਰੱਖਿਆ ਹੋਇਆ

ਸੀ—ਜਦੋਂ ਉਹਨੂੰ ਪੁੱਛਿਆ,''ਅਰਜਨ, ਜਾਨਵਰ ਦਿਸਦੈ।''

ਉਹਨੇ ਆਖਿਆ,''ਜੀ ਦਿਸਦੈ।''

''ਕਿੱਕਰ ਦਿਸਦੀ ਹੈ।''

''ਨਹੀਂ।''

''ਅਸੀਂ ਦਿਸਦੇ ਹਾਂ।''

''ਨਹੀਂ।''

ਉਹਨਾਂ ਆਖਿਆ ਥਾਪੀ ਦੇ ਕੇ,''ਬੱਚਾ ਤੂੰ ਹੀ ਨਿਸ਼ਾਨਾ ਮਾਰੇਂਗਾ, ਜਿਹਨੂੰ ਹੋਰ ਕੁਝ ਨਹੀਂ ਦਿਸਦਾ।'' ਦੁਨੀਆਂ ਵਿੱਚ ਜੇ ਸਤਿਗੁਰ ਵੱਲ ਮੂੰਹ ਕਰਕੇ ਹੋਰ ਸਭ ਕੁਝ ਇਹਨੂੰ ਭੁੱਲੇ ਤਾਂ ਹੀ ਇਹਦੇ ਪੱਲੇ ਕੁਛ ਪੈਂਦਾ ਹੈ।

ਤਾਂ, ਸੰਤ ਜੀ ਪ੍ਰੇਮ ਦੇ ਵੱਸ ਹੋ ਕੇ—ਹੁਣ ਖਬਰ ਨਹੀਂ ਉਹਨਾਂ ਨੇ ਕਿੰਨੀਆਂ-ਕਿੰਨੀਆਂ ਉਡਾਰੀਆਂ ਲਾਈਆਂ ਨੇ। ਜੋ ਕੁਛ ਸਾਨੂੰ ਉਹਦੀ ਮਾੜੀ ਮੋਟੀ ਸਮਝ ਆਈ ਹੈ, ਅਸਾਂ ਉਹੋ ਹੀ ਅਰਥ ਕਰਨੇ ਹਨ। ਇਸ ਪ੍ਰੇਮ ' ਚ ਅਰਥ ਨੂੰ ਕੋਈ ਨਹੀਂ ਜਾਣ ਸਕਦਾ, ਏਡਾ ਸਮੁੰਦਰ ਹੈ ਜਿਹਦੇ ਅਗਲੇ ਸਿਰੇ ਕੋਈ ਲੱਗ ਹੀ ਨਹੀਂ ਸਕਿਆ। ਕਹਿੰਦੇ ਹਨ-

*ਕੇਹਰਿ ਸੇ ਮਨ ਕੇ ਹਰਿ ਦੋਖ,*

ਜਿਹੜੇ ਸ਼ੇਰ ਵਰਗੇ ਵੱਡੇ-ਵੱਡੇ ਦੁੱਖ ਦੇਣ ਵਾਲੇ ਦੋਸ਼ ਸਨ-ਮਨ ਦੇ, ਉਹਨਾਂ ਨੂੰ ਦੂਰ ਕਰਕੇ,

*ਸੁਕੇ ਹਰਿ ਕੈ*—ਕੀ ਕੀਤਾ ? ਸੁਕਿਆ ਨੂੰ ਹਰੇ ਕੀਤਾ।

**ਇਕਿ ਰਹੇ ਸੂਕਿ ਕਠੂਲੇ॥**

*– ਬਸੰਤ ਮ:੫, ਪੰਨਾ-੧੧੮੫*

ਉਹਨਾਂ ਨੂੰ ਹਰੇ ਕੀਤਾ। ਫੇਰ, ਅੱਗੇ ਕੀ ਕੀਤਾ-ਕਹਿੰਦੇ ਨੇ—

*ਹਰ ਕੇ ਸਸ ਆਹੂ।*

—ਸ਼ੇਰ ਬਣਾ ਦਿੱਤਾ ਸਹੇ ਤੋਂ।

*ਆਹੁ ਸੁਣੇ ਧਰ ਕੈ ਤਨ ਮਾਨਸ ਮਾਨ ਦਿਯੇ ਜਨ ਤੋੜ ਨਿਬਾਹੂ।*

*ਆਹੁ ਸੁਣੇ*

—ਸੁਣ ਕੇ ਆਹ, ਸੁਣ ਕੇ ਹਾਹਾਕਾਰ—

*ਧਰ ਕੈ ਤਨ ਮਾਨਸ।*

*ਯਧਾ ਯਧਾ ਹਿ ਧਰਮਸਯ ਗਲਾਨਿਰਭਵਤਿ ਭਾਰਤ।*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇਂ—

**ਜਬ ਜਬ ਹੋਤ ਅਰਿਸਟਿ[੨੦] ਅਪਾਰਾ।।**
**ਤਬ ਤਬ ਦੇਹ ਧਰਤ ਅਵਤਾਰਾ।।**

*- ਦਸਮ ਗ੍ਰੰਥ, ਪੰਨਾ-੧੫੫*

—ਜਦੋਂ ਦੁੱਖ ਹੁੰਦਾ ਹੈ, ਦੁਨੀਆਂ ਨੂੰ। ਭਾਈ ਕਾਲ੍ਹਾ ਸਿੰਘ ਜੀ ਨੇ ਲਿਖਿਆ ਹੈ-

*ਜੀਹਨੂੰ ਆਖਦੇ ਅਕਾਲ ਸੁਰਗ ਲੋਕ ਤੇ ਪਇਆਲ,*
*ਸੋਈ ਪ੍ਰਗਟਿਆ ਗੁਪਾਲ ਰਾਮ ਸਿੰਘ ਜੋ ਕਹਾਂਵਦਾ।*
*ਜਿਹੜਾ ਸੁਣੀ ਦਾ ਸੀ ਦੂਰ ਸੋਈ ਦੇਖਿਆ ਹਜ਼ੂਰ,*
*ਜਿਵੂੰ ਪਾਣੀ ਉਤੇ ਬੂਰ ਪੌਣ ਛਿਨ ਮੈਂ ਹਟਾਵੰਦਾ।*
*ਕੀਤੀ ਧਰਤ ਨੇ ਪੁਕਾਰ ਜੀ ਮੈਂ ਹੋਈ ਆਂ ਲਾਚਾਰ,*
*ਮੈਨੂੰ ਦੇਣਾ ਜੀ ਦੀਦਾਰ ਭਾਰ ਚੁਕਿਆ ਨਹੀਂ ਜਾਂਵਦਾ।*
*ਸੁਣੀ ਅਰਜੋਈ ਮਹਾਰਾਜ ਮੰਨੀ ਸੋਈ,*
*ਫੇਰ ਧਾਰ ਕੇ ਅਵਤਾਰ ਧਰਤ ਉਤੇ ਆਂਵਦਾ।*

*ਆਹੁ ਸੁਣੇ*—ਲੋਕਾਂ ਦੀ ਕੁਰਲਾਟ ਸੁਣੀ, ਦੁੱਖ ਸੁਣਿਆ। ਕੀਹਦਾ-ਕੀਹਦਾ ਦੁੱਖ ਸੁਣਿਆ—ਜਿਹੜੇ ਆਪਣੇ ਆਪ ਨੂੰ ਵੱਡੇ ਕਹਾਉਂਦੇ ਸਨ। ਉਹ ਇੱਕ ਕਵੀ ਨੇ ਲਿਖਿਆ ਹੈ-

*ਵੱਡਾ-ਵੱਡਾ ਮੈਨੂੰ ਸਭ ਕੋਈ ਆਖੇ ਮੈਂ ਵਡਾ ਕਹਾ ਕੇ ਭੁੱਲੀ।*
*ਵਡੇ ਰੁੱਖ ਤਦੋਂ ਢਹਿ ਪੈਂਦੇ ਜਦੋਂ ਵ੍ਹਾ ਹਨੇਰੀ ਝੁੱਲੀ।*
*ਵਡੇ ਊਠ ਪਾਲੇ ਮਰ ਜਾਂਦੇ ਨਾ ਛਪਰ ਨਾ ਕੁੱਲੀ।*

ਜਿਹੜੇ ਵੱਡੇ ਕਹਾਉਂਦੇ ਸਨ, ਦੋ ਜਗ੍ਹਾ ਦਾ ਮੈਨੂੰ ਪੰਜਾਬ ਵਿੱਚ ਪੂਰਾ ਪਤਾ ਹੈ—ਇੱਕ ਤੇ ਗਰੇਵਾਲ ਉਨ੍ਹਾਂ ਦੀ ਜਾਤੀ ਹੈ, ਜਿਹੜੇ ਰਾਏਪੁਰ, ਗੁੱਜਰਵਾਲ, ਨਾਰੰਗਵਾਲ ਆਦਿਕ ਸਾਡੇ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਨ, ਇੱਕ ਅੰਮ੍ਰਿਤਸਰ ਦੇ ਜ਼ਿਲ੍ਹੇ 'ਚੋਂ ਜਿੰਨ੍ਹਾਂ 'ਚੋਂ ਸੰਤ ਜੀਊਂਣ ਸਿੰਘ ਜੀ

ਸਰਹਾਲੀ ਵਾਲੇ ਹੋਏ ਹਨ। ਸਰਹਾਲੀ ਦੇ ਇਲਾਕੇ ਦੇ ਸੰਧੂ ਜਿਹੜੇ ਸਨ ਇਹ ਕੁੜੀ ਨਹੀਂ ਸਨ ਕੋਈ ਰਹਿਣ ਦਿੰਦੇ, ਜੰਮਦੀਆਂ ਕੁੜੀਆਂ ਮਾਰਦੇ ਸਨ—ਸੁਣੀ ਆਹ ਉਹਨਾਂ ਗਰੀਬਾਂ ਦੀ। ਸੁਣੀ ਉਹਨਾਂ ਗਰੀਬਾਂ ਦੀ ਆਹ, ਜਿਹਨਾਂ ਨੂੰ ਕੋਈ ਪੁੱਛਦਾ ਨਹੀਂ ਸੀ।

*ਧਰ ਕੈ ਤਨ ਮਾਨਸ*—ਮਨੁੱਖਾ ਰੂਪ ਪਰਗਟ ਕੀਤਾ।

*ਮਾਨ ਦੀਯੇ ਜਨ ਤੋੜ ਨਿਬਾਹੂ।*

ਫਿਰ ਇਹ ਸਤਿਗੁਰਾਂ ਦੇ ਚਰਨੀ ਲੱਗੇ, ਉਹਨਾਂ ਨੂੰ ਕੀ ਮਾਣ ਦਿੱਤਾ—ਉਹਨਾਂ ਦੀ ਤੋੜ ਨਿਭਾਈ। ਹੁਕਮ ਕੀਤਾ,**''ਜਿਹੜਾ ਇਹ ਭਜਨ ਲੈ ਕੇ—ਪੰਜ ਵੇਰ ਜੀਹਦੇ ਕੰਨ ਵਿੱਚ ਆ ਜਾਵੇਗਾ—ਉਹਨੂੰ ਫਿਰ ਮਨੁੱਖਾ ਸਰੀਰ ਮਿਲੇਗਾ। ਇੱਕ ਜਨਮ ਨਹੀਂ, ਦੂਜਾ ਨਹੀਂ, ਤੀਜੇ ਜਨਮ ਉਹ ਬਖਸ਼ਿਆ ਜਾਵੇਗਾ।''** ਕਦੇ-ਕਦੇ ਸਤਿਗੁਰੂ ਬਚਨ ਕਰਦੇ,**''ਇਹ ਜਿਹੜਾ ਸਾਡਾ ਮੰਤਰ ਹੈ ਇਹ ਲਸੂੜੇ ਦੀ ਗਿਟਕ ਹੈ, ਲਹਿੰਦਾ ਨਹੀਂ ਨਾਲੋਂ।''** ਜਿਹੜੀ ਪਰਸੋਂ ਤੁਕ ਪੜ੍ਹੀ ਸੀ ਰਾਗੀਆਂ ਨੇ-

**ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ**
**ਇਹ ਰੀਤ ਭਲੀ ਭਗਵੰਤੈ।।**

*– ਗਉੜੀ ਮ:੫, ਪੰਨਾ-੨੪੯*

ਜੀਹਦੇ ਉੱਤੇ ਕਿਰਪਾ ਕੀਤੀ, ਉਨ੍ਹਾਂ ਉੱਤੇ ਫਿਰ ਕੀਤੀ। ਤੋੜ ਨਿਭਾਈ, ਉਹਨਾਂ ਨੂੰ ਤੋੜ ਚੜ੍ਹਾਇਆ। ਉਹ ਭਾਈ ਹੀਰਾ ਸਿੰਘ ਹੁਰੀਂ, ਉਹ ਭਾਈ ਬੀਹਲਾ ਸਿੰਘ ਹੁਰਾਂ ਵਰਗੇ, ਜਿਨ੍ਹਾਂ ਨੇ ਤਿਨਕੇ ਦੀ ਤਰ੍ਹਾਂ ਸਰੀਰ ਨੂੰ ਸਮਝਿਆ, ਉਹ ਪੜ੍ਹਦੇ ਹਨ ਅੰਮ੍ਰਿਤਸਰ ਜੀ, ਢੋਲਕ ਗਲ ਵਿੱਚ ਪਾਈ ਹੋਈ ਹੈ, ਸ਼ਬਦ ਪੜ੍ਹਦੇ ਜਾਂਦੇ ਹਨ, ਜਿਸ ਵੇਲੇ ਕਹਿੰਦੇ ਹਨ-

**ਤੇਰੀ ਸਰਣਿ ਮੇਰੇ ਦੀਨ ਦਇਆਲਾ।।**
**ਸੁਖ ਸਾਗਰ ਮੇਰੇ ਗੁਰ ਗੋਪਾਲਾ।।**
**ਕਰਿ ਕਿਰਪਾ ਨਾਨਕੁ ਗੁਣ ਗਾਵੈ,**
**ਰਾਖਹੁ[੨੧] ਸਰਮ[੨੨] ਅਸਾੜੀ ਜੀਉ।।**

*– ਮਾਝ ਮ:੫, ਪੰਨਾ-੧੦੫*

ਇਹ ਸ਼ਬਦ ਉਨ੍ਹਾਂ ਨੇ ਪੜ੍ਹਿਆ ਉਸ ਵੇਲੇ—**ਤੇਰੀ ਸਰਣਿ ਮੇਰੇ ਦੀਨ ਦਇਆਲਾ**—ਤੇ ਨਿਭਾਅ ਦਿੱਤੀ ਤੋੜ।

ਹੀਰਾ ਸਿੰਘ ਹੁਰੀਂ, ਜਿਸ ਵੇਲੇ ਖੜੇ ਹੋਏ ਤੋਪਾਂ ਦੇ ਅੱਗੇ, ਕਹਿੰਦੇ ਨੇ,''ਸੁਣ ਉਏ ਬਿੱਲਿਆ, ਦੇਖ ! ਕਿਸੇ ਮਾਈ ਦਾ ਪੇਟ ਗੰਦਾ ਕਰਕੇ ਫਿਰ ਚਹੁੰ ਦਿਨਾਂ ਨੂੰ ਆਏ, ਜਿੰਨਾਂ ਚਿਰ ਤੈਨੂੰ ਐਥੋਂ ਨਹੀਂ ਕੱਢ ਲੈਂਦੇ ਅਸੀ ਨਹੀ ਜਾਂਦੇ।'' ਤੋੜ ਨਿਭਾਈ, ਅਖੀਰ ਦੇ ਵਕਤ ਵੀ ਸਾਹਮਣੇ, ਕੋਲ, ਦਰਸ਼ਨ ਦਿੱਤਾ, ਉਧਰ ਤੋਪ ਨਾਲ ਉੱਡਦਾ ਹੈ, ਉਧਰ ਸਤਿਗੁਰਾਂ ਦੇ ਦੀਵਾਨ 'ਚ ਜਾ ਬੈਠਦਾ ਹੈ—*ਤੋੜ ਨਿਬਾਹੂ*।

*ਬਾਹੁ ਦਰਾਜ ਸੁ ਬਾਹੁ ਦਰਾਜ,*

*ਬਾਹੁ ਦਰਾਜ*—ਵੱਡਾ ਹੈ ਉਹ ਸਭ ਤੋਂ, ਔਰ ਜੀਹਦੀਆਂ ਬਾਹਾਂ ਬੜੀਆਂ ਲੰਮੀਆਂ ਹਨ। ਆਜਾਨ ਬਾਹੁ—ਭੁਜਾਂ ਲੰਮੀਆਂ ਵਾਲਾ।

*ਸੁ ਬਾਹੁ ਦਰਾਜ ਫਲਾ ਧਰ ਮਾਹੂ।*

ਸਾਰੀ ਧਰਤੀ ਦੇ ਉੱਤੇ ਵੱਡੇ ਤੋਂ ਵੱਡਾ ਹੋ ਕੇ ਉਹ ਸਾਰੀ ਸ੍ਰਿਸ਼ਟੀ ਦੇ ਉੱਤੇ ਫਲਿਆ ਹੋਇਆ ਹੈ। ਉਹ ਕਿਸ ਤਰ੍ਹਾਂ ਦਾ ਹੈ—*ਬਾਹੁ ਦਰਾਜ* —ਵੱਡਾ ਦਰੱਖਤ ਰੂਪ ਧਾਰ ਕੇ, ਪੇੜ ਬਣ ਕੇ ਸਾਰੀ ਧਰਤੀ ਦੇ ਉੱਤੇ ਫਲ ਦੇ ਰਿਹਾ ਹੈ।

*ਮਾਹੁ ਭਲੇ ਜਨ ਮਾਹੁ ਭਲੇ,*

ਫੇਰ ਕੀ ਕਹਿੰਦੇ ਹਨ, ਉਹ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਮਹਾਰਾਜ ਨੇ ਲਿਖਿਆ ਹੈ, ਬਾਰਾ ਮਾਹ ਵਿੱਚ-

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।।**

*- ਪੰਨਾ-੧੩੬*

ਸੰਤ ਜੀ ਕਹਿੰਦੇ ਨੇ—*ਮਾਹੁ ਭਲੇ ਜਨ ਮਾਹੁ ਭਲੇ*—ਉਹ ਮਹੀਨੇ ਵੀ ਭਲੇ ਹਨ, ਪੁਰਸ਼ਾਂ ਦੇ ਵਿਚ ਵੀ ਉਹ ਪੁਰਸ਼ ਭਲੇ ਹਨ, ਕੌਣ-ਉਹਨਾਂ ਦੇ ਮਹੀਨੇ, ਉਹ ਪੁਰਸ਼ ਕੌਣ ਭਲੇ ਹਨ-

*ਭਵ ਮਾਹੁ ਸੁ ਮਾਹੀਅੜਾ ਦਰਸਾਹੂ।*

ਜਿਨ੍ਹਾਂ ਨੇ ਇਸ ਮਾਤ ਲੋਕ ਵਿੱਚ ਆ ਕੇ, ਸੰਸਾਰ ਉੱਤੇ ਆ ਕੇ ਉਸ

ਮਾਹੀ ਦਾ ਦਰਸ਼ਨ ਕੀਤਾ ਹੈ—ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦਾ। ਜਿਹਨਾਂ ਨੂੰ ਸਤਿਗੁਰੂ ਦਾ ਦਰਸ਼ਨ ਹੋ ਗਿਆ, ਧਰਤੀ ਦੇ ਉੱਤੇ ਆ ਕੇ ਉਸ ਤੋਂ ਕੌਣ ਵੱਡੇ ਭਾਗਾਂ ਵਾਲਾ ਹੋ ਸਕਦਾ ਹੈ।

*ਸਾਹੁ ਸਚਾ ਜਪ ਸਾਹੁ ਗਏ ਖਪ,*

ਕਹਿੰਦੇ ਨੇ—ਸਾਹ ਸੱਚੇ ਨੂੰ ਜਪੁ, ਸਾਹ ਗਏ ਹਨ ਤੇਰੇ ਖਪ, ਸਾਹ ਤੇਰੇ ਪੂਰੇ ਹੁੰਦੇ ਜਾਂਦੇ ਹਨ।

**ਛਨਿ[੨੩] ਘਾਲੇ[੨੪] ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ[੨੫]।।**

*– ਮ:੫, ਪੰਨਾ–੨੫੪*

ਉਹ ਪੂਰੇ ਹੁੰਦੇ ਜਾਂਦੇ ਹਨ, ਸਾਹ ਖਪਦੇ ਗਏ ਹਨ। ਫੇਰ ਕੀ ਹੈ—ਸਾਹ ਖਪ ਗਏ। ਹੁਣ ਦੱਸੋ, ਗੁਰੂ ਗੋਬਿੰਦ ਸਿੰਘ ਉੱਤੇ, ਉਹ ਭਾਈ ਗੁਰਦਾਸ ਨੇ ਜਿਹੜੀ ਇਕਤਾਲਵੀਂ ਵਾਰ ਲਿਖੀ ਹੋਈ ਐ—ਉਹਨੇ ਲਿਖਿਆ ਹੈ–

*ਜਹ ਰਾਜੇ ਸਾਹ ਅਮੀਰੜੇ ਹੋਏ ਸਭ ਛਾਰਾ।*

ਗੁਰੂ ਗੋਬਿੰਦ ਸਿੰਘ ਨੇ ਲਿਖਿਆ ਸੀ ਸੌ ਸਾਖੀ 'ਚ—ਰਾਮ ਸਿੰਘ ਉਚ ਨੀਚਨ ਡਰੈ। ਉਠੈ ਪਾਠ ਨਹੀਂ, ਇਹ ਗਲਤ ਪਾਠ ਕਰਦੇ ਹਨ ਕਈ,

*ਰਾਮ ਸਿੰਘ ਉਚ ਨੀਚਨ ਡਰੈ।*

ਰਾਮ ਸਿੰਘ ਉਚਿਆਂ ਨੂੰ ਭੀ ਲ੍ਹਾਵੇਗਾ ਤੇ ਨੀਵਿਆਂ ਨੂੰ ਵੀ—ਉਚ ਨੀਚਤਾ ਦੂਰ ਕਰਕੇ।

*ਅਵਨੀ ਏਕ ਰਸੌਦੀ ਕਰੈ,*

ਇੱਕੋ ਜਹੇ–ਇੱਕ ਗਰੀਬ ਸਿੱਖ ਪਾਟੀ ਕੱਛ ਵਾਲਾ, ਇੱਕ ਲੱਖਾਂਪਤੀ ਦੇ ਚਰਨੀਂ ਹੱਥ ਲਾਉਂਦਾ ਹੈ ਤਾਂ ਉਹ ਵੀ ਉਹਦੇ ਹੱਥ ਲਾਉਂਦਾ ਹੈ। ਸਤਿਗੁਰਾਂ ਇਹ ਚੀਜ਼ ਬਣਾਈ। ਫੇਰ–

*ਪਰਗਟ ਹੋਏ ਰਾਮ ਸਿੰਘ ਦੂਲੋ।*
*ਪੁਟੇ ਸਭ ਰਾਜਨ ਕੋ ਮੂਲੋ।*

*– ਸੌ ਸਾਖੀ*

ਅੱਜ ਮੈਨੂੰ ਨਹੀਂ ਪਤਾ, ਪਰ ਹਿੰਦੁਸਤਾਨ ਵਿੱਚ ਰਾਜਾ ਕੋਈ ਨਹੀਂ

ਰਹਿ ਗਿਆ। ਫੇਰ ਉਸਤੋਂ ਅੱਗੇ ਇੱਕ ਚੀਜ਼ ਹੋਰ ਹੈ, ਉਹ ਵੀ ਖਾਤਮਾ ਹੋਣ ਲੱਗਾ ਹੋਇਆ ਹੈ—ਜ਼ਰਾ ਕੁ ਗੱਲਾਂ ਸੁਣ ਲਈਆਂ, ਇੱਥੇ ਹੀ ਛੱਡ ਜਾਣੀਆਂ, ਇਹ ਨਾ ਕਰਿਓ। ਧਿਆਨ ਦਿਉ ਜ਼ਰਾ, ਮੈਂ ਅਰਜ਼ ਲੱਗਾ ਹਾਂ ਕਰਨ, ਮੇਰਾ ਚਿਤ ਨਹੀਂ ਕਰਦਾ ਬੋਲਣ ਨੂੰ ਹੁਣ, ਕਥਾ ਕਰਨ ਨੂੰ ਕਿਉਂਕਿ ਵਰਤਮਾਨ ਜਿਹੜੀ ਚੀਜ਼ ਆਪਣੇ ਨਾਲ ਹੋਵੇ ਉਹ ਕਹਿਣੀ ਚਾਹੀਦੀ ਹੈ —ਕਿਸੇ ਨੂੰ। ਜਦੋਂ ਆਪ ਉਦੂੰ ਗਿਰ ਜਾਈਏ ਤੇ ਫਿਰ ਸਵਾਦ ਨਹੀਂ ਆਉਂਦਾ। ਸਾਧ-ਸੰਗਤ ਦਾ ਹੁਕਮ ਨਹੀਂ ਮੋੜਿਆ ਜਾਂਦਾ।

*ਮੂਏ ਸਭੈ ਸਰਦਾਰੀ ਦਾਰ।*
*ਜੋ ਜੋ ਹਮਸੋ ਬਾਂਧੇ ਰਾਰ।* *– ਸੌ ਸਾਖੀ*

ਸਰਦਾਰ ਕੋਈ ਨਹੀਂ ਬਚਿਆ ਉਸ ਵੇਲੇ ਪੰਜਾਬ ਦਾ, ਜਿਹਨੇ ਸਤਿਗੁਰਾਂ ਦੇ ਖਿਲਾਫ ਨਹੀਂ ਲਿਖਿਆ—ਜਿਨ੍ਹਾਂ ਨੂੰ ਸਰਦਾਰੀ ਦੀ ਬੋ ਸੀ; ਜਿਨ੍ਹਾਂ 'ਚ ਆਕੜ ਸੀ; ਜਿਹੜੇ ਵੱਡੇ ਆਦਮੀ ਸਨ—ਉਹਨਾਂ ਆਦਮੀਆਂ ਨੇ। ਗੁਰੂ ਗੋਬਿੰਦ ਸਿੰਘ ਦੇ ਵਕਤ ਵੀ, ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਲੱਗੇ ਛਕਾਉਣ ਸੱਚੇ ਪਾਤਸ਼ਾਹ-ਜ਼ਰਾ ਸੋਚਣ ਵਾਲੀ ਗੱਲ ਹੈ, ਦੇਖਣ ਵਾਲੀ ਚੀਜ਼ ਹੈ—ਗਰੀਬਾਂ ਨੂੰ ਲੱਗੇ ਜਿਸ ਵੇਲੇ ਅੰਮ੍ਰਿਤ ਛਕਾਉਣ ਤਾਂ ਰਾਜੇ, ਪੰਡਿਤ, ਮਾਤਾ ਜੀ ਕੋਲ ਆਏ। ਮਹਾਰਾਜ ਨੇ ਕਿਹਾ,''ਗਾਇਤਰੀ, ਤਰਪਣ, ਸੰਧਿਆ, ਭੱਦਣ, ਬਿਖਿਆ, ਪੰਜ ਚੀਜ਼ਾਂ ਜਿਹੜਾ ਛੱਡੇ ਉਹ ਮੇਰੇ ਕੋਲ ਆਵੇ।''

ਉਹਨਾਂ ਆਖਿਆ—ਬਈ, ਜੇ ਗਾਇਤਰੀ ਪੜ੍ਹੇ ਤਾਂ, ਸ਼ਾਸਤਰ ਤੋਂ ਵਾਕਫ ਹੋਵੇ; ਜੇ ਤਰਪਣ ਨਾ ਕਰਾਵੇ ਤਾਂ ਪਿੱਤਰਾਂ ਨੂੰ ਜਲ ਨਹੀਂ ਮਿਲਦਾ; ਤੇ ਜੇ ਭਦਣ ਨਾ ਕਰਾਈਏ ਤੇ ਪਿੱਤਰ ਕਿਸੇ ਟਿਕਾਣੇ ਨਹੀਂ ਲੱਗਦੇ—ਢਾਡੀ ਇਸ ਤਰ੍ਹਾਂ ਬਚਨ ਕਰਦੇ ਸੀ। ਜਗਤ ਜੂਠ ਮਹਾਰਾਜ ਨੇ ਇਸਨੂੰ ਕਿਹਾ ਹੈ—ਤਮਾਕੂ ਨੂੰ।

*ਮਦਿਰਾ ਦਹਿਤਾ ਸਾਤ ਕੁਲ ਅਰ ਭੰਗ ਦਹੇ ਤਨ ਏਕ।*

ਤੇ ਅੱਗੇ ਲਿਖਿਆ ਹੈ–

*ਸ਼ਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ।*

ਇਸ ਤਰ੍ਹਾਂ, ਮਹਾਰਾਜ ਜਿਸ ਵੇਲੇ ਅੰਮ੍ਰਿਤ ਲੱਗੇ ਛਕਾਉਣ ਤਾਂ ਰਾਜੇ ਗਏ ਮਾਤਾ ਜੀ ਕੋਲ,''ਮਾਤਾ ਜੀ ਦੇਖੋ, ਸਾਨੂੰ ਖੱਤਰੀਆਂ ਨੂੰ, ਰਾਜਿਆਂ ਨੂੰ, ਛਤਰੀਆਂ ਨੂੰ ਛੱਡ ਕੇ ਗੁਰੂ ਗੋਬਿੰਦ ਸਿੰਘ ਗਰੀਬਾਂ ਨੂੰ, ਕਮੀਨ ਕਾਂਦੂਆਂ ਨੂੰ, ਜੱਟਾਂ ਸੁਨਿਆਰਿਆਂ ਨੂੰ, ਨਾਈਆਂ ਛੀਂਬਿਆਂ ਨੂੰ, ਮਹਿਰਿਆਂ ਲੁਹਾਰਾਂ ਨੂੰ, ਭੈਂਗੜਿਆਂ, ਸਨਹਿਰਿਆਂ, ਰਾਮਦਾਸੀਆਂ, ਮਜ੍ਹਬੀਆਂ ਨੂੰ—ਲੱਗਾ ਹੈ ਅੰਮ੍ਰਿਤ ਦੇਣ।''

ਮਾਤਾ ਆਈ, ਮਾਤਾ ਕਹਿੰਦੀ ਹੈ,''ਤੂੰ ਇਨ੍ਹਾਂ ਨੂੰ ਅੰਮ੍ਰਿਤ ਦੇਹ।''

ਉਹ ਅੱਗੋਂ ਕਹਿੰਦੇ ਨੇ,''ਮਾਈ, ਤੂੰ ਨਹੀਂ ਇਸ ਗੱਲ ਨੂੰ ਸਮਝ ਸਕਦੀ, ਇਹ ਲੋਕ ਇਹ ਗੱਲ ਕਹਿਣਗੇ—ਰਾਜ ਵੀ ਸਾਡੇ ਕੋਲ ਅੱਗੇ ਸੀ, ਭਾਗ ਵੀ ਸਾਡੇ ਕੋਲ ਅੱਗੇ ਸੀ, ਲਾਮ ਲਸ਼ਕਰ ਸਾਡੇ ਕੋਲ ਸੀ, ਉਹ ਗੁਰੂ ਗੋਬਿੰਦ ਸਿੰਘ ਨੇ ਇੱਕ ਸ਼ਰਬਤ ਦੀ ਚੁਲੀ ਪਿਆਈ ਸੀ ਉਹਦਾ ਖਬਰ ਨਹੀਂ ਕਦੋਂ ਸੁਆਦ ਆਊਗਾ। ਮਾਈ ਜਿਹੜੇ ਗਰੀਬ ਹਨ, ਕੋਈ ਹਲ, ਕੋਈ ਤੇਸਾ, ਕੋਈ ਆਰੀ, ਕੋਈ ਕੁਛੀ, ਕੋਈ ਪਹਾਰਾ, ਕੋਈ ਇਹ ਚੀਜ਼ਾਂ ਜਿਹੜੇ ਛੱਡ ਕੇ ਆਏ ਹਨ, ਇਹ ਆਖਣਗੇ-ਧੰਨ ਸਾਡਾ ਸਤਿਗੁਰੂ ਹੈ, ਜਿਸਨੇ ਸਾਨੂੰ ਗਰੀਬਾਂ ਨੂੰ-

*ਨੀਚਹੁ ਜੰਤਨ ਕੇ ਹਮ ਬਾਰਕ ਤੈਂ ਕਿਰਪਾ ਕਰਕੇ ਸੁ ਨਿਵਾਜੇ।।''*

ਤਾਂ, ਮਹਾਰਾਜ ਦਾ ਨਾਉਂ ਕਿਤੇ ਵੀ ਆਵੇ—ਗਰੀਬ ਨਿਵਾਜ, ਕਦੇ ਬਖਤਾਵਰ ਨਿਵਾਜ ਨਹੀਂ ਆਉਂਦਾ, ਕਦੇ ਜੋਰਾਵਰ ਨਿਵਾਜ ਨਹੀਂ ਆਉਂਦਾ। ਉਹਦਾ ਨਾਉਂ ਹੈ-ਗਰੀਬ ਨਿਵਾਜ, ਦੀਨ ਦਿਆਲ, ਬਖਤਾਵਰ ਦਿਆਲ ਨਹੀਂ—ਦੀਨ ਦਿਆਲ। ਤਾਂ, ਗੁਰੂ ਸਾਹਿਬ ਨੇ, ਸਤਿਗੁਰੂ ਰਾਮ ਸਿੰਘ ਨੇ ਆ ਕੇ ਕਿਰਪਾ ਕੀਤੀ-

*ਸਾਹੁ ਸਚਾ ਜਪ*

ਉਹ ਸਾਹੁ ਸੱਚੇ ਨੂੰ ਜਪ ਭਾਈ।

ਕਿਉਂ—

*ਸਾਹ ਗਏ ਤੇਰੇ ਖਪ*

—ਤੇਰੇ ਸਾਹ ਪੂਰੇ ਹੁੰਦੇ ਜਾਂਦੇ ਹਨ।

*ਸ੍ਰੀ ਗੁਰੂ ਨਾਨਕ ਦੇਵ ਮਨਾਹੂ*

ਗੁਰੂ ਨਾਨਕ ਦੇਵ ਮਹਾਰਾਜ, ਉਹ ਗੁਰੂ ਨਾਨਕ ਜਿਸਨੇ ਆਖਿਆ–

*ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।*
*— ਸਤਰ ਜਾਮੇ ਭਗਤ ਜਨ ਚੌਦਾਂ ਸਤਿਗੁਰ ਰਾਏ।*
*ਗੁਰਮੁਖ ਹੋਏ ਸੋ ਮਿਲ ਰਹੇ ਮਨਮੁਖ ਲਹੈ ਸਜਾਏ।*
*ਭਰ ਬੇੜੇ ਲੈ ਜਾਏਗਾ ਸਾਧ ਜਨਾਂ ਕੇ ਪੂਰ।*
*ਬੇਮੁਖ ਤੁਟੇ ਤੁਟ ਮੂਏ, ਸਨਮੁਖ ਭਏ ਕਬੂਲ।*
*ਗੁਰੂ ਸ਼ਬਦ ਜਿਨ ਜਾਨਿਆ ਮਿਟਿਆ ਆਵਨ ਜਾਣ।*
*ਨਾਨਕ ਜਾਤਾ ਖਸਮ ਜਿਨ ਆਏ ਸੇ ਪਰਵਾਨ।*

*– ਭਾਈ ਬਾਲੇ ਵਾਲੀ ਜਨਮ ਸਾਖੀ*

ਦੱਸੋ, ਜੇ ਇੱਥੇ ਆ ਕੇ ਸ੍ਰੀ ਗੁਰੂ ਨਾਨਕ ਦੇਵ ਦੇ ਘਰ ਵਿੱਚ, ਉਹ ਜਿਹੜਾ ਐਸ ਵੇਲੇ ਦਾ ਠੇਕਾ ਲੈ ਕੇ ਆਇਐ ਕਲਜੁਗ ਪਾਰ ਕਰਨ ਦਾ, ਜੇ ਅਸੀਂ ਗੁਰੂ ਨਾਨਕ ਦੇਵ ਨੂੰ ਨਹੀਂ ਜਾਣਿਆ ਤਾਂ ਸਾਡੇ ਕੀ ਪੱਲੇ ਪਿਆ ਹੈ।

ਮੇਰੇ ਅੱਗੇ ਅੱਜ ਇਕ ਚੀਜ਼ ਆਈ ਹੈ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇੱਕ ਦ੍ਰਿਸ਼ਟਾਂਤ ਦੇ ਕੇ ਦੱਸਿਆ ਸੀ। ਹੁਕਮ ਸੀ ਸਿੱਖਾਂ ਨੂੰ ਕਿ ਕੋਈ ਖਾਲੀ ਹੱਥ ਨਾ ਆਵੇ। ਇੱਕ ਸਿੱਖ ਨੇ ਸ਼ੇਰ ਮਾਰਿਆ, ਚੁੱਕਿਆ ਨਾ ਗਿਆ —ਉਹਦੇ ਕੋਲੋਂ। ਹੱਥਾਂ ਲਿਬੜਿਆਂ ਲਹੂ ਵਾਲਿਆਂ ਨਾਲ ਆ ਕੇ ਅਰਜ਼ ਕੀਤੀ, ਨਮਸਕਾਰ ਕੀਤੀ। ਗੁਰੂ ਸਾਹਿਬ ਕਹਿੰਦੇ ਨੇ,''ਏਥੇ ਹੁਕਮ ਸੀ ਖਾਲੀ ਹੱਥ ਨਹੀਂ ਆਉ।''

ਕਹਿੰਦਾ,''ਮਹਾਰਾਜ ਮੈਂ ਸ਼ੇਰ ਮਾਰ ਕੇ ਆਇਆਂ, ਚੁੱਕ ਕੇ ਨਹੀਂ ਲਿਆਂਦਾ ਗਿਆ।''

ਮੰਗਵਾ ਲਿਆ। ਮੰਗਵਾ ਕੇ ਉਹਦੀ ਲਾਹੀ—ਖੱਲ। ਇੱਕ ਖੋਤਾ ਵੱਡਾ ਸਾਰਾ ਕਿਸੇ ਘੁਮਿਆਰ ਦਾ ਲੈ ਕੇ ਉਹਦੇ ਉੱਤੇ ਉਹ ਖੱਲ ਮੜ੍ਹ ਦਿੱਤੀ ਔਰ ਉਸਦੇ ਕੰਨ ਵਿੱਚ ਦੱਸ ਦਿੱਤਾ—ਕਿਉਂਕਿ ਉਸਦਾ ਸਾਰੇ ਹੁਕਮ ਮੰਨਣ ਵਾਲੇ ਜੁ ਹੋਏ—ਇੱਕ ਫੇਰਾ ਅਨੰਦਪੁਰ ਵੱਲ ਮਾਰੀਂ, ਇੱਕ ਨੈਣਾ ਦੇਵੀ ਵੱਲ

ਮਾਰੀਂ, ਬੋਲਾ ਨਾ ਆਪਣਾ ਬੋਲੀਂ, ਤੈਨੂੰ ਸ਼ੇਰ ਬਣਾ ਦਿੱਤਾ ਹੈ।

ਪਿਆ ਰੌਲਾ,''ਸੱਚੇ ਪਾਤਸ਼ਾਹ—ਸ਼ੇਰ, ਬੜਾ ਭਿਆਨਕ ਸ਼ੇਰ ਹੈ, ਕਿਸੇ ਨੂੰ ਮਾਰ ਦੇਵੇਗਾ।'' ਰਸਤੇ ਬੰਦ ਹੋ ਗਏ। ਚੜ੍ਹੇ ਸ਼ਿਕਾਰ, ਨਾਲ ਜਿਹੜੇ ਸਨ—ਉਹ ਭਾਈ ਦਇਆ ਸਿੰਘ ਹੁਰਾਂ ਵਰਗੇ ਸੱਜਣ—ਉਨ੍ਹਾਂ ਨੂੰ ਨਾਲ ਲਿਆ। ਉਨ੍ਹਾਂ ਨੂੰ ਨਾਲ ਲੈ ਕੇ ਤੁਰ ਪਏ। ਗਏ ! ਉਨ੍ਹਾਂ ਨੂੰ ਦੱਸਿਆ ਸੀ ਕਿ ਬੰਦੂਕ ਉੱਤੇ ਨੂੰ ਕਰਕੇ ਚਲਾਉਣੀ, ਮਾਰਨੀ ਨਹੀਂ। ਉਹ (ਖੋਤਾ) ਭੱਜਿਆ, ਖੱਲ ਦਾ ਭਾਰ ਪਿਆ ਸੀ। ਲੱਦ ਦਿੱਤੀ ਛੱਟ—ਟੁਰ ਪਿਆ।

ਹੁਣ ਤੁਸੀਂ ਇੱਕ ਪਾਸਾ ਦੇਖ ਲਓ ਸ਼ੇਰ ਬਣਾਇਆ ਸੀ, ਸਤਿਗੁਰੂ ਰਾਮ ਸਿੰਘ ਨੇ ਤੁਹਾਨੂੰ, ਗੁਰੂ ਗੋਬਿੰਦ ਸਿੰਘ ਨੇ ਬਣਾਇਆ—ਕਿਉਂ, ਉਹ ਪੁਰਾਣੇ ਮਸਤਾਨੇ ਜੈਕਾਰਾ ਬੁਲਾਉਣ ਵੇਲੇ ਕਹਿੰਦੇ–

*ਸਤਿਗੁਰੂ ਰਾਮ ਸਿੰਘ ਦੇ ਬਲਿਹਾਰੇ,*
*ਜਿਨ ਤੀਨ ਲੋਕ ਤਾਰੇ।*
*ਜਗਤ ਤੋਂ ਕੱਢ ਕੇ ਕਰ ਲਏ ਨਿਆਰੇ।*

## ਖਾਲਸੇ ਦਾ ਨਿਆਰਾਪਨ

ਸਤਿਗੁਰੂ ਰਾਮ ਸਿੰਘ ਨੇ, ਜੋ ਗੁਰੂ ਗੋਬਿੰਦ ਸਿੰਘ ਦਾ ਹੁਕਮ ਸੀ—ਉਸਨੂੰ ਨਿਭਾਇਆ। ਉੱਥੇ ਲਿਖਿਐ ਗੁਰੂ ਗੋਬਿੰਦ ਸਿੰਘ ਨੇ–

*ਜਬ ਲਗ ਰਹੇ ਖਾਲਸਾ ਨਿਆਰਾ,*
*ਤਬ ਲਗ ਤੇਜ ਦਿਓ ਮੈਂ ਸਾਰਾ।*
*ਜਬੈ ਖਾਲਸਾ ਰਲ ਮਿਲ ਜੈ ਹੈ,*
*ਧਰਮ ਕਾ ਤੇਜ ਛੀਨ ਸਭ ਹੁਐ ਹੈ।*

ਆਪਾਂ ਫਿਰ ਹੁਣ ਦੇਖੀਏ, ਇਹ ਲੋਕਾਂ ਵਿੱਚ ਗੱਲ ਮਸ਼ਹੂਰ ਸੀ, ਕਿ—*ਕੂਕੇ ਬੜੇ ਕਸੂਤੇ ਗੜਵੀ ਨਈ ਦਿੰਦੇ ਨ੍ਹਾਉਣ ਨੂੰ।*

ਉਹ ਕਹਿੰਦਾ,''ਬਈ ਮੈਂ ਅਪਣੀ ਗੜਵੀ ਤੈਨੂੰ ਕਿਸ ਤਰ੍ਹਾਂ ਦੇਵਾਂ ਯਾ ਤੇਰੀ ਗੜਵੀ, ਭਾਂਡਾ ਲੈ ਕੇ ਵੀ ਮੈਂ ਨਹੀਂ ਨ੍ਹਾਉਣਾ ਬਈ, ਕਿਤੇ ਦਰਗਾਹ 'ਚ ਜਾ ਕੇ ਮੈਨੂੰ ਫਿਰ ਨਾ ਕੁਸੰਗੀ ਨਾਲ ਵਰਤਣਾ ਪਏ।'' ਇਥੋਂ ਤਕ

ਗੱਲ ਘਣੀਏਕੇ ਪਿੰਡ ਦਰਿਆ ਦੇ ਕੰਢੇ ਸੀ। ਉੱਥੇ ਲੋਕਾਂ ਰਲ ਕੇ ਆਪਣੀਆਂ ਪੈਲੀਆਂ ਕਰੂ-ਕਰੂ ਚੌੜੀਆਂ ਪਰ ਲੰਮੀਆਂ ਕੋਹ-ਕੋਹ ਪੈਂਡਾ ਬਣਾਈਆਂ ਸਨ, ਕਿ ਦਰਿਆ ਦਾ ਜੇ ਹੜ੍ਹ ਆਵੇ, ਢਾਹ ਲੱਗੇ ਤੇ ਸਾਰਿਆਂ ਦੀ ਇੱਕੋ ਜਿਹੀ ਢਹਿੰਦੀ ਜਾਏ। ਇੱਕ ਸਿੱਖ ਦੀ ਪੈਲੀ ਨਾਲ ਲੱਗਦੀ ਸੀ —ਇੱਕ ਖੁੱਲ੍ਹੇ ਆਦਮੀ ਦੇ, ਜਿਸਨੇ ਭਜਨ ਨਹੀਂ ਸੀ ਪੁੱਛਿਆ ਹੋਇਆ। ਉਹਦੀ ਪੈਲੀ 'ਚ ਖਰਬੂਜੇ ਦੀ ਵੱਲ ਉੱਗੀ। ਉਹ ਵੱਲ ਸਿੱਖ ਦੀ ਪੈਲੀ 'ਚ ਚਲੀ ਗਈ। ਉਹਨੂੰ ਖਰਬੂਜਾ ਲੱਗਿਆ। ਉਸ ਸਿੱਖ ਨੇ ਜਦੋਂ ਖਰਬੂਜਾ ਪੱਕਿਆ ਚੁੱਕ ਕੇ, ਲਿਆ ਕੇ, ਉਸ ਖੁੱਲ੍ਹੇ ਦੇ ਘਰ ਧਰਿਆ,''ਬਈ ਸਾਡਾ ਹੱਕ ਨਹੀਂ ਸੀ, ਤੇਰਾ ਅਸੀਂ ਨਹੀਂ ਖਾ ਸਕਦੇ।'' ਨਿਆਰੇ ਕਰਨ ਦਾ ਸਬੂਤ ਹੈ।

ਸੱਚੇ ਪਾਤਸ਼ਾਹ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ੧੯੨੮ ਦੀ ਵਿਸਾਖੀ ਉੱਤੇ ਦਮਦਮੇ ਸਾਹਿਬ ਜਾਂਦੇ ਨੇਂ—ਕਿਉਂਕਿ ਵਿਸਾਖ ਪਹਿਲਾਂ ਆਉਂਦੈ ਤੇ ਮਾਘੀ ਫੇਰ ਆਈ ਅੱਠ ਨੌ ਮਹੀਨੇ ਪਿਛੋਂ ਜਦੋਂ ਪ੍ਰਦੇਸ ਗਵਨ ਕਰਦੇ ਨੇ। ਉੱਥੇ ਇੱਕੋ ਖੂਹ ਸੀ। ਉਹਨਾਂ ਦਿਨਾਂ 'ਚ ਮਾਲਵਾ ਮੁਲਕ ਇਹੋ ਜਿਹਾ ਹੀ ਸੀ—ਨਹਿਰ ਦਾ ਪਾਣੀ ਕੋਈ ਨਹੀਂ ਸੀ। ਲੋਕਾਂ ਕੋਲ ਕੋਈ ਸਣ ਨਹੀਂ ਸੀ ਹੁੰਦੀ, ਮੁੰਜ ਨਹੀਂ ਸੀ ਹੁੰਦੀ, ਜਿਸਦੀ ਉਹ ਲਾਂ ਵੱਟ ਕੇ ਪਾ ਲੈਣ। ਡੰਗਰਾਂ ਮਰਿਆਂ ਹੋਇਆਂ ਦੇ ਕੱਚੇ ਚੰਮ ਦੀਆਂ, ਨਾੜੇ ਦੀਆਂ ਲਾਵਾਂ ਬਣਾਉਂਦੇ ਸੀ। ਇੱਕ ਸੌ ਵੀਹ ਹੱਥ ਲਾਂ ਪੈਂਦੀ ਸੀ ਤੇ ਅਗਲੇ ਬੰਨੇ ਲੋਕਾਂ ਨੇ ਦੋ-ਦੋ ਹੱਥ, ਡੇਢ-ਡੇਢ ਹੱਥ, ਤਿੰਨ-ਤਿੰਨ ਹੱਥ ਕਾਢਾ ਪਾ ਲੈਣਾ ਥੱਲੇ ਬੋਕੇ ਦੇ ਨਾਲ, ਬਈ ਇਹਦੇ ਨਾਲ ਕੱਚਾ ਚੰਮ ਨਾ ਲੱਗੇ। ਹੁਣ ਹੁਕਮ ਦਿੱਤਾ ਕਿ ਗੜਵੇ ਵਗ੍ਹਾ ਕੇ ਪਾਣੀ ਕੱਢੋ। ਗੜਵੇ ਜਦੋਂ ਕੱਢਣ ਲੱਗੇ, ਸੌ ਹੱਥ ਪਾਣੀ, ਪੰਜ ਛੇ ਬੋਕੇ ਚਲਦੇ ਸਨ—ਉਹ ਲਾਵਾਂ ਦੇ ਨਾਲ ਲਿਪਟ ਜਾਣ, ਟਕੂਆਂ ਨਾਲ ਵੱਢ-ਵੱਢ ਕੇ ਗੜਵੇ ਵਿਚੋਂ ਲਾਹੁਣ। ਸੋ ਆ ਕੇ ਅਰਜ਼ ਕਰੀ,''ਸੱਚੇ ਪਾਤਸ਼ਾਹ (ਪਾਣੀ) ਨਿਕਲਦਾ ਨਹੀਂ।''

ਸਤਿਗੁਰੂ ਕਹਿੰਦੇ,''ਭਾਵੇਂ ਤੁਹਾਡਾ ਬੋਕੇ ਵਿੱਚੋਂ ਡੁੱਬ ਕੇ ਆਵੇ, ਕੱਢੋ ਆਪਣੇ ਹੀ ਗੜਵੇ ਨਾਲ''—ਕਿਉਂਕਿ ਵੱਖਰੇ ਨਹੀਂ ਰਹਿ ਸਕਦੇ।

ਆਇਆ ਤੇ ਮੈਂ ਹਾਂ ੧੯੩੩-੩੪ ਦੀ ਮਾਘੀ ਉੱਤੇ ਇੱਥੇ, ਮੈਨੂੰ ਉਦੂੰ ਬਾਅਦ ਯਾਦ ਨਹੀਂ, ਅੱਜ ਹੁਣ ਮੈਂ ਜਦੋਂ ਦੇਖਦਾ ਹਾਂ, ਬਈ ਨਾਮਧਾਰੀ ਮੁੜਕੇ ਪਿਛਲੇ ਪਾਸੇ ਨੂੰ ਪਾਣੀ ਲਾਉਣ ਲਗੇ ਹੋਏ ਨੇ। ਮੈਨੂੰ ਇੱਕੇ ਥਾਂ ਦਾ ਪਤਾ ਹੈ, ਮੈਨੂੰ ਉੱਥੇ ਅੱਜ ਟਿਕਣਾ ਘੱਟ ਮਿਲਿਐ। ਲੋਹੜੀ ਮੰਗਣ ਵਾਲੇ ਮੁੰਡੇ ਨਾਮਧਾਰੀਆਂ ਦੇ ਹੀ—ਤਰਲੋਕ ਸਿੰਘ ਦੇ ਘਰ—ਤੇ ਕੁੜੀਆਂ ਵੀ ਗਈਆਂ ਹੋਈਆਂ ਸਨ—ਤਾਂ, ਕੀ ਇਹ ਨਾਮਧਾਰੀਆਂ ਦਾ ਕੰਮ ਹੈ ? ਇਹਨਾਂ ਬੱਚਿਆਂ ਕੋਲ ਪੈਸੇ ਹੈ ਨਹੀਂ। ਇਹਨਾਂ ਨੂੰ ਹੁਣ ਤੁਸੀਂ ਮੰਗਣ ਦੀ ਆਦਤ ਪਾਉਂਦੇ ਹੋ, ਇਹ ਇਸ ਸ਼ਕਲ 'ਚ ਬਣਦੇ ਜਾਂਦੇ ਨੇ। ਸਤਿਗੁਰੂ ਦੇ ਸਿੱਖ ਨੂੰ ਤੇ ਲੋੜ ਹੀ ਨਹੀਂ ਕਿਸੇ ਅੱਗੇ ਹੱਥ ਕਰਨ ਦੀ, ਐਉਂ ਕਰੇ, ਜੇ ਕਿਸੇ ਨੂੰ ਦਾਨ ਦੇਣੈ। ਉਹ ਮਾਈਆਂ, ਉਹ ਮਾਈਆਂ ਦੀਆਂ ਧੀਆਂ, ਮਾਈਆਂ ਦੀਆਂ ਬੱਚੀਆਂ, ਫਿਰ ਇਹ ਲੋਹੜੀ ਕਰਦੀਆਂ ਹਨ ਕਿ ਕੋਈ ਸ਼ਬਦ ਬਾਣੀ। ਤੁਹਾਡਾ ਚਿਤ ਕਰੇ ਮਾਘੀ ਦਾ ਦਿਨ ਹੈ, ਕਿਸੇ ਘਰ ਬੱਚਾ ਜੰਮਿਆ ਹੈ, ਮਾਈਆਂ ਜਾਣ, ਭਾਈ ਜਾਣ, ਜਾ ਕੇ ਉਹਦੇ ਘਰ ਕੀਰਤਨ ਕਰਨ। ਉਹਦੇ ਲੀੜੇ ਖਿੱਚ-ਖਿੱਚ ਕੇ, ਪੈਸੇ ਮੰਗ-ਮੰਗ ਕੇ—ਮੈਨੂੰ ਅੱਜ ਇਹ ਗੱਲ ਚੰਗੀ ਨਹੀਂ ਲੱਗੀ ਤੁਹਾਡੀ। ਸਤਿਗਰਾਂ ਨੇ ਸਾਰੀਆਂ ਰਸਮਾ ਬੰਦ ਕੀਤੀਆਂ ਨੇ ਤੇ ਤੁਹਾਡੇ ਅੱਗੇ ਇਹ ਬਿਲਕੁਲ ਮਾਮੂਲੀ, ਕਮੀਨੀ ਜਿਹੀ ਗੱਲ ਹੈ। ਪਹਿਲੇ ਤੇ ਉਨ੍ਹਾਂ ਮੁੰਡੇ ਕੁੜੀਆਂ ਦੀ ਜਿਹੜੀ ਜ਼ਮੀਰ ਹੈ, ਉਹ ਹੀ ਖਰਾਬ ਹੁੰਦੀ ਹੈ ਜੇ ਉਹ ਮੰਗਣ ਵਾਲੇ ਬਣਦੇ ਨੇ। ਜ਼ਰਾ ਧਿਆਨ ਦਿਆ ਕਰੋ। ਮੈਨੂੰ ਅੱਜ ਦੇਖ ਕੇ, ਮੇਰਾ ਦਿਲ ਰਾਜ਼ੀ ਨਹੀਂ ਰਿਹਾ। ਕੋਈ ਕੰਮ ਨਹੀਂ ਤੁਹਾਡਾ ਇਹ। ਸਤਿਗੁਰਾਂ ਨੇ ਤੁਹਾਨੂੰ ਆ ਕੇ ਦੁਨੀਆਂ ਤੋਂ ਵੱਖਰੇ ਕੀਤਾ ਹੈ।

ਜੇ ਕਣਕ ਦੇ ਬੋਹਲ ਦੇ ਵਿੱਚ ਪੰਜ ਸੇਰ ਜੌਂ, ਪੰਜ ਸੇਰ ਛੋਲੇ, ਪੰਜ ਸੇਰ ਜਵਾਰ, ਪੰਜ ਸੇਰ ਮੱਕੀ ਪਾ ਦਿਓ, ਤਾਂ ਫਿਰ ਉਹਦਾ ਭਾਅ ਕੋਈ ਨਹੀਂ, ਰਹਿੰਦਾ।

ਸੋਨੇ ਵਿੱਚ ਸਿੱਕਾ ਪਾ ਦਿਓ, ਕਲੀ ਪਾ ਦਿਓ, ਤਾਂਬਾ ਪਾ ਦਿਓ, ਰਲਾ ਦਿਓ, ਤਾਂ ਫਿਰ ਉਹਦਾ ਮੁੱਲ ਨਹੀਂ ਰਹਿ ਜਾਂਦਾ—ਕੀਮਤ ਉਹਦੀ ਤਾਂ ਹੀ

ਹੈ ਜਿਹੜਾ ਸੌ ਵੰਨੀ ਦਾ ਹੈ। ਤੁਸੀਂ—ਸਤਿਗੁਰਾਂ ਨੇ ਸੌ ਵੰਨੀ ਦੇ ਬਣਾਏ ਹੋ। ਉਹ ਗਿਆਨ ਸਿੰਘ ਜੀ ਗਿਆਨੀ ਨੇ ਇੱਕ ਜਗ੍ਹਾ ਲਿਖਿਆ ਹੈ–

*ਗਰਜ ਸਮਝ ਕਰ ਅਰਜੀ ਗੁਜਾਰੀ ਲਿਖ,*
*ਮਰਜੀ ਤੁਮਾਰੀ ਚਾਹੇ ਮਾਨੋ ਨਹੀਂ ਮਾਨੋ।*

ਅੰਨ੍ਹੇ ਆਦਮੀ ਨੂੰ ਕਿਸੇ ਨੇ ਕਿਹਾ ਸੀ—ਸੌਂ ਜਾ। ਉਹਨੇ ਆਖਿਆ—ਚੁੱਪ ਹੀ ਕਰ ਰਹਿਣਾ ਹੈ ਨ। ਕਹਿਣ ਨਾਲ ਤੱਅਲਕ ਹੈ, ਮੇਰੀ ਚੌਕੀਦਾਰੀ ਹੈ, ਸਤਿਗੁਰੂ ਰਾਮ ਸਿੰਘ ਦੇ ਚੌਕੀਦਾਰ ਦਾ ਕੰਮ ਹੈ, ਕਿ ਰੌਲਾ ਪਾਉਣਾ ਹੈ—ਜਾਗੋ, ਨਾ ਲੁੱਟੇ ਜਾਓ। ਅਗੋਂ ਤੁਹਾਡੀ ਮਰਜ਼ੀ ਤੇ ਖੇਡ ਹੈ। ਜੇ ਤੁਸੀਂ ਏਸੇ ਤਰ੍ਹਾਂ ਹੀ ਚਲੋਂਗੇ—ਚਲੋ। ਤੁਹਾਡੇ ਦੇਖਣ ਵਾਲੀਆਂ ਗੱਲਾਂ ਹਨ। ਮੁੜ ਕੇ—ਸੰਤ ਕਹਿੰਦੇ ਹੁੰਦੇ ਹਨ, ਸੰਤ ਮੰਗਲ ਸਿੰਘ ਜੀ—ਖਾਲਸਾ ਜਿਥੋਂ ਨਿਕਲਿਆ ਸੀ ਉੱਥੇ ਹੀ ਜਾ ਵੜਿਆ। ਹੁਣ ਨਾਮਧਾਰੀਆਂ ਨੂੰ ਵੀ ਇਹ ਧਿਆਨ ਦੇਣ ਦੀ ਲੋੜ ਹੈ।

ਬਿਜਲੀ ਵਾਲ ਦਾ ਹੋਲਾ, ਮੇਰਾ ਖਿਆਲ ਹੈ, ਜਿਸਨੂੰ ਇਸ ਵੇਲੇ ਤ੍ਰੀਹ ਵਰ੍ਹੇ ਹੋ ਗਏ ਹਨ ਪੂਰੇ ਹੋਏ ਨੂੰ—੨੩, (ਸੰਨ ੧੯੨੩) ਵਿੱਚ ਹੋਇਆ ਹੈ, ਹੁਣ ੫੩ (੧੯੫੩) ਦਾ ਹੋਲਾ ਆਉਣਾ ਹੈ। ਉਸ ਹੋਲੇ ਤੋਂ ਨਾਮਧਾਰੀ ਸਾਧ-ਸੰਗਤ ਨੇ ਮੰਗਣਾ ਬੰਦ ਕੀਤਾ ਹੈ। ਮੰਗਣਾ ਬੰਦ ਕਰ ਕੇ, ਮਾਈ ਜੀ (ਮਾਤਾ ਜੀਉਣ ਕੌਰ ਜੀ)—ਨੇ ਓਦੂੰ ਬਾਅਦ ਬੇਲਿਆਂ ਜਾ ਕੇ ਮੰਗਣਾ ਕਰਨਾ ਚਾਹਿਆ, ਮੈਂ ਉਹਨਾਂ ਨੂੰ ਦੀਵਾਨ 'ਚ ਖਲ੍ਹਿਆਰਿਆ ਔਰ ਉਹਨਾਂ ਨੂੰ ਤਨਖਾਹ ਲਾਈ—ਹੋਰ ਕਿਸੇ ਦੀ ਗੱਲ ਨਹੀਂ, ਲਿਹਾਜ ਦਾ ਸੌਦਾ ਨਹੀਂ। ਸੰਤ ਬਹਾਦਰ ਸਿੰਘ ਹੁਰਾਂ ਨੇ ਭਤੀਏ ਦਾ ਮੰਗਣਾ ਕੀਤਾ—ਉਹਨਾਂ ਨੂੰ ਗੋਹੇ ਕੂੜੇ ਦੀ ਤਨਖਾਹ ਲਾਈ, ਔਰ ਉਹ ਸਾਕ ਛੁਡਾਇਆ। ਭਾਈ ਵਜ਼ੀਰ ਸਿੰਘ ਦੇ ਭਣੇਵੇ ਦਾ ਮੰਗਣਾ ਹੋਇਆ, ਉਹਦੇ 'ਚ ਉਹਨਾਂ ਨੂੰ ਤਨਖਾਹ ਲੱਗੀ, ਭੈਣ ਨੂੰ ਵੀ ਲੱਗੀ, ਬੱਚਾ ਤੇ ਛੋਟਾ ਹੀ ਸੀ। ਜਿਨ੍ਹਾਂ ਅੱਗੋਂ ਕੀਤਾ, ਉਹਨਾਂ ਨੂੰ ਵੀ ਲੱਗੀ। ਤਾਂ ਹੁਣ ਮੈਂ ਇੱਕ ਗੱਲ ਸੁਣੀ ਹੈ, ਮੈਨੂੰ ਨਹੀਂ ਪਤਾ ਇਹ ਸੱਚ ਹੈ ਕਿ ਝੂਠ ਹੈ। ਐਥੇ ਸੁਣਨ ਵਿੱਚ ਆਇਆ ਹੈ—ਰਿਵਾਜ। ਗੱਲਾਂ ਕਰਨ ਵਾਲੇ ਵੀ ਵੱਧ ਘੱਟ ਕਰ ਦਿੰਦੇ ਹਨ, ਮੈਂ ਇਹ ਵੀ ਜਾਣਦਾ

ਹਾਂ, ਕਿਸੇ ਵੇਲੇ ਇਹ ਵੀ ਹੋ ਜਾਂਦਾ ਹੈ ਕਿ ਕੋਈ ਗਲਤੀ ਨਾ ਹੋਵੇ। ਪਹਿਲਾਂ ਤਾਂ ਮੁੰਡਾ ਮੱਲਣ ਜਾਂਦੇ ਨੇ; ਇੱਕ ਓਦਣ ਇਕੱਠੇ ਹੋ ਕੇ ਜਾ ਕੇ ਕੁਛ ਨਾ ਕੁਛ ਖਾਂਦੇ ਪੀਂਦੇ, ਕਰਦੇ ਨੇ; ਫੇਰ ਓਦੂੰ ਬਾਦ ਮੁੰਡੇ ਨੂੰ ਰੁਪਈਆ ਦੇਣ ਵਾਸਤੇ ਜਾਂਦੇ ਨੇ; ਮੰਗਣਾ ਕਰਦੇ ਨੇ ਫੇਰ ਓਦੂੰ ਬਾਅਦ ਵਿਆਹ ਹੁੰਦਾ ਹੈ; ਫੇਰ ਮਿਲਣੀ। ਉੱਥੇ ਅਰਜ਼ ਕਰੀ ਸੀ ਬਈ, ਵੱਡੇ ਆਦਮੀ ਜੇ ਅੱਗੇ ਲੱਗਣ ਤਾਂ ਸਾਰੇ ਕੰਮ ਨਿਬੜਦੇ ਹਨ—ਬਈ, ਪੰਜ ਸਰੀਰ ਜਾਣ। ਇੱਕ ਪਾਸਿਉਂ ਉਹ ਪੰਜ ਚਲੇ ਜਾਂਦੇ ਹਨ, ਦੂਏ ਪਾਸਿਉਂ ਪਤਾ ਨਹੀਂ ਕਿੰਨੇ ਕੁ ਆਉਂਦੇ ਨੇ। ਇਹ ਹੁਣ ਤੁਹਾਡੇ ਸੋਚਣ ਦੀਆਂ ਗੱਲਾਂ ਹਨ; ਤੁਹਾਡੇ ਫਾਇਦੇ ਦੀਆਂ ਗੱਲਾਂ ਹਨ।

## ਗੁਰਮੁਖੀ ਪਹਿਰਾਵਾ

ਤੁਸੀਂ ਇੱਕ ਹੋਰ ਚੀਜ਼ ਇਸ ਵੇਲੇ ਦੇਖੋ—ਵਿਹਾਰਕ। ਤੁਸੀਂ ਬੈਠੇ ਹੋ, ਸਤਿਗੁਰ ਨੇ ਬਖਸ਼ਿਸ਼ ਕਰੀ ਹੈ ਅੰਨ ਪਾਣੀ ਤੁਹਾਨੂੰ ਦਿੰਦਾ ਹੈ, ਤੁਸੀਂ ਛਕਦੇ ਹੋ। ਗੁਰੂ ਕਿਰਪਾ ਕਰੇ ਤੁਹਾਨੂੰ ਹੋਰ ਦੇਵੇ, ਹੋਰ ਬਹੁਤਾ ਦੇਵੇ। ਸਾਨੂੰ ਇਹਦੇ ਨਾਲ ਇਤਰਾਜ਼ ਨਹੀਂ, ਲੇਕਿਨ ਜ਼ਮਾਨਾ ਹੇਠ ਗਿਰ ਰਿਹਾ ਹੈ, ਵਪਾਰ ਭੀ ਗਿਰ ਰਿਹੈ, ਸਭ ਕੁਝ ਗਿਰ ਰਿਹੈ। ਸਾਰਿਆਂ ਨੂੰ ਪਤਾ ਹੈ—ਇਸ ਗੱਲ ਦਾ। ਜੇ ਤੁਸੀਂ ਇਸੇ ਤਰਾਂ ਫਜ਼ੂਲ ਖਰਚੀਆਂ ਕਰੀ ਜਾਓਗੇ, ਤੁਹਾਡੇ ਵਾਸਤੇ ਵੀ ਕੋਈ ਦਿਨ ਉਹ ਆਵੇਗਾ ਜਦੋਂ ਫਿਰ ਪਛਤਾਵੋਗੇ। ਇਹ ਇੱਕ ਬੜੀ ਸੋਚਣ ਵਾਲੀ ਗੱਲ ਹੈ। ਇਹ ਵਿਹਾਰਕ ਗੱਲਾਂ ਹਨ। ਫੇਰ, ਸਾਨੂੰ ਸਤਿਗੁਰਾਂ ਜਦੋਂ ਬਣਾਇਐ, ਉਹਨਾਂ ਨੇ ਕ੍ਰਿਪਾ ਕੀਤੀ ਹੈ, ਬਈ, ਦੁਨੀਆਂ ਦੀਆਂ ਰਸਮਾਂ ਛੱਡੋ, ਤੇ ਜੇ ਮੁੜ ਕੇ ਤੁਸੀਂ ਹੁਣ ਲੱਗੇ ਰਹੋਂ ? ਅਸੀਂ ਏਥੇ ਤਕਦੇ ਹਾਂ, ਦੇਖਦੇ ਹਾਂ, ਗੁਰੂ ਦੀ ਕਿਰਪਾ ਹੈ ਕਿ ਸਿੱਧੀ ਪੱਗ ਬਿਨਾਂ ਕੋਈ ਸਿੱਖ ਨਹੀਂ। ਮਾਈਆਂ ਵੀ ਪਜਾਮੇ ਪਾ ਕੇ ਆਉਂਦੀਆਂ ਹਨ, ਪਰ ਉਹ ਗੱਲ ਮੈਥੋਂ ਵੀ ਨਹੀਂ ਰਹਿੰਦੀ—ਹੁਣ ਜਿਹੜੀਆਂ ਨਵੀਆਂ ਮਾਈਆਂ ਹਨ—ਉਹ, ਤੇ ਪੁਰਾਣੀਆਂ ਮਾਈਆਂ, ਉਨ੍ਹਾਂ ਦੇ ਪਜਾਮਿਆਂ ’ ਚ ਫਰਕ ਹੈ। ਉਹ ਜਿਹੜੀਆ ਨਵੀਆਂ ਪਾਉਂਦੀਆਂ ਹਨ—ਉਹ ਮੇਰਾ ਕਹਿਣਾਂ ਭੀ

ਮੰਨਦੀਆਂ ਹਨ। ਉਹਨਾਂ ਦਾ ਜੀ ਵੀ ਇਹ ਕਰਦੈ, ਬਈ ਸ਼ਕਲ ਵੀ ਸਲਵਾਰ ਦੀ ਹੀ ਰਹੇ, ਚੂੜੀ ਨਹੀਂ ਉਨ੍ਹਾਂ ਦੀ ਨੰਗੀ ਕਿਸੇ ਦੀ ਦਿਸਦੀ। ਉਹ ਏਡਾ ਪਜਾਮਾ ਢਿੱਲਾ ਪਾਉਂਦੀਆਂ ਨੇ ਕਿ ਥੱਲੇ ਚੂੜੀ ਦਾ ਪਤਾ ਨਾ ਲੱਗੇ ਤੇ ਪਿਛਲੇ ਬੰਨੇ ਉਹਨਾਂ ਦੀ ਹੁੰਦੀ ਹੈ—ਸਿਊਣ। ਸਾਡੇ ਰਿਵਾਜ ਹਿੰਦੁਸਤਾਨ ਦੇ ਅਨੁਸਾਰ, ਮਾਈਆਂ ਦੀ—ਜਿਵੇਂ ਮਾਤਾ ਜੀ ਸਾਡੇ ਪਾਉਂਦੇ ਸੀ—ਚੂੜੀ ਦੀ ਜਿਹੜੀ ਸਿਊਂਣ ਹੁੰਦੀ ਹੈ ਐਥੇ ਹੁੰਦੀ ਹੈ ਮਾਈਆਂ ਦੀ। ਹੁਣ ਦੋ-ਚਾਰ, ਪੰਜ-ਚਾਰ, ਮਾਈਆਂ ਮੈਂ ਦੇਖੀਆਂ ਨੇ ਧਿਆਨ ਨਾਲ, ਜਿਹੜੀਆਂ ਬਿਰਧ ਹਨ ਉਨ੍ਹਾਂ ਦੇ ਪਜਾਮਿਆਂ ਦੀਆਂ ਦੋ-ਦੋ, ਤਿੰਨ-ਤਿੰਨ ਚੂੜੀਆਂ ਤਾਂ ਦੀਹਦੀਆਂ ਹਨ, ਨਹੀਂ ਹੁਣ ਅਗਲੇ ਪਾਸੇ ਇਹੋ ਹੀ ਮਾਲੂਮ ਹੁੰਦਾ ਹੈ, ਜੇ ਜ਼ਰਾ ਕੁ ਚੁੱਕੀ ਜਾਏ, ਖਵਰੇ ਸਲਵਾਰ ਹੀ ਹੋਵੇ, ਖਵਰੇ ਸੁੱਥਣ ਹੋਵੇ, ਸਾਨੂੰ ਕੋਈ ਪਤਾ ਨਹੀਂ ਲਗਦਾ। ਇਹ ਮਾਈਆਂ ਨੂੰ ਪਤਾ ਹੈ, ਮੈਂ ਕੁਛ ਨਹੀਂ ਕਹਿੰਦਾ ਹੁਣ ਏਦੂੰ ਅੱਗੇ—ਜ਼ਿਆਦਾ। ਜ਼ਰਾ ਧਿਆਨ ਦਿਓ, ਖਿਆਲ ਕਰੋ, ਤੁਹਾਨੂੰ ਸਤਿਗੁਰਾਂ ਨੇ ਉੱਚੇ ਕੀਤਾ ਹੈ। ਸਤਿਗੁਰੂ ਰਾਮ ਸਿੰਘ ਨੇ ਆਪ ਕਿਰਪਾ ਕਰਕੇ ਇਹ ਦਾਨ ਦਿੱਤਾ ਹੈ—ਸਾਂਭੋ, ਜੇ ਨਾ ਸਾਂਭੋਗੇ ਤੇ ਫਿਰ ਜਿਹੋ ਜਿਹੇ ਦੁਨੀਆਂ ਨੇ ਧੱਕੇ ਖਾਣੇ ਨੇ, ਸਾਨੂੰ ਵੀ ਉਹੋ ਹੀ ਖਾਣੇ ਪੈਣੇ ਨੇ। ਧਿਆਨ ਦੇਣ ਦੀ ਜ਼ਰੂਰਤ ਹੈ।

ਮੈਂ ਬਹੁਤ ਥੋੜਾ ਕਹਿਣਾ ਚਾਹੁੰਦਾ ਹਾਂ, ਜ਼ਿਆਦਾ ਨਹੀਂ ਕਹਿਣਾ ਚਾਹੁੰਦਾ, ਕਿਉਂਕਿ ਹੁਣ ਨੌਜਵਾਨਾਂ ਦੇ ਜਿਹੜੇ ਮਨ ਨੇ ਉਹ ਡਿਗਦੇ ਹਨ। ਸਾਡਾ ਕੰਮ ਹੈ ਥੋੜਾ ਬਹੁਤਾ, ਜਿੰਨਾ ਕੁ ਕਹੀਏ, ਕੁਝ ਨਾ ਕੁਝ ਭਾਈ, ਤੁਸੀਂ ਮਿੰਨਤ ਕਰੀ ਮੰਨ ਲਿਆ ਕਰੋ। ਜਦੋਂ ਤੁਸੀਂ ਆ ਕੇ ਕੁਝ ਕਰ ਆਉਂਦੇ ਹੋ, ਇੱਥੇ ਆ ਕੇ ਖੜੋ ਕੇ ਆਂਹਦੇ ਹੋ—ਜਾਣ ਦਿਉ। ਫਿਰ ਤੁਹਾਨੂੰ ਵੀ ਕਦੇ ਕਿਸੇ ਨੇ ਧੱਕਾ ਮਾਰਿਆ ਹੈ ? ਤੁਹਾਨੂੰ ਇਹ ਚਾਹੀਦਾ ਨਹੀਂ, ਤੁਹਾਡਾ ਇਹ ਕੰਮ ਨਹੀਂ।

*ਨਾਹੁ ਧਰੰਮ ਬਢਾ ਅਧਰੰਮ,*

ਹੁਣ ਕੀ ਬਣਿਆ ? ਕਹਿੰਦੇ ਨੇ—

*ਨਾਹੁ ਧਰਮ*

—ਧਰਮ ਨਹੀਂ ਕਿਤੇ ਰਿਹਾ।

*ਬਢਾ ਅਧਰੰਮ ਮਲੇਛਨ ਜੰਮ ਕੀਯੇ ਕਤਲਾਹੂ।*

ਮਲੇਛਾਂ ਨੇ ਜੰਮਦੇ ਬੱਚਿਆਂ ਨੂੰ ਫੜ-ਫੜ ਕੇ ਟੰਗਿਆ ਉਤਾਂਹ—ਕਤਲ ਕੀਤਾ।

*ਲਾਹੂ ਲਹੇ ਕਿਤੋ ਸਿੰਧ ਬਹੇ,*

ਐਨੇ-ਐਨੇ ਲਾਹੂ ਲਾਹੇ, ਐਨੇ-ਐਨੇ ਆਦਮੀ ਮਾਰੇ ਕਿ ਜਿਵੇਂ ਸਮੁੰਦਰ ਵਗ ਜਾਂਦਾ ਹੈ, ਜਿਸ ਤਰ੍ਹਾਂ ਕਿਸੇ ਨੇ ਕਿਹਾ—ਮੈਂ ਤੀਹ ਹਜ਼ਾਰ ਕਾਫਰ ਦਾ ਸਿਰ ਕੱਟਿਆ ਹੈ—ਕਿਸੇ ਨੇ ਕਿਹਾ—ਮੈਂ ਵੀਹ ਹਜ਼ਾਰ ਮਾਰਿਆ ਹੈ। ਇਸੇ ਤਰ੍ਹਾਂ ਜਦੋਂ ਹਿੰਦੂਆਂ ਨੂੰ ਮਾਰਿਆ-

*ਬਹੇ ਰਿਪ ਫੂਟ ਜਹਾਜ ਚੁਰੱਗਤਨ ਜਾਹੂ।*

ਉਹਨਾਂ ਦਾ, ਚੁਰੱਗਤਿਆ ਦਾ ਜਹਾਜ਼ ਭੰਨਣ, ਦੇ ਵਾਸਤੇ, ਗੁਰੂ ਗੋਬਿੰਦ ਸਿੰਘ ਨੇ ਓਸ ਜਹਾਜ਼ ਨੂੰ ਤੋੜਿਆ।

## ਬਿਬੇਕ ਅਤੇ ਅਬਿਬੇਕ

*ਜਾਹੁ ਬਲੇ ਦਲ ਮੋਹ ਦਲੇ,*

ਕਹਿੰਦੇ ਨੇ—ਮੈਂ ਉਸਦੇ ਬਲਿਹਾਰੇ ਜਾਂਦਾ ਹਾਂ—ਸਤਿਗੁਰ ਦੇ, ਜਿਸ ਨੇ ਮੋਹ ਦੇ ਦਲ ਨੂੰ ਦਲਿਆ ਹੈ। ਕਿਸ ਤਰ੍ਹਾਂ ? ਪੜ੍ਹੋ ਦਸਮ ਗ੍ਰੰਥ, ਤੁਹਾਨੂੰ ਪਤਾ ਲੱਗੇ। ਪਾਰਸ ਨਾਥ ਇੱਕ ਰਾਜਾ ਹੋਇਆ ਹੈ। ਉਸਨੇ ਸਾਰੀ ਦੁਨੀਆ ਜਿੱਤੀ ਔਰ ਸਾਰੀ ਦੁਨੀਆ ਜਿੱਤ ਕੇ ਇੱਕ ਦਿਨ ਆਪਣੇ ਵਜ਼ੀਰਾਂ, ਮਸੰਦੀਆਂ ਨੂੰ ਇਕੱਠੇ ਕਰਕੇ ਕਹਿੰਦਾ ਹੈ-

**ਮੋ ਤੇ ਅਉਰ ਬਲੀ ਕੋ ਹੈ।।**

*- ਦਸਮ ਗ੍ਰੰਥ, ਪੰਨਾ-੬੮੧*

ਇੱਕ ਬੁੱਢਾ ਵਜ਼ੀਰ ਉੱਠਿਆ, ਗੱਲ 'ਚ ਪੱਲਾ ਪਾ ਕੇ ਕੰਬਦਾ-ਕੰਬਦਾ ਆਂਹਦਾ ਹੈ,''ਜੇ ਮਾਫ ਕਰੇਂ ਤੇ ਤੈਨੂੰ ਦੱਸਦਾ ਹਾਂ।''

ਉਸ (ਪਾਰਸਨਾਥ) ਕਿਹਾ,''ਦੱਸ।''

ਉਸ (ਵਜ਼ੀਰ) ਆਖਿਆ,''ਮੱਛ ਦੇ ਪੇਟ 'ਚ ਫਲਾਣੀ ਜਗ੍ਹਾ ਮਛੰਦਰ

ਜੋਗੀ ਹੈ, ਉਹਨੂੰ ਕੱਢ, ਉਹ ਤੈਨੂੰ ਦੱਸੇਗਾ ਕੌਣ ਤੇਰੇ ਨਾਲੋਂ ਬਲੀ ਹੈ।''

ਬੜਾ ਲੰਮਾ ਚੌੜਾ ਪ੍ਰਸੰਗ ਹੈ, ਮਛੰਦਰ ਨਾਥ ਜਿਸ ਵੇਲੇ ਬਾਹਰ ਨਿਕਲਿਆ, ਉਸ ਨੇ ਆਖਿਆ–

**ਜੋ ਮਨ ਜੀਤਤ ਹੈ ਸਭ ਦੇਸ ਵਹੈ ਤੁਮਰੈ ਨ੍ਰਿਪ ਹਾਥਿ ਨਾ ਆਯੋ।।**

*– ਦਸਮ ਗ੍ਰੰਥ, ਪੰਨਾ-੬੮੭*

ਜੋ ਸਾਰੀ ਦੁਨੀਆਂ ਨੂੰ ਜਿੱਤਣ ਵਾਲਾ ਮਨ ਹੈ, ਰਾਜਾ ! ਉਹ ਤਾਂ ਤੇਰੇ ਹੱਥ 'ਚ ਹੀ ਨਹੀਂ ਆਇਆ, ਤੂੰ ਦੁਨੀਆਂ ਨੂੰ ਜਿੱਤ ਕੇ ਕੀ ਬਣਾਇਆ ? ਗੁਰੂ ਸਾਹਿਬ ਨੇ ਲਿਖਿਆ ਹੈ–

**ਮਨਿ ਜੀਤੈ ਜਗੁ ਜੀਤੁ।।**

ਹੋਰ ਇੱਕ ਕਵੀ ਨੇ ਵੀ ਲਿਖਿਆ ਹੈ–

*ਮਨ ਰਿਪੁ ਜੀਤਾ ਸਭ ਰਿਪੁ ਜੀਤੇ*

ਜਿੰਨਾਂ ਚਿਰ ਮਨ ਵੈਰੀ ਜਿਊਂਦਾ ਹੈ, ਸਾਰੇ ਹੀ ਵੈਰੀ ਜਿਊਂਦੇ ਹਨ। ਜਦੋਂ ਇਹਨੂੰ ਜਿੱਤ ਲਿਆ, ਸਾਰੇ ਹੀ ਮਰ ਗਏ।

ਫੇਰ (ਪਾਰਸਨਾਥ) ਕਹਿੰਦਾ,''ਦੱਸ ?''

ਹੁਣ ਸੁੱਚ ਦੀ ਗੱਲ ਵੱਲ ਧਿਆਨ ਦੇਣਾ ਜ਼ਰਾ ਕੁ, ਗੁਰੂ ਗੋਬਿੰਦ ਸਿੰਘ ਦੀ ਲਿਖਤ ਹੈ। ਮੋਹ ਦੀ ਲੱਗਾ ਸੈਣਾ ਦੱਸਣ ਫੇਰ, ਮਛੰਦਰ ਨਾਥ ਬੈਠ ਕੇ—ਕਿ ਮੋਹ ਦਾ ਲੋਭ ਸੂਰਮਾ ਹੈ, ਕਾਮ ਸੂਰਮਾ ਹੈ, ਕਰੋਧ ਸੂਰਮਾ ਹੈ, ਉਹ ਐਹੋ ਜਿਹਾ ਹੈ, ਉਹਦੇ ਐਹੋ ਜਿਹੇ ਘੋੜੇ ਹਨ ਔਰ ਜਿੱਥੇ ਇਹ ਪ੍ਰਸੰਗ ਆਵੇਗਾ ਉੱਥੇ ਕਾਲੇ, ਧੂਏਂ ਧਾਰ, ਨੀਲੇ-ਇਸ ਰੰਗ ਦੇ ਆਉਣਗੇ।

**ਅਸਿਤ[੨੬] ਬਰਣ[੨੭] ਅਬਿਬੇਕ ਅਸਿਤ ਬਾਜੀ[੨੮] ਰਥ ਸੋਭਤ।।**
**ਅਸਿਤ ਬਸਤ੍ਰ ਤਿਹ ਅੰਗ[੨੯] ਨਿਰਖ[੩੦] ਨਾਰੀ ਨਰ ਲੋਭਤ।।**

*– ਦਸਮ ਗ੍ਰੰਥ, ਪੰਨਾ-੬੮੯*

ਕਾਲੇ ਬਸਤਰ ਹਨ, ਕਾਲੇ ਹੀ ਘੋੜੇ ਹਨ—ਉਹਦੇ ਰੱਥ ਦੇ।

ਜਿਸ ਵੇਲੇ ਮੋਹ ਦੀ ਕਥਾ ਕਰ ਲਈ ਨ, (ਪਾਰਸਨਾਥ) ਕਹਿਣ ਲੱਗਾ,''ਹੁਣ ਬਿਬੇਕ ਦੀ ਵੀ ਸੁਣਾ।''

(ਮਛੰਦਰ ਜੋਗੀ) ਕਹਿਣ ਲੱਗਾ,''ਹੁਣ ਇਸ਼ਨਾਨ ਕਰ ਲੈਣ ਦੇ ਮੋਹ

ਦੀ ਕਥਾ ਕਰਕੇ ਹੀ ਅਪਵਿਤਰ ਹੋ ਗਏ ਹਾਂ।''

ਸਤਿਗੁਰੂ ਰਾਮ ਸਿੰਘ ਨੇ ਤਾਂ ਪਵਿੱਤਰਤਾ ਤੁਹਾਨੂੰ ਦਿੱਤੀ ਹੈ, ਕੋਈ ਚੀਜ਼ ਵੱਖਰੀ ਨਹੀਂ ਕੀਤੀ। ਗੁਰੂ ਗੋਬਿੰਦ ਸਿੰਘ ਨੇ ਜਿਹੜੀ ਲਿਖੀ, ਜੋ ਕੁਛ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਕਿ ਸਿੱਖ ਦਾ ਇਹ ਕਰਮ ਹੋਣਾ ਚਾਹੀਦਾ ਹੈ, ਉਹ ਸਤਿਗੁਰੂ ਰਾਮ ਸਿੰਘ ਨੇ ਵਰਤਾਇਆ।

ਇਸ਼ਨਾਨ ਕੀਤਾ, ਫੇਰ ਬਿਬੇਕ ਦੀ ਕਥਾ ਸੁਣਾਈ—ਸਤਿ ਸੂਰਮਾ, ਸੰਤੋਖ ਸੂਰਮਾ, ਧਰਮ ਸੂਰਮਾ।

ਉਨ੍ਹਾਂ (ਰਾਜੇ) ਆਖਿਆ,''ਫਿਰ, ਇਨ੍ਹਾਂ ਦੀ ਗੱਲ।''

ਕਹਿਣ ਲੱਗਾ,''ਜਦੋਂ ਦੀ ਸਰਿਸ਼ਟੀ ਬਣੀ ਹੈ, ਕਦੇ ਮੋਹ ਦਾ ਰਾਜ ਹੋ ਜਾਂਦੈ, ਕਦੇ ਬਿਬੇਕ ਦਾ ਹੋ ਜਾਂਦਾ ਹੈ। ਨਾ ਇਹ ਮਰੇ, ਨਾ ਉਹ ਮਾਰ ਸਕਿਐ ਪਾਰਸਨਾਥ।''

ਪਾਰਸਨਾਥ, ਅੱਗ ਬਾਲ ਕੇ ਲਾਉਣ ਲੱਗਾ ਉਹਨੂੰ ਅੱਗ ਨਹੀਂ ਲੱਗੀ, ਫੇਰ ਆਪਣੀ ਯੋਗ ਅਗਨ ਉਪਰਾਜ ਕੇ ਮਰ ਗਿਆ—ਸੜਕੇ।

ਸਤਿਗੁਰੂ ਰਾਮ ਸਿੰਘ ਦੀ ਕਿਰਪਾ ਨਾਲ, ਮੈਨੂੰ ਇਹ ਗੱਲ ਯਾਦ ਹੈ, ਮੈਂ ਹੁਣ ਕੀ-ਕੀ ਗੱਲਾਂ ਦੱਸਾਂ; ਸੰਤ ਧਾਰੋਕਿਆਂ ਵਾਲੇ—ਜਿਹਨਾਂ ਸੁਨਿਆਰਿਆਂ ਨੇ ਗੁਰੂ ਗੋਬਿੰਦ ਸਿੰਘ ਨਾਲ ਵੀ ਧੋਖਾ ਕੀਤਾ-ਸੌ ਸਾਖੀ ' ਚ ਇਹ ਪ੍ਰਸੰਗ ਲਿਖਿਆ ਹੈ (ਗੁਰੂ ਗੋਬਿੰਦ ਸਿੰਘ ਜੀ) ਉਨ੍ਹਾਂ ਆਖਿਆ,''ਸੁਨਿਆਰਿਆਂ ਦਾ ਵਸਾਹ ਨਹੀਂ ਕਰਨਾ।'' ਸਤਿਗੁਰੂ ਰਾਮ ਸਿੰਘ ਨੇ ਆ ਕੇ—ਕਿਉਂਕਿ ਉਹਦੀ ਮਰਜ਼ੀ ਸੀ ਉਸ ਵੇਲੇ ਨਹੀਂ ਸੀ ਬਖਸ਼ਣੇ—ਆ ਕੇ ਉਹ ਕਿਰਪਾ ਕੀਤੀ, ਇਹੋ ਜਿਹੇ ਸੂਰਮੇ ਬਣਾਏ। ਆਹ ਸੁੰਦਰ ਸਿੰਘ ਦੇ ਘਰ ਉਹ ਬੀਬੀ ਹੈ ਸੰਤਾਂ (ਧਾਰੋਕਿਆਂ ਵਾਲਿਆਂ) ਦੀ ਲੜਕੀ—ਸੰਤਾਂ ਆਖਣਾ,''ਓਏ ਮੈਨੂੰ ਇਹ ਕੀ ਹੋ ਸਕਦਾ ਹੈ, ਗੁਰੂ ਰਾਮ ਸਿੰਘ ਮਿਲਿਆ ਹੈ, ਮੈਨੂੰ ਪੰਜੇ ਕੁਛ ਨਹੀਂ ਕਹਿੰਦੇ।'' ਜਿਹੜੀ ਤੁਕ ਲਿਖੀ ਹੈ ਨ-

**ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥**

*- ਸਿਰੀ ਰਾਗ ਮ:੫, ਪੰਨਾ-੭੪*

ਉਹ ਚੀਜ਼ ਸਤਿਗੁਰਾਂ ਬਖਸ਼ਸ਼ ਕੀਤੀ।

ਤਾਂ, ਮਲੇਛਾਂ ਦੇ ਜਹਾਜ਼ ਨੂੰ ਗੁਰੂ ਗੋਬਿੰਦ ਸਿੰਘ ਨੇ ਤੋੜ ਕੇ, ਉਹ ਜਿਹੜੇ ਮਰਦੇ ਜਾਂਦੇ ਸਨ ਲੋਕ—ਉਨ੍ਹਾਂ ਤੇ ਕਿਰਪਾ ਕੀਤੀ, ਉਨ੍ਹਾਂ ਨੂੰ ਉੱਚੇ ਕੀਤਾ। ਸੋ ਭਾਈ, ਹੰਸ ਨ ਕੋਧ੍ਰਾ ਖਾਏ। ਗੁਰੂ ਕੇ ਸਿੱਖ ਦਾ ਕੰਮ ਨਹੀਂ ਕਿ ਰਲ ਮਿਲ ਜਾਏ।

*ਜਹਾਂ ਕਹਾਂ ਕਾ ਛਕੈ ਪ੍ਰਸਾਦਿ।*
*ਸਿਖ ਨਹੀਂ ਮੇਰਾ ਆਦਿ ਜੁਗਾਦਿ।*
*- ਜਾ ਕੀ ਰਹਿਤ ਨ ਜਾਣੀਐ ਗੁਰ ਮੰਤਰ ਨਹੀ ਚੀਤਿ।*
*ਉਨਕਾ ਭੋਜਨ ਖਾਇਕੈ ਬਿਸਰੇ ਹਰਿ ਸਿਉ ਪ੍ਰੀਤ।*

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਹੁਕਮਨਾਮੇ 'ਚ ਇਹ ਦੋਹਰਾ ਲਿਖ ਕੇ ਮਗਰ ਲਿਖਦੇ ਨੇ,''ਇਹ ਨਾ ਸਮਝਣਾ, ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ।''

ਹੁਣ ਏਦੂੰ ਅੱਗੇ ਕਹਿਣ ਦੀ ਲੋੜ ਕੋਈ ਨਹੀਂ ਰਹੀ। ਸਾਧ-ਸੰਗਤ ਕੋਈ ਚੀਜ਼ ਭੁੱਲੀ ਹੋਈ ਨਹੀਂ, ਇਹ ਜ਼ਰੂਰ ਹੈ ਸਮਾਂ ਕਲਜੁਗ ਦਾ ਹੈ, ਇਹਦਾ ਬੜਾ ਭਾਰਾ ਜ਼ੋਰ ਹੈ, ਇਹ ਮਾਰਦਾ ਹੈ ਧੱਕੇ। ਤੁਸੀਂ ਰੋਜ਼—ਦੇਖੋ ਮੈਨੂੰ ਫਿਰ ਗੱਲ ਆ ਜਾਂਦੀ ਹੈ-ਸਵੇਰੇ ਆਸਾ ਦੀ ਵਾਰ 'ਚ ਬਗੈਰ ਸਣੇ ਕੇਸੀ ਇਸ਼ਨਾਨ ਤੋਂ ਕੋਈ ਸਰੀਰ ਨਹੀ ਆਉਣਾ ਚਾਹੀਦਾ। ਧਿਆਨ ਕਰੋ, ਸਤਿਗੁਰਾਂ ਅੱਗੇ ਰੋਜ਼ ਅਰਦਾਸ ਕਰਿਆ ਕਰੋ, ਭਜਨ ਬਾਣੀ ਨਾ ਛੱਡੋ। ਥੋੜੇ ਤੋਂ ਥੋੜਾ ਵੀ, ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ, ਏਦੂੰ ਘੱਟ ਕੋਈ ਨਾਮਧਾਰੀ ਪੜ੍ਹਨ ਵਾਲਾ ਨਹੀਂ ਚਾਹੀਦਾ। ਇੱਕ ਘੰਟੇ ਦਾ ਨਿਤਨੇਮ ਵੀ ਨਾ ਛੱਡੋ ਜੇ ਬਚਣਾ ਹੈ, ਨਹੀਂ ਤੁਹਾਨੂੰ ਪਤਾ ਹੈ ਅੱਗੇ ਕੀ ਕੁਛ ਹੋਇਆ ਹੈ, ਕੀ ਬਣਿਆ ਹੈ, ਕਿੰਨੀ ਤਕਲੀਫ ਹੋਈ ਹੈ। ਲੋਕਾਂ ਦੇ ਪੈਸੇ ਦਾ, ਲੋਕਾਂ ਦੀਆਂ ਲੜਕੀਆਂ ਬਾਲੀਆਂ, ਜਿਹੜੀਆਂ ਵੀਹ ਹਜ਼ਾਰ ਦੇ ਕਰੀਬ ਲੋਕ ਦੱਸਦੇ ਨੇ ਕਿ ਅਜੇ ਵੀ ਮੁਸਲਮਾਨਾਂ ਦੇ ਕੋਲ ਹੈਣ। ਸਾਡਾ ਇਹ ਹਾਲ ਹੈ, ਸਾਨੂੰ ਚਾਹੀਦਾ ਹੈ, ਸਤਿਗੁਰਾਂ ਅੱਗੇ ਅਰਦਾਸ ਕਰਕੇ ਸਤਿਗੁਰੂ ਤੋਂ ਇਹ ਮੰਗ ਮੰਗੀਏ,''ਸੱਚੇ ਪਾਤਸ਼ਾਹ ! ਕਲਜੁਗ ਦਾ ਸਮਾਂ ਹੈ, ਸਾਨੂੰ ਬਖਸ਼ ਲੈ, ਅਸੀਂ ਗਿਣਤੀ ਨਾਲ ਨਹੀਂ ਛੁੱਟ ਸਕਦੇ, ਸਾਡਾ

ਸਿਦਕ ਰੱਖ, ਸਾਡੇ ਉੱਤੇ ਕਿਰਪਾ ਕਰ।'' ਫਜ਼ੂਲ ਰਸਮਾਂ ਦਾ ਤਿਆਗ ਕਰਿਆ ਕਰੋ। ਹੁਣ ਏਦੂੰ ਅੱਗੇ ਮੈਂ ਕੁਝ ਨਹੀਂ ਆਖਣਾ, ਸੰਤ ਜੀ ਕੁਛ ਸੁਣਾਉਣਗੇ—ਨਿਧਾਨ ਸਿੰਘ ਜੀ (ਆਲਮ)।

**ਹੇ ਅਚੁਤ[੩੧] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੩੨]।।**
**ਹੇ ਪੂਰਨ ਹੇ ਸਰਬ[੩੩] ਮੈ ਦੁਖ ਭੰਜਨ[੩੪] ਗੁਣ ਤਾਸ[੩੫]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੩੬] ਸਭ ਟੇਕ[੩੭]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੩੮]।।**
**ਹੇ ਅਪਰੰਪਰ[੩੯] ਹਰਿ ਹਰੇ ਹਹਿ[੪੦] ਭੀ ਹੋਵਨਹਾਰ[੪੧]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੪੨] ਆਧਾਰ।।**
**ਹੇ ਠਾਕੁਰ ਹਉ ਦਾਸਰੋ[੪੩] ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।। ੬੬।।**

*– ਪੰਨਾ-੨੬੧*

**– ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸ਼ਬਦਾਰਥ

੧. ਸ਼ੇਰ।
੨. ਸੂਰਜ ਚੜ੍ਹਿਆ ਤੇ ਚੰਦ੍ਰਮਾ ਦਾ ਤੇਜ ਚਲਿਆ ਜਾਂਦਾ ਹੈ।
੩. ਮੁਸਲਮਾਨ।
੪. ਸ਼ੇਰ।
੫. ਵਿਛੋੜਾ, ਹੇ ਬਿਰਹੋਂ ! ਤੂੰ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਹੈਂ।
੬. ਮੜ੍ਹੀਆਂ।
੭. ਦਮਾਂ (ਧਨ) ਕਰਕੇ।
੮. ਵੱਟਾ।
੯. ਹੁੰਦੇ।
੧੦. ਕੰਗਾਲ।
੧੧. ਜਿਸ ਨੇ ਲੰਕਾ ਆਦਿਕ ਸੋਨੇ ਦੇ ਹੁੰਦਿਆਂ ਹੋਇਆ ਵੀ ਪ੍ਰੇਮ ਨੂੰ

ਪੂਰਾ ਕਰਨ ਵਾਸਤੇ ਆਪਣੇ ਸਿਰ ਵੱਢ ਕੇ ਸ਼ਿਵ ਜੀ ਅੱਗੇ ਕਰ ਦਿੱਤੇ। ਜੇ ਧਨ ਨਾਲ ਗੁਰੂ ਦਾ ਪ੍ਰੇਮ ਮਿਲ ਜਾਂਦਾ ਹੁੰਦਾ ਤਾਂ ਰਾਵਣ ਸਿਰ ਕਿਸ ਲਈ ਵੱਢਦਾ, ਧਨ ਹੀ ਦੇ ਦੇਂਦਾ ਤੇ ਪ੍ਰੇਮ ਪੂਰਾ ਕਰ ਲੈਂਦਾ।

੧੨. ਭੇਦ, ਇਹ ਸੰਸਾਰ ਮਰਦਾ ਤੇ ਠੱਗਿਆ ਜਾ ਰਿਹਾ ਹੈ ਇਸ ਨੂੰ ਅਸਲ ਭੇਦ ਪਤਾ ਨਹੀਂ ਹੈ।

੧੩. ਮਰਦਾ ਹੋਇਆ।

੧੪. ਵੇਖੀਦਾ ਹੈ।

੧੫. ਪਿਆਰੇ ਪ੍ਰਮਾਤਮਾ ਦਾ।

੧੬. ਮਿਥਿਆ ਵਿਹਾਰਾਂ ਵਿੱਚ ਫਸਿਆ ਹੈ।

੧੭. ਰਤਾ ਭਰ। ਜਪ ਤਪ ਆਦਿ ਸਭ ਕੁਰਬਾਨ ਕਰਦਿਆਂ ਇੱਕ ਰਤਾ ਭਰ ਪ੍ਰੇਮ ਤੋਂ।

੧੮. ਵਾਜੇ ਵੱਜਦੇ ਹਨ ਤੇ ਵਧਾਈਆਂ ਮਿਲਦੀਆਂ ਹਨ।

੧੯. ਖੁਸ਼ੀ ਦੇ ਗੀਤ।

੨੦. ਅਨੀਤੀ, ਬੇ ਮਰਯਾਦਗੀ, ਕੁਚਾਲੀ।

੨੧. ਰੱਖ ਲਓ।

੨੨. ਲੱਜਾ।

੨੩. ਗਿਣ ਕੇ।

੨੪. ਪਾਏ ਹਨ।

੨੫. ਤਿਲ ਮਾਤਰ।

੨੬. ਕਾਲਾ ਰੰਗ।

੨੭. ਕਪੜੇ।

੨੮. ਕਾਲੇ ਹੀ ਘੋੜੇ ਰਥ ਨੂੰ ਜੁੜੇ ਹੋਏ ਸੋਭਦੇ ਹਨ।

੨੯. ਸਰੀਰ ਉੱਤੇ।

੩੦. ਦੇਖ ਕੇ।

੩੧. ਅਟੱਲ, ਨਾ ਡੋਲਣ ਵਾਲਾ।

੩੨. ਪਾਪਾਂ ਨੂੰ ਨਾਸ ਕਰਨ ਵਾਲੇ।

੩੩. ਸਰਬ ਰੂਪ।

੩੪. ਦੁਖਾਂ ਦਾ ਨਾਸ ਕਰਨ ਵਾਲਾ।

੩੫. ਗੁਣਾਂ ਦਾ ਭੰਡਾਰ।

੩੬. ਤਿੰਨਾਂ ਗੁਣਾਂ ਤੋਂ ਨਿਰਲੇਪ।

੩੭. ਆਸਰੇ।

੩੮. ਗਿਆਨ ਪ੍ਰਕਾਸ਼।

੩੯. ਪਾਰਾਵਾਰ ਤੋਂ ਪਰੇ।

੪੦. ਹੈ ਹੁਣ।

੪੧. ਅੱਗੇ ਨੂੰ ਵੀ ਹੋਣ ਵਾਲਾ ਹੈ।

੪੨. ਨਿਰ ਆਸਰੇ।

੪੩. ਦਾਸ।

# ਬੰਕੋਕ ੨੨-੬-੧੯੫੩

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**- ਜਾਂਹੀ ਕੁਲ ਤੇ ਪਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

ਮੈਂ ਥੋੜੀ ਜਿਹੀ ਅਰਜ਼ ਕਰਾਂ, ਜ਼ਰਾ ਧਿਆਨ ਦੇਣਾ। ਕੱਲ੍ਹ ਜਿਹੜੇ ਮੈਂ ਹੁਕਮਨਾਮੇ ਸਤਿਗੁਰਾਂ ਦੇ ਸੁਣਾਏ ਸੀ, ਕਿ ਸਿੱਖ ਇਸ ਤਰ੍ਹਾਂ ਦੀ ਮਰਯਾਦਾ ਰੱਖੇ, ਹਵਨ ਇਸ ਤਰ੍ਹਾਂ ਕਰਨਾ, ਯੱਗ ਇਸ ਤਰ੍ਹਾਂ ਕਰਨਾ। ਸੂਬਿਆਂ ਨੂੰ ਲਿਖਿਆ,''ਬਈ, ਜੇ ਤੁਸੀਂ ਚੰਗੇ ਹੋਵੋਗੇ ਤੇ ਸਾਨੂੰ ਮਾੜਾ ਕਿਸੇ ਨਹੀਂ ਕਹਿਣਾ।'' ਉਸ ਤੋਂ ਬਾਅਦ ਸੱਚੇ ਪਾਤਸ਼ਾਹ ਜਿਸ ਵੇਲੇ ਪ੍ਰਦੇਸ ਗਏ, ਤਿੰਨ ਸਾਲ ਤਕ ਕੋਈ ਪਤਾ ਨਹੀਂ ਲੱਗਿਆ, ਕਿਉਂਕਿ ਅੱਜ ਸਾਧਨ ਹੋਰ ਤਰ੍ਹਾਂ ਹਨ, ਅੱਜ ਹਰ ਇੱਕ ਆਦਮੀ ਹਰ ਇੱਕ ਜਗ੍ਹਾ ਜਾ ਸਕਦਾ ਹੈ, ਉਹ ਇਹੋ ਜਿਹੇ ਵਕਤ ਸਨ। ਕੋਈ ਆਦਮੀ ਨਾਮਧਾਰੀਆਂ ਦਾ ਸਾਥੀ ਉਸ ਵੇਲੇ ਨਾ ਰਿਹਾ—ਪੰਜਾਬ ਵਿੱਚ। ਜਿਹੜਾ ਗ੍ਰੰਥ ਪੜ੍ਹੇਗਾ (ਭਾਈ ਸੰਤੋਖ ਸਿੰਘ ਦਾ) ਕੋਈ ਵਕਤ ਆਵੇਗਾ, ਜੇ ਪੜ੍ਹਦਿਆਂ ਵਕਤ ਆ ਗਿਆ—ਤਾਂ ਦੇਖੇਗਾ ਕਿ ਕੋਈ ਰਈਸ ਪੰਜਾਬ ਦਾ, ਕੋਈ ਮਹੰਤ ਪੰਜਾਬ ਦਾ, ਕੋਈ ਸਿੱਖਾਂ ਦਾ ਵੱਡਾ ਪੰਜਾਬ ਦਾ, ਨਹੀਂ ਸੀ ਰਿਹਾ ਜਿਨ੍ਹੇ ਦਸਖਤ ਨਹੀਂ ਕੀਤੇ ਕਿ ਸਤਿਗੁਰ ਇਸ ਮੁਲਕ ਨਾ ਆਉਣ। ਕਿਉਂ ?

ਗੁਰੂ ਨਾਨਕ ਨੂੰ ਲੋਕਾਂ ਨੇ ਕੁਰਾਹੀਆ ਕਿਉਂ ਕਿਹਾ ? ਦੁਨੀਆਂ ਵਿੱਚ ਇੱਕ ਕਹਾਵਤ ਹੈ ਕਿ–

*ਲੀਹੇ ਲੀਹੇ ਗਾਡੀ ਚਲੇ ਲੀਹੇ ਚਲਦੇ ਪੂਤ।*
*ਤਿੰਨੇ ਰਾਹ ਨਾ ਚਲਦੇ ਸਿੰਘ, ਸੂਰਮਾ, ਸਪੂਤ।*

ਮਹਾਂਪੁਰਖ ਜਦੋਂ ਆਉਂਦੇ ਹਨ, ਉਹ ਕੁਰੀਤੀ ਜਿਹਨੂੰ ਲੋਕਾਂ ਨੇ ਇੱਕ ਕਿਸਮ ਦਾ ਰਾਹ ਬਣਾਇਆ ਹੁੰਦਾ ਹੈ ਉਸ ਵੇਲੇ, ਉਸ ਤੋਂ ਅਲਹਿਦਾ ਚਲਦੇ ਹਨ। ਗੁਰੂ ਨਾਨਕ ਦੇਵ ਨੂੰ ਲੋਕਾਂ ਇਸੇ ਕਰਕੇ ਕੁਰਾਹੀਆ ਕਿਹਾ, ਕਿਉਂਕਿ ਉਹ ਲੋਕ ਜਿਹੜੇ ਜਾਲਾਂ ਵਿੱਚ, ਭਰਮਾਂ ਵਿੱਚ ਪੈ ਕੇ, ਫਸ ਕੇ, ਮਰ ਰਹੇ ਸੀ, ਉਹਨਾਂ ਨੂੰ ਕਿਹਾ—ਤੁਸੀਂ ਏਸ ਤਰ੍ਹਾਂ ਨਾ ਕਰੋ, ਇਹਦੇ ਅਰਥ ਨੂੰ ਸਮਝੋ।

## ਪਿੱਪਲ ਤੇ ਗਊ ਦੀ ਪੂਜਾ

ਸਾਡੇ ਮੁਲਕ ਵਿੱਚ ਪਿੱਪਲ ਦੀ ਪੂਜਾ ਕਿਉਂ ਹੈ ? ਲੋਕ ਮੱਥਾ ਟੇਕ ਆਉਂਦੇ ਨੇ, ਪਾਣੀ ਪਾ ਆਉਂਦੇ ਨੇ—ਪਤਾ ਕੁਝ ਨਹੀਂ। ਡਾਕਟਰ ਪਰਸਰਾਮ ਜੀ ਇੱਕ ਡਿਚਕੋਟ ਹੁੰਦੇ ਸਨ ਲਾਇਲਪੁਰ ਦੇ ਜ਼ਿਲ੍ਹੇ 'ਚ। ਉਹ ਮਿਲਟਰੀ ਵਿੱਚ ਰਹੇ। ਉਹਨਾਂ ਮੈਨੂੰ ਦੱਸਿਆ ਕਿ ਲਾਹੌਰ ਵਿੱਚ ਮਲੇਰੀਆ ਬਹੁਤ ਪੈਂਦਾ ਸੀ। ਛਉਣੀ ਵਿੱਚ ਇੱਕ ਅੰਗਰੇਜ਼ ਡਾਕਟਰ ਆਇਆ ਜਿਹਨੇ ਪਿੱਪਲ ਲਗਵਾਏ ਔਰ ਉਹ ਸਜਾ ਦੇ ਦੇਂਦਾ ਸੀ ਜੋ ਕੋਈ ਪਿੱਪਲ ਦੀ ਟਾਹਣੀ ਕੱਟੇ। ਉਨ੍ਹਾਂ ਪਿੱਪਲਾਂ ਦੇ ਲੱਗਣ ਨਾਲ ਮਲੇਰੀਆਂ ਬੁਖਾਰ ਬੰਦ ਹੋ ਗਿਆ। ਹੁਣ ਵੀ ਸਾਡੇ 'ਚ ਮਸ਼ਹੂਰ ਗੱਲ ਹੈ, ਕਿ ਜਿਸਨੂੰ ਵਾਰੀ ਦਾ ਬੁਖਾਰ—ਤੇਈਆ ਚੜ੍ਹੇ, ਉਹ ਪਿੱਪਲ ਦੀ ਦਾਤਣ ਕਰੇ ਤੇ ਬੁਖਾਰ ਉੱਤਰ ਜਾਂਦਾ ਹੈ। ਗੁਣ ਤੇ ਭੁੱਲ ਗਿਆ ਪਿੱਪਲ ਦਾ, ਮੱਥਾ ਟੇਕਣਾ ਯਾਦ ਰਹਿ ਗਿਆ।

ਤੁਲਸੀ ਨੂੰ ਕਿਉਂ ਮੱਥਾ ਟੇਕਿਆ ਜਾਂਦੈ ? ਮੈਂ ਅੱਠ ਸਾਲ ਪੂਰੇ, ਰੋਜ਼ ਦੇ ਦੋ ਚਾਰ ਪੱਤੇ ਛਕਦਾ ਰਿਹਾਂ, ਮੈਨੂੰ ਪਤਾ ਹੈ ਕਿ ਮੈਨੂੰ ਅੱਠ ਸਾਲ ਬੁਖਾਰ ਨਹੀਂ ਚੜ੍ਹਿਆ ਔਰ ਸੰਗਰਹਿਣੀ ਤੁਲਸੀ ਹਟਾ ਦਿੰਦੀ ਹੈ। ਪੂਜਣ ਉਹ

ਲੋਕ ਇਸ ਕਰ ਕੇ ਕਰਦੇ ਸੀ, ਜੂਠਾ ਪਾਣੀ ਨਾ ਪਾਓ, ਕੁਛ ਨਾ ਪਾਓ। ਹੁਣ ਅਸੀਂ ਨਿਰਾ ਮੱਥਾ ਟੇਕਣਾ ਜਾਣਦੇ ਹਾਂ।

ਇਸੇ ਤਰ੍ਹਾਂ ਹੁਣ ਗਊ ਦੀ ਗੱਲ ਵੇਖ ਲਓ। ਹਿੰਦੂਆਂ ਵਿੱਚ ਗਊ ਦੀ ਪੂਜਾ ਰਹਿ ਗਈ, ਸੇਵਾ ਨਹੀਂ, ਮੱਥਾ ਟੇਕ ਲੈਣਗੇ, ਕਹਿਣਗੇ—ਸਾਡੀ ਮਾਤਾ ਹੈ—ਗਊ, ਲੇਕਿਨ ਪੱਠੇ ਪਾਉਣ ਵੇਲੇ, ਫਿਰ ? ਹੁਣ ਅਸੀਂ ਪੰਜਾਬ 'ਚ ਦੇਖਦੇ ਹਾਂ ਕਿ ਉੱਥੇ ਬੁੱਚੜਖਾਨੇ ਨਹੀਂ ਰਹੇ ਭਾਵੇਂ, ਪਰ ਹਿੰਦੂ ਵੀ ਤੇ ਸਿੱਖ ਵੀ ਲੈਜਾਕੇ, ਜਦੋਂ ਨਕਾਰੇ ਡੰਗਰ ਹੋ ਜਾਂਦੇ ਨੇ, ਉਹਨਾਂ ਨੂੰ ਮੰਡੀਆਂ 'ਚ ਦੇ ਆਉਂਦੇ ਹਨ ਤੇ ਉਹਦਾ ਮਤਲਬ ਇਹੋ ਹੀ ਹੈ—ਕਹਿਣ ਮਾਤਰ ਪੂਜਾ ਹੈ। ਇਸ ਤਰ੍ਹਾਂ ਲੋਕ ਅਸਲੀਅਤ ਤੋਂ ਜਦੋਂ ਭੁੱਲ ਜਾਂਦੇ ਹਨ, ਮਹਾਂਪੁਰਖ ਆ ਕੇ ਉਨ੍ਹਾਂ ਨੂੰ ਰਸਤੇ ਪਾਉਂਦੇ ਹਨ। ਲੋਕਾਂ ਨੂੰ ਕਿਉਂ ਤਕਲੀਫ ਹੋਈ ਸਤਿਗੁਰਾਂ ਦੀ ? ਕਿਉਂਕਿ ਸਤਿਗੁਰਾਂ ਲੋਕਾਂ ਨੂੰ ਆਖਿਆ,''ਓਏ ਲੋਕੋ ! ਕੁੜੀਆਂ ਮਾਰਨੀਆਂ ਛੱਡੋ। ਵਿਆਹ ਤੇ ਦਾਜ ਦੇਣੇ, ਲੋਕਾਂ ਦਾ ਦਿਖਾਵਾ ਛਡੋ।'' ਗੁਰਬਾਣੀ 'ਚ ਮਹਾਰਾਜ ਨੇ ਲਿਖਿਐ, ਸਾਡੇ ਕੋਲੋਂ ਵੀ ਇਹ ਰਸਮ ਨਹੀਂ ਛੁੱਟਦੀ—ਨਾਮਧਾਰੀਆਂ ਤੋਂ ਵੀ, ਉਹ ਕਹਿੰਦੇ ਨੇ-

**ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ**
**ਸੁ ਕੂੜੁ ਅਹੰਕਾਰੁ ਕਚੁ[1] ਪਾਜੋ[2]।।**

*– ਸਿਰੀ ਰਾਗੁ ਮ:੪, ਪੰਨਾ-੭੯*

ਦਿਉ ਜੋ ਦੇਣਾ ਹੈ—ਕਰੋੜ ਦਿਉ, ਲੱਖ ਦਿਉ, ਲੇਕਿਨ ਇਉਂ ਨਾ ਕਰੋ ਕਿ ਖੋਲ੍ਹ ਕੇ ਰੱਖੋ, ਐਨੇ ਗਹਿਣੇ ਦਿੱਤੇ, ਐਨੇ ਬਸਤ੍ਰ ਦਿੱਤੇ, ਐਨਾ ਰੁਪਈਆ ਦਿੱਤਾ। ਤਾਂ, ਉਹਨਾਂ ਨੇ ਇਹਨਾਂ ਰਸਮਾਂ ਨੂੰ ਬੰਦ ਕਰਨਾ ਸ਼ੁਰੂ ਕੀਤਾ। ਦੂਸਰੇ ਪਾਸੇ ਇਹ ਗੱਲ ਕਿ ਕੋਈ ਮਹਾਂਪੁਰਖ ਅਵਤਾਰ ਜਦੋਂ ਪ੍ਰਗਟ ਹੁੰਦਾ ਹੈ, ਉਸਦੀ ਇਹ ਨਿਸ਼ਾਨੀ ਹੁੰਦੀ ਹੈ—ਹਕੂਮਤ ਨਾਲ ਟੱਕਰ ਹੁੰਦੀ ਹੈ। ਹਕੂਮਤ ਜ਼ੁਲਮ ਕਰਦੀ ਹੈ, ਉਹ ਜ਼ੁਲਮ ਨੂੰ ਬੰਦ ਕਰਨ ਆਉਂਦਾ ਹੈ। ਰਾਮ ਚੰਦਰ ਜੀ ਮਹਾਰਾਜ ਨੂੰ ਕਿਉਂ ਤਕਲੀਫਾਂ ਏਨੀਆਂ ਕੱਟਣੀਆਂ ਪਈਆਂ—ਜ਼ੁਲਮ ਕਰਦੇ ਸਨ ਲੋਕ। ਉਹਨਾਂ ਨੇ ਗਰੀਬਾਂ ਦੀ ਬਾਂਹ ਫੜੀ। ਉਹਦਾ ਨਾਂਉ ਕਦੇ ਬਖਤਾਵਰ ਨਿਵਾਜ ਨਹੀਂ ਆਉਂਦਾ, ਕਦੇ

ਜੋਰਾਵਰ ਨਿਵਾਜ ਨਹੀਂ ਆਉਂਦਾ—ਇਹੋ ਹੀ ਨਾਮ ਆਉ ਗ੍ਰੀਬ ਨਿਵਾਜ, ਦੀਨ ਦਿਆਲ। ਤਾਂ, ਮਹਾਰਾਜ ਰਾਮਚੰਦਰ ਜੀ ਨੇ ਉਸ ਵੇਲੇ ਕਿਹਾ–

*ਨਿਸਚਰ ਹੀਨ ਪ੍ਰਿਥਵੀ ਕਰੋਂ ਭੁਜ ਉਠਾਏ ਪ੍ਰਣ ਕੀਨ।*

*– ਤੁਲਸੀ ਰਮਾਇਣ*

## ਸੁਰ ਅਤੇ ਅਸੁਰ

ਜਿਹੜੇ ਲੋਕ ਜ਼ਾਲਮ ਹਨ, ਦੁੱਖ ਦੇਣ ਵਾਲੇ, ਉਹ ਕੌਣ ਹਨ ? ਗੁਰੂ ਗੋਬਿੰਦ ਸਿੰਘ ਜੀ ਨੇ ਕਿਹੈ, ਕਿ ਸਿੰਗ ਨਹੀਂ ਹਨ ਦੈਂਤਾਂ ਦੇ ਸਿਰ ਤੇ। ਗੁਰੂ ਜੀ ਕਹਿੰਦੇ ਹਨ–

**ਸਾਧ ਕਰਮ[੩] ਜੇ ਪੁਰਖ ਕਮਾਵੈ।।**
**ਨਾਮ ਦੇਵਤਾ ਜਗਤ ਕਹਾਵੈ।।**
**ਕੁਕ੍ਰਿਤ[੪] ਕਰਮ ਜੇ ਜਗ ਮੈ ਕਰਹੀ।।**
**ਨਾਮ ਅਸੁਰ ਤਿਨ ਕੋ ਸਭ ਧਰਹੀ।।੧੫।।**

*– ਦਸਮ ਗ੍ਰੰਥ, ਪੰਨਾ-੪੯*

ਇੱਕ ਸਾਜ ਸੁਰ ਹੈ, ਇੱਕ ਬੇਸੁਰਾ ਹੈ। ਜਿਹੜਾ ਅਸੁਰ ਹੈ, ਉਹ ਕੀ ਹੈ—ਜਿਹੜਾ ਕਿਸੇ ਤੇ ਧੱਕਾ ਕਰਦਾ ਹੈ, ਕਿਸੇ ਨੂੰ ਕੁਹੰਦਾ ਹੈ, ਕਿਸੇ ਨੂੰ ਮਾਰਦਾ ਹੈ—ਸੁਰ ਨਹੀਂ ਨ। ਕਹਿੰਦੇ ਨੇ—ਫਲਾਣੇ ਦੇ ਘਰ ਵਿੱਚ ਬੜਾ ਸੁਰ ਹੈ, ਇੱਕ ਦਾ ਹੁਕਮ ਮੰਨਦੇ ਨੇ। ਜਿੱਥੇ ਧੂਹ ਘਸੀਟ ਹੈ, ਉਹਨੂੰ ਸੁਰ ਨਹੀਂ ਮੰਨਦੇ। ਸੁਰ ਹਨ ਉਹ, ਜਿਹੜੇ ਪਰਮੇਸ਼ਰ ਨਾਲ ਸੁਰ ਹੋਏ—ਹੋਏ ਹਨ, ਉਹਦੇ ਹੁਕਮ ਅਨੁਸਾਰ ਯੱਗ ਕਰਦੇ ਨੇ, ਤੇ ਹਵਨ ਕਰਦੇ ਨੇ, ਨਾਮ ਜਪਦੇ ਨੇ, ਬਾਣੀ ਪੜ੍ਹਦੇ ਨੇ, ਇਸ਼ਨਾਨ ਕਰਦੇ ਨੇ। ਜਿਹੜੇ ਅਸੁਰ ਹੋ ਗਏ, ਦੂਏ ਪਾਸੇ ਤੁਰ ਪਏ—ਨ੍ਹਾਉਣਾ ਨਹੀਂ, ਧੋਣਾ ਨਹੀਂ, ਸੁੱਤੇ ਉੱਠਣਾ ਨਹੀਂ, ਜੰਗਲ ਵਾਲੇ ਹੱਥ ਨਹੀਂ ਧੋਣੇ—ਉਹ ਅਸੁਰ ਹੋ ਗਏ।

ਫਿਰ ਰਾਜ ਆ ਗਿਆ ਅੰਗਰੇਜ਼ ਦਾ। ਸਤਿਗੁਰ ਜਿਸ ਵੇਲੇ ਪ੍ਰਗਟ ਹੋਏ—ਸਤਿਗੁਰੂ ਰਾਮ ਸਿੰਘ ਜੀ, ਉਹਨਾਂ ਦੇਖਿਆ, ਲੋਕਾਂ ਨੂੰ ਇਹਨਾਂ ਨੇ ਦਾਸਤਾ ਦਾ ਕਲੋਰੋਫਾਰਮ ਸੁੰਘਾ ਕੇ ਬੇਹੋਸ਼ ਕਰ ਦਿੱਤਾ ਹੈ। ਕੱਲ੍ਹ

ਆਇਆ ਸੀ ਪ੍ਰਸੰਗ ਕਿ ਸਿੱਖਾਂ ਨੇ ਉਹ ਪਾਰਟ ਅਦਾ ਕੀਤਾ—ਇਹ ਸਿੰਘ ਸਭਾ ਦੇ ਲੀਡਰ ਡਾਕਟਰ ਜਗਜੀਤ ਸਿੰਘ ਜੀ, ਭਾਈ ਮੋਹਨ ਸਿੰਘ ਜੀ ਵੈਦ ਦੇ ਲੜਕੇ ਨੇ ਲਿਖਿਐ—ਸਿੰਘ ਸਭਾ ਲਹਿਰ। ਉਸਨੇ ਕਿਹਾ,''ਸਿੱਖਾਂ ਦੇ ਮੂੰਹ ਤੇ ਉਹ ਦਾਗ ਲੱਗਾ ਹੈ—ਕਾਲਾ ਓਸ ਵੇਲੇ, ਜਿਸ ਵੇਲੇ ਇਹਨਾਂ ਚੌਂਦੇ ਦੇ ਗਦਰ, ਸੰਨ ਸਤਾਵਨ 'ਚ (ਸੰਨ ੧੮੫੭) ਅੰਗਰੇਜ਼ਾਂ ਦੀ ਮਦਦ ਕੀਤੀ ਹੈ, ਜਿਹੜਾ ਕਦੇ ਨਾ ਲਹਿਣ ਵਾਲਾ ਕਲੰਕ ਹੈ।'' ਸਿੱਖ ਇਹੋ ਜਿਹੇ ਹੋ ਗਏ, ਹਿੰਦੂ ਉਹਨਾਂ ਦੇ ਨਾਲ ਰਲ ਗਏ, ਮੁਸਲਮਾਨ ਅੱਗੇ ਨਹੀਂ ਸਨ ਦੇਖਣਾ ਚਾਹੁੰਦੇ। ਅੰਗਰੇਜ਼ ਨੂੰ ਇਸੇ ਚੀਜ਼ ਦੀ ਲੋੜ ਸੀ ਬਈ, ਮੇਰੇ ਸਾਹਮਣੇ ਕਿਉਂ ਕੋਈ ਹੋਵੇ। ਅੱਜ ਤੇ ਹੋਰ ਚੀਜ਼ ਹੈ, ਅੱਜ ਬੜਾ ਵਕਤ ਦਾ ਫਰਕ ਹੈ, ਇੱਕ ਆਦਮੀ ਨੂੰ ਪਕੜਿਆ ਜਾਂਦਾ ਹੈ, ਦੁਨੀਆਂ ਸਾਰੀ 'ਚ ਰੌਲਾ ਪੈ ਜਾਂਦਾ ਹੈ। ਉਦੋਂ ਕੋਈ ਬੋਲਣ ਚਾਲਣ ਵਾਲਾ ਨਹੀਂ ਸੀ। ਹੁਣ ਕੁਛ ਪਤਾ ਲੱਗਾ ਹੈ ਕਿ ਜਿਸ ਵੇਲੇ ਸਤਿਗੁਰਾਂ ਨੂੰ ਪ੍ਰਦੇਸ ਭੇਜਿਆ ਹੈ—ਮੈਂ ਪਰਸੋਂ ਸੁਣ ਕੇ ਆਇਆ ਹਾਂ, ਉਸਨੇ (ਦਵਾਰਕਾ ਸਿੰਘ ਨੇ) ਨੋਟ ਕੀਤਾ ਹੈ ਉੱਥੇ ਲਾਇਬਰੇਰੀ ਕਲਕੱਤੇ ਦੀ ਵਿਚੋਂ, ਮੈਂ ਲਾਇਆ ਹੋਇਆ ਹੈ ਉਸ ਨੂੰ ਕਰਨ ਵਾਸਤੇ ਇਕੱਠਾ, ਇੱਕ ਸਿੱਖ ਨੂੰ—ਉਹ ਕਹਿੰਦੈ—ਇੱਕ ਅੰਗਰੇਜ਼ ਨੇਤਾ ਦਾ ਵੀ ਅਖਬਾਰ ਨਿਕਲਦਾ ਸੀ ਕਲਕੱਤੇ 'ਚ, ਜਿਹਨੇ ਅੰਗਰੇਜ਼ ਵਿਰੁੱਧ ਆਵਾਜ਼ ਉਠਾਈ, ਉਹਦਾ ਨਾਂ ਵੀ ਉਨ੍ਹੇ ਦੱਸਿਆ ਸੀ—ਅਖਬਾਰ ਦਾ ਵੀ, ਉਹ ਨੋਟ ਸਾਰਾ ਕੀਤਾ ਹੈ।

ਸਰ ਪਾਰਥਰ ਡਗਲਸ ਆਪਣੀ ਕਿਤਾਬ ਵਿੱਚ ਕੋਈ ਬਲੇਮ ਸਤਿਗੁਰਾਂ ਉੱਤੇ ਨਹੀਂ ਲਿਆ ਸਕਿਆ, ਲੇਕਿਨ ਪਕੜ ਕੇ ਪਰਾਗ ਰਾਜ ਭੇਜਿਆ—ਦੋ ਮਹੀਨੇ ਤੋਂ ਕੁਛ ਦਿਨ ਘੱਟ। ਉਹ ਵੀ ਉਥੋਂ ਮਿਲਿਐ ਕਿ ਕਿਸ ਮਾਰਚ ਦੀ ਕਿਹੜੀ ਤਰੀਕ★[੧] ਨੂੰ ਸਤਿਗੁਰ ਸੱਚੇ ਪਾਤਸ਼ਾਹ ਕਲਕੱਤੇ ਤੋਂ ਜਹਾਜ਼ ਤੇ ਰਵਾਨਾ ਹੋਏ ਹਨ। ਰੰਗੂਨ ਆ ਗਏ। ਤਾਂ, ਸਾਧਨ ਐਸੇ ਹੀ ਸਨ—ਨਾਮਧਾਰੀ ਨੂੰ ਤਾਂ ਇਹ ਵੀ ਹੁਕਮ ਨਹੀਂ ਕਿ ਉਹ ਦੂਸਰੇ ਪਿੰਡ ਵੀ ਜਾ ਸਕੇ—ਪਤਾ ਕੌਣ ਕਰੇ ? ਗੁਰਦਵਾਰੇ ਭੈਣੀ ਸਾਹਿਬ ਉੱਤੇ ਐਸੀ ਪਾਬੰਦੀ ਸੀ ਕਿ ਦਰਵਾਜ਼ੇ ਉੱਤੇ ਪੁਲਿਸ ਦਾ ਪਹਿਰਾ ਸੀ। ਜਿੰਨੇ ਅੰਦਰ

ਰਹਿਣ ਵਾਲੇ ਸਰੀਰ ਸੀ ਉਹ ਛੁੱਟੀ ਲਏ ਬਗੈਰ ਆਪਣੇ ਕਿਸੇ ਸੰਬੰਧੀ ਨੂੰ ਮਿਲਣ ਨਹੀਂ ਸਨ ਜਾ ਸਕਦੇ। ਕੌਣ ਪਤਾ ਕਰੇ ?

ਤੀਸਰੇ ਸਾਲ ਕੁਦਰਤ ਨਾਲ, ਬਾਰਬਟਨ ਉੱਥੇ ਇੱਕ ਦੋਗਲਾ ਅੰਗਰੇਜ਼ ਸੀ ਜਿਹਦੀ ਮਾਂ ਕਸ਼ਮੀਰਨ ਸੀ, ਜਿਹੜਾ ਪੁਲਸ ਕਪਤਾਨ ਲੱਗਾ ਹੋਇਆ ਸੀ, ਜਿਹਨੇ ਬਹੁਤ ਸਾਲ ਤਕ ਨਾਮਧਾਰੀ ਸਿੱਖਾਂ ਤੇ, ਜੋ ਕੁਛ ਉਹਦੇ ਕੋਲੋਂ ਸਰਿਆ, ਉਹਨੇ ਕੀਤਾ। ਉਹ ਇਹੋ ਜਿਹਾ ਆਦਮੀ ਸੀ, ਪਿੰਡਾਂ ਵਿੱਚ ਵੀ ਜਾ ਕੇ ਜ਼ਨਾਨੀਆਂ 'ਚ ਰਾਤ ਨੂੰ ਲੀੜੇ ਜ਼ਨਾਨੀਆਂ ਦੇ ਪਾ ਕੇ ਜੰਗਲ ਜਾ ਬੈਠਦਾ ਸੀ ਨਾਲ ਤੇ ਲੋਕਾਂ ਦੀਆਂ ਗੱਲਾਂ ਸੁਣਦਾ। ਉਸ ਆਦਮੀ ਨੇ ਬੜਾ ਕੁਛ ਨਾਮਧਾਰੀਆਂ ਦੇ ਖਿਲਾਫ ਕੰਮ ਕੀਤਾ, ਲੇਕਿਨ ਕੁਦਰਤ ਵੀ ਕੋਈ ਚੀਜ਼ ਹੈ।

## ਬਾਬਾ ਦਰਬਾਰਾ ਸਿੰਘ

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਕਹਿੰਦੇ ਨੇ–

*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।*

*– ਵਾਰ ੧੦, ਪਉੜੀ-੨*

ਹਰਨਾਖਸ਼ ਦੈਂਤ ਦੇ ਘਰ, ਕੱਲਰ ਵਿਚ ਕੰਵਲ ਪੈਦਾ ਹੋਇਆ। ਕੰਵਲ ਪਾਣੀ 'ਚ ਪੈਦਾ ਹੁੰਦਾ ਹੈ, ਪਰ ਉਹ ਕਹਿੰਦੇ ਨੇ ਕੱਲਰ 'ਚ ਪੈਦਾ ਹੋਇਆ। ਇਸ ਤਰ੍ਹਾਂ ਹੀ ਬਾਬਾ ਦਰਬਾਰਾ ਸਿੰਘ ਜੀ, ਰਾਏਪੁਰ ਇਨ੍ਹਾ ਦਾ ਨਗਰ ਸੀ, ਗਰੇਵਾਲ ਸਰਦਾਰਾਂ ਵਿਚੋਂ ਸਨ। ਸਤਿਗੁਰਾਂ ਨੇ ਇਹਨਾਂ ਤੇ ਬਖਸ਼ਸ਼ ਕੀਤੀ ਸੀ।

ਦੋ ਕੌਮਾਂ ਜੱਟਾਂ ਸਿੱਖਾਂ ਦੀਆਂ ਉਸ ਵੇਲੇ ਏਡੀਆਂ ਜ਼ਾਲਮ ਸਨ, ਆਪਣੇ ਆਪ ਨੂੰ ਵੱਡੇ ਕਹਾਉਣ ਵਾਲੀਆਂ, ਭਾਵੇਂ ਹੋਰ ਸਨ—ਇੱਕ ਸਰਹਾਲੀ ਦੇ ਇਲਾਕੇ ਦੇ ਸੰਧੂ, ਅਸਲ ਉਹਦਾ ਨਾਂ ਹੈ ਸੰਧੂਵਾਲੀ, ਵਿਗੜ ਕੇ ਸਰਹਾਲੀ ਬਣ ਗਿਐ, ਸੰਧੂਆਂ ਦਾ ਮੁੱਢ ਸੀ, ਔਰ ਇੱਕ ਇਹ ਗਰੇਵਾਲ ਲੁਧਿਆਣੇ ਦੇ ਜ਼ਿਲ੍ਹੇ ਵਿੱਚ ਰਾਏਪੁਰ, ਗੁਜਰਵਾਲ, ਨਾਰੰਗਵਾਲ, ਪਿੰਡ ਸਨ। ਇਹਨਾਂ ਪਿੰਡਾਂ 'ਚ ਸਹੁੰ ਖਾਧੀ ਸੀ ਕਿ ਲੜਕੀ ਨਹੀਂ ਕੋਈ

ਜਿਊਂਦੀ ਰਹਿਣ ਦੇਣੀ ਕਿ ਸਾਡਾ ਵੀ ਕੋਈ ਜਵਾਈ ਬਣੇ। ਸੰਧੂਆਂ ਦੀ ਬਾਬਤ ਤਾਂ ਇਥੋਂ ਤਕ ਹੈ, ਕਿ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਉਹਨਾਂ ਰਿਸ਼ਤਾ ਨਹੀਂ ਸੀ ਦਿੱਤਾ। ਫੇਰ ਐਵੇਂ ਨਾਮ ਮਾਤਰ ਸੰਧੂ ਕੋਈ ਬਣਾ ਕੇ ਮਹਾਰਾਜਾ ਨੇ ਲੜਕੀ ਕਿਸੇ ਦੀ ਲਈ ਸੀ, ਲੇਕਿਨ ਸੰਧੂਆਂ ਰਿਸ਼ਤਾ ਨਹੀਂ ਸੀ ਦਿੱਤਾ।

ਪਹਿਲੀਆਂ ਦੋਨਾਂ ਕੌਮਾਂ 'ਚ ਲੜਕੀ ਨਹੀਂ ਸੀ ਬਚਦੀ। ਇਹ ਸਤਿਗੁਰਾਂ ਦਾ ਪਰਉਪਕਾਰ ਸੀ—ਉਹਨਾਂ ਲੋਕਾਂ ਤੇ। ਇੱਕ ਦਿਨ (ਸਤਿਗੁਰੂ ਰਾਮ ਸਿੰਘ ਜੀ) ਰਾਏਪੁਰ ਗਏ। ਉੱਥੇ ਲੰਗਰ ਸ਼ੁਰੂ ਹੋਇਆ। (ਲਾਂਗਰੀ) ਕਹਿਣ ਲਗੇ,''ਸੱਚੇ ਪਾਤਸ਼ਾਹ ! ਲੰਗਰ 'ਚ ਤੇ ਭਾਂ-ਭਾਂ ਹੋਣ ਲੱਗ ਪਈ ਹੈ, ਅੰਨ ਨਹੀਂ ਰਿਹਾ।''

ਆਪ (ਸਤਿਗੁਰੂ ਰਾਮ ਸਿੰਘ ਜੀ) ਭੇਜਿਆ ਇੱਕ ਸਿੰਘ ਨੂੰ, ਉਹਨੂੰ ਕਿਹਾ,''ਇਸ ਤਰ੍ਹਾ ਸ਼ਬਦ ਦਾ ਪਾਠ ਕਰ, ਉੱਤੇ ਲੀੜਾ ਪਾ ਲੈ—ਵਰਤਾਅ।''

ਵਰਤਿਆ—ਪੁੱਛਿਆ,''ਕੀ ਗੱਲ ਹੈ ?''

(ਸਤਿਗੁਰੂ ਰਾਮ ਸਿੰਘ) ਕਹਿਣ ਲੱਗੇ,''ਜਿਹੜੀਆਂ ਇੱਥੇ ਲੜਕੀਆਂ ਮਾਰੀਆਂ ਨੇ, ਉਹ ਭੂਤਨੀਆਂ ਹੋਈਆਂ ਨੇ, ਉਹ ਨਹੀਂ ਸਨ ਰਹਿਣ ਦਿੰਦੀਆਂ, ਲਈ ਜਾਂਦੀਆਂ ਸਨ।''

ਸਤਿਗੁਰਾਂ ਨੇ ਆ ਕੇ ਸੁਧਾਰ ਕੀਤਾ, ਵਿਹਾਰਕ ਕੀਤਾ, ਨਾਮ ਜਪਣ ਲੋਕਾਂ ਨੂੰ ਲਾਇਆ। ਅੰਗਰੇਜ਼ ਦੇ ਖਿਲਾਫ ਆਵਾਜ਼ ਉਠਾਈ—ਇਹ ਐਸੀ ਬੁਰੀ ਚੀਜ਼ ਹੈ ਕਿ ਤੁਹਾਨੂੰ ਖਾ ਜਾਏਗਾ, ਤੁਸੀਂ ਲੂਣ ਦੀ ਖਾਣ 'ਚ ਪੈ ਗਏ ਹੋ, ਗਲ ਜਾਓਗੇ। ਕੌਣ ਪੁੱਛੇ—ਸਤਿਗੁਰ ਪ੍ਰਦੇਸ 'ਚ—ਉਹ ਬੇਬਸ ਸਿੱਖ—ਗੁਰੂ ਹਰੀ ਸਿੰਘ ਜੀ ਦਾ ਜ਼ਮਾਨਾ। ਉਹਨਾਂ ਦੇ ਵਕਤ ਇਹ ਬਾਬਾ ਦਰਬਾਰਾ ਸਿੰਘ ਜੀ ਜਿਹੜੇ ਸਨ, ਇਹੋ ਜਿਹੇ ਆਦਮੀ ਸਨ, ਮੇਰੇ ਨਾਲ ਉਨ੍ਹਾਂ ਦੇ ਬਚਨ ਬਿਲਾਸ ਹੋਏ। ਮੈਨੂੰ ਉਹਨਾਂ ਦੱਸਿਆ,''ਮੇਰੀ ਇਹ ਹਾਲਤ ਸੀ ਕਿ ਪੰਜ-ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ, ਮੈਂ ਸ਼ਰਾਬ ਦੇ ਗਾਹਣ 'ਚ ਪਾਉਂਦਾ ਹੁੰਦਾ ਸਾਂ।'' ਇਹ ਆਲਮ ਜੀ, ਤੁਹਾਡੇ ਨੋਟ ਕਰਨ ਵਾਲੀ ਗੱਲ ਹੈ। ਫੀਮ ਏਨੀ ਖਾਂਦੇ ਸਨ, ਕਿ ਦਰਖਤਾਂ ਨੂੰ ਫੀਮ

ਲਾ ਆਉਣੀ, ਜਿਧਰ ਜੰਗਲ ਜਾਣਾ—ਉਦੋਂ ਪੋਸਤ ਖੁਲ੍ਹਾ ਬੀਜਦੇ ਸਨ—ਕਿ ਕੱਲ੍ਹ ਨੂੰ ਜਦੋਂ ਜੰਗਲ ਇਧਰ ਆਏ ਤਾਂ ਇਥੋਂ ਲਾਹ ਕੇ ਖਾਵਾਂਗੇ। ਇਹਨਾਂ ਬਾਬਾ ਜੀ ਤੇ ਅਖੀਰ ਤਕ ਨਿਗਰਾਨੀ ਰਹੀ, ਕਿਉਂਕਿ ਇਹ ਅੰਗਰੇਜ਼ ਦੇ ਵਿਰੁੱਧ ਸੰਭਰਾਵਾਂ ਦੀ ਲੜਾਈ 'ਚ ਲੜੇ ਸਨ। ਮੈਨੂੰ ਵੀ ਹੋਸ਼ ਹੈ, ਜਦੋਂ ਇਹਨਾਂ ਦੀ ਪੁੱਛ ਗਿੱਛ ਵਾਸਤੇ, ਫਿਰ ਵੀ ਆਉਂਦੇ ਜਾਂਦੇ ਰਹਿੰਦੇ ਸਨ, ਕਿਉਂ ਬਾਗੀਆਂ ਵਿੱਚੋਂ ਸਨ—ਇਹ। ਮੈਨੂੰ ਉਹਨਾਂ ਦੱਸਿਆ ਸੀ,''ਬਈ, ਤੇਰਾਂ ਆਦਮੀ ਅਸੀਂ—ਉਸ ਵੇਲੇ ਜਦੋਂ ਭਾਜ ਪਈ ਹੈ—ਆਪਣੇ ਘੋੜੇ ਨਾਲ ਪਾਰ ਲੰਘਾਏ ਸਨ। ਚੀਨਾਂ ਸਾਡਾ ਘੋੜਾ ਸੀ—ਏਦੂੰ ਅੱਗੇ ਨਹੀਂ ਸੀ ਕਿਸੇ ਨੂੰ ਹੱਥ ਲਾਉਣ ਦਿੰਦਾ—ਕਿਸੇ ਦੁਮਚੀ ਫੜ ਲਈ, ਕਿਸੇ ਪੂਛ ਫੜ ਲਈ, ਉੱਤੇ ਘੋੜੇ ਦੇ ਸਮਾਨ ਸੀ, ਕਿਸੇ ਤਾਹਰੂ ਫੜ ਲਿਆ, ਕਿਸੇ ਨੇ ਕੁਝ ਫੜ ਲਿਆ, ਡੁੱਬਦੇ ਹੋਏ ਤੇਰਾਂ ਆਦਮੀ ਪਾਰ ਕੀਤੇ ਸਨ।''

ਇਹ ਬਾਬਾ ਜੀ ਗੁਰਦਵਾਰੇ ਭੈਣੀ ਸਾਹਿਬ ਉਦੋਂ ਰਹਿੰਦੇ ਸਨ। ਸਤਿਗੁਰਾਂ ਆਖਿਆ,''ਸਿਟ ਦੇਹ ਦਰਬਾਰਾ ਸਿਹਾਂ ਡੱਬੀ।'' ਉਸੇ ਵੇਲੇ ਡੱਬੀ ਸੁੱਟ ਕੇ ਫੇਰ ਨਹੀਂ ਫੀਮ ਖਾਧੀ। ਤਕਲੀਫ ਜ਼ਰੂਰ ਥੋੜੀ ਜਿਹੀ ਸਰੀਰ ਨੂੰ ਰਹੀ, ਥੋੜਾ ਸੁੱਖਾ ਛਕਦੇ, ਏਸ ਵਾਸਤੇ ਕਿ ਜੰਗਲ ਕਈ ਵੇਰ ਆਉਂਦਾ, ਕਿਉਂਕਿ ਐਨਾ ਅਮਲ ਖਾਣ ਵਾਲੇ ਸਨ, ਲੇਕਿਨ ਮੁੜ ਕੇ ਮੂੰਹ ਨਹੀਂ ਲਾਇਆ। ਇਹ ਗੁਰਦਵਾਰੇ ਭੈਣੀ ਸਾਹਿਬ ਰਹਿੰਦੇ ਸਨ। ਭੈਣੀ ਸਾਹਿਬ ਰਹਿੰਦਿਆਂ ਹੋਇਆਂ ਕੋਈ ਗੁਰਦਵਾਰੇ ਦਾ ਕੰਮ ਹੁੰਦਾ ਸੀ ਤਾਂ ਲੁਧਿਆਣੇ ਇਹ ਜਾਂਦੇ ਸਨ, ਸੱਦੇ ਬੁਲਾਏ ਜਾਂਦੇ ਸਨ।

ਮੇਮ ਜਿਹੜੀ ਬਾਰਬਟਨ ਦੀ ਸੀ, ਉਹ ਕਹਿੰਦੀ ਹੈ ਇਹਨਾਂ ਨੂੰ ਗਿਆਂ ਨੂੰ,''ਤੁਹਾਨੂੰ ਬਾਬਾ ਸਾਹਬ, ਦਾ ਪਤਾ ਹੈ—ਬਾਬਾ ਰਾਮ ਸਿੰਘ ਜੀ ਕਿੱਥੇ ਹਨ, ਤੁਹਾਡੇ ਗੁਰੂ ?''

ਤਾਂ ਬਾਬੇ ਹੁਰੀਂ ਆਖਣ ਲੱਗੇ,''ਸਾਨੂੰ ਤਾਂ ਕੋਈ ਪਤਾ ਨਹੀਂ ਮਹਾਰਾਜ।''

ਬਾਰਬਟਨ ਉਹਨੂੰ ਘੂਰੇ,''ਤੂੰ ਕਿਉਂ ਦੱਸਦੀ ਹੈਂ।'' ਉਹ ਕਹੇ, ''ਕਿਆ ਹਰਜ਼ ਹੈ, ਇਨ੍ਹਾਂ ਦੇ ਗੁਰੂ ਨੇ।''

ਤਾਂ, ਉਸਨੇ ਇਹ ਦੱਸਿਆ ਕਿ ਸਤਿਗੁਰੂ ਰੰਗੂਨ ਵਿੱਚ ਹਨ, ਇੱਥੋਂ

ਕਲਕੱਤੇ ਜਾਈਦਾ ਹੈ, ਕਲਕੱਤਿਉਂ ਜਹਾਜ਼ ਜਾਂਦਾ ਹੈ, ਪੰਜਾਂ ਛਿਆਂ ਦਿਨਾਂ 'ਚ ਉਦੋਂ ਜਹਾਜ਼ ਆਉਂਦਾ ਸੀ, ਜਹਾਜ਼ ਤੋਂ ਉੱਤਰ ਕੇ ਫਲਾਣੇ ਪਾਸੇ, ਫਲਾਣੀ ਸੜਕ ਉੱਤੇ ਬੰਗਲਾ ਹੈ, ਤਿੰਨ ਸਾਲ ਬਾਅਦ ਇਹ ਪਤਾ ਲੱਗਾ।

ਹੁਣ ਉਹਨਾਂ ਸਿੱਖਾਂ ਦੇ ਚਿਤ ਵਿੱਚ ਖਿੱਚ ਸੀ, ਉਨ੍ਹਾਂ ਨੂੰ ਉਹ ਕਿਵੇਂ ਗੱਲਾਂ ਭੁੱਲਦੀਆਂ ਸਨ। ਉਹ ਬਾਹਰ ਆ ਕੇ, ਸਾਰੀ ਚੀਜ਼ ਨੋਟ ਕਰਕੇ, ਆਏ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਕੋਲ—ਅਜੇ ਗੁਰੂ ਹਰੀ ਸਿੰਘ ਦਾ ਨਾਮ ਉਸ ਵੇਲੇ ਹਰੀ ਸਿੰਘ ਸਤਿਗੁਰਾਂ ਨਹੀਂ ਸੀ ਰੱਖਿਆ—ਆ ਕੇ ਦੱਸਿਆ। (ਗੁਰੂ ਹਰੀ ਸਿੰਘ ਜੀ) ਕਹਿਣ ਲੱਗੇ,"ਭਾਈ, ਫਿਰ ਤੂੰ ਹੀ ਜਾਹ, ਹੋਰ ਹੁਣ ਕੌਣ ਜਾਵੇ ਤੇ ਕਿਸ ਤਰ੍ਹਾਂ ਜਾਣ।"

ਬਾਬਾ ਜੀ ਨੇ ਇੱਕ ਮਹੀਨੇ ਦੀ ਛੁੱਟੀ ਲਈ, ਭੈਣੀ ਸਾਹਿਬ 'ਚੋਂ ਤਾਂ ਨਿਕਲੇ। ਕਹਿੰਦੇ,"ਮੇਰਾ ਪੁੱਤਰ ਰਹਿੰਦਾ ਹੈ ਪਟਿਆਲੇ, ਉਹ ਨੌਕਰ ਹੈ, ਮੈਂ ਉਹਦੇ ਕੋਲ ਜਾਣਾ ਹੈ।"

ਛੁੱਟੀ ਇੱਕ ਮਹੀਨੇ ਦੀ ਲੈ ਕੇ ਪਟਿਆਲੇ ਆਏ। ਪਟਿਆਲੇ ਆ ਕੇ ਉਸਨੂੰ ਕਹਿ ਦਿਤਾ,"ਮੈਂ ਤਾਂ ਜਾਣਾ ਹੈ ਚਲਿਆ, ਜੇ ਕੋਈ ਪੁੱਛੇ ਤੂੰ ਕਹੀਂ ਕਿ ਅੰਦਰ ਬੈਠਾ ਭਜਨ ਕਰਦਾ ਰਹਿੰਦਾ ਹੈ, ਨਿਕਲਦਾ ਨਹੀਂ—ਬਾਹਰ, ਕਿਤੇ ਰਾਤ ਨੂੰ ਜੰਗਲ ਜਾਂਦੈ।"

ਜਦੋਂ ਕੋਈ ਪੁੱਛਣ ਆਵੇ ਉਹਨੂੰ ਇਵੇਂ ਕਹਿ ਛੱਡਣਾ—ਜਿਸ ਤਰ੍ਹਾਂ ਸੁਬਾਸ਼ ਜੀ ਇੱਥੋਂ ਨਿਕਲੇ ਹਨ—ਪਤਾ ਕਿਸ ਤਰ੍ਹਾਂ ਹੋ ਸਕਦਾ ਸੀ। ਫਿਰ, ਬਾਬਾ ਜੀ ਗਏ ਰੰਗੂਨ। ਉਹਨਾਂ ਦਿਨਾਂ 'ਚ ਸੱਚੇ ਪਾਤਸ਼ਾਹ ਬੱਘੀ ਤੇ ਚੜ੍ਹ ਕੇ ਬਾਹਰ ਜਾਂਦੇ ਸੀ। ਦਰਸ਼ਨ ਕੀਤਾ। ਫਿਰ ਉਹਨਾਂ (ਸਤਿਗੁਰਾਂ) ਉਲਾਂਭਾ ਦਿੱਤਾ—ਮੌਜ ਦੇ ਮਾਲਕ ਹਨ—"ਕਿਸੇ ਦੀ ਵੱਛੀ ਗਵਾਚ ਜਾਏ, ਤੁਸੀਂ ਤਾਂ ਮੇਰਾ ਵੱਛੀ ਜਿੰਨਾ ਵੀ ਫਿਕਰ ਨਹੀਂ ਕੀਤਾ।" ਫਿਰ ਆਖਿਆ,"ਜੇ ਮੁਰਗੀ ਦਾ ਬੱਚਾ ਗਵਾਚ ਜਾਏ, ਤੁਸੀਂ ਮੇਰਾ ਓਨਾ ਫਿਕਰ ਨਹੀਂ ਕੀਤਾ।"

ਬਾਬੇ ਹੁਰਾਂ ਹੱਥ ਜੋੜ ਕੇ ਅਰਜ਼ ਕੀਤੀ,"ਸੱਚੇ ਪਾਤਸ਼ਾਹ, ਅਸੀਂ ਕੀ ਭਾਲ ਕਰ ਸਕਦੇ ਸਾਂ, ਸਾਨੂੰ ਤੇ ਹੁਣ ਵੀ ਕੋਈ ਪਤਾ ਨਹੀਂ ਸੀ ਲੱਗਦਾ,

ਇਹ ਭੀ ਤੁਸਾਂ ਕਿਰਪਾ ਕੀਤੀ ਹੈ, ਉਹ ਮੇਮ ਦੇ ਅੰਦਰ ਵੱਸੇ ਹੋ ਤੇ ਸਾਨੂੰ ਪਤਾ ਲੱਗਾ ਹੈ।''

ਕਹਿਣ ਲਗੇ,''ਲੰਗਰ ਦਾ ਕੀ ਹਾਲ ਹੈ।''

ਕਿਉਂਕਿ ਸਤਿਗੁਰਾਂ ਨੇ, ਗੁਰੂ ਗੋਬਿੰਦ ਸਿੰਘ ਸਾਹਬ ਨੇ ਸੌ ਸਾਖੀ 'ਚ ਲਿਖਿਆ ਕਿ, ਹੋਰ ਦਾਨ ਜਿੰਨੇ ਹਨ ਭਾਵੇਂ ਹੈਨ, ਪਰ—*ਅੰਨ ਸਭਨ ਤੇ ਸਾਠ।* ਸਭ ਤੋਂ ਅੰਨ ਦਾ ਦਾਨ ਵੱਡਾ ਹੈ, ਜਿਸਨੂੰ ਸਤਿਗੁਰਾਂ ਨੇ ਲੰਗਰ ਵਿੱਚ ਕੀਤਾ, ਔਰ ਉਹ ਲੰਗਰ ਚਲਾਇਆ ਸੰਮਤ ੧੯੧੮ ਬਿਕ੍ਰਮੀ ਤੋਂ ਲੈ ਕੇ ਜਿਹਦਾ ਨਾਉਂ ਸਦਾ ਬਰਤ ਕਹਿ ਸਕੀਦਾ ਹੈ। ਰਾਜਿਆਂ ਲਾਏ, ਵੱਡੇ-ਵੱਡੇ ਆਦਮੀਆਂ ਲਾਏ, ਉੱਥੇ ਲਿਖਿਆ ਹੈ ਇਹ ਸਦਾ ਬਰਤ ਦੋ ਵਜੇ ਤੋਂ ਚਾਰ ਵਜੇ ਤਕ ਖੁਲ੍ਹੇਗਾ। ਨਾਉਂ ਸਦਾ ਬਰਤ, ਖੁਲੇਗਾ ਦੋ ਘੰਟੇ, ਦੋ ਘੰਟੇ ਬਰਤ ਨਾਮ ਚਾਹੀਦਾ ਹੈ।

ਉਹਨਾਂ ਦੀ ਕਿਰਪਾ ਦਾ ਅਜੇ ਵੀ ਉਹ ਫਲ ਹੈ, ਉੱਥੇ ਗੁਰਦਵਾਰੇ 'ਚ, ਕਿ ਤੜਕੇ ਲਾਂਗਰੀ ਚਾਰ ਵਜੇ ਆ ਕੇ ਸੂਰਜ ਦੀ ਟਿੱਕੀ ਨਿਕਲਦੀ ਨਾਲ ਪ੍ਰਸਾਦ ਤਿਆਰ ਕਰਦੇ ਹਨ। ਰਾਤ ਦੇ ਨੌਂ ਵਜੇ ਤਕ ਲਾਂਗਰੀ ਲੰਗਰ 'ਚ ਰਹਿੰਦੇ ਹਨ। ਓਦੂੰ ਬਾਅਦ ਵੀ ਦਰਵਾਜੇ ਵਿੱਚ ਇੱਕ ਟੋਕਰਾ ਪਰਸਾਦਿਆਂ ਦਾ ਤੇ ਇੱਕ ਤਾਸ ਦਾਲੇ ਦਾ ਰਹਿੰਦਾ ਹੈ, ਅਜੇ ਤਕ ਉਨ੍ਹਾਂ ਦੀ ਕਿਰਪਾ ਨਾਲ। ਉਹ ਅਲਮਾਰੀ, ਉਨ੍ਹਾਂ ਦੀ ਬਣਾਈ, ਉਸੇ ਤਰ੍ਹਾਂ ਕਾਇਮ ਹੈ। ਸਿੱਖ ਉੱਥੇ ਪਿਆ ਰਹਿੰਦਾ ਹੈ, ਕਿਸੇ ਵੇਲੇ ਵੀ ਕੋਈ ਰਾਤ ਨੂੰ ਆਵੇ ਤਾਂ ਉਹ ਅੰਨ ਪਾਣੀ ਦਿੰਦਾ ਹੈ। ਲੰਗਰ ਦੀ ਗੱਲ ਪੁੱਛੀ।

ਹੁਣ ਕੁਦਰਤ ਦੀ ਖੇਡ ਹੈ, ਕਿਸੇ ਦੇ ਹੱਥ ਨਹੀਂ ਹੈ। ਕਈ ਗੁਰੂ ਨਾਨਕ ਨੂੰ ਮਿਲੇ, ਜਦੋਂ ਗੁਰੂ ਅੰਗਦ ਦਾ ਵੇਲਾ ਆਇਆ ਉਹ ਭੁੱਲ ਗਏ; ਕਈ ਗੁਰੂ ਅੰਗਦ ਨੂੰ ਮਿਲੇ ਉਹ ਗੁਰੂ ਅਮਰਦਾਸ ਦੇ ਵੇਲੇ ਭੁੱਲ ਗਏ; ਕੋਈ ਗੁਰੂ ਰਾਮਦਾਸ ਤੇ ਭੁੱਲ ਗਏ; ਗੁਰੂ ਹਰਗੋਬਿੰਦ ਦੇ ਵੇਲੇ ਤਾਂ ਆ ਕੇ ਬਹੁਤੇ ਹੀ ਡਿੱਗ ਗਏ, ਬਈ ਇਹ ਗੁਰੂ ਕੀ ਹੈ—ਸ਼ਿਕਾਰ ਖੇਡਦਾ ਹੈ, ਆਹ ਕਰਦਾ ਹੈ। ਫਿਰ ਗੁਰੂ ਗੋਬਿੰਦ ਸਿੰਘ ਦਾ ਜ਼ਮਾਨਾ ਆਇਆ ਤਾਂ ਉਹਨਾਂ ਨੇ ਜਦੋਂ ਤਲਵਾਰ ਫੜੀ, ਫੇਰ-

*ਜੋ ਥੇ ਛਕੱਈਏ ਕੁਣਕੇ ਕੇ।*
*ਓਹ ਭਾਜ ਗਏ ਇਕ ਠੁਣਕੇ ਮੇਂ।*

ਉਹਨਾਂ ਦੇਖਿਆ, ਗੁਰੂ ਨੂੰ ਤਾਂ ਦੇਵੀ ਪੁੱਠੀ ਪੈ ਗਈ, ਇਹ ਤਾਂ ਸਿਰ ਮੰਗਦਾ ਹੈ, ਭੱਜ ਤੁਰੇ। ਓਦੂੰ ਬਾਅਦ ਵੀ ਸਿੱਖ ਸਜੇ ਹੋਏ, ਮਹਾਰਾਜ ਕਹਿ ਰਹੇ,''ਸੱਤ ਦਿਨ ਤੁਸੀਂ ਕੱਟੋ, ਫੌਜਾਂ ਕਾਂ ਕੁੱਤੇ ਹੋ ਜਾਣਗੀਆਂ, ਤੁਸੀਂ ਸਦਾ ਅਨੰਦਪੁਰ ਵਿਚ ਆਨੰਦ ਲਉਗੇ।''

ਉਹਨਾਂ ਕਿਹਾ,''ਜੇ ਪਲ ਕਹੇਂ, ਤਾਂ ਪਲ ਨਹੀਂ ਰਿਹਾ ਜਾਂਦਾ, ਜੇ ਘੜੀ ਕ੍ਹਵੇਂ ਤਾਂ ਘੜੀ ਨਹੀਂ ਰਿਹਾ ਜਾਂਦਾ।''

''ਫਿਰ ਬਈ, ਜੇ ਜਾਣਾ ਹੈ ਤਾਂ ਲਿਖ ਦਿਉ ਇਥੇ ਰਿਹਾਂ ਦਾ ਮੈਂ ਤੁਹਾਡਾ ਵਾਲੀ ਵੀ ਤੇ ਵਾਰਸ ਵੀ, ਇਥੋਂ ਗਿਆ ਦਾ ਤੁਸੀਂ ਲਿਖੋ ਕਿ ਨਾ ਤੂੰ ਸਾਡਾ ਗੁਰੂ ਤੇ ਨਾ ਅਸੀਂ ਤੇਰੇ ਸਿੱਖ।''

ਕਿਤਨਾ ਬੁਰਾ ਸ਼ਬਦ ਹੈ। ਕਿਆ ਸਮਾਂ ਆਇਆ ਹੈ। ਉਹ ਵੇਲਾ ਹੈ, ਇੱਕ ਪਾਸੇ ਪਹਾੜੀਏ ਹਨ, ਇੱਕ ਪਾਸੇ ਮੁਸਲਮਾਨ ਹਨ, ਅਰ ਸਿੱਖ ਜਵਾਬ ਦੇਂਦੇ ਜਾ ਰਹੇ ਹਨ। ਵਾਹ ! ਗੁਰੂ ਗੋਬਿੰਦ ਸਿੰਘ ਇਹ ਤੇਰੀ ਬਰਕਤ ਹੈ, ਕਿ ਫਿਰ ਵੀ ਕੋਈ ਪਰਵਾਹ ਨਹੀਂ, ਉਸ ਹਾਲਤ ਵਿੱਚ ਵੀ। ਉਸੇ ਤਰ੍ਹਾਂ ਹੀ ਆਉਂਦਿਆਂ—ਚਾਲ੍ਹੀ ਆਦਮੀ ਨਾਲ ਰਹਿ ਗਏ। ਲਿਖਿਆ ਹੈ ਆਪ ਮਹਾਰਾਜ ਨੇ ਔਰੰਗਜ਼ੇਬ ਨੂੰ ਕਿ ਤੁਹਾਡੀ ਜਿਹੜੀ ਮੁਸਲਮਾਨਾਂ ਦੀ ਕਸਮ ਹੈ–

**ਮਰਾ ਐਤਬਾਰੇ ਬਰ ਈਂ ਕਸਮ ਨੇਸਤ।।**
**ਕਿ ਏਜ਼ਦ ਗਵਾਹ ਅਸਤੁ ਯਜ਼ਦਾਂ ਯਕੇਸਤ।।**
**ਨ ਕਤਰਹ[੫] ਮਰਾ ਐਤਬਾਰੇ ਬਰੋਸਤ[੬]।।**
**ਕਿ ਬਖ਼ਸ਼ੀ[੭] ਵ ਦੀਵਾਂ[੮] ਹਮਹ ਕਿਜ਼ਬ ਗੋਸਤ[੯]।।**

*– ਜ਼ਫਰਨਾਮਾ ਪਾਤਸ਼ਾਹੀ ੧੦, ਦਸਮ ਗ੍ਰੰਥ ਪੰਨਾ-੧੩੮੯*

ਤੇਰੇ ਬਖਸ਼ੀ ਦੀਵਾਨਾਂ ਤੇ ਵੀ ਮੈਨੂੰ ਜ਼ਰਾ ਇਤਬਾਰ, ਕਤਰਾ ਜਿੰਨਾਂ ਨਹੀਂ। ਇਹ ਸਭ ਝੂਠ ਬੋਲਣ ਵਾਲੇ ਹਨ। ਔਰ ਪਿਛੇ ਜਾ ਕੇ ਮਹਾਰਾਜ ਕਹਿੰਦੇ ਨੇ—ਹੁਣ ਅਸੀਂ ਕਰੀਏ ਕੀ, ਸਾਡੇ ਤੇ ਵੀ ਆ ਗਈ ਇਹ ਗੱਲ,

ਸਾਡੇ ਆਗੂ ਵੀ ਏਸ ਝੱਸੇ 'ਚ ਫਸ ਗਏ ਨੇ—ਉਹ ਕਹਿੰਦੇ ਹਨ-

**ਕਸੇ[੧੦] ਕਉਲ[੧੧] ਕੁਰਆਂ[੧੨] ਕੁਨਦ[੧੩] ਐਤਬਾਰ।।**

ਜੋ ਕੋਈ ਆਦਮੀ ਕੁਰਾਨ ਦੀ ਕਸਮ ਉੱਤੇ ਇਤਬਾਰ ਕਰੇਗਾ।

**ਹੁਮਾ[੧੪] ਰੋਜ਼[੧੫] ਆਖਰ[੧੬] ਸ਼ਵਦ[੧੭] ਮਰਦ ਖੁਆਰ[੧੮]।।**

*– ਜ਼ਫਰਨਾਮਾ ਪਾਤਸ਼ਾਹੀ ੧੦, ਦਸਮ ਗ੍ਰੰਥ ਪੰਨਾ-੧੩੮੯*

ਅਖੀਰ ਦੇ ਵਕਤ ਉਹ ਮਰਦ ਖੁਆਰ ਹੋਵੇਗਾ। ਕਸਮਾਂ ਖਾ ਕੇ, ਹਿੰਦੂਆਂ ਨੇ ਗਊ ਰੱਖੀ—ਵਿੱਚ, ਕੋਲ ਛੁਰੀ ਰੱਖੀ, ਜੇ ਤੇਰੇ—ਨਿਕਲਿਆਂ ਬਾਹਰ—ਨਾਲ ਬੁਰਾ ਕਰੀਏ ਤੇ ਗਊ ਦੇ ਗਲ ਤੇ (ਛੁਰੀ)। ਮੁਸਲਮਾਨਾਂ ਨੇ ਕੁਰਾਨ ਦੀ ਕਸਮ ਖਾਧੀ। ਨਿਕਲੇ, ਲੱਗ ਪਏ ਮਗਰ। ਚਾਲੀ ਸਿੱਖ—ਦਸ ਲੱਖ ਫੌਜ। ਕਹਿੰਦੇ ਨੇ-

**ਗੁਰਸਨਹ[੧੯] ਚਿ[੨੦] ਕਾਰੇ[੨੧] ਕੁਨਦ[੨੨] ਚਿਹਲ[੨੩] ਨਰ।।**
**ਕਿ ਦਹ ਲਖ ਬਰਾਯਦ[੨੪] ਬਰੋ ਬੇਖਬਰ[੨੫]।।**

*– ਜ਼ਫਰਨਾਮਾ ਪਾਤਸ਼ਾਹੀ ੧੦, ਦਸਮ ਗ੍ਰੰਥ ਪੰਨਾ-੧੩੮੯*

ਜਿਨ੍ਹਾ ਦੇ ਉੱਤੇ ਦਸ ਲੱਖ ਫੌਜ ਆ ਜਾਵੇ ਫੇਰ, ਉੱਥੇ ਵੀ ਇਹੋ ਕੁਝ, ਸਭ ਕੁਝ ਕਰਦਿਆਂ ਹੋਇਆ.............।

ਮਹਾਂਭਾਰਤ ਦੇ ਜੰਗ ਵੇਲੇ ਹਰ ਇੱਕ ਨੂੰ ਪੁੱਛਿਆ ਗਿਆ ਕਿ ਕਿੰਨੇ ਚਿਰ ਵਿੱਚ ਜੰਗ ਖਤਮ ਹੋ ਸਕਦਾ ਹੈ। ਕਿਸੇ ਨੇ ਆਖਿਆ—ਦਸਾਂ 'ਚ , ਕਿਸੇ ਨੇ ਆਖਿਆ—ਵੀਹਾਂ 'ਚ। ਅਰਜਨ ਨੇ ਕਿਹਾ,''ਇੱਕ ਤੀਰ ਨਾਲ ਮੈਂ ਜੰਗ ਖਤਮ ਕਰ ਸਕਦਾਂ, ਪਰ ਮੇਰੇ ਗੁਰੂ ਦਾ ਹੁਕਮ ਨਹੀਂ ਇਹ ਤੀਰ ਚਲਾਉਣ ਦਾ।'' ਲੋਕ ਬ੍ਰਹਮ ਗਿਆਨੀ ਵੀ ਥੇ ਜੋ ਜਾਣਦੇ ਥੇ।

ਗੁਰੂ ਸਾਹਿਬ ਦਾ ਪੜ੍ਹੋ ਪ੍ਰਸੰਗ, ਚਮਕੌਰ ਦੇ ਕਿਲ੍ਹੇ ਚੋਂ ਇੱਕ ਤੀਰ ਮਾਰਿਆ ਜਿਸ ਨਾਲ ਦਸ ਹਜ਼ਾਰ ਤੁਰਕ ਮਰ ਗਿਆ। ਦੂਸਰਾ ਮਾਰਿਆ ਦਸ ਹਜ਼ਾਰ ਫੇਰ ਮਰ ਗਿਆ, ਕਿਉਂਕਿ ਇਹ ਉਹ ਚੀਜ਼ ਸੀ ਜਿਹੜੀ ਉਸਨੇ ਸੂਬੇ ਨੇ ਆਖਿਆ ਸੀ—ਗੁਰੂ ਦਾ ਤੀਰ ਕਰਾਮਤ ਹੈ। ਉਨ੍ਹਾਂ ਆਖਿਆ,''ਮੈਂ ਤੀਰਾਂ ਤੇ ਕੀ ਕਰਾਮਾਤ ਲਾਉਣੀ ਹੈ, ਮੇਰੀ ਕਰਤ ਵਿੱਦਿਆ ਹੈ।''

ਮਹਾਂਰਥੀ ਅਰ ਮਹਾਂ ਧਨੁਰ ਧਰ, ਹੁਣ ਤੇ ਲੋਕਾਂ ਨੂੰ ਗੱਲਾਂ ਹੀ ਭੁੱਲ ਗਈਆਂ ਹਨ। ਇੱਕ ਰਥੀ, ਜਿਹੜਾ ਇੱਕ ਰਥ ਵਾਲੇ ਨਾਲ ਲੜੇ; ਇੱਕ ਅਤਰਥੀ ਜਿਹੜਾ ਸੌ ਨਾਲ ਲੜੇ, ਇਕ ਮਹਾਂਰਥੀ ਜਿਹੜਾ ਆਪ ਬੇਅੰਤਾਂ ਨਾਲ ਲੜੇ। ਮਹਾਂਰਥੀ ਔਰ ਮਹਾਂ ਧਨੁਰ ਧਰ—ਗੁਰੂ ਗੋਬਿੰਦ ਸਿੰਘ ਨੇ ਇੱਥੋਂ ਤਕ ਵਿੱਦਿਆ ਪ੍ਰਾਪਤ ਕੀਤੀ।

ਚਮਕੌਰ ਦੇ ਵਿੱਚੋਂ ਨਿਕਲ ਕੇ ਚਰਨ ਸੂਲਾਂ ਨਾਲ ਪਾਟੇ ਹੋਏ ਹਨ, ਮਾਛੀਵਾੜੇ ਦੇ ਜੰਗਲ 'ਚ ਪਏ ਨੇ, ਪਰ ਕਹਿੰਦੇ ਨੇ-

**ਯਾਰੜੇ ਦਾ ਸਾਨੂ ਸੱਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ।।**

*- ਦਸਮ ਗ੍ਰੰਥ ਪੰਨਾ-੭੧੧*

ਉੱਥੇ ਕਿਸੇ ਕਵੀ ਨੇ ਲਿਖਿਆ ਹੈ-

*ਦਲ ਬਡਾਰ ਜਹੇ ਸੈਂਕੜੇ ਖੜੇ ਘੋੜੇ,*
*ਹਾਥੀ ਝੂਲਦੇ ਸਣੇ ਅੰਮ੍ਹਾਰੀਆਂ ਸਨ।*
*ਅਜ ਉਹ ਸਤਿਗੁਰੂ ਜੀ ਪਏ ਭੁੰਜੇ*
*ਰੱਬਾ ਤੇਰੀਆਂ ਕੁਦਰਤਾਂ ਨਿਆਰੀਆਂ ਹਨ।*

ਪਰ ਕੀ ਕਹਿੰਦੇ ਨੇ-

**ਯਾਰੜੇ ਦਾ ਸਾਨੂ ਸੱਥਰੁ ਚੰਗਾ**
**ਭਠ ਖੇੜਿਆਂ ਦਾ ਰਹਿਣਾ।।**

ਸਤਿਗੁਰਾਂ ਦੇ ਵਕਤ, ਸਤਿਗੁਰ ਸੱਚੇ ਪਾਤਸ਼ਾਹ ਦੇ ਵੇਲੇ, ਸਾਰੀ ਪੰਜਾਬ ਕੀ—ਹਿੰਦੁਸਤਾਨ 'ਚੋਂ, ਵੱਡੇ-ਵੱਡਿਆਂ ਆਦਮੀਆਂ 'ਚੋਂ, ਦੋ ਆਦਮੀਆਂ ਦਾ ਨਾਉਂ ਸਾਡੇ ਕੋਲ ਆਇਆ ਹੈ। ਇੱਕ ਬਾਬਾ ਨਰਾਇਣ ਸਿੰਘ ਜੀ ਨਿਰਮਲੇ ਮਹਾਤਮਾਂ, ਸੇਖੂਆਂ ਪਿੰਡ—ਜੀਰੇ ਤੋਂ ਤਲਵੰਡੀ ਨੂੰ ਸੜਕ ਪੱਕੀ ਦੇ ਉੱਤੇ ਪਿੰਡ ਹੈ। ਉਹਨਾਂ ਦੇ ਬਸਤਰ ਵੀ ਚਿੱਟੇ, ਭਾਵੇਂ ਨਿਰਮਲੇ ਸਨ ਔਰ ਲੰਗਰ ਦੀ ਮਰਯਾਦਾ ਵੀ ਏਸੇ ਤਰ੍ਹਾਂ ਹੀ। ਸਤਿਗੁਰਾਂ ਨੂੰ ਮੁਕਤਸਰ ਮਿਲੇ। ਸਤਿਗੁਰਾਂ ਨੂੰ ਚਰਣੀ ਹੱਥ ਲਾਉਣ ਲੱਗੇ, ਸਤਿਗੁਰਾਂ ਆਖਿਆ,"ਨਾ ਮਹਾਰਾਜ, ਤੁਸੀਂ ਸੰਤ ਹੋ।" ਚਰਨਾਂ ਵਾਲਾ ਹੱਥ ਫੜ ਕੇ ਉੱਤੇ ਗਲ ਨਾਲ ਲਾ ਲਏ।

ਉਹ ਕਹਿੰਦੇ ਨੇ,''ਮਹਾਰਾਜ ਤੁਸੀਂ ਸੰਤਾਂ ਨੂੰ ਬਣਾਉਣ ਵਾਲੇ ਹੋ।''

ਉਨ੍ਹਾਂ ਮਹਾਤਮਾ (ਬਾਬਾ ਨਰਾਇਣ ਸਿੰਘ) ਨੇ, ਇੱਕ ਮਹਾਤਮਾ ਬ੍ਰਹਮ ਬੂਟਾ ਜੀ ਉਦਾਸੀ, ਅੰਮ੍ਰਿਤਸਰ ਵਾਲੇ ਜਿਹਨਾਂ ਨੇ ਦਸਖਤ ਨਹੀਂ ਕੀਤੇ, ਨਹੀਂ ਤੇ ਸਾਰੀ ਪੰਜਾਬ ਦੇ ਦਸਖਤ ਹੋਏ—ਕਿ ਇਹ ਨਾ ਏਸ ਮੁਲਕ 'ਚ ਆਵੇ, ਗਦਰ ਪਾ ਦੇਊ।

ਤਾਂ, ਬਾਬਾ ਜੀ ਗਏ, ਸਤਿਗੁਰਾਂ ਪਹਿਲਾਂ ਲੰਗਰ ਦੀ ਗੱਲ ਪੁੱਛੀ, ਫਿਰ ਇੱਕ ਹੁਕਮਨਾਮਾ ਲਿਖ ਕੇ ਦਿੱਤਾ, ਕਿਉਂਕਿ ਹੁਕਮਨਾਮੇ ਸਾਡੇ ਕੋਲ ਸਾਰੇ ਨਹੀਂ। ਕਈਆਂ ਦਾ ਅੱਧ-ਅੱਧ ਸਾਨੂੰ ਮਿਲਿਐ, ਉਸ ਵੇਲੇ ਸੜ ਗਏ, ਅੰਗਰੇਜ਼ ਲੈ ਗਏ—ਉਹ ਹੁਕਮਨਾਮਾ ਜੀਹਦੇ 'ਚ ਲਿਖਿਆ ਸੀ, ''ਇਸਦਾ ਨਾਉਂ ਅੱਜ ਤੋਂ ਹਰੀ ਸਿੰਘ ਰੱਖਿਆ ਹੈ, ਔਰ ਇਸਨੂੰ ਸਿਰ ਕਰਤਾ ਜਾਣਨਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ।'' ਹੋਰ ਹੁਣ ਕੀ ਨਿਸ਼ਾਨ ਹੈ ਗੁਰਿਆਈ ਦਾ ? ਜਿਹੜੇ ਲੋਕ ਅੱਜ ਕਹਾਉਂਦੇ ਕੂਕੇ ਹਨ—ਮੰਨਦੇ ਨਹੀਂ, ਬਈ ਲਹਿਣੇ ਤੋਂ ਅੰਗਦ ਨਾਉਂ ਧਰਿਆ—ਨਾਉਂ ਬਦਲ ਦਿੱਤਾ, ਕਹਿ ਦਿੱਤਾ,''ਮੇਰੀ ਜਗ੍ਹਾ ਇਹ ਹਰੀ ਰਖੇਗਾ—ਸਿੱਖੀ।''

ਅਗਰ ਇਤਿਹਾਸ ਕੋਈ ਦਿਨ ਤੁਹਾਡੇ ਸਾਹਮਣੇ ਆਇਆ ਤਾਂ ਤੁਹਾਨੂੰ ਪਤਾ ਲਗੇਗਾ, ਚੌਤੀ ਸਾਲ ਸਤਿਗੁਰਾਂ ਦੇ ਜਾਣ ਤੋਂ ਬਾਅਦ ਜਿਸ ਤਰ੍ਹਾਂ ਦੀ ਤਕਲੀਫ ਉਸ ਵਕਤ 'ਚ ਮਾਤਾ ਜੀ ਨੇ, ਗੁਰੂ ਹਰੀ ਸਿੰਘ ਜੀ ਨੇ ਝੱਲੀ ਹੈ, ਸਿੱਖਾਂ ਨੇ ਝੱਲੀ ਹੈ। ਵੜਨਾ ਨਹੀਂ ਸੀ ਮਿਲਦਾ, ਪੰਜਾਂ ਨੂੰ ਇਕੱਠਾ ਨਹੀਂ ਸੀ ਹੋਣਾ ਮਿਲਦਾ। ਉਹ ਮੈਨੂੰ ਇਹ ਪਤਾ ਹੈ, ਬਈ ਅਨੰਦ ਨਾ ਭੈਣੀ ਸਾਹਿਬ ਪੜ੍ਹਾਉਣਾ ਮਿਲੇ, ਤੇ ਅੰਦਰ ਮੰਦਰ ਦੇ ਥੰਮ੍ਹ ਦੇ ਦੁਆਲੇ ਗੁਰੂ ਹਰੀ ਸਿੰਘ ਜੀ ਨੇ ਫੇਰੇ ਦੁਆਏ—ਚੋਰੀ ਬੂਹੇ ਬੰਦੇ ਕਰਕੇ। ਸਿੱਖਾਂ ਦੇ ਲੜਕਿਆਂ ਦੇ ਅਨੰਦ ਨਾ ਪੜ੍ਹਾਉਣ ਦੇਣ—ਇਹ ਮੇਰੇ ਦੇਖਣ ਦੀ ਗੱਲ ਹੈ।

ਉਹ ਹੁਕਮਨਾਮਾ ਜਿਹੜਾ ਗੁਰੂ ਹਰੀ ਸਿੰਘ ਜੀ ਵਾਲਾ ਸੀ, ਉਹ ਹੁਕਮ ਸੀ ਕਿ ਅੱਗ ਦੀ ਭੇਟਾ ਕਰ ਦੇਣਾ—ਉਸ ਵੇਲੇ ਕਰ ਦਿੱਤਾ। ਹੁਕਮ

ਕੀਤਾ ਕਿ ਕਰੜਾ ਦਾਲਾ ਤੇ ਮੋਟਾ ਪ੍ਰਸ਼ਾਦਾ ਹੋਵੇ। ਜਿਹਦਾ ਪ੍ਰਸ਼ਾਦਾ ਮੋਟਾ ਤੇ ਦਾਲਾ ਕਰੜਾ ਹੋਵੇਗਾ ਉਹਨੂੰ ਤੋਟ ਕਦੇ ਨਹੀਂ ਆਉਂਦੀ। ਹੁਣ ਤਕ ਉਹਨਾਂ ਦੇ ਹੁਕਮ ਨਾਲ ਉਸੇ ਤਰ੍ਹਾਂ ਹੈ। ਬਈ, ਜਿਹੜਾ ਦਾਲਾ ਪਰਸ਼ਾਦਿਆ ਦੇ ਉੱਤੇ ਪੈ ਜਾਏ ਤੇ ਨਾ ਡਿੱਗੇ—ਲੋਕ ਲੈਣ। ਉੱਥੇ ਰੰਗੂਨ ਹੁਕਮ ਦਿੰਦੇ ਹਨ—ਉਸੇ ਦਿਨ ਗੁਰੂ ਹਰੀ ਸਿੰਘ ਜੀ ਲਾਂਗਰੀਆਂ ਨੂੰ ਭੈਣੀ ਸਾਹਿਬ ਜਾ ਕੇ ਕਹਿੰਦੇ ਨੇ,''ਭਾਈ ਸਤਿਗੁਰਾਂ ਦਾ ਹੁਕਮ ਹੈ ਮੋਟਾ ਪਰਸ਼ਾਦਾ ਤੇ ਕਰੜਾ ਦਾਲਾ।'' ਬਾਬਾ ਜੀ ਜਿਸ ਵੇਲੇ ਗਏ, ਉਹ ਦਿਨ ਦੇਖਿਆ ਉਹੋ ਹੀ ਵਕਤ ਸੀ।

ਫਿਰ ਜਦੋਂ ਸਿੱਖਾਂ ਨੂੰ ਪਤਾ ਲੱਗਿਆ, ਸਿੱਖ ਏਥੇ ਆਉਣ ਲੱਗੇ, ਸਤਿਗੁਰਾਂ ਦੇ ਦਰਸ਼ਨਾਂ ਨੂੰ। ਇਹ ਵੀ ਪਤਾ ਲੱਗਾ ਕਿ ਕਈਆਂ ਆਦਮੀਆਂ ਨੂੰ ਸਮੁੰਦਰ 'ਚ ਵੀ ਡੋਬ ਕੇ ਮਾਰਿਆ ਗਿਆ, ਜਿਹਨਾਂ ਦੇ ਅੱਗੇ ਪਿੱਛੇ ਦਾ ਪਤਾ ਨਹੀਂ ਲੱਗਾ। ਇਹ ਇੱਕ ਆਦਮੀ ਨੇ ਇੱਕ ਲੇਖ ਲਿਖਿਆ ਸੀ ਅਖਬਾਰ 'ਚ ਫੁਲਵਾੜੀ 'ਚ, ਜਿੱਥੇ ਤਕ ਮੇਰਾ ਖਿਆਲ ਹੈ, ਜੇ ਮੈਂ ਨਹੀਂ ਭੁੱਲਦਾ ਕਮਲੇ ਅਕਾਲੀ ਦਾ ਲੇਖ ਸੀ ਪਹਿਲੇ ਵਕਤ ਦਾ, ਮੈਂ ਪੜ੍ਹਿਆ ਹੈ।

ਉੱਥੋਂ ਸਤਿਗੁਰ ਜੋ ਹੁਕਮ ਦਿੰਦੇ ਰਹੇ ਰੰਗੂਨ ਤੋਂ, ਉਹ ਸਿੱਖ ਜਿਹੜੇ -ਜਿਹੜੇ ਜਾਂਦੇ ਲੈ ਕੇ ਆਉਂਦੇ ਰਹੇ। ਓਥੇ ਨਾਂਉ ਆਪਣਾ ਬਦਲ ਕੇ ਦਇਆਲ ਸਿੰਘ ਰੱਖਿਆ। ਅਸੀਂ ਤਾਂ ਇਹਦਾ ਇਹੋ ਹੀ ਅਨੁਮਾਨ ਲਾਇਆ ਹੈ, ਬਈ ਰਾਮ ਦਾ ਜਿਹੜਾ ਰੂਪ ਸੀ ਨ ਰਾਮ—ਓਥੇ ਉਹਨਾਂ ਨੇ ਧਰਮ ਨੀਤੀ ਨੂੰ ਰੱਖ ਕੇ ਬੇਅਦਾਲਤੀ ਨਹੀਂ ਕੀਤੀ, ਡੰਨ ਵਾਲਿਆ ਨੂੰ ਡੰਨ ਦਿੱਤਾ, ਪਰ ਇਹ ਰੂਪ ਜਦੋਂ ਧਾਰਿਆ ਇਸੇ ਵਾਸਤੇ ਕਿ ਸਿੱਖਾਂ ਤੋਂ ਤਾਂ ਬਚਨ ਮੰਨਿਆ ਹੀ ਨਹੀਂ ਜਾਣਾ, ਦਇਆ ਨਾਲ ਹੀ ਹੈ ਨ, ਜੇ ਬਚਾਈਏ। ਹੁਣ ਇਹ ਹੁਕਮਨਾਮੇ ਹਨ, ਮੈਂ ਅਰਜ਼ ਕਰਦਾਂ ਦੋ ਹੁਕਮਨਾਮੇ ਪੜ੍ਹਕੇ ਸਤਿਗੁਰਾਂ ਦੇ, ਫੇਰ ਗਰੰਥ ਕੱਲ੍ਹ ਵਾਲੇ ਦਾ ਪਾਠ ਸ਼ੁਰੂ ਕਰਾਂਗੇ। ਇਹ ਹੁਣ ਸਾਰੀ ਸਾਧ-ਸੰਗਤ ਦੇ, ਸਮੂਹ ਦੇ ਨਾਮ, ਸਾਂਝਾ ਹੁਕਮਨਾਮਾ ਹੈ।

## ਹੁਕਮ ਨਾਮਾ—ਸਤਿਗੁਰੂ ਰਾਮ ਸਿੰਘ ਜੀ

### ੧ੴ ਸਤਿਗੁਰਿ ਪ੍ਰਸਾਦਿ

ਲਿਖਤੋ ਰਾਮ ਸਿੰਘ ਤੇ ਨਾਨੂੰ ਸਿੰਘ ਸਰਬ ਉਪਮਾ ਜੋਗ ਸਰਬ ਗੁਣਾ ਸਪੰਨ ਉਜਲ ਦੀਦਾਰ ਨਿਰਮਲ ਬੁਧ ਜੋਗ ਉਪਮਾ ਭਾਈ ਸਮੁੰਦ ਸਿੰਘ ਤੇ ਸੁੰਦਰ ਸਿੰਘ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨੁ ਕਰਨੀ। ਹੋਰ ਅਸੀ ਰਾਜੀ ਹਾ ਗੁਰੂ ਤੁਸਾ ਨੂ ਰਾਜੀ ਰਖੇ।

ਹੋਰ ਤਾ ਸਾਨੂ ਕੋਈ ਦੁਖ ਨਹੀ ਪਰ ਬਛੋੜੇ ਦਾ ਦੁਖ ਭਾਰੀ ਹੈ, ਸੋ ਗੁਰੂ ਦੇ ਮੇਟਣ ਦਾ ਹੈ, ਹੋਰ ਕਿਸੇ ਦੇ ਮੇਟਣ ਦਾ ਨਹੀ। ਹੋਰ ਸਾਨੂੰ ਖਾਣ ਪੈਨਣ ਨੂੰ ਸਭ ਕੁਛ ਮਿਲਦਾ ਹੈ ਖੰਡ, ਘਿਉ, ਦੁਧ, ਚਾਉਲ, ਲਠਾ ਖਾਸਾ। ਜਾਗਾ ਬੀ ਚੰਗੀ ਹੈ। ਬਿਚਿ ਖੂਹੀ ਲਗਾਇ ਦਿਤੀ ਹੈ ਸ੍ਰਕਾਰ ਨੇ, ਅਗੇ ਨਾ ਸੀ, ਛੇ ਸਤ ਸੈ ਰੁਪਈਆ ਲਗਾਏ ਕੇ।

ਏਸ ਜਗਾ ਮੈ ਦਿਲੀ ਬਾਲਾ ਬਾਦਸਾਹੁ ਰਹਿੰਦਾ ਸੀ, ਅਰ ਵਡਾ ਗੋਰਾ ਪੁਛ ਜਾਦਾ ਹੈ ਸਭ ਚੀਜ ਬਰਾਬਰ ਹੈ ਕੁਛ ਕਮਤੀ ਤਾ ਨਹੀ। ਜੋ ਲੋੜ ਹੁੰਦੀ ਹੈ ਸੋ ਆਖ ਦਿੰਦੇ ਹਾ, ਸੋ ਆਇ ਜਾਦੀ ਹੈ ਪਰ ਕੁਛ ਘਾਟਾ ਅਗੇ ਬੀ ਨਹੀ ਹੁੰਦਾ। ਬਾਣੀਆ ਸਭ ਚੀਜਾ ਭੇਜਦਾ ਹੈ ਸਾਹੂਕਾਰ ਪਰ ਸੰਗਤ ਦੇ ਬਿਛੋੜੇ ਦਾ ਬਡਾ ਦੁਖ ਹੋਇਆ ਹੈ। ਭਾਣਾ ਪ੍ਰਮੇਸਰ ਦਾ, ਕਿਸੇ ਸਮੇ ਕੋਈ ਖੋਟਾ ਬੀਜ ਬੀਜਿਆ ਗਿਆ ਹੈ ਸੋ ਮੈਨੂੰ ਪਰਾਪਤਿ ਹੋਇਆ ਹੈ। ਅਛਾ ਜੋ ਰਜਾਇ ਪ੍ਰਮੇਸਰ ਦੀ। ਬੁਰਾ ਬੀ ਕਰਦੇ ਨਹੀ ਪਰ ਭਜਨ ਕਰਦੇ ਹਾ। ਇਕ ਬਿਛੋੜੇ ਦੇ ਦੁਖ ਤੇ ਬਿਨਾ ਹੋਰ ਕੋਈ ਦੁਖ ਨਹੀ, ਅਬੀਰੀ ਬਣੀ ਹੋਈ ਹੈ। ਗੁਰੂ ਦੀ ਸਰਨ ਕਰਕੇ ਕੁਛ ਖਾਣ ਪੈਨਣ ਦੀ ਕਮੀ ਨਹੀ।

ਖਾਲਸਾ ਜੀ ਸਭਨੇ ਬਾਣੀ ਕੰਠ ਕਰਨੀ ਕੁੜੀ ਮੁੰਡੇ ਨੇ, ਨਾਲੇ ਮਾਲਾ ਫੇਰਨੀ। ਪੰਜ ਗ੍ਰੰਥ ਜੋ ਪੜੂਗਾ ਓਸਨੂੰ ਬਹੁਤ ਫਾਇਦਾ ਹੋਊਗਾ। ਏਸ ਤਰਾ ਨਾ ਆਖਿਓ ਰਾਮ ਸਿੰਘ ਨੂੰ ਬਾਣੀ ਨੇ ਫੜਾਇ ਦਿਤਾ, ਸਾਨੂੰ ਕੀ ਕਰੂਗੀ। ਮੈਨੂੰ ਮੇਰੇ ਕਿਸੇ ਖੋਟੇ ਕਰਮ ਨੇ ਏਥੇ ਲੈ

ਆਦਾ ਪਰ ਭਜਨ ਬਾਣੀ ਨੇ ਏਥੇ ਬੀ ਮੈਨੂ ਦੁਖ ਮੈ ਸੁਖ ਦੇ ਛੋਡਾ ਹੈ। ਦੇਖਣਾ ਢਿਲੇ ਨਾ ਪੈ ਜਾਣਾ, ਅਗੇ ਤੁਸੀ ਜਾਣੋ। ਗੁਰੂ ਜੀ ਦੇ ਹੁਕਮੁ ਬਲਿ ਧਿਆਨ ਕਰਨਾ।

ਭਾਈ ਸਮੁੰਦ ਸਿੰਘ ਜੀ ਸਾਰੀ ਸੰਗਤ ਨੂੰ ਏਹੁ ਹਰਿਦਾਸ ਸੁਣਾਇ ਦੇਣੀ, ਸਾਰੇ ਦੇਸਾ ਦੀ ਸੰਗਤ ਨੂੰ, ਖਾਲਸਾ ਜੀ ਕਿਸੇ ਦੀ ਘਾਲ ਕੀਤੀ ਬਿਰਥਾ ਨਹੀ ਜਾਦੀ। ਗ੍ਰੰਥ ਸਾਹਿਬ ਮੈ ਲਿਖਾ ਹੈ 'ਇਕੁ ਤਿਲੁ ਨਹੀ ਭੰਨੈ ਘਾਲਿਆ।'

ਗੁਰੂ ਜੀ ਨੇ ਲਿਖਾ ਹੈ ਤੁਸਾ ਨੂੰ ਦੁਖ ਦੇਣ ਬਾਲੇ ਸਭ ਝਖ ਮਾਰ ਕੇ ਹੌਲੇ ਹੋਇ ਜਾਣਗੇ, ਸਤਿ ਕਰਕੇ ਮੰਨਣਾ, ਮੈ ਪ੍ਰਤਿਆ ਡਿਠੀ ਹੈ। ਐਥੇ ਸਾਡਾ ਕੋਈ ਨਾ ਥਾ ਗੁਰੂ ਬਿਨਾ।

*ਓਥੈ ਹਥੁ ਨਾ ਅਪੜੈ ਕੂਕ ਨ ਸੁਣੀਐ ਪੁਕਾਰ।।*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ।।*

ਸੋ ਖਾਲਸਾ ਜੀ ਏਥੇ ਕੋਈ ਨਹੀ ਥਾ ਗੁਰੂ ਬਿਨਾ। ਹੋਰ ਜੇ ਕੋਈ ਨਿੰਦਾ ਹੁੰਦੀ ਹੈ ਤਾ ਨਿੰਦਾ ਤਾ ਜਗਤ ਕਾ ਅਹਾਰੁ ਈ ਹੈ। ਕਿਸ ਕਿਸ ਦੀ ਨਿੰਦਾ ਨਹੀਂ ਕੀਤੀ ਜਗਤ ਨੇ। ਤੁਸੀ ਗੁਰੂ ਜੀ ਦੇ ਬਚਨਾ ਬਲ ਧਿਆਨੁ ਕਰਨਾ। ਚਿਠੀ ਦੇਣੀ ਸਮੁੰਦ ਸਿੰਘ ਕੋ।

ਹੇ ਅਚੁਤ[੨੬] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੨੭]।।
ਹੇ ਪੂਰਨ ਹੇ ਸਰਬ[੨੮] ਮੈ ਦੁਖ ਭੰਜਨ[੨੯] ਗੁਣਤਾਸ[੩੦]।।
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੩੧] ਸਭ ਟੇਕ[੩੨]।।
ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੩੩]।।
ਹੇ ਅਪਰੰਪਰ[੩੪] ਹਰਿ ਹਰੇ ਹਹਿ[੩੫] ਭੀ ਹੋਵਨਹਾਰ[੩੬]।।
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੩੭] ਆਧਾਰ।।
ਹੇ ਠਾਕੁਰ ਹਉ ਦਾਸਰੋ[੩੮] ਮੈ ਨਿਰਗੁਨ ਗੁਨੁ ਨਹੀ ਕੋਇ।।
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।

*– ਪੰਨਾ–੨੬੧*

– ਜਾਂਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ।।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।

# ਨਿਰਜਲਾ ਇਕਾਦਸ਼ੀ

ਨਿਮਾਣੀ ਦਾ ਜੋੜ ਮੇਲ ਹੈ, ਮੈਂ ਇਹਦੇ ਤੇ ਥੋੜੀ ਜਿਹੀ ਅਰਜ਼ ਕਰਨੀ ਹੈ। ਪਤਾ ਮੈਨੂੰ ਹੁਣ ਵੀ ਏਥੇ ਆ ਕੇ ਲੱਗਾ ਹੈ—ਬਾਬਾ ਲਾਲ ਸਿੰਘ ਜੀ ਲਤਾਲੇ ਵਾਲੇ ਸਤਿਗੁਰਾਂ ਦੇ ਦਰਸ਼ਨ ਕਰਨ ਰੰਗੂਨ ਆਏ ਸਨ—ਉਹਨਾਂ ਤੋਂ ਉਦੋਂ ਪਤਾ ਲੱਗਾ ਸੀ ਕਿ ਬਰਮਾਂ ਦੇ ਲੋਕ ਜਲ ਲੈ ਕੇ ਘੜਿਆਂ 'ਚ ਪਾ ਕੇ, ਵਿਸਾਖੀ ਵਾਲੇ ਦਿਨ ਮੰਦਰ ਦੇ ਅੱਗੇ ਜਾ ਕੇ ਪ੍ਰਾਰਥਨਾ ਕਰਦੇ ਸਨ,''ਹੇ ਮਹਾਰਾਜ, ਬਾਰਸ਼ ਹੋਵੇ।'' ਹੁਣ ਵੀ ਪਤਾ ਲੱਗਾ ਹੈ ਕਿ ਵਿਸਾਖੀ ਦੇ ਦਿਨ ਏਥੇ ਲੋਕ ਪਾਣੀ ਪਾਉਂਦੇ ਨੇ—ਉੱਤੇ, ਉਹਦਾ ਵੀ ਇਹੋ ਹੀ ਮਤਲਬ ਹੈ ਕਿ ਬਾਰਸ਼ ਸ਼ੁਰੂ ਹੋਵੇ। ਏਸ ਮੁਲਕ ਵਿਚ ਬਾਰਸ਼ ਦੀ ਜ਼ਰੂਰਤ ਵਿਸਾਖੀ ਨੂੰ ਪੈ ਜਾਂਦੀ ਹੈ, ਪਰ ਸਾਡੇ ਮੁਲਕ ਵਿਚ ਵਿਸਾਖੀ ਨੂੰ ਨਹੀਂ ਪੈਂਦੀ—ਇਸਦਾ ਨਾਉਂ ਸੀ ਨਿਰਜਲਾ ਏਕਾਦਸ਼ੀ। ਨਿਰਜਲਾ ਤੋਂ ਮਲਤਬ ਹੈ ਜਦੋਂ ਜਲ ਨਾ ਹੋਵੇ। ਤਾਂ, ਓਸ ਵਕਤ ਫੇਰ ਲੋਕ ਏਸ ਨੂੰ ਇਹਨੀਂ ਦਿਨੀਂ ਛਬੀਲਾਂ ਲਾ ਕੇ ਜਲ ਛਕਾਂਉਂਦੇ ਸੀ ਔਰ ਇਹ ਵਕਤ ਹੈ ਬਾਰਸ਼ ਦਾ—ਮੁਲਕ ਵਿੱਚ ਵੀ।

ਫੇਰ, ਇਸ ਤਿਉਹਾਰ ਨੂੰ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਨੇ ਦੁਹਰਾਇਆ। ਜਿਸ ਵਕਤ ਕਸ਼ਮੀਰ ਗਏ ਹਨ ਤੇ ਏਸ ਨਿਮਾਣੀ ਇਕਾਦਸ਼ੀ ਦੇ ਦਿਨ ਆਪ ਨਨਕਾਣੇ ਸਾਹਿਬ ਪਹੁੰਚੇ ਸਨ, ਉੱਥੇ ਆ ਕੇ ਇਹ ਤਿਉਹਾਰ ਮਨਾਇਆ। ਉਸ ਦਿਨ ਤੋਂ ਇਹ ਤਿਉਹਾਰ ਸਿੱਖਾਂ 'ਚੋਂ ਅਲੋਪ ਰਿਹਾ, ਜ਼ਿਆਦਾ ਕਿਸੇ ਨੇ ਧਿਆਨ ਨਹੀਂ ਦਿੱਤਾ। ਗੁਰੂ ਹਰੀ ਸਿੰਘ ਜੀ ਨੇ ੧੯੫੪ (ਸੰਮਤ) ਵਿੱਚ-ਕਿਉਂਕਿ ਅੰਗਰੇਜ਼ ਸਿੱਖਾਂ ਨੂੰ ਇਕੱਠੇ ਤੇ ਹੋਣ ਨਹੀਂ ਸਨ ਦਿੰਦੇ, ਪਰ ਉਹਨਾਂ ਫਿਰ ਇਸ ਤਿਉਹਾਰ ਨੂੰ ਮਨਾਇਆ। ਮੈਨੂੰ ਏਨੀ ਗੱਲ ਯਾਦ ਹੈ ਮੇਰੀ ਅੱਠ ਨੌਂ ਸਾਲ ਦੀ ਉਮਰ ਸੀ, ਕਿ ਬਾਈ ਕੜਾਹੇ —ਕੜਾਹ ਪ੍ਰਸਾਦ ਦੇ ਕੀਤੇ ਸੀ। ਉਸ ਤੋਂ ਬਾਅਦ ਫਿਰ ਇਹ ਤਿਉਹਾਰ ਨਾ ਮਨਾਇਆ ਗਿਆ। ਤਾਂ, ਗੁਰੂ ਹਰੀ ਸਿੰਘ ਜੀ ਨੇ ਆਪਣਾ—ਉਹ ਸਰੀਰ ਦੇ ਅਲੋਪ ਕਰਨ ਦਾ ਸਮਾਂ ਇਸੇ ਵਕਤ ਲਿਆਂਦਾ, ਤੇ ਭੋਗ

ਮਹਾਰਾਜ ਦੇ ਇਸ ਨਿਮਾਣੀ ਵਾਲੇ ਦਿਨ ਤੇ ਪਾਏ ਗਏ—ਸੋਲ੍ਹਾਂ ਸਤਾਰਾਂ ਦਿਨ ਬਾਅਦ ਨਿਮਾਣੀ ਸੀ। ਉਸ ਦਿਨ ਤੋਂ ਲੈ ਕੇ ਨਾਮਧਾਰੀ ਪੰਥ ਵਿੱਚ ਇਹ ਬਹੁਤ ਚਿਰ ਮਨਾਈਦਾ ਰਿਹਾ।

ਫਿਰ ਅਸਾਂ ਇਹਦਾ ਉਲਟ ਕੀਤਾ। ਮਾਤਾ ਜੀ ਤਾਂ ਨਰਾਜ਼ ਹੋਏ, ਕਿਸ ਕਰਕੇ ? ਲੋਕ ਲਾਇਲਪੁਰ ਤੋਂ ਲੈ ਕੇ, ਬੱਚਿਆਂ ਨੂੰ ਲੈ ਕੇ ਗਰਮੀ 'ਚ ਗੱਡੀ ਚੜ੍ਹਦੇ ਸਨ; ਪਾਣੀ ਕਿਸੇ ਦਾ ਪੀਂਦੇ ਨਹੀਂ ਸਨ; ਬੜੇ ਤੰਗ ਹੁੰਦੇ ਸੀ। ਏਸ ਮੇਲੇ ਨੂੰ ਬਦਲ ਕੇ ਅਸਾਂ ਅੱਸੂ ਨੂੰ ਕੀਤਾ ਭੈਣੀ ਸਾਹਿਬ। ਇੱਥੇ, ਭਾਈ ਫੂਲਾ ਸਿੰਘ ਹੁਰਾਂ ਦੀ ਬਾਬਤ ਬੀਬੀਆਂ ਲਿਖਿਆ—ਲੜਕੀਆਂ ਉਹਨਾਂ ਦੀਆਂ ਨੇ, ਮੇਰੀ ਬਾਬਤ—ਕਿ ਤੂੰ ਏਥੇ ਆ। ਉਹ ਇਹ ਮੇਲਾ ਮਨਾਉਂਦੇ ਸਨ। ਹੁਣ ਇਹ ਮੇਲਾ ਐਥੇ ਬੜਾ ਸੌਖਾ ਹੈ ਮਨਾਉਣਾ। ਤੁਹਾਡਾ ਕੱਲ੍ਹ ਨੂੰ ਉਹ ਤਿਉਹਾਰ ਹੈ, ਇਹ ਇਕਾਦਸ਼ੀ ਦਾ ਨਿਮਾਣੀ ਦਾ ਕਿਉਂਕਿ–

**ਮੋਹਿ ਅਨਾਥ ਗਰੀਬ ਨਿਮਾਨੀ।।**
**ਕੰਤ ਪਕਰਿ ਹਮ ਕੀਨੀ ਰਾਨੀ।।**

*– ਆਸਾ ਮ:੫, ਪੰਨਾ–੩੯੪*

ਜਿਹਨੂੰ ਮਹਾਰਾਜ ਨੇ, ਸਤਿਗੁਰੂ ਹਰੀ ਸਿੰਘ ਜੀ ਨੇ, ਏਸ ਨੂੰ ਇਹ ਮਾਣ ਬਖਸ਼ਿਆ। ਉਹ ਤੁਹਾਡਾ ਕੱਲ੍ਹ ਨੂੰ ਦਿਨ ਆਉਣਾ ਹੈ ਤੇ ਮਨਾਉਣਾ ਹੈ ਓਥੇ ਚੱਲ ਕੇ ਪੰਡਤ ਜੀ ਕੋਲ ਤੇ ਮੰਗਲ ਦਾਸ ਜੀ ਕੋਲ, ਕੱਲ੍ਹ ਸ਼ਾਮ ਦਾ ਦੀਵਾਨ। ਉਹਦੇ ਵਿੱਚ ਹਵਨ ਭੀ ਤੇ ਜਿਹੜੇ ਪਾਠ ਕਿਸੇ ਸਰੀਰਾਂ ਜਿਨ੍ਹਾਂ ਕੀਤੇ ਹੋਣ, ਜਿਹੜੇ ਮਾਈਆਂ ਕੀਤੇ ਹੋਣ, ਉਹ ਸਾਰੇ ਪਾਠਾਂ ਦੇ ਭੋਗ ਪਾਏ ਜਾਣ ਔਰ ਏਸ ਦਿਨ ਨੂੰ ਇਸ ਤਰ੍ਹਾਂ ਮਨਾਇਆ ਜਾਏ। ਕਵੀ ਸੱਜਣ ਵੀ ਕੋਈ ਸੋਚ ਲਈਏ ਸਮੱਸਿਆ ਬਣਾ ਕੇ ਗੁਰੂ ਹਰੀ ਸਿੰਘ ਜੀ ਦੇ ਉੱਤੇ —ਥੋੜੀ ਬਹੁਤੀ ਜਿਹੜੇ ਬਣਾ ਲਿਆਉਣ ਉਸ ਵੇਲੇ ਇਹਦੇ ਉੱਤੇ ਉਹ ਕਵਿਤਾ ਸੁਨਾਉਣ।

## ਟਿੱਪਣੀਆਂ

★੧ ਸਤਿਗੁਰੂ ਰਾਮ ਸਿੰਘ ਜੀ ਦੀ ਇਲਾਹਾਬਾਦ ਤੋਂ ਕਲਕੱਤੇ ਲਈ ਰਵਾਨਗੀ ਰੇਲ ਰਾਹੀਂ (੧੦-੩-੧੮੭੨) ਸਵੇਰੇ ਸਵਾ ਗਿਆਰਾਂ ਵਜੇ।

— ੧੧-੩-੧੮੭੨ - ਕਲਕੱਤੇ ਤੋਂ ਸਮੁੰਦਰੀ ਜਹਾਜ਼ ਰਾਹੀ ਰਵਾਨਗੀ, ਸ਼ਾਮੀ ਸੱਤ ਵਜੇ।

— ੧੬-੩-੧੮੭੨ - ਸਤਿਗੁਰੂ ਰਾਮ ਸਿੰਘ ਜੀ ਦਾ ਰੰਗੂਨ ਪਹੁੰਚਣਾ।

## ਸ਼ਬਦਾਰਥ

੧. ਝੂਠ।
੨. ਪਖੰਡ।
੩. ਸ੍ਰੇਸ਼ਟ ਕਰਮ।
੪. ਬੁਰੇ ਕਰਮ।
੫. ਇਕ ਬੂੰਦ, ਰੰਚਕ ਮਾਤਰ।
੬. ਉਸ ਉੱਤੇ ਹੈ।
੭. ਫੌਜੀ ਜਰਨੈਲ।
੮. ਮੁਸਾਹਿਬ, ਸਲਾਹਕਾਰ, ਦੀਵਾਨ।
੯. ਝੂਠ ਬੋਲਣ ਵਾਲੇ ਹਨ।
੧੦. ਕੋਈ।
੧੧. ਸੁਖਨ, ਕਸਮ।
੧੨. ਕੁਰਾਨ।
੧੩. ਕਰਦਾ ਹੈ।
੧੪. ਉਹ।
੧੫. ਦਿਨ।
੧੬. ਅੰਤ।
੧੭. ਹੁੰਦਾ ਹੈ।
੧੮. ਖਰਾਬ।
੧੯. ਭੁੱਖੇ।
੨੦. ਕੀ।
੨੧. ਕੰਮ।
੨੨. ਕਰਨੀ।
੨੩. ਚਾਲੀ।
੨੪. ਆ ਗਏ।
੨੫. ਅਚਨਚੇਤ।
੨੬. ਅਟੱਲ, ਨਾ ਡੋਲਣ ਵਾਲਾ।
੨੭. ਪਾਪਾਂ ਨੂੰ ਨਾਸ ਕਰਨ ਵਾਲੇ।
੨੮. ਸਰਬ ਰੂਪ।
੨੯. ਦੁੱਖਾਂ ਦਾ ਨਾਸ ਕਰਨਾ ਵਾਲਾ।
੩੦. ਗੁਣਾਂ ਦਾ ਭੰਡਾਰ।
੩੧. ਤਿੰਨਾਂ ਗੁਣਾਂ ਤੋਂ ਨਿਰਲੇਪ।
੩੨. ਆਸਰੇ।
੩੩. ਗਿਆਨ ਪ੍ਰਕਾਸ਼।
੩੪. ਪਾਰਾਵਾਰ ਤੋਂ ਪਰੇ।
੩੫. ਹੈ ਹੁਣ।
੩੬. ਅੱਗੇ ਨੂੰ ਵੀ ਹੋਣ ਵਾਲਾ ਹੈ।
੩੭. ਨਿਰਆਸਰੇ।
੩੮. ਦਾਸ।

# ਬੰਕੋਕ ੨੩-੬-੧੯੫੩

## ਸਵਾਸ-ਸਵਾਸ ਹਰੀ ਨਾਮ ਜਪ

ਤੁਸੀਂ ਗ੍ਰੰਥ ਸਾਹਿਬ ਨੂੰ ਮੱਥੇ ਟੇਕਦੇ ਹੋ ਬਚਨ ਨਹੀਂ ਮੰਨਦੇ, ਤੇ ਜੇ ਸਾਡੀ ਵਾਰੀ ਵੀ ਏਸੇ ਤਰਾਂ ਹੀ ਹੈ ਬਈ, ਜੇ ਅਸੀਂ ਵੀ ਸੁਣਕੇ, ਬਚਨ ਨਾ ਮੰਨੀਏ ਤਾਂ ਫਿਰ ਅਸੀਂ ਕਿਸੇ ਨੂੰ ਉਲਾਂਭਾ ਕਿਉਂ ਦੇਈਏ। ਸਾਧ-ਸੰਗਤ ਅੱਗੇ ਅਰਜ਼ ਹੈ ਜਿਹੜਾ ਸਤਿਗੁਰਾਂ ਨੇ ਹੁਕਮ ਦਿੱਤਾ ਹੈ, ਏਸ ਦਾ ਧਿਆਨ ਕਰਨਾ। ਇੱਕ ਹੁਕਮਨਾਮੇ ਵਿੱਚ ਸਤਿਗੁਰਾਂ ਨੇ ਲਿਖਿਐ,''ਏਹ ਨਾ ਸਮਝਣਾ ਬਈ ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ।'' ਹੁਣ ਜੇ ਅਸੀਂ ਨਾ ਮੰਨੀਏ ਤਾਂ ਫੇਰ ਏਹੋ ਕੁਝ ਸਾਡੇ ਵਾਸਤੇ ਹੈ। ਪੰਜ ਬਾਣੀਆਂ—ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ-ਏਸ ਤੋਂ ਘੱਟ ਕਿਸੇ ਨਾਮਧਾਰੀ ਨੂੰ ਨਹੀਂ ਰਹਿਣਾ ਚਾਹੀਦਾ ਔਰ ਇੱਕ ਘੰਟਾ ਨਿਤਨੇਮ। ਏਦੂੰ ਅੱਗੇ ਜਿਹੜਾ ਵਧੇ, ਉਹ ਜਿੰਨਾਂ ਕੋਈ ਮਿੱਠਾ ਪਾਵੇ, ਗੁੜ ਪਾਵੇ, ਉਨਾਂ ਹੀ ਮਿੱਠਾ ਹੁੰਦਾ ਹੈ। ਉਨ੍ਹਾਂ ਦੇ ਹੁਕਮ ਅਨੁਸਾਰ ਤਾਂ ਕੋਈ ਸਵਾਸ ਆਦਮੀ ਦਾ ਵਿਹਲਾ ਨਹੀਂ ਜਾਣਾ ਚਾਹੀਦਾ। ਕਿਸੇ ਕਵੀ ਨੇ ਲਿਖਿਆ ਹੈ-

*ਸਵਾਸ ਸਵਾਸ ਹਰੀ ਨਾਮ ਜਪ ਬਿਰਥਾ ਸਵਾਸ ਮਤ ਖੋਏ।*
*ਕਿਆ ਜਾਨਾਂ ਜੋ ਅੰਤ ਕਾ ਏਹੀ ਸਵਾਸ ਮਤ ਹੋਏ।*

ਕੋਈ ਪਤਾ ਨਹੀਂ, ਹੁਣ ਪੰਡਤ ਜੀ ਆਏ ਸਨ ਏਥੇ, ਉਹ ਦੱਸ ਗਏ ਹਨ ਕਿ ਅੱਜ ਤਿੰਨ ਵਜੇ ਰੇਡੀਓ ਤੇ ਖਬਰ ਆਈ ਹੈ ਕਿ ਸ਼ਿਆਮਾ ਪ੍ਰਸਾਦ

ਮੁਕਰਜੀ ਸਰੀਰ ਛੱਡ ਗਏ ਹਨ, ਤਾਂ ਹੁਣ ਅਸੀਂ ਕੀ ਕਰ ਸਕਦੇ ਹਾਂ। ਸਾਨੂੰ ਕੋਈ ਪਤਾ ਨਹੀਂ ਕਿਹੜੇ ਵੇਲੇ ਕਿਹਦੀ ਵਾਰੀ ਆਉਂਦੀ ਹੈ। ਉਹ ਸਾਡੇ ਮੁਲਕ ਵਿੱਚ ਇੱਕ ਹੀਰਾ, ਐਸਾ ਉੱਚਾ ਸਨ, ਜਿਹੜਾ ਮੁਸ਼ਕਲ ਮਿਲ ਸਕਦਾ ਹੈ। ਮਾਲਕ ਦੀ ਰਜ਼ਾ ਅੱਗੇ ਤੇ ਜ਼ੋਰ ਕਿਸੇ ਦਾ ਨਹੀਂ। ਐਸੇ ਆਦਮੀ ਜਿਨ੍ਹਾ ਨੇ ਆਪਣੀ ਜ਼ਿੰਦਗੀ ਸਾਰੀ ਮੁਲਕ ਵਾਸਤੇ ਖਰਚ ਕੀਤੀ ਔਰ ਹੁਣ ਭੀ ਉਹ ਜੋ ਕੁਝ ਕਰ ਰਹੇ ਸਨ—ਕਈਆਂ ਲੋਕਾਂ ਦਾ ਮਤ ਭੇਦ ਹੋਵੇ—ਗਊ ਰਖਸ਼ਾ ਵਾਸਤੇ ਸਾਡੇ ਉਹ ਸੱਜੇ ਬਾਜੂ ਸਨ ਔਰ ਬੜੇ ਉੱਚੇ ਆਦਮੀ ਸਨ ਜਿਹੜੇ ਐਸ ਵੇਲੇ ਹਿੰਦੂ ਮਹਾਂ ਸਭਾ ਵਿੱਚ ਇੱਕ ਐਹੋ ਜਿਹੇ ਮੰਨੇ ਹੋਏ ਆਦਮੀ ਸਨ ਜਿਸ ਤਰ੍ਹਾਂ ਪੰਡਤ ਜੀ ਵਰਗੇ ਦੋ ਚਾਰ ਆਦਮੀ ਨੇ, ਜਿਨ੍ਹਾਂ ਵਿੱਚੋਂ ਉਹ ਭੀ ਇੱਕ ਸਨ। ਪੰਡਤ ਰਘੁਨਾਥ ਜੀ ਦੱਸ ਗਏ ਹਨ ਕਿ ਤਿੰਨ ਵਜੇ ਰੇਡੀਓ ਵਿੱਚ ਖ਼ਬਰ ਆਈ ਹੈ ਕਿ ਉਨ੍ਹਾਂ ਦਾ ਸਰੀਰ ਚਲ ਗਿਆ ਹੈ। ਐਸੇ ਪੁਰਸ਼ਾਂ ਦੇ ਚੱਲਣ ਨਾਲ ਮੁਲਕ ਨੂੰ ਬਹੁਤ ਘਾਟਾ ਹੈ। ਰਜ਼ਾ ਹੈ ਮਾਲਕ ਦੀ, ਉੱਥੇ ਤਾਂ ਕਿਸੇ ਦਾ ਜ਼ੋਰ ਨਹੀਂ ਚਲਦਾ। ਇਹ ਭੀ ਇੱਕ ਸਾਡੇ ਮੁਲਕ ਵਿੱਚ ਉਹ ਪੁਰਸ਼ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਮੁੱਖ ਮੰਤਵ, ਆਪਣੇ ਮੁਲਕ ਨੂੰ, ਕੌਮ ਨੂੰ, ਉੱਚਾ ਕਰਨ ਵਾਸਤੇ ਰੱਖਿਆ ਹੈ। ਕੋਈ ਆਦਮੀ ਪੈਸਿਆਂ ਨਾਲ ਵੱਡਾ ਨਹੀਂ ਹੋ ਸਕਦਾ; ਕੋਈ ਆਦਮੀ ਹਕੂਮਤ ਕਰਕੇ ਵੱਡਾ ਨਹੀਂ ਹੋ ਸਕਦਾ; ਜ਼ੋਰਾਵਰ ਹੋ ਕੇ ਵੱਡਾ ਨਹੀਂ ਹੋ ਸਕਦਾ, ਲੋਕਾਂ ਨੂੰ ਮਾਰ ਕੇ ਜੇਲ੍ਹ 'ਚ ਸਿੱਟ ਕੇ ਨਹੀਂ ਵੱਡਾ ਹੋ ਸਕਦਾ; ਪਰਉਪਕਾਰ ਕਰਕੇ ਵੱਡਾ ਹੋ ਸਕਦਾ ਹੈ। ਮਹਾਤਮਾ ਗਾਂਧੀ ਜੀ—੧੯੨੦-੨੧ 'ਚ ਮੈਂ ਪੜ੍ਹਨ ਲੱਗਿਆਂ—ਗਾਂਧੀ, ਸੱਚਮੁਚ ਤੁਮ ਕਮਰਵੀਰ ਹੋ। ਉਨ੍ਹਾਂ ਦਿਨਾਂ ਵਿੱਚ ਇਨ੍ਹਾ ਨੇ ਅਫਰੀਕਾ ਦੇ ਅੰਦੋਲਨ 'ਚ ਹਿੱਸਾ ਲਿਆ ਸੀ। ਭਾਰਤ ਮਿੱਤਰ ਅਖਬਾਰ ਸੁਚੇਤ ਵਿਚ ਮੈਂ ਪੜ੍ਹਿਆ, ਜਿਹਦੇ ਵਿੱਚ ਇਹਨਾਂ ਦਾ ਓਦੋਂ ਇਹ ਹਾਲ ਦਰਜ ਸੀ ਕਿ ਉਨ੍ਹਾਂ ਨੇ ਤੀਹ ਜਾਂ ਉਨੱਤੀ ਸਾਲ, ਜਾਂ ਅਠਾਈ ਸਾਲ ਆਪਣਾ ਸਾਰਾ ਕੁਛ ਕੌਮ, ਮੁਲਕ ਵਾਸਤੇ ਅਰਪਣ ਕੀਤਾ। ਸ਼ਿਆਮਾ ਪ੍ਰਸਾਦ ਜੀ ਵੀ ਇੱਕ ਉਹਨਾਂ ਹੀ ਆਦਮੀਆਂ ਵਿੱਚੋਂ ਸਨ ਜਿਨ੍ਹਾ ਨਾਲ ਸਾਡੇ ਮੁਲਕ ਨੂੰ ਐਸ ਵੇਲੇ ਦੁਨੀਆਂ ਦੇ ਹਿਸਾਬ ਮੁਤਾਬਕ,

ਉਹ ਘਾਟਾ ਹੈ ਜਿਹੜਾ ਅਸੀਂ ਪੂਰਾ ਨਹੀਂ ਕਰ ਸਕਦੇ।

ਇਸ ਤਰ੍ਹਾਂ ਹੀ ਸਾਨੂੰ ਕੋਈ ਪਤਾ ਨਹੀਂ ਸਾਡੀ ਕਿਸ ਦਿਨ ਵਾਰੀ ਆ ਜਾਣੀ ਹੈ। ਜਿਸ ਤਰ੍ਹਾਂ ਤੁਸੀਂ ਲੋਕ—ਆਪਣਾ ਮੁਲਕ ਛੱਡਿਆ ਹੈ; ਕਿਸੇ ਨੇ ਬਾਲ ਬੱਚੇ ਛੱਡੇ ਹਨ; ਕਿਸੇ ਨੇ ਰਿਸ਼ਤੇਦਾਰ ਛੱਡੇ ਹਨ; ਦੂਸਰੇ ਮੁਲਕ ਵਿੱਚ ਆਏ ਹੋ; ਐਥੇ ਤਕਲੀਫਾਂ ਝੱਲਦੇ ਹੋ। ਇੱਕ ਦੁਨੀਆਂ ਦੇ ਜੀਵਨ ਨੂੰ ਉੱਚਾ ਕਰਨ ਦੇ ਵਾਸਤੇ ਤੁਸੀਂ ਇਹ ਕੰਮ ਕਰਦੇ ਹੋ ਕਿ ਸਾਡੇ ਕੋਲ ਪੈਸੇ ਹੋਣ; ਸਾਡੇ ਬਾਲ ਬੱਚੇ ਪੜ੍ਹਨ; ਸਾਡੇ ਬਾਲ ਬੱਚੇ ਉੱਚੇ ਹੋਣ; ਸਾਡਾ ਕੰਮ ਚੰਗਾ ਚੱਲੇ; ਸਾਨੂੰ ਲੋਕ ਚੰਗਾ ਕਹਿਣ। ਇਹ ਹੈ ਦੁਨੀਆਂ ਦੀ ਗੱਲ। ਏਥੇ ਯਾਦ ਹੋਣਾ ਹੈ ਤੁਹਾਨੂੰ, ਉਹ ਵਿਦਵਾਨ, ਪਰਮ ਵਿਦਵਾਨ ਅਤ੍ਰੇ ਜੀ ਆਏ ਸੀ—ਪੰਡਤ। ਜਿਸ ਦਿਨ ਉਹਨਾਂ ਨੇ ਏਥੇ ਹੀ ਲੈਕਚਰ ਕੀਤਾ ਸੀ, ਉਹਨਾਂ ਨੇ ਆਖਿਆ ਸੀ, ਜਿਸ ਤਰ੍ਹਾਂ—ਮੈਨੂੰ ਉਹ ਬਚਨ ਉਹਨਾਂ ਦੇ ਯਾਦ ਹਨ—ਕੋਈ ਆਦਮੀ ਏਥੋਂ ਚਲਦਾ ਹੈ ਕਿ ਮੈਂ ਇੰਗਲੈਂਡ ਜਾਣੈ, ਅਮਰੀਕਾ ਜਾਣੈ, ਓਹ ਜੇ ਜਹਾਜ਼ ਪਾਣੀ ਵਾਲੇ 'ਚ ਬੈਠਦਾ ਹੈ, ਤਾਂ ਉਹਦੇ 'ਚ ਆਪਣਾ ਪਾਣੀ ਰੱਖਦਾ ਹੈ, ਆਟਾ ਰੱਖਦੈ, ਖਾਣੇ ਦਾ ਸਾਮਾਨ ਰੱਖਦਾ ਹੈ, ਪਹਿਨਣ ਦਾ ਰੱਖਦਾ ਹੈ। ਕਹਿੰਦੇ ਸਨ, ਜਿਹੜਾ ਅੱਗੇ ਜਾਣੈ ਉਹਦੇ ਵਾਸਤੇ ਵੀ ਕੁਛ ਕੀਤਾ ਹੈ ਕਿ ਨਹੀਂ ? ਓਹ ਇੱਕ ਕਵੀ ਨੇ ਲਿਖਿਐ–

*ਏਹ ਜਵਾਨੀ ਤੇਰੀ ਮਸਤ ਦੀਵਾਨੀ ਕੁਛ ਕਰ ਅਗੇ ਦਾ ਤੋਸਾ।*
*ਸੈ ਜਵਾਨੀਆਂ ਤੂੰ ਛੱਡ-ਛੱਡ ਆਇਓਂ ਤੈਨੂੰ ਇਸਦਾ ਕੀ ਭਰੋਸਾ।*
*ਮਿਲ ਮੁਰਸ਼ਦ ਨੂੰ ਕੰਮ ਕਰ ਲੈ ਝਬਦੇ ਪਕੜ ਬਹੁ ਕੋਈ ਗੋਸਾ।*
*ਸੰਤ ਰੇਨ ਨਾਮ ਸਿਮਰ ਲੈ ਇਸ ਦਮ ਦਾ ਕੀ ਭਰੋਸਾ।*

ਇਹਦੇ ਉੱਤੇ ਬੜੇ-ਬੜੇ ਪਰਮਾਣ ਹਨ। ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਨੇ ਜੋ ਵੀ ਹੁਕਮਨਾਮਾ ਲਿਖਿਐ, ਉਹਦੇ ਵਿੱਚ ਲਿਖਿਐ,''ਭਾਈ ਤੜਕੇ ਉੱਠਣਾ, ਭਜਨ ਕਰਨਾ, ਬਾਣੀ ਪੜ੍ਹਨੀ, ਮਰਯਾਦਾ ਰੱਖਣੀ।'' ਸਾਨੂੰ ਇਹਨਾਂ ਗੱਲਾਂ ਤੋਂ ਸਿੱਖਿਆ ਲੈਣ ਦੀ ਲੋੜ ਹੈ। ਅਸੀਂ ਆਪਣੀ ਜ਼ਿੰਦਗੀ ਨੂੰ ਕਿਸ ਤਰ੍ਹਾਂ ਵਿਅਰਥ ਗਵਾ ਰਹੇ ਹਾਂ। ਇੱਕ ਮਿਸਾਲ ਮੈਂ ਦੇਣਾ ਹਾਂ।

ਇੱਕ ਬੜਾ ਗਰੀਬ ਜ਼ਿੰਮੀਦਾਰ ਸੀ। ਉਸ ਜ਼ਿੰਮੀਦਾਰ ਨੇ ਬਾਜਰੇ ਦਾ ਖੇਤ ਬੀਜਿਆ—ਦਰਿਆ ਦੇ ਕੰਢੇ ਦੇ ਉੱਤੇ। ਉਹ ਉੱਥੇ ਹੀ ਆਪਣੀ ਜ਼ਿੰਦਗੀ ਮਣ੍ਹਿਆਂ ਤੇ ਗੁਜ਼ਾਰਨ ਲੱਗਾ। ਜ਼ਿੰਦਗੀ ਗੁਜ਼ਾਰਦਾ-ਗੁਜ਼ਾਰਦਾ ਇੱਕ ਦਿਨ ਦਰਿਆ ਤੇ ਜੋ ਗਿਆ, ਦਰਿਆ ਦੀ ਡਿੱਗੀ ਢਿੱਗ, ਉਥੋਂ ਇੱਕ ਬਰਤਨ—ਭਾਂਡਾ ਡਿੱਗਿਆ, ਜਿਹਦੇ ਵਿੱਚ ਬੜੇ ਗੋਲ-ਗੋਲ ਮਣਕੇ ਸੁਹਣੇ -ਸੁਹਣੇ ਦਿੱਸੇ ਉਹਨੂੰ। ਉਸਨੇ ਉਹ ਭਾਂਡਾ ਚੁੱਕ ਲਿਆਂਦਾ—ਸੀ ਇਹੋ ਜਿਹਾ ਹੀ ਸਾਡੇ ਵਰਗਾ ਹੀ, ਬੇਅਰਥ ਗਵਾਉਣ ਵਾਲਾ। ਉਸਨੇ ਆਖਿਆ—ਚੱਲੋ ਹੁਣ ਜਾਨਵਰ ਪੈਂਦੇ ਨੇ, ਗੁਲੇਲਿਆਂ ਦੇ ਥਾਂ ਗੋਪੀਏ 'ਚ ਪਾ ਕੇ ਚਲਾਇਆ ਕਰਾਂਗੇ—ਘੁਮਾਣੀ 'ਚ। ਲੈ ਆਇਆ, ਜਿਉਂ ਲੱਗਾ ਚਲਾਉਣ—ਖੇਤ ਸੀ ਦਰਿਆ ਦੇ ਕੰਢੇ, ਉਹਦਾ ਮਣ੍ਹਾ ਦੂਜੇ ਪਾਸੇ ਪਾਇਆ ਹੋਇਆ ਸੀ, ਜਿਹੜਾ ਚਲਾਵੇ, ਮਾਰੇ, ਘੁਮਾਣੀ ਨਾਲ ਸੁੱਟੇ—ਉਹ ਜਾ ਪਵੇ ਦਰਿਆ 'ਚ। ਕੁਦਰਤ ਨਾਲ ਘਰ ਵਾਲੀ ਇੱਕ ਦਿਨ ਆਈ ਤਾਂ ਇੱਕ ਮਣਕਾ ਪਿਆ ਉੱਥੇ ਦੇਖਿਆ। ਉਸਨੇ ਦੇਖ ਕੇ ਮਣਕਾ ਕਿਹਾ,''ਬਈ ਆਹ ਕੀ ਹੈ।''

ਉਨ੍ਹੇ, ਆਖਿਆ,''ਮੈਂ ਤੇ ਇੱਥੇ ਘੁਮਾਣੀ 'ਚ ਚਲਾਉਂਦਾ ਹੁੰਦਾ ਹਾਂ।''

ਉਨ੍ਹੇ, ਆਖਿਆ,''ਇਹ ਮਣਕਾ ਮੈਨੂੰ ਦੇ ਦੇ, ਬੱਚੇ ਖੇਡਿਆ ਕਰਨਗੇ ਬੜਾ ਸੁਹਣਾ ਹੈ।''

ਘਰ ਲੈ ਗਈ। ਕੁਛ ਦਿਨਾਂ ਬਾਅਦ ਦੇਖਿਆ ਘਰ ਖਾਣ ਨੂੰ ਕੁਛ ਨਹੀਂ। ਉਸਨੇ ਆਖਿਆ—ਚਲੋ ਮੈਂ ਬਾਜ਼ਾਰ ਲੈ ਜਾਵਾਂ, ਜਾ ਕੇ ਕੋਈ ਚਾਰ ਪੈਸੇ ਲਿਆਵਾਂ ਜਿਹਦੇ ਨਾਲ ਅੰਨ ਪਾਣੀ ਖਾਈਏ। ਉਹ ਹੱਥ ਤੇ ਧਰੀ ਜਾਂਦੀ ਹੈ। ਜੌਹਰੀ ਨੇ ਮਣਕਾ ਦੇਖ ਲਿਆ। ਉਸਨੇ ਦੇਖ ਕੇ ਆਖਿਆ, ''ਮਾਈ, ਲਿਆ ਉਰੇ।'' ਦੇਖ ਕੇ ਉਹ ਹੈਰਾਨ ਹੋਇਆ, ਉਨ੍ਹੇ ਆਖਿਆ, ''ਕੀ ਲੈਣਾ ਹੈ।''

ਉਨ੍ਹੇ ਆਖਿਆ,''ਵੇ ਵੀਰਾ, ਮੈਨੂੰ ਤੇ ਕੁਛ ਪਤਾ ਨਹੀਂ।''

ਕਰਦਿਆਂ ਕਰੌਂਦਿਆਂ ਉਸਨੇ ਦੇਖ ਕੇ ਆਖਿਆ—ਬਈ ਜੇ ਮੈਂ ਇਹਦਾ ਮੁੱਲ ਨਾ ਪਾਵਾਂ ਤਾਂ ਮੇਰੇ ਵਾਸਤੇ ਬੜਾ ਪਾਪ ਹੈ। ਉਸਨੇ ਕਿਹਾ, ''ਮਾਈ ਤੁਸੀਂ ਕਿੰਨੇ ਜੀਅ ਹੋ ਟੱਬਰ ਦੇ।''

ਉਸਨੇ ਦੱਸਿਆ, ਦੋ ਜਾਂ ਤਿੰਨ, ਜਾਂ ਚਾਰ ਬੱਚੇ, ਬੱਚੀਆਂ।

ਉਸਨੇ (ਜੌਹਰੀ) ਆਖਿਆ,''ਕੱਲ੍ਹ ਨੂੰ ਮੇਰੇ ਦਰਵਾਜੇ ਤੇ ਆ ਕੇ ਸਵੇਰੇ ਸੂਰਜ ਚੜ੍ਹਦੇ ਤੋਂ ਲੈ ਕੇ ਜਿੰਨਾਂ ਪਦਾਰਥ ਧਨ ਤੁਸੀਂ, ਰੁਪਏ ਆਪਣੇ ਘਰ ਢੋਅ ਕੇ ਲੈ ਜਾਓ ਉਹ ਤੁਹਾਡੇ ਰਹੇ।''

ਸੂਰਜ ਨਿਕਲਦੇ ਦੇ ਨਾਲ ਮਾਈ ਚਲੀ ਗਈ—ਲੈ ਕੇ ਬੱਚਿਆਂ ਨੂੰ ਨਾਲ। ਲੱਗੇ ਢੋਣ। ਜ਼ਮਾਨਾ ਇਹੋ ਜਿਹਾ ਨਹੀਂ ਸੀ ਅੱਜ ਕੱਲ੍ਹ ਵਰਗਾ, ਜਿਵੇਂ ਅਸੀਂ ਸਿੱਧੀਆਂ ਪੱਗਾਂ ਬੰਨ੍ਹ ਕੇ, ਮਾਲਾ ਪਾ ਕੇ, ਭਜਨ ਕਰਦੇ ਹੋਏ ਵੀ ਲੋਕਾਂ ਦੇ ਪੈਸੇ ਖਾ ਕੇ ਗਬਨ ਕਰ ਜਾਈਏ ਤਾਂ ਕਿਤਨਾ ਵੱਡਾ ਪਾਪ ਹੈ। ਸਤਿਗੁਰਾਂ ਨੇ ਇਕ ਹੁਕਮਨਾਮੇ 'ਚ ਲਿਖਿਆ ਹੈ—**ਕਰਜਾ ਲੈਣਾਂ, ਲੈ ਕੇ ਨਾ ਦੇਣਾਂ ਚੋਰੀ ਧਾੜੇ ਥੀਂ ਭੀ ਬਡਾ ਪਾਪ ਹੈ**—ਕਿਉਂਕਿ ਚੋਰੀ ਧਾੜਾ ਤੇ ਕੋਈ ਆਪਣੀ ਜਾਨ ਤਲੀ ਤੇ ਧਰ ਕੇ ਲੈ ਕੇ ਜਾਂਦਾ ਹੈ। ਇਹ ਵਸਾਹ ਘਾਤ ਹੈ। ਕੋਈ ਡਿੱਗਦਾ ਹੈ, ਤਾਂ ਕਿਸੇ ਨੂੰ ਦਿੰਦਾ ਹੈ। ਉਹ ਸ਼ਾਹੂਕਾਰ ਨੇ ਦੇਖਿਆ ਜਦੋਂ ਸੂਰਜ ਛਿਪਣ ਲੱਗਿਆ—ਬਈ, ਇਹ ਜਿੰਨਾਂ ਪਦਾਰਥ ਮੈਂ ਇਨ੍ਹਾਂ ਨੂੰ ਦੇਣਾ ਸੀ, ਮੈਂ ਦੇ ਨਹੀਂ ਸਕਿਆ ਤੇ ਮੇਰੇ ਜ਼ੁੰਮੇ ਪਾਪ ਲੱਗੇਗਾ। ਓਨ੍ਹੇ ਆਖਿਆ,''ਬਈ, ਗੱਲ ਇਹ ਹੈ ਕਿ ਤੁਸੀਂ ਢੋਅ ਨਹੀਂ ਸਕੇ, ਹੁਣ ਜਿੰਨਾਂ ਮੇਰੇ ਥੜ੍ਹੇ ਤੋਂ ਥੱਲੇ ਸੁੱਟ ਲਉ, ਪਏ ਰਾਤ ਪਈ ਢੋਂਦੇ ਰਹੋ।''

ਲੈ ਆਂਦਾ, ਆ ਕੇ ਘਰ ਬਣਿਆ, ਸਭ ਕੁਛ ਕੀਤਾ। ਜਿਦਣ ਘਰ ਆਇਆ, ਉਹ ਜੱਟ ਦੇਖ ਕੇ ਲੱਗਾ ਆਖਣ—ਬਾਹਰੋਂ ਪੈਲੀ ਚੁੱਕ ਲਿਆਇਆ—''ਬਈ, ਆਹ ਤੂੰ ਐਨੇ ਪੈਸੇ ਕਿਥੋਂ ਇਕੱਠੇ ਕੀਤੇ, ਤੇਰਾ ਤਾਂ ਕੋਈ ਚਾਲ ਚਲਨ ਖਰਾਬ ਹੈ।''

ਉਹਨੇ ਆਖਿਆ,''ਇਹ ਕੁਛ ਨਹੀਂ ਗੱਲ, ਦਰਿਆਫਤ ਕਰ ਲੈ, ਉਹ ਇੱਕ ਮਣਕਾ ਜਿਹੜਾ ਤੂੰ ਦਿੱਤਾ ਸੀ ਨ, ਇਹ ਉਸੇ ਮਣਕੇ ਦਾ ਪਰਤਾਪ ਹੈ।''

ਹਉਕਾ ਲੈ ਕੇ ਨਾਲ ਹੀ ਜਾਨ ਨਿਕਲ ਗਈ, ਆਖਣ ਲੱਗਾ, ''ਹਾਏ ! ਮੇਰੇ ਦੂਜੇ ਐਨੇ ਗਏ।''

ਇਸੇ ਤਰ੍ਹਾਂ ਹੀ ਇਹ ਜਿਹੜੇ ਸਵਾਸ ਹਨ—ਮੈਂ ਅੱਗੇ ਵੀ ਇੱਕ ਦਿਨ

ਅਰਜ਼ ਕੀਤੀ ਸੀ—ਪਟਿਆਲੇ ਵਾਲਾ ਮਹਾਰਾਜਾ ਭੁਪਿੰਦਰ ਸਿੰਘ ਕਹਿਣ ਲੱਗਾ—ਕੋਈ ਮੇਰਾ ਅੱਧਾ ਰਾਜ ਲੈ ਲਵੇ ਮੈਨੂੰ ਕੁਛ ਚਿਰ ਰੱਖ ਲਏ। ਲੇਕਿਨ ਮਹਾਰਾਜ ਨੇ ਲਿਖਿਆ ਹੈ–

**ਛਨਿ ਘਾਲੇ[1] ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ[2] ਸਾਰ।।**

*– ਮ:੫, ਪੰਨਾ–੨੫੪*

ਉਹਨਾਂ ਲਿਖ ਦਿੱਤੇ ਨੇ। ਮਹਾਪੁਰਖਾਂ 'ਚ ਤਾਕਤ ਹੈ, ਕਰ ਸਕਦੇ ਹਨ। ਬਾਈ ਸਾਲ ਦੀ ਉਮਰ ਗੁਰੂ ਅੰਗਦ ਦੇਵ ਮਹਾਰਾਜ ਨੇ, ਗੁਰੂ ਅਮਰਦਾਸ ਮਹਾਰਾਜ ਨੂੰ ਆਪਣੀ ਦਿੱਤੀ ਜਿਸ ਵੇਲੇ ਗੱਦੀ ਉੱਤੇ ਬਿਠਾਇਆ। ਮੈਂ ਕਿੰਨੇ ਕੁ ਪ੍ਰਮਾਣ ਦਿਆਂ। ਬਾਬਾ ਜਵਾਹਰ ਸਿੰਘ ਜੀ ਬੈਠੇ ਹਨ। ਸੈਦੋ ਨਗਰ ਵਿੱਚ ਉਹ ਮਹਾਂਪੁਰਖ, ਸਾਧੂ, ਉਦਾਸੀ ਪੈਦਾ ਹੋਏ ਸਨ ਜਿਨ੍ਹਾਂ ਦਾ ਨਾਮ ਸਰਨਦਾਸ ਲਿਖਿਆ ਹੈ, ਜਿਹੜੇ ਸਤਿਗੁਰਾਂ ਦੇ ਪਰਗਟ ਹੋਣ ਤੋਂ ਪਹਿਲਾਂ ਕਹਿੰਦੇ ਸਨ,''ਲੁਧਿਆਣੇ ਦੇ ਜ਼ਿਲ੍ਹੇ 'ਚ ਅਵਤਾਰ ਨੇ ਪਰਗਟ ਹੋਣਾ ਹੈ ਭਾਈ, ਤੁਸੀਂ ਉਹਨਾਂ ਦੇ ਚਰਨੀਂ ਲੱਗਣਾ।'' ਉਹ ਸੰਤ ਉਦਾਸੀ ਰੂਪ 'ਚ ਹੀ ਸਤਿਗੁਰਾਂ ਨੂੰ ਮਿਲੇ ਔਰ ਕਈ ਸਿੱਖ ਉਨ੍ਹਾਂ ਨੂੰ ਮਿਲ ਕੇ ਉਧਰੇ। ਉਸ ਨਗਰ ਵਿਚ ਬਾਬਾ ਜੀ ਬੈਠੇ ਹਨ। ਭਾਈ ਮਾਨ ਸਿੰਘ ਜੀ, ਸਿੰਘ ਸਨ ਬੜੇ ਗੁਰਮੁਖ ਜਿੰਨ੍ਹਾਂ ਨੂੰ ਜਲਾਵਤਨ ਵੀ ਸਤਿਗੁਰਾਂ ਦੇ ਨਾਲ ਕੀਤਾ ਗਿਆ, ਸੂਬੇ ਸਨ ਸਤਿਗੁਰਾਂ ਦੇ। ਉਹਨਾਂ ਦਾ ਸਰੀਰ ਚਲ ਗਿਆ। ਘਰਦਿਆਂ ਨੇ ਆ ਕੇ ਦੱਸਿਆ। ਆਖਣ ਲੱਗੇ,''ਇਨ੍ਹਾਂ ਨੂੰ ਤਾਂ ਜਾਣ ਨਹੀਂ ਸੀ ਦੇਣਾ ਚਾਹੀਦਾ ਅਜੇ।'' ਬਾਬਾ ਜੀ ਪਾਠ ਕਰਦੇ-ਕਰਦੇ ਉਠ ਕੇ—ਕੋਲ ਜਲ ਰੱਖਿਆ ਹੋਇਆ ਸੀ, ਮਹਾਂਪੁਰਖਾਂ ਦਾ ਕਾਇਦਾ ਹੈ ਜਦੋਂ ਨਿਤਨੇਮ ਕਰਨ, ਭਜਨ ਬਾਣੀ ਕਰਨ, ਜਲ ਦਾ ਗੜਵਾ ਜ਼ਰੂਰ ਕੋਲ ਰੱਖਦੇ ਹਨ, ਜਾਂ ਸੰਤ, ਮਹਾਂਪੁਰਖ ਜਲਾਂ ਦੇ ਕੰਢਿਆਂ ਉੱਤੇ ਜਾ ਕੇ, ਉਹਨਾਂ ਐਵੇਂ ਨਹੀਂ ਲਿਖਿਆ–

**ਚਉਥੈ ਪਹਰਿ ਸਬਾਹ[3] ਕੈ ਸੁਰਤਿਆ[4] ਉਪਜੈ ਚਾਉ।।**
**ਤਿਨਾ ਦਰੀਆਵਾ[5] ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।।**

*– ਮ:੨, ਪੰਨਾ–੧੪੬*

# ਹਮ ਆਦਮੀ ਹਾਂ

—ਜਲ ਲੈ ਗਏ, ਜਾ ਕੇ ਮੂੰਹ 'ਚ ਪਾਇਆ, ਉਠਾ ਕੇ ਬਹਾ ਦਿੱਤਾ। ਪਰ ਇਹ ਸਵਾਸ—ਗੁਰੂ ਸਾਹਿਬ ਧਨਾਸਰੀ ਰਾਗ ਵਿੱਚ, ਗੁਰੂ ਨਾਨਕ ਦੇਵ ਮਹਾਰਾਜ ਲਿਖਦੇ ਹਨ—**ਹਮ ਆਦਮੀ ਹਾਂ**—ਜਿਹਦਾ ਨਾਉਂ ਹੈ ਆ-ਦਮੀ, ਦਮ ਆਉਣ ਵਾਲਾ, ਆ-ਦਮੀਂ ਹਾਂ। ਗੁਰੂ ਜੀ ਕਹਿੰਦੇ ਨੇ—**ਇਕ ਦਮੀ**—ਇੱਕੋ ਹੀ ਦਮ।

**ਮੁਹਲਤਿ ਮੁਹਤੁ ਨ ਜਾਣਾ।।**

*- ਧਨਾਸਰੀ ਮ:੧, ਪੰਨਾ-੬੬੦*

ਕੋਈ ਮੁਹਲਤ ਨਹੀ, ਕੋਈ ਪਤਾ ਨਹੀਂ, ਕਦੋਂ ਤਕ—ਕੋਈ ਆਦਮੀ ਭਾਵੇਂ ਕੁਛ ਗਿਣਤੀਆਂ ਕਰਦਾ ਰਹੇ, ਪਤਾ ਨਹੀਂ ਲੱਗ ਸਕਦਾ। ਸਟਾਲਿਨ ਜੈਸੇ ਆਦਮੀ ਨਾਸਤਕਵਾਦ ਦੇ ਉੱਘੀਏ ਹੁੰਦੇ ਹੋਏ, ਮਰਨ ਲੱਗੇ ਕਹਿੰਦੇ ਨੇ—ਕੋਈ ਪ੍ਰਮਾਤਮਾ ਵੀ ਚੀਜ਼ ਹੈ, ਔਰ ਉੱਥੋਂ ਦੇ ਲੋਕਾਂ ਨਾਸਤਕਾਂ ਨੇ, ਉਹਨਾਂ ਦੇ ਵਾਸਤੇ ਗਿਰਜਿਆਂ, ਮੰਦਰਾਂ ਵਿੱਚ ਪ੍ਰਾਰਥਨਾਵਾਂ ਕੀਤੀਆਂ ਪ੍ਰਮਾਤਮਾ ਅੱਗੇ। ਭਾਈ, ਜੇ ਤੁਸੀਂ ਸਤਿਗੁਰ ਨੂੰ ਮਿਲੋ, ਸਤਿਗੁਰ ਦੇ ਹੁਕਮ ਮੰਨੋ ਤਾਂ ਤੇ ਉਹਦੇ ਦਰਬਾਰ ਵਿੱਚ ਮਨਜ਼ੂਰੀ ਹੈ। ਅੱਗੇ ਜਾ ਕੇ ਗੁਰੂ ਨਾਨਕ ਦੇਵ ਮਹਾਰਾਜ, ਇਸਤਰੀ ਦਾ ਰੂਪ ਵਰਣਨ ਕਰਕੇ ਕਹਿੰਦੇ ਨੇ-

**ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ[੬]।।**
**ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ।।**

*- ਸਿਰੀ ਰਾਗ ਮ:੩, ਪੰਨਾ-੩੭*

ਇੱਕ ਲੜਕੀ ਦੇ ਚੂੜਾ ਪਾਇਆ ਹੋਇਆ, ਉਹ ਬਾਂਹ ਹਿਲਾ ਕੇ ਚਲਦੀ ਹੈ। ਕਹਿੰਦੇ ਨੇ—ਤੂੰ ਆਪਣੇ ਪਤੀ ਨੂੰ ਨਹੀਂ ਪਛਾਣਦੀ, ਉੱਥੇ ਜਾ ਕੇ ਮੂੰਹ ਕੀ ਦੇਵੇਂਗੀ। ਫਰੀਦ ਜੀ ਨੇ ਲਿਖਿਐ-

**ਜਿਤੁ ਦਿਹਾੜੈ ਧਨ[੭] ਵਰੀ[੮] ਸਾਹੇ ਲਏ ਲਿਖਾਇ[੯]।।**
**ਮਲਕੁ[੧੦] ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ।।**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।।**

**ਸਾਹੇ ਲਿਖੇ ਨ ਚਲਨੀ[੧੧] ਜਿੰਦੂ ਕੂੰ ਸਮਝਾਇ॥**

ਜਿਹੜਾ ਵਕਤ ਲਿਖਿਆ ਹੈ, ਉਹ ਨਹੀਂ ਹਟ ਸਕਦਾ—**ਜਿੰਦੂ ਕੂੰ ਸਮਝਾਇ**।

**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ[੧੨]॥**

*– ਪੰਨਾ-੧੩੭੭*

ਭਾਈ ਸੱਜਣੋਂ, ਇਹ ਹੈ ਦੁਨੀਆਂ। ਦੁਨੀਆਂ ਨਾਉਂ ਹੈ ਝੂਠ ਦਾ। ਇੱਥੇ ਜੋ ਕੁਛ ਹੈ ਸਾਰਾ ਝੂਠਾ ਪਸਾਰਾ ਹੈ। ਤੁਸੀਂ ਦੇਖ ਲਓ, ਏਥੇ ਹੁੰਦੇ-ਹੁੰਦੇ ਹੀ, ਗੁਰੂ ਸਾਹਿਬ ਦਾ ਹੁਕਮ ਪੜ੍ਹੋ, ਦੁਨੀਆ 'ਚ ਦੇਖੋ ਕਿ–

**ਮਨਮੁਖਾ ਕੇਰੀ[੧੩] ਦੋਸਤੀ ਮਾਇਆ ਕਾ ਸਨਬੰਧੁ॥**
**ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥**
**ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ[੧੪]॥**
**ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲ ਨਿਰਗੰਧੁ॥**

*– ਰਾਗ ਰਾਮਕਲੀ ਵਾਰ ਮ:੫, ਪੰਨਾ-੯੫੯*

ਕਈ ਪੁਰਸ਼ ਇੱਥੇ ਪਾਠ ਕਰਦੇ ਨੇ ਤਿਸ ਦਿਨ ਬੋਲਨ ਗੰਦ ਇੱਥੇ ਗੱਗੇ ਦੇ ਅੱਗੇ ਧੱਧਾ ਲਗਾ ਹੋਇਆ ਹੈ, ਨੱਨੇ ਨੂੰ ਲੱਗੀ ਹੋਈ ਹੈ ਸਿਹਾਰੀ—**ਤਿਤ ਦਿਨਿ ਬੋਲ ਨਿਰਗੰਧੁ**—ਉਸ ਦਿਨ ਜਿਹੜਾ ਬੋਲ ਹੁੰਦਾ ਹੈ ਨ, ਜਦੋਂ ਕਾਸੇ ਜੋਗਾ ਨਾ ਰਹੇ ਤਾਂ ਖੁਸ਼ਕ ਹੋ ਜਾਂਦਾ ਹੈ, ਨਕਾਰਾ ਹੋ ਜਾਂਦਾ ਹੈ। ਕਹਿੰਦੇ ਨੇਂ—ਕੰਜਰ ਗਲੋਂ ਨਹੀਂ ਲਹਿੰਦਾ, ਮਰਦਾ ਨਹੀਂ, ਬੁੱਢਾ ਸਾਡਾ ਖਹਿੜਾ ਨਹੀਂ ਛੱਡਦਾ। ਇਹ ਇੱਕ ਵਾਸਤੇ ਨਹੀਂ, ਸਭਨਾਂ ਵਾਸਤੇ ਹੀ ਹੈ।

## ਪਰਾਇਆ ਹੱਕ

ਤੁਸੀਂ ਕੋਈ ਜਾਨਵਰ ਪਾਲਦੇ ਹੋ, ਉਹਦੀ ਬੜੀ ਹਿਫਾਜ਼ਤ ਕਰਦੇ ਹੋ, ਜੇ ਉਹ ਸਵਾਰੀ ਵਾਲਾ ਸਵਾਰੀ ਦੇਂਦੈ ਤੇ ਰਾਜ਼ੀ ਹੋ; ਜੇ ਦੁੱਧ ਦੇਣ ਵਾਲਾ ਹੈ, ਜਿਦਣ ਉਹ ਦੁਧੋਂ ਭੱਜ ਜਾਏ.................?

ਹੁਣ ਅਸੀਂ ਵੀ ਇਹੋ ਜਿਹੇ ਹੀ ਹਾਂ। ਲੋਕਾਂ ਨੂੰ ਅਸੀਂ ਕੀ ਆਖੀਏ। ਆਹ ਵਜਿੰਦਰ ਸਿੰਘ ਆਇਆ ਹੈ—ਦਾਰਜਲਿੰਗ ਤੋਂ। ਉੱਥੇ

ਗਊ ਸਭਾ ਸੀ, ਮੈਂ ਜਾ ਨਹੀਂ ਸਕਿਆ ਉਹ ਐਸਾ ਕੰਮ ਹੋ ਗਿਆ ਪਿਛਲੀ ਤਰੀਖ ਨੂੰ। ਉੱਥੇ ਹਿੰਦੂ ਲੋਕਾਂ ਨੇ ਠੇਕੇ ਲਏ ਹੋਏ ਨੇ ਗਊਆਂ ਮਾਰਨ ਦੇ। ਲਿਆਉਂਦੇ ਹਨ ਹਿੰਦੂ, ਵੇਚਦੇ ਔਰ ਹਿੰਦੂ ਖਾਂਦੇ ਹਨ। ਕਿਆ ਗੌਰਮਿੰਟ ਨੂੰ ਅਸੀਂ ਆਖੀਏ ਕਿ ਤੁਸੀਂ ਗਊ ਬੱਧ ਬੰਦ ਨਹੀਂ ਕਰਦੇ। ਫਿਰ ਮਹਾਰਾਜ ਨੇ ਏਦੂੰ ਵੀ ਬੜਾ ਕੁਛ ਲਿਖਿਆ ਹੈ ਕਿ—

**ਕੂੜੁ ਬੋਲਿ ਮੁਰਦਾਰੁ ਖਾਇ।।**

*– ਸਲੋਕ ਮ:੧, ਪੰਨਾ–੧੩੯*

—ਮਾਰ ਕੇ ਖਾਣਾ ਤਾਂ ਹੋਰ ਚੀਜ਼ ਹੈ, ਮਰੇ ਹੋਏ ਨੂੰ ਚੂੜ੍ਹੇ, ਚਮਾਰ ਜਿਹਨੂੰ ਖਾਂਦੇ ਨੇ, ਹਿੰਦੂ ਮੁਸਲਮਾਨ ਨਹੀਂ ਖਾਂਦੇ। ਕਹਿੰਦੇ ਨੇ—ਜਿਹੜਾ ਝੂਠ ਬੋਲਦਾ ਹੈ ਮੁਰਦਾਰ ਖਾਂਦਾ ਹੈ। ਹੁਣ ਆਪਾਂ ਆਪਣੇ ਅੰਦਰ ਝਾਤੀ ਮਾਰਕੇ ਵੇਖੀਏ ਦਿਨ 'ਚ ਕਿੰਨਾ ਕੁ ਸੱਚ ਬੋਲਦੇ ਹਾਂ। ਫਿਰ–

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।**
**ਗੁਰੁ ਪੀਰੁ ਹਾਮਾ[੧੫] ਤਾ ਭਰੇ ਜਾ ਮੁਰਦਾਰੁ ਨ ਖਾਇ।।**

*– ਮ:੧, ਪੰਨਾ–੧੪੧*

ਹੁਣ ਅਸੀਂ ਬੇਗਾਨਾ ਹੱਕ ਖਾ ਕੇ ਰਾਜ਼ੀ ਹਾਂ। ਇੱਕ ਆਦਮੀ ਨੇ ਪੈਸੇ ਲੈ ਲਏ ਹਨ ਕਿਸੇ ਤੋਂ। ਉਹਦੀ ਉਸ ਵੇਲੇ ਤਾਕਤ ਨਹੀਂ ਪਈ ਦੇਣ ਦੀ। ਉਹ ਗਰੀਬ ਚਾਹੁੰਦਾ ਵੀ ਹੈ ਦੇਣਾ। ਉਹ ਹੱਕ ਨਹੀਂ ਖਾਂਦਾ, ਇੱਕ ਜਾਣਕੇ ਨਹੀਂ ਦੇਂਦਾ।

★ਵਾਹ ! ਹੁਣ ਬਾਰਾਂ ਵਜੇ ਰਾਤ ਸ਼ੁਰੂ ਕਰਿਓ ਹਵਨ, ਕੀਤਾ ਕੀ ਹੈ ਹੁਣ ਤਕ ਤੁਸਾਂ, ਕਿਹੜਾ ਵੇਲਾ ਹੈ ਹੁਣ ਹਵਨ ਕਰਨ ਦਾ ਤੁਹਾਡਾ । ਗਲਾਂ ਕਰਨ ਡਹੇ ਹੋ, ਕੀਤਾ ਕੀ ਹੈ ਹੁਣ ਤਕ ਤੁਸਾਂ, ਸ਼ਾਬਾਸ਼ੇ ਤੁਹਾਡੇ ਪ੍ਰਬੰਧ ਦੇ। ਰਾਤ ਨੂੰ, ਹੁਣ ਜਿਉਂ-ਜਿਉਂ ਦਿਨ ਛਿਪੇਗਾ, ਜਾਨਵਰ ਮਰਨਗੇ ਡਿੱਗ ਕੇ ਵਿੱਚ, ਪਾਪ ਦੇ ਭਾਗੀ ਤੁਸੀਂ ਹੋਵੋਗੇ।

**ਜਿਤੁ ਦਿਨ ਕਿਛੁ ਨ ਹੋਵਈ**—ਫਿਰ ਜਿਹੜਾ ਜਾਣ ਕੇ ਪੁਰਸ਼ ਨਹੀਂ ਮੋੜਦਾ ਤਾਂ ਸਤਿਗੁਰਾਂ ਦੇ ਹੁਕਮ ਅਨੁਸਾਰ ਚੋਰੀ ਧਾੜੇ ਥੀਂ ਵੀ ਵੱਡਾ ਪਾਪ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ, ਕੁਦਰਤ ਵਲੋਂ ਨਾ ਕੋਈ ਦਾਲ ਗਲੇ

ਉਹ ਵੱਖਰੀ ਚੀਜ਼ ਹੈ, ਲੇਕਿਨ ਚਿਤ 'ਚ ਨਹੀਂ ਇਹ ਕਦੇ ਖਿਆਲ ਆਉਣਾ ਚਾਹੀਦਾ, ਬਈ ਚਲੋ ਕੰਮ ਲੰਘ ਜਾਏਗਾ, ਇਥੋਂ ਮੁੜਕੇ ਹਿੰਦੁਸਤਾਨ ਚਲੇ ਜਾਵਾਂਗੇ, ਜਾਂ ਉਹ ਮਰ ਜਾਊ, ਜਾਂ ਕੋਈ ਕੰਮ ਹੋ ਜਾਊ, ਦਿਵਾਲਾ ਕੱਢ ਕੇ ਵਕਤ ਗੁਜ਼ਾਰ ਲਵਾਂਗੇ।

**ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥**

*– ਸਿਰੀ ਰਾਗ ਮ:੧, ਪੰਨਾ-੨੨*

## ਚਿਤ੍ਰ ਗੁਪਤੁ

ਉਹ ਮਾਲਕ ਸਭ ਕੁਛ ਜਾਣਦਾ ਹੈ। ਹੁਣ ਸਾਡੇ ਵੀ, ਇਹ ਲਿਖਤ ਵਿੱਚ ਚੀਜ਼ ਹੈ–

**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥**

*– ਸੋਰਠ ਮ:੫, ਪੰਨਾ-੬੧੬*

ਉਹ ਚਿਤ੍ਰ ਗੁਪਤ, ਉਹ ਕਾਇਤ ਚੇਤੂ ਨਾਓ—ਉਹ ਜਿਹੜਾ ਮੁਨਸ਼ੀ ਕਾਇਤ ਚੇਤੂ—ਚਿਤ੍ਰ ਜਿਹੜਾ ਹੈ, ਉਹ ਜਿਹੜਾ ਗੁਪਤ ਰਹਿੰਦਾ ਹੈ, ਉਹ ਲਿਖਦਾ ਹੈ ਹਰ ਵੇਲੇ ਕਿ ਕੀ ਕਰਦਾ ਹੈ। ਮੁਸਲਮਾਨ ਵੀ ਕਹਿੰਦੇ ਨੇ, ਮੁਨਕਰ ਤੇ ਨਕੀਰ ਹਰ ਵੇਲੇ ਨਾਲ ਇਹਦੇ ਲਿਖਦੇ ਨੇ। ਭਾਈ ਬਚਾਅ ਦਾ ਕੀ ਸਾਧਨ ਹੋਵੇ ? ਬਚਾਅ ਦਾ ਸਾਧਨ ਇਹ ਹੈ, ਸਤਿਗੁਰਾਂ ਹੁਕਮ ਦਿੱਤਾ ਹੈ, ਸਤਿਗੁਰਾਂ ਦਾ ਹੁਕਮ ਮੰਨ ਕੇ ਭਜਨ ਕਰੋ, ਬਾਣੀ ਪੜ੍ਹੋ, ਅਰਦਾਸ ਕਰੋ—ਸੱਚੇ ਪਾਤਸ਼ਾਹ ਬਖਸ਼ ! ਸਮਾਂ ਬੜਾ ਭੈੜਾ ਹੈ; ਸਮਾਂ ਬੜਾ ਬੁਰਾ ਹੈ। ਐਥੇ ਆ ਕੇ ਦੀਵਾਨ ਵਿੱਚ ਵੀ, ਆਉਂਦੇ ਹਾਂ ਦੀਵਾਨ ਸੁਣਨ, ਮਨ ਸਾਡੇ ਹੋਰ ਪਾਸੇ ਜਾਂਦੇ ਹਨ। ਕਹਿੰਦੇ ਹਨ ਕਿ ਗਰਮੀ 'ਚ, ਧੁੱਪ ਦੀ ਮਾਰੀ ਹੋਈ ਖੇਤੀ ਜਿਹੜੀ ਹੈ ਨ—ਉਹਨੂੰ ਜਦੋਂ ਪਾਣੀ ਆ ਜਾਏ ਤਾਂ ਉਹ ਬਚ ਜਾਂਦੀ ਹੈ, ਪਰ ਪਾਣੀ ਦੀ ਮਾਰੀ ਹੋਈ ਨਹੀਂ ਬਚਦੀ।

**ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥**
**ਇਕੁ ਭਾਉ[੧੬] ਲਥੀ ਨਾਤਿਆ ਦੁਇ ਭਾ[੧੭] ਚੜੀਅਸੁ[੧੮] ਹੋਰ॥**

*– ਮ:੧, ਪੰਨਾ-੭੮੯*

ਉੱਥੇ ਜਾ ਕੇ ਤੀਰਥ ਉੱਤੇ, ਪੁੰਨ ਜੇ ਦਸ ਗੁਣਾਂ ਵਧਦਾ ਹੈ ਤਾਂ ਪਾਪ ਹਜ਼ਾਰਾਂ ਗੁਣਾਂ ਵਧਦਾ ਹੈ। ਸੱਜਣੋ, ਚਿਤ ਨਹੀਂ ਕਰਦਾ ਕਿ ਮੈਂ ਤੁਹਾਨੂੰ ਕੁਛ ਉਪਦੇਸ਼ ਕਰਾਂ, ਕਿਉਂਕਿ ਕਰਮ ਆਪਣਾ ਠੀਕ ਹੋਵੇ ਤਾਂ ਕੁਛ ਬਣਦਾ ਹੈ। ਸਾਧ-ਸੰਗਤ ਦਾ ਹੁਕਮ ਮੋੜਿਆ ਨਹੀਂ ਜਾਂਦਾ, ਏਥੇ ਆਇਆਂ ਨੂੰ ਮੈਨੂੰ ਇਹ ਜੋਅ ਲੈਂਦੇ ਹਨ। ਜ਼ਰੂਰਤ ਏਸ ਗੱਲ ਦੀ ਹੈ—ਕਰਨਾ ਔਰ ਕਨੇਰ, ਦੋ ਫੁੱਲ ਹਨ। ਕਰਨਾ ਉਹ ਚੀਜ਼ ਹੈ ਜਿਸ ਬਾਗ 'ਚ ਹੋਵੇ, ਖੁਸ਼ਬੋ ਹੀ ਖੁਸ਼ਬੋ ਹੋ ਜਾਂਦੀ ਹੈ। ਜੇ ਨਨਾ ਵਿਚਾਲੇ ਆ ਜਾਂਦਾ ਹੈ ਤੇ ਰਾਰਾ ਪਿਛੇ ਚਲਾ ਜਾਂਦਾ ਹੈ, ਤੇ ਕਨੇਰ ਦੀ ਕਲੀ 'ਚ ਖੁਸ਼ਬੋ ਹੀ ਨਹੀਂ। ਜਿਸ ਤਰ੍ਹਾਂ ਕਹਿਣੀ ਔਰ ਕਰਨੀ—ਕਹਿਣੀ ਸ਼ਬਦ ਜਿਹੜਾ ਹੈ, ਇਹ ਹਾਹੇ ਦਾ ਮੂੰਹ ਖੁੱਲਾ ਹੈ। ਅਸੀਂ ਮੂੰਹੋ ਬੜਾ ਕੁਛ ਕਹਿੰਦੇ ਹਾਂ। ਕਰਨੀ ਦਾ ਜਿਹੜਾ ਰਾਰਾ ਹੈ, ਉਹ ਰਾਰਾ ਬੰਦ ਮੂੰਹ ਵਾਲਾ ਉਹੋ ਹੀ ਹਾਹਾ ਹੈ। ਜਿਹੜੇ ਕਰਦੇ ਹਨ, ਅੱਜ ਉਹਨਾਂ ਦੇ ਨਾਉਂ ਹਨ। ਜਿਹਨਾਂ ਮਹਾਂ ਪੁਰਖਾਂ, ਕਿਸੇ ਮਜ਼ਬ, ਕਿਸੇ ਵਕਤ, ਕਿਸੇ ਸਮੇਂ 'ਚ, ਜੋ ਕੁਛ ਕੀਤਾ ਹੈ, ਉਹਨਾਂ ਦਾ ਹੀ ਇਹ ਪਰਤਾਪ ਹੈ ਲੱਖਾਂ ਆਦਮੀ ਉਹਨਾਂ ਪਿੱਛੇ ਖਾਂਦੇ ਹਨ ਔਰ ਉਹਨਾਂ ਦੇ ਪਿੱਛੇ ਉੱਧਾਰ ਵੀ ਹੋ ਜਾਂਦਾ ਹੈ। ਜਿਸ ਤਰ੍ਹਾਂ ਦੇਖੋ, ਨਾਮ ਜਪਣ ਦੀ ਗੱਲ, ਜਨਕ ਜੀ ਮਹਾਰਾਜ—ਧਿਆਨ ਦੇ ਕੇ ਦੇਖੋ—ਭਾਈ ਗੁਰਦਾਸ ਜੀ ਲਿਖਦੇ ਹਨ ਕਿ-

*ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।*
*- ਵਾਰ ੧੦, ਪਉੜੀ-੫*

ਇਹ ਨਹੀਂ ਕਿ ਮਾਇਆ ਛੱਡ ਕੇ ਭਗਤੀ ਕੀਤੀ, ਰਾਜ ਕਰਦਿਆਂ ਹੋਇਆ ਭਗਤੀ ਕੀਤੀ ਪਰ ਆਪਣਾ ਰਾਜ ਨਹੀਂ ਜਾਣਿਆ, ਦੇਣ ਵਾਲੇ ਦਾ ਰਾਜ ਮੰਨਿਆ। ਉੱਥੇ ਉਦਾਸ ਰਹੇ, ਕੀ ਸਮਝਿਆ—ਕਿ ਸਾਡਾ ਕੁਛ ਨਹੀਂ।

*ਦੇਵ ਲੋਕ ਨੋ ਚਲਿਆ*—ਦੇਹ ਹਰ ਇੱਕ ਨੇ ਛੱਡਣੀ ਹੈ, ਇਹ ਸਮਾਂ ਐਸੀ ਚੀਜ਼ ਬਣਾਈ ਹੈ ਮਹਾਰਾਜ ਨੇ। ਰਾਮ ਚੰਦਰ ਜੀ, ਕ੍ਰਿਸ਼ਨ ਮਹਾਰਾਜ, ਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ ਨੇ ਤੇ ਅਜੇ ਖੇਡ ਵਰਤਾਉਣੀ

ਹੈ—ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ ਮਹਾਰਾਜ, ਗੁਰੂ ਬਾਲਕ ਸਿੰਘ ਜੀ ਤਕ, ਗੁਰੂ ਹਰੀ ਸਿੰਘ ਜੀ ਵੀ ਦੇਹ ਕਰਕੇ ਸਰੀਰ ਛੱਡ ਗਏ। ਮੈਂ ਇੱਕ ਚੀਜ਼ ਹੋਰ ਵੀ ਤੁਹਾਨੂੰ ਦੱਸਣੀ ਹੈ—ਮੇਰਾ ਮੂੰਹੋਂ ਕਹਿਣ ਨੂੰ ਜੀ ਨਹੀਂ ਕਰਦਾ—ਕਈ ਆਦਮੀ ਤੇਰ੍ਹਾਂ, ਚੌਦਾਂ ਪਾਤਸ਼ਾਹੀਆਂ ਅੱਜ ਗਿਣਦੇ ਹਨ—ਉਹ ਗਲਤੀ ਉੱਤੇ ਚਲਦੇ ਹਨ।

## ਅਮਨ ਨੇ ਆਉਣਾ ਹੈ

ਸਤਿਗੁਰੂ ਰਾਮ ਸਿੰਘ ਜੀ ਨੇ ਜਿੰਨੀ ਖੇਡ ਬਣਾਈ ਹੈ ਅਜੇ ਅਸੀਂ ਬਾਰ੍ਹਾਂ ਤੋਂ ਅੱਗੇ ਪੈਰ ਨਹੀਂ ਧਰ ਸਕਦੇ। ਗੁਰੂ ਹਰੀ ਸਿੰਘ ਜੀ ਦੀ ਖੇਡ ਸਾਰੀ ਬਾਰ੍ਹਵੀਂ ਪਾਤਸ਼ਾਹੀ ਨੇ ਨਿਸ਼ਚਿਤ ਕੀਤੀ ਹੈ। ਉਹਨਾਂ ਆਉਣਾ ਹੈ; ਉਹਨਾਂ ਆ ਕੇ ਸਰਿਸ਼ਟੀ ਦਾ ਨਕਸ਼ਾ ਬਦਲਣਾ ਹੈ ਔਰ ਫੇਰ ਕਿਹੜੀ ਉਹ ਖੇਡ ਬਣਾਉਣ, ਉਹ ਜਾਣਨ। ਕਿਸੇ ਦੇ ਆਖੇ, ਕਿਸੇ ਸਾਧੂ, ਸੰਤ, ਮਹਾਂਪੁਰਖਾਂ ਦਾ ਵੀ, ਇੱਕ ਰਿਵਾਜ ਤੁਰ ਪਿਆ ਹੈ ਗੱਲਾਂ ਕਰਨ ਦਾ। ਖਿਮਾਂ ਕਰਨਾਂ, ਧਿਆਨ ਦੇਣਾ, ਅਸੀਂ ਕਾਹਦੇ ਵਾਸਤੇ—ਜੇ ਤੇਰ੍ਹਾ ਚੌਦਾਂ ਗਿਣਦੇ ਹਾਂ ਤਾਂ ਬਾਰ੍ਹਵੇਂ ਨੂੰ ਭਾਲਦੇ ਹਾਂ, ਤੇ ਸੱਦਦੇ ਹਾਂ। ਖਾਸ ਤੁਹਾਡੀਆਂ ਇਹ ਗੱਲਾਂ ਹਨ ਜਿਹੜੀਆਂ ਸੋਚਣ ਵਾਲੀਆਂ ਹਨ। ਇਹ ਬੜੀ ਜ਼ਰੂਰੀ ਚੀਜ਼ ਹੈ, ਅਜੇ ਉਨ੍ਹਾਂ ਦੀ ਖੇਡ ਹੈ, ਜੋ ਕੁਝ ਬਣਾ ਰਹੇ ਨੇ ਉਹਨਾਂ ਦੇ ਹੁਕਮ 'ਚ ਵਰਤ ਰਿਹਾ ਹੈ। ਜਿੰਨਾਂ ਚਿਰ ਉਹ ਆਉਂਦੇ ਨਹੀਂ—ਸਰਿਸ਼ਟੀ 'ਚ ਅਮਨ ਨਹੀਂ ਹੁੰਦਾ, ਸਰਿਸ਼ਟੀ ਸੁਖੀ ਨਹੀਂ ਹੁੰਦੀ, ਲੋਕਾਂ 'ਚ ਵੈਰ ਭਾਵ ਨਹੀਂ ਜਾਂਦਾ।

ਜਿਹੜੇ ਸਾਡੇ ਵੱਡੇ-ਵੱਡੇ ਠੇਕੇਦਾਰ ਹਨ, ਭਾਵੇਂ ਕੋਈ ਗੁੱਸਾ ਹੀ ਮੰਨੇ, ਜਿਹੜੇ ਦੋ ਐਸ ਵੇਲੇ ਵੱਡੇ ਆਗੂ ਮਹਾਨ ਮੁਲਕ ਦੇ ਬਣੇ ਹੋਏ ਹਨ —ਇੱਕ ਅਮਰੀਕਾ ਤੇ ਦੂਸਰਾ ਰੂਸ। ਹੋਰ ਜਿੰਨੇ ਹਨ, ਕੋਈ ਚਾਰ ਉਹਦੇ ਨਾਲ ਰਲੇ ਹੋਏ ਹਨ, ਦਸ ਦੂਏ ਨਾਲ ਰਲੇ ਹੋਏ ਨੇ। ਉਹ ਸਾਰੇ ਉੱਤੋਂ ਇਹ ਰੋਜ਼ ਰੌਲਾ ਪਾਉਂਦੇ ਹਨ—ਪੀਸ (Peace), ਅਮਨ ਹੋਵੇ, ਲੇਕਿਨ ਬਣਾਉਂਦੇ ਹਨ ਸਭ ਐਟਮ, ਰੇਡੀਅਮ ਤੇ ਹਾਈਡ੍ਰੋਜਨ ਬੰਬ। ਤੁਸੀਂ ਇੱਕ ਆਦਮੀ ਨੂੰ ਕਹਿੰਦੇ ਹੋ ਕਿ ਉਹ ਬਚ ਰਵ੍ਹੇ, ਇਹਨੂੰ ਤਾਪ ਚੜ੍ਹਿਆ ਹੋਇਆ

ਹੈ। ਉਹਨੂੰ ਅੱਗ ਦਾ ਸੇਕ ਕੋਲ ਬੈਠ ਕੇ ਦੇਈ ਜਾਂਦੇ ਹੋ ਤੇ ਲਾਲ ਮਿਰਚਾਂ ਰਗੜ ਕੇ ਮੂੰਹ 'ਚ ਪਾਈ ਜਾਂਦੇ ਹੋ—ਕਿਸ ਤਰ੍ਹਾਂ ਬਚ ਰਹੂਗਾ। ਦੁਨੀਆਂ 'ਚ ਅਮਨ ਓਦਣ ਹੋਵੇਗਾ ਜਿਦਣ ਹਥਿਆਰ ਕੋਈ ਨਾ ਰਹਿ ਜਾਏਗਾ। ਜਿੰਨਾਂ ਚਿਰ ਲੋਕ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰਦੇ ਨੇ, ਓਨਾਂ ਚਿਰ ਦੁਨੀਆਂ 'ਚ ਅਮਨ ਨਹੀਂ ਕਾਇਮ ਹੋ ਸਕਦਾ।

ਕਿਸ ਤਰ੍ਹਾਂ ਹੋਵੇ ਅਮਨ ? ਅਮਨ ਦੇਣ ਵਾਸਤੇ, ਜਦ ਤੋਂ ਸਰਿਸ਼ਟੀ ਬਣੀ ਹੈ—ਇਹ ਭਾਰਤ ਵਰਸ਼ ਹੈ ਜਿਸ ਨੇ ਅਮਨ ਦੁਨੀਆਂ ਨੂੰ ਦਿੱਤਾ ਹੈ। ਅੱਜ ਆਗੂ ਹੋਰ ਮੁਲਕ ਬਣੇ ਹੋਏ ਨੇ। ਅਮਨ ਦੀ ਵਜ੍ਹਾ ਹੈ, ਅਮਨ ਹੋ ਸਕਦਾ ਹੈ—ਨਿਰਲੋਭ ਹੋ ਕੇ। ਇੱਥੇ ਵੱਡਿਆਂ ਵੱਡਿਆਂ ਮਹਾਂਪੁਰਖਾਂ ਨੇ, ਵੱਡਿਆਂ ਵੱਡਿਆਂ ਨੇ, ਬੁੱਧ ਜੈਸਿਆਂ ਨੇ, ਫੇਰ ਉਸ ਦੇ ਲੜਕੇ ਅੱਗੇ ਜਿਹੜੇ ਹੋਏ ਉਹਨਾਂ ਲੋਕਾਂ ਨੇ, ਆਪਣੇ ਰਾਜ ਛੱਡ ਕੇ ਲੋਕਾਂ ਨੂੰ ਜੋਗ ਦੱਸਿਆ, ਭਗਤੀ ਵੱਲ ਲਾਇਆ, ਰਾਜ ਨੂੰ ਤੁੱਛ ਮਾਤਰ ਸਮਝ ਕੇ ਲੱਤ ਮਾਰੀ। ਜਿੱਥੇ ਹੁਣ ਇਹੋ ਖਾਹਿਸ਼ ਹੈ ਕਿ ਮੇਰੇ ਮੁਲਕ ਦੀ ਮੰਡੀ ਬਣੇ, ਮੈਂ ਹੀ ਸਾਰਿਆਂ ਤੋਂ ਪੈਸੇ ਲਵਾਂ ਤੇ ਚੀਜ਼ਾਂ ਆਪਣੀਆਂ ਵੇਚਾਂ। ਜਿੰਨਾਂ ਚਿਰ ਮੇਰੇ ਅੰਦਰ ਲਾਲਚ ਹੈ—ਮੰਗਲਦਾਸ ਜੀ ਕਹਿੰਦੇ ਨੇ, ਮੇਰੀ ਦੁਕਾਨ ਚੱਲੇ; ਦਿਆਲ ਸਿੰਘ ਹੁਰੀਂ ਕਹਿੰਦੇ—ਮੇਰੀ, ਗੁਰਬਖਸ਼ ਸਿੰਘ ਹੁਰੀ ਕਹਿੰਦੇ—ਮੇਰੀ ਚੱਲੇ, ਕੋਈ ਤੀਸਰਾ ਹੋਰ ਕਹਿੰਦਾ ਹੈ—ਮੇਰੇ ਕੋਲੋਂ ਹੀ ਸੌਦਾ ਵਿਕੇ।

ਇਸੇ ਤਰ੍ਹਾਂ ਹੀ ਅਮਰੀਕਾ ਚਾਹੁੰਦਾ ਹੈ—ਮੈਂ ਸਾਰੀ ਦੁਨੀਆਂ ਤੇ ਆਪਣੀ ਮੰਡੀ ਚਲਾਵਾਂ। ਉਹਦੇ ਮੁਕਾਬਲੇ 'ਚ ਰੂਸ ਵੀ ਕੁਝ ਕਰਦਾ ਹੈ। ਅਜੇ ਅਮਨ ਨੇ ਆਉਣਾ ਹੈ, ਦੁਨੀਆਂ ਦਾ ਖੈਯ ਹੋਣੈ, ਦੁਨੀਆਂ ਬਹੁਤ ਥੋੜੀ ਰਹਿ ਜਾਣੀ ਹੈ। ਹੁਣ ਸਭ ਲੋਕ ਮੰਨਦੇ ਹਨ—ਸਾਡੇ ਪੰਡਤ ਜਵਾਹਰ ਲਾਲ ਜੀ ਜੈਸਾ ਪਿਛਾਂਹ ਖਿੱਚੂ ਆਦਮੀ ਕੋਈ ਨਹੀਂ ਕਿ ਜਿਹੜਾ ਜੰਗ ਨਹੀਂ ਚਾਹੁੰਦਾ ਔਰ ਉਹਨਾਂ ਬੜੀ ਕੋਸ਼ਿਸ਼ ਕੀਤੀ ਹੈ ਔਰ ਇਹ ਉਹਦਾ ਫਲ ਹੈ ਕਿ ਦੂਸਰੇ ਮੁਲਕ 'ਚ ਜੰਗ ਹੋਇਆ ਹੈ, ਹਿੰਦੁਸਤਾਨ ਵਿੱਚ ਅਜੇ ਤਕ ਉਹਨੇ ਵੜਨ ਨਹੀਂ ਦਿੱਤਾ, ਪਰ ਉਹ ਵੀ ਇਹ ਗੱਲ ਕਹਿੰਦੇ ਹਨ ਕਿ ਤੀਸਰਾ ਜੰਗ ਜ਼ਰੂਰ ਹੋਵੇਗਾ। ਵਜਾ ਹੀ ਦਿਸਦੀ ਹੈ ਜੰਗ ਹੋਣ ਦੀ, ਕਿਸੇ

ਦਾ ਮਨ ਸਾਫ ਨਹੀਂ, ਕੁਛ ਨਹੀਂ। ਜਿੰਨਾਂ ਚਿਰ ਲੋਕਾਂ ਦੇ ਮਨ—ਰੋਜ਼ ਜਪੁ ਸਾਹਿਬ ਦਾ ਪਾਠ ਕਰਕੇ ਸਿੱਖ ਪੜ੍ਹਦੇ ਨੇ-

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

ਪਤਾ ਨਹੀਂ ਨਾਮ, ਕਿਹੜੀ ਬਲਾਅ ਦਾ ਨਾਮ ਹੈ, ਕਾਹਦੇ ਨਾਲ ਲਾ ਕੇ ਖਾਈਦਾ ਹੈ। ਅਸੀਂ ਜਿਹੜੇ ਠੇਕੇਦਾਰ ਹਾਂ ਮਾਲਾ ਫੇਰਨ ਵਾਲੇ ਨਾਮਧਾਰੀ, ਸਾਨੂੰ ਵੀ ਪਤੈ ਅਸੀਂ ਕਿੰਨਾ ਕੁ ਜਪਦੇ ਹਾਂ। ਮੱਤ ਨੇ ਸਾਫ ਨਾਮ ਬਗੈਰ ਨਹੀਂ ਹੋਣਾ। ਜਿੰਨਾ ਚਿਰ ਮੱਤ ਸਾਫ ਨਹੀਂ ਹੁੰਦੀ—ਕਿਸੇ ਨੂੰ ਆਪਣਾ ਰੂਪ ਨਹੀਂ ਜਾਣ ਸਕਦਾ। ਸਤਿਗੁਰਾਂ ਇਸੇ ਵਾਸਤੇ ਤੇ ਕਿਹੈ ਕਿ ਸੱਪ ਵੀ ਨਾ ਮਾਰੋ।

ਮਹਾਤਮਾ ਰਾਮ ਤੀਰਥ ਜੀ ਜੰਗਲਾਂ ਵਿੱਚ ਗਏ, ਮੱਤ ਸਾਫ ਹੋਈ-ਹੋਈ ਸੀ, ਜੇ ਸ਼ੇਰ ਆਇਆ ਤੇ ਉਹਨੂੰ ਜੱਫੀ ਪਾ ਲਈ, ਆਖਿਆ—ਤੂੰ ਵੀ ਮੇਰੇ ਪਿਆਰੇ ਦੀ ਬਣਾਈ ਹੋਈ ਇੱਕ ਚੀਜ਼ ਹੈ—ਤਾਂ ਨਹੀਂ ਵੱਢਦਾ।

ਜਿੰਨਾ ਚਿਰ ਇਸ ਤਰ੍ਹਾਂ ਨਹੀਂ ਹੁੰਦਾ, ਜਦੋਂ ਅਸੀਂ ਇਹ ਨਹੀਂ ਚਾਹੁੰਦੇ, ਪੁੱਤਾਂ ਦੋਹਾਂ ਨੂੰ ਇੱਕੋ ਜਿਹਾ ਨਹੀਂ ਜਾਣਦੇ। ਜੇ ਕਿਸੇ ਦੇ ਦੋ ਔਰਤਾਂ ਨੇ ਉਹ ਇੱਕ ਨਾਲ ਲੱਗ ਕੇ ਦੂਈ ਨੂੰ ਖਰਾਬ ਕਰਦਾ ਹੈ; ਸਕੇ ਭਰਾਵਾਂ ਨੂੰ ਮਾਰਨ ਵਾਸਤੇ ਤਿਆਰ ਹੈ, ਖਾਣ ਪੀਣ ਵਾਸਤੇ ਤਿਆਰ ਹਾਂ ਬਲਕਿ ਇਥੋਂ ਤਕ ਕਿ ਮਿੱਤਰਤਾ ਜਿਹਦਾ ਨਾਉਂ ਅੱਜ ਕੱਲ੍ਹ ਹੈ—ਮਿੱਤਰ ਮਾਰ ਜੈਸਾ ਕੋਈ ਪਾਪ ਨਹੀਂ। ਅੱਜ ਮਿੱਤਰ ਮਾਰ ਬਗੈਰ ਕੰਮ ਨਹੀਂ ਚਲਦਾ। ਜਿਹਨੂੰ ਮਿੱਤਰ ਬਣਾ ਲੈਂਦੇ ਹਨ ਉਹਨੂੰ ਠੱਗ ਲੈਂਦੇ ਹਨ।

ਤਾਂ, ਭਾਈ ਹਨੇਰੀ ਆਈ ਹੋਈ ਹੈ, ਅੱਗ ਲੱਗੀ ਹੋਈ ਹੈ, ਪਤਾ ਨਹੀਂ ਕਿਹੜੇ ਵੇਲੇ ਇਹ ਸੁਲਗਦੀ-ਸੁਲਗਦੀ ਸਾਰੀ ਸ੍ਰਿਸ਼ਟੀ ਨੂੰ ਦਾਹ ਕਰ ਦਏ। ਫੈਸ਼ਨ ਬਹੁਤੇ, ਖਰਚ ਬਹੁਤੇ, ਕਪੜੇ—ਜੇ ਕਿਸੇ ਆਦਮੀ ਨੇ ਮੇਰੀ ਗੱਲ ਸੁਣਨੀ ਹੈ ਅੱਜ ਉਹ ਯਾਦ ਰੱਖ ਲਵੇ, ਮੈਂ ਅਰਜ਼ ਕਰਦਾਂ ਕਿ—ਬਹੁਤਾ ਪਸਾਰਾ ਅਗੋਂ ਨੂੰ ਨਾ ਕਰੇ, ਰੋਟੀ ਖਾਣ ਦਾ ਕੰਮ ਆਪਣਾ ਬੰਦ ਨਾ ਕਰੇ। ਜੇ ਕਿਸੇ ਪਾਸ ਚਾਰ ਪੈਸੇ ਨੇ ਉਹ ਬਚਾਵੇ, ਉਹ ਸੂਟ ਬਣਾਉਣ

ਉੱਤੇ, ਗਹਿਣੇ ਬਣਾਉਣ ਉੱਤੇ, ਮਕਾਨ ਬਣਾਉਣ ਉੱਤੇ ਨਾ ਖਰਾਬ ਕਰੇ। ਸ਼ਾਇਦ ਕੋਈ ਐਸਾ ਵਕਤ ਆਵੇ ਕਿ ਚਾਰ ਦਿਨ ਕਿਸੇ ਨੂੰ ਬਹਿ ਕੇ ਭੁੱਖ ਤ੍ਰੇਹ ਕੱਟਣੀ ਪਵੇ। ਜੇ ਕਿਸੇ ਕੋਲ ਇੱਕ ਸੌ, ਦੋ ਸੌ, ਤਿੰਨ ਸੌ ਜਿਹੋ ਜਿਹਾ ਹੈ, ਜੇ ਕਿਸੇ ਕੋਲ ਹੋਣ ਤਾਂ ਉਹ ਆਪਣਾ ਬਚਾਅ ਕਰ ਲਵੇ।

ਤੁਹਾਨੂੰ ਹੁਣ ਪਤਾ ਹੈ ਜਿੰਨਾਂ ਚਿਰ ਅੰਗਰੇਜ਼ ਨਹੀਂ ਨਿਕਲਿਆ, ਤੁਹਾਨੂੰ ਜਿਹੜੇ ਆਦਮੀਆਂ ਨੂੰ ਪਤਾ ਸੀ ਕਿ ਅੰਗਰੇਜ਼ ਨਹੀਂ ਚਾਹੀਦਾ—ਉਹਨਾਂ ਨੂੰ ਸਾਹ ਨਹੀਂ ਆਇਆ, ਬਈ ਦੂਸਰੇ ਮੁਲਕਾਂ ਦਾ ਇਹ ਹੱਕ ਨਹੀਂ ਕਿ ਸਾਡੇ ਮੁਲਕ ਵਿੱਚ, ਬੇਗਾਨੇ ਲੋਕ, ਕਿਉਂ ਰਹਿੰਦੇ ਨੇਂ ਔਰ ਸਾਰੀ ਦੁਨੀਆਂ ਜਾਗੀ ਹੋਈ ਹੈ। ਮੈਂ ਅਫਰੀਕਾ ਜਾ ਕੇ ਆਇਆਂ। ਉਨ੍ਹਾਂ ਲੋਕਾਂ ਨੂੰ ਕਸ਼ਟ ਦਿੱਤਾ ਜਾਂਦਾ ਹੈ, ਅੰਗਰੇਜ਼ ਮਾਰ ਰਹੇ ਹਨ, ਉਹਨਾਂ ਦੇ ਮਕਾਨ ਟ੍ਰੈਕਟਰਾਂ ਨਾਲ ਢਾਹ ਰਹੇ ਹਨ, ਬੰਬ ਉਨ੍ਹਾਂ ਤੇ ਵਰ੍ਹਾ ਰਹੇ ਹਨ ਲੇਕਿਨ ਵਿਗੜਦਾ ਉਨ੍ਹਾਂ ਦਾ ਕੁਛ ਨਹੀਂ। ਭਾਵੇਂ ਉਹ ਥੋੜੇ ਰਹਿ ਗਏ ਹਨ, ਭਾਵੇਂ ਉਹ ਕੁਛ ਹੈ, ਉਹ ਔਰਤਾਂ ਆਪਣੇ ਬੱਚਿਆਂ ਦਾ ਖ਼ੂਨ ਕੱਢ-ਕੱਢ ਕੇ ਆਪਣੇ ਦਸਖਤ ਕਰਕੇ ਉਸਦੇ 'ਚ—ਮਾਓ ਮਾਓ 'ਚ—ਸ਼ਾਮਲ ਹੁੰਦੀਆਂ ਹਨ। ਇੱਕ ਗਵਰਨਰ ਚੱਲਿਆ ਵਲੈਤ ਨੂੰ—ਮੈਨੂੰ ਉੱਥੇ ਜਿਹੜਾ ਆਦਮੀ ਕੌਂਸਲਰ ਹੈ ਉਸਨੇ ਗੱਲ ਸੁਣਾਈ—ਉਸਨੇ ਲੋਕਾਂ ਨੂੰ ਇਕੱਠੇ ਕੀਤਾ, ਇਕੱਠੇ ਕਰਕੇ ਕਿਹਾ,''ਭਾਈ ਮੈਂ ਚੱਲਿਆਂ ਮਲਕਾ ਕੋਲ—ਤੁਸੀਂ ਕੋਈ ਸੁਨੇਹਾ ਦਿਓ।''

ਉਹਨਾਂ ਨੇ ਆਖਿਆ—ਸੁਨੇਹਾ ਅਸੀਂ ਦਿੰਦੇ ਹਾਂ,''ਤੁਸੀਂ ਸਾਡੇ ਕੋਲ ਅੰਜੀਲ ਲੈ ਕੇ ਆਏ ਸਉ, ਸਾਨੂੰ ਪੜ੍ਹਾਉਣ ਲੱਗੇ ਸਉ, ਸਾਨੂੰ ਤੁਹਾਡੀ ਪੜ੍ਹਾਈ ਦਾ ਪਤਾ ਲੱਗ ਗਿਐ, ਤੁਸੀਂ ਸਾਡਾ ਲਹੂ ਚੂਸਦੇ ਹੋ, ਮਲਕਾਂ ਨੂੰ ਜਾ ਕੇ ਕਹਿ ਦਿਓ ਕਿ ਅਸੀਂ ਆਪਣਾ ਮੁਲਕ ਆਪ ਸਾਂਭ ਸਕਦੇ ਹਾਂ, ਜਿਹੜੇ ਆਦਮੀ ਇੱਥੇ ਆਏ ਨੇ ਇਨ੍ਹਾਂ ਨੂੰ ਆਪਣਿਆਂ ਨੂੰ ਬੁਲਾ ਲੈ।''

ਤਾਂ, ਕੋਈ ਵੀ ਮੁਲਕ ਐਸ ਵੇਲੇ ਇਹ ਚੀਜ਼ ਨਹੀਂ ਚਾਹੁੰਦਾ—ਮੇਰੇ ਮੁਲਕ ਵਿੱਚ ਕੋਈ ਹੋਰ ਆਦਮੀ ਅੱਗੇ ਹੋਵੇ। ਤੁਹਾਨੂੰ ਆਪਣੀ ਹੋਸ਼ ਹੋਣੀ ਚਾਹੀਦੀ ਹੈ। ਆਪਣਿਆਂ ਭਰਾਵਾਂ ਨਾਲ ਧੋਖਾ ਦੇਹੀ ਨਹੀਂ ਕਰਨੀ

ਚਾਹੀਦੀ, ਪਿਆਰ ਕਰਨਾ ਚਾਹੀਦਾ ਹੈ। ਸਮਾਂ ਸਿਰ ਉੱਤੇ ਖੜ੍ਹਾ ਹੈ, ਜਿਸ ਤਰ੍ਹਾਂ ਮੌਤ ਦਾ ਨਹੀਂ ਪਤਾ ਇਸੇ ਤਰ੍ਹਾਂ ਇਸ ਗੱਲ ਦਾ ਵੀ ਪਤਾ ਨਹੀਂ ਬਈ ਕਿਹੜੇ ਵੇਲੇ ਛਿੜਦੀ ਹੈ, ਔਰ ਇਹ ਜਿਸ ਵੇਲੇ ਹੁਣ ਛਿੜੀ ਇਹ ਕੋਈ ਦਸ ਮਹੀਨੇ, ਦੋ ਸਾਲ ਨਹੀਂ ਲਾਉਂਦੀ ਕਿਉਂਕਿ ਸਮਾਨ ਹੀ ਐਸਾ ਤਿਆਰ ਹੋ ਗਿਐ ਜਿਹੜਾ ਦਿਨਾਂ 'ਚ ਖਤਮ ਕਰੂਗਾ। ਫਿਰ ਬਚਣ ਦਾ ਸਾਧਨ ਹੈ—ਨਾਮ। ਸਤਿਗੁਰਾਂ ਨੇ ਹੁਕਮ ਦਿੱਤਾ, ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ–

*ਖਲਕ ਖਾਲਕ ਖੀਸ ਈਸ ਮੂਸ ਹਿੰਦੂ*
*ਖਲਕ ਪੀਸ ਦਿਖਾਊ ਦੀਪ।*

ਬਈ ਆਟਾ ਹੋਊ ਸਣੇ ਰਾਜਿਆਂ ਪਰਜਿਆਂ ਫੇਰ-ਨਹੀਂ ਦਲੀਆ ਜਰੂਰ ਹੋਊ। ਉੱਗਣ ਜੋਗੀ ਤਾਂ ਨਹੀਂ ਨ ਰਹਿੰਦੀ। ਬਾਰ੍ਹੀਂ ਕੋਹੀਂ ਦੀਵਾ ਬਲਣ ਦਾ ਹੁਕਮ ਹੈ। ਹੁਣ, ਸਾਡੇ ਮੁਲਕ 'ਚ ਅਸੀਂ ਗੁਰਦੁਆਰੇ ਰਾਮਦਾਸ ਪੁਰੇ, ਭੈਣੀ ਸਾਹਿਬ ਦੇਖਦੇ ਹਾਂ ਨੌਂ ਪਿੰਡ ਹਨ ਜਿਹੜੇ ਇੱਕ-ਇੱਕ ਕੋਹ ਉੱਤੇ ਹਨ, ਤੇ ਜੇ ਬਾਰਾਂ ਨਾਇਆਂ ਗਿਣੀਏ ਤਾਂ ੧੦੮ ਪਿੰਡ ਉੱਜੜਦੇ ਹਨ। ਫੇਰ ਦੀਵਾ ਹੈ, ਇਹ ਪਤਾ ਨਹੀਂ ਓਥੇ ਦੋ ਘਰ ਨੇ ਕਿ ਇੱਕ ਘਰ ਹੈ, ਕਿ ਚਾਰ ਘਰ ਨੇ, ਅੱਗੇ ਤੁਸਾਂ ਸਭ ਕੁਛ ਦੇਖ ਲਿਐ। ਗੁਰੂ ਗੋਬਿੰਦ ਸਿੰਘ ਨੇ ਲਿਖਿਆ ਸੀ–

*ਪ੍ਰਗਟ ਹੋਏ ਰਾਮ ਸਿੰਘ ਦੂਲੋ।*
*ਪੁੱਟੇ ਸਭ ਰਾਜਨ ਕੋ ਮੂਲੋ।*

*– ਸੌ ਸਾਖੀ*

ਜਿਹੜੇ ਸਾਡੇ ਮੁਲਕ 'ਚ ਲੋਕ—ਅਸੀਂ ਆਪਣੀ ਗੱਲ ਕਰਦੇ ਹਾਂ ਪੰਜਾਬ ਦੀ—ਹਿੰਦੁਸਤਾਨ ਵਿੱਚ ਵੀ ਕੋਈ ਹੁਣ ਸਰਦਾਰੀ ਨਹੀਂ ਰਹਿ ਗਈ। ਕਿੱਥੇ ਗਏ ਹੁਣ ਸਰਦਾਰ ਜਿਹੜੇ ਤੀਹ ਘੁਮਾਂ, ਪੰਜਾਹ ਘੁਮਾਂ, ਜ਼ਮੀਨ—(ਮੰਗਲ ਸਿੰਘ) ਸ਼ੇਰੇ ਕੋਟੀਏ ਵਰਗੇ ਸਾਡੇ ਕੋਲ ਤਿੰਨਾਂ-ਤਿੰਨਾਂ, ਚੌਹਾਂ-ਚੌਹਾਂ ਪਿੰਡਾਂ ਦੇ ਮਾਲਕ ਸੀ। ਉਹਨਾਂ ਨੂੰ ਤਿੰਨ ਸੌ ਘੁਮਾਂ ਜ਼ਮੀਨ ਦਿੱਤੀ ਹੈ, ਔਰ ਅੱਗੇ ਵਾਸਤੇ ਜਿਹੜਾ ਵਾਹਵੇ ਉਹ ਤੀਹ ਘੁਮਾਂ ਰੱਖੇ, ਦੂਜੀ ਦਾ ਕੋਈ

ਤਅੱਲਕ ਨਹੀਂ। ਇਹ ਭੀ ਸ਼ਬਦ ਗੁਰੂ ਗੋਬਿੰਦ ਸਿੰਘ ਨੇ ਲਿਖਿਐ, ਧਿਆਨ ਦੇਣਾ, ਲੋਕ ਪੜ੍ਹਦੇ ਰਹੇ ਹਨ—ਰਾਮ ਸਿੰਘ ਉਠੈ ਨੀਚਨ ਡਰੇ। ਸਬਦ ਉਠੈ ਨਹੀਂ ਹੈ, ਧਿਆਨ ਦੇਣਾ—

*ਰਾਮ ਸਿੰਘ ਉਚ ਨੀਚਨ ਡਰੇ,*

—ਨਾ ਉੱਚੇ ਰਹਿਣ ਦੇਵੇਗਾ ਨਾ ਨੀਚੇ ਰਹਿਣਗੇ—

*ਅਵਨੀ ਏਕ ਰਸੌਦੀ ਕਰੇ*

*—ਸਭ ਪੱਧਰ।* ਇਹ ਕਾਹਦੇ ਵਾਸਤੇ ਇਕੱਠੇ ਕਰਦੇ ਹੋ ਪੈਸੇ, ਤੇ ਕਮਾਉਂਦੇ ਹੋ, ਹੀਰੇ ਮੋਤੀ ਇਕੱਠੇ ਕਰਦੇ ਹੋ, ਹੋ ਤਾਂ ਇੱਕੋ ਜਿਹੇ ਈ ਜਾਣਾ ਹੈ, ਰੋਟੀ ਖਾਓ ਤੇ ਕਪੜੇ ਪਹਿਨੋ। ਪਰ, ਨਾਲ ਇਹ ਹੈ—ਕਿਵੇਂ ਹੋਵੇਗਾ ? ਇਹ ਉਸ ਦਿਨ ਹੋਵੇਗਾ, ਜਿਦਣ ਸਤਿਗੁਰਾਂ ਦੀ ਬਖਸ਼ਿਸ਼ ਹੋਵੇਗੀ, ਆਤਮ ਗਿਆਨ ਲੋਕਾਂ ਨੂੰ ਹੋਵੇਗਾ, ਸਾਰਿਆਂ ਨੂੰ ਇਕੋ ਜਿਹਾ ਜਾਣਨਗੇ—ਨਹੀਂ ਮਰਨਗੇ ਓਨਾ ਚਿਰ। ਕਿਸੇ ਦਾ ਚਿਤ ਨਹੀਂ ਕਰਦਾ ਕੋਈ ਇੱਕ ਮੱਖੀ ਮਰੀ ਹੋਈ ਨੂੰ ਵੀ ਘਰੋਂ ਕੱਢਣ ਨੂੰ। ਕੌਣ ਹੈ ਜਿਹੜਾ ਦੇ ਸਕਦਾ ਹੈ, ਪਰ ਤੁਹਾਡੇ ਸਾਹਮਣੇ ਹੋ ਰਿਹਾ ਹੈ। ਹੁਣ ਪਹਿਲਾਂ ਜ਼ਿਮੀਦਾਰੀ ਤੇ ਹੱਥ ਉੱਠਿਆ ਹੋਇਆ ਹੈ, ਹੁਣ ਕਾਰਖਾਨੇ ਵਾਲਿਆਂ ਤੇ, ਅੱਗੇ ਆਹ ਹੁਣ ਏਥੇ ਵੀ ਮੈਂ ਸੁਣਿਐ ਮੋਟਰਾਂ ਗੌਰਮਿੰਟ ਆਪਣੇ ਹੱਥ ’ਚ ਲੈ ਰਹੀ ਹੈ—ਦੇਖੋ ਕੀ ਹੁੰਦਾ ਹੈ। ਫੇਰ ਜੇ ਦੇਣਾ ਹੈ ਤੇ ਸਿੱਧੇ ਹੱਥੀਂ ਦਿਓ ਹੁਣ ਸਤਿਗੁਰ ਦਾ ਹੁਕਮ ਮੰਨ ਕੇ। ਫੇਰ, ਉਨ੍ਹਾਂ ਆਖਿਆ—ਮਹਾਰਾਜ, ਇਹ ਚੱਕੀ ਚਲਦੀ ਹੈ ਬਚੂਗਾ ਕੌਣ ?

ਉਨ੍ਹਾਂ ਆਖਿਆ—ਜਿਸ ਤਰ੍ਹਾਂ ਕਿੱਲੀ ਜਿਹੜੀ ਹੁੰਦੀ ਹੈ ਚੱਕੀ ਦੀ, ਉਹਦੇ ਨਾਲ ਜਿਹੜੇ ਦਾਣੇ ਲੱਗੇ ਰਹਿਣ, ਉਹ ਨਹੀਂ ਪੀਠੇ ਜਾਂਦੇ। ਜਿਹੜੇ ਭਜਨ ਕਰਨਗੇ, ਨਾਮ ਨਾਲ ਜੁੜਨਗੇ, ਓਹ ਬਚਣਗੇ।

ਹੁਣ ਉਧਰ ਹੇਠ ਹਵਨ ਹੁੰਦਾ ਹੈ, ਭੋਗ ਦੀ ਤਿਆਰੀ, ਕਾਫੀ ਸਮਾਂ ਆਪਣਾ ਲੱਗ ਗਿਐ, ਮੈਂ ਹੁਣ ਇਥੇ ਹੀ ਸਮਾਪਤ ਕਰ ਦਿਆਂ। ਫਿਰ, ਚੱਲੀਏ ਥੱਲੇ। ਏਹ ਜ਼ਰੂਰ ਮੈਂ ਹੁਣ ਗੱਲ ਕਰਨੀ ਚਾਹੁੰਦਾ ਹਾਂ ਨਾਮਧਾਰੀ ਸਾਧ ਸੰਗਤ—ਮਾਈਆਂ ਅੱਗੇ, ਭਾਈਆਂ ਅੱਗੇ, ਬਈ ਰੋਜ਼ ਸਤਿਗੁਰਾਂ ਦੇ

ਹੁਕਮਾਂ ਨੂੰ ਹੀ ਨਾ ਸੁਣਿਆ ਕਰੋ, ਮੇਰਾ ਮਗਜ਼ ਹੀ ਨਾ ਖਾਇਆ ਕਰੋ—ਕੁਝ ਕਰਕੇ ਵੀ ਦੱਸੋ। ਜਿਦਣ ਮੈਂ ਮੁੜਕੇ ਆਵਾਂ, ਇਥੇ ਭੋਗ ਤਕ ਜੇ ਅਰਾਮ ਰਿਹਾ ਤੇ ਫਿਰ ਮੈਂ ਆ ਕੇ ਦੇਖਾਂ ਕਿ ਕਿੰਨੀਆਂ ਮਾਈਆਂ ਬੀਬੀਆਂ ਨੇ ਕਿੰਨੀ-ਕਿੰਨੀ ਬਾਣੀ ਹੋਰ ਕੰਠ ਕੀਤੀ ਹੈ, ਕਿੰਨਿਆਂ ਸੱਜਣਾਂ ਨੇ—ਆਹ ਨੌਜਵਾਨ ਸਾਡੇ ਮੁੰਡੇ, ਹੁਣ ਮੈਂ ਇਹਨਾਂ ਉੱਤੇ ਹੀ ਵਰ੍ਹਨਾ ਹੈ, ਬਈ ਸ਼ਬਦ ਵੀ ਇਹਨਾਂ ਦੇ ਕੰਠ ਨਹੀਂ ਜਿਹੜੇ ਪੜ੍ਹਦੇ ਨੇ ਏਥੇ ਆ ਕੇ, ਬਾਣੀ ਇਹਨਾਂ ਦੇ ਕੰਠ ਕਿਵੇਂ ਹੋਵੇ। ਭਾਈ ਸੱਜਣੋਂ, ਆਪਣਾ ਆਪ ਵਿਚਾਰੋ, ਆਪਣੇ ਵਾਸਤੇ ਦੇਖੋ, ਜਿੰਨਾ ਕੁਝ ਕਰੋਗੇ ਜੇ ਤੁਸੀਂ ਪੈਸੇ ਇਕੱਠੇ ਕਰਨੇ ਹੋਣ ਫਿਰ ਤੁਸੀਂ ਗਾ ਕੇ, ਬਹੁਤੀਆਂ ਚੀਜ਼ਾ ਲੋਕਾਂ ਨੂੰ ਸੁਣਾ ਕੇ, ਲੋਕਾਂ ਨੂੰ ਚਾਹੁੰਦੇ ਹੋ ਬਈ ਲੋਕੀਂ ਕਹਿਣ—ਇਹ ਬੜੇ ਗੁਣੀ ਨੇ, ਤਾਂ ਤੁਸੀਂ ਇਹ ਦਿਲ 'ਚ ਧਾਰਨ ਕਰੋ ਕਿ ਨਾਮ ਜਪਕੇ ਵੀ ਵੱਡੇ ਬਣੋ, ਸਤਿਗੁਰਾਂ ਦੇ ਹੁਕਮ ਅਨੁਸਾਰ। ਹੁਣ ਇੱਥੇ ਭੋਗ ਪਾਉਂਦੇ ਹਾਂ।

**ਹੇ ਅਚੁਤ[੧੯] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੨੦]॥**
**ਹੇ ਪੂਰਨ ਹੇ ਸਰਬ[੨੧] ਮੈ ਦੂਖ ਭੰਜਨ[੨੨] ਗੁਣਤਾਸ[੨੩]॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੨੪] ਸਭ ਟੇਕ[੨੫]॥**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੨੬]॥**
**ਹੇ ਅਪਰੰਪਰ[੨੭] ਹਰਿ ਹਰੇ ਹਹਿ[੨੮] ਭੀ ਹੋਵਨਹਾਰ[੨੯]॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੩੦] ਆਧਾਰ॥**
**ਹੇ ਠਾਕੁਰ ਹਉ ਦਾਸਰੋ[੩੧] ਮੈ ਨਿਰਗੁਨ ਗੁਨੁ ਨਹੀ ਕੋਇ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੫੫॥**

*– ਪੰਨਾ–੨੬੧*

**– ਜਾਂਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

## ਟਿੱਪਣੀਆਂ

★ ਏਥੇ ਹਵਨ 'ਚ ਦੇਰ ਹੋਣ ਕਰਕੇ ਸਤਿਗੁਰੂ ਜੀ ਹਵਨ ਕਰਨ ਵਾਲਿਆਂ ਨੂੰ ਤਾੜਨਾਂ ਕਰ ਰਹੇ ਹਨ।

## ਸ਼ਬਦਾਰਥ

੧. ਗਿਣ ਕੇ ਘੱਲੇ ਹਨ, ਉਮਰ ਦੇ ਦਿਨ ਤੇ ਸਵਾਸ।
੨. ਤਿਲ ਮਾਤਰ ਘਟਦੇ ਵਧਦੇ ਨਹੀਂ।
੩. ਅੰਮ੍ਰਿਤ ਵੇਲਾ।
੪. ਗਿਆਨਵਾਨਾਂ, ਅਕਾਲ ਪੁਰਖ ਵਿੱਚ ਸੁਰਤੀ ਵਾਲਿਆਂ ਨੂੰ।
੫. ਦਰਿਆ, ਨਦੀਆਂ।
੬. ਹੇ ਕਰਮ ਦੀ ਪਕੜੀ ਹੋਈਏ ਤੂੰ ਕੀ ਬਾਹਾਂ ਉਲਾਰ-ਉਲਾਰ ਕੇ ਚਲਦੀ ਹੈ।
੭. ਜੀਵ ਰੂਪ ਇਸਤਰੀ।
੮. ਮੰਗੀ ਗਈ।
੯. ਮੌਤ ਦੇ ਸਾਹ (ਸਮਾਂ) ਲਿਖੇ ਗਏ।
੧੦. ਜਮਦੂਤ ਰੂਪ ਪਤੀ।
੧੧. ਟਲਦੇ।
੧੨. ਵਿਆਹ ਕੇ।
੧੩. ਦੀ।
੧੪. ਮੇਲ ਮਿਲਾਪ।
੧੫. ਸਿਫਾਰਸ਼ ਤਦ ਕਰਦਾ ਹੈ, ਜ਼ੁੰਮੇਵਾਰੀ।
੧੬. ਹਿੱਸਾ (ਪਾਪ)।
੧੭. ਹਿੱਸੇ।
੧੮. ਹੰਕਾਰ ਦੀ ਮੈਲ ਦੋ ਹਿੱਸੇ ਹੋਰ ਚੜ੍ਹ ਜਾਂਦੀ ਹੈ।
੧੯. ਅਟੱਲ।
੨੦. ਪਾਪਾਂ ਨੂੰ ਨਾਸ ਕਰਨ ਵਾਲੇ।
੨੧. ਸਰਬ ਰੂਪ।
੨੨. ਦੁੱਖਾਂ ਦਾ ਨਾਸ ਕਰਨ ਵਾਲਾ।
੨੩. ਗੁਣਾਂ ਦਾ ਭੰਡਾਰ।
੨੪. ਤਿੰਨਾਂ ਗੁਣਾਂ ਤੋਂ ਨਿਰਲੇਪ।
੨੫. ਆਸਰੇ।
੨੬. ਗਿਆਨ ਪ੍ਰਕਾਸ਼।
੨੭. ਪਾਰਾਵਾਰ ਤੋਂ ਪਰੇ।
੨੮. ਹੈ ਹੁਣ।
੨੯. ਅੱਗੇ ਵੀ ਹੋਣ ਵਾਲਾ ਹੈ।
੩੦. ਨਿਰਆਸਰੇ।
੩੧. ਦਾਸ।

ਬੰਕੋਕ ੨੩-੬-੧੯੫੩

# ਬੰਕੋਕ ੨੪-੬-੧੯੫੩

ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।
- ਜਾਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ।।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।

## ਹੁਕਮ ਨਾਮਾ—ਸਤਿਗੁਰੂ ਰਾਮ ਸਿੰਘ ਜੀ

ੴ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਵਿਰਾਹੀ ਭਾਈ ਨੈਣਾ ਸਿੰਘ, ਰਤਨ ਸਿੰਘ ਉਬੋਕੀ, ਭਾਈ ਮਤਾਬ ਸਿੰਘ, ਆਲਾ ਸਿੰਘ, ਬਸਾਵਾ ਸਿੰਘ, ਬਹਾਦਰ ਸਿੰਘ ਹੋਰ ਸੰਬੂਹ ਸੰਗਤਿ ਉਬੋਕੀ ਨੂੰ, ਠਟੀ ਕਾਨ ਸਿੰਘ ਨੂ ਅਰੁ ਭਾਈ ਪੰਜੇ ਨੂ, ਹੋਰ ਸਾਰੀ ਸੰਗਤਿ ਠਟੀ ਕੀ ਨੂੰ, ਠਰੂ ਭਾਈ ਜੀਤ ਸਿੰਘ ਦੇਵਾ ਸਿੰਘ, ਸਾਰੀ ਸੰਗਤਿ ਠਰੂ ਕੀ ਨੂੰ, ਜੌਹੁਲੀ ਭਾਈ ਸਾਹਿਬ ਸਿੰਘ, ਸਾਰੀ ਸੰਗਤਿ ਜੌਲ੍ਹਾਂ ਦੀ ਨੂ, ਸਾਰੀ ਸੰਗਤਿ ਬਰਮਾਲੀ ਪੁਰ ਦੀ ਕੋ, ਸਾਰੀ ਸੰਗਤਿ ਅੰਮ੍ਰਿਤਸਰ ਦੀ ਕੋ, ਲਾਹੌਰ ਭਾਈ ਦੇਵਾ ਸਿੰਘ ਤੇ ਸਵਾਇਆ ਸਿੰਘ, ਹੋਰ ਸਾਰੀ ਸੰਗਤਿ ਲਾਹੌਰ ਕੀ ਨੂ, ਕਕੜਾ ਦੀ ਤੇ ਭਸੀਣ ਦੀ

**ਸੰਗਤਿ ਕੋ, ਨਾਮ ਗਾਮ ਲਿਖਣੇ ਤੇ ਕਾਗਤ ਬਹੁਤ ਬਧ ਜਾਦਾ ਹੈ, ਸੰਬੂਹ ਸੰਗਤਿ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ। ਮਾਈਆ ਬੀਬੀਆ ਨੂ ਰਾਮ ਸਤਿ ਬੁਲਾਈ ਬਾਚਣੀ।**

**ਹੋਰ ਜੀ ਅਸੀ ਅਨੰਦ ਹਾ, ਸਭ ਤਰਾ ਕਰਕੇ ਸੁਖੀ ਹਾ, ਇਕ ਸੰਗਤ ਦੇ ਵਿਛੋੜੇ ਦਾ ਬਡਾ ਦੂਖ ਹੈ। ਹਮੇਸਾ ਸਿਰੀ ਗੁਰੂ ਪਾਸੋ ਸੰਬੂਹ ਦੀ ਸੁਖੁ ਮੰਗਦੇ ਹਾ। ਹੋਰੁ ਸਾਨੂ ਖਾਣ ਪੀਣ ਨੂ ਖੰਡ ਘਿਉ ਦੂਧ ਚਾਵਲ ਤਰਕਾਰੀ ਆਟਾ—**

ਹੁਣ ਇਹ ਤਰਕਾਰੀ ਸ਼ਬਦ ਜਿਹੜਾ ਹੈ, ਜਿਸ ਤਰ੍ਹਾਂ ਲੁਧਿਆਣੇ ਦੇ ਜ਼ਿਲ੍ਹੇ ਵਿੱਚ ਜਿਸ ਨੂੰ ਤੁਸੀਂ ਲੱਕ ਕਹਿੰਦੇ ਹੋ, ਇਹਨੂੰ ਢੂਈ ਕਹਿੰਦੇ ਹਨ। ਇਸ ਤਰ੍ਹਾਂ ਤਰਕਾਰੀ ਦਾ ਅਰਥ ਹੈ ਭਾਜੀ, ਸਬਜੀ। ਸਾਡੇ ਇਲਾਕੇ 'ਚ ਸਾਰੇ ਲੋਕ ਤਰਕਾਰੀ ਭਾਜੀ ਨੂੰ ਕਹਿੰਦੇ ਹਨ, ਕਈ ਜਗ੍ਹਾ ਲੋਕ ਮਾਸ ਨੂੰ ਮੰਨਦੇ ਨੇ ਲੇਕਿਨ ਇਸ ਕਰਕੇ ਉਨ੍ਹਾਂ ਨੇ ਉਥੋਂ ਦੀ ਬੋਲੀ ਵਿੱਚ ਇਸ ਤਰ੍ਹਾਂ ਲਿਖਿਐ।

**—ਪੈਨਣ ਨੂ ਲਠਾ ਖਾਸਾ ਬਹੁਤ ਦਿੰਦੀ ਹੈ ਸਰਕਾਰ। ਜਾਗਾ ਬੀ ਚੰਗੀ ਹੈ ਖੁਲੀ, ਪਰ ਵਿਛੋੜੇ ਦਾ ਬਡਾ ਦੁਖੁ ਹੈ ਸੰਗਤ ਦੇ ਦਾ। ਇਹੁ ਦੂਖ ਕਟਣਾ ਗੁਰੂ ਜੀ ਦੇ ਬਸ ਹੈ, ਗੁਰੂ ਚਾਹੇ ਤਾ ਇਹੁ ਬੀ ਕਟ ਦੇਊਗਾ।**

**ਹੋਰੁ ਭਾਈ ਖਾਲਸਾ ਜੀ ਸਾਰੀ ਸੰਗਤ ਨੂ ਏਹੁ ਹੁਕਮ ਹੈ ਜੋ ਸਭਨੇ ਤਾ ਬਾਣੀ ਕੰਠ ਕਰਨੀ ਬੁਢੇ ਬਾਲੇ ਨੇ ਅਰੁ ਪਿਛਲੀ ਰਾਤ ਉਠ ਕੇ ਜਰੂਰ ਇਸਨਾਨੁ ਕਰਨਾ, ਜਨਾਨੇ ਮਰਦਾਨੇ ਜਰੂਰ ਬਾਣੀ ਕੰਠ ਕਰਨੀ। ਹਰਿਦਾਸ ਏਹੁ ਸਰਬਤ ਸੰਗਤ ਨੂ ਸੁਣਾਇ ਦੇਣੀ। ਜੇ ਬਣ ਆਵੇ ਤਾ ਪੰਜ ਗਰੰਥ ਕੰਠ ਕਰਨੇ ਨਹੀ ਤਾ ਜਪੁ ਜਾਪੁ, ਰਹਿਰਾਸ, ਆਰਤੀ ਸੋਹਲਾ, ਆਸਾ ਦੀ ਬਾਰ, ਸੁਖਮਨੀ ਜਰੂਰ ਕੰਠ ਕਰਨੇ ਅਰ ਨਿਤ ਨਾਇਕੇ ਝਲਾਗੇ ਪੜਨੇ ਅਰੁ ਲੜਕੀ ਲੜਕੇ ਨੂ ਅਖਰ ਪੜਾਉਣੇ। ਫੇਰ ਬਾਣੀ ਕੰਠ ਕਰਨੀ, ਅਰੁ ਗ੍ਰੰਥ ਸਾਹਿਬ ਦਾ ਭੋਗ ਪਾਉਣਾ, ਜਥਾ ਸਕਤਿ ਪ੍ਰਸਾਦਿ ਕਰਨਾ।**

ਏਸ ਰੀਤ ਦੇ ਵਿਚ ਜੋ ਚਲੇਗਾ ਭਾਈ ਖਾਲਸਾ ਜੀ ਓਸ ਨੂ ਦੁਖ ਬੀ ਨ ਹੋਊਗਾ। ਸੈ ਉਪਾਧਾ ਓਸਦੇ ਸਿਰੋ ਟਲ ਜਾਣਗੀਆ, ਏਹੁ ਬਚਨ ਮੇਰੇ ਜਰੂਰ ਮਨਣੇ। ਏਹੁ ਨਫੇ ਬਡੇ ਦਾ ਕੰਮ ਹੈ। ਦੇਖੋ ਭਜਨੁ ਬਾਣੀ ਦਾ ਐਸਾ ਪ੍ਰਤਾਪ ਹੈ, ਅਸੀ ਕੈਦ ਤਾ ਹੋਇ ਗਏ ਹਾ, ਕਿਸੇ ਕਰਮ ਨੇ ਕਰਾਇ ਦਿਤੇ ਸਾਡੇ ਨੇ, ਹੋਰ ਕਿਸੇ ਨੂ ਕੀ ਆਖਣਾ ਹੈ, ਪਰ ਏਥੇ ਬੀ ਸਾਨੂ ਤਾ ਬਡਾ ਸੁਖ ਹੈ। ਬਾਣੀ ਜਰੂਰ ਸਭ ਨੇ ਕੰਠ ਕਰਨੀ। ਰਾਤ ਨੂ ਕਠੇ ਹੋ ਕੇ ਸਬਦ ਜੋਟੀਆ ਨਾਲ ਪੜਨੇ। ਦੇਖੋ ਸਮਾ ਐਸਾ ਈ ਹੈ, ਮੂਰਖ ਲੋਕ ਆਧੇ ਹੈਨ ਏਹੁ ਰੌਲਾ ਪਾਉਦੇ ਹੈਨ। ਇਹ ਰੌਲਾ ਤਾ ਹੈ ਨਹੀ, ਦੇਖੋ ਏਨਾ ਲੋਕਾ ਨੂ ਗੁਰੂ ਰੌਲਾ ਬੀ ਦਿਖਾਲੁ ਦੇਊਗਾ। ਗੁਰੂ ਦੇ ਘਰੁ ਸਭੋ ਕੁਛ ਬਥੇਰਾ ਹੈ, ਕਿਸੇ ਬਾਤ ਦੀ ਕਮੀ ਨਹੀ।

ਨਾਰਲੀ ਬਾਲੀ ਸੰਗਤ ਕੋ ਫਤੇ ਬੁਲਾਇ ਦੇਣੀ ਮੇਰੀ ਅਰੁ ਭਾਈ ਬਘੇਲ ਸਿੰਘ ਤੈ ਸਾਰੀ ਸੰਗਤ ਨੂ ਏਹੁ ਹੁਕਮ ਸੁਣਾਇ ਦੇਣਾ, ਕਿਤੇ ਆਪ ਜਾ ਕੇ ਕਿਤੇ ਏਸ ਚਿਠੀ ਦਾ ਉਤਾਰ ਕਰਕੇ ਭੇਜ ਦੇਣਾ। ਅਰੁ ਸੰਗੀ ਸੁਣੇ ਓਹ ਰੌਲਾ ਨਾ ਪਾਵੇ, ਚੁਪ ਗੁਪ ਰਖੇ। ਜੇ ਗੋਰਾ ਸੁਣੂ ਜਿਲੇ ਬਾਲਾ ਤਾ ਤੁਰਤ ਏਥੇ ਬਾਲੇ ਗੋਰੇ ਨੂੰ ਲਿਖੂ ਤੁਸੀ ਰਾਮ ਸਿੰਘ ਨੂ ਕੈਦ ਕੀ ਕੀਤਾ ਹੈ। ਰਾਮ ਸਿੰਘ ਨੂੰ ਲੋਕ ਮਿਲ ਮਿਲ ਆਉਦੇ ਹੈਨ, ਤਾ ਸਾਨੂ ਕਿਤੇ ਹੋਰਥੇ ਨਾ ਲੈ ਜਾਣਿ। ਦੇਖਣਾ ਅਛੇ ਆਦਮੀ ਤੋ ਬਿਨਾ ਤੂ ਨ ਦਸੀ ਕਿ ਮੈ ਮਿਲ ਕੇ ਆਇਆ ਹਾ। ਚਿਠੀ ਦਿਖਾਲਣੀ ਸੰਬੂਹ ਸੰਗਤ ਨੂ। ਮਰ੍ਹਾਣੇ ਬਾਲੇ ਸਿੰਘਾ ਨੂ ਤੇ ਸਵੇਗ ਸਿੰਘ ਨੂ ਫਤੇ ਗਜਾ ਦੇਣੀ, ਨਾਲੇ ਹੋਰ ਸਿਖਾ ਨੂ।

ਹੋਰੁ ਬਘੇਲ ਸਿੰਘ ਤੈ ਮੂੰਡੀਏ ਸਵਾ ਪੰਜ ਦਮੜੇ ਦੇ ਜਾਣੇ ਬਚਿਤ੍ਰ ਸਿੰਘ ਦੇ ਲੜਕੇ ਹੀਰਾ ਸਿੰਘ ਨੂ। ਆਖਣਾ ਸਾਡੇ ਨਮਿਤ ਭੋਗ ਪਾਇ ਦੇਵੇ। ਪੰਜ ਦਮੜੇ ਉਤਮੀ ਨੂ ਦੇ ਜਾਣੇ। ਓਸਨੂ ਆਖ ਦੇਣਾ ਸਾਡੇ ਨਮਿਤ ਭੋਗ ਪਾਇ ਦੇਵੇ ਜਿਤਨਾ ਕੁ ਓਸ ਤੇ ਸਰੇ। ੧੦।) (ਸਵਾ ਦਸ) ਰੁਪਏ ਖਰਚਾ ਪ੍ਰਸਾਦਿ ਦਾ, ਮੂੰਡੀਆਂ ਤੇ ਉਤਮੀ ਨੂੰ, ਜੋੜ_੨੦।।)

**(ਸਾਡੇ ਵੀਹ ਰੁਪੱਏ)। ਹਰਿਦਾਸਾ ਅਛੀ ਤਰਾ ਸਮਾਲ ਕੇ ਲੈ ਜਾਈ, ਜਿਥੇ ਦੀਆ ਹੈਨ ਤਿਥੇ ਤਿਥੇ ਤੂ ਦੇ ਦੇਈ ਸਮਾਲ ਕੇ। ਜਿਥੇ ਤੂ ਜਾਮੇ ਸਿੰਘਾ ਨੂ ਹਰਿਦਾਸਾ ਪੜਕੇ ਸੁਣਾਇ ਦੇਣੀਆ।**

## ਹੁਕਮ ਨਾਮਾ—ਸਤਿਗੁਰੂ ਰਾਮ ਸਿੰਘ ਜੀ

### ੧ਓਂ ਸਤਿਗੁਰਿ ਪ੍ਰਸਾਦਿ।

**ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਬਚਿਤ੍ਰ ਸਿੰਘ ਤੇ ਨਿਕਾ ਹੀਰਾ ਸਿੰਘ ਕੋ ਫਤੇ ਸਿਰੀ ਵਾਹਿਗਰੂ ਜੀ ਕੀ ਬੁਲਾਈ ਪ੍ਰਮਾਨ ਕਰਨੀ। ਸਵਾ ਪਾਚ ਰੁਪਯੇ ਭੇਜੇ ਹੈ ਤੇਰੇ ਵਾਸਤੇ, ਬਸਤ੍ਰ ਬਣਾਇ ਲੈ। ਮੇਰੇ ਨਮਿਤ ਇਕ ਦੋ ਭੋਗ ਪਾਇ ਦੇਣੇ। ਜੀਉਣੀ, ਪ੍ਰਤਾਪੀ ਬਿਛਨੀ ਏਨਾ ਨੂ ਮੇਰੀ ਰਾਮ ਸਤਿ ਬਾਚਣੀ।**

**ਮਲਾ ਸਿੰਘ ਦੀ ਕੀ ਖਵਰ ਹੈ। ਤਕੜਾ ਰਹਿਆ ਹੈ ਕਿ ਨਹੀ।**

ਇਹ ਮੱਲਾ ਸਿੰਘ ਜਿੰਮੀਦਾਰ ਸਿੰਘ ਸੀ ਮੂੰਡੀਆਂ 'ਚ। ਸੱਚੇ ਪਾਤਸ਼ਾਹ ਜਦੋਂ ਪਹਿਲੇ ਪਹਿਲੇ ਹੀ ਕਿਰਪਾ ਕੀਤੀ, ਆਏ, ਇਸਨੂੰ ਆਖਿਆ, ''ਤੂੰ ਭਜਨ ਪੁਛ ਲੈ।''

ਇਸ ਨੇ ਆਖਿਆ,''ਸੱਚੇ ਪਾਤਸ਼ਾਹ ਭਜਨ ਤਾਂ ਪੁੱਛ ਲਵਾਂ ਜੇ ਆਏ ਦੀ ਸੇਵਾ ਨਾ ਹੋਵੇ, ਮੈਂ ਫੇਰ ਕੀ ਕਰਾਂ, ਮੈਨੂੰ ਡਰ ਲਗਦਾ ਹੈ।''

ਕਹਿਣ ਲੱਗੇ,''ਭਾਈ ਸਰੀਰ ਆਏ ਨੂੰ ਜਲ ਦਾ ਛੰਨਾ ਲੈ ਕੇ ਮਿਲ ਪਈਏ ਜੇ ਹੋਰ ਕੁਛ ਨਾ ਕੋਲ ਹੋਵੇ ਤਾਂ ਉਹਦੇ ਨਾਲ ਵੀ ਸਭ ਕੁਛ ਹੋ ਜਾਂਦੈ।''

ਫਿਰ ਇਸ ਭਾਈ ਮੱਲਾਂ ਸਿੰਘ ਨੇ ਭਜਨ ਪੁਛਿਆ, ਉਹਦੀ ਬਾਬਤ ਸਤਿਗੁਰਾਂ ਲਿਖਿਐ, ਬੜਾ ਗੁਰਮੁਖ ਸਾਧੂ ਸੀ ਓਥੇ।

**ਫਰੰਗੀਆ, ਰਾਜਿਆ ਕੇ ਤੇ ਥੁਆਡੇ ਜਦ ਦਿਨ ਪੂਰੇ ਹੋਇ ਜਾਨਗੇ ਤਾ ਆਵਾਗੇ। ਕਿਸੇ ਕਾ ਇਕ ਦਿਨ ਨਹੀ ਰਖ ਕੇ ਅਉਣਾ।**

ਔਰੰਗਜੇਬ ਕੇ ਚਾਲੀ ਬਰਸ ਕਰਣੇ ਸੇ ਦੋ ਸੈ ਬਰਸ ਹੋ ਗਏ ਹੈ ਧੂ ਘਸੀਟ ਹੁੰਦੀ ਨੂ। ਹੁਣ ਕਿਸੇ ਦਾ ਇਕ ਦਿਨ ਨਹੀ ਰਖ ਕੇ ਔਣਾ ਹੈ। ਰੂਸਾ ਕੇ ਆਇ ਤੇ ਆਵਾਗੇ। ਆਗੇ ਗੁਰੂ ਦੀ ਗੁਰੂ ਜਾਣੇ ਜੋ ਕਰਨੀ ਹੈ। ਭਜਨ ਬਾਣੀ ਕਰੋ, ਗੁਰੂ ਹਛੀ ਕਰੇਗਾ। ਗੁਰੂ ਗੁਰੂ ਜਪੋ ਰਾਤ ਦਿਨੇ ਤਕੜੇ ਹੋ ਕੇ। ਸ੍ਰਬਤ ਖਾਲਸਾ ਮਿਲਕੇ ਰਹਿਣਾ।

## ਹੁਕਮ ਨਾਮਾ—ਸਤਿਗੁਰੂ ਰਾਮ ਸਿੰਘ ਜੀ

### ੧ੴ ਸਤਿਗੁਰਿ ਪ੍ਰਸਾਦਿ।

ਹੋਰੁ ਨੈਣਾ ਸਿੰਘ ਜੀ ਤੁਮਾਰੇ ਲਿਖੇ ਕਾ ਸਭ ਉਤਰ ਦੀਆ ਹੈ। ਹੁਕਮ ਕੌਰ ਨੂ ਮੇਰੀ ਰਾਮ ਸਤਿ ਵਾਚਣੀ ਬਹੁਤ ਕਰਕੇ। ਬੜਾ ਗਜਬ ਹੋਇਆ ਮੁਟਿਆਰ ਕੁੜੀ ਦਾ ਰੰਡੀ ਹੋਇ ਜਾਣਾ। ਕੁਛ ਬਸ ਨਹੀ ਹੈ ਕਿਸੇ ਦੇ, ਰਜਾਇ ਪ੍ਰਮੇਸਰ ਦੀ। ਕੁੜੀਏ ਭਜਨ ਬਾਣੀ ਕਰ ਤਕੜੀ ਹੋ ਕੇ। ਹੋਰ ਤਾ ਕੋਈ ਜਤਨ ਨਹੀ ਹੋਇ ਸਕਦਾ ਹੈ, ਹੁਣ ਗੋਬਿੰਦ ਦਾ ਭਾਣਾ ਮੰਨੋ।

ਹੋਰੁ ਭਾਈ ਨੈਣਾ ਸਿੰਘ ਜਿਤਨੇ ਹੁਕਮਨਾਮੇ ਚਾਹੋ ਓਤਨੇ ਉਤਾਰ ਕਰਕੇ ਭਾਵੇ ਦਸ ਬਣਾਇ ਲੈ। ਮੈ ਤਾ ਏਹੋ ਇਕੋ ਈ ਲਿਖਾ ਹੈ। ਪਾਠ ਹਮੇਸਾ ਈ ਗ੍ਰੰਥ ਸਾਹਿਬ ਦਾ ਕਰਨਾ। ਅਰਦਾਸਾ ਏਓ ਬਹੁਤ ਹੈ। ਅਰ ਕੁਛਾਲ ਸਿੰਘ ਤੇ ਬਡਾ ਮਲੇਛ ਹੈ। ਓਧੇ ਨਾਲ ਨਹੀ ਬਰਤਣਾ ਅਰ ਕਾਨ੍ਹ ਸਿੰਘ ਜੋ ਐਸੇ ਨੇਮ ਧਰਮ ਕਰਦਾ ਹੈ ਤਾ ਉਸਨੂ ਰਲਾਏ ਲੈਣਾ ਸੰਗਤ ਮੈ। ਓਹ ਜਾਣੇ ਕੋਈ ਅੰਤ੍ਰਜਾਮੀ ਤੇ ਨਹੀ ਨਾ ਕਹਿਣ ਬਾਲੇ। ਜੋ ਕੁੜੀ ਮਾਰੇ ਕੇ ਤਾ ਬੇਚੇ ਕੇ ਤਾ ਬਟਾ ਕਰੇ, ਅਰ ਜੇ ਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾ ਓਸਦੇ ਨਾਲ ਨਹੀ ਬਰਤਣਾ, ਨਾ ਓਸ ਨੂ ਸੰਗਤ ਮੈ ਬੜਨ ਦੇਣਾ।

ਹੋਰੁ ਨਿਧਾਨ ਸਿੰਘ ਜੀ ਜਿਤਨਾ ਕੁ ਭਜਨ ਬਾਣੀ (ਹੋਵੇ) ਓਤਨਾ ਕਰਨਾ। ਹੋਰ ਬਾਧੇ ਦੇ ਬਾਸਤੇ ਅਰਜ ਕਰਨੀ। ਬੇਨਤੀ ਕਰਦੇ ਰਹਿਆ ਕਰੋ ਅੰਤ੍ਰਜਾਮੀ ਪ੍ਰਮੇਸਰ ਅਗੇ। ਪ੍ਰਮੇਸਰ ਸਭ ਸੁਣਦਾ ਬੀ ਹੈ ਤੇ ਸਭ ਕੁਝ ਦੇਣ ਨੂ ਸਮਰਥ ਹੈ, ਸਤਿ ਕਰਕੇ ਮੰਨਣੀ ਏਹੁ ਬਾਤ। ਜੇਕਰ ਬੋਲ ਕੇ ਹੋਵੇ ਤਾ ਬੋਲ ਕੇ ਭੀ ਕਰਨੀ ਅਰਜ ਬੇਨਤੀ, ਨਾ ਤੇ ਅੰਦਰੋ ਕਰਨੀ। ਪ੍ਰਮੇਸਰ ਸਾਰੇ ਈ ਸੁਣਨੇ ਜੋਗ ਹੈ।

ਹੋਰ ਭਾਈ ਹਮੀਰ ਸਿੰਘ ਸਾਨੂ ਕੀ ਆਖਦਾ ਹੈ ਏਸ ਬਾਤ ਨੂ, ਜਿਤਨਾ ਕੁਛ ਤੂ ਲੈ ਆਇਆ ਹੈ ਸੋ ਤੂ ਜਾਣ ਤੇਰੇ ਪਾਸ ਹੈ। ਤੂਹੀ ਖਰਚਨ ਬਾਲਾ ਹੈ। ਜਿਉ ਸਰੇ ਤਿਉ ਸਾਰ ਲੈ, ਸਾਨੂ ਕੁਛ ਥੋੜੀ ਈ ਲੋੜ ਹੈ ਧਨ ਪਦਾਰਥ ਦੀ। ਹੋਰ ਮਾਈ ਦਾਖਾ ਨੂ ਮੇਰਾ ਮਥਾ ਟੇਕਣਾ ਬਹੁਤ ਕਰਕੇ। ਨੈਣਾ ਸਿੰਘ ਸਰਬ ਸਿੰਘਾ ਨੂ ਫਤੇ ਗਜਾ ਦੇਣੀ।

ਹੇ ਅਚੁਤ[੧] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੨]।।
ਹੇ ਪੂਰਨ ਹੇ ਸਰਬ[੩] ਮੈ ਦੂਖ ਭੰਜਨ[੪] ਗੁਣਤਾਸ[੫]।।
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੬] ਸਭ ਟੇਕ[੭]।।
ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੮]।।
ਹੇ ਅਪਰੰਪਰ[੯] ਹਰਿ ਹਰੇ ਹਹਿ[੧੦] ਭੀ ਹੋਵਨਹਾਰ[੧੧]।।
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੧੨] ਆਧਾਰ।।
ਹੇ ਠਾਕੁਰ ਹਉ ਦਾਸਰੋ[੧੩] ਮੈ ਨਿਰਗੁਨ ਗੁਨੁ ਨਹੀ ਕੋਇ।।
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।

*– ਪੰਨਾ–੨੬੧*

– ਜਾਂਹੀ ਕੁਲ ਤੇ ਪਰ੍ਗਟ ਹੋਏ ਤਾਂਹੀ ਕੁਲ ਕੋ ਨਾਮ।।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**- ਜਾਂਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸਿਨੇਮਾ ਵੇਖਣਾ ਛੱਡੋ

ਸਾਧ-ਸੰਗਤ, ਅੱਜ—ਮੈਨੂੰ ਪਹਿਲੇ ਦਿਨ ਵੀ ਸ਼ੱਕ ਤੇ ਏਥੇ ਪਿਆ ਸੀ—ਇੱਕ ਦੋ ਲੜਕੇ ਆਪਸ ਵਿੱਚ ਅੱਖ ਰਲਾ ਕੇ ਹੱਸੇ ਸਨ ਕਿ ਕੋਈ ਆਦਮੀ ਹਨ ਜਿਹੜੇ ਸਿਨੇਮਾ ਦੇਖਦੇ ਹਨ, ਪਰ ਅੱਜ ਇੱਕ ਸੱਜਣ ਦਾ ਮੈਨੂੰ ਪਤਾ ਲੱਗਿਐ। ਹੁਣ ਅਰਜ਼ ਇਹ ਹੈ ਕਿ ਇਹ ਮਖੌਲ ਆਪਣਾ ਬਣ ਗਿਆ ਹੈ ਆਪਸ ਵਿੱਚ। ਤੁਸੀਂ ਏਥੇ ਆਉਂਦੇ ਹੋ, ਨਾਲੇ ਮੱਥਾ ਟੇਕਦੇ ਹੋ, ਆਪਣੇ ਪੈਸੇ ਗਵਾਉਂਦੇ ਹੋ। ਜਿਹੜੇ ਆਦਮੀ ਸਾਧ-ਸੰਗਤ ਦਾ ਬਚਨ ਨਹੀਂ ਮੰਨਦੇ, ਜਿਹੜੇ ਆਪਣੀਆਂ ਇੱਲਤਾਂ ਨਹੀਂ ਛੱਡਦੇ, ਉਨ੍ਹਾਂ ਦੇ ਪੈਸੇ ਇੱਥੇ ਆ ਕੇ ਵੀ ਐਵੇਂ ਹੀ ਜਾਂਦੇ ਹਨ। ਮਗਰੋਂ ਉਨ੍ਹਾਂ ਨੂੰ ਇਹ ਚਾਹੀਦਾ ਨਹੀਂ ਕਿ ਉਹ ਦੋਵੇਂ ਤਰ੍ਹਾਂ ਕਰਨ—ਨਾਲੇ ਆਪਣਾ ਕੰਮ ਵੀ ਸਿਰ ਤੇ ਰੱਖਣ, ਨਾਲੇ ਏਥੇ ਵੀ ਆ ਕੇ ਰੁਪਈਏ ਦੇ ਜਾਣ। ਅੱਜ ਉਹ ਸੱਜਣ—ਬੀਬੀ ਘਰ ਲੈ ਗਈ ਮੇਲੇ ਵਾਲੀ ਸੀ—ਜਦੋਂ ਘਰ ਜਾ ਕੇ ਦੇਖਿਆ ਤੇ ਉਹ ਬੀਮਾਰ ਸੀ। ਮੈਂ ਆਖਿਆ—ਇਹ ਰਾਜੀ ਸਾਧ-ਸੰਗਤ ਨੇ ਕੀਤਾ ਸੀ, ਕੋਈ ਇਹਦੇ 'ਚ ਕਸਰ ਹੋਣੀ ਹੈ ਜਿਹੜਾ ਇਹ ਬੀਮਾਰ ਹੋਇਐ। ਪਤਾ ਲੱਗਾ, ਉਹ ਮਹਾਤਮਾ ਫਿਰ ਸਿਨੇਮਾ ਦੇਖਦੇ ਹਨ। ਮੈਂ ਉਹਨੂੰ ਅਰਜ਼ ਕੀਤੀ ਸੀ ਕਿ ਤੈਨੂੰ ਹੁਣ ਬੀਮਾਰੀ ਚੰਗੀ ਲੱਗਦੀ ਹੈ ਕਿ ਸਾਧ-ਸੰਗਤ ਚੰਗੀ ਲੱਗਦੀ ਹੈ। ਪਤਾ ਨਹੀਂ, ਹੁਣ ਉਹਦੇ ਦਿਲ 'ਚ ਮੁੜਕੇ ਕੋਈ ਖਿਆਲ ਇਹ ਆਉਂਦਾ ਹੈ ਕਿ ਨਹੀਂ ਆਉਂਦਾ। ਇਹਦੇ 'ਚ ਤੁਸੀਂ ਇਹ ਗੱਲ ਵੇਖ ਲਉ ਕਿ ਤੁਹਾਨੂੰ ਵੀ ਮਖੌਲ ਹੁੰਦਾ ਹੈ ਤੇ ਮੈਨੂੰ ਵੀ ਹੁੰਦਾ ਹੈ ਔਰ ਨਾਲ ਅਸੀਂ ਸਤਿਗੁਰਾਂ ਨੂੰ ਵੀ ਮਖੌਲ ਕਰਾਉਂਦੇ ਹਾਂ ਜਿਨ੍ਹਾਂ ਦੇ ਹੁਕਮ 'ਚ ਮੈਂ ਚੌਕੀਦਾਰ

ਰੌਲਾ ਪਾਉਣ ਵਾਲਾ, ਤੁਹਾਨੂੰ ਇਹ ਗੱਲ ਕਹਿਨਾਂ। ਫੇਰ ਤੁਸੀਂ ਉਸੇ ਚੀਜ਼ ਨੂੰ—ਖ਼ਬਰ ਨਹੀਂ ਉਹਦੇ ਵਿਚ ਕੀ ਚੰਗੀ ਚੀਜ਼ ਹੈ ਜਿਸਨੂੰ ਸਮਝਦੇ ਹੋ, ਇਖਲਾਕ ਖਰਾਬ ਕਰਦੇ ਹੋ, ਰਾਤਾਂ ਜਾਗ ਕੇ ਆਪਣਾ ਸਰੀਰ ਖਰਾਬ ਕਰਦੇ ਹੋ, ਪੈਸੇ ਗਵਾਉਂਦੇ ਹੋ। ਕੋਈ ਆਦਮੀ ਇਸ ਚੀਜ਼ ਨੂੰ ਚੰਗਾ ਨਹੀਂ ਕਹਿੰਦਾ। ਮੈਂ ਇਹ ਅਰਜ਼ ਬੇਨਤੀ ਕਰਦਾਂ ਕਿ ਕਮ ਸੇ ਕਮ ਉਹਨਾਂ ਆਦਮੀਆਂ ਨੂੰ ਇਹ ਸੋਚ ਲੈਣਾ ਚਾਹੀਦਾ ਹੈ ਇੱਥੇ ਆ ਕੇ। ਸ਼ੱਕ ਤੇ ਮੈਨੂੰ ਚੌਥੇ ਪੰਜਵੇਂ ਦਿਨ ਪੈ ਗਿਆ ਸੀ ਜਿਦਣ ਆਇਆਂ, ਪਹਿਲੇ ਦਿਨ ਹੀ—ਪਰ ਅੱਜ ਉੱਥੇ ਘਰ ਗਏ ਹਾਂ ਤਾਂ ਉਹਦੀ ਹਾਲਤ ਦੇਖੀ ਹੈ। ਉਸ ਤੋਂ ਫਿਰ ਮੈਨੂੰ ਦੁੱਖ ਲੱਗਿਆ। ਹੁਣ ਨਹੀਂ ਪਤਾ ਉਹਨੂੰ ਬਿਮਾਰੀ ਬਹੁਤੀ ਪਸੰਦ ਹੈ—ਸਿਨੇਮਾ ਨਹੀਂ ਛੱਡ ਸਕਦਾ। ਸਾਧ-ਸੰਗਤ ਨੇ ਉਹਦੇ ਤੇ ਕਿਰਪਾ ਕਰੀ ਸੀ—ਉਹ ਰਾਜ਼ੀ ਨਹੀਂ ਸੀ ਹੁੰਦਾ ਦਵਾਈਆਂ ਨਾਲ—ਰਾਜ਼ੀ ਰਿਹਾ। ਹੁਣ ਉਹਨੇ ਆਖਿਆ ਕਿ ਦੌਰਾ ਪਿਆ ਹੈ, ਫਿਰ ਪਤਾ ਲੱਗਾ। ਹੁਣ ਉਹ ਬੀਬੀ ਵਿਚਾਰੀ ਚਾਹੁੰਦੀ ਸੀ—ਅਸੀਂ ਕਿਸੇ ਪਾਸੇ ਨਹੀਂ ਹੋਣ ਜੋਗੇ, ਜਾ ਕੇ ਜੇ ਕੋਈ ਗੱਲ ਆਖੀਏ—ਉਹ ਮੇਲਾ ਕਰਨ ਵਾਲੀਆਂ 'ਚੋਂ ਸੀ ਜਿਹਨਾਂ ਨੂੰ ਇਹ ਤਕਲੀਫ ਮਲੂਮ ਹੁੰਦੀ ਸੀ, ਉਧਰਲੇ ਪਾਸੇ ਉਹ ਮਹਾਂਪੁਰਖ ਸਨ। ਸੋ ਧਿਆਨ ਕਰ ਲਓ ਆਪਣੇ ਆਪ ਵਿੱਚ। ਮੈਂ ਤੁਹਾਡੇ ਕੋਲੋਂ ਏਹਦੇ 'ਚੋਂ ਕੀ ਲੈਣਾ ਹੈ, ਲੇਕਿਨ ਨਾ ਮੇਰੇ ਪੱਲੇ ਕੁਛ ਪੈਂਦਾ ਹੈ ਨਾ ਤੁਹਾਡੇ ਰਹਿੰਦਾ ਹੈ। ਲੋਕ ਤੁਹਾਡੇ ਮੂੰਹ ਤੇ ਭਾਵੇਂ ਕਿਸੇ ਦੇ ਕੁਛ ਨਾ ਕਹਿਣ, ਅੱਗੋਂ ਪਿੱਛੋਂ ਇਹ ਹੁੰਦਾ ਹੈ—ਲੈ ਬਈ, ਇਹ ਬੜੇ ਨਾਮਧਾਰੀ ਨੇ ਆਪਣੇ ਆਪ 'ਚ ਬਣੇ, ਬਈ, ਇਹ ਉੱਥੇ ਜਾ ਕੇ ਸਾਧ-ਸੰਗਤ 'ਚ ਹਾਂ ਕਰ ਆਉਂਦੇ ਨੇ, ਮੁੜਕੇ ਆ ਕੇ ਮੁੱਕਰ ਜਾਂਦੇ ਨੇ। ਤਾਂ, ਧਿਆਨ ਕਰ ਲਉ ਆਪਣੇ ਆਪ 'ਚ।

ਪ੍ਰੀਤਮ ਜੀ (ਗੁਰਬਖਸ਼ ਸਿੰਘ ਪ੍ਰੀਤਮ, ਸੇਠ ਫੂਲਾ ਸਿੰਘ ਜੀ ਦੇ ਵੱਡੇ ਲੜਕੇ) ਦਾ ਜਿੰਨਾਂ ਜੋਰ ਲੱਗਿਐ ਉਨ੍ਹਾਂ ਨੇ ਅੱਜ ਮੇਰੇ ਉੱਤੇ ਲਾ ਦਿੱਤੈ—ਕਵਿਤਾ ਆਪਣੀ ਬਣਾ ਕੇ। ਮੈਂ ਤਾਂ ਇਹਨਾਂ ਨੂੰ ਉੱਥੇ ਆਖਿਆ ਸੀ—ਬਈ, ਤੁਸੀਂ ਇਉਂ ਨਾ ਕਰੋ। ਮੇਰੇ ਆਖੇ ਤਾਂ ਕੋਈ ਸਿਨੇਮਾ ਨਹੀਂ ਛੱਡ

ਸਕਦਾ ਤੇ ਮੈਂ ਐਨਾ ਲਾਇਕ ਕਿੱਥੇ ਹੋਵਾਂ, ਜੋ ਚਾਹਾਂ ਸੋ ਕਰਾਂ। ਦੂਜੀ ਚੀਜ਼ ਦੇਖੋ, ਰੋਜ਼ ਜਿਦਣ ਤੋਂ ਆਏ ਹਾਂ, ਹੁਕਮਨਾਮੇ ਤੁਸੀਂ ਸੁਣਦੇ ਹੋ। ਕੋਈ ਹੁਕਮਨਾਮਾ ਸਤਿਗੁਰਾਂ ਦਾ ਨਹੀਂ ਜਿਹਦੇ 'ਚ ਸਵੇਰ ਦਾ, ਤੜਕੇ ਦਾ ਇਸ਼ਨਾਨ ਤੇ ਬਾਣੀ, ਭਜਨ ਵਾਸਤੇ ਨਹੀਂ ਕਿਹਾ। ਆਪਣਾ ਧਿਆਨ ਰੱਖਿਆ ਕਰੋ, ਭਜਨ ਬਾਣੀ ਕਰਿਆ ਕਰੋ। ਹੁਕਮ ਸਤਿਗੁਰਾਂ ਦਾ ਹੈ, ਮੇਰੀ ਕੋਈ ਗੱਲ ਨਹੀਂ, ਚੌਂਕੀਦਾਰ ਵਾਂਗੂੰ ਰੌਲਾ ਪਾਉਣ ਦਾ ਫਰਜ਼ ਹੈ।

## ਫਜ਼ੂਲ ਖਰਚੀ ਬੰਦ ਕਰੋ

ਤੁਸੀਂ ਦੇਖੋ, ਸਮਾਂ ਕਿਹੋ ਜਿਹਾ ਆ ਰਿਹਾ ਹੈ। ਅੱਗੇ ਕੀ ਕੁਛ ਹੋਇਆ ਹੈ, ਕੀ ਲੋਕਾਂ ਨਾਲ ਬੀਤੀ ਹੈ। ਹੁਣ ਤੁਸੀਂ ਵਿਹਾਰ ਵਾਲੇ ਆਦਮੀ ਹੋ। ਮੈਂ ਤੁਹਾਨੂੰ ਇੱਕ ਦੀ ਗੱਲ ਨਹੀਂ ਸਮੁੱਚੀ ਇਹ ਗੱਲ ਕਰਦਾ ਹਾਂ। ਐਸ ਵੇਲੇ ਜੇ ਤੁਸੀਂ ਦੇਖੋ ਤਾਂ ਵਿਹਾਰ ਜਿੰਨਾਂ ਹੈ—ਇਹ ਕੋਈ ਲੁਕੀ ਛਿਪੀ ਗੱਲ ਨਹੀਂ, ਜੇ ਤਾਂ ਇੱਕ ਆਦਮੀ ਦੀ ਗੱਲ ਹੋਵੇ ਬਈ, ਫਲਾਣੇ ਆਦਮੀ ਨੂੰ ਨਿਵਾਣ ਆ ਗਿਐ, ਬਈ ਉਹ ਡਿੱਗ ਚਲਿਐ ਜਾਂ ਕੁਝ ਹੋਇਆ— ਆਮ ਤੌਰ ਉੱਤੇ ਸਾਰਾ ਕੁਛ ਗਿਰ ਰਿਹਾ ਹੈ। ਤੁਸੀਂ ਆਪਣੇ ਖਰਚ, ਤੁਸੀਂ ਆਪਣੇ ਫਜ਼ੂਲ ਖਰਚਿਆਂ, ਖਾਣ ਦੇ, ਪੀਣ ਦੇ, ਪਹਿਨਣ ਦੇ—ਕਈਆਂ ਸੱਜਣਾਂ ਦੇ ਸੂਟ ਐਨੇ ਸਵਾਏ ਘਰੀਂ ਪਏ ਹੋਣਗੇ ਜਿਹੜੇ ਉਹਨਾਂ ਦੇ ਕੰਮ ਵੀ ਕਿਸੇ ਨਹੀਂ ਆਉਂਦੇ। ਉਹਨਾਂ ਤੇ ਹਜ਼ਾਰਾਂ ਰੁਪਈਏ ਲੱਗ ਜਾਂਦੇ ਹਨ ਸਿਰਫ ਇੱਕ ਗੱਲ ਕਰਕੇ ਕਿ ਗੁਰਬਖਸ਼ ਸਿੰਘ ਨੇ ਪੰਜ ਸਵਾਏ ਨੇ ਤੇ ਤਰਲੋਕ ਸਿੰਘ ਕਹਿੰਦਾ ਹੈ—ਮੈਂ ਸੱਤ ਸਵਾਂ ਲਵਾਂ। ਤੁਹਾਡੇ ਧਿਆਨ ਦੇਣ ਦੀ ਲੋੜ ਹੈ। ਤੁਹਾਨੂੰ ਇਹ ਗੱਲ ਦੇਖਣੀ ਚਾਹੀਦੀ ਹੈ, ਸਤਿਗੁਰਾਂ ਕਿਹੈ—ਭਾਈ ਭਜਨ ਬਾਣੀ ਜੋ ਕਰੂਗਾ ਉਹਦਾ ਥੋੜਾ ਧਨ ਪਦਾਰਥ ਵੀ ਨਾ ਮੁਕੂਗਾ। ਸਤਿਗੁਰਾਂ ਨੇ ਤੁਹਾਡੇ ਤੇ ਬਖਸ਼ਿਸ਼ ਕਰੀ ਹੈ, ਤੁਹਾਨੂੰ ਲੱਖਾਂ ਕਰੋੜਾਂ ਵਾਲੇ ਬਣਾਇਆ ਹੈ। ਅਸੀਂ ਕਹਿੰਦੇ ਹਾਂ, ਏਦੂੰ ਵੀ ਵੱਡੇ ਬਣਾਉਣ ਪਰ ਜਿਨ੍ਹਾਂ ਦਾ ਹੁਕਮ ਹੈ, ਜਿਨਾਂ ਦੇ ਹੁਕਮ 'ਚ ਆਪਾਂ ਬੈਠੇ ਹਾਂ, ਜਿਨ੍ਹਾਂ ਦੀ ਕਿਰਪਾ ਹੈ, ਜਿਨ੍ਹਾਂ ਨੇ ਸਾਰਾ ਕੁਛ ਸਾਨੂੰ ਹੁਕਮ ਦਿੱਤਾ ਹੈ ਤੁਸੀਂ ਉਸ

ਗੱਲ ਵੱਲ ਧਿਆਨ ਕਰਕੇ ਆਪਣੇ ਜੀਵਨ ਨੂੰ ਉੱਚਾ ਬਣਾਉਣ ਦੀ ਕੋਸ਼ਿਸ਼ ਕਰੋ।

ਸ਼ਰਾਬ ਤੇ ਲੋਕਾਂ ਨੇ ਪੈਸੇ ਲਾਏ, ਇੱਕ ਘੜੀ ਕੁ ਉਹਦਾ ਸੁਆਦ ਦੇਖ ਕੇ ਮੁੜਕੇ ਰੁਪਈਏ ਗਵਾਏ ਔਰ ਸਰੀਰ ਖਰਾਬ ਕੀਤਾ। ਤਮਾਸ਼ਿਆਂ 'ਚ ਜਾ ਕੇ, ਜਾਂ ਫਜ਼ੂਲ ਖਰਚੀਆਂ ਕਰਕੇ—ਅਸੀਂ ਇਹ ਨਹੀਂ ਕਹਿੰਦੇ ਕਿ ਲੜਕੀਆਂ ਨੂੰ ਪੈਸੇ ਨਾ ਦਿਉ, ਜਿਹਦੇ ਕੋਲ ਹੈ ਉਹ ਲੱਖ ਦੇਵੇ, ਉਹ ਕਰੋੜ ਦੇਵੇ, ਸਾਨੂੰ ਇਹਦੇ ਤੇ ਕੋਈ ਇਤਰਾਜ਼ ਨਹੀਂ, ਲੇਕਿਨ ਜਿਹੜਾ ਉਹਨਾਂ ਕਿਹਾ ਹੈ—

**ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ,**
**ਸੁ ਕੂੜੁ ਅਹੰਕਾਰੁ ਕਚੁ[੧੪] ਪਾਜੋ[੧੫]॥**

*– ਸਿਰੀ ਰਾਗ ਮ:੫, ਪੰਨਾ-੭੯*

—ਲੋਕਾਂ ਨੂੰ ਦਿਖਾਉਣਾ, ਇਹ ਕੰਮ ਚੰਗਾ ਨਹੀਂ—ਤੁਹਾਡਾ। ਤੁਹਾਨੂੰ ਇਹਦੇ ਤੇ ਆਪ ਵਿਚਾਰ ਕਰਨੀ ਚਾਹੀਦੀ ਹੈ।

## ਸਤਿਗੁਰਾਂ ਦੇ ਹੁਕਮਨਾਮੇ

ਬਾਬੇ ਬਿਸ਼ਨ ਸਿੰਘ ਹੁਰੀਂ ਸਾਡੇ ਕੋਲ ਸਨ, ਸੇਠ ਦਿਆਲ ਸਿੰਘ ਜੀ ਨਾਲ ਹੀ ਸਨ—ਮੇਰਾ ਖਿਆਲ ਹੈ ਜਿਥੇ ਤਕ ਚੌਂਤੀ (ਸੰਨ ੧੯੩੪) ਦਾ ਹੀ ਜੇਠ ਹੋਣਾ ਹੈ—ਉਹ, ਜਦੋਂ ਇਧਰੋਂ ਗਏ ਹਾਂ ਸਿਆਮ ਤੋਂ, ਗੁਰਦਵਾਰੇ ਭੈਣੀ ਸਾਹਿਬ—ਇੱਕ ਮਹੀਨਾ ਇੱਕ ਸਿੱਖ ਨੂੰ ਸਤਿਗੁਰਾਂ ਦੇ ਦਰਸ਼ਨ ਹੋਏ। ਤਾਂ, ਚਿਤ 'ਚ ਆਇਆ—ਬਈ, ਨਿਤਨੇਮ ਕਰੀਏ—ਹਾਂ ਤਾਂ ਇਹੋ ਜਿਹੇ ਹੀ, ਪਾਮਰ ਪੁਣਾ ਹੀ। ਰਾਤ ਨੂੰ ਇਕੱਠੇ ਹੋਏ, ਇੱਕ ਸਿੰਘ ਨੂੰ ਹੁਕਮ ਹੋਇਆ—ਆਪੋ ਆਪਣੇ ਔਗੁਣ ਦੱਸੋ। ਨਿਤਨੇਮ ਲੱਗੇ ਕਰਨ ਕੋਠੀ ਦੇ ਉੱਤੇ—ਬਾਗ ਵਿੱਚ। ਸਾਰੇ ਜਿਹੜੇ ਦਸ ਵੀਹ ਸਰੀਰ ਸੇ, ਅਰਜ਼ ਕੀਤੀ, "ਸੱਚੇ ਪਾਤਸ਼ਾਹ ! ਤੇਰਾ ਨਾਂ ਹੈ ਪੜਦੇ ਢੱਕ ਤੇ ਤੂੰ ਇਹ ਬਖਸ਼ਿਸ਼ ਕਰ ਕਿ ਸਾਥੋਂ ਅੱਗੋਂ ਨਾ ਹੋਵੇ।"

ਬੈਠੇ, ਉੱਥੇ ਉਹ ਮਹੀਨਾ ਜੇਠ ਦਾ ਲੰਘਿਆ, ਭਜਨ ਬਾਣੀ ਕੀਤਾ,

ਸਤਿਗੁਰਾਂ ਦੇ ਹੁਕਮਨਾਮੇ ਸੁਣਦੇ ਰਹੇ, ਬੜੀ ਸਤਿਗੁਰਾਂ ਕਿਰਪਾ ਕੀਤੀ, ਸਾਧ-ਸੰਗਤ ਨੇ ਵੀ ਬੜੀ ਕਿਰਪਾ ਕੀਤੀ। ਮੇਰਾ ਖਿਆਲ ਹੈ ਇੱਥੇ ਵੀ ਉਦੋਂ ਸਾਧ-ਸੰਗਤ ਨੇ ਓਹ ਜਪ ਤਪ ਕੀਤਾ ਹੋਏਗਾ। ਸੰਗਰਾਂਦ ਦੇ ਦਿਨ—ਜੇਠ ਦੀ ਨੂੰ, ਸਾਰੀ ਸੰਗਤ ਜਾਗਦੀ ਰਹੀ ਰਾਤ ਨੂੰ। ਮੈਨੂੰ ਵੀ ਇਹ ਗੱਲ ਯਾਦ ਹੈ ਕਿ ਸਤਿਗੁਰਾਂ ਦੀ ਬਖਸ਼ਸ਼ ਨਾਲ ਓਦਣ ਅੱਖ 'ਚ ਨੀਂਦ ਨਹੀਂ ਰੜਕੀ। ਭਜਨ ਬਾਣੀ ਕਰਨਾ ਤੁਹਾਡਾ ਕੰਮ ਹੈ, ਸਤਿਗੁਰਾਂ ਦੇ ਹੁਕਮ ਅਨੁਸਾਰ—ਮੇਰੀ ਕੋਈ ਗੱਲ ਨਹੀਂ।

ਉੱਥੇ ਬਾਬੇ ਬਿਸ਼ਨ ਸਿੰਘ ਹੁਰੀਂ ਇੱਕ ਰਹਿੰਦੇ ਸੀ ਲੱਲ੍ਹਾਂ ਦੇ, ਜਿੱਥੋਂ ਦੇ ਚੱਕਰਵਰਤੀ ਜੀ ★[੧] ਨੇ। ਓਹ ਬੜੇ ਮਹਾਂਪੁਰਖ ਸੇ। ਓਹ ਕਹਿੰਦੇ ਸੀ, ''ਆਪਣੀ ਜ਼ਿੰਦਗੀ 'ਚ ਤਿੰਨ ਵੇਰਾਂ ਰਿਸ਼ਤੇਦਾਰਾਂ ਦੇ ਘਰ ਜਾ ਕੇ ਕੁਸੰਗੀਆਂ ਦਾ ਸੁੱਕਾ ਆਟਾ, ਦਾਲਾ ਜਾਂ ਦੁੱਧ ਲੈ ਕੇ ਪੀਤਾ ਹੈ।'' ਓਹ ਛਕਦੇ ਨਹੀਂ ਸਨ ਕਿਸੇ ਦਾ। ਓਹ ਕਹਿਣ ਲੱਗੇ—ਸਤਿਗੁਰਾਂ ਨੇ ਹੁਕਮ ਦਿੱਤਾ ਹੈ ਕਿ ਭਾਣੇ ਦੇ ਬਚਨ ਸਿੱਖ ਦੋ ਵੇਰ ਦਿਨ 'ਚ ਕਰੇ। ਜੇ ਇੱਕ ਵੇਰ ਵੀ ਨਹੀਂ ਕਰਦਾ ਤੇ ਸਿੱਖ ਨਹੀਂ ਰਹਿੰਦਾ, ਕਿਉਂ ਕਿ ਯਾਦ ਭੁੱਲ ਜਾਂਦੀ ਹੈ, ਫਸ ਜਾਂਦਾ ਹੈ ਮਾਇਆ 'ਚ। ਮੁੰਡੇ, ਕੁੜੀਆਂ, ਧਨ, ਪਦਾਰਥ, ਖੇਲ ਤਮਾਸ਼ਿਆਂ 'ਚ ਲੱਗ ਪੈਂਦਾ ਹੈ। ਤਾਂ, ਸਤਿਗੁਰਾਂ ਦੇ ਹੁਕਮ ਅਨੁਸਾਰ ਦੇਖੋ, ਹੁਣ ਅੱਜ ਆਇਆ ਹੈ ਕਿ—ਅਸੀਂ ਕਿਸੇ ਦਾ ਇੱਕ ਦਿਨ ਰੱਖ ਕੇ ਨਹੀਂ ਆਉਣਾ, ਔਰ ਰੂਸਾਂ ਦੇ ਆਏ ਤੇ ਆਵਾਂਗੇ। ਸਾਰੀ ਦੁਨੀਆਂ ਰੂਸ ਬਣ ਗਈ ਹੈ, ਇੱਕ ਦੀ ਗੱਲ ਹੀ ਨਹੀਂ ਰਹੀ। ਜਿਹੜਾ ਉਨ੍ਹਾਂ ਲਿਖਿਆ ਸੀ—

*ਪਰਗਟ ਹੋਏ ਰਾਮ ਸਿੰਘ ਦੂਲੋ*

ਗੁਰੂ ਗੋਬਿੰਦ ਸਿੰਘ ਨੇ—

*ਪੱਟੇ ਸਭ ਰਾਜਨ ਕੋ ਮੂਲੋ*

ਕਿਸੇ ਜਗ੍ਹਾ ਦੁਨੀਆਂ 'ਚ ਅੱਜ ਕੋਈ ਰਾਜਾ ਦਿੱਸਦਾ ਹੈ ? ਅੱਗੇ ਲਿਖਿਆ ਹੈ-

*ਮੂਏ ਸਭੇ ਸਰਦਾਰੀ ਦਾਰ*

ਓਹ ਸਰਦਾਰੀਆਂ ਵੀ ਹੁਣ ਸਾਡੇ ਤੇ ਉੱਡ ਗਈਆਂ ਨੇ—ਮੁਲਕ

'ਚ। ਹਿੰਦੁਸਤਾਨ 'ਚ, ਭਾਰਤ ਵਾਲਿਆਂ ਨੇ ਜ਼ਮੀਨਾਂ ਲੋਕਾਂ ਦੀਆਂ ਲੈ ਲੈ ਕੇ, ਉਹ ਜਗੀਰਦਾਰੀਆਂ ਟੁੱਟ ਗਈਆਂ। ਹੁਣ ਕਾਰਖਾਨੇ ਵਾਲਿਆਂ ਵੱਲ ਵੀ ਧਿਆਨ ਹੋਇਆ ਹੈ। ਉੱਥੇ ਕਾਨੂੰਨ ਵਿੱਚ ਪਾਸ ਹੋ ਰਿਹਾ ਹੈ ਕਿ ਮੇਰੇ ਕੋਲ ਅਗਰ ਲੱਖ ਰੁਪਈਆ ਮੇਰੀ ਜਾਇਦਾਦ ਹੈ, ਤੇ ਜਿਹੜੀ ਥੋੜੀ ਬਹੁਤੀ ਮੈਂ ਪਹਿਲਾਂ ਦਸ ਸਾਲ ਬੱਚਿਆਂ ਦੇ ਨਾਂ ਲਵਾ ਦਿਆਂ ਤੇ ਲਵਾ ਦਿਆਂ ਦੂਸਰੀ ਜਿਹੜੀ ਜਾਇਦਾਦ ਹੈ ਉਹਨੂੰ ਗੌਰਮਿੰਟ ਆਪਣਾ ਕਬਜ਼ਾ ਕਰੇਗੀ। ਇਸ ਤਰ੍ਹਾਂ ਵਲਾਇਤ 'ਚ ਵੀ ਕੋਈ ਕਾਨੂੰਨ ਹੈ, ਮੈਨੂੰ ਤਾਂ ਉਹਦੀ ਸਾਰੀ ਸਮਝ ਨਹੀਂ। ਸਮਾਂ ਭਿਆਨਕ ਹੈ ਔਰ ਜ਼ਬਰਦਸਤ ਆ ਰਿਹਾ ਹੈ। ਤੁਹਾਨੂੰ ਸੋਚਣਾ ਵਿਚਾਰਨਾ ਚਾਹੀਦੈ। ਇਓਂ ਨਾ ਗੱਲ ਕਰੋ ਕਿ ਬਈ, ਮੈਂ ਕਹਿਨਾਂ ਤਾਂ, ਮੇਰੇ ਆਖੇ ਨਹੀਂ ਲੱਗਣਾ, ਚਲੋ ਮੇਰੇ ਨਾ ਹੀ ਲੱਗੋ, ਸਤਿਗੁਰਾਂ ਦਾ ਹੁਕਮ ਮੰਨੋ। ਉਹਨਾਂ ਹੁਕਮ ਦਿੱਤਾ ਹੈ ਕਿ ਭਾਈ ਬਾਣੀ ਪੰਜ ਗ੍ਰੰਥ ਕੰਠ ਕਰਨੀ—ਜਪੁ, ਜਾਪੁ, ਰਹਿਰਾਸ ਆਰਤੀ ਸੋਹਿਲਾ, ਆਸਾ ਦੀ ਵਾਰ, ਸੁਖਮਨੀ—ਨਹੀਂ ਤਾਂ, ਆਸਾ ਦੀ ਵਾਰ, ਰਹਿਰਾਸ, ਜਪੁ, ਜਾਪੁ, ਆਰਤੀ ਸੋਹਿਲਾ ਤੇ ਚੰਡੀ ਦੀ ਵਾਰ। ਏਦੂੰ ਪੰਜਾਂ ਤੋਂ ਕੋਈ ਸਿੱਖ ਘੱਟ ਨਾ ਰਹੇ।

ਸੋ ਮੈਂ ਅਰਜ ਕਰਨੀ ਹੈ—ਮੈਂ ਕੀਤੀ ਹੈ। ਸਮੇਂ ਦਾ ਕੋਈ ਪਤਾ ਨਹੀਂ। ਕਿਸੇ ਨੂੰ ਕੋਈ ਪਤਾ ਨਹੀਂ ਕਿ ਕਿਸ ਵੇਲੇ ਕੀਹਦੀ ਵਾਰੀ ਆਉਣੀ ਹੈ।

**ਨਹ ਬਾਰਿਕ[੧੬] ਨਹ ਜੋਬਨੈ ਨਹ ਬਿਰਧੀ[੧੭] ਕਛੁ ਬੰਧੁ[੧੮]।।**
**ਓਹ ਬੇਰਾ[੧੯] ਨਹ ਬੂਝੀਐ ਜਉ ਆਇ ਪਰੈ ਜਮ ਫੰਧੁ।।**

– *ਪੰਨਾ–੨੫੪*

ਹੁਣ ਕਲ ਸ਼ਿਆਮਾ ਪ੍ਰਸਾਦ ਮੁਕਰਜੀ ਚਲ ਬਸੇ। ਕੋਈ ਪਤਾ ਨਹੀਂ ਕੀ ਬਣਨਾ ਹੈ, ਕੀ ਹੋਣਾ ਹੈ, ਕਿਹਦੀ ਵਾਰੀ ਹੈ, ਕੀ ਹੈ ? ਤੁਸੀਂ ਸੋਚੋ, ਵਿਚਾਰੋ ! ਸਤਿਗੁਰਾਂ ਦੇ ਹੁਕਮਾਂ ਵੱਲ ਧਿਆਨ ਦਿਉ। ਨਹੀਂ, ਤਾਂ ਸਾਡਾ ਉਹ ਹਾਲ ਨਾ ਹੋਵੇ। ਇੱਕ ਪੰਡਤ ਸੀ ਉਹ ਕਥਾ ਰੋਜ਼ ਸੁਣਨ ਜਾਂਦਾ ਹੁੰਦਾ। ਉਹ ਕਥਾ ਸੁਣ ਕੇ ਘਰ ਆ ਜਾਂਦਾ। ਉਹਨੂੰ ਕੋਈ ਕੰਮ ਪੈ ਗਿਆ, ਉਸਨੇ ਆਪਣੇ ਲੜਕੇ ਨੂੰ ਇਹ ਗੱਲ ਆਖੀ,''ਬੱਚਾ, ਮੇਰੀ ਜਗ੍ਹਾ ਤੂੰ

ਫਲਾਣੀ ਜਗ੍ਹਾ ਕਥਾ ਹੁੰਦੀ ਹੈ ਉੱਥੇ ਸੁਣਨ ਜਾਇਆ ਕਰ, ਜਿੰਨਾਂ ਚਿਰ ਮੈਂ ਨਹੀਂ ਆਉਂਦਾ।'' ਲੜਕਾ ਕਥਾ ਸੁਣਨ ਗਿਆ। ਲੜਕੇ ਨੇ ਕਥਾ 'ਚ ਸੁਣਿਆ ਕਿ ਗਊ ਅਗਰ ਅੰਨ ਉੱਤੇ ਜਾਂ ਕਿਸੇ ਪੱਠਿਆਂ ਉੱਤੇ, ਕਿਸੇ ਚੀਜ਼ ਨੂੰ ਆ ਲੱਗੇ ਤਾਂ ਉਹਨੂੰ ਮੋੜਨਾ ਨਹੀਂ। ਉਹ ਦੁਕਾਨਦਾਰ ਆਦਮੀ ਸੀ, ਉਹ ਮੁੜ ਕੇ ਘਰ ਆ ਗਿਆ, ਲੜਕਾ ਕੋਲ ਬੈਠਾ ਸੀ। ਗਊ ਜੋ ਲੱਗੀ, ਲੜਕੇ ਨੇ ਨਾ ਹਟਾਈ ਦਾਣਿਆਂ ਤੋਂ। ਉਹ ਕਹਿੰਦਾ,''ਓ ਗਊ ਨੂੰ ਮੋੜ ਤੂੰ, ਇਹ ਕੀ ਕੀਤਾ।''

ਉਨ੍ਹੇ ਆਖਿਆਂ,''ਬਾਪੂ ਜੀ ਮੈਨੂੰ ਤੁਸਾਂ ਭੇਜਿਆ ਸੀ ਕਥਾ ਸੁਣਨ, ਉੱਥੇ ਤੇ ਇਹ ਚੀਜ਼ ਕਹੀ ਸੀ ਕਿ ਗਊ ਨੂੰ ਮੋੜਨਾ ਨਹੀਂ।''

''ਉਏ ਤੇਰੇ ਵਰਗੇ ਤੇ ਘਰ ਉਜਾੜ ਦੇਣਗੇ, ਤੂੰ ਕੀ ਬਣਾਇਆ, ਨਿੱਜ ਜੰਮਿਆ—ਭਾਈ, ਉੱਥੇ ਜੋ ਕੁਝ ਸੁਣੀਏ ਉੱਥੇ ਹੀ ਧੋਤੀ ਝਾੜ ਆਈਏ।''

ਸੋ ਜੇ ਤਾਂ ਇਹੋ ਹੀ ਗੱਲ ਹੈ, ਮੇਰੀ ਵੀ ਗੱਲ ਛੱਡੋ, ਸਤਿਗੁਰਾਂ ਦੇ ਹੁਕਮ ਹਨ। ਪੌੜੀਆਂ ਨਹੀਂ ਉਤਾਰਨਾ ਕੁਛ, ਤਾਂ ਤੁਹਾਡੀ ਮਰਜ਼ੀ। ਨਾ ਮੇਰਾ ਫਾਇਦਾ ਕੁਛ ਕਹਿਣ ਦਾ; ਨਾ ਸਤਿਗੁਰਾਂ ਦੇ ਹੁਕਮਾਂ ਦੇ ਸੁਣਨ ਦਾ ਫਾਇਦਾ; ਨਾ ਤੁਹਾਡੇ ਪੱਲੇ ਕੁਛ ਪਿਆ; ਨਾ ਕੋਈ ਗੱਲ, ਨਾ ਬਾਤ। ਜੇ ਮੰਨੋ ਬਚਨ ਤੇ ਫੇਰ ਉਹ ਕਹਿੰਦੇ ਨੇ—ਸਾਰੇ ਸੁਖ ਪ੍ਰਾਪਤ ਹੋਣਗੇ। ਤਾਂ, ਭਾਈ, ਫਿਰ ਸਾਰੇ ਸੁਖ ਲੈਣੇ ਨੇ ਤਾਂ ਸਤਿਗੁਰਾਂ ਦੇ ਹੁਕਮ ਮੰਨੋ, ਔਰ ਉਹਨਾਂ ਦੇ ਹੁਕਮਾਂ ਉੱਤੇ ਚਲੋ।

## ਭਜਨ ਕਰਿਆ ਕਰੋ

*(ਏਥੇ ਕੋਈ ਸਿੱਖ ਆਪਣੀ ਭੁੱਲ ਬਖਸ਼ਾਉਣ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਦਾ ਹੈ। ਸਤਿਗੁਰੂ ਜੀ ਉਸ ਸਿੱਖ ਨੂੰ ਪੁੱਛਦੇ ਹਨ)*,''ਕਿਉਂ ਮਹਾਰਾਜ, ਕੀ ਗੱਲ ਹੈ ?''

''ਸੱਚੇ ਪਾਤਸ਼ਾਹ ਬਖਸ਼ ਲਓ। ਸੱਚੇ ਪਾਤਸ਼ਾਹ ਮੈਂ ਪਾਪ ਕੀਤੇ ਹੋਏ ਨੇਂ, ਆਪ ਬਖਸ਼ਣਹਾਰ ਹੋ, ਮੈਂ ਭੁੱਲਣਹਾਰ ਹਾਂ, ਤੇਰੇ ਕੋਲੋਂ ਕੀ ਭੁੱਲਾ ਹੈ।''

''ਦੇਖੋ ਜੀ, ਜਿਦਣ ਤੋਂ ਤੁਸਾਂ ਪੁੱਛਿਐ ਭਜਨ, ਪਿਛਲੇ ਸਤਿਗੁਰਾਂ ਦੇ ਹੁਕਮ ਅਨੁਸਾਰ ਤੁਹਾਡੇ ਸਾਰੇ ਬਖਸ਼ੇ ਗਏ। ਓਦੂੰ ਬਾਅਦ ਜੇ ਕੋਈ ਤੁਸੀਂ ਕੀਤਾ, ਤੁਸਾਂ ਸਾਧ-ਸੰਗਤ 'ਚ ਬਖਸ਼ਾਇਆ ਤਾਂ ਨਿੱਬੜ ਗਿਆ। ਖਿਮਾਂ ਕਰਨਾ, ਜੇ ਹੁਣ ਇਉਂ ਹੀ ਹੋਣਾ ਹੈ ਬਈ, ਜਦੋਂ ਮੈਂ ਆਉਣੈ ਤੁਸਾਂ ਖੜੇ ਵੀ ਹੋ ਜਾਣਾ ਹੈ, ਆਉਂਦਿਆਂ ਨੂੰ ਫੇਰ ਵੀ ਲੱਗੇ ਹੋਣਾ ਹੈ, ਤਾਂ ਮੇਰੀ ਕੋਈ ਵਾਹ ਨਹੀਂ।''

''ਮੈਂ ਬੜੇ ਗੁਨਾਹ ਕੀਤੇ ਨੇ, ਤੇਰਾ ਦਰ ਖੁੱਲ੍ਹਾ ਹੈ, ਮੈਂ ਭੁੱਲਣਹਾਰ ਹਾਂ, ਤੂੰ ਬਖਸ਼ਣ ਜੋਗ ਹੈਂ।''

''ਨਾ, ਇਹ ਨਹੀਂ ਗੱਲ ਹੈ।''

''ਸੱਚੇ ਪਾਤਸ਼ਾਹ ਤੂੰ ਬਖਸ਼ਣ ਜੋਗ ਹੈਂ। ਮੈਂ ਜੀਵ ਭੁੱਲਣਹਾਰ ਹਾਂ।''

''ਨਹੀਂ, ਇਹ ਗੱਲ ਨਹੀਂ। ਇਹਦੇ 'ਚ ਇਹ ਗੱਲ ਹੈ—ਛੇ ਮਹੀਨਿਆਂ ਬਾਅਦ ਜਦੋਂ ਵੀ ਆਈਏ ਤਦੋਂ ਇਹੋ ਹੀ ਗੱਲ ਰਵ੍ਹੇ ਤੇ ਫਿਰ ਇਹ ਸਜਦੀ ਨਹੀਂ।''

''ਸੱਚੇ ਪਾਤਸ਼ਾਹ ਬਲ ਬਖਸ਼। ਨਿਮਾਣਿਆ ਦਾ ਮਾਣ ਹੈਂ ! ਨਿਤਾਣਿਆ ਦਾ ਤਾਣ ਹੈਂ।''

''ਭਜਨ ਕਰਿਆ ਕਰੋ, ਜਿਹੜਾ ਹੁਕਮ ਮਿਲਿਆ ਹੋਇਆ ਹੈ।''

ਜੇ ਭਜਨ ਕਰੋਗੇ, ਇਸ਼ਨਾਨ ਕਰੋਗੇ ਤਾਂ ਬਲ ਆਪੇ ਅੰਦਰੋਂ ਮਿਲੇਗਾ। ਜੇ ਨਾ ਕਰੋਗੇ ਤੇ ਮੇਰੀ ਜ਼ਬਾਨ ਨੇ ਤੇ ਕੁਛ ਨਹੀਂ ਬਣਾਉਣਾ। ਨਿਰਾ ਮੇਰੀ ਗੱਲ ਉੱਤੇ ਨਾ ਰਹਿਉ। ਬਖਸ਼ਣ ਦੀ ਏਹੁ ਗੱਲ ਹੈ—ਬਖਸ਼ਾਉਣ ਦੀ, ਕਿ ਪਿਛਲੇ ਛੱਡ ਕੇ, ਅੱਗੋਂ ਛੱਡੋ ਔਰ ਸਤਿਗੁਰਾਂ ਕੋਲ ਅਰਦਾਸ ਕਰਿਆ ਕਰੋ। ਬਹੁਤੀਆਂ ਗੱਲਾਂ ਦੀ ਲੋੜ ਨਹੀਂ, ਸਤਿਗੁਰੂ ਸਭ ਕੁਝ ਬਖਸ਼ ਸਕਦੇ ਨੇ।

ਰੋਜ਼ ਇੱਕ ਘੰਟੇ ਵਾਸਤੇ ਸਾਧ-ਸੰਗਤ ਕਰਦੀ ਹੈ—ਨਿਤਨੇਮ। ਉਸ ਨਿਤਨੇਮ ਦੇ ਵਕਤ ਮੈਂ ਇਹ ਦੇਖਦਾ ਰਹਿਨਾਂ—ਜੇ ਮੈਂ ਹੁਣ ਗੱਲਾਂ ਕਰੀ ਜਾਵਾਂ ਤਾਂ ਦੋ ਘੰਟੇ ਬੈਠੇ ਸੁਣੀ ਜਾਓਗੇ, ਜਦੋਂ ਨਿਤਨੇਮ ਦਾ ਵੇਲਾ ਆਉਂਦਾ ਹੈ ਤਾਂ ਫਿਰ ਸਾਧ-ਸੰਗਤ, ਕੂਕਿਆਂ ਨੂੰ ਵੀ ਫਿਰ ਚਾਲ ਪੈਂਦੀ ਹੈ ਇਥੋਂ

ਪੌੜੀ ਤੋਂ ਦੌੜਨ ਦੀ, ਬਈ, ਇਹ ਘੰਟਾ ਖ਼ਬਰੇ ਕੀ ਚੀਜ਼ ਹੈ, ਜਿਹੜਾ ਸਾਨੂੰ ਦੁੱਖ ਦੇਵੇਗਾ। ਮੈਂ ਬੜਾ ਹੈਰਾਨ ਹੁੰਦਾ ਹਾਂ, ਇਸ ਗੱਲ ਨੂੰ ਦੇਖ ਕੇ। ਸ਼ਰਮ ਮੈਨੂੰ ਵੀ ਆਉਂਦੀ ਹੈ ਔਰ ਤੁਹਾਨੂੰ ਵੀ ਆਉਣੀ ਚਾਹੀਦੀ ਹੈ। ਜੇ ਤੁਸੀਂ ਮੇਰੇ ਆਏ ਤੋਂ ਵੀ ਇੱਕ ਘੰਟਾ ਨਿਤਨੇਮ ਨਹੀਂ ਕਰਦੇ ਤਾਂ ਪਿੱਛੋਂ ਕੀ ਕਰਦੇ ਹੋਵੋਗੇ। ਸਤਿਗੁਰਾਂ ਆਉਣਾ ਹੈ; ਉਹਨਾਂ ਦਰਸ਼ਨ ਦੇਣਾ ਹੈ; ਉਹਨਾਂ ਨੇ ਖੌਸੜਾ ਖੜਕਾਉਂਣਾ ਹੈ। ਹੁਕਮ ਦਿੱਤਾ ਹੈ—ਬਈ ਅੱਗੇ ਮੌਲੇ ਦੀ ਹੈ, ਹੁਣ ਪੋਲੇ ਦੀ ਹੈ। ਬਈ, ਆਪੋ ਆਪਣੇ ਸਿਰ ਤਗੜੇ ਕਰੋ ਜੇ ਤੁਹਾਡੇ 'ਚ ਹਿੰਮਤ ਹੈ। ਮੈਂ ਤੇ ਮਾੜਾ ਹਾਂ, ਮੇਰੀ ਤੇ ਵਾਹ ਕੋਈ ਨਹੀਂ। ਮੈਂ ਤੇ ਤੁਹਾਡੇ ਅੱਗੇ ਅਰਜ਼ ਕੀਤੀ ਹੈ, ਜੇ ਤੁਹਾਡਾ ਚਿਤ ਕਰਦਾ ਹੈ ਤੇ ਇਹ ਗੱਲ ਕਰਿਆ ਕਰੋ। ਜੇ ਤੁਸੀਂ ਨਿਤਨੇਮ ਦੇ ਵੇਲੇ ਵੀ ਭੱਜ ਜਾਂਦੇ ਹੋ ਤੇ ਫਿਰ ਤੁਸੀਂ ਵੇਲਾ ਕਿਹੜਾ ਹੈ। ਜੇ ਗੱਲਾਂ ਹੀ ਸੁਣਨ ਦੀ ਗੱਲ ਹੈ ਤੇ ਗੱਲਾਂ ਤੇ ਕੋਈ ਫਾਇਦਾ ਨਹੀਂ ਦੇਂਦੀਆਂ, ਜਿਨ੍ਹਾ ਦੇ ਉੱਤੇ ਕੋਈ ਅਸਰ ਨਹੀਂ ਹੋਣਾ।

(*ਇੱਕ ਸਿੱਖ ਦੇ ਅਰਜ਼ ਕਰਨ ਤੇ ਸਤਿਗੁਰੂ ਜੀ ਪੁੱਛਦੇ ਹਨ*)

''ਹਾਂ ਜੀ, ਮਹਾਰਾਜ ?''

''ਉਹ ਪਾਠ ਮੇਰੇ ਕੋਲੋਂ ਨਹੀਂ ਹੋ ਸਕੇ।''

''ਆਪਣੇ ਆਪ ਹੋਣ ਲੱਗ ਪੈਣਗੇ, ਕੌਂਸਲਾਂ ਦੇ ਕੰਮ ਘੱਟ ਕਰ ਦਿਉ ਨਿਤਨੇਮ ਕਰਨ ਲੱਗ ਪਓ।''

ਲੋਗ ਮਖੌਲ ਨਾ ਸਮਝਣ ਇਨ੍ਹਾਂ ਗੱਲਾਂ ਨੂੰ, ਹੱਸੇ ਨਾ ਕੋਈ ਇਹ ਗੱਲ ਸੁਣ ਕੇ ਮੇਰੀ, ਬਈ ਇਹਨੂੰ ਮੈਂ ਗੱਲ ਕਹਿਨਾਂ। ਤੁਸੀਂ ਵਿਹਾਰ ਦਾ ਧਿਆਨ ਕਰਦੇ ਹੋ ਜਿਸ ਤਰ੍ਹਾਂ, ਜੇ ਸਤਿਗੁਰਾਂ ਵੱਲ ਧਿਆਨ ਕਰਕੇ ਅਰਦਾਸ ਕਰੋ ਕਿ ਤੁਹਾਡੇ ਤੇ—ਮੈਂ ਭੀ ਅਰਜ਼ ਕਰਦਾਂ—ਸਤਿਗੁਰ ਬਖਸ਼ਸ਼ ਕਰਨ। ਸਤਿਗੁਰੂ ਤੈਨੂੰ ਬਲ ਬਖਸ਼ਣ; ਸਾਰੀ ਸੰਗਤ ਨੂੰ ਬਲ ਬਖਸ਼ਣ; ਨਿਤਨੇਮ ਕਰਨ; ਭਜਨ ਬਾਣੀ ਕਰਨ; ਇਸ਼ਨਾਨ ਪਾਣੀ ਕਰਨ ਤਾਂ ਕਿ ਜਿਹੜੀ ਇਹ ਚੀਜ਼ ਹੈ—ਚਿੱਟੀ ਚਾਦਰ ਸਤਿਗੁਰਾਂ ਦੀ, ਜੇ ਇਹਨੂੰ ਦਾਗ ਲੱਗਦਾ ਹੈ ਭਾਈ, ਸਾਨੂੰ ਸਾਰਿਆਂ ਨੂੰ ਲੱਗਦਾ ਹੈ। ਇਸ ਗੱਲ ਵੱਲ

ਧਿਆਨ ਦੇ ਲਓ, ਅੱਗੇ ਤੁਹਾਡੀ ਮਰਜ਼ੀ ਹੈ। ਮੈਂ ਹੋਰ ਕੁਛ ਨਹੀਂ ਕਹਿਣਾ। ਹੁਣ ਦਿਆਲ ਸਿੰਘ ਹੁਰੀਂ ਲੱਗੇ ਹਨ ਪੜ੍ਹਨ ਸਤਿਗੁਰਾਂ ਦੇ ਜੀਵਨ ਦੇ ਮੁਤੱਅਲਕ ਜਿਹੜਾ ਆਲਮ ਜੀ[★੨] ਨੇ ਲਿਖਿਆ ਹੈ।

## ਹੱਸਦੇ ਹੱਸਦੇ ਸ਼ਹੀਦ ਹੋਏ

ਉੱਥੇ ਹੁਕਮ ਉਲਟਾਉਣ ਦੀ ਗੱਲ ਨਹੀਂ, ਸ਼ਹੀਦ ਹੋਏ ਹੱਸਦੇ-ਹੱਸਦੇ। ਅੱਜ ਅਸੀਂ ਉਹਨਾਂ ਦਾ ਨਾਉਂ ਲੈ ਕੇ ਉੱਚੇ ਹੁੰਦੇ ਹਾਂ। ਗੋਲਵਾਲਕਰ ਜੀ ਜਿਹੜੇ ਰਾਸ਼ਟਰੀ ਸੰਘ ਦੇ ਗੁਰੂ ਹਨ, ਮੇਰੇ ਪਾਸ ਉਨ੍ਹਾਂ ਦੀ ਚਿੱਠੀ ਆਈ ਕਿ ਐਸ ਵੇਲੇ ਕੰਮ ਹੈ, ਤੇਰੇ ਵੀ ਲੋਕ ਆਖੇ ਲੱਗਦੇ ਹਨ—ਇਹ ਗਊ ਬੱਧ ਦਾ ਬੰਦ ਕਰਨ ਵਾਸਤੇ। ਬੜੀ ਉਹਨਾਂ ਨੇ ਪ੍ਰੇਮ ਨਾਲ ਚਿੱਠੀ ਲਿਖੀ ਹੋਈ ਹੈ। ਅਖਬਾਰ ਵਿੱਚ ਦੇਣ ਵਾਸਤੇ, ਸਾਡੇ ਹਿੰਦੁਸਤਾਨ, ਸਾਡੇ ਪੰਜਾਬ ਵਾਸੀਆਂ ਭਰਾਵਾਂ ਨੂੰ, ਕੋਈ ਚੀਜ਼ ਨਹੀਂ ਮਿਲੀ ਇਨ੍ਹਾਂ ਕੂਕਿਆਂ ਦੀ ਗਊ ਵਾਲੀ ਕੁਰਬਾਨੀ ਤੋਂ। ਪਰ ਹੁਣ ਸਾਡੀ ਕੀ ਗੱਲ ਹੈ—ਉਹ ਮਾਮੇ ਦੇ ਕੰਨੀਏ ਬੀਰਬਲੀਆਂ ਤੇ ਭਣੇਵਾਂ ਆਕੜਿਆ ਫਿਰੇ। ਜਦੋਂ ਅਸੀਂ ਕਰਨਾ ਹੀ ਕੁਛ ਨਹੀਂ, ਅਸੀਂ ਧਰਮ ਨੂੰ ਦੇਖਣਾ ਹੀ ਨਹੀਂ ਚਾਹੁੰਦੇ, ਅਸੀਂ ਧਰਮ ਏਸੇ ਚੀਜ਼ ਨੂੰ ਸਮਝਿਆ ਬਈ, ਜਿਹੜਾ ਸਾਨੂੰ ਸੁਖ 'ਚ ਮਲੂਮ ਹੋਵੇ—ਨ੍ਹਾਈਏ ਨਾ, ਸਵੇਰੇ ਉਠੀਏ ਨਾ, ਜਿਥੋਂ ਮਰਜ਼ੀ ਹੈ ਖਾ ਲਈਏ, ਜੋ ਮਰਜ਼ੀ ਹੈ ਦੇਖਦੇ ਰਹੀਏ—ਇਹਦੇ ਨਾਲ ਕੀ ਵਿਗੜਦਾ ਹੈ। ਇਸ ਗੱਲ ਦਾ ਪਤਾ ਤਾਂ ਲੱਗਦਾ ਹੈ—ਜਿਵੇਂ ਮੈਂ ਦੱਸਿਆ ਸੀ—ਇੱਕ ਮੇਖ ਟੁੱਟੀ ਤੋਂ ਲੱਤ ਵੀ ਟੁੱਟ ਗਈ, ਘੋੜੇ ਦੀ ਵੀ ਟੁੱਟ ਗਈ, ਆਪਣੀ (ਸਵਾਰ ਦੀ) ਵੀ ਟੁੱਟ ਗਈ। ਜ਼ਰਾ ਧਿਆਨ ਦੇਣ ਦੀ ਲੋੜ ਹੈ। ਧਰਮ ਦੇ ਆਸਰੇ ਉਨ੍ਹਾਂ ਨੇ ਇਹ ਕੰਮ ਕੀਤਾ ਹੈ। ਓਦੂੰ ਮਗਰੋਂ ਵਾਰੀ ਆਈ ਦੂਸਰਿਆਂ ਦੀ, ਉਹ ਮਲੇਰਕੋਟਲੇ ਨੂੰ ਤਿਆਰ ਹੋਏ। ਉਹ ਕਿਹੋ ਜਿਹੇ ਸਿੱਖ ਸਨ ? ਮਾਤਾ ਜੀ ਦਾ ਜਿੱਥੇ ਜਨਮ ਸੀ, ਓਦੂੰ ਦਸ ਕੋਹ ਪੜਾਅ ਇੱਕ ਨੰਗਲਾ ਪਿੰਡ ਹੈ। ਸਤਿਗੁਰ ਸੱਚੇ ਪਾਤਸ਼ਾਹ ੧੯੨੮ ਦੀ ਵਿਸਾਖੀ ਦੇ ਮੇਲੇ ਤੋਂ ਬਾਅਦ ਤੀਸਰੇ ਚੌਥੇ ਦਿਨ ਉੱਥੇ ਜਾਂਦੇ ਹਨ। ਓਥੇ ਇੱਕ ਸੂਬੇ ਦਾ ਭਰਾ (ਹਰਨਾਮ ਸਿੰਘ)—

ਮਾਈਆਂ ਤੁਰੀਆਂ ਜਾਂਦੀਆਂ ਹਨ, ਰਸਤੇ 'ਚ ਕੋਈ ਹੋਰ ਖਰਾਬੀ ਨਹੀਂ ਦੇਖੀ—ਉਹ ਮਾਈਆਂ ਨੂੰ ਹੱਸਿਆ ਹੈ। ਉਹਨਾਂ ਮਸਤਾਨਿਆਂ ਨੇ ਦੇਖ ਕੇ ਉਹਨੂੰ ਘੋੜੀ ਉੱਤੋਂ ਲਾਹ ਲਿਆ, ਉਹਨੂੰ ਮਾਰਿਆ। ਉਹਨੂੰ ਮਾਰ ਪਈ, ਓਸ ਮਾਰ ਤੋਂ ਸੂਬਿਆਂ ਸਤਿਗੁਰਾਂ ਕੋਲ ਜਾ ਕੇ ਕਿਹਾ,''ਤੁਸੀਂ ਇਹਨਾਂ ਨੂੰ ਕੁਛ ਨਹੀਂ ਆਂਹਦੇ, ਇਹ ਬੜੇ ਖਰਾਬ ਹਨ। ਬਾਬੇ ਜਵਾਹਰ ਸਿੰਘ ਹੁਰਾਂ—ਸਤਿਗੁਰ ਜਿੰਨ੍ਹਾਂ ਦੇ ਗਿਆਂ ਤੇ ਉੱਠ ਖਲੋਂਦੇ ਸੀ—ਦੇ ਵੀ ਮੁੱਕੀ ਪਿੰਨੀ ਤੇ ਮਾਰੀ, ਤੁਸੀਂ ਤਾਂ ਨਹੀਂ ਕੁਛ ਆਖਿਆ।''

ਸਤਿਗੁਰ ਮੌਜ ਦਾ ਮਾਲਕ ਹੈ। ਸਤਿਗੁਰਾਂ ਸੋਟਾ ਮੰਗਾਇਆ। ਮੰਗਾ ਕੇ ਸੋਟਾ ਜ਼ਮੀਨ ਉੱਤੇ ਮਾਰਿਆ—ਟੁੱਟ ਗਿਆ। ਫਿਰ, ਹੋਰ ਸੋਟਾ ਮੰਗਾਇਆ ਦੋ ਤਿੰਨ ਵੇਰ ਮਾਰ ਕੇ ਜਿਹੜਾ ਨਾ ਟੁੱਟਿਆ। ਉਨ੍ਹਾਂ ਮਸਤਾਨਿਆਂ ਨੂੰ ਸੱਦ ਲਿਆ। ਸੁੱਕਾ ਹੋਇਆ ਛੱਪੜ ਹੈ ਪਾਣੀ ਵਾਲਾ, ਲਾਂਭਾਂ ਤੋਂ ਉੱਚਾ ਹੈ, ਵਿੱਚੋਂ ਨੀਵਾਂ ਹੈ। ਤੋਰ ਲਏ ਨੇ ਅੱਗੇ—ਅੱਗੇ। ਹੀਰਾ ਸਿੰਘ ਅੱਗੇ ਹੈ, ਲਹਿਣਾ ਸਿੰਘ ਪਿੱਛੇ ਹੈ। ਇਸੇ ਤਰ੍ਹਾਂ ਹੀ ਜਿਹੜੇ ਸੱਤਰ, ਅੱਸੀ, ਨੱਬੇ ਹਨ ਤੁਰੇ ਜਾਂਦੇ ਹਨ। ਸਤਿਗੁਰੂ ਜੀ ਇੱਕ-ਇੱਕ ਡਾਂਗ-ਸੋਟਾ, ਜ਼ੋਰ ਨਾਲ ਉਹਨਾਂ ਦੇ ਮਾਰੀ ਜਾਂਦੇ ਨੇ ਇੱਕ-ਇੱਕ ਪਾਸੇ। ਜਦੋਂ ਇੱਕ ਗੇੜਾ ਸਾਰਿਆਂ ਦਾ ਆ ਗਿਆ ਤਾਂ ਕਹਿੰਦੇ ਨੇ,''ਸੱਚਿਆਂ ਪਾਤਸ਼ਾਹ ਹੁਣ ਐਸ ਪਾਸੇ ਦੇ ਪਾਪ ਵੀ ਝਾੜ।'' ਦੂਸਰਾ ਪਾਸਾ ਅੱਗੇ ਕਰ ਦਿੱਤਾ ਹੈ। ਫਿਰ ਦੂਸਰੇ ਪਾਸੇ ਵੱਜੀਆਂ। ਵੱਜੀਆਂ ਤੋਂ ਬਾਅਦ ਹੀਰਾ ਸਿੰਘ ਦੇ ਸਿਰ 'ਚ ਸਤਿਗੁਰਾਂ ਨੇ ਸੋਟਾ ਮਾਰਿਆ ਜਿਹਦੇ ਨਾਲ ਚਾਰ ਫਾੜੀਆਂ ਸਿਰ ਦੀਆਂ ਹੋ ਗਈਆਂ। ਉੱਥੇ ਹਾਏ, ਸੀ, ਦਾ ਥਾਂ ਹੀ ਨਹੀਂ, ਕਿਉਂਕਿ,

**ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।।**

*– ਮ:੧, ਪੰਨਾ-੫੫੮*

ਜੇ ਚੋਜੀ ਇਹ ਚੋਜ ਕਰਦਾ ਹੈ, ਪੜ੍ਹੋ ਇਤਿਹਾਸ। ਗੁਰੂ ਗੋਬਿੰਦ ਸਿੰਘ ਦੇ ਕੋਲ ਜ਼ਰਾ ਥੋੜੀ ਜਿਹੀ, ਡਲੇ ਨੂੰ ਆਕੜ ਹੋਈ—ਮੇਰੇ ਸੂਰਮੇ ਗੁਰੂ ਜੀ ਤੁਸਾਂ ਨਾ ਮੰਗਵਾਏ ਅਨੰਦਪੁਰ ਵਿੱਚ। ਉਹ ਮੌਜ ਦਾ ਮਾਲਕ ਹੈ। ਉਹ ਦਮਦਮੇ 'ਚ ਬੈਠੇ ਇੱਕ ਦਿਨ ਕਹਿੰਦੇ ਹਨ,''ਡੱਲਿਆ ਬਈ, ਆਹ ਬੰਦੂਕ

ਆਈ ਹੈ, ਤੂੰ ਆਂਹਦਾ ਸੀ ਮੇਰੇ ਬੜੇ ਸੂਰਮੇ ਨੇ, ਲਿਆ ਕੋਈ ਖੜਾ ਕਰ ਸਾਹਮਣੇ ਜਿਹਦੇ ਤੇ ਅਸੀਂ ਚਲਾ ਕੇ ਦੇਖੀਏ।''

ਸਿਪਾਹੀਆਂ ਨੂੰ ਆਖਿਆ—ਉਨ੍ਹਾਂ ਆਖਿਆ ਜਿਹੜੇ ਹੌਲਦਾਰ ਨੇ ਸਾਥੋਂ ਬਹੁਤੀ ਤਨਖਾਹ ਲੈਂਦੇ ਨੇਂ, ਉਨ੍ਹਾ ਆਖਿਆ ਸੂਬੇਦਾਰ ਲੈਂਦੇ ਨੇ। ਅਖੀਰ ਗੱਲ ਹੋਈ,''ਡੱਲਿਆ ਤੂੰ ਹੀ ਖੜੋ ਖਾਂ।''

ਡੱਲਾ ਵੀ ਡਰ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ,''ਡੱਲਿਆ ਦੇਖ ਮੇਰੇ ਸਿੱਖ।''

ਬਾਹਰ ਇੱਕ ਰਾਮਦਾਸੀਆਂ ਸਿੱਖ (ਧੀਰ ਸਿੰਘ) ਹੈ, ਮਜ਼ਬੀ ਸਿੱਖ ਹੈ—ਭਾਈ ਬੀਰ ਸਿੰਘ। ਉਹ ਦੋਵੇਂ ਦਸਤਾਰੇ ਸਜਾਉਂਦੇ ਨੇ-

*ਜਬੈ ਮੇਵੜੇ ਹੁਕਮ ਉਚਾਰਾ।*
*ਬੀਰ ਸਿੰਘ ਥਾ ਸਜਤ ਦਸਤਾਰਾ।*

ਭਾਈ ਹੁਕਮ ਇਹ ਹੈ ਸਤਿਗੁਰਾਂ ਨੇ ਬੰਦੂਕ ਦਾ ਨਿਸ਼ਾਨਾ ਲਾ ਕੇ ਦੇਖਣਾ ਹੈ। ਹੱਥ ਵਿੱਚ ਉਸੇ ਤਰ੍ਹਾਂ ਹੀ ਪੱਗ ਦਾ ਪੇਚ ਫੜ ਕੇ ਭੱਜ ਪਏ। ਦੂਆ ਕਹਿੰਦੈ—ਇਹ ਨਾ ਮੇਰੇ ਅੱਗੇ ਹੋ ਜਾਏ, ਇਹ ਮੇਰੇ ਅੱਗੇ ਨਾ ਹੋ ਜਾਏ। ਜਦੋਂ ਜਾ ਕੇ ਖੜਾ ਹੋਇਆ ਅੱਗੇ, ਉੱਤੋਂ ਦੀ ਚਲਾ ਦਿੱਤੀ। *ਊਪਰ ਨੂੰ ਕਰ ਦਈ ਚਲਾਈ*—ਨਹੀਂ ਡਰੇ, ਧਰਮ ਕਾਇਮ ਸੀ।

ਸਿਰ ਬੰਨ੍ਹ ਲਿਆ, ਹੁਕਮ ਦੇ ਦਿੱਤਾ—ਅੱਜ ਇੱਕ ਚੀਜ਼ ਆ ਗਈ ਹੈ, ਜੇ ਆਖੀਏ ਨ ਇਹ ਸਾਧ-ਸੰਗਤ ਤੋਂ ਬਾਹਰ ਹੋਵੇ, ਕਹਿਣ ਵਾਲੇ ਅਸੀਂ ਬਾਹਰ ਹੋ ਜਾਂਦੇ ਹਾਂ। ਦੂਆ ਉਹਨੂੰ ਕਹਿੰਦਾ ਹੈ, ਸੇਠ ਦਿਆਲ ਸਿੰਘ ਐਉਂ ਕਰਦਾ ਹੈ—ਤੇਰਾ ਕੀ ਵਿਗੜਿਆ; ਸੁੰਦਰ ਸਿੰਘ ਐਉਂ ਕਰਦਾ ਹੈ—ਤੇਰਾ ਕੀ ਵਿਗੜਿਆ; ਫਲਾਣਾ ਐਉਂ ਕਰਦਾ ਹੈ—ਤੇਰਾ ਕੀ ਵਿਗੜਿਆ। ਉਹਦੇ ਨਾਲ ਦੇ ਹੋ ਜਾਂਦੇ ਨੇ—ਇਹ ਕੋਈ ਨਹੀਂ ਕਹਿੰਦਾ ਕਿ ਪਾਗਲਾ ਸਾਧ-ਸੰਗਤ 'ਚੋਂ ਨਿਕਲਿਆਂ ਕੋਈ ਥਾਂ ਨਹੀਂ ਰਹਿੰਦਾ।

ਇਸ ਚੀਜ਼ ਦੀ ਵਾਕਫੀ ਹੈ ਸੰਤ ਜਿਊਣ ਸਿੰਘ ਹੁਰਾਂ ਸਿਰਹਾਲੀ ਵਾਲੇ ਵਰਗਿਆਂ ਨੂੰ, ਜਿਹੜੇ ਮੇਰੇ ਉੱਤੇ ਸ਼ਰਧਾ ਵੀ ਉਸ ਤਰ੍ਹਾਂ ਦੀ ਨਹੀਂ ਸਨ ਰੱਖਦੇ। ਲਾਹੌਰ ਦੇ ਹੋਲੇ ਤੇ ਉਨ੍ਹਾਂ ਨੂੰ ਕੱਢਿਆ। ਵਿਸਾਖੀ ਤੇ

ਅੰਮ੍ਰਿਤਸਰ ਆ ਕੇ ਉਹ ਮਹਾਂਪੁਰਖ ਜਿਨ੍ਹਾਂ ਨੂੰ ਅਸੀਂ ਮੱਥਾ ਟੇਕਦੇ ਸਾਂ, ਮੂੰਹ ਕਾਲਾ ਕੀਤਾ ਹੋਇਆ ਤੇ ਬਾਬਾ ਕੇਸਰ ਜੀ (ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲੇ) ਨਾਲ ਹਨ, ਜਿਹਨਾਂ ਨੇ—ਬਾਰਾਂ ਸਾਲ ਸੁੱਤੇ ਨਹੀਂ—ਸਵਾ ਸੌ ਪਾਠ ਜਪੁ ਸਾਹਿਬ ਦਾ ਰੋਜ਼ ਕੀਤਾ, ਸਵਾ ਲੱਖ ਜਾਪ ਭਜਨ ਦਾ, ਬਾਰ੍ਹਾਂ ਸਾਲ ਰੋਜ਼ ਕੀਤਾ—ਉਹ ਮਹਾਂਪੁਰਖ ਮੇਰੇ ਅੱਗੇ ਖਲੋਤੇ ਰੋਂਦੇ ਹਨ, ਆਂਹਦੇ ਨੇ, ''ਪਾਤਸ਼ਾਹ ! ਬਖਸ਼।''

ਉਹਨਾਂ ਨੂੰ ਪਤਾ ਸੀ ਕਿ ਸਿੱਖ ਦਾ ਬਾਹਰ ਨਿਕਲਣ ਦਾ ਮਤਲਬ ਕੀ ਹੈ। ਅੱਜ ਸਾਡੇ ਵਾਸਤੇ ਤਮਾਸ਼ਾ ਬਣ ਗਿਆ ਹੈ—ਚੱਲ ਮੇਰਾ ਕੀ ਵਿਗੜਦਾ ਹੈ। ਵਿਗੜੇ ਦਾ ਇੱਥੇ ਪਤਾ ਨਹੀਂ ਲੱਗਦਾ ਭਾਈ। ਇੱਕੋ ਹੀ ਚੀਜ਼ ਹੈ, ਜੇ ਸਾਧ-ਸੰਗਤ ਤੋਂ ਬੇਮੁਖ ਹੋ ਜਾਂਦਾ ਹੈ ਪੁਰਸ਼, ਤਾਂ ਭਾਈ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ-

*ਖਟ ਹਤਿਆ ਕੇ ਤੁਲ ਹੈ ਜੇ ਗੁਰ ਤੇ ਸਿਖ ਫਿਰ ਜਾਏ।*

ਕਰਜਾ ਲੈ ਕੇ ਨਾ ਦੇਣਾ—ਲੜਕੀ ਮਾਰਨੀ—ਆਪਣੀ ਕੁੱਲ ਦਾ ਘਾਤ ਕਰਨਾ—ਵਿਸ਼ਵਾਸ ਘਾਤ ਕਰਨਾ—ਗਊ ਮਾਰਨੀ—ਬ੍ਰਾਹਮਣ ਹਤਿਆ—ਛੇ ਹੱਤਿਆ ਲਿਖੀਆਂ ਹਨ। ਤਾਂ ਗੁਰੂ ਨਾਨਕ ਦੇਵ ਜੀ ਜਨਮ ਸਾਖੀ 'ਚ ਕਹਿੰਦੇ ਹਨ—

*ਖਟ ਹਤਿਆ ਕੇ ਤੁਲ ਹੈ ਜੇ ਗੁਰ ਤੇ ਸਿਖ ਫਿਰ ਜਾਏ।*

—ਭਾਈ ਗੁਰਦਾਸ ਜੀ ਕਹਿੰਦੇ ਨੇ ਇੱਕ ਪਾਸੇ ਸ਼ੇਰ ਆਉਂਦਾ ਹੋਵੇ, ਇੱਕ ਪਾਸੇ ਬੇਮੁਖ ਸਿੱਖ ਹੋਵੇ—

*ਸੀਂਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ।*

*- ਵਾਰ-੩੭, ਪਉੜੀ-੨੫*

—ਉਹਦੇ ਮੱਥੇ ਨਾ ਜਾ ਕੇ ਲੱਗੇ। ਉਨ੍ਹਾਂ ਨੂੰ ਕਦਰ ਸੀ ਸਿੱਖੀ ਦੀ। ਹੁਕਮ ਮਿਲ ਗਿਆ ਕਿ ਖਬਰਦਾਰ ਸੰਗਤ ਵਿੱਚ ਨਹੀਂ ਵੜਨਾ, ਇਨ੍ਹਾਂ ਨੂੰ ਕੋਈ ਅੰਨ ਪਾਣੀ ਨ ਦੇਵੇ। ਬਾਹਰ ਕੱਢੇ ਜਾਂਦੇ ਹਨ, ਕਰਨ ਕੀ ? ਜਿਹਨਾਂ ਨੂੰ ਕੋਈ ਹੋਰ ਆਸਰਾ ਨਹੀਂ ਬਿਨਾਂ ਸਤਿਗੁਰੂ ਤੋਂ, ਜਿਹੜੇ ਬਗੈਰ ਦਰਸ਼ਨ ਤੋਂ ਜਿਉ ਨਹੀਂ ਸਕਦੇ, ਦੂਰ ਰਹਿੰਦੇ ਹਨ ਨੇੜੇ ਨਹੀਂ ਆਉਂਦੇ।

ਫਿਰ ਕੀ ਕਰਦੇ ਹਨ ? ਰੇਠਿਆਂ ਦੀ ਛਿੱਲ ਰਗੜ ਕੇ ਦੇਗ ਪੀਂਦੇ ਹਨ।

*ਘੋਟ ਰੀਠੜੇ ਦੇਗ ਤਿਆਰ ਕੀਤੀ।*

ਕੌੜੀ ਨਹੀਂ ਲੱਗਦੀ। ਕਿਉਂ—ਅੰਦਰ ਸਤਿਗੁਰ ਰਹਿੰਦਾ ਹੈ। ਉਹੋ ਚੀਜ਼ ਸੀ ਨ, ਜੇ ਪ੍ਰਹਲਾਦ ਦੇ ਅੰਦਰ ਸਤਿਗੁਰੂ ਸੀ ਤੇ ਥੰਮ ਨਹੀਂ ਤੱਤਾ ਲੱਗਿਆ। ਪੰਜ ਛੇ ਦਿਨ ਗੁਜਰ ਜਾਂਦੇ ਹਨ। ਸਰਦਾਰ ਗੁਰਦਿੱਤ ਸਿੰਘ ਨਾਈ ਵਾਲੇ ਦਾ—ਬੜਾ ਗੁਰਮੁਖ ਸਿੱਖ ਸੀ, ਜਨਮ ਨਾਈਆਂ ਦੇ ਘਰ ਦਾ ਸੀ, ਦੋ ਪਿੰਡਾਂ ਵਿਚ ਜ਼ਮੀਨ ਸੀ। ਤਿੰਨ ਦਿਨ ਨਾਈ ਵਾਲੇ ਰੱਖਿਆ। ਪੰਜ ਸੌ ਰੁਪਏ ਦੀ ਘੋੜੀ, ਸੌ ਰੁਪਈਆ ਅਰਦਾਸਾ ਕਰਾਇਆ। ਫਿਰ ਤਿੰਨ ਦਿਨ ਸਤਿਗੁਰੂ ਸੱਚੇ ਪਾਤਸ਼ਾਹ ਜਿਸ ਵੇਲੇ ਜਾ ਕੇ ਦਮਦਮੇ ਸਾਹਿਬ ਵਿਸਾਖੀ ਤੇ ਰਹੇ ਨਾਲ ਦਾਣਿਆਂ ਦੇ ਗੱਡੇ ਭਰ ਲੈ ਗਿਆ, ਉੱਥੋਂ ਦਾ ਲੰਗਰ ਵੀ ਕੀਤਾ। ਮੁੜਕੇ ਕਰਤਾਰ ਗੜ੍ਹ ਸਤਿਗੁਰੂ ਆਉਂਦੇ ਹਨ, ਉਹਦਾ ਨਾਉਂ ਕਸਾਈ ਵਾਲਾ ਸੀ—ਪਿੰਡ ਦਾ, ਸਤਿਗੁਰਾਂ ਨੇ ਕਰਤਾਰ ਗੜ੍ਹ ਨਾਉਂ ਰੱਖਿਆ, ਜਿਸ ਤਰ੍ਹਾਂ ਉਗੂ ਚੱਕ ਦਾ ਨਾਉਂ ਗੁਰੂ ਚੱਕ ਰੱਖਿਆ। ਹੱਥ ਜੋੜ ਕੇ ਗੱਲ 'ਚ ਪੱਲਾ ਪਾ ਕੇ ਖੜਾ ਹੁੰਦਾ ਹੈ, ਕਹਿੰਦਾ,''ਸੱਚਿਆਂ ਪਾਤਸ਼ਾਹ ਮੇਰਾ ਲੰਗਰ ਸੰਪੂਰਨ ਨਹੀਂ ਹੁੰਦਾ ਜੇ ਮਸਤਾਨਿਆਂ ਨੂੰ ਪ੍ਰਸਾਦ ਨਹੀਂ ਮਿਲਿਆ।''

ਪਰ ਸਤਿਗੁਰੂ ਜੀ ਵੀ ਉਸ ਦਿਨ ਦੇ ਪ੍ਰਸ਼ਾਦ ਨਹੀਂ ਛਕਦੇ, ਕਹਿੰਦੇ,''ਗੱਲ 'ਚ ਪੱਤੀਆਂ ਪਈਆਂ ਹੋਈਆਂ ਨੇ।'' ਜਾਂਦਾ ਹੈ ਬਾਹਰ ਜਾ ਕੇ (ਮਸਤਾਨਿਆ ਨੂੰ) ਅਰਜ਼ ਕਰਦਾ ਹੈ ਬਈ ਸਤਿਗੁਰਾਂ ਦਾ ਹੁਕਮ ਹੈ........।''

*(ਮਲੇਰ ਕੋਟਲੇ ਦੇ ਸ਼ਹੀਦਾਂ ਦੀ ਪੂਰਨ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ, 'ਲਾਲ ਏਹਿ ਰਤਨ', ਭਾਗ ੧, ਦੇ ੨੩-੧੧-੧੯੪੮ ਦੇ ਉਪਦੇਸ਼ ਦਾ ਸਿਰਲੇਖ 'ਸ਼ਹੀਦਾਂ ਦੀ ਮਸਤਾਨੀ ਦਸ਼ਾ')*

## ਟਿੱਪਣੀਆਂ

★੧ – ਸੰਤ ਇੰਦਰ ਸਿੰਘ ਜੀ ਚਕਰਵਰਤੀ।
★੨ – ਸੰਤ ਨਿਧਾਨ ਸਿੰਘ ਜੀ ਆਲਮ।

## ਸ਼ਬਦਾਰਥ

੧. ਅਟੱਲ, ਨਾ ਡੋਲਣ ਵਾਲਾ।
੨. ਪਾਪਾਂ ਨੂੰ ਨਾਸ ਕਰਨ ਵਾਲੇ।
੩. ਸਰਬ ਰੂਪ।
੪. ਦੁੱਖਾਂ ਦਾ ਨਾਸ ਕਰਨ ਵਾਲਾ।
੫. ਗੁਣਾਂ ਦਾ ਭੰਡਾਰ।
੬. ਤਿੰਨਾਂ ਗੁਣਾਂ ਤੋਂ ਨਿਰਲੇਪ।
੭. ਆਸਰੇ।
੮. ਗਿਆਨ ਪ੍ਰਕਾਸ਼।
੯. ਪਾਰਾਵਾਰ ਤੋਂ ਪਰੇ।
੧੦. ਹੈ ਹੁਣ।
੧੧. ਅੱਗੇ ਵੀ ਹੋਣ ਵਾਲਾ ਹੈ।
੧੨. ਨਿਰ ਆਸਰੇ।
੧੩. ਦਾਸ।
੧੪. ਝੂਠਾ ਹੈ।
੧੫. ਪਾਖੰਡ ਹੈ।
੧੬. ਬਾਲਕ।
੧੭. ਬੁਢੇਪੇ ਦਾ।
੧੮. ਬੰਧਾਨ, ਨੇਮ ਹੈ।
੧੯. ਵੇਲਾ।

# ਬੰਕੋਕ ੨੫-੬-੧੯੫੩

## ਹੁਕਮ ਨਾਮਾ—ਸਤਿਗੁਰੂ ਰਾਮ ਸਿੰਘ ਜੀ
### ੧ੴ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਸਰਬ ਉਪਮਾ ਜੋਗ ਸੰਬੂਹ ਸੰਗਤ ਖਾਲਸੇ ਜੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਨੀ ਜੀ, ਪ੍ਰਮਾਨ ਕਰਨੀ। ਸੰਬੂਹ ਮਾਈ ਬੀਬੀ ਕੋ ਰਾਮਸਤਿ ਬੁਲਾਈ ਬਾਚਨੀ। ਹੋਰੁ ਅੰਨਦ ਖੁਸੀ ਹੈ ਜੀ, ਸੰਬੂਹ ਸੰਗਤਿ ਕੀ ਸੁਖ ਮੰਗਦੇ ਹਾ ਹਮੇਸਾ ਅਕਾਲ ਪੁਰਖ ਪਾਸੋ।

ਹੋਰ ਤਾ ਖਾਲਸਾ ਜੀ ਕੋਈ ਦੂਖ ਨਹੀ ਇਕ ਸੰਗਤ ਦੇ ਬਛੋੜੇ ਦਾ ਹੋਇ ਰਹਿਆ ਹੈ। ਸੋ ਏ ਦੂਖ ਗੁਰੂ ਸਾਹਿਬ ਦੇ ਮੇਟਣ ਦਾ ਹੈ। ਜਦ ਗੁਰੂ ਚਾਹੂਗਾ ਤੁਰਤ ਹੀ ਮੇਟ ਦੇਊਗਾ। ਸੋ ਜੀ ਸੰਬੂਹ ਸੰਗਤ ਦੀ ਸੁਖ ਅਨੰਦ ਦੀ ਖਵਰ ਪਾਈ। ਜਿਸ ਜਿਸ ਦੀ ਚਿਠੀ ਆਈ ਹੈ ਅਰ ਜਿਸ ਜਿਸ ਜੋ ਚੀਜ ਭੇਜੀ ਹੈ ਸਾਡੇ ਵਾਸਤੇ ਸੋ ਸਾਨੂ ਸਭ ਚੀਜ ਮਿਲੀ ਰੁਪਏ ਕਪੜੇ ਤੇ ਆਦ, ਗਲਾਸ ਦੋਇ ਬੀ ਮਿਲੇ। ਇਕ ਜਾਨਬਰ*[੧] ਬੀ ਮਿਲਾ। ਸਭ ਸੰਗਤ ਦੀ ਖਵਰ ਸੁਨ ਕੇ ਹਰੇ ਹੋ ਗਏ ਹਾ। ਸਭਨੇ ਜੋ ਬਚਨ ਬਲਾਸ ਬੋਲਿਆ ਹੈ ਸੋ ਸਭ ਸਮਝਾ ਅਛੀ ਤਰਾ। ਇਕ ਨਾਮ ਗਾਮ ਸਮਝ ਤਾ ਲਏ ਸਭ ਦੇ, ਭਿੰਨ ਭਿੰਨ ਕਰਕੇ ਨਹੀ ਲਿਖੇ। ਭਿੰਨ-ਭਿੰਨ ਲਿਖਣੇ ਤੇ ਕਾਗਦ ਬਹੁਤ ਬਧ ਜਾਦਾ ਹੈ

ਨਾਲੇ ਭਜਨ ਬਾਣੀ ਦਾ ਹਰਜਾ ਹੁੰਦਾ ਹੈ। ਮੈ ਇਕੇਲਾ ਲਿਖਣ ਬਾਲਾ ਹਾ।

ਮੈ ਇਹ ਬਾਤ ਸਮਝੀ ਜੋ ਸੰਗਤਿ ਕੋ ਬੀ ਬਡਾ ਭਾਰੀ ਦੁਖ ਵਿਛੋੜੇ ਦਾ ਹੈ। ਸੋ ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ। ਗੁਰੂ ਜੀ ਕਾ ਬਚਨ ਹੈ—ਸਰਬ ਰੋਗ ਕਾ ਅਉਖਧੁ ਨਾਮੁ। ਨਾਮ ਤੇ ਬਾਣੀ ਦਾ ਬਡਾ ਪ੍ਰਤਾਪ ਹੈ, ਪਰਸਪਰ ਮੇਲਾ ਹੈ। ਦੇਖੋ ਨਾਮ ਵਿਚ ਕੇਡੀ ਕਲਾ ਹੈ। ਸੋ ਕਈ ਹਜਾਰ ਭੋਗ ਪਿਆ ਹੈ ਨਾਮ ਦੀ ਕਲਾ ਸੇ, ਅਰ ਕਈ ਹਜਾਰ ਸਿੰਘ ਬਾਣੀ ਦੇ ਉਚਾਰ ਨੂ ਲਗਾ ਹੈ, ਅਰ ਬਾਣੀ ਨਾਮ ਕੇ ਗੁਣਾ ਕੋ ਉਚਾਰ ਕਰਦੀ ਹੈ। ਸੋ ਏ ਦੋਨੋ ਅਮਲੋਕ ਚੀਜਾ ਹੈ। ਏਨਾ ਕਾ ਕਛੁ ਮੁਲ ਨਹੀ ਕਹਿਆ ਜਾਦਾ। ਸਿਖਾ ਨੂ ਖਾਲਸਾ ਜੀ ਆਪ ਗੁਰੂ ਸਾਹਿਬ ਕ੍ਰਿਪਾ ਕਰਕੇ ਦਾਨ ਦਿਤਾ ਹੈ ਸੋ ਤੁਸੀ ਤਕੜੇ ਹੋ ਕੇ ਉਚਾਰ ਕਰਨਾ ਸਾਰੀ ਸੰਗਤਿ ਨੇ ਤੁਰਦੇ ਫਿਰਦੇ ਕੰਮ ਕਿਰਤ ਕਰਦੇ। ਗੁਰੂ ਜੀ ਦਾ ਹੁਕਮ ਹੈ–

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।।
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।।

ਸੋ ਖਾਲਸਾ ਜੀ ਜੰਮਣਾ ਮਰਣਾ ਜੂਨਾ ਨੂ ਬੜਾ ਹੀ ਦੁਖ ਹੈ। ਮਨੁਖਾ ਜਨਮ ਤੇ ਬਿਨਾ ਕਹਾ ਨਾਮ ਦਾਨ ਇਸਨਾਨ ਹਥ ਆਵਦਾ ਹੈ। ਏਹੁ ਬੀ ਗੁਰੂ ਜੀ ਦਾ ਹੁਕਮ ਹੈ–

ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ।।
ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ।।

ਹਰਿ ਨਾਮ ਵਿਚ ਵਡਾਈਆ ਗੁਰੂ ਜੀ ਨੇ ਕਹੀਆ ਹੈ–

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ।।
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ।।

ਨਾਮ ਕੀ ਤਾ ਅਮਿਤ ਵਡਾਈ ਹੈ। ਮੈ ਜੀਉ ਕਿਆ ਕਹਿ ਸਕਦਾ ਹਾ। ਸੋ ਮੈ ਬਾਰ ਬਾਰ ਲਿਖਦਾ ਹਾ ਸੰਗਤ ਕੀ ਓਰ ਜੋ ਬਡੇ ਝਲ੍ਹਾਗੇ ਨਾਵਣਾ। ਸੋ ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ ਇਸਨਾਨ ਕਰੇ ਸਮੇਤ ਕੇਸੀ, ਗੁਰਬਾਣੀ ਦਾ ਤੇ ਨਾਮ ਦਾ ਉਚਾਰ ਕਰੇ ਉਸ ਕੋ ਮੋਤੀ ਦਾਨ ਦਾ ਪੁੰਨ ਹੁੰਦਾ ਹੈ, ਫੇਰ ਸੁਵਰਨ ਦਾ, ਫੇਰ ਰੁਪੇ ਦਾ, ਫੇਰ ਤਾਬੇ ਦਾ, ਫੇਰ ਅੰਨ ਦਾ, ਫੇਰ ਦੁਧ ਦਾ, ਫੇਰ ਜਲ ਦਾ। ਫੇਰ ਦਿਨ ਚੜੇ ਪੁੰਨ ਕੁਛ ਨਹੀ, ਪਿੰਡਾ ਧੋ ਲੈਣਾ ਹੈ। ਸੋ ਜੀ ਏਹੁ ਮਹਾਤਮੁ ਦਸਮੇ ਪਾਤਸਾਹ ਨੇ ਮੁਖਾਰਬਿੰਦ ਤੇ ਉਚਾਰ ਆਪ ਕੀਤਾ ਹੈ। ਸੋ ਜਿਤਨਾ ਬਣ ਆਵੇ ਉਤਨੀ ਰਾਤ ਤੇ ਕਰਨਾ ਜਰੂਰ।

ਹੋਰ ਭਾਈ ਖਾਲਸਾ ਜੀ ਜਿਤਨੇ ਪੁਜ ਆਵਣ ਉਤਨੇ ਭੋਗ ਗ੍ਰੰਥ ਸਾਹਿਬ ਦੇ ਪੁਆਉਣੇ ਤੇ ਆਪ ਪਾਉਣੇ। ਜੇ ਕਰ ਇਕ ਘਰ ਤੇ ਨਾ ਪੁਜ ਆਵੇ ਤਾ ਦੁਹਿ ਚਹੁ ਸਿੰਘਾ ਨੇ ਰਲ ਕੇ ਭੋਗ ਪੁਆ ਦੇਣੇ। ਬਡਾ ਅਡੰਬਰ ਨਹੀ ਕਰਨਾ। ਬਹੁਤੇ ਸਿੰਘ ਦੂਸਰੇ ਪਿੰਡਾ ਦੇ ਨਾ ਕਠੇ ਕਰਨੇ। ਜਥਾ ਸਕਤ ਪ੍ਰਸਾਦਿ ਕਰਕੇ ਭੋਗ ਪਾ ਦੇਣਾ।

ਹੋਰੁ ਇਕ ਸਿੰਘ ਨੇ ਐਸਾ ਲਿਖਾ ਹੈ (ਜ਼ਰਾ ਧਿਆਨ ਦੇਣਾ ਆਹ ਹੁਕਮ ਸਤਿਗੁਰਾਂ ਦੇ ਵਲ) ਮੇਰੇ ਤੇ ਬਾਣੀ ਕੰਠ ਨਹੀਂ ਹੁੰਦੀ। ਗੁਰੂ ਜੀ ਨੇ ਬੀ ਹੁਕਮ ਦਿਤਾ ਸੀ ਅਖਰ ਪੜਨੇ ਦਾ। ਸੋ ਇਕ ਸਿਖ ਨੇ ਅਰਜ ਕੀਤੀ ਗੁਰੂ ਜੀ ਮੇਰੇ ਤੇ ਅਖਰ ਨਹੀ ਪੜ ਹੁੰਦੇ, ਮੈਨੂੰ ਆਉਦੇ ਨਹੀ। ਗੁਰੂ ਜੀ ਨੇ ਕਹਾ ਅਛਾ ਸਿਖਾ ਤੂ ਏਸ ਜਗਾ ਇਕ ਪਥਰ ਹਮੇਸਾ ਸਿਟ ਜਾਇਆ ਕਰ, ਤਾ ਉਹ ਸਿਖ ਲਗਾ ਇਕ ਪਥਰ

ਹਮੇਸਾ ਸਿਟਣ ਤਾ ਪਥਰਾ ਦਾ ਢੇਰ ਲਗ ਗਇਆ। ਤਾ ਗੁਰੂ ਜੀ ਨੇ ਕਿਹਾ ਇਕ ਇਕ ਅਖਰੁ ਸਿਖੇ ਜੇ ਹਮੇਸਾ ਤਾਂ ਅਖਰ ਸਿਖੇ। ਪਥਰਾ ਦੇ ਸਿਟਣ ਤੇ ਏਡਾ ਢੇਰ ਲਗ ਗਇਆ, ਸੋ ਅਜੇ ਤੈਨੂ ਆਉਦੇ ਨਹੀ ਤਾ ਆਇ ਜਾਣਗੇ। ਤਾ ਉਹ ਸਿਖ ਹੁਕਮ ਮੰਨ ਕੇ ਅਖਰ ਪੜਨ ਲਗ ਗਇਆ, ਫੇਰ ਅਖਰ ਪੜ ਗਇਆ। ਸੋ ਖਾਲਸਾ ਜੀ ਜੋ ਇਕ ਦੋਇ ਤੁਕਾ ਨਿਤ ਕੰਠ ਕਰਨਗੇ, ਬਹੁਤ ਬਾਣੀ ਕੰਠ ਹੋ ਜਾਊਗੀ, ਸਤਿ ਕਰਕੇ ਮੰਨਣਾ।

ਸੋ ਭਾਈ ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਣੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਕੇ ਬਾਸਤੇ ਸਭ ਸੁਖ ਹੋਨਗੇ। ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ। ਹਰਿ ਤਰਾ ਸੇ ਉਸ ਸਰੀਰ ਦੀ ਗੁਰੂ ਰਛਿਆ ਕਰੇਗਾ, ਸਤਿ ਕਰਕੇ ਮੰਨਣਾ। ਗੁਰ ਮੰਤ੍ਰ ਹੀਣ ਪ੍ਰਾਣੀ ਕੂਕਰ ਸੂਕਰ ਗਰਧਪ ਸਰਪਨ ਕੀ ਨਿਆਈ ਹੈ ਮਨੁਖ। ਸੋ ਜੀ ਮੈ ਏਸੇ ਬਾਸਤੇ ਬਾਰ ਬਾਰ ਬਾਣੀ ਕੰਠ ਕਰਨ ਨੂ ਲਿਖਦਾ ਹਾ ਅਰ ਆਪ ਬੀ ਮੈ ਕੁਛ ਨਹੀ ਲਿਖ ਸਕਦਾ ਹਾ। ਜਦ ਹਰਦਾਸ ਲਿਖਣ ਲਗਦਾ ਹਾ ਤਦ ਹੀ ਗੁਰੂ ਸਾਹਿਬ ਅਗੇ ਪਹਿਲੇ ਹਥ ਜੋੜ ਕੇ ਬੇਨਤੀ ਕਰਦਾ ਹਾ ਹੇ ਗੁਰੂ ਸਾਹਿਬ ਜੀ ਜੋ ਤੈਨੂ ਅਛੀ ਲਗੇ ਸੋ ਮੇਰੇ ਤੇ ਲਿਖਾਈ। ਜੋ ਮੇਰੇ ਤੇ ਗੁਰੂ ਸਾਹਿਬ ਲਿਖਾਵਦਾ ਹੈ ਸੋ ਮੈ ਸੰਗਤ ਕੀ ਓਰ ਲਿਖ ਭੇਜਦਾ ਹਾ। ਮੇਰੇ ਮੈ ਜੀ ਕਹਾ ਮਤ ਹੈ। ਜੇ ਮੇਰੇ ਮੈ ਮਤ ਹੁੰਦੀ ਤਾ ਮੈ ਮਲੇਛਾ ਦੀ ਕੈਦ ਵਿਚ ਕਿਓ ਆਵਦਾ। ਦੇਖੋ ਖਾਲਸਾ ਜੀ ਕਰਤਾਰ ਦੇ ਰੰਗ ਤਮਾਸੇ, ਕਰਤਾਰ ਕੀ ਦਿਖਾਵਦਾ ਹੈ।

ਹੋਰ ਜੀ ਏਥੇ ਅਸੀ ਆਇਕੇ ਸਾਖੀਆ ਦੇ ਬਹੁਤ ਅਰਥ ਸਮਝੇ ਹਾ ਗੁਰੂ ਸਾਹਿਬ ਦੀ ਮਿਹਰ ਨਾਲ। ਅਗੇ ਸਾਖੀਆ ਵਲ ਥੋੜਾ ਧਿਆਨ ਸੀ। ਕਿਸ ਕਰਕੇ, ਕੋਈ ਦੁਖ ਨਹੀ ਥਾ। ਭਜਨ ਬਾਣੀ ਸੁਖ ਸਹਿਤ ਕਰਦੇ ਸੀ ਖਾਣ ਪੈਨਣ ਦੀ ਕੁਛ ਕਮੀ ਨਹੀ ਸੀ। ਗੁਰੂ ਜੀ ਦਾ ਦਾਨ ਕੁਛੁ ਘਾਟਾ ਨਹੀ ਥਾ, ਸੁਖੀ ਸੇ। ਹੁਣ ਜਦ ਦੁਖ ਹੋਣ

ਲਗਾ ਤਾ ਗੁਰੂ ਜੀ ਦੇ ਬਚਨਾ ਬਲਿ ਢੂਢਿ ਲਗੇ ਕਰਨਿ। ਕਿਓ ਜੋ ਦੁਖ ਬਣਦਾ ਹੈ ਤਾ ਵੈਦਾ ਦੀ ਢੂਡਿ ਕਰੀਦੀ ਹੈ। ਬਿਨਾ ਦੁਖ ਵੈਦਾ ਦੀ ਢੂਡਿ ਨਹੀ ਕਰੀਦੀ। ਦੁਖ ਬਣਿਆ ਤਾ ਦੇਖਣ ਲਗੇ। ਸੋ ਭਾਈ ਸਾਖੀਆ ਦੇ ਬਚਨ ਸਤਿ ਹੈ।

ਅਰਥ ਬੋਧ ਗੁਰੂ ਜੀ ਕੇ ਕਰਾਇ ਬਿਨਾ ਨਹੀ ਹੁੰਦਾ। ਪਹਿਲਾ ਤਾ ਅਸੀ ਆਖਦੇ ਥੇ ਭਾਈ ਏ ਸਿਖ ਸਾਧ ਸਾਡੇ ਨਾਲ ਵਿਰੋਧ ਕਿਉ ਕਰਦੇ ਹੈ ? ਸੋ ਏਨਾ ਨੂ ਬੀ ਗੁਰੂ ਜੀ ਦਾ ਬਚਨ ਹੈ।

*ਗਿਆਨੀ ਧਿਆਨੀ ਗੁਣੀ ਧਨਾਢ।।*
*ਨਾਮ ਜਪਤ ਘਰ ਘਰ ਮੈ ਆਢ।।*

ਨਾਮ ਜਪਣ ਵਾਲਿਆ ਕੇ ਸਾਥ ਹਰਿ ਜਾਗਾ ਆਢਾ ਕਰਨਗੇ, ਸੋ ਪੁਜ ਕੇ ਕੀਤਾ ਸਿਰ ਤਾਈ। ਸੋ ਜੀ ਕਿਸੇ ਸਮੇ ਦੇ ਸਰਾਫੇ ਹੋਇ ਹੈਨਿ, ਏਨਾ ਦੇ ਕੀ ਬਸ ਹੈ। ਸਭ ਕੇ ਜੋ ਮੁਹ ਮੈ ਆਇਆ ਹੈ ਸੋ ਕਿਛੁ ਬਕਨੇ ਮੈ ਸੰਕਾ ਨਹੀ ਰਖੀ। ਹੋਰ ਖਾਲਸਾ ਜੀ ਸਾਖੀਆ ਦੇ ਬਚਨ ਸਤਿ ਹੈ। ਲਿਖਾ ਹੈ–

*ਏਹੀ ਨੀਤ ਕਰਤੇ ਸਤਿ ਸਾਤਿ।*

ਸਤਿ ਤੇ ਸਤਿ ਚੌਦਾ। ਫੇਰ–

*ਬਰਸ ਬੀਤ ਜਾਵੇ ਦਸ ਸਾਤਿ*

ਦਸ ਸਤ ਸਤਾਰਾ। ਫੇਰ ਦੋ ਸਾਲ। ਫੇਰ–

*ਤਾ ਮੈ ਮਿਲ ਕੇ ਸਭ ਹੋਇ ਬਰਸ ਤੇਤੀਸ।*

ਫੇਰ ਗੁਰੂ ਸਾਹਿਬਾ ਦਾ ਬਚਨ ਹੈ ਚੌਤੀ ਸਾਲ ਚੜ੍ਹੇ ਤੇ–

*ਰੌਲੀ ਪਵੈ ਦੇਸ ਸਭ ਰੁਲੈ।*

ਸੋ ਖਾਲਸਾ ਜੀ ਚੜਦੇ ਚੌਤੀਏ ਰੌਲੀ ਤਾ ਪੈ ਗਈ ਹੈ ਅਗੇ

ਜੋ ਸਚੇ ਪਾਤਸਾਹਿ ਕਲਗੀ ਵਾਲੇ ਦਾ ਹੁਕਮ ਹੈ ਸੋ ਸਭ ਪੂਰਾ ਵਰਤੇਗਾ, ਸਤਿ ਕਰਕੇ ਮੰਨਣਾ।

ਹੋਰ ਬਹੁਤਾ ਕੀ ਲਿਖਣਾ ਹੈ ਤੁਸੀ ਸਮਝ ਲੈਣਾ। ਅਗੇ ਤਾ ਵਿਲਿਆ ਦੇ ਵਾਸਤੇ ਨਾਸ ਤੇ ਗਰਕ ਹੋ ਜਾਣ ਦੇ ਬਚਨ ਹੈਨ, ਸੋ ਸਭ ਪੂਰੇ ਹੋਵਨਿਗੇ। ਸੁਰੂ ਹੋਣਾ ਚੌਤੀਏ ਤੇ ਹੈ। ਅਸੀ ਬੀ ਆਧੇ ਸੇ ਭਾਈ ਜੋ ਕੁਛ ਚੌਤੀਏ ਮੈ ਹੋਇਆ ਤਾ ਅਗੇ ਬੀ ਸਭ ਕਿਛੁ ਹੋਊ। ਸੋ ਚੌਤੀਏ ਮੈ ਜੋ ਕਹਾ ਥਾ ਸੋ ਸੁਰੂ ਹੋ ਗਿਆ। ਅਗੇ ਦੇਖੋ ਕਰਤਾਰ ਦੇ ਰੰਗ ਤਮਾਸੇ, ਕੀ ਦਿਖਾਉਂਦਾ ਹੈ। ਹੋਰ ਜੋ ਸੰਗਤ ਨੇ ਲਿਖਾ ਥਾ ਤੁਸੀ ਕਦ ਆਵੋਗੇ ਸੋ ਖਾਲਸਾ ਜੀ ਜਦ ਸੰਬਰ ਸੂਰੀ ਫਿਰੂਗੀ ਤਦ ਆਵਾਗੇ। ਭਾਈ ਅਗੇ ਗੁਰੂ ਬਿਅੰਤ ਹੈ। ਅਪਨੇ ਕਰਤਬ ਜਾਨੇ ਆਪ। ਹੋਰ ਏਹੁ ਸੰਗਤਿ ਨੇ ਲਿਖਾ ਥਾ ਜੋ ਦੂੰਦ ਪਵੇ ਤਾ ਕਿਥੇ ਕਟੀਏ ਦੂੰਦ ਸਮਾ। ਸਭ ਸਿੰਘ ਮਿਲਕੇ ਅਛੀ ਜਗਾ ਵਿਚਾਰ ਲੈਣੀ, ਉਥੇ ਕਟਿ ਲੈਣਾ। ਪਰ ਅਜੇ ਤਾ ਵਿਖੇੜਾ ਦੂਰ ਹੈ ਨਾਲੇ ਅਛੀ ਤਰਾ ਸੇ ਅਗ ਮਚੀ ਨਹੀ। ਲਕੜੀਆ ਬਾਲਣ ਇਕਠਾ ਹੁੰਦਾ ਹੈ। ਹੋਰ ਖਾਲਸਾ ਜੀ ਪ੍ਰਤੀਤ ਰਖਣੀ ਏਹੁ ਜੋ ਭਜਨ ਬਾਣੀ ਨਾਮ ਦਾਨੁ ਇਸਨਾਨ ਪਾਠੁ ਭੋਗ ਏਹੁ ਘਾਲ ਕਰੂਗਾ ਉਸਦਾ ਬ੍ਰਿਥਾ ਨਾ ਜਾਊਗਾ। ਗੁਰੂ ਜੀ ਦਾ ਬਚਨ ਹੈ ਇਕੁ ਤਿਲੁ ਨਹੀ ਭੰਨੈ ਘਾਲਿਆ। ਪ੍ਰਤੀਤ ਰਖਣੀ ਏਸ ਬਚਨ ਦੀ।

ਹੋਰੁ ਖਾਲਸਾ ਜੀ ਜੇ ਸਰਬੰਧੀ ਸਰੀਰ ਛੋਡ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀ। ਜੇ ਕਿਛ ਬਣਿ ਆਵੈ ਜਥਾ ਸਕਤ ਪੁੰਨ ਦਾਨੁ ਭੋਗ ਪਾਠ, ਸਿਖਾ ਨੂ ਪ੍ਰਸਾਦਿ ਬਸਤਰ ਪੌਸਾਕ ਜਿਤਨੀ ਬਣ ਆਵੈ ਸੋ ਕਰਨਾ। ਰੋਏ ਪਿਟੇ ਤੇ ਇਕ ਤਾ ਪ੍ਰਮੇਸਰ ਤੇ ਬੇਮੁਖੀ ਹੁੰਦੀ ਹੈ ਅਰ ਸਰੀਰ ਨੂ ਬੀ ਕਸਟ ਹੁੰਦਾ ਹੈ, ਨਾਲੇ ਹਥ ਪਲੇ ਬੀ ਕੁਛੁ ਨਹੀ ਪੈਦਾ। ਨਾਲੇ ਸੁਣਿਆ ਹੈ ਜਿਸਨੂ ਰੋਂਦੇ ਹੈਨਿ ਉਸਨੂ ਭੀ ਖੇਦ ਹੁੰਦਾ ਹੈ। ਸੀਢ ਅਰ ਰੋਣ ਦਾ ਪਾਣੀ ਉਸ ਪ੍ਰਾਣੀ ਦੇ ਉਤੇ ਗਿਰਦਾ ਹੈ ਤਾ ਓਹ ਪ੍ਰਾਣੀ ਆਖਦਾ ਹੈ ਹੇ ਪਰਮੇਸਰ ਏਨਾ ਦਾ ਕੋਈ

ਹੋਰ ਮਰੇ ਤਾ ਅਛਾ ਹੈ, ਏ ਮੇਰਾ ਪਿਛਾ ਕਿਮੇ ਛਡਨਿ। ਸੋ ਜੀ ਨਾ ਕਿਸੇ ਨੂ ਸੁਖ ਹੋਆ, ਨਾ ਕਿਛੁ ਹਥਿ ਪਲੇ ਆਇਆ, ਨਾ ਕੁਛੁ ਪ੍ਰਮੇਸਰ ਨਾਲ ਗੰਢ ਲਗਾ। ਸੋ ਐਸਾ ਕੰਮ ਮੂਲ ਨਹੀ ਕੀਤਾ ਚਾਹੀਦਾ।

ਹੋਰੁ ਖਾਲਸਾ ਜੀ ਭਜਨ ਬਾਣੀ ਪੜ ਕਰਕੇ ਗੁਰੂ ਸਾਹਿਬਾ ਅਗੇ ਗਲ ਮੈ ਪਲਾ ਪਾ ਕੇ ਹਥ ਜੋੜ ਕੇ ਗੁਰੂ ਸਾਹਿਬਾ ਤੇ ਗੁਰਮਤ, ਸਿਦਕ ਭਰੋਸਾ, ਨਾਮ ਦਾਨ ਮੰਗਣਾ ਬੇਨਤੀ ਕਰਕੇ। ਅਗੇ ਜੋ ਗੁਰੂ ਨੂ ਭਾਵੇ। ਖਾਲਸਾ ਜੀ ਹਮੇਸਾ ਭੰਡੀ ਸਾਡੇ ਈ ਪਿਛੇ ਨਹੀ ਰਹਿਣੀ। ਸਮਾ ਸੋ ਬੀਤ ਜਾਇਗਾ। ਖਵਰ ਨਹੀ ਸਾਡੇ ਕਿਤਨੇ ਕੁ ਪਾਪ ਥੇ ਗੁਰੂ ਜੀ ਨੇ ਥੋੜੇ ਮੈ ਹੀ ਦੂਰ ਕੀਤੇ ਹੈਨਿ ਨਿੰਦ ਚਿੰਦ ਕਰਵਾ ਕੇ। ਮੈ ਤਾ ਇਉ ਜਾਨਦਾ ਹਾ ਠੀਕ।

ਹੋਰੁ ਭਾਈ ਨੈਣਾ ਸਿੰਘ ਤੇ ਭਗਵਾਨ ਸਿੰਘ ਤੇ ਨਿਧਾਨ ਸਿੰਘ ਜੀ ਏਹੁ ਅਰਦਾਸ ਸਾਰੀ ਸੰਗਤ ਨੂ ਸੁਣਾ ਦੇਣੀ, ਸਭ ਦੇਸਾਂ ਦੇ ਖਾਲਸੇ ਨੂ। ਜੋ ਏਸ ਅਰਦਾਸ ਦੇ ਬਚਨ ਮੰਨੂਗਾ, ਓਸਦਾ ਬਹੁਤ ਭਲਾ ਹੋਊਗਾ, ਸਤਿ ਕਰਕੇ ਮੰਨਣਾ। ਸੋ ਭਾਈ ਖਾਲਸਾ ਜੀ ਅਸੀ ਸਾਰੀ ਬਾਤ ਆਪਣੀ ਅਖੀ ਦੇਖੀ ਹੈ ਭਜਨ ਬਾਣੀ ਦੀ, ਤਾ ਸੰਗਤਿ ਵਲਿ ਲਿਖਦੇ ਹਾ। ਸਾਡਾ ਕੋਈ ਕੰਮ ਨਾਹੀ ਸਾ, ਪਰਉਪਕਾਰ ਵਾਸਤੇ ਲਿਖੀ ਹੈ। ਗੁਰੂ ਸਾਹਿਬ ਦੀ ਓਟ ਕਰਕੇ ਇਹੁ ਦਿਨ ਕਟੇ ਹੈ, ਨਹੀ ਤਾ ਹੋਰ ਸਾਡਾ ਕੋਈ ਠਕਾਣਾ ਨਹੀ ਥਾ ਗੁਰੂ ਬਿਨਾ। ਕਰਮੁ ਸਾਨੂ ਇਸ ਜਗਾ ਮੈ ਲੈ ਆਇਆ ਹੈ। ਖੋਟੀ ਏਹੁ ਜਾਗਾ ਮਹਾ ਦੂਖਾ ਦੀ ਹੈ ਸੀ, ਸੋ ਅਸੀ ਥੋੜਾ ਕੁਛੁ ਭਜਨ ਬਾਣੀ ਕੀਤਾ ਸੀ ਨਾਮ ਧਰੀਕ ਈ, ਸੋ ਸਾਨੂ ਏਤਨੀ ਹੀ ਗੁਰੂ ਜੀ ਦੀ ਸਰਨਿ ਨੇ ਕੋਈ ਦੂਖ ਨਹੀ ਨੇੜੇ ਆਵਣਿ ਦਿਤੇ ਗੁਰੂ ਜੀ ਨੇ। ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ।

ਭਾਈ ਅਬਲ ਤੇ ਏਹੁ ਚਿਠੀ ਸਭ ਦੇਸਾ ਦੇ ਵਾਸਤੇ ਲਿਖੀ ਹੈ, ਸਾਰੇ ਦੇਸਾ ਦੇ ਵਾਸਤੇ ਸੁਣਾ ਦੇਣੀ। ਜਿਥੇ ਤੁਸੀ ਜਾਓ ਜੇਹੜਾ ਤੁਹਾਡੇ

ਪਾਸ ਆਵੇ ਸਭ ਨੂ ਸੁਣਾ ਦੇਣੀ। ਜੇਕਰ ਦੋ ਚਾਹੋ ਤਾ ਏਸਦੇ ਉਪਰੋ ਉਤਾਰ ਕਰਕੇ ਜਿਥੇ ਮਰਜੀ ਹੋਵੇ ਭੇਜ ਦੇਣੀ। ਜਿਤਨੀਆ ਚਾਹੋ ਉਤਨੀਆ ਬਣਾ ਲੈਣੀਆ ਪਰ ਨੈਣਾ ਸਿੰਘ ਆਧਾ ਸੀ ਮੇਰੇ ਪਾਸ ਰਹੇ ਤਾ ਅਛੀ ਹੈ ਮੈ ਲਿਖਣਾ ਨਹੀ ਜਾਣਦਾ। ਭਾਈ ਨੈਣਾ ਸਿੰਘ ਜੀ ਜੇ ਤੈ ਰਖੀ ਆਪ ਦੇ ਪਾਸ ਤਾ ਤੂ ਭਾਈ ਬਹੁਤੀ ਥਾਈ ਜਾ ਕੇ ਦਿਖਾਲ ਦੇਈ। ਅੰਮ੍ਰਿਤਸਰ ਭੀ ਦਿਖਾਲੀ ਅਰ ਲਹੌਰ ਭੀ। ਅਛੀ ਤਰਾਂ ਸੇ ਸਾਭ ਕੇ ਲੈ ਜਾਣੀ। ਪਿੰਡੇ ਨਾਲ ਲਗਾ ਕੇ ਨਾ ਜੋੜ ਲੈਣੀ ਪ੍ਰਸੀਨੇ ਕੇ ਸਾਥ।

ਹੋਰੁ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤੁ ਔਖਾ ਹੋਊਗਾ। ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮੁ ਹੈ, ਅਗੇ ਗੁਰੂ ਜਾਣੇ। ਹੋਰ ਜੀ ਸਾਡੀ ਬਲਿ ਕੋਈ ਅਰਦਾਸ ਲਿਖੇ ਤਾਂ ਸੁਧ ਲਿਖਣੀ। ਕੋਈ ਕੋਈ ਚਿਠੀ ਐਸੀ ਆਈ ਹੈ ਬਹੁਤੁ ਖੰਡਿਤ, ਕੁਛ ਸਿਰ ਪੈਰ ਨਹੀ ਆਉਦਾ। ਹੋਰ ਭੇਖਾ ਦੀ ਸੇਵਾ ਕਰਨੀ ਜਥਾ ਸਕਤਿ, ਭਾਵੇ ਨਿੰਦਾ ਈ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂ ਨਿੰਦਾ ਕਾ, ਆਪ ਸਭ ਕੇ ਸਾਥ ਅਨੰਦ ਰਹਿਣਾ।

ਏਨਾ ਬਿਲਿਆਂ ਨੂ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹੁ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੋਂ ਲੈ ਲਿਆ ਸੀ। ਏ ਓਈ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗਏ ਲੋਕਾ ਦਾ ਕਹਾ ਮੰਨ ਕੇ। ਹਮਾਰੀ ਤਾ ਮਨਸਾ ਕਿਸੇ ਦਾ ਕੱਖ ਖੋਹਣ ਦੀ ਨਹੀ ਸੀ। ਇਕੁ ਗਾਈ ਦਾ ਤਰਸ ਠੀਕ ਆਉਦਾ ਹੈ ਹੁਣ ਭੀ, ਜੋ ਗਾਈ ਮੈ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀ, ਬਿਚਾਰ ਲੇਹੁ। ਭੂਲ ਚੂਕ ਲਿਖਣ ਵਾਲੇ ਨੂ ਬਖਸਣੀ ਗੁਰੂ ਜੀ।

**ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥**
**– ਜਾਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

## ਵਾਹਿ ਨ ਅੰਤ

*ਸਵੈਯਾ॥*
*ਏਕ ਅਖੰਡ[1] ਸਦਾ ਪ੍ਰਚੰਡ[2] ਅਰੂਪ ਸਰੂਪ ਨਹੀ ਜਿਸ ਮਾਹੀ।*
*ਈਸਰ ਜੀਵ ਉਪਾਧ ਬਡੀ ਤੁਛ ਨਾਹਿ ਦ੍ਵੈਤ[3] ਅਦ੍ਵੈਤ[4] ਸਦਾਹੀ।*
*ਬੰਧਨ ਮੋਖ ਨ ਬੋਧ ਅਬੋਧ ਵ ਸੂਖਮ ਥੂਲ[5] ਬਨੇ ਨਹਿ ਤਾਹੀ।*
*ਵਾਹਿ ਨ ਅੰਤ ਬਿਅੰਤ ਸੁ ਕੇਵਲ ਰਾਮਹਿ ਰਾਮ ਰਮਿਓ ਨਿਜ ਮਾਹੀ॥੧॥*

ਏਥੇ ਹੁਣ ਮੰਗਲ ਨਿਰਗੁਣ ਸਰੂਪ ਦਾ ਕਰਦੇ ਹਨ। ਸੰਤ ਜੀ ਕਹਿੰਦੇ ਹਨ—*ਏਕ ਅਖੰਡ ਸਦਾ ਪ੍ਰਚੰਡ।*

*– ਬੰਧਨ ਮੋਖ ਨ ਬੋਧ ਅਬੋਧ,*

ਨਾ ਉਹ ਬੰਧਨਾਂ ਵਿੱਚ ਹੈ, ਨਾ ਉਹ ਮੋਖ ਹੈ ਤੇ ਉਹ ਜੋ ਕੁਛ ਹੈ—ਜਿਸ ਤਰ੍ਹਾਂ ਗੁਰੂ ਸਾਹਿਬ ਨੇ ਜਾਪੁ ਸਾਹਿਬ ਦੇ ਆਰੰਭ ਵਿੱਚ ਲਿਖਿਆ ਹੈ–

**ਚਕ੍ਰ[6] ਚਿਹਨ[7] ਅਰੁ ਬਰਨ[8] ਜਾਤ[9] ਅਰੁ ਪਾਤ ਨਹਿਨ ਜਿਹ[10]॥**

*– ਵ ਸੂਖਮ ਥੂਲ ਬਨੇ ਨਹਿ ਤਾਹੀ।*

ਨਾ ਉਸ ਨੂੰ ਸੂਖਮ ਕਹਿ ਸਕਦੇ ਹਾਂ, ਨਾ ਅਸਥੂਲ ਕਹਿ ਸਕਦੇ ਹਾਂ।

*ਵਾਹਿ ਨਾ ਅੰਤ ਬਿਅੰਤ ਸੁ ਕੇਵਲ,*

*ਵਾਹਿ ਨਾ ਅੰਤ*—ਉਹ ਕਿਆ ਹੈ ਵਾਹਿ, ਵਾਹਿ–ਨਾ ਅੰਤ—ਉਹ ਹੈ ਵਾਹਿ—ਅਸਚਰਜ, ਓਸ ਦਾ ਅੰਤ ਕੋਈ ਨਹੀਂ, ਉਹ ਬੇਅੰਤ ਹੈ ਔਰ ਕੇਵਲ ਹੈ, ਇੱਕ ਹੈ।

*ਰਾਮਹਿ ਰਾਮ ਰਮਿਓ ਨਿਜ ਮਾਹੀ।*

ਉਹ ਰਾਮ ਆਪਣੇ ਆਪ ਵਿੱਚ ਹੀ ਰਮਿਆ ਹੋਇਆ ਹੈ। ਸਾਰਾ ਕੁਛ ਉਹਦਾ ਹੀ ਪਸਾਰਾ ਹੈ; ਸਾਰੀ ਸ੍ਰਿਸ਼ਟੀ ਦੇ ਵਿੱਚ ਉਹ ਰਮਿਆ ਹੋਇਆ ਹੈ; ਉਹ ਆਪਣੇ ਆਪ ਵਿੱਚ ਰਮਿਆ ਹੋਇਆ ਹੈ।

*ਦੋਹਰਾ। ਐਸੇ ਪੰਚਮ ਗੁਰ ਸਿਮਰ ਸਭ ਸੂਖਨ ਕੀ ਖਾਨਿ।*

ਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਸਿਮਰਨ ਕਰੋ—ਐਸਿਆਂ ਨੂੰ ਜੋ ਸਾਰਿਆਂ ਸੁੱਖਾਂ ਦੀ ਖਾਣ ਹਨ।

*ਪਰਉਪਕਾਰ ਦਾਤਾਰ ਬਡ ਪੂਰਨ ਚਤੁਰ ਸੁਜਾਨ।।੨।।*

ਉਹ ਪਰਉਪਕਾਰੀ ਹਨ। ਸਤਿਗੁਰੂ, ਸੰਤ, ਸਿੱਖ—ਭਾਈ ਗੁਰਦਾਸ ਜੀ ਕਹਿੰਦੇ ਹਨ-

*ਸੰਤ ਭਗਤ ਗੁਰ ਸਿਖ ਹਹਿ ਜਗ ਤਾਰਨ ਆਏ।*

ਸੰਤ ਵੀ, ਭਗਤ ਵੀ, ਗੁਰੂ ਵੀ ਤੇ ਸਿੱਖ ਵੀ—ਇਹ ਚਾਰੇ ਜਿਹੜੇ ਹਨ ਇਹ ਕਾਹਦੇ ਵਾਸਤੇ—ਜਗ ਤਾਰਨ ਆਏ।

*ਸੇ ਪਰਉਪਕਾਰੀ ਜਗ ਮੋ ਗੁਰੁ ਮੰਤ੍ਰ ਜਪਾਏ।*

*- ਵਾਰ ੪੧, ਪਉੜੀ-੨੦*

## ਸਰਗੁਣ ਸਰੂਪ

ਇਹ ਪਰਉਪਕਾਰੀ ਹਨ। ਇਹਨਾਂ ਨੂੰ ਆਪਣੇ ਵਾਸਤੇ ਕੁਛ ਨਹੀਂ, ਇਹਨਾਂ ਨੂੰ ਕਿਸੇ ਗੱਲ ਦੀ ਲੋੜ ਨਹੀਂ ਰਹਿੰਦੀ। ਇਨ੍ਹਾਂ ਦਾ ਇਹੋ ਹੀ ਕੰਮ ਹੈ ਕਿ ਸ੍ਰਿਸ਼ਟੀ ਤੇ ਆ ਕੇ ਜਿਹੜੇ ਲੋਕ ਭੁੱਲੇ ਹਨ ਉਹਨਾਂ ਨੂੰ ਰਸਤੇ ਪਾਉਣਾ। ਨਾਮਧਾਰੀ ਪੰਥ ਦਾ, ਨਾਮਧਾਰੀ ਹਰ ਇੱਕ ਸਿੱਖ ਦਾ—ਇਹ ਕੋਈ ਕਿਸੇ ਦੇ ਗਲ ਨਹੀਂ ਪਾਇਆ ਹੋਇਆ ਕਿ ਫਲਾਣਾ ਜਥੇਦਾਰ ਹੈ ਤੇ ਫਲਾਣਾ ਸੂਬਾ ਹੀ ਕ੍ਰਵੇ, ਹਰ ਇੱਕ ਨਾਮਧਾਰੀ ਸਿੱਖ ਦਾ ਫਰਜ਼ ਹੈ। ਸ੍ਰਿਸ਼ਟੀ ਦੇ ਰਚਣ ਤੋਂ ਲੈ ਕੇ ਜਿਸ ਵੇਲੇ ਉਹ ਸਰਗੁਣ ਸਰੂਪ ਧਾਰ ਕੇ ਆਉਂਦਾ ਹੈ, ਜਿਨ੍ਹਾਂ ਉੱਤੇ ਕਿਰਪਾ ਕਰਦਾ ਹੈ, ਉਨ੍ਹਾਂ ਨੂੰ ਚਾਨਣਾ ਬਖਸ਼ਦਾ ਹੈ। ਉਹ ਉਸਨੂੰ ਜਾਣਦੇ ਹਨ—ਜਿਹੜੇ ਉਹਨੂੰ ਜਾਣਦੇ ਹਨ, ਉਸਨੇ ਕੀ

ਜਣਾਇਆ ਹੈ, ਸਾਡਾ ਕੀ ਫਰਜ਼ ਹੈ। ਹਰ ਇੱਕ ਨਾਮਧਾਰੀ ਦਾ ਇਹ ਫਰਜ਼ ਹੈ ਕਿ ਉਹ ਕ੍ਹਵੇ ਕਿ ਭਾਈ ਸਤਿਗੁਰੂ ਨੂੰ ਸਮਝੋ। ਸਤਿਗੁਰੂ ਕਿਆ ਚੀਜ਼ ਹੈ—ਸਤਿਗੁਰੂ ਨੇ ਕੀ ਕੁਝ ਸਾਨੂੰ ਦੱਸਿਆ ਹੈ। ਪੈਸਿਆਂ ਨਾਲ ਨਹੀਂ ਰੱਜਦਾ; ਸਿਫਤਾਂ ਨਾਲ ਨਹੀਂ ਰੱਜਦਾ; ਕਿਸੇ ਚੀਜ਼ ਨਾਲ ਉਹਦਾ ਖੰਡਨ ਨਹੀਂ ਕੋਈ ਕਰ ਸਕਦਾ; ਉਹ ਸਾਰੀ ਦੁਨੀਆਂ ਨਿੰਦਿਆ ਕਰੇ ਤਾਂ ਉਹ ਨਿੰਦਿਆ ਨਹੀਂ ਜਾਂਦਾ; ਉਸਦੀ ਵਡਿਆਈ ਕੋਈ ਨਹੀਂ ਕਰ ਸਕਦਾ, ਪਰ ਕਿਆ ਹੈ ? ਸਤਿਗੁਰੂ ਰਾਮ ਸਿੰਘ ਨੇ ਤੁਹਾਨੂੰ ਆ ਕੇ ਚਾਨਣ ਨਾਮਧਾਰੀਆਂ ਨੂੰ ਦਿੱਤਾ ਹੈ। ਤੁਹਾਡਾ ਫਰਜ਼ ਹੈ—ਅਗਰ ਤੁਸੀਂ ਕਿਸੇ ਨੂੰ ਨਹੀਂ ਦੱਸਦੇ ਤਾਂ ਅਸੀਂ ਸਾਰੇ ਹੀ ਪਾਪ ਦੇ ਭਾਗੀ ਹਾਂ। ਦਿਵਾਨ ਨੰਦ ਲਾਲ ਜੀ ਇੱਕ ਸ਼ਬਦ ਕਹਿੰਦੇ ਹਨ–

*ਬ-ਹੋਸ਼ ਬਾਸ਼*

—ਕਹਿੰਦੇ ਹਨ, ਖਬਰਦਾਰ ਹੋ, ਹੋਸ਼ ਵਿਚ ਆ।

*ਕਿ ਹੰਗਾਮਿ ਨੌ ਬਹਾਰ ਆਮਦ।*

ਨਉਂ ਬਹਾਰ-ਬਸੰਤ ਦੀ ਬਹਾਰ ਆਈ ਹੈ, ਕਿਆ ਆਈ ਹੈ—ਤੈਨੂੰ ਮਨੁੱਖਾ ਦੇਹ ਮਿਲੀ ਹੈ। ਫੇਰ ਜੇ ਬਹਾਰ ਆਈ ਹੈ ਤੇ—

*ਬਹਾਰ ਆਮਦੋ ਯਾਰ ਆਮਦੋ*

*– ਗਜ਼ਲ-੧੯*

ਜੇ ਬਹਾਰ ਆਈ ਹੈ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਅਕਾਲ ਪੁਰਖ ਆਇਆ ਹੈ, ਯਾਰ ਵੀ ਆਇਆ ਹੈ।

*ਕੱਰਾਰ ਆਮਦ*

—ਕੱਰਾਰ ਕੀ ਹੈ—ਕਿ ਮਨੁੱਖਾ ਦੇਹ ' ਚ ਤੇਰਾ ਭਲਾ ਕਰਾਂਗਾ। ਉਹ ਕਰਾਰ ਆਇਆ ਹੈ। ਤੁਹਾਡਾ ਫਰਜ਼ ਹੈ।

ਜਿਸ ਤਰ੍ਹਾਂ, ਤੁਸੀਂ ਦੇਖੋ, ਹਿੰਦੁਸਤਾਨ ਵਿੱਚ ਕੋਈ ਵਕਤ ਸੀ ਚੁਗੱਤਿਆਂ ਦੀ ਮੋਹਰ ਲੱਗਦੀ ਸੀ, ਬਾਦਸ਼ਾਹੀ ਸੀ, ਉਹਨਾਂ ਦੀ ਮੋਹਰ ਲੱਗਦੀ ਸੀ। ਉਹ ਮੋਹਰ ਜਿਹੜੇ ਕਾਗਜ਼ ਉੱਤੇ ਲੱਗ ਜਾਏ, ਜਾਂ ਸੋਨੇ ਉੱਤੇ ਲੱਗ ਜਾਏ —ਉਹ ਆਪਣੀ ਕੀਮਤ ਤੋਂ ਵੱਧ ਜਾਂਦਾ ਸੀ। ਜਿਸ ਵੇਲੇ ਉਹਨਾਂ ਤੋਂ ਬਾਅਦ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਇਆ—ਉਸ ਮੋਹਰ ਦੀ ਕੀਮਤ ਨਾ ਰਹੀ, ਮਹਾਰਾਜੇ ਦੇ ਨਾਉਂ ਦੀ—ਉਹਨੇ ਭਾਵੇਂ ਲਿਖਿਆ ਅਕਾਲ ਸਹਾਇ, ਰਾਜ ਖਾਲਸਾ—ਉਸ ਮੋਹਰ ਦੀ ਕੀਮਤ ਪਈ। ਓਦੂੰ ਬਾਅਦ ਅੰਗਰੇਜ਼ਾਂ ਦਾ ਵਕਤ ਆਇਆ, ਉਹਨਾਂ ਦੀ ਮੋਹਰ ਦੀ ਕੀਮਤ ਪਈ। ਬੜਾ ਰੌਲਾ ਵੀ ਪਿਆ ਸੀ ਉਦੋਂ ਕਿ ਇੱਕ ਰੁਪਏ ਦਾ ਨੋਟ ਕਿਉਂ ਬਣਾਇਆ ਜਾਂਦੈ ਪਰ ਉਸ ਕਾਗਜ਼ ਦੀ ਵੀ ਕੀਮਤ ਪਈ। ਹੁਣ ਭਾਰਤ ਦਾ ਰਾਜ, ਜਦੋਂ ਦਾ ਹਿੰਦ ਦਾ ਰਾਜ ਸੁਤੰਤਰ ਹੋਇਆ ਹੈ, ਹੁਣ ਜਿਹੜੀ ਹੈ ਉਹ ਚਹੁੰ ਸ਼ੇਰਾਂ ਵਾਲੀ ਅਸ਼ੋਕ ਦੇ ਵਕਤ ਦੀ ਇੱਕ ਤਸਵੀਰ ਬਣਾ ਕੇ ਸਾਡੇ ਰੁਪਏ ਉੱਤੇ ਲੱਗੀ ਹੈ। ਉਹਦੀ ਮੋਹਰ ਚਲਦੀ ਹੈ, ਕਾਗਜ਼ਾਂ ਉੱਤੇ, ਅਸ਼ਟਾਮ ਉਹੋ ਚਲਦਾ ਹੈ, ਨੋਟਾਂ ਉੱਤੇ ਉਹੋ ਚਲਦਾ ਹੈ।

ਇਸੇ ਤਰ੍ਹਾਂ ਇਹ ਨਹੀਂ ਕਿ ਬਾਦਸ਼ਾਹ ਚੁਗੱਤੇ ਨਹੀਂ ਥੇ; ਰਾਮ ਚੰਦਰ ਜੀ ਮਹਾਰਾਜ ਅਵਤਾਰ ਨਹੀਂ ਹੋਏ; ਕ੍ਰਿਸ਼ਨ ਮਹਾਰਾਜ ਅਵਤਾਰ ਨਹੀਂ ਹੋਏ; ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਅਕਾਲ ਪੁਰਖ ਦਾ ਸਰੂਪ ਨਹੀਂ ਹੋਏ; ਗੁਰੂ ਗੋਬਿੰਦ ਸਿੰਘ ਨਹੀਂ ਹੋਏ ਪਰ ਜਿਹੜੀ ਮੋਹਰ ਹੈ ਓਹ ਐਸ ਵੇਲੇ ਸਤਿਗੁਰੂ ਰਾਮ ਸਿੰਘ ਦੀ ਹੈ। ਤੁਹਾਡਾ ਇਹ ਫਰਜ਼ ਹੈ—ਲੋਕਾਂ ਨੂੰ ਜਤਾਉਣਾ ਕਿ ਭਾਈ ਆਹ ਹੁਕਮ ਹੈ, ਇਹ ਉਸਦਾ ਰੂਪ ਹੈ ਔਰ ਜਿਤਨਾ ਚਿਰ ਸਰਗੁਣ ਸਰੂਪ ਦੇਹਧਾਰੀ ਨੂੰ ਨਾ ਮੰਨੋਗੇ, ਸਤਿਗੁਰੂ ਰਾਮ ਸਿੰਘ ਦੇ ਹੁਕਮਾਂ ਵਿੱਚ ਨਾ ਚਲੋਗੇ, ਤੁਹਾਡਾ ਕਲਜੁਗ ਵਿਚ ਉੱਧਾਰ ਨਹੀਂ ਹੋ ਸਕਦਾ। ਸਤਿਗੁਰੂ ਸੱਚੇ ਪਾਤਸ਼ਾਹ ਦਾ ਅੱਗੇ ਹੁਣ ਇਹ ਪ੍ਰਸੰਗ ਹੈ-

*ਪਾਤਿਕ ਪਾਵਨ ਜਿਨ ਕੀਏ ਮਨ ਤਨ ਸਭ ਰੁਜ ਟਾਰ।*

ਜਿਨ੍ਹਾਂ ਨੇ ਪਾਪੀਆਂ ਨੂੰ ਪਵਿੱਤਰ ਕੀਤਾ, ਮਨ ਦੇ ਵੀ ਰੁਜ, ਤਨ ਦੇ ਵੀ ਰੁਜ, ਦੇਹ ਦੇ ਰੋਗ—ਉਨ੍ਹਾ ਦੀ ਤੇ ਕੀ ਗੱਲ ਹੈ, ਉਹਨਾਂ ਦੇ ਕੁੱਤਿਆਂ ਨੇ ਟਾਲੇ; ਸਿੱਖਾਂ ਨੇ ਟਾਲੇ; ਕੁਸ਼ਟ ਹੋਏ-ਹੋਏ ਆਦਮੀ ਰਾਜ਼ੀ ਹੋਏ।

ਬਾਬਾ ਹਰਨਾਮ ਸਿੰਘ ਜੀ ਗੜ੍ਹਦੀ ਵਾਲੇ ' ਚ ਰਹਿੰਦੇ ਸਨ—ਬਸੰਤ ਨੰਬਰ ' ਚ ਨਿਹੰਗਾਂ ਸਿੰਘਾ ਵਰਗੀ ਪੀਲੇ ਬਸਤਰਾਂ ਵਾਲੀ ਤਸਵੀਰ ਤੁਸਾਂ ਵੇਖੀ ਹੋਵੇਗੀ। ਮੈਂ ਉਹਨਾਂ ਆਦਮੀਆਂ ਦੇ ਦਰਸ਼ਨ ਕੀਤੇ ਨੇ—ਜਿਹੜੇ ਸਾਲ

ਅਸੀਂ ਗੜ੍ਹਦੀ ਵਾਲੇ ਰਹੇ ਹਾਂ—ਨੁੱਸਾ ਭਾਨਾ ਪਿੰਡ ਹੈ, ਭਾਈ ਉੱਤਮ ਸਿੰਘ ਉੱਥੋਂ ਦਾ ਸਿੰਘ ਸੀ, ਜਿਹਦੇ ਘਰ ਦਿਆਂ ਨੇ ਹੱਥ ਪੈਰ ਗਲ ਜਾਣ ਤੋਂ, ਡਿੱਗ ਜਾਣ ਤੋਂ ਬਾਹਰ ਲਿਜਾ ਕੇ ਝੁੱਗੀ ਪਾ ਦਿੱਤੀ। ਸੰਤਾਂ ਕੋਲ ਆ ਗਿਆ। ਸੰਤਾਂ ਦੇਗ ਛਕਣੀ, ਜਵੈਣ ਰਗੜਨੀ ਲੂਣ ਪਾ ਕੇ ਤੇ ਸੁਖ ਨਿਧਾਨ ਉਹਨੂੰ ਛਕਾਉਣਾ। ਉਹਨੂੰ ਸੇਵਾ ਕਰਨ ਲਾਇਆ। ਉਹ ਖਾਈ ਬਣਾਉਣ ਲੱਗ ਪਿਆ—ਉਸ ਡੇਰੇ ਦੀ। ਅਸਾਂ ਉਹਨੂੰ ਦੇਖਿਆ, ਲੰਗਰ ’ਚ ਲੱਗਿਆਂ। ਉਹਦੇ ਅੰਗੂਠੇ ਦਾ ਏਨਾਂ ਨਿਸ਼ਾਨ ਮਾਲੂਮ ਹੁੰਦਾ ਸੀ ਤੇ ਅੰਗੂਠੇ ਦੀ ਗੰਢ ਮੋਟੀ ਹੈ। ਰੋਗ ਕੋਈ ਨਹੀਂ ਰਹਿ ਸਕਦਾ, ਸਤਿਗੁਰਾਂ ਨੂੰ ਮਿਲਿਆਂ, ਸਤਿਗੁਰੂ ਦੀ ਸਾਧ-ਸੰਗਤ ਨੂੰ ਮਿਲਿਆਂ, ਨਿਸਚਾ ਕਰਨ ਦੀ ਲੋੜ ਹੈ।

ਕਿਆ ਉਸ ਵੇਲੇ ਹੀ ਸੀ ਇਹ ਗੱਲ—*ਜੋੜੀ ਜੁੜੀ ਖੜਾਉ ਪੁਰਾਣੀ* —ਹੁਣ ਵੀ ਹੋ ਜਾਂਦੀ ਹੈ। ਪਰ ਸਾਡਾ ਮਨ—ਭੇਖ ਬਣ ਗਿਆ ਹੈ। ਗੱਲਾਂ ਉੱਤੋਂ ਬੜੀਆਂ ਕਰ ਲੈਂਦੇ ਹਾਂ, ਸ਼ਰਧਾ ਨਹੀਂ ਕਰਦੇ। ਲੋਕਾਂ ਦੀ ਦਵਾਈ ਉੱਤੇ ਜਿੰਨੀ ਸ਼ਰਧਾ ਕਰਦੇ ਹਾਂ, ਸਤਿਗੁਰੂ ਦੇ ਬਚਨ ਤੇ ਨਹੀਂ ਓਨੀ ਕਰਦੇ। ਜੇ ਉਸ ਪਾਸੇ ਨੂੰ ਤੁਰੀਏ ਕੱਲ੍ਹ ਈਸ਼ਰ ਸਿੰਘ ਹੁਰਾਂ ਦਲੇਰ, ਨੇ ਪੜ੍ਹਿਆ ਸੀ ਗੁਰੂ ਹਰੀ ਸਿੰਘ ਜੀ ਦਾ ਪ੍ਰਸੰਗ ਤੇ ਉਹ ਹਲਕੇ ਹੋਏ ਦੇ ਉੱਤੋਂ ਦੀ ਚਰਨ ਧਰੇ। ਏਦੂੰ ਬਿਨਾਂ ਮੈਂ ਹੋਰ ਸੁਣਾਉਦਾ ਹਾਂ। ਇੱਕ ਰਾਮ-ਗੜ੍ਹੀਆਂ ਦਾ ਲੜਕਾ ਵਰਨਾਂ ਵਿੱਚ—ਸੰਤ ਆਲਾ ਸਿੰਘ ਜੀ ਉਹਨਾਂ ਦਿਨਾਂ ’ਚ ਕੀਰਤਨ ਕਰਦੇ ਹੁੰਦੇ ਸੀ, ਜਥੇ ਨਾਲ ਉਹਦੇ ਘਰ ਗਏ। ਉਹ ਘਰ ਲੈ ਗਿਆ। ਲੋਕਾਂ ਆਖਿਆ—ਤੇਰੇ ਪੁੱਤਰ ਨੂੰ ਵੱਢਿਆ ਹੈ ਹਲਕੇ ਕੁੱਤੇ ਨੇ, ਢੋਲਕ ਵਜਾਉਂਦੇ ਆਏ ਨੇ ਮੁੰਡਾ ਭਬਕ ਜਾਏਗਾ।

ਉਨ੍ਹਾਂ ਆਖਿਆ—ਮੁੰਡਾ ਬੇਸ਼ਕ ਭਬਕ ਜਾਏ।

ਲੱਗਾ ਦੀਵਾਨ, ਮੁੰਡਾ ਹਲਕ ਗਿਆ। ਓਨ੍ਹੇ ਚੁੱਕ ਕੇ ਮੁੰਡੇ ਨੂੰ, ਪਾ ਕੇ ਜੱਫੀ, ਦੀਵਾਨ ਦੇ ਵਿੱਚ ਲਿਜਾ ਕੇ ਸੁੱਟ ਦਿੱਤਾ। ਕੀਰਤਨ ਹੁੰਦਿਆਂ-ਹੁੰਦਿਆਂ ਉਹਦਾ ਹਲਕ ਹਟ ਗਿਆ। ਇਹ ਕੋਈ ਪਿਛਲੀਆਂ ਗੱਲਾਂ ਨਹੀਂ ਕੋਈ ਜਿਹੜੀਆਂ ਸੌ ਵਰ੍ਹੇ ਦੀਆਂ ਹੋਣ। *ਮਨ ਤਨ ਸਭ ਰੁਜ ਟਾਰ—*

ਮਨ ਦੇ ਰੋਗ ਵੀ, ਤਨ ਦੇ ਰੋਗ ਵੀ, ਸਭ ਟਾਲ ਦਿੰਦੇ ਹਨ—ਸਤਿਗੁਰੂ, ਸਤਿਗੁਰੂ ਦੇ ਸਿੱਖ।

*ਦਾਸਨ ਹਿਤ ਬਾਣੀ ਰਚੀ ਬੀੜ ਗ੍ਰੰਥ ਸੁਖ ਸਾਰ।।੩।।*

ਗੁਰੂ ਅਰਜਨ ਦੇਵ ਜੀ ਨੇ ਦਾਸਾਂ ਵਾਸਤੇ ਗ੍ਰੰਥ ਸਾਹਿਬ ਜੀ ਦੀ ਬਾਣੀ ਰਚੀ—ਸੁਖਾਂ ਦਾ ਸਾਰ—ਪਰ ਕਿਸ ਤਰਾਂ ? ਭਾਈ ਗੁਰਦਾਸ ਜੀ ਪੜ੍ਹੋ, ਕਹਿੰਦੇ ਨੇ-

*ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।*
*ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।*

*- ਵਾਰ ੧, ਪਉੜੀ-੧੭*

ਗ੍ਰੰਥ, ਵੇਦ, ਹੱਟੀ ਹੈ—ਗੁਰੂ ਦੀ। ਹੱਟੀ ਵਿੱਚ ਜਿੰਨਾ ਚਿਰ ਪੰਸਾਰੀ ਨ ਵੜੇ; ਕੋਈ ਹਲਦੀ ਦੀ ਗੰਡੀ ਮੰਗਦਾ ਹੈ, ਕੋਈ ਜਵੈਣ ਮੰਗਦਾ ਹੈ। ਬਈ ਕਿਸੇ ਨਾਲ ਸਾਨੂੰ ਦੁਸ਼ਮਣੀ ਨਹੀਂ, ਸਾਨੂੰ ਕਿਸੇ ਨਾਲ ਗਰਜ਼ ਨਹੀਂ। ਸਾਨੂੰ ਜੋ ਕੁਛ ਪ੍ਰਾਪਤੀ ਹੋਈ ਹੈ, ਉਹ ਇਸੇ ਗੱਲ ਤੋਂ ਹੋਈ ਹੈ ਕਿ-

**ਮਤ ਕੋ ਭਰਮਿ ਭੁਲੈ ਸੰਸਾਰਿ।।**
**ਗੁਰ ਬਿਨੁ ਕੋਇ ਨ ਉਤਰਸਿ ਪਾਰਿ।।**

*- ਗੌਂਡ ਮ:੫, ਪੰਨਾ-੮੬੪*

ਫੇਰ ਗੁਰੂ ਦੇ ਲੱਛਣ—

**ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ**
**ਧਨੁ ਧਨੁ ਸੁ ਜਨਨੀ[11] ਜਿਨਿ ਗੁਰੂ ਜਣਿਆ ਮਾਇ।।**

*- ਮ:੪, ਪੰਨਾ-੩੧੦*

—ਗੁਰੂ ਮਾਤਾ ਪਿਤਾ ਵਾਲਾ ਹੈ।

**ਤਿਸੁ ਗੁਰ ਕਉ ਛਾਦਨ[12] ਭੋਜਨ**
**ਪਾਟ ਪਟੰਬਰ[13] ਬਹੁ ਬਿਧਿ ਸਤਿ**
**ਕਰਿ ਮੁਖਿ ਸੰਚਹੁ[14] ਤਿਸੁ ਪੁੰਨ ਕੀ**
**ਫਿਰਿ ਤੋਟਿ ਨ ਆਵੈ।।**

*- ਮਲਾਰ ਮ:੪ ਪੰਨਾ-੧੨੬੪*

—ਗੁਰੂ ਛਕਦਾ ਹੈ।

**ਗੁਰ ਕੇ ਚਰਨ ਰਿਦੈ ਲੈ ਧਾਰਉ।।**

*– ਪੰਨਾ–੮੬੪*

—ਗੁਰੂ ਚਰਨਾਂ ਵਾਲਾ ਹੈ।

**ਗੁਰ ਕੀ ਮੂਰਤਿ ਮਨ ਮਹਿ ਧਿਆਨੁ।।**

*– ਪੰਨਾ–੮੬੪*

—ਗੁਰੂ ਦੀ ਮੂਰਤ ਹੈ, ਗੁਰੂ ਦਾ ਚਿਹਰਾ ਹੈ, ਗੁਰੂ ਦਾ ਦਰਸ਼ਨ ਹੈ।

**ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ,**

*– ਧਨਾਸਰੀ ਮ:੫, ਪੰਨਾ–੬੮੧*

—ਗੁਰੂ ਦੇ ਨੇਤਰ ਹਨ। ਦਿਵਾਨ ਨੰਦ ਲਾਲ ਜੀ ਕਹਿੰਦੇ ਹਨ— ਕੈਸੇ ਹਨ ਗੁਰੂ ਗੋਬਿੰਦ ਸਿੰਘ ਜੀ ?

*ਮਾ ਬੰਦਾ–ਇ ਇਸ਼ਕੇਮ*

*ਯਕ ਨਿਗਾਹਿ ਜਾਂ ਫ਼ਜ਼ਾਇਸ਼,*[੧੫]

ਕੈਸਾ ਹੈ ਗੁਰੂ ਗੋਬਿੰਦ ਸਿੰਘ ਮੇਰਾ—ਇੱਕ ਅੱਖ ਦੀ ਨਿਗਾਹ ਨਾਲ, ਮੈਨੂੰ ਸਾਰੀ ਜਾਨ ਦਾ, ਸਾਰੀ ਉਮਰ ਦਾ ਫੈਜ਼ ਪਹੁੰਚ ਗਿਆ। ਕਹਿੰਦਾ ਹੈ–

*ਬਸ*[੧੬] *ਬਵਦ*[੧੭] *ਦਰਕਾਰਿ*[੧੮] *ਮਾ।*

ਮੇਰੇ ਵਾਸਤੇ ਇਹੋ ਹੀ ਦਰਕਾਰ ਹੈ, ਬਹੁਤ ਕੁਛ ਹੈ, ਹੋਰ ਮੈਨੂੰ ਕੋਈ ਲੋੜ ਨਹੀਂ। ਫੇਰ ਰੱਬ—ਦਿਵਾਨ ਜੀ ਰੱਬ ਤੋਂ ਮੁਨਕਰ ਹੁੰਦੇ ਹਨ, ਨਾਸਤਕ ਬਣਦੇ ਹਨ। ਕਿਆ ਕਹਿੰਦੇ ਹਨ ਦਿਵਾਨ ਜੀ ? ਅੱਜ ਭਾਈ ਸੋਹਣ ਸਿੰਘ ਹੁਰਾਂ ਦੀ ਜਗ੍ਹਾ ਮੈਂ ਹੀ ਥੋੜਾ ਜਿਹਾ ਦਿਵਾਨ ਜੀ ਦਾ ਪੇਸ਼ ਕਰਦਾ ਹਾਂ ਜਿਹੜਾ ਉਹਨਾਂ ਕੱਲ੍ਹ ਕਿਹਾ ਸੀ।

ਸੰਤ ਸੰਪੂਰਣ ਸਿੰਘ ਜੀ ਅਨੰਦਪੁਰ ਵਾਲੇ ਬਚਨ ਕਰਦੇ—ਸੰਤ ਅਨੰਦਪੁਰ ਵਾਲਿਆਂ ਨੂੰ ਕੋਈ-ਕੋਈ ਆਦਮੀ ਜਾਣਦੇ ਹਨ, ਬਿਰਧਾਂ 'ਚੋਂ ਕਿ ਉਹ ਅੱਸੀਂ ਸਾਲ ਦੀ ਉਮਰ 'ਚ ਖਰਲ ਏਡਾ ਚੁੱਕਦੇ ਸਨ, ਜਿਹੜਾ ਕਿਸੇ ਜਵਾਨ ਤੋਂ ਨਹੀਂ ਚੁੱਕਿਆ ਜਾਂਦਾ। ਦਵਾਈ ਵੀ ਦੇਣੀ, ਲੰਗਰ ਵੀ ਚਲਾਉਣਾ, ਪਰ, ਸਤਿਗੁਰੂ ਰਾਮ ਸਿੰਘ ਨੂੰ ਮਿਲੇ ਹੋਏ ਸਨ—ਲੋਕਾਂ ਨੂੰ ਨਹੀਂ

ਸੀ ਪਤਾ। ਪੰਡਤ ਬਸੰਤ ਸਿੰਘ ਜੀ ਪੜ੍ਹਨ ਗਏ। ਕਹਿਣ ਲੱਗੇ,''ਭਾਈ ਬਸੰਤ ਸਿੰਹਾਂ ਪੁਜਾਰੇ ਤਾਂ ਸੜਦੇ ਰਹਿੰਦੇ ਸੀ, ਮੈਂ ਜਦੋਂ ਸਤਿਗੁਰ ਆਉਂਦੇ ਸੀ, ਉਨ੍ਹਾਂ ਦੇ ਕੋਲ ਹੀ ਰਹਿੰਦਾ ਸੀ।''

ਅਸਾਂ ਵੀ ਦਰਸ਼ਨ ਕੀਤੇ ਜਾ ਕੇ। ਬੜਾ ਅਦਬ ਕੀਤਾ। ਬੜੇ ਮਹਾਂ ਪੁਰਖ ਥੇ। ਉਹ ਕਹਿੰਦੇ ਸੀ, ਦਿਵਾਨ ਜੀ ਦੀ ਕੀ ਹਾਲਤ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਰਾਜਸੀ ਠਾਠ, ਕਿਲ੍ਹਾ ਬਣਿਆ ਹੋਇਆ। ਜਿਸ ਵੇਲੇ ਦਰਵਾਜ਼ਾ ਬੰਦ ਹੋਣਾ ਰਾਤ ਨੂੰ, ਸੱਚੇ ਪਾਤਸ਼ਾਹ ਨੇ ਅੰਦਰ ਜਾਣਾ ਤਾਂ ਦਿਵਾਨ ਜੀ ਦਾ ਤਖਤਿਆਂ ਨਾਲ ਸਿਰ ਲੱਗ ਜਾਣਾ ਤੇ ਰੋਈ ਜਾਣਾ ਸਾਰੀ ਰਾਤ—ਹਾਏ ਸੂਰਜ ਛਿਪ ਗਿਆ ! ਹਾਏ ਸੂਰਜ ਛਿਪ ਗਿਆ ! ਕਿਉਂਕਿ ਆਸ਼ਕਾ ਦੀਆਂ ਨੌ ਨਿਸ਼ਾਨੀਆਂ ਦੱਸੀਆਂ ਹਨ।

*ਆਹ ਸਰਦੋ*

— ਠੰਢੇ ਹਉਕੇ।

*ਰੰਗ ਜ਼ਰਦੋ*

— ਰੰਗ ਪੀਲਾ।

*ਚਸ਼ਮ ਤਰ।* ਮਾਈ ਚੰਦੋ—ਭਾਣਾ ਪਿੰਡ, ਰਿਆਸਤ ਫਰੀਦਕੋਟ ਤੋਂ ਤਿੰਨ ਕੋਹ, ਬਾਬੇ ਦਾ ਨਾਮ ਹਰਨਾਮ ਸਿੰਘ। ਸਤਿਗੁਰ ਸੱਚੇ ਪਾਤਸ਼ਾਹ ਦੇ ਪ੍ਰਦੇਸ ਗਵਨ ਤੋਂ ਦੋਵਾਂ ਜੀਆਂ ਨੇ ਕੇਸਾਂ ਨੂੰ ਘਿਉ ਨਹੀਂ ਲਾਇਆ, ਦਹੀ ਨਹੀਂ ਪਾਇਆ, ਰੋਟੀ ਚੋਪੜ ਕੇ ਨਹੀਂ ਖਾਧੀ, ਪੈਰੀਂ ਜੁੱਤੀ ਨਹੀਂ ਪਾਈ, ਮੰਜੀ ਉੱਤੇ ਨਹੀਂ ਸੁੱਤੇ—ਸਾਰੀ ਜ਼ਿੰਦਗੀ। ਮਾਈ (ਮਾਤਾ ਜੀਉਣ ਕੌਰ ਜੀ) ਜੀ ਇਹ ਗੱਲ ਦੱਸਦੇ ਸਨ ਕਿ ਜਿਹੜੀ ਉਹ ਮਾਈ ਸੀ ਉਹਦੇ ਨੇਤਰਾਂ ਦਾ ਜਲ ਕਦੇ ਨਹੀਂ ਸੀ ਸੁੱਕਿਆ। ਜੇ ਸਾਧ-ਸੰਗਤ ਘਰ ਆ ਜਾਏ ਸੇਵਾ ਕਰਦੇ ਰਹਿਣਾ ਤੇ ਜਲ ਵਗਦਾ ਰਹਿਣਾ। ਜੇ ਸਾਧ-ਸੰਗਤ ਤੁਰ ਜਾਏ ਤੇ ਧਾਹੀ ਮਾਰ-ਮਾਰ ਰੋਂਦੇ ਰਹਿਣਾ। ਸੋ ਦਿਵਾਨ ਜੀ ਦੀ ਇਹ ਹਾਲਤ ਸੀ, ਜਦੋਂ ਪਹਿਰ, ਸਵਾ ਪਹਿਰ ਤੜਕੇ ਸੱਚੇ ਪਾਤਸ਼ਾਹ ਨੇ ਦਰਵਾਜ਼ਾ ਖੋਲ੍ਹਣਾ—ਆਹ, ਹਾ, ਹਾ ਸੂਰਜ ਚੜ੍ਹ ਆਇਆ। ਇਹਨਾ ਹਾਲਤਾਂ 'ਚ, ਦਿਵਾਨ ਜੀ ਤਾਂ ਹੀ ਕਹਿੰਦੇ ਨੇ-

*ਦੀਨੋ[੧੯] ਦੁਨੀਆ, ਦਰ ਕਮੰਦਿ[੨੦] ਆਂ ਪਰੀ ਰੁਖ਼ਸਾਰਿ[੨੧] ਮਾ।*
*ਹਰ ਦੋ ਆਲਮ[੨੨] ਕੀਮਤਿ ਯਕ[੨੩] ਤਾਰਿ ਮੂਏ[੨੪] ਯਾਰਿ[੨੫] ਮਾ।*

*– .ਗਜ਼ਲ–੨*

ਹੇ ਗੁਰੂ ਗੋਬਿੰਦ ਸਿੰਘ ! ਜਿਹੜੀ ਤੇਰੇ ਕੇਸ ਦੀ ਲਟ, ਤੇਰੀ ਏਥੋਂ ਦੀ ਆਈ ਹੋਈ ਹੈ ਨ, ਇਹਦੇ 'ਚ ਦੋਏ ਜਹਾਨ ਬੱਧੇ ਹੋਏ ਨੇ। ਜਿਹੜਾ ਤੇਰਾ ਇੱਕ ਕੇਸ ਹੈ, ਇਹਦੀ ਦੋਏ ਜਹਾਨ ਕੀਮਤ ਨਹੀਂ ਲੈ ਸਕਦੇ। ਫੇਰ ਕਹਿੰਦੇ ਨੇ–

*ਬਦਰ[੨੬] ਦਰ ਪੇਸ਼ਿ ਰੁਖ਼ਤ[੨੭] ਸ਼ਰਮਿੰਦਾ ਅਸ੍ਤ।*

ਚੰਦਰਮਾਂ ਜਿਹੜਾ ਹੈ, ਓਹ ਤੇਰੇ ਚਿਹਰੇ ਅੱਗੇ ਸ਼ਰਮਿੰਦਾ ਹੁੰਦਾ ਹੈ। ਭਾਈ ਸੰਤੋਖ ਸਿੰਘ ਜੀ ਨੇ ਵੀ ਲਿਖਿਐ ਕਿ–

*ਹੀਨ ਜੇ ਕਲੰਕ ਤੌਂ ਸਮਾਨ ਹੋਤ ਚੰਦ ਹੀ।*

ਜੇ ਕਲੰਕ ਨਾ ਹੁੰਦਾ ਤਾਂ ਅਸੀਂ ਚੰਦਰਮਾਂ ਨੂੰ ਕਹਿੰਦੇ ਕਿ ਤੂੰ ਸਮਾਨ ਹੈਂ।

*ਬਲਕਿ[੨੮] ਖੁਰਸ਼ੀਦਿ ਜਹਾਂ[੨੯] ਹਮ ਬੰਦਾ[੩੦] ਅਸ੍ਤ।*

*– .ਗਜ਼ਲ–੮*

ਕਹਿੰਦੇ ਨੇ ਸੂਰਜ ਜਿਹੜਾ ਜਹਾਨ ਦਾ ਹੈ, ਓਹ ਵੀ ਬਣਦਾ ਹੈ—ਉਹਦਾ ਚਿਹਰਾ ਵੀ ਕਾਲਾ ਹੈ ਤੇਰੇ ਚਿਹਰੇ ਦੇ ਕੋਲ। ਗੁਰੂ ਜੀ ਲਿਖਦੇ ਨੇ—

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**

—ਗੁਰੂ ਅੰਗਦ ਦੇਵ ਜੀ ਮਹਾਰਾਜ–

**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥**

*– ਮ:੨, ਪੰਨਾ–੪੬੩*

ਦਿਵਾਨ ਜੀ ਆਪਣੀ ਹਾਲਤ ਵਿੱਚ ਕਹਿੰਦੇ ਨੇ—

*ਮਾ ਬੰਦਾ–ਇ ਇਸ਼ਕੇਮ,*

ਮੈਂ ਹਾਂ ਬੰਦਾ ਇਸ਼ਕ ਦਾ, ਮੈਂ ਹਾਂ ਪ੍ਰੇਮ ਦਾ ਬੰਦਾ।

*ਖੁਦਾ ਰਾ ਨ ਸ਼ਨਾਸੇਮ।*

ਮੈਂ ਨਹੀਂ ਜਾਣਦਾ ਖੁਦਾ ਕੌਣ ਹੈ। ਫਿਰ–

*ਮਾ ਸ਼ਾਹ ਨ ਦਾਨੇਮ,*

ਮੈਂ ਨਹੀਂ ਜਾਣਦਾ ਕੌਣ ਬਾਦਸ਼ਾਹ ਹੈ ਬਿਨਾਂ ਗੁਰੂ ਗੋਬਿੰਦ ਸਿੰਘ ਤੋਂ।

*ਗਦਾ ਰਾ ਨ ਸ਼ਨਾਸੇਮ[੩੧]।*

ਮੈਨੂੰ ਨਹੀਂ ਪਤਾ ਕਿ ਕੰਗਾਲ ਕੌਣ ਹੈ ਤੇ ਬਾਦਸ਼ਾਹ ਕੌਣ ਹੈ। ਮੈਂ ਇੱਕੋ ਇਸ਼ਕ ਦਾ ਬੰਦਾ ਹਾਂ, ਮੈਨੂੰ ਹੋਰ ਕੋਈ ਪਤਾ ਈ ਨਹੀਂ। ਫੇਰ ਕਹਿੰਦੇ ਨੇ-

*ਆਸ਼ੁਫਤਾ[੩੨]-ਇ ਆਨੇਮ,*

ਮੈਂ ਹਾਂ ਉਸ ਦਾ ਆਸ਼ਿਕ, ਓਹ ਹੈ ਮੇਰਾ ਮਾਸ਼ੂਕ।

*ਕਿ ਆਸ਼ੁਫਤਾ-ਇ ਮਾਸ੍ਤ।*

ਓਹ ਮੇਰਾ ਮਾਸ਼ੂਕ ਹੈ।

*ਦੁਸ਼ਨਾਮ[੩੩] ਨ ਦਾਨੇਮ*

ਕੋਈ ਮੈਨੂੰ ਗਾਲ੍ਹਾਂ ਕੱਢੀ ਜਾਏ-

*ਦੁਆ ਰਾ ਨ ਸ਼ਨਾਸੇਮ।*

*- .ਗਜ਼ਲ-੫੮*

ਕੋਈ ਮੇਰੀ ਸਿਫਤ ਕਰੀ ਜਾਏ, ਮੈਨੂੰ ਇਹ ਪਤਾ ਹੀ ਨਹੀ ਲੱਗਦਾ।

ਸਤਿਗੁਰੂ ਹਰੀ ਸਿੰਘ ਜੀ ਕੋਲ ਬਚਨ ਆਉਣਾ; ਉਹਨਾਂ ਆਖਣਾ ਭਾਈ,''ਤੁਸੀਂ ਮੇਰੀ ਸਿਫਤ ਕਰਦੇ ਹੋ, ਮੇਰਾ ਤਾਂ ਉਹ ਹਾਲ ਹੈ ਥਿੰਦੇ ਘੜੇ ਉੱਤੇ ਪਾਣੀ ਨਹੀਂ ਟਿਕਦਾ, ਤੁਹਾਡੀ ਸਿਫਤ ਮੈਨੂੰ ਨਹੀਂ ਲੱਗਦੀ।''

ਤਾਂ, ਇਸ਼ਕ ਦੀ ਖੇਡ ਹੈ, ਪ੍ਰੇਮ ਦੀ ਖੇਡ ਹੈ। ਜਿੰਨਾ ਚਿਰ ਇਸਨੂੰ ਪ੍ਰੇਮ ਨਹੀਂ ਮਿਲਦਾ—ਉਹ ਜਿੱਥੇ ਪਰਚੀਆਂ ਲਿਖਦੇ ਨੇ ਭਗਤਾਂ ਦੀਆਂ ਕਿ-

*ਅਕਲ ਕਹੇ ਤੂੰ ਪਹਿਨ ਪੋਸ਼ਾਕ, ਪ੍ਰੇਮ ਕਹੇ ਸਿਰ ਡਾਰੋ ਖਾਕ।*
*ਅਕਲ ਕਹੇ ਤੂੰ ਮਹਿਲ ਪੁਵਾ, ਪ੍ਰੇਮ ਕਹੇ ਅਗ ਬਾਲ ਲਗਾ।*
*ਅਕਲ ਕਹੇ ਇਹ ਧੀਆਂ ਪੂਤ, ਪ੍ਰੇਮ ਕਹੇ ਸਭ ਕੂੜਾ ਸੂਤ।*
*- ਇਜ਼ਤ, ਹੁਰਮਤ, ਲੋਕ ਲਜਿਆ ਪ੍ਰੇਮੀ ਸਭੋ ਤਜਦੇ।*
*ਉਹਨਾਂ ਪ੍ਰੇਮੀ ਕੀ ਅਖਵਾਉਣਾ ਜੋ ਇਜ਼ਤ ਵਲ ਭੱਜਦੇ।*
*ਪ੍ਰੇਮ ਅਤੇ ਇਜ਼ਤ ਇਹ ਦੋਵੇਂ ਰਹਿਣ ਨਾਂ ਇਕ ਥਾਂ ਕੱਠੇ।*
*ਜੇਕਰ ਥਾਂ ਇੱਕ ਦੀ ਇੱਕ ਮੱਲੇ ਤਾਂ ਦੂਜਾ ਉਥੋਂ ਨੱਠੇ।*

ਸਰਦਾਰਾਂ, ਰਈਸਾਂ ਜਾ ਕੇ ਦੁਸ਼ਾਲਿਆਂ 'ਚ ਪਾ ਕੇ ਰਾਮਸਰ ਦੀ ਕਾਰ ਕੱਢੀ। ਬੁੱਲ੍ਹੇ ਸ਼ਾਹ ਬਲਖ ਦੇ ਬਾਦਸ਼ਾਹ ਦਾ ਲੜਕਾ, ਲਾਹ ਕੇ ਲੀੜੇ—

*ਜੇ ਬੁਲਿਆ ਲੋੜੇ ਬਾਗ ਬਹਾਰਾਂ ਤਾਂ ਚਾਕਰ ਥੀਓ ਅਰਾਂਈਂ ਦਾ।*

—ਅਰਾਈ ਦੇ ਘਰ ਜਾ ਕੇ ਪਾਣੀ ਭਰੇ। ਫੇਰ ਅਰਾਈ ਕੀ ਮੰਗਦਾ ਹੈ—ਕਹਿੰਦੈ—ਰਾਗ ਉੱਤੇ ਖੁਸ਼ ਹੈ। ਬੁਲ੍ਹਾ ਕੰਜਰਾਂ ਕੋਲ ਗਿਆ, ਬਦਮਾਸ਼ੀ ਵਾਸਤੇ ਨਹੀਂ, ਸਿਨੇਮਾ ਨਹੀਂ ਦੇਖਦਾ, ਉਹਨੂੰ ਚਾਅ ਨਹੀਂ। ਉਹਨੂੰ ਇਹ ਚਾਅ ਹੈ ਕਿ ਮੇਰਾ ਗੁਰੂ—

**ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥**

*– ਪੰਨਾ-੧੩੮੩*

—ਮੇਰਾ ਮੁਰਸ਼ਿਦ ਕਿਸ ਗੱਲ ਨੂੰ ਪਸੰਦ ਕਰਦਾ ਹੈ। ਸਿੱਖਿਆ, ਆਇਆ, ਇੱਕ ਤਾਂ ਸਿੱਖਿਆ ਹੋਇਆ, ਦੂਜਾ ਅੰਦਰ ਇਸ਼ਕ—ਜਦੋਂ ਨੱਚਿਆ ਆ ਕੇ-

*ਤੇਰੇ ਇਸ਼ਕ ਨਚਾਈਆ ਕਰ ਥਈਆ-ਥਈਆ।*
*ਬਹੁੜੀਂ ਵੇ ਤਬੀਬਾ ਮੈਂ ਮਰ ਗਈਆਂ।*

ਤਾਂ ਉਹ ਦੇਖਦੇ ਨੇ ਮੁੜ ਕੇ ਗੋਡਦੇ-ਗੋਡਦੇ, ਕਹਿੰਦੇ ਨੇ,"ਬੁੱਲਾ ਹੈ"।

ਕਹਿੰਦਾ,"ਨਹੀਂ ਜੀ ਭੁੱਲਾ ਹਾਂ।"

ਤਾਂ ਇਹ ਚੀਜ਼ ਮਿਲੀ। ਦਿਵਾਨ ਨੰਦ ਲਾਲ ਨੂੰ ਇਹ ਮਿਲੀ, ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੂੰ ਇਹ ਮਿਲੀ। ਉਹ ਸਿੱਖ, ਉਹ ਬਾਬੇ ਸ਼ੇਰ ਸਿੰਘ ਹੁਰੀਂ, ਸਰਦਾਰ ਲਛਮਣ ਸਿੰਘ ਦੇ ਪਿਤਾ, ਫੱਤੇ ਵਾਲ ਦੇ—ਲਛਮਣ ਸਿੰਘ ਕਹਿੰਦੈ,"ਪਿਤਾ ਜੀ ਜੇ ਕੋਈ ਹੋਰ ਹੋਵੇ ਚੰਗਾ ਤਾਂ ਉਹਨੂੰ ਨਾ ਮੰਨੋ।"

ਉਹ ਕਹਿੰਦੇ,"ਓਏ ਹੋਰ ਹੋਵੇ ਕੌਣ ਚੰਗਾ ਸਤਿਗੁਰੂ ਰਾਮ ਸਿੰਘ ਤੋਂ ਬਿਨਾਂ, ਹੋਰ ਹੈ ਕੀ, ਤੂੰ ਇਹ ਗੱਲ ਕੀ ਕਰਦਾ ਹੈਂ—ਓਦੂੰ ਚੰਗਾ। ਸਾਨੂੰ ਇਹ ਪਤਾ ਹੈ, ਸਾਡੇ ਸਾਹਮਣੇ ਕੋਈ ਕੰਧਾਂ ਉਡਾ ਕੇ ਲੈ ਜਾਏ—ਅਸੀਂ ਉਹਦੇ ਵੱਲ ਛਿੱਤਰ ਨਹੀਂ ਮਾਰਦੇ।"

ਤਾਂ ਇਹ ਉਹਨਾਂ ਦੀ ਕਥਾ ਹੈ, ਓਸ ਸਤਿਗੁਰ ਦੀ ਇਹ ਕਥਾ ਹੈ।

ਇਹ ਉਹਦੀ ਬੇਅੰਤ ਖੇਡ ਹੈ। ਭਾਈ, ਸਾਡਾ ਫਰਜ਼ ਹੈ, ਹਰ ਇੱਕ ਨਾਮਧਾਰੀ ਦਾ ਇਹ ਫਰਜ਼ ਹੈ, ਜਿਹੜੇ ਉਨ੍ਹਾਂ ਨੇ ਹੁਕਮ ਦਿੱਤੇ ਨੇ, ਉਹਨਾਂ ਨੇ ਕਿਹਾ ਹੈ—ਬਈ, ਮੈਂ ਤੇ ਸੁਣਾਉਣ ਵਾਲਾ ਹਾਂ, ਚੌਕੀਦਾਰ ਰਾਤ ਨੂੰ ਰੌਲਾ ਪਾਉਂਦਾ ਹੈ, ਚੋਰੀ ਹੁੰਦੀ ਹੈ—ਬਚੋ। ਜਿਹੜੇ ਜਾਗ ਪੈਂਦੇ ਨੇ, ਬਚ ਰਹਿੰਦੇ ਨੇ, ਨਹੀਂ ਲੁੱਟੇ ਜਾਂਦੇ ਹਨ, ਫਿਰ ਮਗਰੋਂ ਤੰਗ ਹੁੰਦੇ ਹਨ। ਪਛਤਾਉਣਾ ਪਵੇਗਾ, ਉਹਨਾਂ ਆਉਣਾ ਹੈ, ਉਹਨਾਂ ਦਰਸ਼ਨ ਦੇਣੈ, ਉਹਨਾਂ ਨੇ ਆਖਿਆ ਹੈ—**ਸੂਰਜ ਪਾਣੀ ਵਰਸਾਉਣ ਲੱਗ ਜਾਏ, ਧਰਤੀ ਉਤਾਂਹ ਨੂੰ ਅੱਗ ਵਰਸਾਉਣ ਲਗ ਜਾਏ, ਇਹ ਗੱਲਾਂ ਬੇਸ਼ਕ ਹੋ ਜਾਣ ਪਰ ਇਹ ਜ਼ਰੂਰ ਹੋਊ, ਮੇਰਾ ਦਰਸ਼ਨ ਜ਼ਰੂਰ ਹੋਊ।**

ਬਾਬਾ ਸਿਆਮ ਸਿੰਘ ਜੀ ਰੰਗੂਨ ਆਏ, ਆ ਕੇ ਅਰਜ਼ ਕੀਤੀ, ''ਸੱਚਿਆ ਪਾਤਸ਼ਾਹ ! ਕਦੋਂ ਦਰਸ਼ਨ ਦਿਓਗੇ; ਬਹੁਤ ਸਿੱਖ ਬੇ ਸਿਦਕ ਹੋ ਗਏ; ਬਹੁਤ ਸਿੱਖ ਬੁੱਢੇ ਹੋ ਗਏ; ਬਹੁਤ ਸਿੱਖ ਸਰੀਰ ਛੱਡ ਗਏ।''

ਸਤਿਗੁਰੂ ਸੱਚੇ ਪਾਤਸ਼ਾਹ ਕਹਿੰਦੇ ਨੇ,''**ਭਾਈ ਸਿਆਮ ਸਿਹਾਂ ਜਿਸ ਵੇਲੇ ਅਸੀਂ ਆਵਾਂਗੇ, ਜਿਹੜੇ ਬੇਸਿਦਕ ਹੋਏ ਹਨ—ਜਿਸ ਤਰ੍ਹਾਂ ਪਹਿਲ ਛਿੜੇ ਦਾ ਮੀਂਹ ਪੈਣ ਤੋਂ ਡੱਡੂ ਗੜੈਂ-ਗੜੈਂ ਕਰਦੇ ਨੇ, ਇਸ ਤਰ੍ਹਾਂ ਹੋ ਜਾਣਗੇ। ਜਿਹੜੇ ਸਰੀਰ ਛੱਡ ਗਏ ਨੇ—ਓਹ ਵਿਚੇ ਤੁਹਾਡੇ ਆਏ ਨੇ, ਜਦੋਂ ਫਿਰ ਆਵਾਂਗੇ ਉਹਨਾਂ ਨੂੰ ਪਿਛਲੇ ਜਨਮ ਦਾ ਪਤਾ ਲਗ ਜਾਏਗਾ। ਜਿਹੜੇ ਬੁੱਢੇ ਹੋ ਗਏ ਨੇ ਓਹਨਾਂ ਵਾਸਤੇ ਘਿਉ ਰਖਿਆ ਏ ਬਾਰਾਂ-ਬਾਰਾਂ ਵਰ੍ਹਿਆਂ ਦੇ ਕਰ ਦਿਆਂਗੇ। ਇਉਂ ਨਹੀਂ ਭੁੱਲਣਾ ਮੈਂ ਰੂਪ ਬਟਾ ਸਕਦਾਂ, ਪਰ ਜੇ ਮੈਂ ਰੂਪ ਵਟਾ ਕੇ ਆਵਾਂ ਤਾਂ ਫਿਰ ਇਹ ਗੱਲ ਨਹੀਂ ਰਹਿੰਦੀ, ਫਿਰ ਇਹ ਚੀਜ਼ ਨਹੀਂ ਬਣਦੀ ਜਿਹੜਾ ਹੁਕਮ ਦਿੱਤਾ ਹੋਇਆ ਹੈ।''**

ਤਾਂ, ਹੁਣ ਇਸ ਪ੍ਰਸੰਗ ਨੂੰ ਇਹਨਾਂ ਨੇ ਅੱਗੇ ਵੀ ਆਖਿਆ ਸੀ, ਅੱਜ ਵੀ ਆਖਿਐ, ਕੋਈ ਖੇਡ ਹੈ ਜਿੰਨਾਂ ਕੁ ਸਤਿਗੁਰ ਕਰਾਉਣਗੇ। ਹੁਣ ਭੈਣੀ ਸਾਹਿਬ ਦੇ ਵਿੱਚ ਜਿਸ ਵੇਲੇ ਮੰਦਰ ਬਣਾਉਣ ਲੱਗੇ, ਸੱਚੇ ਪਾਤਸ਼ਾਹ, ਓਸ ਵੇਲੇ ਦਾ ਪ੍ਰਸੰਗ ਹੈ, ਉਸਨੂੰ ਅੱਗੇ ਸ਼ੁਰੂ ਕੀਤਾ ਹੈ।

## ਮੰਦ੍ਰ ਭੈਣੀ ਜਿਵ ਰਚੇ

*ਸ੍ਰੋਤਾ ਸੁਣੀਏ ਹੇਤ ਕਰ ਆਗੇ ਨਿਰਮਲ ਗਾਥ।*

ਕਥਾ ਸੁਣੋ ਸ੍ਰੋਤਾ ਜਨੋ—ਪ੍ਰੇਮ ਨਾਲ। ਭਾਈ ਹਰਨਾਮ ਸਿੰਘ ਜੀ ਕਹਿੰਦੇ ਸੀ ਜਿਹੜੇ ਜ਼ਿੰਮੀਦਾਰ ਬਾਰਸ਼ ਹੋਣ ਦਾ ਵੇਲਾ ਹੋਵੇ, ਬੱਦਲ ਹੋਏ ਦੇਖ ਕੇ, ਕਹੀਆਂ ਫੜਕੇ ਆਪਣੇ ਖੇਤਾਂ ਦੇ ਬੰਨੇ-ਬੰਨ੍ਹ ਲੈਂਦੇ ਹਨ, ਉਹਨਾਂ ਦੀ ਪੈਲੀਆਂ 'ਚ ਪਾਣੀ ਖਲੋਤਾ ਰਹਿੰਦਾ ਹੈ। ਜਿਹੜੇ ਨਹੀਂ ਬੰਨ੍ਹਦੇ ਉਹ ਪਾਣੀ ਨਿਕਲ ਕੇ ਅਗਲੀ ਸੱਤਿਆ ਵੀ ਲੈ ਜਾਂਦੈ। ਇਸ ਤਰ੍ਹਾਂ ਭਾਈ, ਸਾਧ-ਸੰਗਤ ਵਿੱਚ ਆ ਕੇ ਕੀਰਤਨ ਸੁਣਨ ਵੇਲੇ, ਕਥਾ ਸੁਣਨ ਵੇਲੇ, ਕੰਨਾਂ ਦੇ ਮੁੰਦੇ ਲਾਓ, ਅੱਖਾਂ ਦੇ ਮੁੰਦੇ ਲਾਓ, ਰਸਨਾ ਦਾ ਮੁੰਦਾ ਲਾ ਕੇ ਨਾਮ ਜਪਣ ਵਲ ਲਾਓ, ਮਨ ਨੂੰ ਰੋਕ ਕੇ ਸਾਧ-ਸੰਗਤ ਵਿੱਚ ਲਾਓ, ਸੁਣੋ ਕੀ ਕਹਿੰਦੇ ਨੇ।

*ਮੰਦ੍ਰ ਭੈਣੀ ਜਿਵ ਰਚੇ ਸ੍ਰੀ ਗੁਰ ਦੀਨਾ ਨਾਥ।।੪।।*

ਸਤਿਗੁਰ ਦੀਨਾ ਨਾਥ, ਸਤਿਗੁਰੂ ਸੱਚੇ ਪਾਤਸ਼ਾਹ ਨੇ ਜਿਸ ਤਰ੍ਹਾਂ ਭੈਣੀ ਸਾਹਿਬ ਦੇ ਵਿੱਚ ਇਹ ਮੰਦਰ ਬਣਾਏ।

*ਮਾਲਕ ਭੈਣੀ ਕੋ ਹੁਤੋ ਸੁਖੂ ਤਿਸ ਕੋ ਨਾਉ।*

ਤਿੰਨ ਪੱਤੀਆਂ ਪਿੰਡ ਦੀਆਂ—ਇੱਕ ਦੇ ਬ੍ਰਾਹਮਣ ਨੰਬਰਦਾਰ ਤੇ ਮਾਲਕ, ਇੱਕ ਦਾ ਘਮੰਡਾ ਨੰਬਰਦਾਰ, ਇਸ ਪੱਤੀ ਜਿਹਦੇ 'ਚ ਸੱਚੇ ਪਾਤਸ਼ਾਹ ਦਾ ਡੇਰਾ ਹੈ—ਇਹਦਾ ਸੁਖੂ ਨੰਬਰਦਾਰ ਮਾਲਕ।

*ਗੁਰਦਵਾਰੇ ਸੰਗਤਿ ਬੜੀ ਥੋਰੀ ਕੁਛ ਕੁ ਸੋ ਥਾਉ।।੫।।*

ਜਗ੍ਹਾ ਥੋੜੀ ਜਿਹੀ ਸੀ। ਪ੍ਰਸੰਗ ਤੇ ਬੜਾ ਲੰਮਾ ਚੌੜਾ ਹੈ। ਸਤਿਗੁਰੂ ਸੱਚੇ ਪਾਤਸ਼ਾਹ, ਪਹਿਲਾਂ ਗੁਰੂ ਹਰੀ ਸਿੰਘ ਜੀ ਦੇ ਨਾਲ ਰਲ ਕੇ ਇੱਟਾਂ ਪੱਥੀਆਂ, ਛੱਪੜ ਉੱਤੇ। ਜਦੋਂ ਤਿਆਰ ਕੀਤੀਆਂ, ਜਗ੍ਹਾ ਬਣਾਉਣ ਲੱਗੇ ਤੇ ਓਥੇ ਇੱਕ ਜ਼ਿਮੀਦਾਰ ਸੀ *ਘਮੰਡੇ ਦਾ ਪਿਉ*★[੨]—ਨਾਂ ਮੈਨੂੰ ਐਸ ਵੇਲੇ ਭੁੱਲਦਾ ਹੈ—ਓਸ ਨੇ ਆਖਿਆ,''ਅਸਾਂ ਨਹੀਂ ਤੁਹਾਨੂੰ ਜਗ੍ਹਾ ਬਣਾਉਣ ਦੇਣੀ।''

ਸਤਿਗੁਰਾਂ ਫੜਕੇ ਇੱਟਾਂ ਦੋ ਸਿੱਟ ਦਿੱਤੀਆਂ ਛੱਪੜ ਵਿੱਚ, ਕਿਹਾ, ''ਜਿਵੇਂ ਇੱਟਾਂ ਗਲ ਗਈਆਂ ਨੇ ਤੂੰ ਵੀ ਇਵੇਂ ਗਲ ਕੇ ਮਰੇਂਗਾ।'' ਓਹ ਗਿਆ ਮਨਸਾ ਦੇਵੀ ਦੇ ਚਾਲੇ, ਉੱਥੇ ਹੋ ਗਿਆ ਉਹਨੂੰ ਆਤਸ਼ਕ, ਉਹ ਗਲ ਕੇ ਮਰਿਆ—ਆ ਕੇ।

ਸਤਿਗੁਰ ਚਲੇ ਗਏ ਰਾਈਏਂ, ਉੱਥੇ ਜਾ ਕੇ ਖੇਤੀ ਕਰਦੇ ਰਹੇ ਕੁਛ ਚਿਰ। ਫੇਰ ਲਹਿਣਾ ਸਿੰਘ ਹੁਰੀਂ—ਜਿਹੜਾ ਡਰਾਈਵਰ ਲਾਲ ਸਿੰਘ ਹੈ ਇਹਦੇ ਦਾਦੇ—ਇੱਕ ਖੇਮਾ, ਜ਼ਿਮੀਦਾਰ ਦਾ ਨਾਂ ਸੀ, ਇੱਕ ਦਾ ਨਾਂ ਬੁੰਗ ਸੀ, ਇਹ ਤਿੰਨੇ ਜ਼ਿਮੀਂਦਾਰ ਇਕੱਠੇ ਹੋ ਕੇ ਗਏ। ਖੇਮਾ ਉਹ ਜ਼ਿਮੀਂਦਾਰ ਸੀ—ਗੁਰੂ ਹਰੀ ਸਿੰਘ ਜੀ ਦਾ ਤੇ ਖੇਮੇ ਦਾ ਇੱਕੇ ਦਿਨ ਦਾ ਜਨਮ ਸੀ। ਇਹ ਤਿੰਨੇ ਗਏ ਲੈਣ ਵਾਸਤੇ ਜਿਸ ਵੇਲੇ, ਜਾ ਕੇ ਅਰਜ਼ ਕਰੀ, ਤਾਂ ਸਤਿਗੁਰ ਕਹਿੰਦੇ,''ਲਹਿਣਾ ਸਿੰਘਾ ! ਲੈ ਚਲਿਆ ਤਾਂ ਹੈਂ, ਨਿਭਾਵੇਂਗਾ ਵੀ।''

ਲਹਿਣਾ ਸਿੰਘ ਕਹਿੰਦਾ,''ਸੱਚਿਆ ਪਾਤਸ਼ਾਹ ! ਨਿਭਾਉਣ ਵਾਲਾ ਤੂੰ ਹੈਂ, ਇਹ ਮੇਰਾ ਅਖਤਿਆਰ ਨਹੀਂ, ਪਰ ਮੇਰੀਆਂ ਤਿੰਨ ਜਗ੍ਹਾ ਨੇ, ਜਿਹੜੀ ਤੁਹਾਨੂੰ ਚੰਗੀ ਲੱਗੇ ਉਹ ਲੈ ਲਉ।''

ਇਹ ਫਿਰ ਜਿੱਥੇ ਗੁਰਦਵਾਰੇ ਦੇ ਮੰਦਰ ਬਣੇ ਨੇ—ਪਹਿਲਾਂ ਤਬੇਲਾ ਨਹੀਂ ਸੀ ਉਹਦੇ ਵਿੱਚ—ਜਿਥੇ ਮੰਦਰ ਸਤਿਗੁਰਾਂ ਵਾਲਾ ਤੇ ਦਾਣਿਆਂ ਵਾਲਾ ਮੰਦਰ ਹੈ, ਲੰਗਰ ਤੇ ਇਹ ਜਗ੍ਹਾ ਲਹਿਣਾ ਸਿੰਘ ਨੇ ਦਿੱਤੀ। ਸਤਿਗੁਰਾਂ ਇੱਥੇ ਆ ਕੇ ਰਚਨਾ ਰਚੀ—ਇਹ। ਫਿਰ ਸਾਧ-ਸੰਗਤ ਬਹੁਤੀ ਹੋਈ। ਹੁਣ ਤਬੇਲੇ ਦੇ ਰਚਣ ਦਾ ਵੇਲਾ ਆਇਆ ਹੈ, ਸਾਧ ਸੰਗਤ ਵਾਸਤੇ ਜਗ੍ਹਾ ਬਣਾਉਣ ਦਾ। ਉਹ ਸੁਖੂ ਨੰਬਰਦਾਰ ਸੀ, ਜਗ੍ਹਾ ਸ਼ਾਮਲਾਟ ਪਈ ਸੀ।

*ਏਕ ਦਿਵਸ ਸੁਖੂ ਅਯੋ ਸਤਿਗੁਰੁ ਭਾਖਿਓ[੩੪] ਤਾਹਿ।*

ਸੁਖੂ ਇੱਕ ਦਿਨ ਆਇਆ, ਸਤਿਗੁਰਾਂ ਨੇ ਆਖਿਆ।

*ਦਿਹੁ ਧਰਨੀ ਲੰਗਰ ਬਨੈ ਅਸੂ[੩੫] ਤਬੇਲਾ ਜਾਹਿ।।੬।।*

ਜਗ੍ਹਾ ਦੇਹ, ਲੰਗਰ ਵੀ ਬਣਾਈਏ ਤੇ ਘੋੜਿਆਂ ਦਾ ਤਬੇਲਾ ਵੀ ਬਨਾਉਣੈ ਜਿੱਥੇ।

*ਦੋਹਰਾ।। ਅੰਨ ਖਾਹਿ ਨਰ ਸੈਂਕੜੇ ਗਾਡੀ ਊਂਟ ਤੁਰੰਗ[੩੫]।*

ਸੈਂਕੜੇ ਪੁਰਸ਼ ਅੰਨ ਛਕਦੇ ਹਨ ਔਰ ਛਕਣਗੇ, ਘੋੜੇ, ਗੱਡੇ, ਊਠ ਹੋਣਗੇ।

*ਆਵਹਿੰਗੇ ਈਹਾਂ ਚਲੇ ਭੂਮੀ ਥੋੜੀ ਤੰਗ।।੭।।*

ਇਥੇ ਬਹੁਤ ਆਉਣੇ ਹਨ, ਜਗ੍ਹਾ ਤੰਗ ਹੈ।

*ਬੋਲਾ ਸੁਖੂ ਹੰਸ ਕਰ ਸੁਣ ਭਾਈ ਰਾਮਿਆਂ ਬਾਤ।*

ਜ਼ਰਾ ਧਿਆਨ ਦੇਣ ਦੀ ਗੱਲ ਹੈ, ਕਬੀਰ ਜੀ ਨੇ ਇੱਕ ਤੁਕ ਲਿਖੀ ਹੈ, ਕਿ–

**ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ।।**
**ਸੋਈ ਰਾਮੁ ਸਭੈ ਕਹਹਿ ਸੋਈ ਕਉਤਕ ਹਾਰ।।**

*– ਪੰਨਾ–੧੩੭੪*

ਸਾਰੇ ਉਸ ਰਾਮ ਨੂੰ ਕਹਿੰਦੇ ਹਨ—ਉਹੋ ਰਾਮ ਕਉਤਕ ਹਾਰ ਹੈ। ਹੁਣ ਸੁਖੂ ਵੀ ਨਾਉਂ ਲੈਂਦਾ ਹੈ ਅੱਧਾ ਸਤਿਗੁਰਾਂ ਦਾ। ਕਹਿੰਦਾ ਹੈ—ਸੁਣ ਭਾਈ–

*ਪੈਰਾਂ ਉਪਰ ਚਲਾ ਜਾਹੁ ਤੂੰ ਬਾਢੀ ਕੋ ਤਾਤ।।੮।।*

ਪੈਰਾਂ ਸਿਰ ਰਹੁ—ਪੈਰਾਂ ਸਿਰ। ਤੂੰ ਤਰਖਾਣਾ ਦਾ ਮੁੰਡਾ ਹੈਂ।

*ਲੰਗਰ ਘੋੜੇ ਬੈਲ ਕਹਾਂ ਧੈਨ[੩੬] ਗਾਡੀਆਂ ਭੂਰ।*

ਕਿੱਥੇ ਲੰਗਰ, ਕਿੱਥੇ ਘੋੜੇ, ਬੈਲ, ਗੱਡੀਆਂ–

*ਕੋ ਦਿਨ ਕੋ ਇਹ ਚਾਰ ਨਰ ਭੀ ਹੋ ਜਾਸਨ ਦੂਰ।।੯।।*

ਇਹ ਚਾਰ ਆਦਮੀ ਜਿਹੜੇ ਤੇਰੇ ਉਦਾਲੇ ਇਕੱਠੇ ਹੋਏ ਹਨ, ਇਹ ਭੀ ਕੋਈ ਦਿਨ ਹੀ ਹੈ, ਇਹ ਭੀ ਚਲੇ ਜਾਣਗੇ।

*ਮੈ ਭੂਮੀ ਨਹਿ ਦੇਵਣੀ ਸਾਚੀ ਸਾਚੀ ਬਾਤ।*

ਗਲ ਸੱਚੀ ਹੈ, ਮੈਂ ਧਰਤੀ ਨਹੀਂ ਦੇਣੀ।

*ਇਸ ਪੀਛੇ ਲੜ ਮਰਤ ਹੈਂ ਚਚਾ ਭਤੀਜਾ ਭ੍ਰਾਤ।।੧੦।।*

ਇਸ ਪਿੱਛੇ ਜ਼ਿਮੀਦਾਰ ਲੜਕੇ, ਚਾਚਾ, ਭਤੀਜਾ, ਭਰਾ, ਪੁੱਤਰ, ਪਿਉ ਮਰ ਜਾਂਦੇ ਹਨ।

*ਤ੍ਰਿਆ ਧਰਤੀ ਕੋ ਮਾਂਗਬੇ ਸਿਆਣੇ ਨਰ ਕਹਾਂ ਦੇਤ।*

ਸਿਆਣੇ ਪੁਰਸ਼, ਇਸਤਰੀ ਔਰ ਧਰਤੀ ਵੀ ਕਦੀ ਮੰਗੀ ਹੋਈ ਦੇ ਸਕਦੇ ਹਨ ?

*ਡਾਢਾ ਭਾਵੇਂ ਖੋਹ ਲਵੇ ਪ੍ਰਾਣ ਨਿਕਾਸੇ ਖੇਤ।।੧੧।।*

ਡਾਢਾ ਹੀ ਹੈ ਜਿਹੜਾ ਖੋਹ ਲਵੇ, ਜਿਹੜਾ ਪ੍ਰਾਣ ਕੱਢ ਦੇਵੇ।

*ਬੋਲੇ ਗੁਰ ਮੁਸਕਾਇ ਕਰ ਭਾਈ ਸੁਖੂ ਮਾਨ।*

ਸਤਿਗੁਰੂ ਕਹਿੰਦੇ ਨੇ—ਉਹ ਸੁਖੂ ਮੰਨ ਲੈ, ਚੌਧਰੀ।

*ਦੇਹ ਖੁਸ਼ੀ ਸੰਗ ਨਹੀ ਗੁਰ ਡਾਢੇ ਹਤੈਂ*[੩੭] *ਪ੍ਰਾਨ।।੧੨।।*

ਖੁਸ਼ੀ ਨਾਲ ਦੇ ਦੇਵੇਂ ਤਾਂ ਗੱਲ ਚੰਗੀ ਹੈ, ਨਹੀਂ ਡਾਢੇ ਬੜੇ ਨੇ ਸਤਿਗੁਰ—ਪ੍ਰਾਣ ਲੈ ਲੈਂਦੇ ਨੇ।

*ਇਹੁ ਅਕਾਲ ਕਾ ਪੰਥ ਹੈ ਕਬੀ ਨ ਹੋਵੈ ਦੂਰ।*

ਇਹ ਪੰਥ ਅਕਾਲ ਦਾ ਹੈ, ਸਤਿਗੁਰ ਕਹਿੰਦੇ ਸੀ,**''ਮੈਂ ਨੀਂਹ ਪਤਾਲੋਂ ਰੱਖ ਕੇ ਲਿਆਂਦੀ ਹੈ, ਸਾਰੀ ਸ੍ਰਿਸ਼ਟੀ ਇਹਨੂੰ ਜ਼ੋਰ ਲਾ ਲਏ ਭਾਵੇਂ, ਇਹਨੂੰ ਨਹੀਂ ਕੋਈ ਹਟਾ ਸਕਦਾ।''**

ਅੰਗਰੇਜ਼ਾਂ ਨੇ ਆਖ ਦਿੱਤਾ ਸੀ—ਜਿਦਣ ਸਤਿਗੁਰਾਂ ਨੂੰ ਲੈ ਗਏ ਪਰਦੇਸ ਨੂੰ—ਕਹਿੰਦੈ—ਔਰੰਗਜ਼ੇਬ ਬੇਵਕੂਫ ਸੀ, ਜੇ ਓਦਣ ਗੁਰੂ ਗੋਬਿੰਦ ਸਿੰਘ ਨੂੰ ਫੜ ਲੈਂਦਾ ਤਾਂ ਰੌਲਾ ਮੁੱਕ ਜਾਂਦਾ। ਪਰ, ਉਹਨੂੰ ਪਤਾ ਨਹੀਂ ਸੀ ਇਸ ਗੱਲ ਦਾ ਬਈ, ਕੀ ਹੋਣੈ ? ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦੀਆਂ ਖੇਡਾਂ ਹਨ, ਹੋਰ ਕੌਣ ਹੋਵੇ ਜਿਹੜਾ ਉਹਦੇ ਵਰਗਾ ਹੋਵੇ, ਕਿਹਦੀ ਅਸੀਂ ਉਪਮਾ ਦੇ ਸਕੀਏ ? ਇਹ ਅੰਗਰੇਜ਼ ਦਾ ਰਾਜ, ਕੌਣ ਮੰਨ ਸਕਦਾ ਸੀ ਬਈ, ਇਹ ਨਿਕਲ ਜਾਣਗੇ। ਓਹ, ਜਿਨ੍ਹਾਂ ਦੇ ਰਾਜ ਵਿੱਚ ਸੂਰਜ ਨਾ ਛਿਪੇ—ਹੁਣ ਚੜ੍ਹਦਾ ਹੀ ਨਹੀਂ। ਹੁਣ ਜਿੱਥੇ-ਜਿੱਥੇ ਹਨ, ਉੱਥੋਂ ਵੀ ਅਗਲੇ ਕਹਿੰਦੇ ਹਨ—ਚਲੋ-ਚਲੋ ਮਹਾਰਾਜ, ਹੁਣ ਤੁਰੋ।

ਸੇਠ ਹੁਰੀਂ ਤੇ ਅਸੀਂ ਇੱਕ ਵੇਰ ਬੰਬਈ ਗਏ ਸਾਂ, ਸੇਠ ਦਿਆਲ ਸਿੰਘ ਹੁਰੀਂ ਨਾਲ ਸਨ। ਐਸ ਵੇਲੇ ਅਸੀਂ ਚਲੇ ਗਏ ਦੀਵਾਨ ਦਾ ਭੋਗ ਪਾ ਕੇ ਤੇ ਇੰਡੀਆ ਗੇਟ ਜਾ ਦੇਖਿਆ। ਸੱਟ ਵੱਜੀ ਦਿਲ ਵਿੱਚ ਅੰਗਰੇਜ਼ਾਂ ਨੇ ਉਹਦਾ ਨਾ ਇੰਡੀਆ ਗੇਟ ਰੱਖਿਆ—ਬਈ ਅਸੀਂ ਇੱਥੋਂ

ਇੰਡੀਆਂ ਦਾ ਗੇਟ ਬਣਾਕੇ ਉਤਰੇ ਹਾਂ। ਮੇਰੇ ਚਿਤ ' ਚ ਆਇਆ ਬਈ, ਕਿਤੇ ਉਹ ਵੀ ਦਿਨ ਹੋਊ, ਜਿਦਣ ਲੰਦਨ ਜਾ ਸਾਡਾ ਗੇਟ ਬਣੂ। ਮੈਨੂੰ ਸੁਣ ਕੇ ਬੜੀ ਖੁਸ਼ੀ ਹੋਈ, ਹੁਣ ਉਥੇ ਬੰਬਈ ਜਾ ਕੇ ਸੁਣਿਐ—ਬਈ, ਜਿਦਣ ਅੰਗਰੇਜ਼ਾਂ ਨੂੰ ਚੜ੍ਹਾਇਆ ਹੈ ਜਹਾਜ਼, ਓਦਣ ਬਜ਼ਾਰ ' ਚੋਂ ਪੁੱਠੇ ਪੈਰੀਂ ਚੜ੍ਹਾਇਆ ਜਹਾਜ਼ ਤਕ। ਫਿਰ ਧਾਹਾਂ ਮਾਰਦੇ ਰੋਂਦੇ ਗਏ ਜਦੋਂ ਹਿੰਦੁਸਤਾਨੀ ਝੰਡੇ ਨੂੰ ਸਲਾਮੀ ਦਿੱਤੀ ਹੈ। ਉਹਨਾਂ ਨੇ ਆਖਿਐ—ਤੁਸੀਂ ਮੂੰਹ ਕਰਕੇ ਨਹੀਂ ਜਾ ਸਕਦੇ, ਓਧਰ ਨੂੰ ਪਿੱਠ ਕਰਕੇ ਤੁਰੋ। ਜਿਸ ਤਰ੍ਹਾਂ ਆਏ ਸੀ ਉਸੇ ਤਰ੍ਹਾਂ ਹੀ ਪਿਛਲੇ ਪਾਸੇ ਜਹਾਜ਼ ਵਿੱਚ ਚੜ੍ਹਾ ਕੇ ਤੋਰਿਆ।

*ਕੇਤੀ ਝਖ-ਝਖ ਇਨੌਂ ਸੰਗ ਹੁੱਟ ਮਰੈ ਹੁਇ ਧੂਰ।।੧੩।।*

ਇਹ ਸਤਿਗੁਰੂ ਦਾ ਪੰਥ ਹੈ, ਬਥੇਰੀ ਇਹਨਾਂ ਨਾਲ ਝੱਖਾਂ ਮਾਰੇਗੀ, ਆਖੀਰ ਧੂੜ ਹੋ ਜਾਏਗੀ, ਮਰੇਗੀ।

*ਜੈ ਕਾਰਾ ਸੁਨ ਇਨੌ ਕਾ ਸਭ ਕਰ ਹੈਂ ਜੈਕਾਰ।*

ਇਨ੍ਹਾਂ ਦਾ ਜੈਕਾਰਾ ਸੁਣ ਕੇ ਸਾਰੀ ਸ੍ਰਿਸ਼ਟੀ ਤੇ ਜੈਕਾਰ ਹੋਵੇਗੀ।

*ਵਾਦੀ*[੩੮] *ਹੋਇ ਜੋ ਮੂੜ ਜਨ ਇਤ ਉਤ ਹੋਸੀ ਖ੍ਵਾਰ।।੧੪।।*

ਜੋ ਮੂਰਖ ਪੁਰਸ਼ ਇਨ੍ਹਾਂ ਨਾਲ ਝਗੜਾ ਕਰੇਗਾ, ਅਖੀਰ ਨੂੰ ਖੁਆਰ ਹੋ ਕੇ ਮਰੇਗਾ।

*ਸੁਖੂ ਆਖੇ ਚੁਪ ਭਈ ਫੇਰ ਨਾ ਕਹੁ ਇਹ ਬਾਤ।*

ਸੁਖੂ ਕਹਿੰਦੈ—ਚੁੱਪ ਕਰ ਜਾਹ ਬਈ, ਫਿਰ ਨਾ ਮੁੜਕੇ ਇਹ ਗੱਲ ਕਰ੍ਹੀਂ।

*ਮੈਂ ਧਰਤੀ ਨਹਿ ਦੇਵਨੀ ਪੂਰਬ ਰਵਿ ਅਸਤਾਤ*[੩੯]*।।੧੫।।*

ਮੈਂ ਕਦੇ ਧਰਤੀ ਨਹੀਂ ਦੇਣੀ ਭਾਵੇਂ ਸੂਰਜ ਚੜ੍ਹਦੇ ਵਲ ਜਾ ਕੇ ਛਿਪ ਜਾਏ।

*ਗੁਰੂ ਰਾਮ ਸਿੰਘ ਪੁਨ ਕਹਾ ਜੌ ਪ੍ਰਭ ਭਾਣਾ ਹੋਇ।*

ਸਤਿਗੁਰ ਕਹਿੰਦੇ ਨੇ—ਅੱਛਾ ਭਾਈ, ਜੋ ਸਤਿਗੁਰ ਨੂੰ ਭਾਵੇਗੀ, ਹੋਵੇਗੀ।

*ਆਪੇ ਦੇਵੈਗਾ ਤਦੋਂ ਸਮਾਂ ਨਿਕਟਿ ਹੈ ਸੋਇ।।੧੬।।*

ਤੂੰ ਆਪੇ ਆ ਕੇ ਦੇਵੇਂਗਾ, ਸਮਾਂ ਨੇੜੇ ਆਇਆ ਹੋਇਆ ਹੈ।

*ਚੌਪਈ।। ਮਾਨੀ ਸੁਖੂ ਨਾਹਿਨ ਕਹੀ।*

*ਕਛੁਕ ਰੋਸ ਮਨ ਕੀਤਾ ਸਹੀ।*

ਸੁਖੂ ਨੇ ਕਹਿਣਾ ਨਾ ਮੰਨਿਆ, ਦਿਲ 'ਚ ਬੜਾ ਔਖਾ ਹੋਇਆ —ਸਾਡਾ ਕਮੀਨ ਹੋ ਕੇ ਸਾਨੂੰ ਐਨੀਆਂ ਗੱਲਾਂ ਕਰਦਾ ਹੈ।

*ਅੰਤਰਜਾਮੀ ਖੇਲ ਰਚਾਯਾ।*

ਅੰਤਰਜਾਮੀ ਨੇ ਰਚਾਇਆ ਖੇਲ, ਮੌਜ ਦਾ ਜੁ ਮਾਲਕ ਹੋਇਆ, ਸ੍ਰਿਸ਼ਟੀ ਜਿਹਦੇ ਹੁਕਮ 'ਚ ਹੋਈ ਸਾਰੀ।

*ਸੁਰ[੪੦] ਨਰ[੪੧] ਅਸੁਰ[੪੨] ਨ ਜਾਇ ਮਿਟਾਯਾ।।੧੭।।*

ਜਿਹਦੇ ਹੁਕਮ ਨੂੰ, ਨਾ ਦੇਵਤੇ, ਨਾ ਦੈਂਤ, ਨਾ ਮਨੁੱਖ, ਕੋਈ ਨਹੀਂ ਮੋੜ ਸਕਦਾ।

*ਏਕ ਦਿਵਸ ਗਯੋ ਬਾਹਰ ਖੇਤ।*

ਇੱਕ ਦਿਨ ਬਾਹਰ ਖੇਤ ਵਿੱਚ ਗਿਆ ਸੁਖੂ।

*ਦੇਖਨ ਹਿਤ ਕਰ ਹੋਇ ਸੁਚੇਤ।*

ਖੇਤ ਦੇਖ ਕਰ ਕੇ ਜੰਗਲ ਬੈਠਾ।

*ਪਕੜ ਸ਼ਹੀਦਾਂ ਕੀਨੀ ਮਾਰ।*

ਲੱਗ ਪਏ ਕੁੱਟਣ ਸ਼ਹੀਦ।

*ਊਚੀ ਰੋਵੈ ਕਰੈ ਪੁਕਾਰ।।੧੮।।*

ਉੱਚੀ-ਉੱਚੀ ਰੋਂਦੈ, ਬੁਹੜੀਆਂ ਪਾਉਂਦੈ,''ਮੈਂ ਮਰ ਗਿਆ, ਬਹੁੜੋ, ਮੈਨੂੰ ਬਚਾਓ।''

*ਦ੍ਰਿਸ਼ਟਿ ਨ ਪਰੈ ਮਾਰਤਾ ਕੋਈ।*

ਦੀਂਹਦਾ ਕੋਈ ਨਹੀਂ ਮਾਰਦਾ।

*ਮੈ ਮਾਰਿਯੋ ਕਹਿ ਗਿਰਿਓ ਸੋਈ।*

ਕਹਿੰਦੈ,''ਹਾਇ ਮੈਂ ਮਰ ਗਿਆ।'' ਕਹਿ ਕੇ, ਡਿੱਗ ਪਿਆ ਧਰਤੀ ਉੱਤੇ।

*ਆਏ ਨਿਕਟੀ ਖੇਤਾਂ ਵਾਲੇ।*

ਨੇੜੇ ਦੇ ਖੇਤਾਂ ਵਾਲੇ ਆਏ।

*ਦੇਖਾ ਪੜਾ ਬਿਸੁਧ ਬਿਹਾਲੇ।।੧੯।।*

ਦੇਖਿਆ ਕਿ ਬੇਹੋਸ਼ ਪਿਆ ਹੈ।

*ਦੀਸੈ ਨਹੀਂ ਸ਼ਹੀਦ ਅਲੋਪ।*

ਸ਼ਹੀਦ ਦਿਸੇ ਨਹੀਂ, ਉਹ ਅਲੋਪ ਹੋ ਗਏ।

*ਚੋਟਨ ਦਾਗ ਲਗੇ ਬਡ ਕੋਪ[੪੩]।*

ਸੱਟਾਂ ਲੱਗੀਆਂ ਹੋਈਆਂ, ਨੀਲ ਪਏ ਹੋਏ, ਦਿਸਦੇ ਹਨ।

*ਬੋਲੇ ਨਹੀਂ ਨ ਕੋ ਤਿਸ ਹੋਸ਼।*

ਨਾ ਬੋਲਦਾ ਹੈ, ਨਾ ਹੋਸ਼ ਰਹੀ ਹੈ।

*ਮੰਜੀ ਪਰ ਚੁਕ ਲਿਆਏ ਓਸ।।੨੦।।*

ਚੁੱਕ ਲਿਆਂਦਾ-ਮੰਜੀ ਉੱਤੇ ਪਾ ਕੇ।

*ਸੁਖੂ ਮਾਤ ਦੇਖਿਓ ਜਬੈ।*

ਸੁਖੂ ਦੀ ਮਾਂ ਨੇ ਜਿਸ ਵੇਲੇ ਦੇਖਿਆ।

*ਉਚੇ ਸੁਰ ਰੋਦਤ[੪੪] ਭੀ ਤਬੈ।*

ਲੱਗੀ ਉੱਚੀ-ਉੱਚੀ ਰੋਣ।

*ਸੁਤ ਕੇ ਮੁਖ ਸੇ ਝਾੜਤ ਧੂੜ।*

ਪੁੱਤਰ ਦੇ ਮੂੰਹ ਤੋਂ ਧੂੜ ਝਾੜਦੀ ਹੈ।

*ਹੇ ਸੁਤ ਮੇਰਾ ਜੀਵਨ ਕੂੜ।।੨੧।।*

ਕਹਿੰਦੀ ਹੈ,''ਹੇ ਪੁੱਤਰ, ਜੇ ਤੂੰ ਮਰ ਗਿਆ ਤੇ ਮੇਰਾ ਜੀਊਣਾ ਭੀ ਝੂਠ ਹੈ—ਇਸ ਦੁਨੀਆਂ 'ਚ।''

*ਬੋਲ ਮੁਖੋਂ ਇਕ ਵਾਰ ਤਾਂ ਪੁਤਰ।*

ਹੇ ਪੁਤਰ ਇੱਕ ਵੇਰੀ ਤਾਂ ਬੋਲ ਮੂੰਹੋਂ।

*ਰਹੀ ਬੁਲਾਇ ਨ ਦੇਵੇ ਉਤਰ।*

ਮੈਂ ਬਥੇਰਾ ਬੁਲਾ ਰਹੀ ਹਾਂ, ਤੂੰ ਕੋਈ ਉੱਤਰ ਨਹੀਂ ਦੇਂਦਾ।

*ਥੀ ਉਸ ਕੋ ਇਹ ਬਾਤ ਮਲੂਮ।*

ਉਸ ਨੂੰ ਵੀ ਇਸ ਗੱਲ ਦਾ ਪਤਾ ਸੀ।

*ਰਾਮ ਸਿੰਘ ਮਾਂਗੀ ਕਿਛ ਭੂਮਿ।*

ਸਤਿਗੁਰਾਂ ਨੇ ਇਹਦੇ ਕੋਲੋਂ ਧਰਤੀ ਮੰਗੀ ਸੀ।

*ਉਹ ਹੈ ਸੰਤ ਰੂਪ ਪਰਤਾਪੀ।*

ਉਹ ਸੰਤ ਰੂਪ ਹੈ, ਪਰਤਾਪ ਵਾਲਾ ਹੈ। ਜਿੰਨਾ-ਜਿੰਨਾ ਕਿਸੇ ਨੂੰ ਜਣਾਉਂਦਾ ਹੈ, ਉਹ ਓਨਾਂ-ਓਨਾਂ ਹੀ ਜਾਣਦਾ ਹੈ। ਆਕਾਸ਼ ਇੱਕ ਐਸੀ ਚੀਜ਼ ਹੈ, ਜਿਹਦੇ 'ਚ ਕੋਈ ਜਿੰਨਾ ਉੱਡਦਾ ਹੈ ਉਹਨੂੰ ਉਨਾਂ ਹੀ ਪਤਾ ਹੈ। ਕੋਹ ਉੱਚਾ ਹੈ, ਦੋ ਕੋਹ ਉੱਚਾ ਹੈ, ਜਹਾਜ਼ਾਂ ਵਾਲੇ ਜਿੱਥੋਂ ਤਕ ਗਏ ਪਰ ਬੇਅੰਤ ਦਾ ਪਤਾ ਨਹੀਂ। ਇਸ ਤਰ੍ਹਾਂ ਸਰਿਸ਼ਟੀ ਵਿੱਚ ਲੋਕ, ਕੋਈ ਭਾਈ ਜੀ ਕਹਿ ਕੇ, ਕੋਈ ਸੰਤ ਜੀ ਕਹਿ ਕੇ, ਕੋਈ ਮਹਾਰਾਜ ਕਹਿ ਕੇ, ਕੋਈ ਸਤਿਗੁਰ ਕਹਿ ਕੇ, ਕੋਈ ਅਕਾਲ ਪੁਰਖ ਕਹਿ ਕੇ......।

ਇੱਕ ਦਿਨ ਬਚਨ, ਹਰਨਾਮ ਸਿੰਘ ਹੁਰੀਂ ਛੂਤੀਏ, ਕਿਸ਼ਨ ਸਿੰਘ ਹੁਰਾਂ ਦੇ ਭਰਾ ਲੱਗੇ ਸੁਣਾਉਣ। ਸਤਿਗੁਰ ਕਹਿੰਦੇ ਨੇ,**''ਜੇ ਤਾਂ ਕੋਈ ਮੈਨੂੰ ਯਾਰ ਕਰਕੇ ਕਲਪੂ—ਤਾਂ ਮੈਂ ਉਹਦੀ ਕੁਲ ਵਿਚ ਯਾਰੀ ਕਰ ਦੇਊਂ; ਜੇ ਮੈਨੂੰ ਕੋਈ ਚੋਰ ਕਰਕੇ ਕਲਪੂ—ਤੇ ਉਹਨੂੰ ਚੋਰੀ ਕਰ ਦੇਊਂ ਉਹਦੀ ਕੁਲ ਵਿੱਚ; ਜੇ ਮੈਨੂੰ ਕੋਈ ਸੰਤ ਜਾਣ ਕੇ ਕਲਪੂ ਤਾਂ—ਸੰਤ ਕਰ ਦੇਊਂ; ਜੇ ਮੈਨੂੰ ਕੋਈ ਗੁਰੂ ਜਾਣ ਕੇ ਕਲਪੂ ਤਾਂ ਉਹਦਾ ਪਾਰ ਉਤਾਰਾ ਕਰ ਦੇਊਂ—ਤੇ ਅਕਾਲ ਪੁਰਖ ਮੈਂ ਹਾਂ ਈ।''** ਹੁਣ ਇਹ ਬਚਨ ਮਨੁੱਖ ਨੂੰ ਕਿਸ ਤਰ੍ਹਾਂ ਦੱਸੀਏ, ਜਿੰਨੀ-ਜਿੰਨੀ ਕਿਸੇ ਨੂੰ ਸਮਝ ਹੈ।

ਇਹਦੇ ਤੇ ਇੱਕ ਪ੍ਰਮਾਣ ਦੇਣ ਲੱਗਾ ਹਾਂ। ਇੱਕ ਜੌਹਰੀ ਸੀ। ਸੰਤਾਂ ਧਿਆਨ ਸਿੰਘ ਹੁਰਾਂ ਹੀ ਬਚਨ ਸੁਣਾਇਆ—ਉਹ ਜਿਹੜਾ ਜੌਹਰੀ ਸੀ ਨ ਉਸਨੇ ਵਪਾਰ ਕਰਦਿਆਂ-ਕਰਦਿਆਂ ਇੱਕ ਚਾਲੀ ਹਜ਼ਾਰ ਰੁਪਏ ਤੋਂ ਹੀਰਾ ਲਿਆ, ਲੈ ਕੇ ਥੰਮ ਦੇ ਵਿੱਚ ਇੱਕ ਆਲਾ ਬਣਾ ਕੇ ਉਹਦੇ 'ਚ ਰੱਖ ਦਿੱਤਾ। ਬਿਰਧ ਹੋ ਗਿਆ ਤੇ ਘਰਦਿਆਂ ਨੂੰ ਆਖਣ ਲੱਗਿਆ—ਲਉ ਬਈ, ਜੇ ਬਿਲਕੁਲ ਤੁਹਾਨੂੰ ਦੁੱਖ ਬੜਾ ਹੋਵੇ ਤਾਂ ਇਹਨੂੰ ਛੇੜਿਓ, ਨਹੀਂ ਇਹਨੂੰ ਨਾ ਛੇੜਿਓ ਹੀਰੇ ਨੂੰ। ਉਹ ਚੜ੍ਹ ਗਿਆ। ਹੌਲੀ-ਹੌਲੀ ਘਰ ਦਾ ਕੰਮ ਘਟਦਾ ਗਿਆ। ਤਾਂ, ਮਾਈ ਨੇ ਆਖਿਆ, ਉਹਨੂੰ—ਪੁੱਤਰ ਨੂੰ,''ਲੈ

ਆਹ ਹੀਰਾ ਲੈ ਜਾ, ਤੇ ਜਾ ਕੇ ਦੇਹ ਚਾਚੇ ਨੂੰ, ਉਹਨੂੰ ਕਹੁ ਸਾਨੂੰ ਕੁਛ ਦੇਵੇ।''

ਉਹ ਜਿਸ ਵੇਲੇ ਹੀਰਾ ਲੈ ਕੇ ਚਾਚੇ ਕੋਲ ਗਿਆ, ਚਾਚਾ ਸਿਆਣਾ ਸੀ, ਚਾਚੇ ਦੇਖਿਆ ਹੀਰਾ ਤਾਂ ਹੈ ਝੂਠਾ। ਜੇ ਮੈਂ ਅੱਜ ਇਹਨੂੰ ਝੂਠਾ ਹੀਰਾ ਕਹਿ ਦਿਆਂ ਤਾਂ ਇਹ ਤਾਂ ਆਖਣਗੇ,''ਬਸ, ਪਿਉ ਸਾਡਾ ਮਰ ਗਿਐ ਹੁਣ ਸਾਨੂੰ ਲੁੱਟਣਾ ਚਾਹੁੰਦਾ ਹੈ।'' ਓਨ੍ਹੇ ਆਖਿਆ,''ਬੱਚਾ ਇਹ ਨਹੀਂ ਗੱਲ ਠੀਕ, ਹੀਰਾ ਲੈ ਜਾ, ਆਪਣੇ ਘਰ ਲਿਜਾ ਕੇ ਰੱਖ, ਜਿਹੜਿਆਂ ਪੈਸਿਆਂ ਦੀ ਲੋੜ ਹੈ ਸੌ ਪੰਜਾਹ ਮੇਰੇ ਕੋਲੋਂ ਲੈ ਜਾਹ, ਤੂੰ ਮੇਰੇ ਨਾਲ ਆ ਕੇ ਕੰਮ ਸਿੱਖ, ਮੇਰੇ ਕੋਲ ਬੈਠਿਆ ਕਰ।'' ਸਿਖਾਇਆ ਕੰਮ। ਸਿੱਖਦਿਆਂ-ਸਿੱਖਦਿਆਂ ਜਦੋਂ ਹੀਰੇ ਦੀ ਪਰਖ ਹੋਈ, ਸਮਝ ਲਿਆ ਬਈ, ਮੁੰਡਾ ਤਾਕ ਹੋ ਗਿਐ, ਕਹਿੰਦਾ,''ਜਾਹ ਬੱਚਾ ਹੁਣ ਹੀਰਾ ਲਿਆ ਓਹ—ਘਰੋਂ।''

ਉਹ ਜਿਸ ਵੇਲੇ ਹੀਰਾ ਲੈ ਕੇ ਆਇਆ, ਓਹਨੇ ਰਾਹ 'ਚ ਖੋਲ੍ਹਿਆ, ਉਹ ਆ ਕੇ ਕਹਿੰਦੈ,''ਚਾਚਾ, ਬਾਪੂ ਤਾਂ ਭੁੱਲ ਗਿਆ, ਹੀਰਾ ਤਾਂ ਝੂਠਾ ਹੈ''। ਅੱਖਾਂ ਹੋ ਗਈਆਂ, ਦਿਸ ਪਿਆ।

**ਨਾਨਕ ਸੇ ਅਖੜੀਆਂ[੪੫] ਬਿਅੰਨਿ[੪੬]**
**ਜਿਨੀ ਡਿਸੰਦੋ[੪੭] ਮਾ ਪਿਰੀ[੪੮]।।**

*– ਵਡਹੰਸ ਮ:੫, ਪੰਨਾ-੫੭੭*

ਓਨ੍ਹੇ ਆਖਿਆ,''ਬੱਚਾ ਜੇ ਮੈਂ ਤੈਨੂੰ ਓਦਣ ਕਹਿ ਦੇਂਦਾ ਬਈ ਹੀਰਾ ਝੂਠਾ ਹੈ..........।'' ਤੁਹਾਡੇ ਨਾਲ ਕੀ ਕੁਛ ਹੋਇਆ ਹੁਣ ਤਕ—ਓਏ ਕੂਕੇ ਪਾਗਲ ਹੋਏ; ਓਏ ਛੱਡ ਕੇ ਮੁਲਕ ਭੱਜ ਗਏ; ਓਏ ਭਗੌੜੇ; ਓਏ ਉੱਥੇ ਕੂਕੇ ਬਹੁਤੇ ਸਾਰੇ ਇੱਕ ਗੁਫਾ 'ਚ ਵੜੇ, ਉਹ ਗੁਫਾ ਹੀ ਡਿੱਗ ਪਈ, ਉਹ ਸਾਰੇ ਹੀ ਮਰ ਗਏ—ਇਹੋ ਜਿਹੀਆਂ ਗੱਲਾਂ ਲੋਕ ਲੱਗੇ ਕਰਨ। ਜਿਹੜੇ ਵੱਡੇ ਹਥਿਆਰਾਂ ਵਾਲੇ, ਵੱਡੇ ਸਮਾਨ ਵਾਲੇ, ਜਿਨ੍ਹਾਂ ਨੇ ਪਿੰਡਾਂ ਵਿੱਚ ਤੋਪਾਂ ਰੱਖੀਆਂ ਲਿਆ ਕੇ, ਦੁੰਮਾਂ ਲਪੇਟ ਕੇ ਭੱਜੇ, ਕੁੜੀਆਂ ਦੇ ਕੇ ਭੱਜੇ, ਅਜੇ ਤਕ ਵੀ ਨਹੀਂ ਮੁੜੀਆਂ ਕਈਆਂ ਦੀਆਂ।

ਹੋਸ਼ ਆਈ, ਬਈ ਜੋ ਸਤਿਗੁਰਾਂ ਕਿਹਾ ਸੀ ਸੱਚ ਹੈ। ਇਸੇ ਤਰ੍ਹਾਂ

ਜੌਹਰੀ ਦੀ ਪਛਾਣ, ਸਤਿਗੁਰਾਂ ਦੀ ਜਿਹੜੀ ਗੱਲ ਹੈ, ਓਸ ਨੂੰ ਹਰ ਇੱਕ ਆਦਮੀ ਨੂੰ ਨਹੀਂ ਨ ਪਤਾ ਜਿੰਨਾ ਚਿਰ ਲੱਗਦਾ, ਓਨਾ ਚਿਰ ਕੀ ਕਰੇ। ਉਹਨੂੰ ਕੀ ਪਤਾ ਹੈ—ਉਹ ਰੌਲਾ ਪਾਉਣ ਵਾਲੇ ਨੂੰ—ਹੁਣ ਕੀ ਬਣਿਆ ਹੈ ? ਹੁਣ ਅਸੀਂ ਕਿਸੇ ਨੂੰ ਕੀ ਆਖੀਏ—ਸਾਡਾ ਕੀ ਬਣਿਆ ਹੈ ? ਕਿਸੇ ਨੂੰ ਕਹਿਣ ਦੀ ਲੋੜ ਨਹੀਂ। ਸਤਿਗੁਰਾਂ ਨੇ ਰੰਗੂਨੋਂ ਹੁਕਮਨਾਮੇ 'ਚ ਲਿਖਿਐ,**''ਭਾਈ ਕਾਮ ਕ੍ਰੋਧ ਨੂੰ ਛੁੱਟੀ ਦੇ ਦਿੱਤੀ ਹੈ, ਜਿਹਦੇ ਕੋਲ ਦੋ ਬੌਲਦਾਂ ਦੀ ਵਾਹੀ ਹੈ, ਓਹ ਇੱਕ ਬੌਲਦ ਦੀ ਕਰ ਲਵੇ, ਜਿਹੜਾ ਦੋ ਹਲਾਂ ਵਾਲਾ—ਇੱਕ ਦੀ ਕਰ ਲਏ, ਭਜਨ ਬਾਣੀ ਬਹੁਤਾ ਕਰੋ, ਕੰਮ ਥੋੜਾ ਕਰੋ।''**

ਹੁਣ ਅਸੀਂ, ਕੋਈ-ਕੋਈ ਸਰੀਰ—ਅੱਗੇ ਪਿੱਛੇ ਦੀ ਗੱਲ ਨਹੀਂ—ਉਹ ਹੁਣ ਵੀ ਦੀਵਾਨ 'ਚ ਨਹੀਂ ਆਉਂਦੇ। ਫਿਰ ਹੁਣ ਅਸੀਂ ਇਹ ਸਤਿਗੁਰੂ ਰਾਮ ਸਿੰਘ ਦੇ ਹੁਕਮ ਨੂੰ ਮੰਨਦੇ ਹਾਂ ? ਪੱਗਾਂ ਵੀ ਬੱਧੀਆਂ ਹੋਈਆਂ ਨੇ, ਦਾੜ੍ਹੀਆਂ ਵੀ—ਕਹਾਉਂਦੇ ਵੀ ਉਹਦੇ ਹਾਂ, ਕਹਿੰਦੇ ਵੀ, ਉਹਦਾ ਨਾਂ ਵੀ ਲੈਂਦੇ ਹਾਂ, ਫੇਰ ਜੋ ਹੁਕਮ ਉਹਨਾਂ ਦਾ—ਵਿਹਾਰ ਘੱਟ ਕੀਤਾ ਹੈ ?

ਇਹ ਕੁਦਰਤੀ ਚੀਜ਼ ਹੈ, ਜਿੰਨਾਂ ਪਸਾਰਾ ਜ਼ਿਆਦਾ ਵਧਦਾ ਹੈ ......। ਹੁਣ ਮੈਂ ਫਿਰ ਸਾਰਿਆਂ 'ਚ ਹੀ ਅਰਜ਼ ਕਰਦਾ ਹਾਂ ਕਿ ਹੁਣ ਤੁਹਾਨੂੰ ਕੁਝ ਚਿਰ ਵਾਸਤੇ ਵਧਾਉਣਾ ਨਹੀਂ ਵਿਹਾਰ ਚਾਹੀਦਾ, ਜਿੱਥੇ ਖਲੋਤੇ ਹੋ, ਖਲੋਤੇ ਰਹੋ। ਜੇ ਕੁਛ ਕਰ ਸਕਦੇ ਹੋ ਤੇ ਕੁਛ ਚਾਰ ਪੈਸੇ ਕੋਲ ਰੱਖੋ। ਕੋਈ ਪਤਾ ਨਹੀਂ, ਸਮਾਂ ਕਿਹੜੇ ਰਸਤੇ ਨੂੰ ਜਾਂਦਾ ਹੈ, ਕੀ ਕਰੇਗਾ। ਮੈਂ ਦੋ ਚਹੁੰਆਂ ਨਾਲ ਕਰੀ, ਮਗਰੋਂ ਕਈ ਊਂਈ ਆਖਣਗੇ ਕਿ ਉਹਨਾਂ ਨਾਲ ਹੀ ਬੋਲਦਾ ਚਾਲਦਾ ਹੈ, ਸਾਡੇ ਨਾਲ ਨਹੀਂ ਇਹ ਗੱਲ ਕਰਦਾ। ਤਾਂ, ਹੁਣ ਐਥੇ ਕੋਈ ਵੀ ਨਹੀਂ ਜਿਹੜਾ ਨਹੀਂ ਬੈਠਾ, ਪੰਜਾਂ ਵਾਲੇ ਨੂੰ ਪੰਜ ਰੱਖ ਲੈਣੇ ਚਾਹੀਦੇ, ਦਸਾਂ ਵਾਲੇ ਨੂੰ ਦਸ, ਹਜ਼ਾਰ ਵਾਲੇ ਨੂੰ ਹਜ਼ਾਰ, ਲੱਖਾਂ ਕਰੋੜਾਂ ਵਾਲੇ ਨੂੰ ਲੱਖਾਂ ਕਰੋੜਾਂ ਸਾਂਭਣ। ਵਿਹਾਰ ਨਾ ਬੰਦ ਕਰਨ ਲੇਕਿਨ ਇੱਕ ਸਮਾਂ ਆ ਰਿਹਾ ਹੈ, ਇਹ ਮੈਨੂੰ ਨਹੀਂ ਪਤਾ ਕਿਹੜੀ ਤਰੀਕ ਨੂੰ ਆਉਂਦਾ ਹੈ, ਕਿਹੜੇ ਦਿਨ ਆਉਂਦਾ ਹੈਂ, ਲੇਕਿਨ ਉਹਨੇ ਆਉਣਾ ਹੈ ਜ਼ਰੂਰ। ਸਾਰੀ

ਸ੍ਰਿਸ਼ਟੀ ਉਲਟ ਜਾਏ ਤਾਂ ਉਲਟ ਜਾਏ, ਇਹ ਨਹੀਂ ਹੋ ਸਕਦਾ ਉਹ ਨਾ ਆਵੇ। ਅਕਾਲ ਪੁਰਖ ਦਾ ਹੁਕਮ ਹੈ, ਉਹਨੂੰ ਕੋਈ ਨਹੀਂ ਮੋੜ ਸਕਦਾ। ਉਹਦੇ ਵਾਸਤੇ ਧਿਆਨ ਦਿਉ। ਇੱਕ ਦੂਏ ਤੇ ਚਿੱਕੜ ਸੁੱਟਣ ਤੇ ਲੱਕ ਨਾ ਬੰਨਿਆ ਕਰੋ। ਮੈਂ ਫਿਰ ਅਰਜ਼ ਕਰਾਂਗਾ ਬਈ ਆਹ ਤਮਾਸ਼ੇ ਵੇਖਣੇ, ਇੱਲਤਾਂ ਕਰਨੀਆਂ, ਦੀਵਾਨ 'ਚ ਬਹਿ ਕੇ ਨੌਜਵਾਨ ਮੁੰਡੇ—ਮੈਂ ਵੇਖਦਾ ਕਈਆਂ ਦਿਨਾਂ ਦਾ, ਮੈਂ ਨਾਂ ਨਹੀਂ ਲੈਂਦਾ ਕਿਸੇ ਦਾ—ਹੱਸਦੇ ਹਨ। ਉਹਨਾਂ ਨੂੰ ਧਿਆਨ ਰੱਖਣਾ ਚਾਹੀਦੈ। ਸਾਧ-ਸੰਗਤ ਵਿੱਚ ਆ ਕੇ, ਬੈਠ ਕੇ—ਪਾਣੀ ਦੀ ਮਾਰੀ ਖੇਤੀ ਫਿਰ ਨਹੀਂ ਬਚਦੀ, ਅਤਿ ਲੋ ਦੀ ਮਾਰੀ ਹੋਈ, ਧੁੱਪ ਦੀ ਮਾਰੀ ਹੋਈ ਪਾਣੀ ਬਚਾ ਜਾਂਦੈ। ਧਿਆਨ ਰਖੋ, ਅਰਦਾਸ ਕਰੋ ਰੋਜ਼ ਸਤਿਗੁਰਾਂ ਕੋਲ,''ਸੱਚੇ ਪਾਤਸ਼ਾਹ ! ਸਾਂਗ ਦੇ ਸਮੇਂ ਹੱਥ ਦੇ ਕੇ ਰੱਖ, ਸਿਦਕ ਦਾ ਦਾਨ ਦੇਹ, ਸਾਨੂੰ ਬਖਸ਼, ਸਾਡੀ ਕੋਈ ਵਾਹ ਨਹੀਂ।''

ਤਾਂ, ਮਾਂ ਨੂੰ ਪਤਾ ਸੀ ਕਿ ਸੁਖੂ ਤੋਂ ਸਤਿਗੁਰਾਂ ਨੇ ਜ਼ਮੀਨ ਮੰਗੀ ਹੈ। ਓਹ ਹੁਣ ਸੰਤ ਜਾਣਦੀ ਹੈ। ਦੂਜੀ ਕੀ ਗੱਲ—ਗੁਰੂ ਅੰਗਦ ਜੀ ਦੇ ਕੋਲ ਬਾਲਾ ਜੀ ਸਾਖੀ ਲਿਖਾਉਂਦੇ-ਲਿਖਾਉਂਦੇ ਕਹਿੰਦੇ ਨੇ,''ਅੰਗਦ ਜੀ ਸਾਰੀ ਉਮਰ ਗੁਰੂ ਨਾਨਕ ਦੇ ਨਾਲ ਰਹੇ, ਬਚਨ ਵੀ ਕੋਈ ਨਹੀਂ ਮੋੜਿਆ, ਗੁਰਿਆਈ ਤੁਹਾਨੂੰ ਦੇ ਗਏ।''

ਤਾਂ, ਗੁਰੂ ਅੰਗਦ ਜੀ ਇਹ ਕਹਿੰਦੇ ਨੇ,''ਬਾਲਿਆ ਕੀ ਜਾਤਾ ਤੂੰ ਗੁਰੂ ਨਾਨਕ ਨੂੰ।''

ਬਾਲਾ ਕਹਿੰਦਾ ਹੈ,''ਮੈਂ ਪੂਰਨ ਸੰਤ।''

ਕਹਿੰਦੇ,''ਤੈਨੂੰ ਫਿਰ ਪੂਰਨ ਸੰਤ ਬਣਾ ਦਿੱਤਾ, ਅਸਾਂ ਉਸਨੂੰ ਅਕਾਲ ਪੁਰਖ ਜਾਣਿਆ—ਅਕਾਲ ਪੁਰਖ ਬਣਾ ਦਿੱਤਾ।''

ਬਾਣੀ ਵਿੱਚ ਤੁਕ ਲਿਖੀ ਹੈ-

**ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ।।**
**ਏਹੁ ਸਹਸਾ[੪੯] ਮੂਲੇ[੫੦] ਨਾਹੀ ਭਾਉ ਲਾਏ ਜਨੁ ਕੋਇ।।**

*- ਸਿਰੀ ਰਾਗ ਮ:੩, ਪੰਨਾ-੩੦*

ਜਿਹੋ ਜਿਹਾ ਕੋਈ ਜਾਣਦਾ ਹੈ, ਉਨਾ ਹੀ ਸੁਖ ਹੁੰਦਾ ਹੈ।

*ਉਹ ਹੈ ਸੰਤ ਰੂਪ ਪਰਤਾਪੀ।*

*ਕਹਿਓ ਤਿਹ ਦੇਵੈਂ ਧਰ ਆਪੀ।*

ਉਸਨੇ ਆਖਿਆ ਸੀ ਨ, ਸੁਖੂ ਤੂੰ ਆਪੇ ਹੀ ਆ ਕੇ ਫਿਰ ਦੇਵੇਂਗਾ, ਦਿਨ ਥੋੜੇ ਹੀ ਹਨ।

*ਮੇਰੇ ਸੁਤ ਤਿਸ ਕਹੀ ਨਾ ਮਾਨੀ।*

ਮੇਰੇ ਪੁੱਤਰ ਨੇ ਕਹਿਣਾ ਨਹੀਂ ਮੰਨਿਆ।

*ਅਬ ਹੋਯੋ ਮਛੀ ਬਿਨ ਪਾਨੀ।।੨੩।।*

ਹੁਣ ਮੇਰੇ ਪੁੱਤਰ ਦੀ ਹਾਲਤ ਐਸੀ ਹੋ ਗਈ ਜਿਵੇਂ ਪਾਣੀ ਤੋਂ ਬਗੈਰ ਮੱਛੀ ਹੈ।

*ਮਾਂਗੀ ਥੋਰੀ ਦੀਨੀ ਨਾਹੀ।*

ਥੋੜੀ ਮੰਗੀ ਵੀ ਨਹੀਂ ਦਿੱਤੀ।

*ਪਾਇਓ ਏਤਾ ਦੁਖ ਇਨ ਤਾਹੀ।*

ਤਾਂਹੀ ਇਹਨੇ ਏਡਾ ਦੁੱਖ ਪਾਇਆ ਹੈ।

*ਸਿਆਣੀ ਥੀ ਤਿਨ ਸਮਝੀ ਬਾਤ।*

ਉਹ ਸਿਆਣੀ ਸੀ, ਉਹਨੇ ਸਮਝਿਆ।

*ਭੂਮੀ ਕਾਮ ਕਹਾਂ ਬਿਨ ਤਾਤ।।੨੪।।*

ਜੇ ਮੇਰਾ ਪੁੱਤਰ ਨਾ ਰਹਿਆ, ਧਰਤੀ ਮੇਰੇ ਕਿਸ ਕੰਮ ਆਉਣੀ ਹੈ।

*ਏਕ ਪੁਤਰ ਏਹੀ ਗ੍ਰਿਹਿ ਮੇਰੇ।*

ਇੱਕੋ ਹੀ ਮੇਰੇ ਘਰ ਇਹ ਪੁੱਤਰ ਹੈ।

*ਯਾ ਬਿਨ ਪ੍ਰਾਨ ਨਸੈਂ ਬਿਨ ਦੇਰੇ।*

ਮੇਰੇ ਪ੍ਰਾਣ ਨਿਕਲ ਜਾਣਗੇ ਇਸ ਤੋਂ ਬਗੈਰ।

*ਯੌਂ ਪ੍ਰੇਰਕ ਤਾਕੋ ਚਿਤਵਈ।*

ਸਤਿਗੁਰਾਂ ਨੇ ਪ੍ਰੇਰਿਆ ਉਹਨੂੰ, ਚਿਤਵਿਆ ਓਹਨੇ।

*ਰੋਦਤ ਸੁਤ ਕੀ ਮੰਚ ਉਠ੍ਹਾਈ।।੨੫।।*

ਨਾਲੇ ਰੋਂਦੀ ਹੈ ਨਾਲੇ ਪੁੱਤਰ ਦੀ ਮੰਜੀ ਚੁੱਕੀ ਹੈ।

*ਗੁਰੂ ਰਾਮ ਸਿੰਘ ਕੇ ਗ੍ਰਿਹਿ ਆਈ।*

ਸਤਿਗੁਰਾਂ ਦੇ ਦਰਵਾਜੇ ਤੇ ਆਉਂਦੀ ਹੈ।

*ਉਚੀ ਧੁਨ ਰੋਤੀ ਬਿਲਲਾਈ।*

ਰੋਂਦੀ ਹੈ ਉੱਚੀ-ਉੱਚੀ।

*ਅੰਤਰਜਾਮੀ ਸਭ ਗਤਿ ਜਾਨੀ।*

ਅੰਤਰਜਾਮੀ ਤਾਂ ਸਭ ਕੁਛ ਜਾਣਦੈ। ਉਹ ਢਾਢੀ ਕਹਿੰਦਾ ਸੀ, ''ਕੋਹ ਦੇ ਤੁਰੇ ਨੂੰ ਕੋਹ ਦੀ ਖਬਰ, ਦੋ ਕੋਹ ਦੇ ਤੁਰੇ ਨੂੰ ਦੋ ਕੋਹ ਦੀ ਖਬਰ, ਤੈਨੂੰ ਸਮੁੰਦਰਾਂ ਤੇ ਕੰਧਾਰਾਂ ਦੀ ਖਬਰ।''

ਇਹ ਇੱਕ ਸੋਚਣ ਵਾਲੀ ਲੋੜ ਹੈ। ਅਸੀਂ ਜਦੋਂ ਸ੍ਰਿਸ਼ਟੀ ਦੀ ਰਚਨਾਂ ਵਲ ਜਾਂ ਲੋਕਾਂ ਦੇ ਆਗੂਆਂ ਵੱਲ ਵੇਖਦੇ ਹਾਂ, ਤਾਂ ਫਿਰ ਉੱਥੇ ਆ ਕੇ ਪਤਾ ਲੱਗ ਜਾਂਦੈ—ਗੁੱਸਾ ਕੋਈ ਨਾ ਕਰੇ—ਵਿਚਾਰੇ, ਸੋਚੇ, ਜਿੰਨੀ-ਜਿੰਨੀ ਕਿਸੇ ਨੂੰ ਪ੍ਰਾਪਤੀ ਹੋਈ। ਕਹਿੰਦੇ ਨੇ—ਅਯੁੱਧਿਆ ਨਗਰੀ ਰਾਮ ਚੰਦਰ ਜੀ ਨੇ ਉੱਧਾਰੀ। ਹੈ ਓਹੋ ਹੀ—ਕਦੇ ਕਿਸੇ ਰੂਪ 'ਚ, ਕਦੇ ਕਿਸੇ ਰੂਪ 'ਚ। ਮੁਸਲਮਾਨਾਂ ਨੇ ਕਿਹਾ, ''ਮੈਂ ਉੱਮਤ ਢਾਈਆਂ ਕਲਾਵਿਆਂ 'ਚ ਲਿਆ ਕੇ ਲੰਘਾਉਣੀ ਹੈ।'' ਈਸਾ ਨੇ ਕਿਹਾ,''ਜੋ ਮੈਨੂੰ ਰੱਬ ਦਾ ਪੁੱਤਰ ਜਾਣਦਾ ਹੈ..........।''

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਪ੍ਰਸੰਗ ਹੈ, ਕਿਸੇ ਦਿਨ ਤੁਹਾਡੇ ਅੱਗੇ ਆਵੇਗਾ ਜਿਦਣ ਛਪ (ਗ੍ਰੰਥ ਭਾਈ ਸੰਤੋਖ ਸਿੰਘ ਜੀ) ਗਿਆ। ਹੁਣ ਗੱਲ ਇਹ ਹੈ, ਬਈ ਮਦਦ ਮੇਰੀ ਕਰਨ ਵਾਲਾ ਨਾਲ ਕੋਈ ਨਹੀਂ। ਪੈਸਿਆਂ ਦੀ ਗੱਲ ਨਹੀਂ। ਹੁਣ ਉਹਨੂੰ ਛਾਪਣਾ ਸ਼ੁਰੂ ਕਰੀਏ ਤਾਂ ਕੰਮ ਹੁੰਦਾ ਹੈ। ਉੱਥੇ ਲਿਖਿਐ ਕਿ ਸਤਿਗੁਰ ਕਹਿੰਦੇ ਹਨ,''ਇੱਕ ਵੇਲੇ ਮੈਂ ਦਰਗਾਹ ਵਿੱਚ ਗਿਆ।'' ਉਹਨਾਂ ਦੀਆਂ ਖੇਡਾਂ ਹਨ ਨ। ਕਹਿੰਦੇ, ''ਉੱਥੇ ਦਸੇ ਗੁਰੂ ਬੈਠੇ—ਗੁਰੂ ਬਾਲਕ ਸਿੰਘ ਜੀ ਓਦੋਂ ਦੇਹ ਕਰਕੇ ਸ੍ਰਿਸ਼ਟੀ ਤੇ ਸਨ—ਮੈਨੂੰ ਅਕਾਲ ਪੁਰਖ ਨੇ ਆਖਿਆ—ਬੈਠ ਤਖਤ ਦੇ ਉੱਤੇ।''

ਮੈਂ ਆਖਿਆ,''ਮੈਂ ਇਹਨਾਂ ਦੇ ਹੁੰਦਿਆਂ ਕਿਵੇਂ ਬੈਠਾ।''

ਓਨ੍ਹਾਂ ਆਖਿਆ,''ਨਹੀਂ ਮੇਰੀ ਏਵੇਂ ਹੀ ਮਰਜ਼ੀ ਹੈ—ਬੈਠ।''

''ਮੈਨੂੰ ਤਖਤ ਉੱਤੇ ਬਹਾਇਆ।''

ਓ ਕਿਨ੍ਹੇ ਬਹਾਉਣਾ ! ਕੌਣ ਬਹਾਉਣ ਵਾਲਾ ! ਗੁਰੂ ਗੋਬਿੰਦ ਸਿੰਘ

ਦੀ ਲਿਖਤ ਪੜ੍ਹੋ ਕਹਿੰਦੈ-

**ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੈ ਸਿਰਮੌਰ।।**
**ਸਕਤ ਅਨੰਤੀ ਆਇ ਹੈ ਆਦਿ ਇਹੈ ਨਹੀਂ ਔਰ।।**

ਸੋਲ੍ਹਾਂ ਕਲਾਂ ਤਕ ਅਵਤਾਰ ਹੈ, ਇਹ ਅਨੰਤ ਕਲਾ ਹੈ—

**ਸੋਲਹ ਕਲਾ[੫੧] ਸੰਪੂਰਨ ਫਲਿਆ।**
**ਅਨਤ[੫੨] ਕਲਾ ਹੋਇ ਠਾਕੁਰੁ ਚੜਿਆ[੫੩]।।**

*- ਮਾਰੂ ਮ:੫, ਪੰਨਾ-੧੦੮੧*

—ਓਹ ਅਕਾਲ ਪੁਰਖ। ਫਿਰ ਮੈਨੂੰ ਅਕਾਲ ਪੁਰਖ ਨੇ ਕਿਹਾ,''ਵਰ ਮੰਗ।''

''ਮੈਂ ਅਗੋਂ ਕਿਹਾ, ਤੇਰਾ ਦਿੱਤਾ ਸਭੋ ਕੁਛ ਹੈ।''

ਦੋ ਵੇਰ ਬਚਨ ਹੋਇਆ, ਤੀਜੀ ਵੇਰ ਆਖਿਆ,''ਇਥੋਂ ਖਾਲੀ ਕੋਈ ਨਹੀਂ ਗਿਆ।''

''ਮੈਂ ਫਿਰ ਅੱਗੋਂ ਕਿਹਾ, **ਸਾਰੀ ਸ੍ਰਿਸ਼ਟੀ ਨਾਮ ਜਪਦੀ ਦਿਸੇ, ਵਣ ਤ੍ਰਿਣ ਨਾਮ ਜਪਦੇ ਦਿਸਣ, ਪਸ਼ੂ ਪੰਛੀ ਨਾਮ ਜਪਦੇ ਦਿਸਣ, ਪਰਬਤ ਦਰੱਖਤ ਨਾਮ ਜਪਦੇ ਦਿਸਣ।''**

ਅਕਾਲ ਪੁਰਖ ਨੇ ਆਖਿਆ,''ਬਈ, ਬੜਾ ਵਰ ਮੰਗਿਐ, ਅੱਗੇ ਕਿਸੇ ਨਹੀਂ ਮੰਗਿਆ।''

ਹੁਣ ਅੱਗੇ ਸਾਰੀ ਦਾ ਕੋਈ ਮਾਲਕ ਹੋਵੇ ਤੇ ਮੰਗੇ। ਸਾਰਿਆਂ ਦਾ ਭਲਾ ਤੇ ਉਹੋ ਹੀ ਮੰਗਦੈ—ਅਸੀਂ ਕਹਿੰਦੇ ਹਾਂ ਮੇਰਾ ਪੁੱਤ ਜਿਊਂਦਾ ਰਹੇ; ਮੇਰੀ ਜਨਾਨੀ ਜਿਊਂਦੀ ਰਹੇ; ਮੇਰੇ ਭਰਾ ਜਿਊਂਦੇ ਰਹਿਣ; ਮੇਰਾ ਕੋੜਮਾ ਜਿਊਂਦਾ ਰਹੇ—ਜਿਹੜਾ ਸਾਰੇ ਕੋੜਮਿਆਂ ਦਾ ਮਾਲਕ ਹੈ ਉਸੇ ਨੇ ਹੀ ਸਾਰਿਆਂ ਨੂੰ ਜਿਵਾਉਣਾ ਹੈ। ਤਾਂ, ਮਾਈ ਲੈ ਕੇ ਮੰਜਾ ਸਤਿਗੁਰਾਂ ਦੇ ਪਾਸ ਆਉਂਦੀ ਹੈ।

*ਅੰਤਰਜਾਮੀ ਸਭ ਗਤਿ ਜਾਨੀ।*
*ਆਦਿ ਗ੍ਰੰਥ ਕੀ ਪੜਤੇ ਬਾਨੀ।।੨੯।।*

ਆਦਿ ਗ੍ਰੰਥ ਸਾਹਿਬ ਦਾ ਪਾਠ ਕਰਦੇ ਸੀ।

*ਮੁਸਕਾਨੇ ਤਿਸ ਦਿਸਾ ਬਿਲੋਕਾ*[੫੪]।

ਉਹ ਰੋਂਦੀ ਆਈ, ਇਹ ਦੇਖ ਕੇ ਹੱਸਦੇ ਹਨ।

*ਸੁਖੂ ਮਾਤ ਕਹੀ ਸਹਿ ਸੋਕਾ।*

ਹੁਣ ਸੁਖੂ ਦੀ ਮਾਤ ਵੀ ਓਹੋ ਹੀ ਸ਼ਬਦ ਕਹਿੰਦੀ ਹੈ, ਦੋਵੇਂ ਹੀ ਅੱਖਰ ਲਾਉਂਦੀ ਹੈ, ਅੱਧਾ ਹੀ ਨਾਂ ਲੈਂਦੀ ਹੈ–

*ਵੇ–ਰਾਮਿਆਂ ! ਪੁਤ ਜੀਵੈ ਮੇਰਾ।*

ਕਿਹਾ ਉਨ੍ਹੇ ਵੀ ਇਵੇਂ ਹੀ ਸੀ, ਜਿਸ ਤਰ੍ਹਾਂ ਇੱਕ ਮਾਈ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਆਉਂਦੀ ਹੈ ਅਨੰਦਪੁਰ ਸਾਹਿਬ, ਤੇ ਦੀਵਾਨ 'ਚ ਆ ਕੇ ਕਹਿੰਦੀ ਹੈ,''ਤੂੰ ਦੀਨ ਹੈਂ, ਮੈਂ ਦਇਆਲ ਹਾਂ; ਤੂੰ ਅਨਾਥ ਹੈਂ, ਮੈਂ ਨਾਥ ਹਾਂ।'' ਓਹਨੂੰ ਇਹ ਨਹੀਂ ਪਤਾ—ਮੈਂ ਕੀ ਕਹਿਨੀ ਹਾਂ। ਉਹ ਅੱਧਾ ਨਾਂ ਲੈ ਕੇ ਕਹਿੰਦੀ ਹੈ—ਵੇ ਰਾਮਿਆਂ ਪੁਤ ਜੀਵੇ ਮੇਰਾ। ਇਸ ਨਾਉਂ ਲੈਣ 'ਚ ਸਾਨੂੰ ਵੀ ਕੋਈ ਦੁੱਖ ਨਹੀਂ, ਕਿਉਂਕਿ ਕਿਸ ਤਰ੍ਹਾਂ ਲਿਆ ਹੈ, ਓਹਨੇ ਕਿਸ ਖਿਆਲ ਨਾਲ ਲਿਆ ਹੈ।

*ਲੈ ਭੂਮੀ ਜੇਤਾ ਜੀ ਤੇਰਾ।।੨੭।।*

ਜਿੰਨੀ ਧਰਤੀ ਤੇਰਾ ਚਿਤ ਕਰਦੈ ਤੂੰ ਲੈ ਲੈ।

*ਬੋਲੇ ਪ੍ਰਭ ਪਰਮੇਸਰ ਭਾਣਾ।*

ਸਤਿਗੁਰ ਕਹਿੰਦੇ ਹਨ, ਪਰਮੇਸਰ ਦਾ ਭਾਣਾ ਹੈ ਐਸਾ।

*ਲਖੇ ਸੋਇ ਜੋ ਹੋਇ ਸਿਆਣਾ।*

– **ਭਾਣੇ ਵਿਚਿ ਕੋ ਵਿਰਲਾ ਆਇਆ**[੫੫]**।।**

*– ਮਾਰੂ ਮ:੩, ਪੰਨਾ–੧੦੬੩*

– **ਤੇਰਾ ਭਾਣਾ ਤੂਹੈ ਮਨਾਇਹਿ**
**ਜਿਸ ਨੋ ਹੋਹਿ ਦਇਆਲਾ।।**

*– ਸੂਹੀ ਮ:੫, ਪੰਨਾ–੭੪੭*

ਭਾਣਾ ਮੰਨਣ ਦੀ ਸ਼ਕਤੀ ਸਤਿਗੁਰ ਹੀ ਬਖਸ਼ ਸਕਦੈ। ਭਾਣਾ ਮਨੁੱਖ ਨਹੀਂ ਮੰਨ ਸਕਦਾ।

*ਥੋਰੇ ਦਿਨ ਜੀਵਨ ਕੇ ਕਾਰਨ।*

ਥੋੜੇ ਦਿਨਾਂ ਦੀ ਜ਼ਿੰਦਗੀ ਦੇ ਵਾਸਤੇ-ਪੁਰਸ਼।

*ਮੈਂ ਮੇਰੀ ਕਰ ਚੁਕੈ ਭਾਰ ਨ।।੨੮।।*

ਮੈਂ, ਮੇਰੀ ਕਰਕੇ ਭਾਰ ਨਾ ਚੁੱਕੇ।

*ਛੋਡ ਧਰਤ ਕੋ ਤੇਤੇ ਗਏ।*

ਓਹ ਵੀ ਧਰਤੀ ਨੂੰ ਛੱਡ ਕੇ ਚਲੇ ਗਏ।

*ਸਿੰਧ ਜਿਨੋ ਰਥ ਗੈਲਨ ਭਏ।*

ਜਿੰਨ੍ਹਾਂ ਦੇ ਰੱਥਾਂ ਦੇ ਪਹੀਆ ਦੇ ਨਾਲ ਸਮੁੰਦਰ-

*ਜਿਨ ਕੇ ਰਥ ਨੇਮ ਦਰਾਰਨ ਕੇ ਸਤ ਸਾਗਰ ਹੈਂ ਅਬ ਲੌ ਜਗ ਮਾਂਹੀ।*
*ਜਿਨ ਚਾਂਪ ਕੇ ਗੋਸ਼ਨ ਕੇ ਬਲ ਤੇ ਸਭ ਸੈਲ ਬਟੋਰ ਧਰੇ ਧਰ ਮਾਹੀ।*
*ਸੁਰ ਰਾਜ ਡਰੇ ਜਿਨ ਕੇ ਬਲ ਤੇ ਜਮਰਾਜ ਜਿਤੇ ਜਿਹਨੇ ਜਗ ਮਾਹੀ।*
*ਮਨ ਤੇ ਜਗ ਭੀਤਰ ਨਾਂਹਿ ਰਹੇ ਅਬ ਔਰ ਰਹੈ ਕਹੁ ਕੋ ਜਗ ਮਾਂਹੀ।*

ਗੁਰੂ ਗੋਬਿੰਦ ਸਿੰਘ ਸਾਹਿਬ ਬਚਿੱਤ੍ਰ ਨਾਟਕ 'ਚ ਆਪਣੀ ਕਲਮ ਉਠਾ ਕੇ ਕਹਿੰਦੇ ਹਨ-

**ਜਿਨੈ ਪਾਤਸਾਹੀ ਕਰੀ ਕੋਟ ਜੁੱਗਿਯੰ[੫੬]।।**
**ਰਸੰ ਆਨਰਸੰ[੫੭] ਭਲੀ ਭਾਂਤਿ ਭੁਗਿਯੰ[੫੮]।।**
**ਵਹੈ ਅੰਤ ਕੋ ਪਾਵ[੫੯] ਨਾਗੇ ਪਧਾਰੇ[੬੦]।।**
**ਗਿਰੇ ਦੀਨ ਦੇਖੇ ਹਠੀ ਕਾਲ ਮਾਰੇ।।**

*- ਦਸਮ ਗ੍ਰੰਥ, ਪੰਨਾ-੪੩*

**- ਬਲੀ ਪ੍ਰਿਥੀਅੰ[੬੧] ਮਾਨਧਾਤਾ ਮਹੀਪੰ।।**
**ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ।।**

*- ਦਸਮ ਗ੍ਰੰਥ, ਪੰਨਾ-੪੩*

-ਉਹ ਨਾ ਰਹੇ। ਇੱਕ ਕਵੀ ਨੇ ਹੋਰ ਨੇ ਲਿਖਿਐ ਕਿ-

*ਬੱਡੇ ਬੱਡੇ ਰਾਜਾ ਜਾ ਕੇ, ਲਾਖ ਨੌ ਨਗਾਰਾ ਬਾਜੇ,*
*ਜਾ ਕੇ ਰੱਥ ਪਹੀਅਨ ਸੋ ਸਾਤੋਂ, ਸਿੰਧੂ ਖਾਟੇ ਹੇ।*
*ਕੋਟ ਜੁਗ ਆਰਜਾ ਕੋਟ ਗਜ ਬਲ ਜਾਂ ਕੋ,*
*ਏਕ ਹੀ ਧਨੁਸ਼ ਸੋ ਵੈਰੀ ਸਭ ਡਾਟੇ ਹੈਂ।*

*ਤਿਊ ਮ੍ਰਿਤਕ ਭਏ ਅਬ ਨਾਮ ਹੂ ਨਾ ਲੇਤ ਕੋਊ*
*ਕਹੂੰ ਕਹੂੰ ਬੇਦ ਅਰ ਪੁਰਾਨਨ ਮੋਂ ਆਤੇ ਹੈਂ।*

–ਕਿਤੇ ਕਿਤੇ ਗ੍ਰੰਥਾਂ ਵਿੱਚ ਲਿਖੇ ਹੋਏ ਨੇ–

*ਤੂੰ ਜਓ ਕਹਤ ਹਓ ਮਹੀਪਤਿ ਪਹੀਪਤਿ*
*ਤੇਰੇ ਜੈਸੇ ਗੀਧੀ ਬਾਵਾ ਕਈ ਕਾਲ ਕਾਟੇ ਹੈ।*
*ਗੁਰ ਪ੍ਰਮੇਸਰ ਆਗਿਆ ਮਾਨ।*

ਜੋ ਕੋਈ ਪੁਰਸ਼ ਸਤਿਗੁਰੂ, ਪ੍ਰਮੇਸ਼ਰ ਦੀ ਆਗਿਆ ਮੰਨਦਾ ਹੈ।

*ਈਹਾਂ ਰੋਜ ਕਿਛ ਕੀਜੈ ਭਾਨ।।੨੯।।*

ਕੁਛ ਦਿਨ ਦਾ ਜਿਊਣਾ, ਇਹ ਜਿਹੜਾ ਹੈ ਗੁਰੂ ਪ੍ਰਮੇਸ਼ਰ ਦੀ ਆਗਿਆ ਵਿੱਚ ਭਾਈ ਚਲਣਾ ਚਾਹੀਦਾ ਹੈ।

*ਸਤਿ ਸੰਗਤ ਕੋ ਮੇਲਾ ਰਚੈ।*

ਓਹ ਸਤਿ ਸੰਗ ਕਰੇ, ਸਤਿ ਦਾ ਸੰਗ ਕਰੇ, ਝੂਠ ਦਾ ਸੰਗ ਛੱਡੇ। ਇਹ ਦੁਨੀਆਂ ਝੂਠ ਹੈ, ਇਹਦੀ ਰਚਨਾ ਝੂਠ ਹੈ। ਭਾਈ ਮੂਲੇ ਕੋਲ ਭੇਜਿਆ ਸੀ ਨ ਜਿਸ ਵੇਲੇ ਮਰਦਾਨੇ ਨੂੰ, ਕਿ ਲਿਆ ਸੱਚ ਤੇ ਝੂਠ। ਓਹਨੇ ਆਖਿਆ ਸੀ, ਜਿਊਂਣਾ ਝੂਠ ਤੇ ਮਰਣਾ ਸੱਚ। ਤਾਂ, ਸਤਿਸੰਗ–

**ਸਤ ਸੰਗਤਿ ਕੈਸੀ ਜਾਣੀਐ।।**
**ਜਿਥੈ ਏਕੋ ਨਾਮੁ ਵਖਾਣੀਐ।।**

*– ਸਿਰੀ ਰਾਗ ਮ:੧, ਪੰਨਾ–੭੨*

ਨਾਮ ਜਪੋ ਕਿਉਂਕਿ ਹੰਸ ਦਾ ਕੰਮ ਕੋਧਰਾ ਖਾਣ ਦਾ ਨਹੀਂ, ਹੰਸ ਦਾ ਕੰਮ ਮੋਤੀ ਖਾਣ ਦਾ ਹੈ। ਸਤਿਗੁਰੂ ਦੇ ਸਿੱਖਾਂ ਦਾ ਕੰਮ–

*ਚੰਚਲ ਚੀਤ ਨਾ ਜਾਏ ਤਮਾਸੇ।*
*ਜੂਆ ਜਾਏ ਨਾ ਖੇਲੈ ਪਾਸੇ।*

ਭਾਈ, ਤੁਹਾਡਾ ਇਹ ਕੰਮ ਨਹੀਂ। ਤਾਂ, ਸਤਿਗੁਰੂ ਕਹਿੰਦੇ ਨੇ ਕੁਛ ਦਿਨ ਦੇ ਜਿਊਣ ਵਾਸਤੇ ਸਤਿਸੰਗ ਪੁਰਸ਼ ਕਰੇ।

*ਸਰਨਿ ਪਰੇ ਸੋ ਜਮ ਤੇ ਬਚੈ।*

ਜੋ ਸਤਿਗੁਰ ਦੀ ਸ਼ਰਣ ਪਏਗਾ ਉਹ ਜਮਾਂ ਤੋਂ ਬਚੇਗਾ।

*ਬੋਲੀ ਰੋ ਕਰ ਸੁਖੂ ਮਾਈ।*

ਸੁਖੂ ਦੀ ਮਾਂ ਰੋ ਕੇ ਕਹਿੰਦੀ ਹੈ।

*ਲੈ ਧਰਤੀ ਜੇਤੀ ਮਨ ਭਾਈ।।੩੦।।*

ਮੈਂ ਵਾਰੀ, ਜਿੰਨੀ ਚਾਹਵੇਂ ਧਰਤੀ ਲੈ ਲੈ।

*ਤੂੰ ਮਾਲਕ ਇਸ ਸਾਰੀ ਧਰਨੀ[੬੨]।*

ਦੱਸਿਆ, ਦਿਖਾ ਦਿੱਤਾ—ਉਹ ਕਾਲੂ ਨੂੰ ਅੱਖਾਂ ਨਹੀਂ ਦਿੰਦਾ ਤੇ ਰਾਏ ਬੁਲਾਰ ਨੂੰ ਦਿਖਾ ਦਿੰਦੈ ਕਿ ਇਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ; ਓਹ ਭੈਣ ਨੂੰ ਦਿਖਾ ਦਿੰਦਾ ਹੈ ਤੇ ਮਾਂ ਤੇ ਪਿਓ ਨੂੰ ਨਹੀਂ ਨੇਤਰ ਦਿੰਦਾ; ਪੁੱਤਰਾਂ ਨੂੰ ਨਹੀਂ ਦਿੰਦਾ; ਇਸਤ੍ਰੀ ਨੂੰ ਨਹੀਂ ਦਿੰਦਾ, ਮੌਜ ਦਾ ਮਾਲਕ ਹੈ। ਕਹਿੰਦੀ ਹੈ—ਤੂੰ ਸਾਰੀ ਧਰਤੀ ਦਾ ਮਾਲਕ ਹੈਂ।

*ਮੈਂ ਦੀਨਨ ਡਿੱਗੀ ਤੋਹਿ ਸਰਨੀ।*

ਮੈਂ ਦੀਨ ਗਰੀਬ ਤੇਰੇ ਚਰਨਾਂ ਤੇ ਡਿੱਗੀ ਹਾਂ ਆ ਕੇ।

*ਡੂਬਤ ਨਦੀ ਮਾਹਿ ਬਿਨ ਤਰਨੀ।*

ਬਿਨਾਂ ਬੇੜੀ ਤੋਂ ਮੈਂ ਨਦੀ ਵਿੱਚ ਡੁੱਬ ਰਹੀ ਹਾਂ।

*ਤੈ ਬਿਨ ਬਿਪਿਤ ਕਹਾਂ ਕਿਸ ਹਰਨੀ।।੩੧।।*

ਤੇਰੇ ਬਿਨਾਂ ਹੋਰ ਸ੍ਰਿਸ਼ਟੀ ਤੇ ਕੋਈ ਬਿਪਤਾ ਹਰਨ ਵਾਲਾ ਨਹੀਂ, ਹੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ !

*ਤੂੰ ਪੂਰਾ ਸਾਂਈ ਦਾ ਪਿਆਰਾ।*

ਤੂੰ ਪੂਰਾ ਹੈਂ, ਤੂੰ ਉਸ ਦਾ ਪਿਆਰਾ ਹੈਂ।

*ਜਿਵ ਭਾਵੈਂ ਕਰ ਪਾਰ ਉਤਾਰਾ।*

ਤੈਨੂੰ ਜਿਵੇਂ ਚੰਗਾ ਲੱਗਦਾ ਹੈ ਉਵੇਂ ਹੀ ਪਾਰ ਉਤਾਰਾ ਕਰ।

*ਬਖਸ਼ ਲੈਹੁ ਇਸ ਥੀ ਭੁਲ ਹੋਈ।*

ਇਹ ਭੁੱਲ ਗਿਆ ਹੈ। ਇਹ ਇੱਕ ਗੁਰੂ ਦਾ ਘਰ ਹੈ, ਕੋਈ ਆਦਮੀ—

**ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ,**

*– ਸੂਹੀ ਮ:੫, ਪੰਨਾ-੭੪੮*

ਕਰੋੜ ਗੁਨਾਹ ਕਰਕੇ ਵੀ ਜੇ ਸਾਧ-ਸੰਗਤ 'ਚ ਦਿਲੋਂ ਹੋ ਕੇ ਬਖਸ਼ਾਉਂਦਾ ਹੈ ਤੇ ਬਖਸ਼ਿਆ ਜਾਂਦੈ। ਸਤਿਗੁਰੂ ਦਾ ਦਰਬਾਰ ਬਖਸ਼ਣ ਵਾਸਤੇ ਹੈ।

*ਤੁਧੁ ਬਾਝੌਂ ਅਬ ਥਾਉਂ ਨ ਕੋਈ।।੩੨।।*

ਤੇਰੇ ਬਿਨਾ ਕੋਈ ਜਗ੍ਹਾ ਨਹੀਂ ਹੋਰ।

*ਮੈਂ ਨਿਰਮਾਨਣ ਦਾ ਤੂੰ ਮਾਨ।*

ਮੈਂ ਨਿਮਾਣੀ ਦਾ ਮਾਣ ਤੂੰ ਹੀ ਹੈਂ।

*ਪਾਨ ਬਾਂਧ*[੬੩] *ਇਵ ਕੀਨ ਬਖਾਨ।*

ਹੱਥ ਜੋੜ ਕੇ ਜਿਸ ਵੇਲੇ ਆਖਿਆ।

*ਮੇਰਾ ਸੁਤ ਉਠੈ ਇਕ ਵੇਰੀ।*

ਮੇਰਾ ਪੁੱਤਰ ਇੱਕ ਵਾਰ ਜਿਉਂਦਾ ਹੋ ਜਾਵੇ।

*ਦੇਵੇ ਭੂਮਿ ਬਿਨਾ ਹੀ ਦੇਰੀ।।੩੩।।*

ਬਿਨਾ ਦੇਰ ਤੋਂ ਤੇਰੇ ਅੱਗੇ ਧਰਤੀ ਦੇਵੇਗਾ।

*ਲੈ ਕਰ ਤੇਰਾ ਰਾਜੀ ਨਾਮਾ।*

ਤੇਰਾ ਰਾਜ਼ੀਨਾਮਾ ਲੈ ਕਰਕੇ।

*ਤਾਂ ਜਾ ਕਰ ਘਰ ਕਰੇ ਅਰਾਮਾ।*

ਘਰ ਦਾ ਕੰਮ ਤਾਂ ਜਾ ਕੇ ਕਰੇਗਾ।

*ਏਤੀ ਬਿਨੈ ਸੁਣੀ ਬਹੁ ਦੀਨ।*

ਬੇਨਤੀ ਸੁਣੀ ਪਰ ਜਦੋਂ ਮਨ ਢਹਿ ਜਾਂਦੈ ਨ, ਉਹ ਕਹਿੰਦੇ ਨੇ— ਢੱਠਿਆਂ ਮਨਾਂ ਵਿੱਚ ਅਕਾਲ ਪੁਰਖ ਵੱਸਦਾ ਹੈ। ਜਿਹਦਾ ਮਨ ਢਹਿ ਜਾਏ, ਓਹ ਉੱਥੇ ਹੀ ਹੁੰਦਾ ਹੈ। ਸੁਣੀ ਬੇਨਤੀ; ਦੀਨ ਹੋਈ-ਹੋਈ ਦੀ।

*ਤੌ ਉਠੇ ਸਤਿਗੁਰ ਪ੍ਰਬੀਨ।।੩੪।।*

ਸੱਚੇ ਪਾਤਸ਼ਾਹ ਉਠ ਖਲੋਤੇ।

*ਸ੍ਰੀ ਗ੍ਰੰਥ ਥੇ ਪੜਤੇ ਬਾਣੀ।*

ਬਾਣੀ ਗ੍ਰੰਥ ਸਾਹਿਬ ਦੀ ਪੜ੍ਹਦੇ ਸੀ।

*ਪਾਸ ਰਖਾਯਾ ਗਡਵਾ ਪਾਣੀ।*

ਜਲ ਦਾ ਗੜਵਾ ਕੋਲ ਰੱਖਿਆ ਹੁੰਦਾ ਸੀ ਹਰ ਵੇਲੇ। ਜਲ ਤੋਂ ਬਗੈਰ ਕਦੇ ਵੀ—ਨਾਮਧਾਰੀ ਦੇ ਵਾਸਤੇ ਹੁਕਮ ਹੀ ਇਹੋ ਜਿਹਾ ਦਿੱਤਾ ਹੈ ਕਿ ਜਲ ਤੋਂ ਬਗੈਰ ਚੀਤਾ ਵੀ ਨਾ ਛੱਡੇ। ਨਾਲੇ ਤੇ ਰੋਜ਼ ਪੜ੍ਹ ਲੈਂਦੇ ਹਾਂ—

**ਮੂਤ ਪਲੀਤੀ ਕਪੜੁ ਹੋਇ।।**
**ਦੇ ਸਾਬੂਣੁ ਲਈਐ ਓਹੁ ਧੋਇ।।**

—ਨਾਲੇ ਅੱਧਾ ਕੱਛ 'ਚ ਚੋਂਦਾ ਹੈ। ਹੁਣ ਤਾਂ ਜੈਂਟਰਮੈਨੀ ਨੇ ਇੱਥੇ ਪਹੁੰਚਾ ਦਿਤੈ, ਬਈ ਖਲੋਤਿਆਂ ਹੀ ਮੂਤੀਦਾ ਹੈ ਤੇ ਗੋਡਿਆਂ ਤਕ ਪੰਜ ਇਸ਼ਨਾਨਾ ਵੀ ਉਸੇ ਤਰ੍ਹਾਂ ਹੀ ਹੁੰਦਾ ਹੈ।

*ਸੋ ਜਲ ਤਿਸਕੇ ਮੁਖ ਮੈ ਪਾਯੋ।*

ਜਲ ਮੂੰਹ ਵਿੱਚ ਪਾ ਦਿੱਤਾ।

*ਤਤ ਛਿਨ ਉਠਾ ਮਨੋ ਸੁਪਨਾਯੋ।।੩੫।।*

ਉੱਥੋਂ ਉਠ ਖਲੋਤਾ ਮਾਨੋ ਸੁਪਨਾ ਆਇਆ ਹੈ।

*ਊਠਤ ਹੀ ਗੁਰ ਕੇ ਪਗ ਲਾਗਾ।*

ਉਠ ਕੇ ਚਰਨੀ ਲੱਗ ਗਿਆ।

*ਸੁਖੂ ਰਾਮ ਭਯੋ ਵਡ ਭਾਗਾ।*

ਸੁਖੂ ਵੱਡੇ ਭਾਗਾਂ ਵਾਲਾ ਹੋਇਆ ਜਿਹਦਾ ਸਿਰ ਸਤਿਗੁਰ ਦੇ ਚਰਨਾਂ ਉੱਤੇ ਡਿੱਗਿਆ।

**ਸੋ ਸੀਸੁ ਭਲਾ ਪਵਿਤ੍ਰ[੬੪] ਪਾਵਨੁ ਹੈ ਮੇਰੀ ਜਿੰਦੂੜੀਏ**
**ਜੋ ਜਾਇ ਲਗੈ ਗੁਰ ਪੈਰੇ ਰਾਮ।।**

*– ਬਿਹਾਗੜਾ ਮ:੪, ਪੰਨਾ–੫੪੦*

*ਕਰੀ ਬਿਨੈ ਧਰਤੀ ਅਬ ਲੀਜੈ।*

ਕਹਿੰਦੈ—ਲੈ ਲਓ ਧਰਤੀ।

*ਇੱਛਾ ਜੇਤੀ ਤਿਤੀ ਭਨੀਜੈ[੬੫]।।੩੬।।*

ਜਿੰਨੀ ਲੋੜ ਹੈ ਓਨੀ ਲੈ ਲਓ।

*ਕਰੋ ਦਾਗ ਜਾਂ ਕੋਇ ਨਿਸ਼ਾਨੀ।*

ਕੋਈ ਦਾਗ ਦੇਹ ਇਹਨੂੰ, ਨਿਸ਼ਾਨੀ ਲਾ ਲਉ।

*ਕਾਰ ਚਲੈ ਜਾ ਮੇ ਮਨ ਭਾਨੀ।*

ਜਿਹਦੇ 'ਚ ਤੁਹਾਡੀ ਮਨ ਮਰਜੀ ਦਾ ਕੰਮ ਚਲ ਜਾਏ।

*ਕੀਲੇ ਨਿਜ ਕਰ ਸੇ ਤਬ ਘਰੇ।*

ਆਪਣੇ ਹੱਥਾਂ ਨਾਲ ਸਤਿਗੁਰਾਂ ਕੀਲੇ ਘੜ ਕੇ-

*ਬੀਚ ਭੂਮ ਗਡਵਾਵਨ ਕਰੇ।।੩੭।।*

ਧਰਤੀ ਵਿਚ ਗਡਵਾਏ।

*ਏਤੋ ਲੰਗਰ ਇਤੋ ਤਬੇਲਾ।*

ਐਥੇ ਭਾਈ ਲੰਗਰ ਹੋਵੇਗਾ, ਇਥੇ ਤਬੇਲਾ ਹੋਵੇਗਾ।

*ਬਣੇਂ ਹਮਾਰੋ ਸਹਿਜ ਸੁਹੇਲਾ।*

ਸਹਿਜੇ ਹੀ ਇਹ ਜਗ੍ਹਾ ਬਣੇਗੀ।

*ਸਤਿ ਬਚਨ ਸੁਖੂ ਜੀ ਭਾਖਾ।*

ਸੁਖੂ ਨੇ ਸਤਿ ਬਚਨ ਕਰ ਦਿੱਤਾ।

*ਤੂੰ ਡਾਢਾ ਮੈਂ ਖਰਾ ਪਰਾਖਾ[੬੬]।।੩੮।।*

ਇਹ ਮੈਂ ਪਰਖ ਲਿਆ,"ਤੂੰ ਬੜਾ ਡਾਢਾ ਹੈਂ।" ਓਦੂੰ ਡਾਢਾ ਹੋਰ ਕੋਈ ਹੈ ਹੀ ਨਹੀਂ, ਜਿਹੜੇ ਜਿਹੜੇ ਉਹਦੇ ਨਾਲ, ਓਹਨੇ ਖੇਡ ਬਣਾ ਕੇ ਆਪਣੀ—ਮਧੁ ਕੈਟਭ ਜੈਸਿਆਂ ਨੂੰ ਰਚ ਕੇ,

**ਸਾਲ ਭਏ ਤਿਨ ਪੰਚ ਹਜਾਰ**
**ਦੂਹੂੰ ਲਰਤੇ ਨਹਿ ਬਾਂਹ[੬੭] ਟਲੀ ਹੈ।।**

*- ਦਸਮ ਗ੍ਰੰਥ, ਪੰਨਾ-੭੫*

ਪੰਜ ਹਜ਼ਾਰ ਵਰ੍ਹਾ ਲੜੇ ਫਿਰ ਵੀ ਉਹੋ ਹੀ ਮਰੇ। ਜੋ ਵੀ ਮੰਗਿਆ—ਹਰਨਾਖਸ਼ ਨੇ ਕਿਹਾ—ਨਾ ਦਿਨੇ ਮਰਾਂ, ਨਾ ਰਾਤ ਮਰਾਂ, ਨਾ ਬਾਰਾਂ ਮਹੀਨਿਆਂ[★੩] 'ਚ ਮਰਾਂ, ਨਾ ਕਿਸੇ ਸ਼ਸਤ੍ਰ ਨਾਲ ਮਰਾਂ, ਮਨੁੱਖ ਤੋ ਨਾ ਮਰਾਂ, ਕਿਸੇ ਜਾਨਵਰ ਤੋਂ ਨਾ—ਐਸਾ ਹੀ ਰੂਪ ਧਾਰਿਆ, ਐਸਾ ਹੀ ਕੁਛ ਕੀਤਾ, ਸਾਰਾ ਕੁਝ ਓਹਦਾ ਖਤਮ ਕੀਤਾ।

*ਮੈਂ ਜੀਵਤ ਤੁਵ ਵਾਕ ਨ ਫੇਰੋਂ।*

ਮੈਂ ਜਿਉਂਦਾ ਹੋਇਆ ਤੇਰਾ ਬਚਨ ਨਹੀਂ ਮੋੜਾਂਗਾ।

*ਸੇਵਾ ਕਰੌਂ ਰਹੌਂ ਸਮ ਚੇਰੋ।*

ਸੇਵਾ ਕਰਾਂਗਾ ਚੇਰਾ ਬਣਕੇ।

*ਤਵ ਗਤਿ ਮੈਂ ਜਾਣੀ ਨਹਿ ਮੂਰੇ।*

ਤੇਰੀ ਗਤਿ ਮੈਂ ਮੂਰਖ ਨੇ ਨਹੀਂ ਜਾਣੀ।

*ਸਾਚ ਬਚਨ ਤੁਧ ਸੁੰਦਰ ਰੂਰੇ[੬੮]।।੩੯।।*

ਤੇਰੇ ਸੁੰਦਰ ਤੋਂ ਸੁੰਦਰ ਬਚਨ ਹਨ, ਸੱਚੇ ਹਨ।

*ਤੇਰੀ ਗਤਿ ਮਿਤਿ ਲਖੀ ਨ ਜਾਹੀ।*

ਤੇਰੀ ਗਤ ਮਿਤ ਨਹੀਂ ਕੋਈ ਜਾਣ ਸਕਦਾ।

*ਖਿਮੋ ਭੂਲ ਬਿਨਤੀ ਇਮ ਪ੍ਰਾਹੀ[੬੯]।*

ਬੇਨਤੀ ਕਰੀ ਇਸ ਤਰ੍ਹਾਂ ਕਿ ਮੇਰੀ ਭੁੱਲ ਬਖਸ਼ ਦਿਉ।

*ਸ੍ਰੀ ਗੁਰ ਕਹਾ ਹੁਕਮ ਕਰਤਾਰਾ।*

ਸਤਿਗੁਰ ਕਹਿੰਦੇ ਨੇ ਕਰਤਾਰ ਦਾ ਹੁਕਮ ਹੀ ਐਸਾ ਸੀ।

*ਇਸ ਬਿਧ ਥਾ ਜਿਵ ਵਰਤਿਓ ਸਾਰਾ।।੪੦।।*

ਏਸ ਤਰ੍ਹਾਂ ਹੀ ਵਰਤਣਾਂ ਸੀ। ਸਤਿਗੁਰ ਦੀ ਤਾਂ ਗੱਲ ਵੱਖਰੀ ਹੈ, ਸੰਤਾਂ ਗੰਡਾ ਸਿੰਘ★[੪] ਹੁਰਾਂ, ਭਾਈ ਹੁਰਾਂ ਬਚਨ ਸੁਣਾਇਆ ਗੁਜਰਾਂਵਾਲਿਆਂ ਮੈਨੂੰ—ਸੰਤ (ਕੇਸਰ ਸਿੰਘ ਚਵਿੰਡਾ) ਇੱਕ ਦਿਨ ਬੈਠੇ ਤੇ ਚਾਦਰ ਸੁੱਕਣੀ ਪਾਈ ਹੋਈ ਕੋਠੇ ਤੇ ਕੋਲ, ਤੇ ਮੁਸਕਰਾਏ।

ਮੈਂ (ਸੰਤ ਗੰਡਾ ਸਿੰਘ) ਆਖਿਆ ਜੀ,''ਕੀ ਗੱਲ ਹੈ।''

(ਸੰਤ) ਆਖਣ ਲੱਗੇ,''ਕੁੱਤੇ ਨੇ ਆਉਣੈ ਤੇ ਐਸ ਚਾਦਰ ਤੇ ਮੂਤ੍ਨੈਂ।''

ਉਸੇ ਤਰ੍ਹਾਂ ਹੀ ਖੇਡ ਬਣਾਈ। ਸਤਿਗੁਰ ਦੇ ਤਾਂ ਸਿੱਖਾਂ ਨੂੰ ਵੀ ਸੋਝੀ ਹੈ ਪਰ ਓਹਨਾਂ ਨੂੰ ਹੀ ਹੈ ਜਿਹੜੇ ਸਤਿਗੁਰ ਵਿੱਚ ਧਿਆਨ ਲਾ ਕੇ, ਜਿੰਨ੍ਹਾ ਦੀ ਹੋਰ ਕਿਸੇ ਪਾਸੇ ਝਾਕ ਨਹੀਂ ਰਹਿੰਦੀ।

**ਜਿਨਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ[੭੦] ਹੋਰ।।**

*– ਸਲੋਕ ਫਰੀਦ ਜੀ, ਪੰਨਾ-੧੩੮੪*

ਹੋਰ ਕੋਈ ਝਾਕ ਨਹੀਂ ਓਹਨਾਂ ਨੂੰ।

*ਸੁੰਦਰ ਮੰਦਰ ਤਹਿ ਚਿਨਵਾਇ।*

ਸੁੰਦਰ ਮੰਦਰ ਚਿਣੇ।

*ਆਪ ਕਤਾ ਰਾਖੀ ਸਮੁਦਾਇ।*

ਸਭ ਕੁਛ ਆਪਣੀ ਮਰਜ਼ੀ ਨਾਲ ਰਚਿਆ।

*ਸਬਦ ਸੁਨਾਵਤ ਨਿਤ ਪ੍ਰਤਿ ਕਾਨ।*

ਸੁਣਾਉਂਦੇ ਹਨ ਕੰਨ ਵਿਚ ਸ਼ਬਦ।

*ਬਨੈ ਸੈਂਕੜੇ ਸਿੰਘ ਮਹਾਨ।।੪੧।।*

ਸਿੱਖ ਬਣ ਗਏ ਸੈਂਕੜੇ ਹੀ।

*ਕਬਿੱਤ।ਕਰੀ ਯੌ ਤਿਆਰੀ ਗੁਰੂ ਮੋਹਨ ਮੁਰਾਰੀ,*

*ਰਚੇ ਧਾਮ ਹਿਤ ਧਾਰੀ ਕਰ ਸੁੰਦਰ ਬਿਓਤ ਹੈ।*

ਸਤਿਗੁਰਾਂ ਨੇ ਧਾਮ ਰਚੇ, ਤਿਆਰੀ ਕਰਕੇ ਬੜੀ ਸੁੰਦਰ ਵਿਉਂਤ ਨਾਲ।

*ਕਰੀ ਦੇਗ ਜਾਰੀ ਪਾਸ ਕੂਪ[੨੧] ਸੀਤ ਬਾਰੀ,*

ਦੇਗ ਜਾਰੀ ਕੀਤੀ ਲੰਗਰ ਦੀ, ਕੋਲ ਠੰਡੇ ਜਲ ਦਾ ਖੂਹ ਲਾਇਆ।

*ਛਕੇ ਅਚੇ[੨੨] ਨਰ ਨਾਰੀ ਭੂਖ ਪਿਆਸ ਸਾਰੀ ਖੋਤ[੨੩] ਹੈ।*

ਜਿਹੜੇ-ਜਿਹੜੇ ਛਕਦੇ ਨੇ, ਉਹਨਾਂ ਦੀ ਸਾਰੀ ਭੁੱਖ ਪਿਆਸ— ਸਤਿਗੁਰ ਅੰਦਰ ਦੀ ਬਾਹਰ ਦੀ ਮੁਕਾਉਂਦੇ ਹਨ।

*ਸਬਦ ਅਧਾਰੀ ਪਰਲੋਕ ਭੀ ਸਵਾਰੀ,*

ਸ਼ਬਦ ਦੇ ਅਧਾਰ ਨਾਲ ਪਰਲੋਕ ਵੀ ਸਵਾਰਦੇ ਹਨ—ਸਤਿਗੁਰੂ।

*ਛੂਟੇ ਕਾਨ ਜਮ ਜਾਰੀ ਨਾਮਧਾਰੀ ਪੰਥ ਪੋਤ[੨੪] ਹੈ।*

ਨਾਮਧਾਰੀ ਪੰਥ ਜਹਾਜ਼ ਬਣਾਇਆ ਹੈ ਸਤਿਗੁਰਾਂ ਨੇ ਪਵਿੱਤਰ, ਜਿਹਦੇ ਨਾਲ ਜਮਾਂ ਦੀ ਕਾਣ ਵੀ ਛੁੱਟ ਜਾਂਦੀ ਹੈ, ਕਿਉਂਕਿ ਹੁਕਮ ਦਿੱਤਾ ਹੈ,''ਜਿਹਦੇ ਮੈਂ ਕੰਨ ਵਿੱਚ ਭਜਨ ਦੇ ਦਿੱਤੈ ਨ, ਉਹਨੂੰ ਮੈਂ ਜਾਣ ਨਹੀਂ ਦੇਣਾ, ਚੁਰਾਸੀ 'ਚ ਇਹ ਨਹੀਂ ਜਾਂਦਾ।''

*ਬੰਦਨਾ ਹਮਾਰੀ ਕਟੀ ਨੈਨਨ ਬੀਮਾਰੀ,*

ਧਿਆਨ ਸਿੰਘ ਜੀ ਕਹਿੰਦੇ ਨੇ—ਪੜ੍ਹੋ ਸਵੈਯੇ, ਕਦੇ-ਕਦੇ ਪੜ੍ਹਦਿਆਂ-ਪੜ੍ਹਦਿਆਂ ਸੁਧ ਆਉਂਦੀ ਹੈ, ਧਿਆਨ ਨਹੀਂ ਹੁੰਦਾ ਉੱਥੇ ਆਦਿ ਗ੍ਰੰਥ ਸਾਹਿਬ 'ਚ।

**ਗਯਉ ਦੂਖੁ ਦੂਰਿ ਬਰਖਨ ਕੋ**
**ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ॥**

*- ਮ:੪, ਪੰਨਾ-੧੪੦੦*

ਇਹਦਾ ਲੋਕ ਬਰਖਨ ਅਰਥ ਕਰਦੇ ਨੇ—ਬਰਸ। **ਗਯਉ ਦੂਖ ਦੂਰਿ ਬਰ ਅਖਨ ਕੋ**—ਜਿਹੜੇ ਬਿਰਾਗ ਤੇ ਬਿਬੇਕ ਰੂਪ ਨੇਤਰ ਨੇ, ਇਨ੍ਹਾਂ ਦਾ ਦੁੱਖ ਦੂਰ ਕਰ ਦਿੱਤਾ ਹੈ। ਜਦੋਂ ਗੁਰੂ ਦਾ ਮੁਖ ਦੇਖਿਐ ਤਾਂ ਸੁਖ ਹੋਇਐ ਪ੍ਰਾਪਤ, ਕਿਉਂਕਿ ਅੱਗੇ ਦੇਖਣ ਪਾਠ ਆਉਂਦਾ ਹੈ। ਕਈ ਐਸੀਆਂ ਗੱਲਾਂ ਹਨ ਕਿ ਸਾਧ-ਸੰਗਤ ਤੋਂ ਹੀ ਪ੍ਰਾਪਤ ਹੋ ਸਕਦੀਆਂ ਹਨ ਔਰ ਸਾਧ-ਸੰਗਤ ਵਿੱਚ ਹੀ ਇਹ ਮਿਲ ਸਕਦੀਆਂ ਹਨ। ਗਿਣਤੀ-ਮਿਣਤੀ ਨਾਲ ਵਿੱਦਿਆ ਪੜ੍ਹਕੇ, ਕੱਖ ਨਹੀਂ ਬਣਦਾ। ਵਿੱਦਿਆ ਪੜ੍ਹੇ ਹੋਏ ਆਦਮੀ, ਚਾਰ ਵੇਦ ਦਾ ਵਕਤਾ, ਸਾਧੂ ਦੀ ਜੁੱਤੀ ਵਰਗਾ ਨਹੀਂ ਬਣਦਾ।

ਮੇਰੇ ਅੱਗੇ ਇੱਕ ਗੱਲ ਆ ਗਈ ਹੈ, ਵਕਤ ਵੀ ਚੰਗਾ ਹੋ ਗਿਐ, ਹੁਣ ਹੇਠਾਂ ਉਤਰ ਆਏ ਹਾਂ। ਸੰਤ ਜਿਊਣ ਸਿੰਘ ਹੁਰੀਂ, ਗੁਰੂ ਹਰੀ ਸਿੰਘ ਜੀ ਦੇ ਨਾਲ ਗਏ ਹੋਏ, ਗੁਰੂ ਚੱਕ। ਉੱਥੇ ਇੱਕ ਪੰਡਤ ਆਇਆ ਜਿਹਦੇ ਕੋਲ ਬੜੀਆਂ ਪੁਸਤਕਾਂ ਲੱਦ ਕੇ ਨਾਲ ਚੁਕਾ ਕੇ ਲਿਆਇਆ, ਨਾਲ ਬੜੇ ਆਦਮੀ ਲਿਆਇਆ, ਬਈ, ਏਥੇ ਗੁਰੂ ਆਇਆ ਹੈ ਕੂਕਿਆਂ ਦਾ ਤੇ ਉੱਥੇ ਚਲਦੇ ਹਾਂ, ਬਈ ਚਰਚਾ ਕਰਦੇ ਹਾਂ, ਕੋਈ ਗਿਆਨ ਦੀ ਗੱਲ ਕਰਦੇ ਹਾਂ। ਮਹਾਰਾਜ ਨੇ ਆਖਿਆ,''ਭਾਈ, ਸੰਤਾਂ ਜਿਊਂਣ ਸਿੰਘ ਹੁਰਾਂ ਕੋਲ ਲੈ ਜਾਓ।''

ਉਸੇ ਤਰ੍ਹਾਂ ਹੀ ਬੰਨ੍ਹੇ ਬੰਨ੍ਹਾਏ ਓਹ ਸੰਤਾਂ ਜਿਊਣ ਸਿੰਘ ਹੁਰਾਂ ਕੋਲ ਆ ਗਏ। ਸੰਤ ਜਿਊਂਣ ਸਿੰਘ ਹੁਰੀਂ, ਲਾਲ ਸਿੰਘ ਹੁਰੀਂ, ਮਿੱਤ ਸਿੰਘ ਹੁਰੀਂ—ਇਹ ਸਾਰੀ ਮੰਡਲੀ ਬੈਠੀ ਸੀ, ਪਰਾਲੀ ਵਿਛਾਈ ਸੀ—ਥੱਲੇ। ਕੱਢ ਕੇ ਪਰਾਲੀ ਪੰਡਤ ਜੀ ਨੂੰ ਵੀ ਦੇ ਦਿੱਤੀ, ਬਹਾਇਆ। ''ਆਓ ਮਹਾਰਾਜ, ਕਿਸ ਤਰ੍ਹਾਂ ਆਏ ਹੋ ?''

ਓਹ ਨਾਲ ਦੇ ਆਖਣ ਲੱਗੇ—ਬਈ, ਏਹ ਪੰਡਤ ਜੀ ਕੁਛ ਗਿਆਨ ਚਰਚਾ ਵਾਸਤੇ ਆਏ ਹਨ।

''ਆਉ ਬੈਠੋ।''

ਜਦੋਂ ਬਹਿ ਗਏ ਤਾਂ ਸੰਤ ਜਿਊਂਣ ਸਿੰਘ ਜੀ ਆਂਹਦੇ ਹਨ,''ਪੰਡਤ ਜੀ ਤੁਸੀਂ ਗਿਆਨੀ ਹੋ ਕਿ ਅਗਿਆਨੀ ?''

ਬੱਸ ਹੋ ਗਈ, ਐਨੇ ਬਚਨ 'ਚ ਹੀ। ਹੁਣ ਜਿਹੜੀ ਵਿੱਦਿਆ ਦਾ ਲੋਕਾਂ ਦੇ ਦਿਲ 'ਚ ਖਿਆਲ ਹੈ ਨ, ਵਿੱਦਿਆ ਪੜ੍ਹਿਆ ਹੋਇਆ ਸੀ ਉਹ। ਏਨਾ ਹੀ ਬਚਨ ਸੰਤਾਂ ਕੀਤਾ ਹੈ—ਬਈ ਪੰਡਤ ਜੀ ਤੁਸੀਂ ਗਿਆਨੀ ਹੋ ਕਿ ਅਗਿਆਨੀ ਹੋ। ਹੁਣ ਪੰਡਤ ਕੀ ਕਵ੍ਹੇ, ਜੇ ਤੇ ਕਹੇ ਅਗਿਆਨੀ ਤਾਂ ਗੱਲ ਬਾਤ ਕਰੇ ਤੇ ਜੇ ਗਿਆਨੀ ਹੈ ਤਾਂ ਲੋੜ ਕਿਹੜੀ ਗੱਲ ਦੀ ਹੈ। ਓਥੇ ਚਰਨੀ ਸੰਤਾਂ ਦੀ ਡਿੱਗ ਪਿਆ।

ਉਹ ਲੋਕ ਕਹਿਣ,''ਬਈ, ਸਾਡੇ ਤੇ ਪੱਲੇ ਕੁਛ ਨਾ ਪਿਆ।''

ਉਹ ਕਹਿੰਦੇ,''ਜੀ ਮੇਰਾ ਤਾਂ ਘਰ ਪੂਰਾ ਹੋ ਗਿਆ।''

ਤਾਂ ਇਹ ਹੈ ਪੜ੍ਹਾਈ ਜਿਹੜੀ ਸਤਿਗੁਰ ਨੇ ਪੜ੍ਹਾਈ ਹੈ। ਜੇ ਇਸ ਪੜ੍ਹਾਈ ਨੂੰ ਪੜ੍ਹ ਜਾਏ ਤੇ ਦੂਜੀ ਵੀ ਕੰਮ ਆ ਜਾਂਦੀ ਹੈ, ਨਹੀਂ ਤਾਂ ਫੇਰ ਭਾਵੇਂ ਸਾਰੀ ਸ੍ਰਿਸ਼ਟੀ ਦੇ ਚਾਰ ਵੇਦ ਵੀ ਉਚਾਰਦਾ ਹੋਵੇ ਮੂੰਹੋ, ਮਹਾਰਾਜ ਨੇ ਲਿਖਿਐ–

**ਸਾਸਤ[੭੫] ਸਿੰਮ੍ਰਿਤਿ[੭੬] ਬੇਦ ਚਾਰਿ ਮੁਖਾਗਰ[੭੭] ਬਿਚਰੇ[੭੮]।।**
**ਤਪੇ[੭੯] ਤਪੀਸਰ[੮੦] ਜੋਗੀਆ ਤੀਰਥਿ ਗਵਨੁ ਕਰੇ।।**
**ਖਟੁ ਕਰਮਾ ਤੇ ਦੁਗੁਣੇ,[੮੧]**

ਛੇ ਕਰਮ ਨਾ ਕਰੇ, ਬਾਰਾਂ ਕਰਮ ਕਰੇ—

**ਪੂਜਾ ਕਰਤਾ ਨਾਇ[੮੨]।।**
**ਰੰਗੁ ਨਾ ਲਗੀ ਪਾਰਬ੍ਰਹਮ ਤਾ ਸਰਪਰ[੮੩] ਨਰਕੇ ਜਾਇ।।**

*– ਸਿਰੀਰਾਗ ਮ:੫, ਪੰਨਾ–੭੦*

ਪੜ੍ਹੇ ਹੋਏ ਨਰਕ ਜਾਣਗੇ, ਬਿਨਾ ਪੜ੍ਹੇ ਹੋਏ ਜਿਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਨੇ ਭਜਨ ਦੇ ਦਿੱਤਾ ਹੈ, ਉਹ ਨਹੀਂ ਨਰਕ 'ਚ ਜਾ ਸਕਦੇ।

*ਐਸੋ ਮਿਲਾ ਵੈਦ ਕਾਰੀ ਬਾਝ ਓਸ ਸਾਰੀ ਰੋਤ ਹੈ।।੪੨।।*

ਕਹਿੰਦੇ ਨੇ,''ਮੇਰੀ ਬਿਮਾਰੀ ਕੱਟ ਦਿੱਤੀ ਹੈ, ਮੈਨੂੰ ਕਾਰੀ ਵੈਦ ਮਿਲ

ਗਿਐ, ਜਿਹਦੇ ਬਿਨਾਂ ਸਾਰੀ ਰੁਲਦੀ ਹੈ।''

*ਕਰੈ ਜੋ ਦੀਦਾਰੀ ਭੈਣੀ ਸਾਹਿਬ ਮਝਾਰੀ,*

ਜਿਹੜਾ ਭੈਣੀ ਸਾਹਿਬ ਜਾ ਕੇ—ਸਤਿਗੁਰਾਂ ਹੁਕਮ ਦਿੱਤਾ ਹੈ ਇੱਕ ਹੁਕਮਨਾਮੇ'ਚ ਕਿ ਤੁਸੀਂ ਰਾਮਦਾਸ ਪੁਰਾ ਨਾਂ ਸੱਦਿਆ ਕਰੋ। ਉਸ ਰਾਮਦਾਸ ਪੁਰੇ ਵਿਚ ਜਿਹੜਾ ਸਤਿਗੁਰਾਂ ਦੇ ਦਰਸ਼ਨ ਕਰੇਗਾ—ਇਹਦੇ ਤੇ ਵੀ ਮੈਂ ਗੱਲ ਦੱਸਣੀ ਹੈ—ਇਹ ਤੁੱਕ ਪੜ੍ਹ ਲੈਣ-

*ਲਾਏ ਅਮੀਸਰ[੯੪] ਤਾਰੀ ਤਨ ਮਨ ਮੈਲ ਧੋਤ ਹੈ।*

ਅੰਮ੍ਰਿਤਸਰ ਵਿੱਚ ਓਹ ਤਾਰੀ ਲਾਉਂਦਾ ਹੈ, ਅੰਮ੍ਰਿਤ ਦੇ ਸਰੋਵਰ ਵਿੱਚ ਓਹਦੇ ਤਨ ਮਨ ਦੀ ਮੈਲ ਧੋਤੀ ਜਾਂਦੀ ਹੈ।

- - - - - - - - - - - - - - - - -★੫

- - - - - - - - - - - - -

- - - - - - - -

## ਟਿੱਪਣੀਆਂ

★੧ ਚਾਂਦੀ ਦੇ ਦੋ ਗਿਲਾਸ ਭਾਈ ਕਾਨ੍ਹ ਸਿੰਘ ਜੀ ਬੁਰਜ ਵਾਲਿਆਂ ਨੇ ਭੇਜੇ ਸਨ। ਜਾਨਵਰ ਚਿੜੀ ਦੀ ਸ਼ਕਲ ਦਾ ਸੀ। ਸਤਿਗੁਰੂ ਜੀ ਨੇ ਇਹ ਭੰਨ ਕੇ ਗੁਰਦੁਆਰੇ ਲੰਗਰ ਵਿੱਚ ਭੇਜ ਦਿੱਤੇ ਸਨ।

★੨ ਹਮੀਰਾ।

★੩ ਬਾਰ੍ਹਾਂ ਮਹੀਨਿਆਂ ਤੋਂ ਅਤਰਿਕਤ ਇੱਕ ਹੋਰ ਮਹੀਨਾ ਭੀ ਹੁੰਦਾ ਹੈ। ਇਸ ਨੂੰ ਮਲਮਾਸ ਯਾ ਲੌਂਦ ਦਾ ਮਹੀਨਾ ਕਹਿੰਦੇ ਹਨ। ਇਹ ਚੰਦ੍ਰਮਾ ਦਾ ਅਧਿਕ ਮਾਸ, ਸਾਲ ਦਾ ਹਿਸਾਬ ਠੀਕ ਰਖਣ ਵਾਸਤੇ ਤੀਜੇ ਵਰ੍ਹੇ ਵਧਾਇਆ ਹੋਇਆ ਮਹੀਨਾ ਹੈ ਜਿਸ ਵਿੱਚ ਸਕ੍ਰਾਂਤਿ ਨਹੀਂ ਆਉਂਦੀ। ਹਿੰਦੂ ਮਤ ਅਨੁਸਾਰ ਮਲਮਾਸ ਵਿੱਚ ਕੋਈ ਮੰਗਲ ਕਾਰਯ ਨਹੀਂ ਹੋ ਸਕਦਾ।

★੪ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿਨ ਸੇਵਕ ਜਿਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ ੧੯੭੫ 'ਚ ਦਿੱਲੀ ਦਾ ਸੂਬਾ ਥਾਪਿਆ।

★੫ ਇਸ ਤੋਂ ਅਗਲੀ ਕਥਾ ਟੇਪਾਂ ਵਿਚੋਂ ਉਪਲਬਧ ਨਾ ਹੋਣ ਕਾਰਨ ਸਤਿਗੁਰੂ ਬਿਲਾਸ ਪਾਤਸ਼ਾਹੀ ੧੨ ਵਿਚੋਂ, ਇਹ ਹਿਸਾ ਪਾਠਕਾਂ ਦੀ ਜਾਣ ਕਾਰੀ ਲਈ ਜਿਉਂ ਦਾ ਤਿਉਂ ਦਿੱਤਾ ਜਾ ਰਿਹਾ ਹੈ।

*ਕਰੇ ਜੋ ਦਿਦਾਰੀ ਭੈਣੀ ਸਾਹਿਬ ਮਝਾਰੀ ਲਾਏ*
*ਅਮੀਸਰ ਤਾਰੀ ਤਨ ਮਨ ਮੈਲ ਧੋਤ ਹੈ।*
*ਬਾਣੀ ਕਰਤਾਰੀ ਕਰ ਤਾਰੀ ਇਕ ਸਾਰੀ*
*ਚਾਰ ਵਰਨ ਨਾਰ ਨਾਰੀ ਲਾਜਟਾਰੀ ਕੁਲ ਗੋਤ ਹੈ।*
*ਦੇਵਨ ਅਚਾਰੀ ਤਹਾਂ ਰਾਤ੍ਰ ਦਿਹਾਰੀ*
*ਸੋਧ ਸੁਰਤੀ ਵਿਚਾਰੀ ਬਾਣੀ ਗੁਰੂ ਕੀ ਮਨੋਤ ਹੈ।*
*ਸਚੇ ਸੰਗ ਯਾਰੀ ਹਿੰਦ ਧਰਮ ਕੋ ਵਿਥਾਰੀ*
*ਕੂੜ ਤੋਰਕ ਕੇ ਗਾਰੀ ਗਊ ਦੀਨ ਸੁਖ ਸੋਤ ਹੈ।।੪੩।।*
*ਕੀਰਤਿ ਕੀ ਬਾਰੀ ਕਿਧੋ ਨਾਮ ਫੁਲਵਾਰੀ*
*ਪ੍ਰੇਮ ਭਗਤੀ ਪਿਆਰੀ ਜਾਹਿ ਮਧ ਸਦਾ ਹੋਤ ਹੈ।*
*ਪਾਪਨ ਕੋ ਆਰੀ ਦੋਖ ਦਹੇ ਬਨ ਨਾਰੀ*
*ਕਿਧੋ ਰੈਣ ਅੰਧਿਆਰੀ ਮਾਹਿ ਸੂਰਜ ਉਦੋਤ[੯੫] ਹੈ।*
*ਕਲੂ ਕੋ ਬੁਹਾਰੀ ਆਦਿ ਯੁਗ ਲੜੀ ਸਾਰੀ*
*ਮੋਤੀ ਨਾਮ ਮੁਲ ਭਾਰੀ ਸਿਖ ਸੰਗਤਿ ਪਰੋਤ ਹੈ।*
*ਦਾਸ ਬਹਿਲਾਰੀ ਮੋਖ ਭੋਗ ਕੇ ਭੰਡਾਰੀ*

ਭੈਣੀ ਸਾਹਿਬ ਮਝਾਰੀ ਨਾਮਧਾਰੀ ਸਚੀ ਜੋਤਿ ਹੈ।।੪੪।।
ਲੰਗਰ ਕੇ ਮੰਦਰ ਬਣੇ ਹੈ ਸਭ ਸੁੰਦਰ
ਸੁ ਅੰਦਰ ਹੀ ਖੂਹ ਸਿੰਘ ਨਾਇ ਬਾਣੀ ਰਟੇ ਹੈਂ।
ਅਜਬ ਚੁਬਾਰੇ ਬੀਚ ਗ੍ਰੰਥ ਅਸਵਾਰੇ ਪ੍ਰਾਤ
ਹੋਤ ਆਸਾ ਵਾਰੇ ਸ੍ਰੋਤਿ ਕਿਯੇ ਪਾਪ ਕਟੇ ਹੈਂ।
ਏਕ ਦਿਸਾ ਘੋਰਨ ਤਬੇਲਾ ਜੇ ਮਹੇਲਾ[੮੬]
ਖਾਤ ਗਊ ਮੈਖੀ[੮੭] ਬੈਲ ਜੇ ਖਰਾਸ ਗਾਡੀ ਡਟੇ ਹੈ।
ਸੇਵਾ ਦਾਰ ਧੰਨ ਤਨ ਮਨ ਤੇ ਜੋ ਕਰੇ
ਸੇਵ ਜਨਮ ਮਨੁਖ ਕੇ ਸੋ ਸਿੰਘ ਦਾਮ ਵਟੇਂ ਹੈ।।੪੫।।
ਗਰਾਮ ਗੁਰ ਜੀ ਕੋ ਬੇਸ ਭਲੋ ਸਭ ਦੇਸ
ਜਾਹਿ ਪ੍ਰਭ ਕੋ ਨਿਵੇਸ[੮੮] ਸੋ ਪਵਿਤ ਹੋਇ ਧਾਮ ਜੀ।
ਪਾਵਨ ਸੇ ਪਾਵਨ ਕਿਯੇ ਸੁ ਗ੍ਰਾਮ ਥਾਵਨ
ਜਿਉ ਵੁਠੇ[੮੯] ਔੜ ਸਾਵਨ ਕਿ ਰਾਵਨ ਕੋ ਰਾਮ ਜੀ।
ਖੋਲਿਓ ਖਜਾਨਾਂ ਧਨ ਨਾਮ ਕੋ ਭਿਰਾਮ[੯੦] ਸਭ
ਪੂਰ ਕਾਮ ਜਨੌਂ ਕੋ ਜਪਾਏ ਹਰਿ ਨਾਮ ਜੀ।
ਤਾਰਨ ਕੇ ਹਿਤ ਸ਼ਾਂਤ ਚਿਤ ਸੁ ਆਦਿਤ ਤੇਜ
ਮੂਰਤਿ ਪ੍ਰਕਾਸੀ ਸ੍ਰੀ ਗੁਰੂ ਸਿੰਘ ਰਾਮ ਜੀ।।੪੬।।
ਦੋਹਰਾ। ਦਰ ਪਰ ਬਰ ਤਰ ਤਰ ਰਾਮ ਸਰ ਪੀਪਰ ਸਘਨ ਸੁ ਛਾਇ।
ਤਰ ਨਰ ਕਰ ਹਰਿ ਦਰਸ ਵਰ ਦਰ ਪਰ ਬਾਵੀ ਰਾਇ।।੪੭।।
ਰਾਮ ਕਹਿਤ ਚਿਤ ਥਿੱਤ ਹੋਇ ਸਿੰਘ ਕਹਿਤ ਭੈ ਹਾਨ।
ਤਾਂਤੇ ਮਿਤ ਨਿਤ ਮੰਤ ਜਪ ਰਾਮ ਸਿੰਘ ਭਗਵਾਨ।।੪੮।।
ਕਲੂ ਮਾਹਿ ਜੇ ਚਾਹਿ ਨਰ ਜਨਮ ਮਰਨ ਭਵ ਚੂਰ।
ਸੋ ਗੁਰ ਧਾਰੋ ਜਾਇ ਤਹਿ ਦਰਸੋ ਹਰੀ ਹਜੂਰ।।੪੯।।
ਦੋਹਰਾ।। ਆਗੇ ਜਿਵ ਇਕ ਸਿੰਘ ਤੇ ਗਾਥਾ ਸੁਣੀ ਸੁਣਾਉ।
ਬੰਦੋ ਗੁਰੂ ਧਿਆਨ ਸਿੰਘ ਸਹਿ ਨਿੰਮ੍ਰਤ ਗੁਣ ਗਾਉ।।੫੦।।

ਇਤਿ ਸ੍ਰੀ ਸਤਿਗੁਰੂ ਬਿਲਾਸੇ ਸ੍ਰੀ ਭੈਣੀ ਸਾਹਿਬ ਗੁਰਦੂਾਰਾ ਰਚਨ ਪ੍ਰਸੰਗ ਸੰਪੂਰਨੰ ਨਾਮ ਖਸ਼ਟਮੋ ਧਿਆਇ।

## ਸ਼ਬਦਾਰਥ

੧. ਨਾ ਨਾਸ ਹੋਣ ਵਾਲਾ।
੨. ਤੇਜਵਾਨ।
੩. ਈਰਖਾ।
੪. ਈਰਖਾ ਰਹਿਤ।
੫. ਵੱਡਾ।
੬. ਮੁਹਾਂਦਰਾ, ਹੁਲੀਆ।
੭. ਚਿੰਨ੍ਹ ਨਿਸ਼ਾਨ।
੮. (ੳ) ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ।
(ਅ) ਰੰਗ।
੯. ਜਾਤ-ਮਨੁੱਖ ਮਾਤਰ ਦੀਆਂ ਵੰਡੀਆਂ ਵਿੱਚੋਂ ਕੋਈ ਇੱਕ।
੧੦. ਕੋਈ ਨਹੀਂ ਜਿਸਦੀ।
੧੧. ਜਣਨ ਵਾਲੀ ਮਾਤਾ।
੧੨. ਕਪੜੇ।
੧੩. ਸਾਦੇ ਤੇ ਰੇਸ਼ਮੀ ਕਪੜੇ।
੧੪. ਮੁਖ ਵਿੱਚ ਦਿਏ, ਛਕਾਓ।
੧੫. ਜ਼ਿੰਦਗੀ ਵਿੱਚ ਵਾਧਾ ਕਰਨ ਵਾਲੀ ਹੈ।
੧੬. ਬਹੁਤ।
੧੭. ਹੁੰਦੀ ਹੈ।
੧੮. ਲੋੜੀਂਦੀ।
੧੯. ਧਰਮ।
੨੦. ਫਾਹੀ।
੨੧. ਗਲ੍ਹਾਂ, ਭਾਵ ਚਿਹਰਾ।
੨੨. ਦੋਵੇਂ ਜਹਾਨ, ਲੋਕ ਪਰਲੋਕ।
੨੩. ਇੱਕ।
੨੪. ਵਾਲ ਦੀ ਤਾਰ।
੨੫. ਮਿੱਤਰ।
੨੬. ਚੰਦਰਮਾ।
੨੭. ਤੇਰੇ ਚਿਹਰੇ ਦੇ ਸਾਹਮਣੇ।
੨੮. ਸਗੋਂ।
੨੯. ਜਹਾਨ ਦਾ ਸੂਰਜ।
੩੦. ਦਾਸ ਹੈ।
੩੧. ਅਸੀਂ ਨਹੀ ਪਛਾਣਦੇ।
੩੨. ਮਤਵਾਲੇ, ਚਾਹਵਾਨ, ਆਸ਼ਕ।
੩੩. ਗਾਲ੍ਹਾਂ, ਕਬੋਲ ਬਚਨ।
੩੪. ਕਹਿਓ।
੩੫. ਘੋੜਾ।
੩੬. ਗਊਆਂ।
੩੭. ਨਾਸ ਕਰਨਾ।
੩੮. ਝਗੜਾਲੂ।
੩੯. ਛਿਪਣਾ।
੪੦. ਦੇਵਤੇ।
੪੧. ਮਨੁੱਖ।
੪੨. ਦੈਂਤ।
੪੩. ਗੁੱਸਾ।
੪੪. ਰੋਂਦੀ।
੪੫. ਅੱਖਾਂ।
੪੬. ਹੋਰ ਹਨ।
੪੭. ਦਿੱਸਦਾ ਹੈ।
੪੮. ਮੇਰਾ ਪਿਆਰਾ।

੪੯. ਭਰਮ।
੫੦. ਕਦਾਚਿਤ।
੫੧. ਸ਼ਕਤੀਆਂ ਵਾਲਾ।
੫੨. ਅਨੇਕ।
੫੩. ਪ੍ਰਗਟਿਆ।
੫੪. ਵੇਖਿਆ।
੫੫. ਪਰ ਭਾਣੇ ਵਿੱਚ ਕੋਈ ਵਿਰਲਾ ਹੀ ਰਹਿੰਦਾ ਹੈ।
੫੬. ਜੁਗਾਂ ਤਕ।
੫੭. ਹਰ ਤਰਾਂ ਦੇ ਸੁਆਦ।
੫੮. ਭੋਗੇ ਹੈ ਸਨ।
੫੯. ਪੈਰ।
੬੦. ਚਲੇ ਗਏ।
੬੧. ਪ੍ਰਥਵੀ ਪੁਰ।
੬੨. ਧਰਤੀ।
੬੩. ਹੱਥ ਜੋੜਨੇ।
੬੪. ਪਵਿਤਰ, ਉਹ ਸਿਰ ਚੰਗਾ ਤੇ ਸ਼ੁੱਧ ਪਵਿਤਰ ਹੈ।
੬੫. ਕਹਿਣਾ।
੬੬. ਪਰਖਣਾ।
੬੭. ਬਾਹਵਾਂ ਖਿੜਕੀਆਂ, ਥੱਕੀਆਂ ਨਹੀਂ।
੬੮. ਨਰਮ।
੬੯. ਕਹੀ।
੭੦. ਉਹ ਹੋਰ ਕਿਸੇ ਪਾਸੇ ਦੀ ਝਾਕ ਨਹੀਂ ਰੱਖਦੀਆਂ।
੭੧. ਖੂਹ।
੭੨. ਛਕਣਾ।
੭੩. ਗਵਾਉਣਾ।
੭੪. ਜਹਾਜ਼।
੭੫. ਸ਼ਾਸਤਰ।
੭੬. ਸਿੰਮ੍ਰਤੀਆਂ।
੭੭. ਮੂੰਹ ਜ਼ਬਾਨੀ।
੭੮. ਵੀਚਾਰੇ, ਉਚਾਰੇ।
੭੯. ਤਪ ਕਰੇ।
੮੦. ਵੱਡੇ ਤਪੀਆਂ ਵਾਂਗੂ।
੮੧. ਦੂਣੇ। ਛੇ ਕਰਮ ਇਹ ਹਨ : ਪੜ੍ਹਨਾਂ, ਪੜ੍ਹਾਉਣਾ, ਯੱਗ ਕਰਣਾ, ਯੱਗ ਕਰਾਉਣਾ, ਦਾਨ ਦੇਣਾ, ਦਾਨ ਲੈਣਾ। ਇਨ੍ਹਾਂ ਛੇ ਕਰਮਾਂ ਵਿੱਚ ਛੇ ਹੋਰ ਮਿਲਾਈਦੇ ਹਨ ਤਾਂ ਹਿੰਦੂ ਧਰਮ ਅਨੁਸਾਰ ੧੨ (ਦੁਆਦਸ) ਕਰਮ ਬਣਦੇ ਹਨ। ਇਹ ਛੇ ਕਰਮ ਹਨ :- ਇਸ਼ਨਾਨ, ਜਪ, ਹਵਨ, ਦੇਵ ਪੂਜਾ, ਤੀਰਥ ਯਾਤਰਾ ਅਤੇ ਤਪ।
੮੨. ਇਸ਼ਨਾਨ ਕਰਕੇ।
੮੩. ਨਿਸਚੇ ਹੀ।
੮੪. ਅੰਮ੍ਰਿਤ ਦਾ ਸਰੋਵਰ।
੮੫. ਉੱਗਣਾ।
੮੬. ਨਿਹਾਰੀ, ਘੋੜਿਆ ਦੀ ਖੁਰਾਕ।
੮੭. ਮੱਝ।
੮੮. ਠਹਿਰਣਾ।
੮੯. ਬਰਸਣਾ।
੯੦. ਸੁੰਦਰ।

## ਬੈਂਕੋਕ ੨੯-੬-੧੯੫੩

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**- ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

ਇਹ ਹੁਕਮਨਾਮਾ ਸਤਿਗੁਰਾਂ ਨੇ (ਸੰਮਤ) ੧੯੩੮ 'ਚ ਭੇਜਿਆ ਰੰਗੂਨੋਂ ਪੁਜਾਰੀਆਂ ਵੱਲ, ਕਿਓਂਕਿ (ਸੰਮਤ) ੧੯੧੯ ਦੀ ਦੀਪ ਮਾਲਾ ਤੋਂ ਪੁਜਾਰੀਆਂ ਨੇ ਰੌਲਾ ਪਾਇਆ ਸੀ ਕਿ ਨਾਮਧਾਰੀ ਜਿਹੜੇ ਹਨ, ਇਹ ਕਲਾਮ ਪੜ੍ਹਦੇ ਹਨ ਤੇ ਸਾਰਿਆਂ ਤਖਤਾਂ ਉੱਤੇ ਲਿਖ ਕੇ ਭੇਜ ਦਿੱਤਾ ਕਿ ਇਹ ਮੁਸਲਮਾਨੀ ਕਲਾਮ ਪੜ੍ਹਦੇ ਹਨ, ਇਹ ਸਿੱਖ ਨਹੀਂ ਹਨ। ਅੰਗ੍ਰੇਜ਼ ਨੂੰ ਲੋੜ ਸੀ ਕੋਈ ਨਾ ਕੋਈ ਆਦਮੀ ਇਹਨੂੰ ਲੱਭਿਆ ਰਹਿੰਦਾ ਸੀ, ਉਹਦੀ ਚਾਬੀ ਇਹ ਚੱਲੀ। ਸਤਿਗੁਰਾਂ ਨੇ ੧੮-੧੯ ਸਾਲ ਕੁਛ ਨਹੀਂ ਲਿਖਿਆ। ਫੇਰ ਇਹ ਹੁਕਮਨਾਮਾ ਬਾਬੇ ਨਰਾਇਣ ਸਿੰਘ ਹੁਰੀਂ ਰੋਡਿਆਂ ਵਾਲੇ—ਮੈਨੂੰ ਨਾਵਾਂ ਦਾ ਚੇਤਾ ਭੁੱਲ ਗਿਆ ਹੈ, ਨਾਲ ਜਿਹੜੇ ਹੋਰ ਸਿੰਘ ਸਨ ਓਨਾਂ ਦੇ—ਉਨ੍ਹਾਂ ਦੇ ਹੱਥੀਂ ਭੇਜਿਆ। ਐਸੀ ਖੇਡ ਬਣਾਈ, ਹੁਕਮਨਾਮਾ ਲੈ ਕੇ ਇਹ ਅਕਾਲ ਤਖਤ ਗਏ। ਬਾਬੇ ਨਰਾਇਣ ਸਿੰਘ ਹੁਰਾਂ ਮੈਨੂੰ ਆਪ ਸੁਣਾਇਐ, ਕਹਿਣ ਲੱਗੇ,''ਜਿਸ ਵੇਲੇ ਉੱਥੇ ਅਸੀਂ ਗਏ, ਉਹਨਾਂ ਨੇ ਇਹ ਚਾਲ ਕੀਤੀ—ਬਈ, ਤੁਹਾਡੇ ਗੁਰੂ ਦਾ ਲਿਖਿਐ, ਤੁਸੀਂ ਸੁਣਾਓ।'' ਸਾਨੂੰ ਤੇ ਪੜ੍ਹਨ ਲਾ ਦਿੱਤਾ, ਕੋਤਵਾਲੀ ਨੂੰ, ਪੁਲਸ ਵੱਲ ਆਦਮੀ ਭੇਜ ਦਿੱਤਾ।

ਅਸੀਂ ਹੁਕਮਨਾਮਾ ਪੜ੍ਹਕੇ, ਸੁਣਾ ਕੇ, ਲੈ ਕੇ ਹੁਕਮਨਾਮਾ ਓਥੋਂ ਤੁਰ ਆਏ। ਉਹ ਕੋਤਵਾਲੀ ਜਿਹੜਾ ਆਦਮੀ ਆਇਆ, ਉਹਨੂੰ ਦੇਰ ਲੱਗ ਗਈ। ਜਦੋਂ ਉੱਥੇ ਬ੍ਰਹਮ ਬੂਟੇ ਦੇ ਕੋਣੇ ਉੱਤੇ ਅਸੀਂ ਆ ਗਏ ਤੁਰ ਕੇ ਅਕਾਲ ਤਖਤੋਂ ਤੇ ਉੱਥੇ ਆ ਕੇ ਉਹ ਸਿਪਾਹੀ ਕਹਿੰਦੈ,''ਉਹ ਕਿੱਥੇ ਹੈ ਚਿੱਠੀ, ਜਿਹੜੀ ਤੁਸੀਂ ਲਿਆਏ ਹੋ ?''

ਅਸੀਂ ਆਖਿਆ,''ਅਸੀਂ ਤਾਂ ਉਹ ਪੁਜਾਰੀਆਂ ਨੂੰ ਦੇ ਆਏ ਹਾਂ।''

ਜੇ ਕਹਿ ਦਿੰਦੇ—ਹੈ, ਉਹ ਲੈ ਲੈਂਦੇ, ਨਾ ਹੁਕਮਨਾਮਾ ਰਹਿੰਦਾ ਸਾਡੇ ਕੋਲ। ਉਹ ਉਧਰ ਮੁੜ ਗਏ, ਉਹ ਨਿਕਲ ਆਏ। ਇਹ ਹੁਕਮਨਾਮਾ ਉਹ ਹੈ ਜਿਹੜਾ ਪੁਜਾਰੀਆਂ ਨੂੰ ਸਤਿਗੁਰਾਂ ਨੇ ਲਿਖਿਆ ਕਿ ਤੁਸਾਂ ਆਹ ਕੁਝ ਕੀਤਾ ਹੈ।

## ਹੁਕਮ ਨਾਮਾ—ਸਤਿਗੁਰੂ ਰਾਮ ਸਿੰਘ ਜੀ

**੧ੴ ਸਤਿਗੁਰਿ ਪ੍ਰਸਾਦਿ।**

**ਲਿਖਤੋ ਸ੍ਰਬਤਿ ਕੂਕਿਆ ਦੀ ਜੋਗ ਪੁਜਾਰੀਆ ਅਕਾਲ ਬੁੰਗੇ ਦਿਆ ਕੋ ਹੋਰ ਸੰਬੂਹਿ ਪੂਜਾਰੀਆ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਿਨੀ। ਹੋਰੁ ਸਿੰਘ ਨਿਹੰਗਾ ਫਤੇ ਬੁਲਾਈ ਪ੍ਰਮਾਨ ਕਰਿਨੀ।**

**ਹੋਰੁ ਸਿੰਘ ਸਾਹਿਬ ਜੀ ਮਤਾਲਬ ਏਹੁ ਹੈ ਥੋੜੇ ਮੈ ਹੀ ਸਮਝ ਲੈਣਾ, ਜਿਨਾ ਨੂ ਤੁਸੀ ਕੂਕੇ ਆਖੇ ਹੋ ਜੇ ਤਾ ਏਹੁ ਰਚਨਾ ਗੁਰੂ ਦਸਮੇ ਪਾਤਸਾਹਿ ਨੇ ਰਚੀ ਹੈ, ਸਾਰੇ ਕੂਕੇ ਤੇ ਰਾਮ ਸਿੰਘ ਨੂ ਬੀ ਜੋ ਅਸੀ ਆਖੇ ਹਾ ਸਤਿਗੁਰੂ, ਜੇ ਤਾ ਏਹੁ ਕਾਰਨ ਸਾਰਾ ਤੁਸਾ ਨੂ ਗੁਰੂ ਦਾ ਈ ਮਲੂਮ ਪੈਦਾ ਹੈ ਤਾ ਤੇ ਤੁਸੀ ਹਥਿ ਜੋੜ ਕੇ ਸਾਰੇ ਦੇਸਾ ਦੇ ਪੁਜਾਰੀ ਤਨਖਾਹਿ ਬਖਸਾਓ, ਗੁਰੂ ਬਖਸ ਦੇਵੇਗਾ। ਗਲ ਮੈ ਪਲਾ ਪਾ ਕੇ ਆਖੋ ਅਸੀ ਭੁਲਿ ਗਏ ਹਾ। ਗੁਰੂ ਜੀ ਦੇ ਸਾਗ ਨੂ ਨਹੀ ਜਾਣਿ ਸਕੇ। ਅਰੁ ਏਹੋ ਹੁਕਮ ਕਬੂਲ ਕਰੋ ਜੋ ਕੂਕੇ ਕਰਦੇ ਹੈ, ਗੁਰੂ ਬਖਸ ਲੇਵੇਗਾ।**

ਤੁਸੀ ਵਡੀ ਮਨਮਤ ਕੀਤੀ ਹੈ ਸਭ ਨੇ ਰਲ ਕੇ, ਗਰੂ ਜੀ ਦੇ ਹੁਕਮ ਨਾਲ ਦਾਵਾ ਬੰਨਿਆ ਹੈ। ਅਰੁ ਜੇ ਜਾਣਦੇ ਹੋ ਕਿ ਏਹੁ ਹੁਕਮੁ ਗੁਰੂ ਜੀ ਦਾ ਨਹੀ, ਰਾਮ ਸਿੰਘ ਨੇ ਹੀ ਡੂੰਡਾ ਖੜਾ ਕਰਿ ਲਿਆ ਹੈ ਕਲਾਮ ਪੜਕੇ ਤਾ ਰਾਮ ਸਿੰਘੁ ਤੇ ਕੂਕੇ ਤੁਸਾ ਦੇ ਅਗੇ ਕਿਆ ਚੀਜ ਹੈ ਕਿਉਕਿ ਤੁਸੀ ਆਪ ਬੀ ਬਡੇ ਹੋ ਥਾਨਾ ਤਖਤਾ ਬਾਲੇ, ਤੁਮਾਰੇ ਪਖੀ ਬੀ ਬਹੁਤ ਬਡੇ ਹੈਨ ਰਾਜੇ ਬਲ ਧਾਰੀ। ਸਾਰੇ ਰਲ ਕੇ ਏਸ ਬਾਤ ਕੋ ਦੂਰਿ ਕਰੋ ਕੂਕਿਆ ਦੇ ਡੂਡੇ ਕੋ। ਦੋ ਮੈ ਤੇ ਇਕੁ ਬਾਤ ਕਰੋ ਜੋ ਥੁਆਨੂ ਅਛੀ ਲਗੇ। ਜੋ ਦੋ ਮੈ ਤੇ ਕੋਈ ਬਾਤ ਨਾ ਕਰੋਗੇ ਤਾ ਤੁਮਾਰੇ ਪੇਸ ਆਵੇਗੀ ਏਹੁ ਬਾਤ, ਜੋ ਸੁਭਾਉ ਤੁਸੀ ਬਰਤਾ ਹੈ। ਜੇ ਤੁਸੀ ਕਹੋ ਕਦ ਪੇਸ ਆਊ, ਤਾ ਹੁਣ ਕੋਹ ਤਾ ਮੁਕ ਗਏ ਕਦਮ ਰਹੇ ਹੈਨ। ਤਕੜੇ ਹੋ ਕੇ ਇਕੁ ਬਾਤ ਕਰੋ। ਜੇ ਚੁਪ ਹੁਨਿ ਕਰਿ ਰਹੇ ਤਾ ਤੁਮਾਰਾ ਕੰਮ ਬਹੁਤੁ ਬਿਗੜ ਜਾਵੇਗਾ ਸਭਨਾ ਦਾ। ਜੋ ਅਛੀ ਹੈ ਸੋ ਕਰੋ। ਏਹ ਬਾਤ ਝੂਠੀ ਨਾ ਜਾਣਨੀ। ਹਮਾਰਾ ਤਾ ਜੋ ਵਿਗੜਨਾ ਥਾ ਸੋ ਵਿਗੜ ਹਟਾ, ਅਬ ਤੁਮਾਰੀ ਬਾਰੀ ਹੈ ਨਾਲੇ ਤੁਮਾਰੇ ਪਖੀਆ ਕੀ।

ਏਹੁ ਜੋ ਲਿਖਾ ਹੈ ਏਸ ਕੋ ਆਵਾਗੌਣ ਨਾ ਜਾਣਨਾ। ਜੇ ਗੁਰੂ ਦਾ ਕਹਿਣਾ ਝੂਠਾ ਹੈ ਤਾ ਏਹੁ ਬੀ ਝੂਠਾ ਹੋਇ ਜਾਊ। ਗੁਰੂ ਜੀ ਦਾ ਹੁਕਮ ਤਾ ਸਦਾ ਹੀ ਸਚਾ ਹੈ, ਤਾ ਏਹੁ ਬੀ ਸਚਾ ਹੈ। ਹੁਨਿ ਡੇਰ ਨਾ ਕਰਨੀ। ਦੋ ਬਾਤਾ ਮੈ ਤੇ ਏਕੁ ਕਰਿ ਲੈਣੀ। ਜਿਸ ਦਿਨ ਤੁਸੀ ਕੂਕਿਆ ਦੇ ਪੰਥ ਕੋ ਮਿਟਾ ਦੇਮੋਗੇ ਫੇਰਿ ਅਸੀ ਸਾਰੇ ਕੂਕੇ ਤੁਮਾਰੇ ਪਾਸ ਤੇ ਤਨਖਾਹਿ ਬਖਸਾਇ ਲੇਵਾਗੇ, ਉਰੇ ਨਹੀ ਵਖਸਾਉਦੇ ਭਾਮੇ ਤੁਸੀ ਕਿਤਨਾ ਬਕੋ ਸਾਰੇ ਕਠੇ ਹੋ ਕੇ ਪੁਜਾਰੀ ਤੇ ਨਾਲੇ ਕਾਲੀ ਪੋਸ ਨਹੰਗ ਸਿੰਘ। ਥੋੜਾ ਲਿਖਾ ਹੈ ਬਹੁਤ ਕਰਿਕੇ ਸਮਝ ਲੈਣਾ।

ਜਿਥੇ ਜਿਥੇ ਅਗੇ ਕਲਾਮ ਫੇਰੀ ਹੈ ਲਿਖ ਕੇ ਓਥੇ ਓਥੇ ਹੁਨਿ ਏਹੁ ਹਰਿਦਾਸ ਦਾ ਬੀ ਹੁਕਮੁ ਭੇਜ ਦੇਣਾ ਲਿਖਕੇ, ਉਕਣਾ ਨਹੀ ਹੁਨਿ ਏਸ ਬਾਤ ਤੇ। ਸਾਰੇ ਅਕਾਲ ਬੁੰਗੇ ਤੇ ਈ ਫੈਲੀ ਹੈ ਕਿ ਕਲਾਮ

ਕੂਕੇ ਪੜਦੇ ਹੈ। ਜਿਸਤਰਾ ਝਖ ਮਾਰੀ ਹੈ ਹੁਣਿ ਏਹੁ ਖਬਰ ਕਰਿ ਦੇਣੀ ਭਈ ਕੂਕੇ ਏਉ ਆਧੇ ਹੈ, ਸਭਨੀ ਥਾਈ ਤਕੜੇ ਕਰਿ ਦੇਉ ਅਗੇ ਮਾਗੂ। ਸਿਖੀ ਨੂੰ ਬੰਨ ਪਾਇਆ ਤੁਸੀ ਧੰਨ ਹੋ। ਜਿਤਨਾ ਚਿਰ ਤੁਸੀ ਦੋ ਮੈ ਤੇ ਇਕ ਨਹੀ ਕਰ ਲੈਦੇ ਓਤਨਾ ਚਿਰ ਅਸੀ ਤੁਮਾਰੇ ਅਗੇ ਤਨਖਾਹ ਬਖਸਾਵਨ ਨੂ ਨਹੀ ਖੜੇ ਹੁੰਦੇ ਭਾਮੇ ਤੁਸੀ ਕਿਤਨਾ ਕਹੋ। ਓਤਨਾ ਚਿਰ ਸਾਨੂ ਤੁਸਾ ਦਾ ਕਹਿਣਾ ਐਸੇ ਲਗਦਾ ਹੈ ਜੈਸੇ ਭੂਤ ਦੀ ਇਟ ਹੋਦੀ ਹੈ ਭਾਮੇ ਕਿਤਨੀ ਬਾਰ ਕਹੋ। ਜਿਸ ਵੇਲੇ ਤੁਸੀ ਜੋ ਬਾਤਾ ਦੋ ਜੋ ਆਖੀਆ ਹੈ ਥੁਆਨੂੰ, ਦੋ ਮੈ ਤੇ ਜਦ ਇਕ ਕਰ ਲਓਗੇ ਤਾ ਅਸੀ ਆਪ ਹੀ ਤੁਮਾਰੇ ਅਗੇ ਹਥ ਜੋੜ ਖੜੇ ਹੋਇ ਜਾਵਾਗੇ ਸਾਰੇ ਹੀ ਕੂਕੇ। ਜੋ ਮਰਜੀ ਹੋਵੇ ਸੋ ਤਨਖਾਹਿ ਲਾਉਣੀ। ਹੁਣ ਤੁਸੀ ਸਾਨੂੰ ਤਨਖਾਹ ਲਾਉਣ ਨੂ ਆਖਣਾ ਨਾ। ਦੋਹਾ ਬਾਤਾ ਮੈ ਤੇ ਇਕ ਬਾਤ ਕਰਨ ਦਾ ਉਪਾਓ ਕਰੋ ਜਿਸ ਤਰਾ ਬਣਿ ਆਵੇ ਤੁਸਾ ਤੇ।

ਜੇ ਹੁਣ ਨਹੀ ਉਦਮ ਕਰਨਾ ਤਾ ਤੁਸੀ ਅਗੇ ਹੀ ਚੁਪ ਕਰ ਰਹਿਣਾ ਸੀ। ਤੁਸਾ ਦਾ ਕੀ ਨੁਕਸਾਨ ਥਾ। ਹੁਣ ਤਾ ਤੁਸਾ ਦੀ ਪਤਿ ਤਾ ਹੀ ਰਹਿੰਦੀ ਹੈ ਜੇ ਮਿਟਾ ਦੇਓ ਕੂਕੇ ਪੰਥ ਕੋ। ਨਹੀ ਤਾ ਜਿਥੇ ਜਿਥੇ ਕਿਸੇ ਨੇ ਕਲਾਮ ਲਿਖਕੇ ਭੇਜੀ ਹੈ ਕਿ ਕਹੀ ਹੈ, ਓਥੋ ਓਥੋ ਤੁਮਾਰੇ ਮੁਹਿ ਤੇ ਮਿਟੀ ਪਊਗੀ। ਤੁਸੀ ਸਾਰੇ ਕਠੇ ਹੋ ਕੇ ਭਾਵੇ ਮਿਟਾਓ ਭਾਵੇ ਥੋੜੇ ਥੋੜੇ ਮਿਟਾਓ, ਕਿ ਤਾ ਮਿਲੋ ਹਥ ਜੋੜ ਕੇ ਤਨਖਾਹ ਬਖਸਾਓ। ਜੇ ਮਿਲ ਕੇ ਸਾਡੇ ਨਾਲ ਆਖੋਗੇ ਸਾਨੂ ਤਨਖਾਹ ਬਖਸੌਣ ਨੂ ਤਾ ਭੀ ਅਸੀ ਤੁਸਾ ਦੇ ਅਗੇ ਖੜੇ ਹੋਇ ਜਾਮਾਗੇ ਹਥ ਜੋੜ ਕੇ। ਜੋ ਮਰਜੀ ਹੋਵੇ ਤਨਖਾਹਿ ਲਾਇ ਲੈਣੀ। ਅਸੀ ਤੁਸਾ ਨੂ ਆਪਣਾ ਲਾਜ ਆਪ ਹੀ ਦਸਦੇ ਹਾ। ਜੋ ਤੁਸਾ ਨੂ ਅਛੀ ਲਗੇ ਸੋ ਕਰੋ ਸਾਰੇ ਮਿਲਕੇ। ਅਗੇ ਹੋਰੁ ਕੀ ਲਿਖਣਾ ਹੈ। ਦੋ ਮੈ ਤੇ ਇਕ ਬੀ ਨਾ ਹੋਈ ਤੁਸਾ ਤੇ ਤਾ ਤੁਸਾ ਨੂ ਅਛੀ ਨਾ ਹੋਊ ਝਬ ਚਿਰੀ। ਏਸ ਬਾਤ ਦੀ ਪ੍ਰਤੀਤ ਜਾਨਣੀ। ਅਸੀ ਝੂਠ ਨਹੀ ਬੋਲੇ ਇਸ ਬਾਤ ਬਿਚ। ਸ੍ਰੀ ਗੁਰੂ ਜੀ ਸਰਬ ਕੇ ਹਿਰਦੇ ਬਸ ਸੁਆਮੀ।

ਹੋਰ ਖਾਲਸਾ ਜੀ ਤੁਸਾ ਨੂ ਕਈ ਬਰਸ ਹੋਇ ਹੈ ਕਹਿੰਦਿਆ ਨੂ ਕਿ ਕੂਕਿਓ ਤੁਸੀ ਤਨਖਾਹਿ ਬਖਸਾਓ। ਅਸੀ ਏਸ ਤੇ ਨਹੀ ਬਖਸਾਈ, ਤੁਸਾ ਨੂ ਅਸੀ ਜਾਨਿਆ ਜੋ ਆਗੂ ਤੋ ਹੈਨ ਪਰ ਅੰਨ੍ਹੇ ਹੈ। ਮੋਤੀਆ ਫਿਰਾ ਹੈ ਏਨਾ ਦੇ ਬੁਧ ਰੂਪੀ ਨੇਤ੍ਰਾ ਉਤੇ। ਮੋਤੀਆ ਫਿਰਾ ਹੁੰਦਾ ਹੈ ਜਿਸਦੇ ਓਧੇ ਨੇਤ੍ਰ ਦੇਖਣ ਨੂ ਅਛੇ ਹੁੰਦੇ ਹੈ ਪਰ ਨਜਰ ਨਹੀ ਆਉਦਾ। ਸੋ ਜੀ ਦਿਸਦੇ ਤਾ ਥੇ ਸਿੰਘ, ਜਦ ਤੁਸੀ ਆਖ ਉਠੇ ਕੂਕੇ ਕਲਾਮ ਪੜਦੇ ਹੈ ਸਿਖ ਨਹੀ ਤਾ ਅਸੀ ਮੋਤੀਆ ਜਾਣ ਲਿਆ, ਨਹੀ ਤਾ ਬਖਸਾਇ ਈ ਲੈਦੇ। ਤੁਸੀ ਕੋਈ ਸਾਡਾ ਘਰ ਬਾਰ ਤਾ ਨਹੀ ਸੀ ਜਪਤ ਕਰ ਲੈਣਾ। ਪਰ ਅਸੀ ਆਖਿਆ ਭਾਈ ਅੰਨ੍ਹੇ ਆਗੂਆ ਮਗਰ ਨਾ ਲਗੋ। ਏ ਤਾ ਸਾਰੋ ਸਾਥ ਮੋਹਾਵਣ ਵਾਲੇ ਹੈ।

ਫੇਰ ਅਸੀ ਕਹਿਆ ਭਾਈ ਦੇਖੋ ਤਾ ਸਹੀ ਲੰਬੀ ਤਕਣੀ ਅਛੀ ਹੈ। ਹੁਣੇ ਨਾ ਮੋਤੀਆ ਦਸੋ, ਨਾ ਤਨਖਾਹ ਹੀ ਬਖਸਾਓ ਜੋ ਕੁਛ ਥੋੜਾ ਬਹੁਤਾ ਦਿਸ ਬੀ ਆਉਦਾ ਹੋਵੇ। ਛੇਤੀ ਦਾ ਕੰਮੁ ਭੂਤਾ ਦਾ ਹੈ। ਹੁਣ ਅਸੀ ਜਾਣਿਆ ਹੈ ਜੋ ਤੁਸਾ ਨੂ ਅਜੇ ਤਾਈ ਕੁਛ ਨਹੀ ਦਿਸਣ ਲਗਾ, ਕਿਉਕਿ ਹੁਣ ਤਾਈ ਆਹਦੇ ਹੋ ਕੂਕਿਓ ਤੁਸੀ ਤਨਖਾਹੀਏ ਹੋ। ਸੋ ਜੀ ਜੇ ਤਾ ਅਸੀ ਗੁਰੂ ਦੇ ਰਾਹ ਤੇ ਹੋਰੁ ਕੁਛ ਕਰਦੇ ਹੁੰਦੇ ਤਾ ਤੇ ਤੁਸਾ ਨੂ ਜਾਣਦੇ ਖਰੇ ਵਡੇ, ਕਿ ਸਾਡਾ ਪਖੰਡ ਏਨਾ ਨੇ ਜਾਹਰ ਕਰ ਲਿਆ ਹੈ। ਅਸੀ ਦੋਹਾ ਗ੍ਰੰਥ ਸਾਹਿਬਾ ਦੀ ਬਾਣੀ ਤੇ ਭਾਈ ਦੀ ਬਾਣੀ ਬਿਨਾ ਹੋਰ ਬਾਣੀ ਨਹੀ ਪੜਦੇ। ਗੁਰਮੰਤ੍ਰ ਬਿਨਾ ਹੋਰ ਕਿਸੇ ਦਾ ਮੰਤ੍ਰ ਨਹੀ ਪੜਦੇ। ਏ ਕੀ ਆਧੇ ਹੈ। ਫਿਰ ਅਸੀ ਪਕ ਜਾਣ ਲਿਆ ਸਰਾਫਾ ਦੀ ਜਾਗਾ ਤੋ ਠੀਕ ਬੈਠੇ ਹੈਨ ਪਰ ਅਖੀ ਤੇ ਅੰਨੇ ਹੈਨ, ਗੁਰ ਸਬਦ ਕਰਕੇ ਜਾਣਿਆ ਗਿਆ। ਗੁਰੂ ਜੀ ਦਾ ਬਚਨ ਹੈ–

ਨਾਨਕ ਅੰਧਾ ਹੋਇ ਕੈ ਰਤਨਾ[੧] ਪਰਖਣ ਜਾਇ।।
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ[੨]।।

*– ਮ:੨, ਪੰਨਾ–੯੫੪*

ਜਦ ਬੋਲ ਉਠੇ ਸਚੀ ਮਣੀ ਕੋ ਝੂਠੀ, ਝੂਠੀ ਕੋ ਸਚੀ ਤਾ ਸਭ ਲੋਕ ਜਾਣ ਲੈਦੇ ਹੈਨ ਸਰਾਫ ਤਾ ਹੈਨ ਪਰ ਅੰਨੇ ਹੈਨ। ਏਨਾ ਤੋ ਕੀ ਪਰਖਾਉਣਾ ਹੈ।

ਫੇਰ ਅਸੀ ਏਸੇ ਤਰਾ ਕਹਾ ਦੇਖੋ ਛੇਤੀ ਨਾ ਅੰਨੇ ਕਹੋ, ਨਾ ਤਨਖਾਹ ਹੀ ਬਖਸਾਓ। ਜੇ ਕੁਛ ਧੁਪ ਛਾਉ ਦਿਸਣ ਬੀ ਲਗ ਜਾਦੀ ਹੋਵੇ। ਸੋ ਅਜੇ ਤਾਈ ਨਹੀ ਲਗੀ ਧੁਪ ਛਾਉ ਦਿਸਣ। ਕਿਉ ਜੋ ਤੁਸੀ ਹੁਣ ਤਾਈ ਆਪੇ ਹੋ ਤਨਖਾਹ ਬਖਸਾਓ। ਸਚੀ ਮਣੀ ਨੂ ਝੂਠੀ ਦਸੀ ਜਾਦੇ ਹੋ। ਤੁਸੀ ਪਕੇ ਅੰਨ੍ਹੇ ਸਰਾਫ ਹੋ, ਏਸ ਕਰਕੇ ਅਸੀ ਚੁਪ ਕਰ ਰਹੇ।

ਗੁਰੂ ਜੀ ਦਾ ਬਚਨ ਹੈ ਛੇਤੀ ਕਰਨੀ ਮਨੁਖਾ ਦਾ ਕੰਮ ਨਹੀ ਭੂਤਾ ਦਾ ਕੰਮ ਹੈ। ਸੋ ਜੀ ਅਸੀ ਭੂਤਾ ਦਾ ਕੰਮ ਨਹੀ ਕੀਤਾ, ਤੁਸੀ ਭੂਤਾ ਦਾ ਕੰਮ ਕੀਤਾ ਹੈ। ਕੁਛ ਨਹੀ ਦੇਖਾ, ਧੀਰਜ ਨਹੀ ਕੀਤੀ, ਸਾਰੇ ਈ ਮਿਲਕੇ ਸਚੀ ਮਣੀ ਨੂ ਝੂਠੀ ਆਖਣ ਲਗ ਗਏ। ਤੁਮਾਰਾ ਸੁਭਾਓ ਭੂਤਾ ਦਾ ਜਾਣਕੇ ਨਹੀ ਤੁਮਾਰੇ ਅਗੇ ਤਨਖਾਹ ਲਵਾਈ, ਪਰ ਫੇਰ ਬੀ ਤਨਖਾਹ ਲਵਾਉਣ ਵਾਸਤੇ ਹੁਣ ਬੀ ਖੜੇ ਹੋਏ ਜਾਦੇ ਹਾ ਹਥ ਜੋੜ ਕੇ। ਜੇ ਦੋ ਬਾਤਾ ਮੈ ਤੇ ਤੁਸੀ ਇਕ ਕਰ ਲਓ ਰਲ ਕੇ, ਕੇ ਤਾ ਕੂਕਾ ਪੰਥ ਮਿਟਾਓ ਜੇ ਝੂਠੀ ਮਣੀ ਹੈ ਤਾ ਇਸ ਕੋ ਦੂਰ ਕਰੋ।

ਜੇ ਕੂਕੇ ਝੂਠੀ ਮਣੀ ਪਲੇ ਬੰਨੀ ਫਿਰਦੇ ਹੈ ਤਾ ਇਸ ਕੋ ਮਿਟਾਓ। ਜੇ ਕੁਛ ਨਹੀ ਕਰਦੇ ਹੁਣ ਤਾ ਪਹਿਲੇ ਕੰਗ ਕਿਓ ਉਠਾਈ ਥੀ। ਚੌਹੀ ਕੁੰਟੀ ਰੌਲੀ ਪਾਈ। ਅਛਾ ਦੇਖ ਲਓ ਜੋ ਬਣਦੀ ਹੈ ਸੋ ਬਣਾਓ। ਪਰ ਸਾਨੂ ਤਾ ਝੂਠੀ ਮਣੀ ਤੁਸਾ ਦੇ ਪਾਸ ਦਿਸਦੀ ਹੈ, ਅਗੇ ਗੁਰੂ ਜਾਣੇ। ਅਸੀ ਕੂਕੇ ਤੁਸਾ ਦੇ ਪਛਾੜੀ ਹਾ। ਤੁਸੀ ਕੁਛ ਕਰੋ ਮੁਹਿਰਾ ਤੁਸਾ ਦਾ ਹੈ। ਜੋ ਤੁਸਾ ਨੂ ਅਛੀ ਲਗੇ ਸੋ ਕਰੋ।

ਝੂਠਾ ਤਾ ਭਾਵੇ ਬਡਾ ਹੋਵੇ ਭਾਵੇ ਝੂਠਾ ਛੋਟਾ ਹੋਵੇ, ਦੋਹਾ ਨੂ ਖੁਆਰੀ ਹੈ। ਅਜੇ ਬੀ ਦੇਖ ਲਓ ਝੂਠੀ ਮਣੀ ਕੂਕਿਆ ਪਾਸ ਹੈ ਕਿ

ਤੁਸੀ ਝੂਠ ਬੋਲ ਕੇ ਸੁਣਾਇਆ ਹੈ ਦੇਸ ਦੇਸ ਮੈ। ਬਹੁਤਾ ਕੀ ਹੁਣ ਲਿਖਣਾ ਹੈ ਥੋੜ੍ਹੇ ਲਿਖੇ ਕੋ ਈ ਬਹੁਤਾ ਕਰਕੇ ਸਮਝ ਲੈਣਾ।

ਹੋਰੁ ਸਿੰਘ ਸਾਹਿਬ ਜੀ ਸਾਡੀ ਇਹ ਅਰਜ ਹੈ ਜੋ ਤੁਸੀ ਸਾਲ ੧੯੧੯ ਕਤਕ ਬਦੀ ਦੀਪ ਮਾਲਾ ਤੇ ਆਖਣ ਲਗੇ ਹੋ ਕੂਕਿਓ ਤੁਸੀ ਤਨਖਾਹੀਏ ਹੋ। ਤਨਖਾਹ ਲਵਾਏ ਬਿਨਾ ਨਾ ਥੁਆਨੂ ਤਖਤੀ ਮਥਾ ਟੇਕਣ ਦੇਣਾ ਹੈ ਨਾ ਤੁਸਾ ਦੀ ਅਰਦਾਸ ਕਰਨੀ ਹੈ। ਹੋਰ ਬੀ ਮਾਰ ਕੁਟ ਗਾਲ ਗਲੋਜ ਬਹੁਤ ਕੀਤੀ ਹੈ ਬਿਨਾ ਭਲਿਆਈ। ਸੋ ਅਜ ਤਾਈ ਥੁਆਨੂ ਅਸੀ ਕੋਈ ਉਤਰ ਨਹੀ ਦਿਤਾ ਮੋੜ ਕੇ। ਸੋ ਅਸੀ ਹੁਣ ਇਸ ਬਾਤ ਦਾ ਉਤਰ ਦਿੰਦੇ ਹਾ।

ਏਸ ਹਰਿਦਾਸ ਦੇ ਆਦ ਮੈ ਲਿਖਾ ਹੈ ਕਿ ਤੁਸੀ ਹਥ ਜੋੜ ਕੇ ਤਨਖਾਹਿ ਲਵਾਓ। ਸੋ ਅਸੀ ਤੁਸਾ ਨੂ ਦੋਵੇ ਬਾਤਾ ਛਡੀਆ। ਅਸੀ ਹੀ ਤੁਸਾ ਦੇ ਅਗੇ ਹਥ ਜੋੜ ਕੇ ਖੜੇ ਹੁੰਦੇ ਹਾ, ਜੋ ਤੁਮਾਰੀ ਮਰਜੀ ਹੈ ਤਨਖਾਹ ਲਾਓ, ਸਾਨੂ ਪ੍ਰਵਾਨ ਹੈ। ਅਸੀ ਹਾਰੇ ਤੁਸੀ ਜਿਤੇ। ਪਰ ਸਾਡੇ ਨਾਲ ਮਿਲ ਜਾਓ। ਗੁਰੂ ਦਾ ਕੰਮ ਜਾਣ ਕੇ ਥੁਆਨੂ ਸਭ ਮਾਫ, ਜਿਤਨਾ ਤੁਸੀ ਬਾਧਾ ਕੀਤਾ ਹੈ ਜਾ ਨਹੀ ਕੀਤਾ ਪਰ ਇਤਨੀ ਬਾਤ ਤੁਸੀ ਆਖ ਦੇਓ ਜੋ ਕੂਕਾ ਪੰਥ ਗੁਰੂ ਜੀ ਦਾ ਈ ਕੀਤਾ ਹੋਆ ਹੈ, ਸਾਰੇ ਜਿਥੇ ਜਿਥੇ ਅਗੇ ਆਖਿਆ ਹੈ ਜੋ ਕੂਕਾ ਪੰਥ ਗੁਰੂ ਦਾ ਨਹੀ ਹੈ। ਆਓ ਸਾਰੇ ਮਿਲੋ ਛੇਤੀ।

ਜੇ ਥੁਆਨੂ ਗੁਰੂ ਦਾ ਨਹੀ ਮਲੂਮ ਹੁੰਦਾ, ਰਾਮ ਸਿੰਘ ਨੇ ਹੀ ਝੂਠੀ ਬਾਤ ਬਣਾ ਲਈ ਹੈ ਕਲਾਮ ਪੜ ਕੇ, ਗੁਰੂ ਜੀ ਦਾ ਹੁਕਮ ਨਹੀ ਕੂਕਾ ਪੰਥ, ਤਾ ਤੁਸੀ ਕੂਕੇ ਪੰਥ ਨੂ ਮਿਟਾ ਦਿਓ ਕਠੇ ਹੋ ਕੇ ਜਿਤਨਿਆ ਤੇ ਮਿਟਦਾ ਹੈ, ਬਡੇ ਛੋਟੇ ਸਾਰੇ ਈ ਲਗ ਕੇ। ਜਿਸ ਦਿਨ ਤੁਸੀ ਕੂਕਾ ਪੰਥ ਮਿਟਾਇ ਦਿਤਾ ਅਸੀ ਫੇਰ ਸਾਰੇ ਕੂਕੇ ਹਥ ਜੋੜ ਕੇ ਖੜੇ ਹੋਏ ਜਾਮਾਗੇ, ਜੋ ਮਰਜੀ ਹੋਵੇ ਸੋ ਤਨਖਾਹ ਲਾਓਣੀ, ਸਾਨੂੰ ਪ੍ਰਵਾਨ ਹੈ। ਅਰ ਨਾਲੇ ਤੁਹਾਡਾ ਪਰਉਪਕਾਰ ਮੰਨਾਗੇ, ਜੋ ਤੁਸੀ ਆਖੋਗੇ ਸੋ ਕਰਾਗੇ। ਕਿਉ ਮੰਨਾਗੇ, ਜੋ ਤੁਸੀ ਸਾਨੂ ਕੁਰਾਹੋ ਕਢਕੇ

ਗੁਰੂ ਦੇ ਰਾਹ ਪਾਓਗੇ। ਜੋ ਗੁਰੂ ਦਾ ਪੰਥ ਨਹੀ ਹੋਊ ਤਾ ਹੀ ਮਿਟੂਗਾ ਨਾ। ਮਨੁਖ ਦੀ ਬਣਾਈ ਤਾ ਮਨੁਖ ਹਟਾ ਸਕਦਾ ਹੈ ਤੇ ਅਕਾਲ ਪੁਰਖ ਦੀ ਬਣਾਈ ਮਨੁਖ ਤੇ ਨਹੀ ਹਟਦੀ। ਦੋਹਾ ਬਾਤਾ ਮੈ ਤੇ ਜੋ ਤੁਸੀ ਕਰੋ ਸਾਨੂ ਪ੍ਰਮਾਨ ਹੈ।

ਜੇ ਤੁਸੀ ਕਹੋ ਮਿਟਾ ਤਾ ਦਿੰਦੇ ਸਾਡੀ ਫੌਜਦਾਰੀ ਨਹੀ, ਅੰਗ੍ਰੇਜ ਰਾਜੇ ਹੈਨ, ਤਾ ਏਹ ਬਾਤ ਝੂਠ ਹੈ। ਫੌਜਦਾਰੀ ਨਾਲ ਖੜਾ ਬੀ ਤਾ ਨਹੀ ਹੋਆ ਕੂਕਾ ਪੰਥ। ਮੰਤ੍ਰ ਸਕਤ ਨਾਲ ਹੋਆ ਹੈ। ਤੁਸੀ ਬੀ ਮੰਤ੍ਰ ਸਕਤ ਨਾਲ ਮਿਟਾ ਦਿਓ। ਤੁਸੀ ਹੀ ਆਧੇ ਹੋ ਰਾਮ ਸਿੰਘ ਨੇ ਕੀਤਾ ਹੈ ਕੂਕਾ ਪੰਥ। ਸੋ ਰਾਮ ਸਿੰਘ ਦਾ ਕੱਲੇ ਦਾ ਕੀਤਾ ਤੁਸੀ ਸਾਰੇ ਕਠੇ ਹੋ ਕੇ ਹਟਾ ਦੇਓ। ਜੇ ਇਕ ਦਾ ਕੀਤਾ ਤੁਮਾਰੇ ਬਹੁਤਿਆ ਤੇ ਨਾ ਹਟਿਆ ਤਾ ਤੁਸੀ ਤਨਖਾਹ ਕੀ ਲਾਓਗੇ ਤੇ ਬਖਸੋਗੇ ਕੀ। ਤਾ ਤੁਸਾ ਨੂ ਨਮੋਸੀ ਹੋਊ ਸਾਰਿਆ ਕੋ ਜਿਨਾ ਨੇ ਤਨਖਾਹ ਲਾਈ ਹੈ ਅਰ ਲਉਣ ਨੂ ਆਧੇ ਹੋ ਝਬ ਚਿਰੀ। ਅਗੇ ਤੁਸੀ ਜਾਣੋ, ਜਿਸ ਪਾਸੇ ਕੂੜ ਹੋਊ ਓਸੇ ਪਾਸੇ ਮੁਕ ਜਾਊ।

ਕੂੜ ਮੈ ਫੁਰਤੀ ਚਲਾਕੀ ਤਾ ਬਡੀ ਹੈ ਪਰ ਦਮ ਨਹੀ ਸਚ ਬਰਾਬਰ। ਜਿਸ ਕੰਮ ਨੂ ਤੁਸੀ ਲਗੋ ਨਾਲੇ ਸਿੰਘ ਸਭਾ ਵਾਲਿਆ ਕੋ ਬੀ ਨਾਲ ਲਾ ਲੈਣੀ, ਕੁਛ ਬਾਕੀ ਨਾ ਛਡ ਲੈਣੀ ਫੇਰ ਦੀ। ਨਾਲੇ ਓਨਾ ਕੋ ਬੀ ਤੁਸੀ ਆਪਨੇ ਨਾਲ ਸਾਮਲ ਕਰ ਲੈਣਾ ਜਿਸ ਕੰਮ ਕੋ ਤੁਸੀ ਲਗੋ। ਜਿਸ ਜਿਸ ਨੇ ਮੁਕਤਸਰ ਜੀ ਕਲਾਮ ਲਿਖ ਕੇ ਆਪੋ ਆਪਣੀ ਸਹੀ ਪਾ ਕੇ ਫੇਰੀ ਹੈ ਸਾਰਿਆ ਅਸਥਾਨੀ ਗੁਰਦੁਆਰੀ ਰਾਜਿਆ ਸਿੰਘਾ ਵਿਚ, ਸਾਰੇ ਰਾਜੇ ਸਿੰਘ ਕੂਕਿਆ ਦਾ ਲਹੂ ਪੀਣ ਲਾਏ ਦਿਤੇ ਹੈਨ।

ਜਿਥੇ ਕੂਕੇ ਗੁਰੂ ਜੀ ਦਾ ਅਸਥਾਨ ਜਾਣ ਕੇ ਮਥਾ ਟੇਕਣ ਜਾਦੇ ਹੈਨ ਤਾ ਅਗਿਓ ਓਹ ਪੁਜਾਰੀ ਸਿੰਘ ਕੂਕਿਆ ਨੂ ਦੂਰੋ ਦੂਰੋ ਕਰਕੇ ਪੈਦੇ ਹੈਨ ਸਾਰੀ ਗੁਰਦੁਆਰੀ। ਜੇ ਓਨਾ ਨੂ ਕੂਕੇ ਪੁਛਦੇ ਹੈ ਭਾਈ ਜੀ ਕਿਉ ਨਹੀ ਮਥਾ ਟੇਕਣ ਦਿੰਦੇ ਤਾ ਓਹ ਅਗੇ ਤੇ ਆਧੇ ਨੇ ਤੁਸਾ

ਦਾ ਗੁਰਦੁਆਰੇ ਨਾਲ ਕੀ ਵਾਸਤਾ ਹੈ ਮੁਸਲਿਆ ਦਾ। ਫੇਰ ਕੂਕੇ ਆਖੇ ਹੈਨ ਤੁਸੀ ਸਾਨੂ ਮੁਸਲੇ ਕਿਸ ਤਰਾ ਆਖੇ ਹੋ ਤਾ ਓ ਆਖੇ ਹੈ ਸਾਨੂ ਅਕਾਲ ਬੁੰਗੇ ਤੋਂ ਲਿਖਾ ਆਇਆ ਹੈ ਨਾਲੇ ਮੁਕਤਸਰੋ ਲਿਖਾ ਆਇਆ ਹੈ ਬਡੇ ਬਡੇ ਮਹੰਤਾ ਦੀ ਸਹੀ ਨਾਲ। ਐਡੇ ਬਡੇ ਮਹੰਤਾ ਨੇ, ਅੰਮ੍ਰਿਤਸਰੀਆ ਅਕਾਲ ਬੁੰਗੇ ਵਾਲਿਆ ਨੇ ਝੂਠ ਨਹੀ ਬੋਲਾ। ਜਾਓ ਪਰੇ, ਦੂਰੋ ਦੂਰੋ ਕਰਕੇ ਤਾਹਿ ਦਿੰਦੇ ਹੈ। ਕੂਕੇ ਫੇਰ ਮੁੜ ਪੈਦੇ ਹੈਨ, ਆਖੇ ਹੈ ਅਛਾ ਗੁਰੂ ਤੇਰਾ ਭਾਣਾ।

ਸੋ ਜੀ ਏਹੁ ਅਰਦਾਸ ਤਾ ਤੁਸਾ ਦੇ ਪਾਸ ਭੇਜੀ ਹੈ ਕੂਕਿਆ ਨੇ। ਤੁਸੀ ਮੁਖ ਹੋ ਸਾਰੇ ਪੰਜਾਬ ਮੈ ਅਕਾਲ ਬੁੰਗੇ ਵਾਲੇ, ਨਾਲੇ ਤੁਮਾਰੇ ਪਾਸ ਸਿੰਘ ਸਭਾ ਲਗਦੀ ਹੈ। ਆਪ ਭੀ ਬਡੇ ਹੋ ਤੇ ਤੁਮਾਰੇ ਪਖੀ ਭੀ ਬਡੇ ਹੈਨ ਰਾਜੇ ਬਲ ਧਾਰੀ। ਇਹ ਕਿਸਾ ਮੁਕਾਓ ਜਿਸ ਤਰਾ ਸੇ ਮੁਕਦਾ ਹੈ। ਪਾਇਆ ਬੀ ਤੁਸਾ ਦਾ ਈ ਪਿਆ ਹੈ। ਜੋ ਸਿਖੀ ਦਾ ਬਾਣਾ ਰਖੇ ਅਰ ਪੜੇ ਕਲਾਮ ਓਹੁ ਵਡਾ ਤਨਖਾਹੀਆ ਹੈ, ਅਰ ਜੋ ਬਾਣਾ ਬੀ ਸਿਖੀ ਦਾ ਹੋਵੇ ਅਰ ਬਾਣੀ ਬੀ ਦੁਹਾ ਗ੍ਰੰਥ ਸਾਹਿਬਾ ਦੀ ਬਿਨਾ ਹੋਰ ਨਾ ਪੜੇ, ਮੰਤ੍ਰ ਬੀ ਸੋਈ ਪੜੇ ਜੋ ਦਸਾ ਗੁਰਾ ਦਾ ਹੁਕਮ ਹੈ, ਓਸ ਕੋ ਦੂਰੋ ਦੂਰੋ ਕਰਨੀ ਨਾਲੇ ਮੁਸਲਾ ਕਹਿਣਾ, ਏਹੁ ਤੁਸੀ ਬਚਾਰ ਲੇਓ ਓਹੁ ਤਨਖਾਹੀਆ ਹੈ ਜਾ ਨਹੀ। ਮਾਰਨਾ ਹਟਾਉਣਾ ਨਾਲੇ ਗੁਰ ਸਬਦ ਤੇ।

ਅਸੀ ਤਾ ਬਾਣੀ ਗ੍ਰੰਥ ਸਾਹਿਬਾ ਦੀ ਪੜਨੀ ਹੈ ਦੋਹਾ ਦੀ ਅਰ ਮੰਤ੍ਰ ਸੋ ਪੜਣਾ ਹੈ ਜੋ ਦਸਾ ਗੁਰਾ ਵਿਚ ਪ੍ਰਮਾਨ ਹੋਵੇ, ਨਿਹੰਗਾ ਨਾਗਿਆ ਮੈ ਬੀ, ਸਿਖਾ ਸਾਧਾ ਮੈ ਬੀ ਪ੍ਰਮਾਨ ਹੋਵੇ। ਪਗ ਦਾ ਸਾਨੂ ਕੁਛ ਡਰ ਨਹੀ, ਚਾਹੇ ਕਿਸੇ ਦੀ ਲਹੇ ਚਾਹੇ ਨਾ ਲਹੇ। ਜੇ ਡਰ ਹੋਊ ਤਾ ਜਿਨਾ ਦਾ ਹੁਕਮ ਹੈ ਏਹੁ ਮੰਤ੍ਰ ਅਰ ਬਾਣੀ ਪੜਨ ਦਾ ਓ ਜਾਨਣ ਦਸੇ ਗੁਰੂ।

ਜੇ ਤੁਸੀ ਕਹੋ ਅਠਾਰਾ ੧੮ ਬਰਸਾ ਪਿਛੋ ਕਿਓ ਇਹੁ ਬਾਤ ਲਿਖੀ ਹੈ। ਅਸੀ ਤੁਸਾਡੀ ਵਲ ਦੇਖਦੇ ਰਹੇ ਕਿ ਅਜ ਮੁੜਦੇ ਹੈ ਕਲ

ਕੋ ਮੁੜੇਗੇ। ਜਦ ਤੁਸੀ ਨਹੀ ਮੁੜੇ ਅਠਾਰਾ ੧੮ ਬਰਸ ਤਾਈ ਤਾ ਲਿਖੀ ਹੈ ਏਹੁ ਹਰਿਦਾਸ ਤੁਸਾ ਵੰਨੇ ਜੋ ਹੁਣ ਕੁਛ ਕਰੋ ਜੋ ਪਿਛੇ ਲਿਖਾ ਹੈ। ਨਹੀ ਤਾ ਅਸੀ ਸਾਰੀ ਚੀਜ ਥੁਆਨੂ ਮੋੜ ਦੇਵਾਗੇ, ਕੁਛ ਹੋਰ ਬੀ ਬਿਆਜ ਬਜੋ ਦੇਵਾਗੇ ਜੇੜਾ ਸੁਭਾਓ ਤੁਸੀ ਸਾਡੇ ਨਾਲ ਬਰਤੇ ਸਾਰੇ ਈ। ਜੇ ਆਖੋ ਕਦ। ਗੁਰੂ ਜਦ ਮੁੜਾਊਗਾ, ਫੇਰ ਨਹੀ ਡੇਰ ਕਰਨੀ।

ਜੇ ਅਸੀ ਮੋੜਨ ਜੋਗੇ ਹੁੰਦੇ, ਹੁਣ ਤਾਈ ਡੇਰ ਕਿਉ ਕਰਦੇ। ਭਾਈ ਚਾਰੇ ਦੀ ਭਾਜੀ ਕਿਉ ਰਖਦੇ ਸਿਰ ਤੇ। ਨਾਲੇ ਹੋਰ ਭੀ ਬਾਤ ਹੈ ਜੋ ਗੁਰੂ ਜੀ ਨੇ ਬਿਨਾ ਬਚਾਰੇ ਅਛੀ ਤਰਾ ਦੇਖੇ ਛੇਤੀ ਕਰਨੀ ਧੀਰਜ ਨਾ ਕਰਨਾ, ਏਹੁ ਕੰਮ ਮਨੁਖਾ ਦਾ ਨਹੀ ਏਹੁ ਕੰਮ ਭੂਤਨਿਆ ਦਾ ਹੈ। ਹਕਾਇਤਾ ਮੈ ਲਿਖਾ ਹੈ-

ਸ਼ਿਤਾਬੀ ਬਵਦ ਕਾਰ ਆਹਰ ਮਨਾ।।

*- ਦਸਮ ਗ੍ਰੰਥ, ਪੰਨਾ-੧੩੯੨*

ਜੋ ਤੁਸੀ ਕੰਮ ਭੂਤਨਿਆ ਦਾ ਕੀਤਾ ਹੈ ਅਸੀ ਨਹੀ ਕੀਤਾ ਭੂਤਾ ਦਾ ਪਰ ਥੁਆਨੂ ਤਾ ਮਲੂਮ ਹੋਊ ਜਦ ਤੁਮਾਰੇ ਨੇਤ੍ਰਾ ਉਤੋ ਛਾਈ ਲਹੂਗੀ ਗਾਫਲੀ ਦੀ। ਅਜੇ ਤੁਮਾਰੀ ਮਤ ਪੂਜਾ ਨੇ ਛਾਈ ਹੋਈ ਹੈ ਮਸਦਾ ਕੀ ਤਰਾ। ਦੁਹਾ ਬਾਤਾ ਮੈ ਇਕ ਕਰੇ ਬਿਨਾ ਹਮ ਤੁਮਾਰਾ ਪਿਛਾ ਨਹੀ ਛੋਡੇਗੇ, ਕੇ ਮਿਲੋ ਕੇ ਮਿਟਾਓ। ਜੋ ਤੁਸਾ ਨੂ ਅਛੀ ਲਗੇ ਸੋ ਕਰੋ।

ਸ੍ਰੀ ਵਾਹਿਗੁਰੂ ਜੀ ਦਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ ਸਾਰੇ ਖਾਲਸੇ ਜੀ ਕੋ ਸਾਰੇ ਕੂਕਿਆ ਦੀ। ਥੋੜਾ ਲਿਖਾ ਬਹੁਤ ਕਰਕੇ ਸਮਝ ਲੈਣਾ। ਜੇੜਾ ਸਿੰਘ ਤੁਸਾ ਨੂ ਹਰਦਾਸ ਦੇਵੇ ਉਸਨੂ ਤੁਸੀ ਆਪਣਾ ਹੁਕਮ ਸੁਣਾ ਦੇਣਾ ਜੋ ਤੁਸੀ ਕਰਨੀ ਹੋਵੇ ਮਹੀਨੇ ਦੋ ਚਾਰ ਤਾਈ। ਤੁਮਾਰਾ ਹੁਕਮ ਏਹੁ ਕੂਕਿਆ ਕੋ ਸੁਣਾ ਦੇਵੇਗਾ। ਏਹ ਹਰਿਦਾਸ ਪਹੁੰਚੇ ਸ੍ਰੀ ਅੰਮ੍ਰਿਤਸਰ ਜੀ ਅਕਾਲ ਬੁੰਗੇ।

**ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥**
**– ਜਾਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

## ਭਏ ਹਰੀ ਹਰਿ ਹਰੀ

*ਕਬਿਤ।ਖਿਮਾ ਕੋ ਖਸਮ ਗੁਰ ਰਸਮ ਸਵਾਰੀ ਸਾਰੀ,*
*ਭਸਮ ਕਰ ਡਾਰੀ ਨੀਵ ਗ੍ਰੀਵ[3] ਧਾਰੀ ਦੁਬਿਧਾ।*
*ਤਨ ਮਨ ਧੰਨ ਲਾਇ ਅੰਨ ਕੋ ਪਕਾਇ ਆਦਿ,*
*ਜਨੌਂ ਦੈ ਜੋ ਪਰਸੰਨ ਮੰਨ ਧੰਨ ਸੋ ਸਦਾ।*
*ਬੁਧਿ ਹਰਿ[4] ਸੁਧ ਕਰ ਸਿਧ ਗੁਰ ਦਈ ਸਭ*
*ਭਏ ਹਰੀ ਹਰਿ ਹਰੀ ਕਰੀ ਸੋਚ ਸਭਦਾ।*

*ਖਿਮਾ ਕੋ ਖਸਮ ਗੁਰ ਰਸਮ ਸਵਾਰੀ ਸਾਰੀ,*
*ਭਸਮ ਕਰ ਡਾਰੀ ਨੀਵ ਗ੍ਰੀਵ ਧਾਰੀ ਦੁਬਿਧਾ।*

ਦੁਬਧਾ ਨੂੰ ਭਸਮ ਕਰ ਦਿੱਤਾ ਨੀਵੀਂ ਗਰਦਨ ਰੱਖਕੇ।

*ਤਨ ਮਨ ਧਨ ਲਾਇ ਅੰਨ ਕੋ ਪਕਾਇ ਆਦਿ,*

ਅੰਨ ਨੂੰ ਪਕਾ ਕੇ, ਲੰਗਰ ਚਲਾਇਆ, ਤਨ ਕਰਕੇ, ਮਨ ਕਰਕੇ, ਧੰਨ ਕਰਕੇ।

*ਜਨੌਂ ਦੈ ਜੋ ਪਰਸੰਨ ਮੰਨ ਧੰਨ ਸੋ ਸਦਾ।*

ਜਿਹੜਾ ਆਏ—ਜੋ ਜਨ, ਸੋ ਉਨ੍ਹਾਂ ਨੂੰ ਦੇ ਕੇ ਸਦਾ ਪ੍ਰਸੰਨ ਮਨ ਰਹਿਣਾ, ਸੇਵਾ ਕਰਕੇ ਸਾਧ-ਸੰਗਤ ਦੀ।

*ਬੁਧ ਹਰਿ ਸੁਧ ਕਰ ਸਿਧ ਗੁਰ ਦਈ ਸਭ,*

ਉਹ ਜਿਹੜਾ ਬੁਧ ਹਰਿ, ਪਹਿਲਾਂ ਨਾਮ ਸੀ ਮਹਾਰਾਜ ਦਾ, ਉਸ ਨੂੰ ਸੁੱਧ ਕਰਕੇ, ਸੁੱਧ ਦੇ ਕੇ ਗੁਰੂ ਹਰੀ ਸਿੰਘ ਨਾਮ ਰੱਖਿਆ।

*ਭਏ ਹਰੀ ਹਰਿ ਹਰੀ ਕਰੀ ਸੋਚ ਸਭਦਾ।*

ਹਰੀ ਰੂਪ ਬਣ ਕੇ, ਸਾਰਿਆਂ ਨੂੰ ਹਰੇ ਕੀਤਾ।

*ਜਨ ਫੇਰੇ ਉਨੀ ਮਾਲਾ ਉਨ੍ਹੀ ਜਨੌਂ ਰਾਮ ਪਾਲਾ,*

ਜਿਹਦੀ ਮਾਲਾ ਜਨ ਫੇਰਦੇ ਹਨ, ਓਸ ਨੇ ਸਤਿਗੁਰੂ ਰਾਮ ਸਿੰਘ ਦਾ ਨਾਮ ਲੈ ਕੇ ਜਨਾਂ ਨੂੰ ਪਾਲਣ ਵਾਸਤੇ—ਸਤਿਗੁਰਾਂ ਨੇ ਆਖਿਆ ਸੀ—ਉਹ ਭਾਈ ਤੁਸੀਂ ਸੇਵਾ ਕਰੋ, ਮੈਂ ਹੀ ਤੁਹਾਡੇ ਨਾਮ ਦੀ ਮਾਲਾ ਫੇਰਦਾ ਹਾਂ—ਗੁਰੂ ਹਰੀ ਸਿੰਘ ਜੀ ਆਖਿਆ ਸੀ। ਕਹਿੰਦੇ ਨੇ, ਉਹ ਜਨਾਂ ਨੂੰ ਪਾਲਣ ਵਾਸਤੇ, ਉਹ ਜਨਾਂ ਦੀ ਮਾਲਾ ਉਨ੍ਹਾਂ ਦੇ ਥਾਂ ਫੇਰਦੇ ਰਹੇ।

*ਆਲ੍ਹਾ ਰਹਿਓ ਬਾਲ੍ਹਾ ਬ੍ਰਿਹੁ ਕਮ ਦਮ ਨਾ ਕਦਾ।।੧।।*

*ਆਲ੍ਹਾ ਰਹਿਓ ਬਾਲ੍ਹਾ ਬ੍ਰਿਹੁ*—ਜਿਨ੍ਹਾ ਦਾ ਵਿਛੋੜੇ ਰੂਪੀ, ਜਿਹੜਾ ਸਤਿਗੁਰਾਂ ਦੇ ਵਿਛੋੜੇ ਦਾ ਦੁੱਖ ਸੀ—ਉਹ ਬਾਲਾ ਰਿਹਾ।

*ਕਮ ਦਮ ਨਾ ਕਦਾ*—ਇੱਕ ਦੰਮ ਭੀ ਕਦੇ ਕਮ ਨਾ ਹੋਇਆ, ਕਿਸੇ ਵੇਲੇ ਵੀ ਨਹੀਂ ਉਸ ਨੂੰ ਭੁਲਾਇਆ।

*ਜਾਹੀ ਪਰਤਾਪ ਕਰ ਮਾਹੀ ਕੋ ਰਹੇ ਜਾਪ,*
*ਕਰ ਤਾਹੀ ਗੁਰ ਤਾਪ ਹਰਿ ਹਰੀ ਕੋ ਧਿਆਇ ਲੇ।*

ਜਿਸਦੇ ਪਰਤਾਪ ਕਰਕੇ ਹਰੀ ਹਰਿ ਦਾ ਜਾਪ ਕਰਦੇ ਹੋ, ਉਸੇ ਗੁਰੂ ਨੂੰ ਤੂੰ ਹੇ ਮਨਾ ਧਿਆ ਲੈ।

*ਜਿਨੌਂ ਪੀਆ ਜਾਵਤੇ ਕੋ ਕਹਾ ਕਾਹੇ ਜਾਵਤੇ ਹੋ,*

ਜਿਨ੍ਹਾਂ ਨੇ, ਸਤਿਗੁਰਾਂ ਨੂੰ ਜਾਣ ਵੇਲੇ ਆਖਿਆ ਸੀ—ਗੁਰੂ ਹਰੀ ਸਿੰਘ ਜੀ ਨੇ—ਕਿ ਤੁਸੀ ਕਿਓਂ ਜਾਂਦੇ ਹੋ ?

*ਈਹਾਂ ਤੋ ਸੁਹਾਵਤੇ ਹੋ ਦਾਸ ਦੋਸ ਚਾਇ ਲੇ।*

ਤੁਸੀਂ ਐਥੇ ਹੀ ਸੱਜਦੇ ਹੋ ਤੇ ਮੇਰੇ ਤੇ ਕਿਰਪਾ ਕਰੋ, ਇਹ ਮੈਂ ਮੰਨ ਲੈਨਾ—ਬਈ, ਜੋ ਕੁਛ ਕੀਤਾ ਹੈ ਮੈਂ ਕੀਤਾ ਹੈ, ਮੈਨੂੰ ਲੈ ਜਾਣ ਫੜ ਕੇ, ਤੁਸੀਂ ਨਾ ਜਾਓ।

*ਸੁਖ ਰਾਜ ਭੋਗ ਮਾਹਿ ਰਹੇ ਸੁ ਵਿਜੋਗ ਮਾਹਿ,*

ਭਾਵੇਂ ਸ੍ਰਿਸਟੀ ਦੇ ਕਿੰਨੇ ਸੁਖ, ਭੋਗ ਸਨ ਪਰ ਉਹ ਵਿਯੋਗ ਵਿੱਚ

ਰਹੇ, ਕਿਉਂਕਿ ਵਿਯੋਗੀ ਦੀ ਜਿਹੜੀ ਹਾਲਤ ਹੈ, ਇਹ ਉਹੋ ਹੀ ਜਾਣ ਸਕਦਾ ਹੈ ਜਿਹਨੂੰ ਹੋਵੇ ਵਿਯੋਗ। ਦੁਨੀਆਂ ਇਨ੍ਹਾਂ ਗੱਲਾਂ ਨੂੰ ਨਹੀਂ ਸਮਝਦੀ, ਲੋਕ ਨਹੀਂ ਜਾਣਦੇ ਵਿਯੋਗ ਕਿਆ ਚੀਜ਼ ਹੈ। ਕਿਸੇ ਕਵੀ ਨੇ ਲਿਖਿਆ ਹੈ–

*ਵਿਛੁੱੜਿਆਂ ਦੀ ਗੱਲ ਵਿਛੱੜੇ ਜਾਨਣ,*
*ਕੀ ਜਾਣੇ ਖਲਕ ਗੁਆਰੀ।*
*ਵਿਛੁੱੜਿਆਂ ਦੀ ਗੱਲ ਰਾਜਾ ਦਸਰਥ ਜਾਣੇ,*
*ਜਿਨ ਪ੍ਰਾਣ ਤਜੇ ਇਕ ਵਾਰੀ।*
*ਵਿਛੁੱੜਿਆਂ ਦੀ ਗੱਲ ਗੋਪੀਆਂ ਜਾਨਣ,*
*ਜਿਉਂ ਸੁੰਵੀ ਪਈ ਬ੍ਰਿਜ ਸਾਰੀ।*

ਇਹ ਓਸ ਵੇਲੇ ਦੇ ਨਾਮਧਾਰੀ ਸਿੱਖ, ਬਾਬੇ ਕੇਸਰ ਸਿੰਘ ਹੁਰੀਂ, ਝੱਬਰਾਂ ਦੇ, ਬਾਰ ਵਿੱਚ ਰਹਿੰਦੇ ਸਨ। ਨਨਕਾਣੇ ਸਾਹਿਬ ਦਾ ਮੇਲਾ ਦੇਖ ਕੇ ਉੱਥੇ ਗਏ। ਅੱਠ ਨੌਂ ਕੋਹ ਪੈਂਡਾ ਸੀ। ਜਿਸ ਵੇਲੇ ਉੱਥੇ ਗਏ, ਜਾ ਕੇ ਦੇਖਿਆ, ਕੋਠੇ ਉੱਤੇ ਬੈਠੇ ਭਾਈ ਜੈਮਲ ਸਿੰਘ ਹੁਰਾਂ ਦੇ ਤੇ ਬਾਬੇ ਹੁਰੀਂ ਆ ਗਏ। ਆਉਂਦੇ ਹੀ ਬਚਨ ਕਰਨ ਸਤਿਗੁਰਾਂ ਦਾ ਲੱਗੇ, ਨਾਲ ਹੀ ਭੁੱਬ ਨਿਕਲ ਗਈ, ਆਖਣ ਲੱਗੇ–**ਆਖਿਆ ਜੋ ਸਾ ਨੇ, ਹੁਣ ਰਾਮ ਸਿੰਘ ਸਸਤਾ ਹੈ ਫਿਰ ਮਹਿੰਗਾ ਹੋ ਜਾਏਗਾ**। ਅੰਮ੍ਰਿਤਸਰ ਦੀ ਵੈਸਾਖੀ, ਆਖਣ ਲੱਗੇ–ਇੱਕ ਕਾਰੀਗਰ ਸਿੱਖ ਸੀ, ਸਾਡੇ ਪਿੰਡ ਦਾ। ਝੱਬਰਾਂ ਤੋਂ ਅਸਾਂ ਗੱਡੀ ਜੋੜੀ, ਨਾਲ ਹੀ ਜੈਮਲ ਸਿੰਘ ਹੁਰਾਂ ਦਾ ਪਰਵਾਰ, ਨਾਲ ਹੀ ਕੇਸਰ ਸਿੰਘ ਹੁਰਾਂ ਦਾ, ਉਸ ਗੱਡੀ ਤੇ ਕਿਸੇ ਬਾਲ ਬੱਚੇ ਨੂੰ ਬਹਾ ਲੈਣ। ਜਦੋਂ ਆਏ ਅੰਮ੍ਰਿਤਸਰ ਜੀ, ਉੱਥੇ ਸਿੱਖ ਚਰਨੀ ਹੱਥ ਲਾਉਂਦੇ, ਸਤਿਗੁਰਾਂ ਰੋਕਿਆ, ਚੀਤਾ ਨਾ ਛੱਡਣ ਜਾਣ ਦਿੱਤਾ ਤੇ ਬੜੇ ਨਰਾਜ਼ ਹੋਏ। ਆਖਣ ਲੱਗੇ,''ਅੱਜ ਰਾਮ ਸਿੰਘ ਸਸਤਾ ਹੈ–ਗਾਲ੍ਹ ਕੱਢ ਕੇ ਆਂਹਦੇ–ਕੱਛਾਂ ਲਾਹ–ਲਾਹ ਕੇ ਝਾੜੀਆਂ 'ਚ ਸਿੱਟ ਕੇ, ਹੱਥਾਂ ਵਿੱਚ ਹੁੱਕੇ ਫੜੋਗੇ, ਮਹਿੰਗਾ ਹੋ ਜਾਏਗਾ, ਦੂਰ ਜਾ ਬੈਠਾਂਗਾ।'' ਉਹ ਪੁਰਸ਼ ਜਿਨ੍ਹਾਂ ਦਾ ਬਿਰਹੋਂ ਕਦੇ ਵੀ ਕਮ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੂੰ ਉਹ ਸੱਟ ਵੱਜੀ ਹੋਈ ਹੈ, ਉਹਨਾ ਨੂੰ ਓਸ ਚੀਜ਼ ਦਾ ਪਤਾ ਹੈ।

*ਬ੍ਰਿਹੋਂ ਬੁਰੇ ਰੋਗ ਮਾਹਿ ਨੇਤ੍ਰ ਗਵਾਇਲੇ।*

ਏਸ ਵਿਛੋੜੇ ਦੇ ਰੋਗ ਵਿੱਚ, ਨੇਤ੍ਰ ਜਿਹੜੇ ਸਨ, ਉਹ ਗੁਆ ਲਏ, ਨੇਤ੍ਰ ਬੰਦ ਕਰ ਲਏ।

*ਜੋ ਨ ਮਾਨੈਂ ਐਸ ਗੁਰ ਗੁਰ ਘਾਤੀ ਸੋ ਅਸੁਰ,*

ਜਿਹੜਾ ਐਸੇ ਗੁਰੂ ਨੂੰ ਨਹੀ ਮੰਨਦਾ, ਸੰਤ ਕਹਿੰਦੇ ਹਨ—ਉਹ ਗੁਰ ਘਾਤੀ ਹੈ; ਉਹ ਗੁਰੂ ਦੋਖੀ ਹੈ; ਉਹ ਅਸੁਰ ਹੈ; ਉਹ ਦੈਂਤ ਹੈ, ਉਹ ਰਾਕਸ਼ ਹੈ।

*ਕੋਟਿ ਕਾਲ ਝੁਰ ਝੁਰ ਮਰੇ ਪਛੁਤਾਇਲੇ।।੨।।*

ਕਰੋੜਾਂ ਸਾਲ ਉਹ ਝੁਰੇਗਾ, ਔਰ ਮਰੇਗਾ, ਪੱਛੋਤਾਅ ਕਰੇਗਾ ਫਿਰ।

*ਸਵੈਯਾ। ਰਾਮ ਭ੍ਰਾਤ ਜੁਗੋ ਜੁਗ ਆਤ ਭੇ,*

ਸਤਿਗੁਰੂ—ਰਾਮ ਚੰਦ੍ਰ ਜੀ, ਭਰਤ ਜੀ—ਇਕੱਠੇ ਆਉਂਦੇ ਰਹੇ ਜੁਗੋ ਜੁਗ।

*ਮਾਨ ਸੁ ਵਾਕ ਫਰਾਕ[੫] ਲਹੱਯਾ।*

ਉਸ ਵੇਲੇ ਵੀ, ਭਰਤ ਜੀ ਦੀ ਹਾਲਤ—ਹੁਕਮ ਨਹੀਂ ਮੋੜਿਆ, ਜਿਸ ਵੇਲੇ ਖੜਾਵਾਂ ਦੇ ਕੇ ਮੋੜਿਆ ਰਾਮ ਚੰਦ੍ਰ ਜੀ ਨੇ—ਹੁਕਮ ਨਹੀਂ ਮੋੜਿਆ, ਮੁੜ ਪਏ। ਕਹਿੰਦੇ ਨੇ, ਏਸੇ ਤਰ੍ਹਾਂ ਹੀ, ਹੁਕਮ ਨਹੀਂ ਮੋੜਿਆ। ਭਰਤ ਜੀ ਦੀ ਬਾਬਤ ਲਿਖਿਆ ਹੈ ਕਿ ਖੜਾਵਾਂ ਸਿਰ ਉੱਤੇ ਧਰ ਲਈਆਂ, ਲੈ ਕੇ ਆ ਗਏ। ਆ ਕੇ ਤਖਤ ਉੱਤੇ ਖੜਾਵਾਂ ਰੱਖ ਦਿੱਤੀਆ, ਆਪ ਭੁੰਜੇ ਬਹਿਣਾ। ਰਾਤ ਨੂੰ ਟੋਆ ਪੁੱਟਿਆ ਹੋਇਆ ਜਿੱਥੇ ਲੰਮੇ ਪੈਣਾ, ਕਹਿਣਾ—ਦਾਸ ਦਾ ਕੰਮ ਨਹੀਂ ਬਰਾਬਰੀ ਗੁਰੂ ਦੀ ਕਰਨੀ। ਰਾਮ ਚੰਦ੍ਰ ਜੀ ਧਰਤੀ ਉੱਤੇ ਸੌਂਦੇ ਹਨ—ਮੈਂ ਬਰਾਬਰ ਸੌਂਵਾਂ।

ਇਹ ਚੀਜ਼—ਭਾਈ ਸੱਦਾ ਸਿੰਘ ਜੀ ਹੁਰੀਂ ਅੰਮ੍ਰਿਤਸਰੋਂ ਮੈਨੂੰ ਯਾਦ ਹੈ—ਇੱਕ ਅਰਾਮ ਕੁਰਸੀ ਬਣਾਕੇ ਲਿਆਏ ਗੁਰੂ ਹਰੀ ਸਿੰਘ ਜੀ ਦੇ ਕੋਲ। ਆਖਣ ਲੱਗੇ,"ਭਾਈ ਸਤਿਗੁਰ ਆਉਣਗੇ ਤੇ ਬੈਠਣਗੇ। ਅਸੀਂ ਨਹੀਂ ਇਹਦੇ ਤੇ ਬਹਿਣਾ।" ਕਹਿੰਦੇ ਨੇ—ਰਾਮ ਤੇ ਭਰਤ ਜੀ ਭ੍ਰਾਤ ਜੁਗੋ ਜੁਗ ਆਉਂਦੇ ਭਏ।

*ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ,*

ਲਹਿਣੇ ਨੇ ਜਿਹੜਾ ਸਮਾਂ ਲਿਆ; ਲਹਿਣੇ ਨੇ ਕਹਿਣੇ ਨੂੰ ਕਮਾਇਆ ਗੁਰੂ ਨਾਨਕ ਦੇ ਨੂੰ, ਲਹਿਣੇ ਸਮਾਨ ਸਤਿਗੁਰੂ ਹਰੀ ਸਿੰਘ ਜੀ ਨੇ ਕਹਿਣੇ ਨੂੰ ਕਮਾਇਆ, ਜੋ ਹੁਕਮ ਦਿੱਤਾ। ਬਚਨ ਕਰਦੇ ਹੁੰਦੇ ਸੀ,''ਬਚਪਨ ਤੋਂ ਲੈ ਕੇ ਹੀ ਜੋ ਸਤਿਗੁਰੂ ਸਾਨੂੰ ਬਚਨ ਕਰਦੇ ਸੀ, ਅਸੀਂ ਕਦੇ ਨਹੀਂ ਸੀ ਮੋੜਿਆ।''

*ਸੰਗ ਗੁਰੂ ਲਗ ਅੰਗ ਹੁਵੱਯਾ।*

ਜਿਸ ਤਰ੍ਹਾਂ—ਦੇਖੋ, ਸੰਤ ਜੀ ਦੀ ਕਵਿਤਾ 'ਚ ਕੈਸੀ ਚੀਜ਼ ਹੈ, ਧਿਆਨ ਦੇਣ ਦੀ ਲੋੜ ਹੈ—ਨਾਓ ਨਹੀਂ ਨਾ ਬਦਲਿਆ ਸੀ ਹੋਰ ਕਿਸੇ ਨੇ ਗੁਰੂ ਦਾ। ਲਹਿਣੇ ਦਾ ਨਾਓ ਬਦਲ ਕੇ ਅੰਗਦ ਹੋਇਆ ਸੀ। ਇਥੇ ਬੁੱਧ ਸਿੰਘ ਬਦਲ ਕੇ ਹਰੀ ਸਿੰਘ ਹੋਇਆ। ਕਹਿੰਦੇ ਨੇ ਉਸੇ ਤਰ੍ਹਾਂ ਹੀ ਕਮਾਇਆ, ਹੁਕਮ ਨੂੰ ਨਹੀਂ ਮੋੜਿਆ, ਅੰਗ ਦੇ ਨਾਲ ਲੱਗ ਕੇ ਅੰਗਦ ਬਣ ਗਏ, ਹਰੀ ਸਿੰਘ ਹੋ ਗਏ।

*ਨ ਧਕੇ ਜਿਸਕੇ ਕੋ ਸੁ ਰਾਮ ਰਖੈ ਹੈ,*

ਜਿਸ ਦੇ ਧੱਕੇ ਹੋਏ ਨੂੰ ਰਾਮ ਨਾ ਰੱਖੇ। ਸਤਿਗੁਰਾਂ ਕਿਹਾ ਸੀ, ''ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਨੂੰ ਇਹ ਬਖਸ਼ ਸਕਦਾ ਹੈ।'' ਜਿਹਦੇ ਧੱਕੇ ਨੂੰ ਰਾਮ ਭੀ ਨਹੀਂ ਰੱਖ ਸਕਦਾ।

*ਜੋ ਰਾਮ ਧਕੇ ਕੋ ਭਿ ਰਾਖ ਸਕੱਯਾ।*

ਜੋ ਰਾਮ ਦੇ ਧੱਕੇ ਹੋਏ ਨੂੰ ਰੱਖ ਸਕਦਾ ਹੈ।

*ਤਾਹਿ ਅਨੇਕ ਨਮੋ ਕਰ ਹੌਂ,*

ਉਨ੍ਹਾਂ ਨੂੰ ਮੇਰੀ ਅਨੇਕ ਵਾਰ ਨਮਸਕਾਰ ਹੈ।

*ਜੋਊ ਦਾਸਨ ਪਾਪ ਕੋ ਆਪ ਸਹੱਯਾ।।੩।।*

ਜੋ ਦਾਸਾਂ ਦੇ ਪਾਪ ਹਟਾਉਣ ਵਾਲਾ ਹੈ, ਆਪਣੇ ਆਪ ਉੱਤੇ ਝੱਲਦਾ ਹੈ। ਬਚਨ ਯਾਦ ਆ ਗਿਐ—ਇਕ ਸਿੰਘ ਦੁਗੈਚਿਆਂ ਦਾ ਹੁੰਦਾ ਸੀ ਅਤਰ ਸਿੰਘ, ਲੰਬੜਦਾਰ ਸੀ, ਨਾਲ ਹਜਾਰਾ ਸਿੰਘ ਹੁਰੀਂ ਮਹੰਤ। ਕਿਸੇ ਆਦਮੀ ਦੀ ਔਰਤ ਦਾ ਮਾਮਲਾ ਸੀ, ਜਿਹਦਾ ਇਨ੍ਹਾਂ ਨੂੰ ਪਤਾ ਸੀ—ਕਿਤੇ ਅੱਗੇ ਪਿੱਛੇ ਕੀਤਾ ਸੀ ਉਨ੍ਹੇ ਅਤਰ ਸਿੰਘ ਨੇ, ਤੇ ਹਜਾਰਾ ਸਿੰਘ ਨੂੰ ਵੀ

ਪਤਾ ਸੀ। ਗੁਰੂ ਹਰੀ ਸਿੰਘ ਜੀ ਦੇ ਕੋਲ, ਬਰਾਂਡੇ ਵਿੱਚ ਬੈਠਿਆਂ, ਉੱਤੇ ਚੁਬਾਰੇ ਦੇ—ਉਸਦੀ ਇੱਕ ਬਾਰੀ ਗ੍ਰੰਥ ਸਾਹਿਬ ਵਾਲੇ ਚੁਬਾਰੇ ਵੱਲ ਸੀ—ਉਨ੍ਹਾਂ ਨੂੰ ਆਖਿਆ, ਉਹ ਮੁੱਕਰੇ। ਕਹਿਣ ਲੱਗੇ,''ਜਾਓ ਗ੍ਰੰਥ ਸਾਹਿਬ ਵਾਲੇ ਚੁਬਾਰੇ ਦਾ ਕੁੰਡਾ ਖੋਲ੍ਹੋ।'' ਜਦੋਂ ਕੁੰਡਾ ਖੋਲ੍ਹਣ ਅੱਧ 'ਚ ਤੁਰ ਗਏ, ਮੋੜ ਕੇ ਆਂਹਦੇ ਨੇ,''ਤੁਹਾਨੂੰ ਤਾਂ ਕੋਈ ਲੋੜ ਨਹੀਂ ਮੈਨੂੰ ਲੋੜ ਹੈ। ਆਓ ਮੁੜ ਆਓ, ਤੁਹਾਡਾ ਪਤਾ ਲੱਗ ਗਿਐ। ਮੈਂ, ਜਦੋਂ ਸਤਿਗੁਰ ਆਉਣਗੇ ਭਾਈ, ਅੱਗੇ ਖੜੋ ਕੇ ਆਖਾਂਗਾ, ਇਨ੍ਹਾਂ ਦੇ ਵੰਡੇ ਦਾ ਜੋ ਕੁਝ ਕਰਨਾ ਹੈ, ਮੇਰੇ ਨਾਲ ਹੀ ਕਰ ਲਓ।''

*ਤਾਹਿ ਅਨੇਕ ਨਮੋਂ ਕਰਹੋਂ*
*ਜੋਊ ਦਾਸਨ ਪਾਪ ਕੋ ਆਪ ਸਹੱਯਾ।*

ਜਿਹੜਾ ਦਾਸਾਂ ਦੇ ਪਾਪਾਂ ਨੂੰ ਵੀ ਆਪਣੇ ਉੱਤੇ ਲੈਂਦਾ ਹੈ।

*ਜਿਨ ਨਾਮ ਹਰੀ ਹਰਿ ਕਾਮ ਹਰੀ,*

ਜਿਨ੍ਹਾਂ ਦਾ ਨਾਮ ਹਰੀ ਹੈ, ਹਰ ਕੰਮ ਨੂੰ ਕਰਨ ਵਾਲੇ ਹਨ, ਹਰ ਕਾਮਨਾ ਨੂੰ ਹਰਨ ਵਾਲੇ ਹਨ, ਜਿਹੜੀਆਂ ਕਾਮਨਾ ਹਨ ਉਨ੍ਹਾਂ ਨੂੰ ਹਰਨ ਵਾਲੇ ਹਨ।

*ਹਰਿ ਰਾਮ ਹਰੀ ਹਰਿ ਸਾਮ ਜਿਨੌਂ।*

*ਹਰਿ ਰਾਮ ਹਰੀ*—ਰਾਮ ਹਰੀ ਹੈ, ਹਰੀ ਰਾਮ ਹੈ, ਜਿਸਦੀ ਸ਼ਰਨ ਪਿਆ ਹੋਇਆਂ ਰਾਮ ਦਾ ਦਰਸ਼ਨ ਹੁੰਦਾ ਹੈ।

*ਗੁਰੁ ਅਮਰ ਪੈਹੀ ਕਸ ਕਮਰ ਸਹੀ,*

ਗੁਰਾਂ ਦੇ ਹੁਕਮ ਨਾਲ ਹੀ ਕਮਰ ਕੱਸ ਕੇ-

*ਗਹਿ ਸਬਰ ਕਹੀ ਕੀਆ ਕਾਮ ਜਿਨੌਂ।*

ਸਤਿਗੁਰਾਂ ਦੇ ਹੁਕਮ ਅਨੁਸਾਰ—ਬਈ, ਸਬਰ ਸੰਤੋਖ ਰੱਖਣਾ, ਭਾਂਵੇ ਕੋਈ ਕੁਛ ਆਖੇ ਧੀਰਜ ਰੱਖਣੀ। ਖਿਮਾਂ ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਹੈ।

(ਸੰਤ ਧਿਆਨ ਸਿੰਘ ਜੀ) ਕਹਿੰਦੇ ਨੇ, ਉਹ ਕਹੀ ਸਬਰ ਦੀ ਫੜ ਕੇ ਜਿਨ੍ਹਾਂ (ਗੁਰੂ ਹਰੀ ਸਿੰਘ ਜੀ) ਕੰਮ ਕੀਤਾ।

*ਦੁਰ ਬਾਕ ਕਹੇ ਸਦ ਸਾਂਤ ਰਹੇ,*

ਭਾਵੇਂ ਕਿਸੇ ਨੇ ਕੋਈ ਖੋਟਾ ਬਚਨ ਕਿਹਾ। ਮੈਂ ਓਦਣ ਅਰਜ਼ ਕੀਤੀ ਸੀ ਕਿ ਬੀਬੀ ਨੰਦਾ ਜੀ ਰੋਜ਼ ਗਾਲ੍ਹਾਂ ਕੱਢਦੇ; ਮੂੰਹ ਛਿੱਬੀਆਂ ਦਿੰਦੇ। ਫੇਰ ਲੰਗਰ, ਪ੍ਰਸ਼ਾਦ ਛਕਣ ਨਾ ਜਾਣਾ। ''ਸੱਚੇ ਪਾਤਸ਼ਾਹ ਪ੍ਰਸਾਦਿ ਛਕਣ ਚਲੋ।'' ਕਹਿਣਾ,''ਬਈ, ਕੁੜੀ ਔਖੀ ਹੁੰਦੀ ਹੈ।'' ਆਪਣੀ ਗੱਲ ਨਹੀਂ ਕਰਨੀ, ਜਿਨ੍ਹੇ ਦੁਰਵਾਕ ਕਹੇ—ਉਹ ਵੀ ਸਹੇ।

*ਉਤਪਾਤ ਸਹੇ ਅਤਿ ਆਮ ਜਿਨੋਂ।*

ਜਿਨ੍ਹਾਂ ਦੇ ਵਕਤ ਬਹੁਤ ਉਤਪਾਤ ਹੋਏ, ਵਿੱਚ ਰਹਿਣ ਵਾਲੇ ਜਾ ਕੇ ਨੌਕਰੀਆਂ ਲੈ ਕੇ ਗਵਾਹੀਆ ਦੇਣ, ਝੂਠੀ ਮੁਖਬਰੀਆਂ ਕਰਨੀਆਂ। ਉਧਰ ਬੀਬੀ ਨੰਦਾ ਨੇ, ਉਧਰ ਪੁਲਸ ਵਾਲਿਆਂ ਨੇ, ਉਧਰ ਲੋਕਾਂ ਨੇ ਤੰਗ ਕਰਨਾ।

*ਅਸ ਗਯਾਨ ਸਰੇ ਗੁਰ ਧਯਾਨ ਧਰੇ,*

ਐਸਾ ਜੋ ਗਿਆਨ ਦਾ ਸਮੁੰਦਰ ਹੈ—ਸਤਿਗੁਰੂ, ਧਿਆਨ ਸਿੰਘ ਜੀ ਕਹਿੰਦੇ ਨੇ, ਉਹਦਾ ਧਿਆਨ ਧਰੋ।

*ਹਰਿ ਧਯਾਨ ਕਰੇ ਪ੍ਰਣਾਮ ਤਿਨੋਂ।।੪।।*

ਧਿਆਨ ਸਿੰਘ ਜੀ ਕਹਿੰਦੇ ਨੇ ਐਸੇ ਗੁਰੂ ਜੋ ਗਿਆਨ ਦੇ ਸਮੁੰਦਰ ਹਨ ਉਨ੍ਹਾਂ ਦਾ ਧਿਆਨ ਧਰੋ। ਧਿਆਨ ਸਿੰਘ ਜੀ ਕਹਿੰਦੇ ਨੇ ਮੇਰੀ ਨਮਸਕਾਰ ਐਸੇ ਸਤਿਗੁਰੂ ਨੂੰ।

*ਸੋਰਠਾ। ਸਿਖੀ ਗੁਰ ਹਰਿ ਰਾਮ ਰਾਖੀ ਹਿੰਦ ਗੁਬਿੰਦ ਗੁਰ।*
*ਟੂਟੀ ਗਾਂਢਨ ਕਾਮ ਜਿਨੋਂ ਨਮੋਂ ਗੁਰ ਹਰੀ ਹਰਿ।।੫।।*

## ਪਾਪੇ ਦਾ ਵਰਤਿਆ ਵਰਤਾਰਾ

ਕਹਿੰਦੇ ਨੇ ਕਿ ਗੁਰੂ ਗੋਬਿੰਦ ਸਿੰਘ ਨੇ ਜਿਸ ਵੇਲੇ ਮੁਸਲਮਾਨਾਂ ਦਾ ਜ਼ੋਰ ਹੋਇਆ, ਤਾਂ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ–

*ਛਾਇ ਜਾਤੀ ਏਕਤਾ, ਅਨੇਕਤਾ ਬਲਾਇ ਜਾਤੀ,*
*ਧਾਇ ਜਾਤੀ ਕੁਚਲਤਾ ਕਤੇਬਨ ਕੁਰਾਨ ਕੀ।*
*ਪਾਪ ਪ੍ਰੱਕ ਜਾਤੇ, ਧਰਮ ਧਸੱਕ ਜਾਤੇ,*

*ਵਰਨ ਗਰੱਕ ਜਾਤੇ, ਸਹਿਤ ਵਿਧਾਨ ਕੀ।*
*ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,*
*ਰੀਤ ਮਿਟ ਜਾਤੀ ਕਥਾ ਵੇਦ ਔ ਪੁਰਾਨ ਕੀ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਤਿਤ ਪਾਵਨ ਸੂਰ[੬]*
*ਮੂਰਤੀ ਨਾ ਹੋਤੀ ਜੋ ਪੈ ਕਰੁਣਾ ਨਿਧਾਨ ਕੀ।*
*- ਸੂਰਜ ਪ੍ਰਕਾਸ਼*

ਕਹਿੰਦੇ ਹਨ—ਕੀ ਹੁੰਦਾ—
*ਪਾਪ ਪ੍ਰਪੱਕ ਜਾਤੇ, ਧਰਮ ਧਸਕ ਜਾਤੇ,*
—ਧਰਮ ਗਰਕ ਹੋ ਜਾਂਦਾ।
*ਵਰਨ ਗਰੱਕ ਜਾਤੇ,*
—ਕੋਈ ਵਰਨ ਆਸ਼ਰਮ ਦਾ ਨਾਂ ਨਾ ਲੈਂਦਾ, ਖੱਤ੍ਰੀ, ਬ੍ਰਹਮਣ, ਸੂਦਰ, ਵੈਸ।
*ਸਹਤ ਵਿਧਾਨ ਕੀ,*
—ਨਾ ਇਨ੍ਹਾਂ ਦੀ ਕੋਈ ਵਿਧੀ ਰਹਿ ਜਾਂਦੀ। ਫੇਰ-
*ਛਾਏ ਜਾਤੀ ਏਕਤਾ,*
—ਏਕਤਾ, ਮੁਸਲਮਾਨ ਚਾਹੁੰਦੇ ਸੀ—ਦੋ ਤੇ ਏਕ ਕਰਾਂ। ਉਹ ਏਕਤਾ ਹੋ ਜਾਂਦੀ, ਅਨੇਕਤਾ ਨਾ ਰਹਿ ਜਾਂਦੀ।
*ਹੋਵਤੀ ਕੁਚੀਲਤਾ ਕੁਤੇਬਨ ਕੁਰਾਨ ਕੀ*
ਕੁਚੀਲਤਾ, ਜਿਹੜੀ ਨੂੰ ਬੁਰਾ ਮੰਨਿਆ ਹੈ, ਜਿਨਾਂ 'ਚ ਖੋਟਾ ਕੁਝ ਲਿਖਿਆ ਹੈ। ਭਾਈ ਗੁਰਦਾਸ ਕਹਿੰਦਾ ਹੈ-
*ਬਹੁ ਵਾਟੀ ਜਗਿ ਚਲੀਆ, ਤਬ ਹੀ ਭਏ ਮੁਹੰਮਦਿ ਯਾਰਾ।*
*ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।*
*ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।*
*ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।*
*ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ[੭] ਮਾਸੀਤਿ ਉਸਾਰਾ।*
*ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ[੮]।*

*ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ[੯]।*
*ਪਾਪੇ ਦਾ ਵਰਤਿਆ ਵਰਤਾਰਾ।*

*– ਵਾਰੀ ਪਉੜੀ–੨੦*

ਤਾਂ ਹੋ ਜਾਂਦੀ, ਪਰ ਕਹਿੰਦੇ ਨੇ–

*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ*
*ਮੂਰਤੀ ਨਾ ਹੋਤੀ ਜੋ ਪੈ ਕਰੁਨਾ ਨਿਧਾਨ ਕੀ।*

ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆ ਕੇ ਉਸ ਵੇਲੇ ਬੰਨ੍ਹ ਪਾਇਆ ਤੇ ਲੋਕਾਂ ਨੂੰ ਬਚਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਰੱਖੀ ਔਰ ਮੁੜ ਕੇ ਸਿੱਖੀ ਨੂੰ ਸੁਰਜੀਤ ਕੀਤਾ ਗੁਰੂ ਰਾਮ ਸਿੰਘ ਨੇ, ਸਤਿਗੁਰਾਂ ਨੇ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਸਿੱਖ ਪੰਥ ਦਾ ਕੀ ਹਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਕੰਜਰੀ ਰੱਖ ਲਈ ਔਰ ਇਤਿਹਾਸ ਪੜ੍ਹਕੇ ਦੇਖੋ ਕਿ ਮਹਾਰਾਜਾ ਦਾ ਅੰਤ ਸ਼ਰਾਬ ਪੀ ਕੇ ਲਕਵੇ ਨਾਲ ਹੋਇਆ ਮਹਾਰਾਜਾ ਰਣਜੀਤ ਸਿੰਘ ਦਾ। ਮਗਰਲਿਆਂ ਦੀ ਤਾਂ ਕੀ ਗੱਲ ਕਰਨੀ ਹੈ।

*ਔਰੈਂ ਰੀਤ ਔਰੈਂ ਮੀਤ ਔਰੈਂ ਪ੍ਰਤੀਤ ਪ੍ਰੀਤ*
*ਖਾਨ ਪਹਿਰਾਨ ਗਿਯਾਨ ਮਾਨ ਔਰੈਂ ਜਨ ਕੈ।।*

ਲੋਕਾਂ ਨੇ ਸਭ ਕੁਛ ਛੱਡਿਆ, ਉਨ੍ਹਾਂ ਨੇ ਕੱਛਾਂ ਲਾਹ ਦਿੱਤੀਆਂ—*ਸੁੱਥ੍ਰ ਤੰਗ ਤਨ ਕੈ।* ਫੇਰ ਕਹਿੰਦੇ ਨੇ, ਭਾਈ ਸਾਹਿਬ ਜੀ–

*ਜਾਗ ਜਿਨਕੇ ਬਡੇਰੇ, ਬਾਣੀ ਪੜ੍ਹਤੇ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨਾ ਕਰੈਂ।*
*ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਆਤੀ।*
*ਪਾਏ ਹੈਂ ਨਾ ਝਾਤੀ, ਮੂਸ, ਖਾਤ ਗ੍ਰੰਥ ਜੇ ਪਰੈਂ।।*
*ਜਪੁਜੀ ਨਾ ਰਹਿਰਾਸ, ਪਢੈ ਸੁਨੈ ਕਬੀ ਖਾਸ,*
*ਔਰ ਜੋ ਪਢਤ ਪਾਸ, ਹਾਸ ਤਿਨਾ ਯੋਂ ਰਰੈਂ।*
*ਕਹਾਂ ਰੱਬ ਬਹਿਰਾ ਹੈ, ਗਹਿਰਾ ਪੁਕਾਰੈ ਜੌ ਤੂੰ,*
*ਸ਼ਹਿਰਾਂ ਮੈਂ ਜਾਇ ਲੁਕਮੇ ਰਿਝਾਇ ਲੈ ਤਰੈਂ।*

*– ਪੰਥ ਪ੍ਰਕਾਸ਼*

ਰੱਬ ਬੋਲਾ ਹੈ, ਨਾ ਪੜ੍ਹਨਾ, ਨਾ ਗ੍ਰੰਥ ਸਾਹਿਬ ਦੇਖਣੇ, ਜਿਲਦਾਂ ਚੂਹੇ ਖਾ ਗਏ—ਓਸ ਹਾਲਤ ਵਿੱਚ। ਪੜ੍ਹੋ ਗਿਆਨੀ ਗਿਆਨ ਸਿੰਘ ਦੀ ਗੱਲ, ਕਹਿੰਦੈ–

*ਕੇਈ ਬਾਰ ਪਾਰੈਂ, ਓਚੈਂ ਨਾਕ ਨੋਚੈਂ ਮੋਚਨੇ ਲੈ,*

ਕਈ ਵਾਲ ਪਾੜਦੇ ਹਨ, ਐਊਂ ਦਾੜ੍ਹੀ ਪਾੜਕੇ ਬੰਨਦੇ ਹਨ।

*ਕੇਈ ਓਚੈਂ*

—ਕਈ ਖਿੱਚਦੇ ਹਨ।

*ਕੇਈ ਨਾਕ ਨੋਚੈਂ ਮੋਚਨੇ ਲੈ,*

—ਕਈ ਮੋਚਨੇ ਨਾਲ ਨੱਕ ਚੋਂ ਵਾਲ ਪੁੱਟਦੇ ਹਨ।

*ਕੋਊ ਦਾੜ੍ਹੈ ਹੀ ਉਖਾੜੈ*

—ਕਈ ਦਾੜ੍ਹਾਂ ਦੇ ਉੱਤੋਂ ਵਾਲ ਪੁੱਟਦੇ ਹਨ।

*ਹਾਥ ਮਾਥ ਪੈ ਚਲਾਏ ਹੈਂ*

—ਐਥੋਂ ਚੂੰਡਾ ਕੱਢਦੇ ਹਨ। ਫਿਰ ਕਹਿੰਦੈ—

*ਕੌਊ ਸਾੜੈਂ ਦਵਾ ਲਾਇ ਹੈਂ*

—ਕਈ ਦਵਾਈ ਲਾ ਕੇ ਸਾੜਦੇ ਹਨ। ਪਿਛਲੀ ਤੁਕ 'ਚ ਕਹਿੰਦੇ ਹਨ–

*ਸਿੱਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ*
*ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਏ ਹੈਂ।*

ਸਿੱਖਾਂ ਦੇ ਪੁੱਤ, ਸਿੰਘ ਜਿਨ੍ਹਾਂ ਦੇ ਨਾਮ ਬੜੇ ਮਜਬੂਤ, ਉਹ ਸਿੱਖੀ ਰੂਪ ਗਊ ਨੂੰ ਮਾਰਨ ਲੱਗੇ ਹੋਏ ਹਨ। ਓਸ ਵੇਲੇ ਸਤਿਗੁਰਾਂ ਨੇ ਪ੍ਰਕਾਸ਼ ਕੀਤਾ, ਆ ਕੇ–

*ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓਂ ਕੇ,*
*ਸੁਧਾ ਛੱਕ ਥਾਏ ਸਿੱਖ ਭਾਗ ਜਿਨੈ ਜਾਗਿਓ।।*
*ਫੈਲਿਓ ਜਸ ਭਾਰੀ, ਸਿੱਖ ਥੀਏ ਤਾਹਿ ਕੇ ਅਪਾਰੀ*
*ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ।।*
*ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ ਠਗੀ ਤਜ,*

*ਥੀਏ ਸੰਤ ਸਤਿਜੁਗ ਆ ਗਇਓ।*

*– ਪੰਥ ਪ੍ਰਕਾਸ਼*

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ, ਜਿਹੜਾ ਗੁਰੂ ਗੋਬਿੰਦ ਸਿੰਘ ਜੀ ਲਿਖਿਐ ਗੁਰਿੰਡਨਾਮੇ 'ਚ–

**ਕਲਿਜੁਗ ਮੇਂ ਸਤਿਜੁਗ ਕਰ ਠਾਨੋ।।**
**ਤਬੀ ਬਾਰ੍ਹਵਾਂ ਬੱਪ ਪਹਿਚਾਨੋ।।**

ਉਸ ਗੱਲ ਨੂੰ ਭਾਈ ਗਿਆਨ ਸਿੰਘ ਜੀ ਨੇ ਮੰਨਿਆ, ਕਿ ਸਤਿਜੁਗ ਲਾ ਦਿੱਤਾ। ਕਹਿੰਦੇ ਨੇ, ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਸਿੱਖੀ ਨੂੰ ਬੰਨ੍ਹ ਪਾਇਆ, ਮੁੜ ਕੇ ਸੁਰਜੀਤ ਕੀਤਾ ਸਤਿਗੁਰੂ ਰਾਮ ਸਿੰਘ ਜੀ ਨੇ–

*ਟੂਟੀ ਗਾਂਡਨ ਕਾਮ ਜਿਨੋਂ ਨਮੋਂ ਗੁਰ ਹਰੀ ਹਰਿ।।੫।।*

ਕਹਿੰਦੇ ਨੇ, ਜਿਨ੍ਹਾਂ ਦਾ ਕੰਮ ਟੁੱਟੀ ਨੂੰ ਗੰਢਣਾ ਹੈ, ਜਿਹੜੇ ਟੁੱਟੇ ਹੋਏ ਸਿੱਖ ਸਤਿਗੁਰੂ ਦੇ ਚਰਨੀ ਲੱਗੇ, ਉਨ੍ਹਾਂ ਨੂੰ ਬਖਸ਼ਕੇ ਨਾਲ ਰਲਾਇਆ। ਕਹਿੰਦੈ,''ਮੇਰੀ ਨਮਸਕਾਰ ਹੈ ਐਸੇ ਸਤਿਗੁਰੂ ਹਰੀ ਸਿੰਘ ਨੂੰ।''

*ਦੋਹਰਾ।।ਇਸ ਬਿਧ ਭੈਣੀ ਸਾਹਿਬ ਮੇਂ ਸਤਿਗੁਰ ਕਰ ਹੈਂ ਕੇਲ।*

ਹੁਣ ਏਥੇ ਹੀ ਇਹਨੂੰ ਨਬੇੜ ਕੇ—ਇੱਕ ਤਾਂ ਮਾਈ ਨੇ ਅੱਜ ਅਰਦਾਸ ਦਿੱਤੀ ਸੀ। ਮੈਂ ਉਹਨੂੰ ਵੀ ਅਰਜ਼ ਕਰ ਦਿਆਂ, ਉਸ ਨੇ ਕਿਹਾ ਸੀ—ਲੋਕ ਸਾਨੂੰ ਮਿਹਣੇ ਮਾਰਦੇ ਹਨ। ਕਈ ਇਹ ਕਹਿੰਦੇ ਹਨ ਕਿ ਜਿਹਦੇ ਘਰ ਪੁੱਤ੍ਰ ਨਹੀਂ ਉਹਦੀ ਗਤਿ ਨਹੀਂ ਹੁੰਦੀ। ਸਾਧ-ਸੰਗਤ ਦਾ ਕੰਮ ਹੈ, ਸਾਧ-ਸੰਗਤ ਕਿਰਪਾ ਕਰਦੀ ਹੈ, ਅਰਦਾਸ ਅੱਗੇ ਕੀਤੀ ਹੈ। ਉਸ ਮਾਈ ਨੂੰ ਚਾਹੀਦਾ ਹੈ, ਉਹ ਆਪ ਵੀ ਭਜਨ ਬਾਣੀ ਕਰਕੇ ਅਰਦਾਸ ਕਰਿਆ ਕਰੇ।

ਹੋਰ, ਇਹ ਗੱਲ ਤਾਂ ਕੋਈ ਨਹੀਂ, ਸਤਿਗੁਰਾਂ ਲਿਖਿਆ—ਬਖਸ਼ਣੇ ਤਾਂ ਸਭ ਗੁਰੂ ਨੇ ਹੀ ਹੈਂ, ਭਾਵੇਂ ਛੜੇ ਹੋਣ ਤੇ ਭਾਵੇਂ ਹੋਣ ਵਿਆਹੇ ਹੋਏ। ਜੇ ਏਹੋ ਹੀ ਗੱਲ ਹੋਵੇ ਤਾਂ ਫਿਰ ਸ੍ਰਿਸ਼ਟੀ ਦੇ ਵਿੱਚ ਜਿਨ੍ਹਾਂ ਨੇ ਭਜਨ ਪੁੱਛ ਲਿਆ ਹੈ, ਫਿਰ ਭਜਨ ਨਾਲੋਂ ਤਾਂ ਤਕੜੀ ਹੋਈ ਨਾ ਜਿਹਦੀ ਉਲਾਦ ਨਾ ਹੋਈ—ਉਹ ਅਬਗਤਾ ਗਿਆ। ਸਤਿਗੁਰਾਂ ਦੇ ਹੁਕਮ ਨਾਲ ਜਿਨ੍ਹਾਂ ਨੇ ਨਾਮ

ਪੁੱਛਿਆ ਹੈ—ਸਾਡਾ ਇਹ ਮਤਲਬ ਨਹੀਂ ਉਹਦੇ ਘਰ ਬੱਚਾ ਨਾ ਹੋਏ, ਗੁਰੂ ਕਿਰਪਾ ਕਰੇ, ਛੇਤੀ ਤੋਂ ਛੇਤੀ ਦੇਵੇ, ਪਰ ਇਹ ਜਿਹੜੀ ਗੱਲ ਹੈ, ਲੋਕਾਂ ਦੇ ਕਹਿਣ ਦੀ, ਮਿਹਣੇ ਲੋਕਾਂ ਦਿਆਂ ਨਾਲ ਆਪਣੇ ਪਾਸੇ ਨੂੰ ਨਹੀਂ ਛੱਡਣਾ। ਸਤਿਗੁਰਾਂ ਦਾ ਭਜਨ ਕਰਨਾ, ਬਾਣੀ ਪੜ੍ਹਨੀ, ਨਾਮ ਜਪਣਾ, ਇਸ਼ਨਾਨ ਕਰਨਾ।

## ਮਾਈਆਂ ਨੂੰ ਹੁਕਮ

ਹੁਣ ਹੈ ਗੱਲ ਸਾਡੀਆਂ ਮਾਈਆਂ ਬੀਬੀਆਂ ਦੀ। ਮੈਂ ਇਹਨਾਂ ਅੱਗੇ ਵੀ ਕੁਛ ਅਰਜ਼ ਕਰਾਂ। ਇਹ ਮੇਲੇ ਕਰਦੀਆਂ ਹਨ; ਇਥੇ ਸੱਦ ਲੈਂਦੀਆਂ ਹਨ; ਅਸੀਂ ਵੀ ਆ ਜਾਨੇ ਹਾਂ ਪਰ ਹੁਣ ਮਾਈਆਂ ਦਾ ਕੰਮ ਹੈ ਬੱਚਿਆਂ ਨੂੰ ਸਾਂਭਣਾ, ਬੱਚੀਆਂ ਨੂੰ ਸਾਂਭਣਾ। ਫੈਸ਼ਨ ਤੋਂ ਮਾਈਆਂ ਨੂੰ ਚਾਹੀਦਾ ਹੈ ਕਿ ਬਚ ਕੇ ਖੇਡਣ। ਹੁਣ ਮਾਈਆਂ ਬੈਠੀਆਂ ਅੱਜ ਉੱਥੇ ਲੰਗਰ 'ਚ ਗਈਆਂ ਹੋਈਆਂ ਵੀ—ਮੈਂ ਤੇ ਸੇਠ ਹੁਰੀਂ ਜਦੋਂ ਉੱਤੋਂ ਉਤਰੇ ਹਾਂ—ਲੀੜੇ ਸਿਰਾਂ ਉੱਤੇ ਨਹੀਂ ਸਨ। ਸਾਨੂੰ ਸ਼ਰਮ ਆਉਂਦੀ ਹੈ ਦੇਖ ਕੇ। ਮਾਈਆਂ ਨੂੰ ਚਾਹੀਦਾ ਹੈ ਕਿ ਨੰਗੇ ਸਿਰ ਨਹੀਂ ਰਹਿਣਾ। ਫਿਰ, ਇੱਕ ਹੋਰ ਭੀ ਗੱਲ ਮੈਂ ਕਹਿ ਦੇਨਾਂ, ਕਿ ਜੇ ਅਸੀਂ ਦਾੜ੍ਹੀਆਂ ਬੰਨ੍ਹਣ ਵਾਲਿਆਂ ਨੂੰ ਰੋਕਦੇ ਹਾਂ ਤੇ ਮਾਈਆਂ ਨੂੰ ਵੀ ਗੁੱਤਾਂ ਨਹੀਂ ਕਰਨੀਆਂ ਚਾਹੀਦੀਆਂ। ਸਤਿਗੁਰਾਂ ਦੇ ਹੁਕਮ ਅਨੁਸਾਰ ਮਾਈਆਂ ਦੇ ਜੂੜੇ ਹੋਣੇ ਚਾਹੀਦੇ ਹਨ। ਧਿਆਨ ਦੇਣ ਦੀ ਗੱਲ ਹੈ।

ਸਤਿਗੁਰਾਂ ਦਾ ਹੁਕਮ ਹੈ ਔਲਾਦ ਨੂੰ ਮਾਈਆਂ ਨੇ ਪਾਲਣਾ ਹੈ। ਸਿੱਖੀ ਔਲਾਦ ਵਿੱਚ ਆਉਣੀ ਹੈ—ਮਾਈਆ ਦੇ ਕਹਿਣ ਨਾਲ। ਜੇ ਮਾਈਆਂ ਆਪਣੇ ਬੱਚਿਆਂ ਨੂੰ ਸਵੇਰੇ ਉੱਠਕੇ ਭਜਨ ਦੱਸਿਆ ਕਰਨ, ਸੁਣਾਇਆ ਕਰਨ, ਬਾਣੀ ਪੜ੍ਹ ਕੇ ਸੁਣਾਇਆ ਕਰਨ, ਬੱਚਿਆਂ ਨੂੰ ਇਸ਼ਨਾਨ ਸਣੇ ਕੇਸੀਂ ਕਰਾਇਆ ਕਰਨ ਔਰ ਬੱਚਿਆਂ ਨੂੰ ਬਾਣੀ ਪੜ੍ਹਨ ਦੀ ਜਾਚ ਦੱਸਿਆ ਕਰਨ, ਕੰਠ ਆਪ ਕਰਨ, ਬੱਚਿਆਂ ਨੂੰ ਕਰਾਉਣ। ਇਹ ਮਾਈਆਂ ਦੀ ਬੜੀ ਭਾਰੀ ਡਿਊਟੀ ਹੈ, ਇਸ ਪਾਸੇ ਦੀ। ਉਹਨਾਂ ਨੂੰ ਜ਼ਰਾ

ਧਿਆਨ ਦੇਣਾ ਚਾਹੀਦਾ ਹੈ। ਸਮਾਂ ਬੜਾ ਖਰਾਬ ਆ ਰਿਹਾ ਹੈ। ਜ਼ਰਾ ਕੁ ਥੋੜਾ-ਥੋੜਾ ਬਚਕੇ....................।

ਹੁਣ ਗੱਲ ਇਹ ਹੈ ਕਿ ਚੂੜੀ ਵਾਲੀ ਸੁੱਥਣ ਦਾ ਰਿਵਾਜ ਤਾਂ ਇੱਥੇ ਬੜਾ ਹੈ ਸਾਡੇ, ਪਰ ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਚੂੜੀ ਨਾ ਨੰਗੀ ਦਿੱਸ ਪਏ। ਉਹ ਸਲਵਾਰ ਵਾਲਿਆਂ ਵਾਂਗੂੰ, ਮਾਈਆਂ ਦੇ ਪਜਾਮੇ ਜਿਹੜੇ ਨੇ ਏਨੇ ਢਿੱਲੇ ਹੁੰਦੇ ਨੇ ਭਾਵੇਂ ਭੁੰਜੇ ਲੱਗ ਕੇ ਲਿੱਬੜ ਜਾਣ ਪਰ ਉਹਨਾਂ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਪਤਾ ਏਵੇਂ ਹੀ ਲੱਗੇ—ਬਈ ਸਲਵਾਰ ਦੇ ਨਾਲ ਮਿਲਦੀ ਜੁਲਦੀ ਗੱਲ ਬਾਤ ਹੈ। ਮੈਂ ਜੋ ਕੁਛ ਦੇਖਿਆ ਹੈ, ਮੈਂ ਕਹਿ ਦੇਣਾ ਹੈ, ਅੱਗੇ ਮੰਨਣਾ ਨਾ ਮੰਨਣਾ ਉਹਨਾਂ ਦੀ ਮਰਜੀ ਤੇ ਗੱਲ ਹੈ। ਹੁਣ ਅੱਗੇ ਬਸੰਤ ਦੇ ਮੇਲੇ ਵਾਸਤੇ ਆਖਿਆ ਹੈ। ਫਿਰ ਜ਼ਰਾ ਮਾਈਆਂ ਵੀ ਆਪਣਾ ਧਿਆਨ ਕਰ ਲੈਣ। ਨਿਰਾ ਸਿੱਖਾਂ ਨਾਲ ਹੀ ਗੱਲ ਨਹੀਂ, ਮਾਈਆਂ ਨਾਲ ਵੀ ਇਹ ਗੱਲ ਹੈ ਕਿ ਮਾਈਆਂ ਅੱਗੇ ਅਰਜ਼ ਬੇਨਤੀ ਹੈ, ਮੇਰੀ ਗੱਲ ਨੂੰ ਯਾਦ ਰੱਖਣਗੀਆਂ।

## ਆਪਣੇ ਨਿਯਮਾਂ ਤੇ ਚਲੋ

ਹੁਣ ਸਮਾਂ ਕਾਫੀ ਹੋ ਗਿਆ ਹੈ। ਸਾਧ-ਸੰਗਤ ਅੱਗੇ ਅਰਜ਼ ਬੇਨਤੀ ਹੈ ਕਿ ਸਤਿਗੁਰਾਂ ਦੇ ਹੁਕਮਨਾਮੇ ਤੁਸੀਂ ਸੁਣੇ ਹਨ—ਮਾਈਆਂ ਵੀ ਤੇ ਭਾਈਆਂ ਵੀ। ਉਨ੍ਹਾਂ ਨੇ ਕਿਹਾ ਹੈ—ਜਨਾਨੇ, ਮਰਦਾਨੇ ਨੇ ਬੁੱਢੇ ਬਾਲੇ ਨੇ, ਸਭ ਨੇ ਬਾਣੀ ਕੰਠ ਕਰਨੀ। ਸਾਨੂੰ ਪਤਾ ਲੱਗੇ ਆਉਂਦਿਆਂ ਨੂੰ ਕਿੰਨੀ ਕਿੰਨੀ ਬਾਣੀ, ਕਿਨ੍ਹੇ ਕੰਠ ਕੀਤੀ ਹੈ ਤੇ ਗੁਰਬਖਸ਼ ਸਿੰਘ ਵਾਂਗੂ ਏਵੇਂ ਹੀ ਨਾ ਹੋਵੇ ਕਿ ਪੜ੍ਹਦੇ-ਪੜ੍ਹਦੇ ਵੀ ਢਿੱਲੇ ਪੈ ਜਾਣ। ਮੈਂ ਏਸ ਨੂੰ ਜ਼ਰਾ ਕਰੜਾ ਕਰਕੇ ਆਖਿਆ ਸੀ ਕਿਉਂਕਿ ਹੁਣ ਫੂਲਾ ਸਿੰਘ ਹੁਰਾਂ ਦੇ ਥਾਂ ਮੋਹਰੀ ਇਹ ਆਦਮੀ ਸੀ। ਇਹ ਜ਼ਰਾ ਕੁ ਢਿੱਲਾ ਪਿਆ ਸੀ। ਮੈਂ ਇਹਦੇ ਨਾਲ ਜ਼ਰਾ ਕੁ ਥੋੜੀ ਜਿਹੀ ਗੱਲ ਬਾਤ ਕੀਤੀ ਸੀ। ਸੋ ਅਰਜ਼ ਇਹ ਹੈ ਕਿ ਸਾਧ-ਸੰਗਤ ਨੂੰ ਨਿਯਮ ਚਾਹੀਦਾ ਹੈ ਅਪਣਾ ਰੱਖਣਾ। ਨਿਯਮ ਦੇ ਨਾਲ—ਮੈਂ ਅੱਗੇ ਗੱਲ ਦੱਸੀ ਸੀ—ਕਲਕੱਤੇ ਵਿਚ ਡੈਣ ਦਾ ਮੰਤਰ ਪੜ੍ਹਨ ਵਾਲਿਆਂ

ਨੇ, ਕੋਈ ਆਦਮੀ ਸੀ ਉਹਦੇ ਕੋਲ ਇੱਕ ਉਸਦਾ ਮਿੱਤ੍ਰ ਗਿਆ। ਉਨ੍ਹੇ ਉਹਦੇ ਅੱਗੇ ਜਾ ਕੇ ਹਦਵਾਣਾ ਰੱਖ ਦਿੱਤਾ—ਤਰਬੂਜ਼—ਕਿ ਤੂੰ ਇਹਦਾ ਕਲੇਜਾ ਕੱਢ ਕੇ ਵਿਖਾ। ਉਨ੍ਹੇ, ਦੇਖਿਆ, ਉਨ੍ਹੇ ਆਖਿਆ ਬਈ ਇਹ ਬਿਲਕੁਲ ਸਾਬਤ ਹੈ, ਇਹਨੂੰ ਕੋਈ ਦਾਗ ਨਹੀਂ। ਉਨ੍ਹੇ ਆਖਿਆ,''ਇਉਂ ਨਹੀਂ ਨਿਕਲਦਾ, ਤੂੰ ਇਹਨੂੰ ਇੱਕ ਸੂਈ ਮਾਰ ਦੇ, ਫੇਰ ਮੈਂ ਕੱਢ ਦਿੰਦਾ ਹਾਂ।'' ਉਨ੍ਹੇ ਸੂਈ ਮਾਰੀ, ਉਨ੍ਹੇ ਮੰਤ੍ਰ ਪੜ੍ਹਿਆ ਜਦੋਂ ਚੀਰਿਆ ਵਿਚੋਂ ਕੁਝ ਨਾ ਨਿਕਲਿਆ, ਗੁਦ ਖਾਧੀ ਗਈ। ਤੁਸੀਂ ਹੋ ਸਤਿਗੁਰਾਂ ਦੇ ਸਿੱਖ, ਤੁਹਾਡਾ ਕੰਮ ਹੈ ਭਜਨ ਬਾਣੀ ਕਰਨਾ। ਮਾਸ, ਸ਼ਰਾਬ ਵਾਲੇ ਕੋਲ ਨਾ ਬਹਿਣਾ, ਨਾ ਉੱਥੋਂ ਖਾਣਾ, ਨਾ ਇਹੋ ਜਿਹੇ ਤਮਾਸ਼ੇ ਦੇਖਣੇ। ਨਹੀਂ ਤਾਂ ਭਾਈ ਸੂਈ ਵਜੀ ਦਾ ਜੇ ਕਲੇਜਾ ਨਿਕਲ ਜਾਏ ਤਾਂ ਜ਼ੁਮੇਵਾਰੀ ਕੋਈ ਨਹੀਂ, ਕਿਸੇ ਦੀ। ਤੁਹਾਡਾ ਇਹ ਫਰਜ਼ ਹੈ, ਤੁਸੀਂ ਸਤਿਗੁਰਾਂ ਦੇ ਹੁਕਮ ਨਾਲ ਤੜਕੇ ਉੱਠ ਕੇ, ਕੋਈ ਆਦਮੀ ਨਹੀਂ ਚਾਹੀਦਾ ਜਿਹੜਾ ਸਣੇ ਕੇਸੀਂ ਇਸ਼ਨਾਨ ਨਾ ਕਰੇ। ਹੋਰ ਕੰਮ ਤੁਸੀਂ ਕਰਦੇ ਹੋ। ਤੁਸੀਂ ਕਿਸੇ ਵੇਲੇ ਆਲਸ ਕਰਦੇ ਹੋ; ਭਾਈ–

**ਉਦਮੁ ਕਰਿ ਹਰਿ ਜਾਪਣਾ,**

ਮਹਾਰਾਜ ਨੇ ਲਿਖਿਆ ਹੈ–

**ਵਡਭਾਗੀ ਧਨੁ ਖਾਟਿ।।**
**ਸੰਤ ਸੰਗਿ ਹਰਿ ਸਿਮਰਣਾ**
**ਮਲੁ ਜਨਮ ਜਨਮ ਕੀ ਕਾਟਿ।।**

*– ਸਿਰੀ ਰਾਗ ਮ:੫, ਪੰਨਾ-੪੯*

ਤੁਹਾਡਾ ਇਹ ਫਰਜ਼ ਹੈ ਨਾਮਧਾਰੀਆਂ ਦਾ ਕਿ ਤੁਸੀਂ ਭਜਨ ਬਾਣੀ ਕਰਿਆ ਕਰੋ ਔਰ ਇਸ਼ਨਾਨ ਕਰਿਆ ਕਰੋ, ਨਿਤਨੇਮ ਕਰਿਆ ਕਰੋ। ਸਮਾਂ ਬੜਾ ਕਰੂਰ ਹੈ, ਬੜਾ ਖਰਾਬ ਹੈ। ਸਤਿਗੁਰਾਂ ਦੇ ਹੁਕਮ ਨਾਲ ਜਿਹੜੇ ਹੁਕਮਨਾਮੇ ਸੁਣਦੇ ਹੋ—ਰੋਜ਼, ਅਰਦਾਸ ਕਰਿਆ ਕਰੋ,''ਸੱਚਿਆ ਪਾਤਸ਼ਾਹ ! ਸਾਡੇ ਉੱਤੇ ਕਿਰਪਾ ਕਰ। ਸਾਨੂੰ ਇਹ ਬਲ ਬਖਸ਼, ਅਸੀਂ ਤੇਰਾ ਹੁਕਮ ਮੰਨੀਏ, ਜਿੰਨਾਂ ਤੂੰ ਮਨਾਵੇਂ।'' ਹਰ ਵੇਲੇ ਅਰਦਾਸ ਕਰਿਆ

ਕਰੋ। ਓਹ ਸਤਿਗੁਰੂ ਸਦਾ ਹੀ ਸੁਣਦੇ ਹਨ। ਉਹ ਕੋਈ ਦੂਰ ਨਹੀਂ। ਉਹ ਸਾਰੇ ਹੀ ਜਾਣਦੇ ਹਨ, ਸਾਰੇ ਹੀ ਜਗ੍ਹਾ, ਉਹ ਸਭ ਜਗ੍ਹਾ–

**ਸਭੁ ਕਿਛੁ ਸੁਣਦਾ ਵੇਖਦਾ**
**ਕਿਉ ਮੁਕਰਿ ਪਇਆ ਜਾਇ।।**

*– ਸਿਰੀ ਰਾਗ ਮ:੩, ਪੰਨਾ–੩੯*

ਉਹਦੇ ਕੋਲੋਂ ਮੁਕਰਿਆ ਨਹੀਂ ਜਾਂਦਾ। ਕੋਈ ਗੱਲ ਉਹਦੇ ਕੋਲੋ ਲੁਕੀ ਹੋਈ ਨਹੀਂ। ਆਪਣਾ ਧਿਆਨ ਕਰੋ, ਸਤਿਗੁਰ ਅੱਗੇ ਅਰਦਾਸ ਕਰੋ। ਫਿਰ ਉਨ੍ਹਾਂ ਕਿਹਾ ਹੈ ਕਿ ਭਾਵੇਂ ਥੋੜਾ ਹੀ ਧਨ ਹੋਵੇ, ਭਜਨ ਬਾਣੀ ਵਾਲੇ ਦਾ ਮੁੱਕਦਾ ਨਹੀਂ ਤੇ ਤੁਹਾਨੂੰ ਨਾ ਮੁੱਕਣ ਨਾਲ ਹੀ ਗਰਜ਼ ਹੈ ਕਿ ਬਹੁਤੇ ਦੇਖਣ ਨਾਲ ਗਰਜ਼ ਹੈ। ਸਤਿਗੁਰ ਜੇ ਬਖਸ਼ਸ਼ ਕਰਨ, ਕਿ ਤੁਸੀਂ ਵਰਤੋ, ਖਰਚੋ, ਨੇਕ ਕੰਮਾਂ ਤੇ ਲਾਓ, ਆਪ ਖਾਓ ਤੇ ਜੇ ਤੁਹਾਡਾ ਥੋੜਾ ਵੀ ਨਾ ਮੁੱਕਣ ਦਏ ਤੁਸੀਂ ਬਹੁਤੇ ਨੂੰ ਕੀ ਕਰਨਾ ਹੈ। ਲੋੜ ਤਾਂ ਇਸ ਗੱਲ ਦੀ ਹੈ ਕੰਮ ਨਾ ਖਲੋਏ। ਉਨ੍ਹਾਂ ਲਿਖਿਆ ਹੈ—ਭਾਈ ਧਨ ਪੁੰਨ ਦਾਨ ਤੇ ਨਹੀਂ ਘਟਦਾ। ਕੋਈ ਵੀ ਗਰੀਬ ਹੋਵੇ, ਕਿਸੇ ਕੌਮ ਦਾ ਹੋਵੇ, ਕਿਸੇ ਮਜ਼੍ਹਬ ਦਾ ਹੋਵੇ—ਕਪੜੇ ਵਾਲੇ ਨੂੰ ਕਪੜਾ, ਅੰਨ ਵਾਲੇ ਨੂੰ ਅੰਨ—ਸਤਿਗੁਰਾਂ ਦਾ ਹੁਕਮ ਹੈ—ਦੇਣਾ। ਤੁਹਾਡਾ ਇਹ ਫਰਜ਼ ਹੈ।

ਮੈਂ ਏਨੀ ਕਹਿਕੇ ਸਮਾਪਤ ਕਰਦਾ ਹਾਂ ਤੇ ਕੱਲ੍ਹ ਨੂੰ ਸ਼ਾਇਦ ਚਾਲੇ ਪੈਣੇ ਹਨ। ਟਿਕਟਾਂ ਤੇ ਸਾਡੀਆਂ ਆ ਗਈਆਂ ਹਨ, ਜਹਾਜ਼ ਦਾ ਪਤਾ ਨਹੀਂ ਉਹ ਕਿਹੜੇ ਵੇਲੇ ਆਉਂਦਾ ਹੈ। ਹੁਣ ਸਾਧ-ਸੰਗਤ ਕੋਲੋਂ ਖਿਮਾ ਮੰਗਦਾ ਹਾਂ ਮੈਂ। ਤੁਸੀਂ ਆਪਣਾ ਇਹ ਧਿਆਨ ਰੱਖੋ, ਫੇਰ ਮੈਨੂੰ ਉਹ ਗੱਲ ਕਹਿਣੀ ਪੈਂਦੀ ਹੈ—ਸਿਨੇਮੇ ਵਾਲਿਆਂ ਨੂੰ, ਬਈ, ਕਈ ਆਦਮੀ ਚੋਰੀ ਛਿਪੀ ਜਾਂਦੇ ਰਹੇ ਹਨ, ਜਾਂਦੇ ਹਨ। ਉਹ ਇਹ ਨਾ ਸਮਝਣ, ਬਈ ਏਥੇ ਆ ਕੇ ਰੁਪਏ ਧਰ ਕੇ ਮੱਥਾ ਟੇਕ ਦੇਂਦੇ ਹਨ, ਜੋ ਉਨ੍ਹਾਂ ਨੇ ਦਿੱਤੇ ਹਨ ਤੇ ਉਹਨਾਂ ਦੇ ਵਿਅਰਥ ਜਾਂਦੇ ਹਨ।

ਦੂਸਰੀ ਗੱਲ ਹੈ, ਲੰਗਰ ਦੀ ਸੇਵਾ। ਜਿਹੜਾ ਤੁਹਾਡਾ ਪਦਾਰਥ ਬਚਦਾ ਹੈ, ਪੁੰਨ ਕਰਨ ਵਾਸਤੇ ਉਹ ਸਤਿਗੁਰਾਂ ਦੇ ਲੰਗਰ ਦੀ ਚੀਜ਼ ਹੈ।

ਬਾਬੇ ਸੁੱਧ ਸਿੰਘ ਹੁਰੀਂ ਸਨ, ਉਹ ਮਢੌਰ ਰਹਿੰਦੇ ਸਨ, ਸਤਿਗੁਰਾਂ ਦੇ ਉਹ ਸੂਬੇ ਸਨ। ਸਤਿਗੁਰਾਂ ਦੇ ਨਾਲ ਉਹ ਇੱਕ ਨਹੀਂ ਸਨ ਆਏ। ਇੱਕ ਸਿੱਖ ਅਤਰ ਸਿੰਘ ਸੀ, ਉਸ ਨੂੰ ਪੈਨਸ਼ਨ ਆਉਂਦੀ ਸੀ। ਉਹ ਸਾਰੀ ਉਨ੍ਹਾਂ ਨੂੰ ਦੇਂਦਾ ਰਿਹਾ, ਸਾਰੀ ਉਮਰ। ਬਾਬੇ ਹੁਰੀਂ ਚਲੇ ਗਏ—ਉੱਥੋਂ, ਜਾਂ ਚੜ੍ਹ ਗਏ। ਭੈਣੀ ਸਾਹਿਬ ਜਾ ਕੇ ਉਨ੍ਹੇ ਦੋ ਰੁਪਏ ਦਿੱਤੇ। ਗੁਰੂ ਹਰੀ ਸਿੰਘ ਜੀ ਫੜਕੇ ਰੁਪਈਏ ਦੋ, ਆਖਿਆ,''ਭਾਈ ਅਤਰ ਸਿਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ 'ਚ ਤੇਰੇ ਆਹ ਦੋ ਰੁਪਏ ਪਏ ਹਨ।'' ਲੰਗਰ ਦੀ ਚੀਜ਼ ਤੁਹਾਡੀ ਅਮਾਨਤ ਹੈ, ਸਤਿਗੁਰਾਂ ਦਾ ਲੰਗਰ ਹੈ, ਉਹਨਾਂ ਨੇ ਲੰਗਰ ਚਲਾਇਆ ਹੈ। ਉਨ੍ਹਾਂ ਦਾ ਹੁਕਮ ਹੈ,''ਭਾਈ ਜਿਹੜਾ ਲੰਗਰ 'ਚ ਪਾਵੇਗਾ ਮੇਰੇ ਮੂੰਹ 'ਚ ਪਾਵੇਗਾ।'' ਉਹਨਾਂ ਨੇ ਹੁਕਮ ਦਿੱਤਾ ਹੈ। ਤੁਹਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ। ਘਰ ਘਰ ਵੀ ਸਤਿਗੁਰਾਂ ਦਾ ਲੰਗਰ ਹੈ। ਘਰ ਆਇਆ ਵੀ ਤੁਹਾਡੇ ਭੁੱਖਾ ਨਹੀਂ ਜਾਣਾ ਚਾਹੀਦਾ। ਪਰ ਜਿਹੜੇ ਪੈਸੇ ਤੁਸੀਂ ਕੱਢਦੇ ਹੋ, ਦਸਵੰਧ ਦੇ, ਕਿਸੇ ਤਰ੍ਹਾਂ ਦੇ, ਉਹ ਤੁਹਾਡਾ ਫਰਜ਼ ਹੈ ਕਿ ਉਹ ਲੰਗਰ 'ਚ ਜਾਣ।

## ਗਰੀਬਾਂ ਦੀ ਸੇਵਾ

ਤੀਸਰੀ ਇੱਕ ਹੋਰ ਗੱਲ, ਮੈਂ ਕਹੀ ਤੇ ਸੀ, ਉੱਥੇ ਥੋੜ੍ਹੇ ਜਿਹੇ ਆਦਮੀਆਂ 'ਚ। ਤੁਹਾਨੂੰ ਇੱਕ ਚੀਜ਼ ਚਾਹੀਦੀ ਹੈ, ਕਿ ੧੦੦ ਰੁਪਏ ਪਿੱਛੇ ਇੱਕ ਰੁਪਈਆ, ਜਿਹੜਾ ਤੁਹਾਨੂੰ ਬੱਚਤ ਹੋ ਜਾਏ, ਉਹ ਰੱਖੋ। ਚੰਗਮਈ ਵਾਲੇ ਉੱਥੇ, ਲੰਪਾਂਗ ਵਾਲੇ ਲੰਪਾਂਗ, ਐਥੋਂ ਵਾਲੇ ਏਥੇ। ਉਹ ਦਿਓ ਕਿਸੇ ਨੂੰ ਨਾ। ਉਹ ਮੈਨੂੰ ਵੀ ਨਾ ਦਿਓ। ਜਿਹੜਾ ਸਰੀਰ ਤੁਹਾਡੇ 'ਚੋਂ ਕੋਈ ਕਮਜ਼ੋਰ ਹੁੰਦਾ ਹੈ, ਉਹ ਹੁੰਦਾ ਕਿਸ ਤਰ੍ਹਾਂ ਹੈ—ਕੁਦਰਤੀ। ਉਹ ਸਿਨੇਮੇ ਵੇਖ ਕੇ ਨਹੀਂ ਹੁੰਦਾ, ਉਹ ਦਲਿੱਦਰੀ ਬਣ ਕੇ, ਨਾ ਕੰਮ ਕਰ ਕੇ ਨਹੀਂ ਹੁੰਦਾ—ਕੁਦਰਤ ਨਾਲ ਹੋ ਜਾਂਦਾ ਹੈ। ਇਹ ਉਸਦੀ ਮਦਦ ਕਰਿਆ ਕਰੋ। ਇਹ ਤੁਹਾਡਾ ਫਰਜ਼ ਹੈ। ਉਹ ਪੈਸੇ ਕਿਸੇ ਨੂੰ ਦੇਣ ਦੀ ਲੋੜ ਨਹੀਂ, ਆਪਣੇ ਫੰਡ ਬਣਾ ਛੱਡੋ ਜਿਹੜੇ ਉਹਦੇ 'ਚ ਆ ਜਾਣ। ਜਿਸ ਗਰੀਬ ਦੀ, ਕਿਸੇ

ਦੀ, ਤੁਸੀਂ ੧੦-੨੦-੩੦-੫੦-੧੦੦ ਕਿਸੇ ਦੀ, ਜਿਹਦੀ ੧੦੦੦ ਮਦਦ ਕਰ ਸਕੋ—ਕਰੋ। ਤੁਹਾਡਾ ਇਹ ਫਰਜ਼ ਹੈ। ਗਰੀਬ ਦੀ ਮਦਦ ਕਰਨੀ ਸਤਿਗੁਰਾਂ ਨੇ ਸਭ ਤੋਂ ਵੱਡੀ ਗੱਲ ਕਹੀ ਹੈ। ਏਸ ਗੱਲ ਦਾ ਧਿਆਨ ਰੱਖਣਾ, ਇਹ ਬੜੀ ਜ਼ਰੂਰੀ ਚੀਜ਼ ਹੈ। ਇਹਦੇ ਉੱਤੇ ਇੱਕ ਸਾਖੀ ਮੈਂ ਸੁਣਾ ਦਿਆਂ ਫਿਰ ਅਰਦਾਸ ਕਰਦੇ ਹਾਂ।

ਇਕ ਰਾਜੇ ਨੂੰ ਕੁਸ਼ਟ ਹੋ ਗਿਆ। ਉਹ ਗਿਆ ਸੰਤਾਂ ਕੋਲ। ਸੰਤਾਂ ਉਹਨੂੰ ਆਖਿਆ,''ਤੂੰ ਕੁਛ ਪੁੰਨ ਕਰ।''

ਰਾਜੇ ਨੇ ਬ੍ਰਾਹਮਣ ਬੁਲਾ ਲਏ, ਖਜਾਨੇ ਖੋਲ੍ਹ ਦਿੱਤੇ। ਲੈ ਗਏ ਜਿੰਨਾ ਕੁ ਚੁੱਕਿਆ ਗਿਆ—ਕੁਛ ਨਾ ਫਰਕ ਪਿਆ। ਫਿਰ ਸੰਤਾਂ ਕੋਲ ਗਿਆ। ਫੇਰ ਸੰਤਾਂ ਆਖਿਆ,''ਹੋਰ ਪੁੰਨ ਕਰ।'' ਉਹਨੇ ਹੋਰ ਵੀ ਖੋਲ੍ਹੇ। ਤੀਸਰੀ ਵਾਰ ਗਿਐ—ਨਾ ਕੁਝ ਘਟਿਆ—ਸੰਤਾਂ ਆਖਿਆ,''ਭਾਈ ਤੂੰ ਤਾਂ ਸਗੋਂ ਪਾਪ ਖੜਾ ਕਰ ਲਿਐ। ਜਿਹੜੇ ਤਾਂ ਨਹੀਂ ਆਏ, ਉਹ ਤਾਂ ਕਹਿੰਦੇ ਗਏ—ਅਸੀਂ ਨਹੀਂ ਗਏ, ਉਹ ਦੁਖੀ ਹਨ। ਜਿਹੜੇ ਲੈ ਗਏ, ਉਹ ਕਹਿੰਦੇ—ਅਸੀਂ ਥੋੜਾ ਲੈ ਗਏ ਹਾਂ।''

ਉਹ ਵਿਚਾਰਾ ਘਰ ਆ ਬੈਠਾ। ਅੱਜ ਕੱਲ੍ਹ ਵਰਗਾ ਵੇਲਾ ਹੁੰਦਾ ਤਾਂ ਦਾਅਵਾ ਕਰ ਦਿੰਦਾ—ਸੰਤ ਉੱਤੇ,''ਮੇਰਾ ਘਰ ਉਜਾੜ ਕੇ ਹੁਣ ਮੈਨੂੰ ਕਹਿੰਦੈ, ਮੇਰਾ ਬਣਿਆ ਕੁਝ ਨਹੀਂ।'' ਕੁਦਰਤ ਨਾਲ, ਇੱਕ ਦਿਨ ਰਾਜਾ ਬੱਘੀ ਉੱਤੇ ਚੜ੍ਹਕੇ, ਆਪਣੇ ਸ਼ਹਿਰ ਵਿੱਚ ਫਿਰ ਰਿਹਾ ਸੀ। ਇੱਕ ਮਾਈ ਗਰੀਬਣੀ, ਉਹਨੂੰ ਕਿਤੋਂ ਚਾਰ ਪੈਸੇ ਲੱਭੇ, ਉਹਨੇ ਉਹਨਾਂ ਚਹੁੰ ਪੈਸਿਆਂ ਦੀ, ਸੀਰਨੀ ਲਈ—ਮਠਿਆਈ। ਉਹ ਬੱਚੇ ਦੇ ਹੱਥ ਉੱਤੇ ਧਰੀ। ਉਹ ਚੌਂਕ ਵਿੱਚ ਰਾਜੇ ਦੀ ਬੱਘੀ ਖਲੋਤੀ ਸੀ। ਉਹ ਆਈ ਜੋ ਇੱਲ੍ਹ, ਮਾਰੀ ਉਸਨੇ ਝਪਟ ਤੇ ਬੱਚੇ ਦੇ ਹੱਥੋਂ ਮਠਿਆਈ ਲੈ ਗਈ। ਉਹ ਮਾਂ ਪੁੱਤ ਹੈਰਾਨ ! ਪਰੇਸ਼ਾਨ ! ਕਿਉਂਕਿ ਉਨ੍ਹਾਂ ਨੂੰ ਹੋਰ ਪੈਸੇ ਦੀ ਉਮੀਦ ਹੀ ਨਹੀਂ ਸੀ। ਵੇਲਾ ਆਉਣਾ ਸੀ। ਰਾਜੇ ਦੇ ਦਿਲ ਵਿੱਚ ਆਇਆ, ਵਜ਼ੀਰ ਨੂੰ ਕਹਿੰਦਾ—ਜਾਹ ਇਨ੍ਹਾਂ ਨੂੰ ਸੇਰ ਪੱਕੀਆਂ ਜਲੇਬੀਆਂ ਲਿਆਕੇ ਦੇਹ। ਵਜ਼ੀਰ ਉਤਰਿਆ ਉਨ੍ਹੇ ਲਿਆ ਕੇ ਸੇਰ ਪੱਕੀਆਂ ਜਲੇਬੀਆ ਜਿਸ ਵੇਲੇ ਉਨ੍ਹਾਂ ਦੇ

ਹੱਥਾਂ ਤੇ ਧਰੀਆਂ—ਉਹ ਦੋਵੇਂ ਮਾਂ ਪੁੱਤ ਬਾਗ਼-ਬਾਗ਼ ਹੋਏ, ਰਾਜੇ ਦੇ ਹੱਥ ਪੈਰ ਸਾਬਤ ਹੋ ਗਏ, ਗਰੀਬ ਦੀ ਸੇਵਾ ਕੀਤੀ। ਇਹ ਬੜੀ ਜ਼ਰੂਰੀ ਗੱਲ ਹੈ, ਜਿਹਨੂੰ ਕੋਈ ਨਾ ਪੁੱਛੇ, ਜਿਹਨੂੰ ਕੋਈ ਨਾ ਦੇਵੇ, ਉਹਨੂੰ ਜਿਹੜਾ ਧਨ ਪਦਾਰਥ, ਜਿਹੜੀ ਉਹਦੀ ਸੇਵਾ ਕਰਨੀ ਹੈ, ਅਪਾਹਜ ਦੀ, ਇਸ ਤੋਂ ਵੱਡਾ ਕੋਈ ਪੁੰਨ ਨਹੀਂ ਹੈ। ਸਤਿਗੁਰਾਂ ਨੇ ਕਿਹਾ,''ਬਈ ਨਿੰਦਿਆ ਕਰਨ ਵਾਲੇ ਦੀ ਵੀ ਤੁਸੀਂ ਸੇਵਾ ਕਰਨੀ।''

ਸੋ ਇਹ ਕਹਿਕੇ ਹੁਣ ਸਮਾਪਤੀ ਹੈ। ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ, ਸਮਾਂ ਭਿਆਨਕ ਆ ਰਿਹਾ ਹੈ, ਬਚਣ ਦੀ ਕੋਸ਼ਿਸ਼ ਕਰੋ।

**ਹੇ ਅਚੁਤ[੧੦] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੧੧]।।**
**ਹੇ ਪੂਰਨ ਹੇ ਸਰਬ[੧੨] ਮੈ ਦੂਖ ਭੰਜਨ[੧੩] ਗੁਣਤਾਸ[੧੪]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੧੫] ਸਭ ਟੇਕ[੧੬]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੧੭]।।**
**ਹੇ ਅਪਰੰਪਰ[੧੮] ਹਰਿ ਹਰੇ ਹਹਿ[੧੯] ਭੀ ਹੋਵਨਹਾਰ[੨੦]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੨੧] ਆਧਾਰ।।**
**ਹੇ ਠਾਕੁਰ ਹਉ ਦਾਸਰੋ[੨੨] ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।**

*- ਪੰਨਾ-੨੬੧*

**- ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ,**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸ਼ਬਦਾਰਥ

੧. ਸ਼ੁਭ ਗੁਣ ਰੂਪੀ ਰਤਨ।
੨. ਆਪਣਾ ਆਪ ਪ੍ਰਗਟ ਕਰਕੇ।
੩. ਗਰਦਨ।
੪. ਖੋਟੀ ਬੁੱਧੀ ਗਵਾ ਕੇ।
੫. ਵਿਛੋੜਾ।
੬. ਸੂਰਮੇ।
੭. ਥਾਂ।
੮. ਵਧਾ ਦਿੱਤਾ।
੯. ਇਸਤਰੀ।
੧੦. ਅਟੱਲ, ਨਾ ਡੋਲਨ ਵਾਲਾ।
੧੧. ਪਾਪਾਂ ਨੂੰ ਨਾਸ ਕਰਨ ਵਾਲਾ।
੧੨. ਸਰਬ ਰੂਪ।
੧੩. ਦੁੱਖਾਂ ਦਾ ਨਾਸ।
੧੪. ਗੁਣਾਂ ਦਾ ਭੰਡਾਰ।
੧੫. ਤਿੰਨਾ ਗੁਣਾਂ ਤੋਂ ਨਿਰਲੇਪ।
੧੬. ਆਸਰੇ।
੧੭. ਗਿਆਨ, ਪ੍ਰਕਾਸ਼।
੧੮. ਪਾਰਾਵਾਰ ਤੋਂ ਪਰੇ।
੧੯. ਹੈ ਹੁਣ।
੨੦. ਅਗੇ ਨੂੰ ਵੀ ਹੋਣ ਵਾਲਾ।
੨੧. ਨਿਰ ਆਸਰੇ।
੨੨. ਦਾਸ।

ਬੈਂਕੋਕ ੨੬-੬-੧੯੫੩

# ਬੈਂਕੋਕ ੯-੨-੧੯੫੪

**– ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਕਾਲ ਕਰਾਲ[੧] ਕਲੂ ਮਧ ਭਾਵ ਪਖੰਡ ਕਰੇ ਬਿਖ ਪ੍ਰੀਤ ਕਟੋਰਾ।* ★[੧]
*ਬੇਖਹਿ ਪੰਚਨ[੨] ਰਾਚਤ ਬੰਚਨ[੩] ਪ੍ਰੇਮ ਸੁ ਰੰਚਨ ਕੰਚਨ ਛੋਰਾ[੪]।*
*ਤੋਰਤ ਮੰਚਨ ਬੋਲਤ ਟੰਚਨ[੫] ਦੌਲਤ ਸੰਚਨ[੬] ਮੇਂ ਮਨ ਜੋਰਾ।*
*ਰਾਮ ਮ੍ਰਿਗਿੰਦ ਗੁਰੂ ਕ੍ਰਿਪਾ ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ[੭] ।।੨।।*
*ਦੀਹ ਪ੍ਰਤਾਪ ਜਪਾਇ ਸੁ ਜਾਪ ਹਟਾਇ ਸੁ ਤਾਪ ਜਿਤੇ ਜਗ ਘੋਰਾ।*
*ਵਾਕ ਅਲਾਪ ਕਿ ਸੂਬਨ ਥਾਪ ਅਧ੍ਰੰਮ ਕੋ ਖਾਪ[੮] ਧਰੰਮ ਢੰਢੋਰਾ।*
*ਬੁਚੜ ਹਾਨ ਗ੍ਰੀਬ ਗਊਆਨ ਬਿਤਾਨ ਤਨੇ ਕਲਿਆਨ ਸੁ ਜੋਰਾ।*
*ਸੂਖਨ ਖਾਨਿ ਪ੍ਰਕਾਸਕ ਭਾਨ ਸੁ ਰਾਮ ਮ੍ਰਿਗੇਸ ਧਿਆਨ ਨਮੋਂਰਾ[੯]।।੩।।*

## ਮੰਗਲਾ ਚਰਨ ਸਤਿਗੁਰੂ ਰਾਮ ਸਿੰਘ ਜੀ

ਕੱਲ੍ਹ ਸਤਿਗੁਰਾਂ ਦਾ ਮੰਗਲ ਸ਼ੁਰੂ ਕੀਤਾ ਸੀ, ਤੇ ਮੈਂ ਏਨੀ ਅਰਜ਼ ਕੀਤੀ ਸੀ ਕਿ ਜਦੋਂ ਵੀ ਦੁਨੀਆਂ ਉੱਤੇ ਪਾਪ ਵਧਦਾ ਹੈ, ਓਦੋਂ ਅਕਾਲ ਪੁਰਖ ਕਿਸੇ ਰੂਪ ਵਿੱਚ ਆਉਂਦਾ ਹੈ। ਏਥੇ ਸੰਤ ਜੀ ਨੇ ਸਤਿਗੁਰਾਂ ਦੇ ਮੰਗਲ ਦੇ ਦੋ ਤਿੰਨ ਸਵੱਯੇ ਲਿਖੇ ਹਨ। ਕੱਲ੍ਹ ਪਹਿਲਾ ਸਵੱਯਾ ਮੰਗਲ ਦਾ ਸੀ। ਹੁਣ ਅਗਲੇ ਸਵੱਯੇ 'ਚ ਕੀ ਕਹਿੰਦੇ ਹਨ—ਸੰਤ ਜੀ।

*ਕਾਲ ਕਰਾਲ ਕਲੂ ਮਧ ਭਾਵ,*

ਕਲਜੁਗ ਦੇ ਭਿਆਨਕ ਭਾਵ ਹਨ। ਕਲਜੁਗ ਦੇ, ਕਲੂ ਦੇ, ਕਾਲ—ਸਮੇਂ ਦੇ, ਕਰਾਲ—ਬਿਕਰਾਲ ਭਾਵ ਹਨ ਜਿਹੜੇ ਭਿਆਨਕ ਹਨ।

*ਪਖੰਡ ਕਰੇ ਬਿਖ ਪ੍ਰੀਤ ਕਟੋਰਾ।*

ਹੁਣ ਪਖੰਡ ਬਹੁਤਾ ਵਧ ਗਿਐ। ਪਖੰਡ ਕਰਨ ਵਾਲੇ ਕਟੋਰਾ ਵਿਹੁ ਦਾ ਭਰ ਕੇ ਪੀਂਦੇ ਹਨ। ਦੇਖਣ ਵਿੱਚ ਮਲੂਮ ਨਹੀਂ ਹੁੰਦਾ, ਵਿਸ਼ਿਆਂ ਦਾ ਕਟੋਰਾ, ਵਿਹੁ ਦਾ ਕਟੋਰਾ। ਜਿਸ ਵੇਲੇ ਟਿੱਬਿਆਂ ਉੱਤੇ ਪਾਣੀ ਚੜ੍ਹ ਜਾਏ ਤੇ ਫੇਰ ਨੀਵੇਂ ਥਾਂ ਵਾਲੇ ਤਾਂ ਡੁੱਬ ਕੇ ਆਪੇ ਹੀ ਮਰਦੇ ਹਨ। ਅੱਜ ਸੰਤ, ਮਹਾਤਮਾ ਜਿਨ੍ਹਾਂ ਨੂੰ ਲੋਕ ਕਹਿੰਦੇ ਹਨ, ਉਨ੍ਹਾਂ ਦੇ ਰੂਪ ਵਿੱਚ ਬਹੁਤ ਸਾਰੇ ਸੰਤ ਭੀ ਹੈਨ, ਬਹੁਤ ਸਾਰੇ ਆਦਮੀ ਉਸ ਰੂਪ ਵਿਚ ਬਣਕੇ—ਕਿਉਂਕਿ ਪਖੰਡੀ ਨੂੰ ਪਖੰਡ ਕਰਦੇ ਨੂੰ ਤਾਂ ਦੇਖ ਕੇ ਨਹੀਂ ਨ ਕੋਈ ਨੇੜੇ ਲੱਗਦਾ। ਉਹ ਇਹ ਰੂਪ ਧਾਰਦੇ ਹਨ। ਉਹ ਪਖੰਡਾਂ ਰੂਪੀ ਵਿਹੁ ਦਾ ਕਟੋਰਾ ਭਰ ਕੇ ਪੀਂਦੇ ਹਨ।

*ਬੇਖਹਿ ਪੰਚਨ ਰਾਚਤ ਬੰਚਨ,*

ਕੀ ਕਹਿੰਦੇ ਨੇ ਸੰਤ ਜੀ—*ਬੇਖਹਿ ਪੰਚਨ*—ਵੇਸ ਤਾਂ ਉਨ੍ਹਾਂ ਦਾ ਪੰਚਾਂ ਵਰਗਾ ਹੈ, ਚੰਗਿਆਂ ਆਦਮੀਆਂ ਵਰਗਾ, ਵੱਡੇ-ਵੱਡੇ ਆਦਮੀਆਂ ਵਰਗਾ। ਦੇਖਣ ਵਿੱਚ ਤਾਂ ਉਹ ਪੰਚ ਮਲੂਮ ਹੁੰਦੇ ਹਨ, ਬਈ, ਬੜੇ ਧਰਮਾਤਮਾ ਹਨ, ਜਾਂ ਬੜੇ ਭਲੇ ਮਾਨਸ ਆਦਮੀ ਹਨ।

*ਰਾਚਤ ਬੰਚਨ*—ਰਚੇ ਹੋਏ ਕਾਹਦੇ 'ਚ ਹਨ—ਬੰਚ ਵਿੱਚ, ਠੱਗੀਆਂ ਵਿੱਚ। ਸਾਡਾ ਆਪਣਾ ਇਹੋ ਹਾਲ ਹੈ ਅਸੀਂ ਕਿਸੇ ਨੂੰ ਕੀ ਆਖੀਏ। ਦੇਖਣ ਮਾਤਰ ਸਿੱਖ ਕਹਾ ਕੇ, ਕਹਿਣ ਮਾਤਰ ਦੇ ਸਿੱਖ ਬਣ ਕੇ, ਅਸੀਂ ਵੀ ਠੱਗੀ ਕਰ ਲੈਨੇ ਹਾਂ ਕਿਸੇ ਦੂਏ ਨਾਲ, ਧੋਖਾ ਦੇ ਲੈਨੇ ਹਾਂ, ਝੂਠ ਬੋਲ ਲੈਨੇ ਹਾਂ। ਮੁਸਲਮਾਨ, ਮੁਗਲਾਂ ਦੇ ਰਾਜ ਵਿੱਚ ਜਿਹੜੇ ਸਿੱਖ ਸਨ, ਉਹਨਾਂ (ਸਿੱਖਾਂ) ਨੂੰ ਉਹਨਾਂ ਨੇ (ਮੁਸਲਮਾਨਾਂ) ਐਸੇ ਬੁਰੇ ਲਫਜ਼ਾਂ ਨਾਲ ਵਰਤਿਆ, ਕਿਹਾ—'ਸੱਗ'। ਸੱਗ ਕਹਿੰਦੇ ਹਨ ਕੁੱਤੇ ਨੂੰ ਫਾਰਸੀ ਵਿੱਚ। ਫਾਰਸੀ ਦੇ ਸ਼ਬਦਾਂ 'ਚ ਉਹਨਾਂ ਨੇ ਕਿਹਾ ਹੈ ਕਿ ਜਿਹੜੇ ਸੱਗ ਹਨ—ਕਹਿਣਾ ਤੇ ਇਹ

ਲਫਜ਼—ਇਹ ਕਿਸੇ ਦੀ ਬੁੱਢੀ, ਜਨਾਨੀ, ਧੀ, ਭੈਣ-ਵੱਲ ਨਹੀਂ ਝਾਕਦੇ। ਕਹਿਣਾ ਇਹ ਲਫਜ਼, ਪਰ ਕਹਿਣਾ ਇਹ। ਉਹਨਾਂ ਸਿੱਖਾਂ ਵਿਚ ਸਿਫਤ ਸੀ ਭੀ, ਸਿੱਖ ਝੂਠ ਨਹੀਂ ਸਨ ਬੋਲਦੇ, ਧੋਖਾ ਨਹੀਂ ਸਨ ਕਰਦੇ। ਲਿਖਿਆ ਸੱਗ ਪਰ ਲਿਖਿਆ ਇਹਨਾਂ 'ਚ ਇਹ ਗੁਣ ਹਨ, ਇਹ ਇਕੱਲੇ ਨਹੀਂ ਖਾਂਦੇ।

ਓਦੂੰ ਬਾਅਦ ਸਿੱਖ ਰਾਜ ਆਇਆ। ਸਿੱਖ ਰਾਜ ਵਿੱਚ—ਮੈਂ ਕੱਲ੍ਹ ਅਰਜ਼ ਜਿਹੜੀ ਕੀਤੀ ਸੀ—ਸਿੱਖਾਂ ਦੀਆਂ ਸ਼ਕਲਾਂ ਵਿਗੜੀਆਂ, ਸਿੱਖਾਂ ਦਾ ਖਾਣ-ਪੀਣ ਵਿਗੜਿਆ। ਸਿੱਖ ਵਿਗੜਦੇ-ਵਿਗੜਦੇ ਗਲ ਗਏ। ਸਿੱਖ ਰਾਜ ਖਤਮ ਹੋ ਗਿਆ। ਸਿੱਖ ਰਾਜ ਖਤਮ ਹੋਣ ਤੋਂ ਬਾਅਦ ਜਿਹੜੀ ਸਿੱਖਾਂ ਦੀ ਹਾਲਤ ਸੀ, ਭਾਈ ਗਿਆਨ ਸਿੰਘ ਗਿਆਨੀ ਨੇ ਉਸ ਨੂੰ ਚੰਗੀ ਤਰ੍ਹਾਂ ਲਿਖਿਐ, ਕਿ ਜ਼ਮਾਨੇ ਦੇ ਬਦਲ ਸਦਲ ਵਿੱਚ-

*ਨਿਜ ਤਿਯਾ ਤਜ ਕੁਲਟਾ ਬਿਭਚਾਰਨ ਮੁੰਡਿਓਂ ਸੰਗ ਰਮੈ ਹੈਂ ਜੇ।*
*ਤਿਨ ਕੇ ਸੰਗੀ ਬਾਦ ਫਿਰੰਗੀ ਬਹੁਤ ਨਮਰਦ ਥਵੈਂ ਹੈਂ ਜੇ।*
*ਸਿੰਘ ਸੁਨਿਹਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ।*
*ਸਰਮ ਹਿਆਉ ਸੁਕਰਮ ਧਰਮ ਤਜ ਪੈ ਕੁਕਰਮ ਮੈ ਸੋਊ ਮਰੈਂ।*

## ਸੁਰ ਤੇ ਅਸੁਰ

ਸਿੱਖ ਭਜਨ ਛੱਡ ਗਏ; ਇਸ਼ਨਾਨ ਛੱਡ ਗਏ; ਬਾਣੀ ਛੱਡ ਗਏ। ਗੁਰਮੁਖਿ ਸ਼ਬਦ ਮਹਾਰਾਜ ਨੇ ਲਿਖਿਆ ਹੈ। ਗੁਰਮੁਖਿ ਕੀਹਦਾ ਨਾਓਂ ਹੈ, ਜਿਹੜਾ-

**ਗੁਰਮੁਖਿ ਨਾਮੁ ਦਾਨੁ ਇਸਨਾਨੁ॥**

*- ਰਾਮਕਲੀ ਮ:੧, ਪੰਨਾ-੯੪੨*

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ-

**ਸਾਧ ਕਰਮ[10] ਜੇ ਪੁਰਖ ਕਮਾਵੈ॥**
**ਨਾਮ ਦੇਵਤਾ ਜਗਤ ਕਹਾਵੈ॥**

ਕੋਈ ਸਿੰਗਾਂ ਵਾਲੇ ਦੈਂਤ ਨਹੀਂ।

*ਅਸੁਰ ਭਿਭੀਖਣੁ ਭਗਤੁ ਹੈ,*

*– ਵਾਰ-੨੫, ਪਉੜੀ-੫*

ਰਾਕਸ਼ ਹੈ ਰਾਵਣ, ਪੰਡਤ ਹੁੰਦਾ ਹੋਇਆ, ਚਾਰ ਵੇਦ ਦਾ ਵਕਤਾ ਔਰ ਪੰਡਤ ਨੇ, ਰਾਵਣ ਨੇ ਭਾਸ਼ ਬਣਾਇਆ, ਟੀਕਾ ਕੀਤਾ ਵੇਦਾਂ ਦਾ ਜਿਹੜਾ ਅੱਜ ਕੱਲ ਪੰਡਤ ਲੋਕ ਵੇਦ ਪੜ੍ਹ ਲੈਣ ਪਰ ਇਸ ਟੀਕੇ ਦੀ ਸਮਝ ਨਹੀਂ ਆਉਂਦੀ। ਏਡਾ ਵਿਦਵਾਨ ਸੀ, ਪਰ ਰਾਕਸ਼ ਕਿਉਂ ਬਣਿਆ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਕੁਕ੍ਰਿਤ ਕਰਮ[11] ਜੇ ਜਗ ਮੈ ਕਰਹੀ।।**

ਇੱਕ ਹੈ ਕਿਰਤ—ਇੱਕ ਹੈ ਕੁਕਿਰਤ–

**ਨਾਮ ਅਸੁਰ ਤਿਨ ਕੋ ਸਭ ਧਰਹੀ।।**

*– ਦਸਮ ਗ੍ਰੰਥ, ਪੰਨਾ-੪੯*

ਇੱਕ ਸੁਰ, ਇੱਕ ਅਸੁਰ। ਸੁਰ ਹੋਏ ਹੋਏ ਸਾਜ ਨਾਲ ਰਲੀ ਹੋਈ ਸੁਰ ਸੁਆਦ ਦਿੰਦੀ ਹੈ। ਜੇ ਅਸੁਰ ਹੋਵੇ, ਵਾਜਾ ਕਿਧਰੇ ਬੋਲੇ, ਜੋੜੀ ਕਿਧਰੇ, ਗਾਉਣ ਵਾਲਾ ਕਿਧਰੇ ਬੋਲੇ, ਬੇਸੁਆਦੀ ਹੋ ਜਾਂਦੀ ਹੈ। ਫਿਰ ਕਹਿੰਦੇ ਨੇ ਫਲਾਣੇ ਦੇ ਘਰ ਵਿੱਚ ਸੁਰ ਹੈ—ਪਿਤਾ ਦੇ ਆਖੇ ਪੁੱਤਰ ਲੱਗਦੇ ਹਨ, ਭਰਾ ਲੱਗਦੇ ਹਨ, ਮਾਈ ਦਾ ਬਚਨ ਮੰਨਦੇ ਹਨ—ਉਨ੍ਹਾਂ ਦੇ ਘਰ ਦਾ ਬੜਾ ਸੁਰ ਹੈ। ਜਿਨ੍ਹਾਂ ਦੇ ਘਰ ਦਾ ਸੁਰ ਹੈ—ਉਹ ਸੁਰ ਹਨ, ਉਹ ਦੇਵਤੇ ਹਨ ਤੇ ਜਿੱਥੇ ਮਾਂ ਦਾ ਹੋਰ ਰਾਹ, ਪਿਓ ਦਾ ਹੋਰ ਰਾਹ, ਪੁੱਤਰ ਦਾ ਹੋਰ ਰਾਹ, ਭਰਾ ਦਾ ਹੋਰ ਰਾਹ—ਉੱਥੇ ਕਦੇ ਘਰ ਨਹੀਂ ਵੱਸਦਾ।

**ਨਾਮ ਅਸੁਰ ਤਿਨ ਕੋ ਸਭ ਧਰਹੀ।।**

ਕੁਕ੍ਰਿਤ ਕਰਮ ਕਰਨੇ—ਕਿਸੇ ਦਾ ਖੋਹ ਲੈਣਾ, ਕਿਸੇ ਦਾ ਠੱਗ ਲੈਣਾ, ਕਿਸੇ ਦਾ ਗਲ ਘੁੱਟ ਦੇਣਾ, ਕਿਸੇ ਨੂੰ ਮਾਰਨਾ, ਖਾਣਾ—ਇਹ ਅਸੁਰਾਂ ਦੇ ਕੰਮ ਹਨ। ਸਾਹਿਬ ਜਪੁ ਸਾਹਿਬ ਦੇ ਵਿੱਚ ਸਤ੍ਹਾਰਵੀਂ ਤੇ ਅਠ੍ਹਾਰਵੀਂ ਪਉੜੀ ਵਿੱਚ ਦੱਸਦੇ ਹਨ, ਪਹਿਲੀ ਪਉੜੀ ਵਿੱਚ ਦੱਸਿਆ ਹੈ–

**ਅਸੰਖ ਜਪ ਅਸੰਖ ਭਾਉ[12]।।**
**ਅਸੰਖ ਪੂਜਾ ਅਸੰਖ ਤਪ ਤਾਉ[13]।।**

**ਅਸੰਖ ਗਰੰਥ ਮੁਖਿ ਵੇਦ ਪਾਠ।।**
**ਅਸੰਖ ਜੋਗ[੧੪] ਮਨਿ ਰਹਹਿ ਉਦਾਸ।।**
**ਅਸੰਖ ਭਗਤ ਗੁਣ ਗਿਆਨ ਵੀਚਾਰ।।**
**ਅਸੰਖ ਸਤੀ[੧੫] ਅਸੰਖ ਦਾਤਾਰ।।**
**ਅਸੰਖ ਸੂਰ ਮੁਹ[੧੬] ਭਖ[੧੭] ਸਾਰ[੧੮]।।**
**ਅਸੰਖ ਮੋਨਿ[੧੯] ਲਿਵ[੨੦] ਲਾਇ ਤਾਰ[੨੧]।।**
**ਕੁਦਰਤਿ ਕਵਣ ਕਹਾ ਵੀਚਾਰੁ।।**
**ਵਾਰਿਆ ਨ ਜਾਵਾ ਏਕ ਵਾਰ।।**
**ਜੋ ਤੁਧੁ ਭਾਵੈ ਸਾਈ ਭਲੀ ਕਾਰ।।**
**ਤੂ ਸਦਾ ਸਲਾਮਤਿ ਨਿਰੰਕਾਰ।।੨੧।।**

ਹੁਣ ਅਗਲੀ ਪਉੜੀ ਵਿਚ ਕਹਿੰਦੇ ਹਨ-

**ਅਸੰਖ ਮੂਰਖ ਅੰਧ ਘੋਰ[੨੨]।।**
**ਅਸੰਖ ਚੋਰ ਹਰਾਮ[੨੩] ਖੋਰ[੨੪]।।**
**ਅਸੰਖ ਅਮਰ ਕਰਿ ਜਾਹਿ ਜੋਰ।।**

ਇਹ ਸਾਡੀ ਉਹ ਬਾਣੀ ਹੈ ਜਿਸ ਤੋਂ ਕੋਈ ਵੀ ਮੁੱਕਰਦਾ ਨਹੀਂ ਔਰ ਸਾਰੇ ਗੁਰੂ ਨਾਨਕ ਦੇਵ ਨੂੰ ਮੰਨਣ ਵਾਲੇ ਇਹਨੂੰ ਪੜ੍ਹਦੇ ਹਨ, ਸਾਰੇ ਇਹਨੂੰ ਮੁੱਖ ਸਮਝਦੇ ਹਨ।

**ਅਸੰਖ ਗਲਵਢ ਹਤਿਆ[੨੫] ਕਮਾਹਿ।।**
**ਅਸੰਖ ਪਾਪੀ ਪਾਪੁ ਕਰਿ ਜਾਹਿ।।**
**ਅਸੰਖ ਕੂੜਿਆਰ[੨੬] ਕੂੜੇ ਫਿਰਾਹਿ[੨੭]।।**
**ਅਸੰਖ ਮਲੇਛ[੨੮] ਮਲੁ[੨੯] ਭਖਿ[੩੦] ਖਾਹਿ।।**
**ਅਸੰਖ ਨਿੰਦਕ ਸਿਰਿ ਕਰਹਿ ਭਾਰੁ।।**
**ਨਾਨਕੁ ਨੀਚੁ ਕਹੈ ਵੀਚਾਰੁ।।**

ਉਹਦੇ 'ਚ ਭਗਤਾਂ, ਸੰਤਾਂ ਦਾ ਵਰਣਨ ਆ ਗਿਆ, ਏਹਦੇ 'ਚ ਉਨ੍ਹਾਂ ਲੋਕਾਂ ਦਾ ਆ ਗਿਆ ਜਿਨ੍ਹਾਂ ਨੂੰ ਮਲੇਛ ਕਿਹਾ ਜਾਂਦਾ ਹੈ। ਤਾਂ, ਜੋ ਪੁਰਸ਼ ਮਲੇਛ ਕਰਮ ਕਰਦਾ ਹੈ—ਗੁਰੂ ਗੋਬਿੰਦ ਸਿੰਘ ਜੀ ਦੇ ਕਥਨ

ਅਨੁਸਾਰ—**ਨਾਮ ਅਸੁਰ ਤਿਨ ਕੋ ਸਭ ਧਰਹੀ।** ਉਨ੍ਹਾਂ ਦਾ ਨਾਮ ਅਸੁਰ ਹੋ ਗਿਆ ਤੇ ਇਹ ਹਾਲਤ ਸਿੱਖਾਂ ਦੀ ਹੋ ਗਈ। ਸਿੱਖਾਂ ਭਜਨ ਬਾਣੀ ਛੱਡ ਦਿੱਤਾ; ਸਿੱਖਾਂ ਕੰਜਰੀਆਂ ਰੱਖ ਲਈਆਂ; ਔਰਤਾਂ ਛੱਡ ਦਿੱਤੀਆਂ; ਮੁੰਡੇ ਰੱਖ ਲਏ, ਕੰਜਰੀਆਂ ਦੇ ਜਾਣ ਲੱਗ ਪਏ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਹੀ ਸੌ ਸਾਖੀ 'ਚ ਲਿਖ ਗਏ ਸੀ–

*ਗਣਕਾ ਮੁਸਲੀ ਸੇਵਹਿ ਸਰਦਾਰ।*
*ਤਿਨ ਘਰ ਜਨਮਹਿ ਕੌਮ ਗੁਆਰ।*

ਸਰਦਾਰ ਕੰਜਰੀਆਂ, ਮੁਸਲੀਆਂ ਸੇਵਣਗੇ। ਉਨ੍ਹਾਂ ਦੇ ਘਰ ਜੰਮਣਗੇ ਕਾਮੇ, ਕਿਉਂਕਿ ਉਹ ਵੀ ਤੇ ਵਿਚਾਰੀਆਂ ਨਹੀਂ ਨ ਬਚ ਸਕਦੀਆਂ ਜਿਹੜੇ ਕਾਮੇ ਰਹਿੰਦੇ ਹਨ, ਉਹ ਉਹਨਾਂ ਨਾਲ ਖਰਾਬ ਹੋਣਗੇ। ਤਾਂਹੀ ਸਰਦਾਰਾਂ ਦੇ ਪੁੱਤ ਕੁਕਰਮਾਂ 'ਚ ਲੱਗ ਗਏ—ਨਸਲ ਤਾਂ ਨਾ ਨ ਰਹੀ।

## ਅਨੰਤ ਕਲਾਂ ਦਾ ਮਾਲਕ

ਉਸ ਹਾਲਤ ਵਿਚ ਸਤਿਗੁਰੂ ਰਾਮ ਸਿੰਘ ਸਾਹਿਬ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਹੋਇਆ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਕਰਨੀ ਨਾਮੇ ਵਿੱਚ ਲਿਖਿਆ ਸੀ–

*ਬਚਨ ਪਾਲ ਨਹੀਂ ਸਕਣਗੇ, ਬਹੁਤ ਖਾਣਗੇ ਗਮ।*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

*ਅਬ ਤੁਮ ਮੇਰੇ ਬਚਨ ਕੀ, ਨਹਿ ਮਾਨੋ ਪਰਤੀਤ।*
*ਤਬ ਹੀ ਤੁਮਸੋ ਹੋਇਗੀ, ਅਨਕ ਭਾਂਤ ਯਿਹ ਰੀਤਿ।*
*ਸੇਰ ਸੇਰ ਆਟੇ ਕੇ ਪਾਗੇ, ਭਾਗੇ ਫਿਰੋ ਤੁਰਕਨ ਕੇ ਆਗੇ।*
*– ਜਬ ਲੱਗ ਰਹੈ ਖ਼ਾਲਸਾ ਨਿਆਰਾ।*
*ਤਬ ਲੱਗ ਤੇਜ ਦੀਓ ਮੁਹਿ ਸਾਰਾ।*
*ਜਬੈ ਖਾਲਸਾ ਰਲ ਮਿਲ ਜੈ ਹੈ।*
*ਧਰਮ ਕਾ ਤੇਜ ਛੀਨ ਸਭ ਹੁਐ ਹੈ।*

ਖਾਲਸਾ ਸ਼ਬਦ ਹੀ ਖਾਲਸ ਦਾ ਨਾਂਓ ਹੈ, ਜਿਹਦੇ 'ਚ ਕੋਈ

ਮਿਲਾਵਟ ਨਾ ਹੋਵੇ। ਹੋਈ ਹਾਲਤ। ਲਿਖਿਆ ਸੀ—*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗਮ।*

*ਮੈਂ ਫੇਰ ਕਰੂੰਗਾ ਖਾਲਸਾ।*

ਦੂਸਰੀ ਵਾਰ ਖਾਲਸਾ ਪੈਦਾ ਕਰਾਂਗਾ।

*ਸਵੈਤ ਸਿੰਘ ਧਰ ਰੂਪ ਦਿਖਾਵੈ।*

ਚਿਟੇ ਬਸਤ੍ਰਾਂ ਵਾਲੇ ਹੋਣਗੇ।

*ਦਾਮਨ ਗਰਜ ਸਬਦ ਮੁਖੋਂ ਗਾਵੈ।*

*– ਗੁਰਿੰਡ ਨਾਮਾ, ਪਾ:੧੦*

ਉਹ ਸਮਾਂ ਆਇਆ। ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ—ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦਿੱਤਾ ਔਰ ਕਿਹਾ ਕਿ,''ਮੇਰਾ ਅਵਤਾਰ ਰਾਮ ਸਿੰਘ ਹੋਵੇਗਾ।''

*ਐਪੈ ਗੁਰੁ ਦਸਮ ਦਰਸ ਦੈ ਜੋ ਕਹਿਓ ਤਾਹਿ,*
*ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।*
*ਯਾਂਹਿ ਹੇਤ ਤਾਂਹਿ ਨਾਂਹਿ ਔਰ ਕਾਂਹਿ ਮਾਂਹਿ ਨਿਜ,*
*ਸ਼ਕਤਿ ਰਖਾਈ ਗੁਰ ਵਾਕ ਦਿਢ ਥੇ ਧਰੇ।*

*– ਪੰਥ ਪ੍ਰਕਾਸ਼*

ਜਿਹੜੀ ਸ਼ਕਤੀ ਸੀ ਹੋਰ ਕਿਸੇ 'ਚ ਨਾ ਰੱਖੀ। ਕਿਉਂ—ਗੁਰੂ ਦਾ ਹੁਕਮ ਸੀ—ਗੁਰੂ ਗੋਬਿੰਦ ਸਿੰਘ ਦਾ,''ਮੇਰਾ ਰੂਪ ਹੋਣਗੇ, ਠਾਕੁਰ ਆਉਣਗੇ, ਉਹ ਲੈਣਗੇ ਆਪਣੀ ਅਮਾਨਤ ਆ ਕੇ।'' ਨਾਮਧਾਰੀ ਸਿੱਖਾਂ ਵਿੱਚ ਇਹ ਮਸ਼ਹੂਰ ਗੱਲ ਹੈ—ਗੁਰੂ ਬਾਲਕ ਸਿੰਘ ਜੀ ਨੂੰ ਬਾਬਾ ਬਾਲਕ ਸਿੰਘ ਜੀ ਕਹਿ ਕੇ ਬਹੁਤ ਅਰਦਾਸ ਕਰਦੇ ਰਹੇ, ਅਜੇ ਵੀ ਕੋਈ ਕੋਈ ਕਰਦੇ ਹਨ। ਗੁਰੂ ਨਾਨਕ ਦੇ ਚੋਲਾ ਉਹਲੇ ਕਰਨ ਵੇਲੇ—ਕਿਉਂਕਿ ਗੁਰੂ ਮਰਦਾ ਜੰਮਦਾ ਨਹੀਂ, ਇਹ ਮੈਂ ਅੱਗੇ ਵੀ ਅਰਜ਼ ਕੀਤੀ ਹੈ, ਉਹ ਮੌਜ ਦਾ ਮਾਲਕ ਹੈ, ਉਹ ਖੇਡ ਕਰਦਾ ਹੈ—ਉਸ ਵੇਲੇ ਬਾਲੇ ਨੇ ਆਖਿਆ,''ਬਈ ਮੈਨੂੰ ਤੁਸੀਂ ਕੁਛ ਨਾ ਦਿੱਤਾ, ਅੰਗਦ ਨੂੰ ਗੁਰਿਆਈ ਦੇ ਦਿੱਤੀ।''

ਉਨ੍ਹਾਂ (ਗੁਰੂ ਨਾਨਕ ਦੇਵ ਜੀ) ਆਖਿਆ,''ਤੈਨੂੰ ਵੀ ਭੁਗਾਵਾਂਗੇ।''

ਉਹ ਬਾਲਕ ਸਿੰਘ ਦੇ ਨਾਮ ਤੇ ਭੁਗਾਈ ਬਾਲੇ ਨੂੰ ਔਰ ਕਿਹਾ—ਠਾਕੁਰ ਜੀ ਆਉਣਗੇ। ਸਤਿਗੁਰ ਜਿਸ ਵੇਲੇ ਗਏ, ਗੁਰੂ ਬਾਲਕ ਸਿੰਘ ਜੀ ਪਾਠ ਕਰ ਰਹੇ ਸੀ, ਉੱਥੇ ਸ਼ਬਦ ਆਇਆ ਸੀ–

**ਠਾਕੁਰ ਤੁਮ ਸਰਣਾਈ ਆਇਆ।।**

*– ਸਾਰੰਗ ਮ:੫, ਪੰਨਾ–੧੨੧੮*

ਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਕੇ ਉਠ ਖਲੋਤੇ ਗੁਰੂ ਬਾਲਕ ਸਿੰਘ ਜੀ ਤਾਬਿਆ ਤੋਂ। ਉਠਕੇ, ਆ ਕੇ, ਮਿਲਕੇ ਆਂਹਦੇ ਨੇ,''ਆਓ ਠਾਕੁਰੋ।''

ਠਾਕੁਰ ਸ਼ਬਦ ਜਿਹੜਾ ਹੈ—ਇੱਕ ਤਾਂ ਇਹ ਪਾਠੀਆਂ ਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਕਕਾ ਔਂਕੜ ਬਗੈਰ ਕਿਤੇ ਵੀ ਸਾਰੇ ਗ੍ਰੰਥ ਸਾਹਿਬ ਵਿੱਚ ਨਹੀਂ ਆਉਂਦਾ—ਠਾਕੁਰ ਪਾਠ ਹੈ ਠਾਕਰ ਨਹੀਂ, ਔਰ ਇਹ ਸ਼ਬਦ ਕਿੱਥੇ ਘਟਦਾ ਹੈ ਜਿਹੜੇ ਜਨਮ ਵਿੱਚ ਨਹੀਂ ਆਉਂਦੇ।

**ਸੋ ਮੁਖੁ ਜਲਉ**,

ਗੁਰੂ ਅਰਜਨ ਦੇਵ ਕਹਿੰਦੇ ਹਨ–

**ਜਿਤੁ ਕਹਹਿ ਠਾਕੁਰੁ ਜੋਨੀ**[੩੧]**।।**

*– ਭੈਰਉ ਮ:੫, ਪੰਨਾ–੧੧੩੬*

ਉਹ ਸੜ ਜਾਏ ਜ਼ਬਾਨ ਜਿਹੜੀ ਕਹਿੰਦੀ ਹੈ ਠਾਕੁਰ ਜੂਨ ਵਿੱਚ ਆਇਆ। ਕਬੀਰ ਜੀ ਕਹਿੰਦੇ ਹਨ–

**ਸੰਕਟਿ**[੩੨] **ਨਹੀ ਪਰੈ ਜੋਨਿ ਨਹੀ ਆਵੈ**
**ਨਾਮੁ ਨਿਰੰਜਨ**[੩੩] **ਜਾ ਕੋ ਰੇ।।**
**ਕਬੀਰ ਕੋ ਸੁਆਮੀ ਐਸੋ ਠਾਕੁਰੁ**
**ਜਾ ਕੈ ਮਾਈ ਨ ਬਾਪੋ ਰੇ।।**

*– ਗਉੜੀ ਕਬੀਰ ਜੀ, ਪੰਨਾ–੩੩੯*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਨ ਤਾ ਕੋ ਕੋਈ ਤਾਤ**[੩੪] **ਮਾਤੰ ਨ ਭਾਯੰ**[੩੫]**।।**
**ਨ ਪੁਤ੍ਰ ਨ ਪੌਤ੍ਰੰ ਨ ਦਾਯਾ**[੩੬] **ਨ ਦਾਯੰ।।**

*– ਦਸਮ ਗ੍ਰੰਥ, ਪੰਨਾ–੪੦*

ਨਾ ਕੋਈ ਉਹਦੀ ਮਾਂ, ਨਾ ਕੋਈ ਉਹਦਾ ਪਿਓ, ਨਾ ਕੋਈ ਉਹਦਾ ਭਰਾ। ਸੰਤ ਲਾਲ ਸਿੰਘ ਜੀ ਕਦੇ-ਕਦੇ ਮਸਤ ਹੋ ਕੇ ਆਖਣਾ—ਉਹ ਮੁੱਢੋਂ ਹੀ ਕੱਲਖੋਰ ਹੈ। ਉਹ ਇੱਕ ਹੈ। ਜਦੋਂ ਅਸੀਂ ਇੱਕ ਅੰਗ ਲਾ ਕੇ, ਅੱਗੇ ਜਿੰਨੇ ਮਰਜ਼ੀ ਹੈ ਲਾਉਂਦੇ ਤੁਰੇ ਜਾਵੋ, ਇੱਕ ਦਾ ਪਸਾਰਾ ਪਸਰਦਾ ਜਾਏਗਾ ਪਰ ਇੱਕ ਤੋਂ ਪਹਿਲਾਂ ਅਸੀਂ ਕੋਈ ਅੰਗ ਨਹੀਂ ਲਾ ਸਕਦੇ। ਇੱਕ ਤੋਂ ਪਹਿਲਾਂ ਕੁਛ ਵੀ ਨਹੀਂ। ਉਹ ਹੈ—ਇੱਕ, ਅਕਾਲ ਪੁਰਖ। ਅਕਾਲ ਦਾ ਅਰਥ ਹੈ ਜੋ ਸਮੇਂ ਤੋਂ ਰਹਿਤ ਹੈ। ਹੋਰ ਸਭ ਸਮੇਂ 'ਚ ਬੱਧੇ ਹਨ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

**ਕਾਲ[੩੭] ਹੀ ਪਾਇ ਭਯੋ ਭਗਵਾਨ[੩੮] ਸੁ**
**ਜਾਗਤ ਯਾ ਜਗ ਜਾ ਕੀ ਕਲਾ[੩੯] ਹੈ।।**
**ਕਾਲ ਹੀ ਪਾਇ ਭਯੋ ਬ੍ਰਹਮਾ ਸਿਵ**
**ਕਾਲ ਹੀ ਪਾਇ ਭਯੋ ਜੁਗੀਆ[੪੦] ਹੈ।।**
**ਕਾਲ ਹੀ ਪਾਇ ਸੁਰਾ ਸੁਰ[੪੧] ਗੰਧ੍ਰਬ ਜੱਛ**
**ਭੁਜੰਗ[੪੨] ਦਿਸਾ[੪੩] ਬਿਦਿਸਾ[੪੪] ਹੈ।।**
**ਔਰ ਸਕਾਲ[੪੫] ਸਭੈ ਬਸਿ ਕਾਲ ਕੇ**
**ਏਕ ਹੀ ਕਾਲ[੪੬] ਅਕਾਲ ਸਦਾ ਹੈ।।**

*- ਦਸਮ ਗ੍ਰੰਥ, ਪੰਨਾ-੪੪*

ਉਹ ਅਕਾਲ ਹੈ ਜਿਹੜਾ ਕਾਲ ਤੋਂ ਰਹਿਤ ਹੈ, ਜਿਹੜਾ ਸਮੇਂ 'ਚ ਨਹੀਂ ਆਉਂਦਾ। ਉਸ ਨੇ ਐਸ ਦਿਨ ਨੂੰ ਭਾਗ ਲਾਇਆ, ਜਿਹੜੀ ਰਾਤ ਲੰਘੀ ਹੈ, ਉਹ ਅਕਾਲ ਪੁਰਖ ਨੇ ਇਹਦੇ 'ਚ ਪ੍ਰਕਾਸ਼ ਕੀਤਾ। ਕਿਉਂ, ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ-

**ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰ ਮੌਰ।।**

ਮੈਂ ਨਹੀਂ ਕਹਿੰਦਾ, ਕੋਈ ਨਹੀਂ ਕਹਿੰਦਾ, ਉਹ ਕਹਿੰਦੇ ਹਨ—ਬਾਹਰਵਾਂ ਜਾਮਾ, ਬਾਰਾਂ ਜਾਮਿਆਂ ਚੋਂ ਸਿਰਿ ਮੌਰ ਜਾਮਾ ਹੈ। ਫਿਰ-

**ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ।।**

*- ਗੁਰਿੰਡਨਾਮਾ, ਪਾ:੧੦*

ਸਭ ਦੀ ਆਦਿ ਏਹੋ ਹੀ ਹੈ, ਕਿਉਂਕਿ—**ਸੋਲਹ ਕਲਾ ਸਪੂਰਨ ਫਲਿਆ।** ਰਾਮਾ ਅਵਤਾਰ ਦੀ ਬਾਬਤ, ਜੋ ਗ੍ਰੰਥਾਂ ਵਾਲੇ ਲਿਖਦੇ ਹਨ, ਜਿੰਨੀ ਉਹਨਾਂ ਨੂੰ ਸਮਝ ਆਈ ਹੈ, ਉਹ ਬਾਰਾਂ ਕਲਾਂ ਮੰਨਦੇ ਹਨ, ਰਾਮ ਚੰਦ੍ਰ ਜੀ ਮਹਾਰਾਜ ਦੀਆਂ, ਕ੍ਰਿਸ਼ਨ ਮਹਾਰਾਜ ਦੀਆਂ ਸੋਲ੍ਹਾਂ ਕਲਾਂ ਮੰਨਦੇ ਹਨ। ਸੱਚੇ ਪਾਤਸ਼ਾਹ ਜੀ, ਕੀ ਗੁਰਬਾਣੀ ਵਿਚ ਲਿਖਦੇ ਹਨ ਆਦਿ ਵਿੱਚ, ਕਹਿੰਦੇ ਹਨ–

***ਸੋਲਹ ਕਲਾ ਸੰਪੂਰਨ ਫਲਿਆ।।***★੨
***ਅਨਤ ਕਲਾ ਹੋਇ ਠਾਕੁਰੁ ਚੜਿਆ।।***

*– ਮਾਰੂ ਮ:੫, ਪੰਨਾ–੧੦੮੧*

—ਠਾਕੁਰ ਅਨੰਤ ਕਲਾ ਵਾਲਾ ਆਇਆ।

**ਸ਼ਕਤ ਅਨੰਤੀ ਆਇ ਹੈਂ**,

—ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸੇ ਦੀ ਪੁਸ਼ਟੀ ਕੀਤੀ ਹੈ—

**ਆਦਿ ਇਹੈ ਨਹੀ ਔਰ।।**

ਸਭ ਦੀ ਆਦਿ ਏਹੋ ਹੀ ਹੈ, ਹੋਰ ਕੋਈ ਨਹੀਂ ਏਦੂੰ ਪਹਿਲਾਂ, ਔਰ ਅਜੇ ਬੜਾ ਕੰਮ ਰਹਿੰਦਾ ਹੈ ਜਿਹੜਾ ਸਤਿਗੁਰਾਂ ਨੇ ਕਰਨਾ ਹੈ। ਬੁੱਲ੍ਹੇ ਨੂੰ ਕਿਸੇ ਨੇ ਆਖਿਆ ਸੀ,''ਬੁੱਲ੍ਹਿਆ ਜੇ ਕੋਈ ਤੈਨੂੰ ਕਾਫਰ ਆਖੇ ਤੇ ਤੂੰ ਆਹੋ ਈ, ਆਹੋ ਹੀ ਆਖ।'' ਕੂਕਿਆਂ ਦੇ ਜ਼ਿੰਮੇ—ਅਸੀਂ ਤੇ ਉਹ ਕੂਕੇ ਹੀ ਨਹੀਂ ਰਹੇ, ਸਾਡੇ 'ਚ ਹਿੱਸਾ ਹੀ ਨਹੀਂ ਰਹਿ ਗਿਆ ਉਹਨਾਂ ਕੂਕਿਆਂ ਦਾ ਜਿਨ੍ਹਾਂ ਦੀਆਂ ਜ਼ਿੰਦਗੀਆਂ ਏਸੇ ਖਾਹਸ਼ ਵਿੱਚ ਨਿਭੀਆਂ ਕਿ ਕਣਕਾਂ ਵੱਢਣ ਦੇ ਦਿਨ ਆਉਣਗੇ, ਭਾਣਾ ਵਰਤੂਗਾ, ਸਤਿਗੁਰਾਂ ਦੇ ਦਰਸ਼ਨ ਹੋਣਗੇ, ਧਰਤੀ ਉੱਤੇ ਲੋਹੇ ਦਾ ਸੁਹਾਗਾ ਫਿਰੇਗਾ। ਉਹ ਉਸੇ ਤਰ੍ਹਾਂ ਆਪਣੀਆਂ ਜ਼ਿੰਦਗੀਆਂ 'ਚ ਖਾਹਸ਼ਾਂ ਲੈ ਕੇ....., ਪਰ ਉਹ ਜਾਂਦੇ ਨਹੀਂ ਕਿਤੇ। ਕਿਉਂ—ਬਾਬੇ ਸਿਆਮ ਸਿੰਘ ਹੁਰੀਂ ਸਰਹਾਲੀ ਵਾਲੇ, ਸੰਤਾਂ ਜਿਉਣ ਸਿੰਘ ਹੁਰਾਂ ਦੇ ਪਿਤਾ—ਸਤਿਗੁਰਾਂ ਦੇ ਦਰਸ਼ਨ ਕਰਨ ਰੰਗੂਨ ਆਏ। ਉੱਥੇ ਆ ਕੇ, ਅਰਜ਼ ਕਰਦੇ ਹਨ,''ਸੱਚਿਆ ਪਾਤਸ਼ਾਹ, ਕਦੋਂ ਦਰਸ਼ਨ ਦਿਓਗੇ—ਕਈ ਸਿੱਖ ਚੜ੍ਹ ਗਏ, ਕਈ ਸਿੱਖ ਬੇਸਿਦਕ ਹੋ ਗਏ, ਕਈ ਬੁੱਢੇ ਹੋ ਗਏ।''

ਸਤਿਗੁਰ ਕਹਿੰਦੇ ਹਨ,''ਭਾਈ ਸਿਆਮ ਸਿਹਾਂ, ਜਿਹੜੇ ਚੜ੍ਹ ਗਏ —ਉਹ ਵਿੱਚ ਆ ਗਏ ਹਨ, ਜਦੋਂ ਅਸੀਂ ਆਵਾਂਗੇ, ਉਹਨਾਂ ਨੂੰ ਪਿਛਲੇ ਜਨਮ ਦਾ ਪਤਾ ਲੱਗ ਜਾਏਗਾ। ਜਿਹੜੇ ਬੁੱਢੇ ਹੋ ਗਏ ਹਨ—ਉਹਨਾਂ ਵਾਸਤੇ ਘਿਓ ਰੱਖਿਆ ਹੋਇਆ ਹੈ।'' ਪੜ੍ਹੋ ਗੁਰਿੰਡਨਾਮਾ, ਸਾਹਿਬਾਂ ਨੇ ਅਟਕ ਦੇ ਕੰਢੇ ਉੱਤੇ ਜਾ ਕੇ–

*ਕਾਯਾ ਗੁਰੂ ਕਲਪ ਤਬ ਕਰੈ।*
*ਦੁਆਦਸ ਬਰਖੁ ਆਯੂ ਤਬ ਧਰੈ।*

ਸਤਿਗੁਰੂ ਰਾਮ ਸਿੰਘ ਜੀ ਨੇ ਉਸੇ ਦੇਹ 'ਚ ਆ ਕੇ ਫਿਰ ਬਾਰਾਂ ਬਰਸ ਦੇ ਕਰਨਾ ਹੈ ਔਰ ਸਾਰਿਆਂ ਨੂੰ ਬਣਾਉਣਾ ਹੈ। ਉਨ੍ਹਾਂ ਵਾਸਤੇ ਘਿਓ ਰੱਖਿਆ ਹੋਇਆ ਹੈ, ਉਹ ਜਵਾਨ ਹੋ ਜਾਣਗੇ, ੧੨-੧੨ ਸਾਲ ਦੇ। ਜਿਹੜੇ ਬੇਸਿਦਕ ਹੋ ਗਏ, ਜਦੋਂ ਆਵਾਂਗੇ, ਜਿਸ ਤਰ੍ਹਾਂ ਪਹਿਲ ਛਿੜੇ ਦਾ ਮੀਂਹ ਪਏ ਤੋਂ ਡੱਡੂ ਗੜੈਂ-ਗੜੈਂ ਕਰ ਉਠਦੇ ਹਨ, ਉਹ ਸਭ ਫੇਰ ਸਿੱਖ ਬਣ ਜਾਣਗੇ। ਇਹ ਜੋ ਕੁਛ ਬਣਿਆ, ਮੈਂ ਰਾਤ ਅਰਜ਼ ਕਰੀ ਸੀ ਕਿ ੧੯੨੮ 'ਚ—*ਅਨਕ ਦੇਸ ਬਿਪਰੈਂਚ ਸਿਧਾਵੈ*—ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ। ਫਿਰ ਲਿਖਿਆ ਹੈ–

*ਸਕਲ ਦੀਪ ਭਵਨ ਮੇਂ ਜਾਹੀਂ।*
*ਹੋਇ ਕ੍ਰਿਪਾਲ ਸਭ ਦਰਸ ਦਿਖਾਂਹੀ।*

ਉਹ ਨਿਰਾ ਕੂਕਿਆਂ ਦਾ ਹੀ ਨਹੀਂ ਏਨਿਆਂ ਕੁ ਦਾ ਰਾਮ ਸਿੰਘ—ਉਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ। ਉਸਨੇ ਸਾਰਿਆਂ ਉੱਤੇ ਕਿਰਪਾ ਕਰਨੀ ਹੈ। ਫੇਰ, ਸਤਿਗੁਰਾਂ ਨੇ ਕਿਹਾ,**''ਮੈਂ ਪੱਥਰਾਂ ਨੂੰ ਵੀ ਨਾਮ ਜਪਾਉਣਾ ਹੈ, ਦਰਖਤਾਂ ਨੂੰ ਵੀ ਨਾਮ ਜਪਾਉਣਾ ਹੈ, ਪਸ਼ੂਆਂ-ਪੰਛੀਆਂ ਨੂੰ ਵੀ ਜਪਾਉਣਾ ਹੈ। ਮੇਰੇ ਵਾਸਤੇ ਹੁਕਮ ਇਸੇ ਤਰ੍ਹਾਂ ਹੈ। ਇਹ ਮੜ੍ਹਾ ਇਹ ਉਨਾਂ ਚਿਰ ਨਹੀਂ ਚੱਲ ਸਕਦਾ, ਜਿੰਨਾਂ ਚਿਰ ਧਰਤੀ ਉੱਤੇ ਧਰਮ ਨਹੀਂ ਵਰਤਦਾ, ਗਊ ਦੇ ਗਲ ਤੋਂ ਛੁਰੀ ਨਹੀਂ ਲਹਿੰਦੀ।''** ਅਜੇ ਤਾਂ ਅੱਗੇ ਨਾਲੋਂ ਬਹੁਤੀਆਂ ਮਰਦੀਆਂ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਿਖਿਆ ਹੈ, ਸਤਿਗੁਰੂ ਰਾਮ ਸਿੰਘ ਜੀ ਦਾ ਸਰੀਰ ਕਰ

ਕੇ, ਉਸ ਰੂਪ ਵਿੱਚ ੨੫੦ ਸੌ ਸਾਲ ਰਹਿਣਾ।

*ਪੰਜ ਪੰਚਾਸ ਦੇਹ ਰਹਿ ਸੰਧਾ।*

*– ਸੌ ਸਾਖੀ*

—ਪੰਜ ਪੰਜਾਹੇ। ਵੇਖੋ ਭੁਲੇਖੇ 'ਚ ਪੈ ਕੇ—ਮੈਂ ਵੀ ਬੜੀ ਵਾਰ ਭੁੱਲਦਾ ਹਾਂ—ਇਹ ਜੀਵ ਬਣਿਆ ਹੋਇਆ ਈ ਏ, ਖਵਰੇ ਕਿੰਨੀ ਵੇਰ ਇਹ ਦਿਨ 'ਚ ਭੁਲਦਾ ਹੈ, ਕਿੰਨੀ ਵਾਰ ਇਹਦੇ ਨਾਲ ਕੁਛ ਹੁੰਦਾ ਹੈ—ਭੁੱਲਣ ਇਹਦਾ ਉਹ ਹੀ ਹੈ, ਜਿਦਣ ਇਹਨੂੰ ਉਹ ਭੁੱਲ ਜਾਂਦਾ ਹੈ।

**ਖਾਣਾ ਪੀਣਾ ਹਸਣਾ ਬਾਦਿ॥**

ਉਹ ਕਹਿੰਦੇ ਹਨ–

**ਜਬ ਲਗੁ ਰਿਦੈ ਨ ਆਵਹਿ ਯਾਦਿ॥**

*– ਆਸਾ ਮ:੧ ਪੰਨਾ–੩੫੧*

ਯਾਦ ਵਾਲੇ ਉਹੋ ਹੀ ਨੇ, ਜਿਹੜੇ ਦਰ ਤੇ ਸਤਿਗੁਰੂ ਨੇ ਕਿਰਪਾ ਕਰੀ ਹੈ–

**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ**[੪੭]**॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**

*– ਆਸਾ ਮ:੫, ਪੰਨਾ–੩੯੭*

—ਉਹਦਾ ਰੂਪ ਹੋ ਜਾਂਦੇ ਹਨ।

**ਹਰਿ ਕਾ ਸੇਵਕੁ ਸੋ ਹਰਿ ਜੇਹਾ।**

*– ਮਾਰੂ ਮ:੫, ਪੰਨਾ–੧੦੭੬*

ਭਾਈ, ਪੜ੍ਹੋ ਵੱਡਤੀਰਥ ਦੀ ਸਾਖੀ। ਉੱਥੇ ਲਿਖਿਆ ਹੈ ਕਿ ੧੯੨੮ ਵਿੱਚ ਸਤਿਗੁਰ ਪ੍ਰਦੇਸ ਜਾਣਗੇ। ਓਦੂੰ ਬਾਅਦ–

*ਤਾਕੇ ਅਨੁਜ ਮਾਹਿ ਜੋਤਿ ਰਹੈ।*

ਉਹਨਾਂ ਦੀ ਜੋਤਿ ਛੋਟੇ ਭਰਾ 'ਚ ਹੋਏਗੀ। ਅੱਜ ਬੜਾ ਸਮਾਂ ਹੋਰ ਤਰ੍ਹਾਂ ਦਾ ਹੈ। ਕਈ ਸਰੀਰਾਂ ਨੂੰ ਇਸ ਗੱਲ ਤੋਂ ਵੀ ਕਹਿਣ ਤੋਂ ਸੰਕੋਚ ਹੁੰਦਾ ਹੈ ਕਿ ਗੁਰੂ ਹਰੀ ਸਿੰਘ ਗੁਰੂ ਹੈ।

ਇਖਿਤਿਆਰ ਕਿਸੇ ਦੇ ਨਹੀਂ—ਕਈ ਗੁਰੂ ਨਾਨਕ ਨੂੰ ਮਿਲੇ, ਉਹ

ਪੰਜਮੇ ਜਾਮੇ ਤੱਕ ਵੀ ਨਾ ਪਹੁੰਚੇ; ਕੋਈ ਨੌਵੇਂ ਤੇ ਰਹਿ ਗਏ; ਕੋਈ ਦਸਵੇਂ ਤੇ ਆ ਕੇ ਰਹਿ ਗਏ; ਕੋਈ ਗਿਆਰਵੇਂ ਤੇ ਰਹਿ ਗਏ; ਕੋਈ ਬਾਰ੍ਹਵੇਂ ਤੇ ਵੀ ਰਹਿ ਗਏ—ਜਿਨ੍ਹਾਂ ਨੇ ਬਾਰ੍ਹਵੇਂ ਦਾ ਉਹ ਰੂਪ ਨਾ ਮੰਨਿਆ। ਜਦੋਂ ਉਹਨਾਂ ਹੁਕਮ ਲਿਖਿਐ,**''ਮੈਂ ਇਸ ਦਾ ਨਾਮ ਅੱਜ ਤੋਂ ਹਰੀ ਸਿੰਘ ਰੱਖਿਆ ਔਰ ਇਸਨੂੰ ਸਿਰ ਕਰਤਾ ਜਾਨਣਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ।''** ਪਰ ਉਹ-

**ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ।।**

*- ਜੈਤਸਰੀ ਕੀ ਵਾਰ ਮ:੫, ਪੰਨਾ-੭੦੭*

ਜਿਨ੍ਹਾਂ ਦੀ ਮੱਤ ਮਾਰ ਦਿੱਤੀ, ਉਹਨਾ ਨੂੰ ਨਿਸਚਾ ਨਹੀਂ ਆਉਂਦਾ। ਅਸੀਂ ਖਵਰੇ ਕਿੰਨੀ ਵਾਰੀ ਅੱਠਾਂ ਪਹਿਰਾਂ 'ਚ ਭੁੱਲਦੇ ਹਾਂ। ਉਸ ਸਮੇਂ ਦੀ ਹਾਲਤ ਵੇਖਕੇ, ਉਸ ਸਮੇਂ ਵਿੱਚ ਪੰਚਾਂ ਦਾ ਵੇਸ ਹੈ, ਸਾਧੂਆਂ ਦਾ ਭੇਖ ਹੈ, ਪੰਚਾਇਤਾਂ ਵਾਲੇ ਚੌਧਰੀਆਂ ਦਾ ਭੇਖ ਹੈ, ਹਾਕਮਾਂ ਦਾ ਵੇਸ ਹੈ ਲੇਕਿਨ ਕਰਦੇ ਅਨੀਤੀ ਹਨ।

*ਬੇਖਹਿ ਪੰਚਨ ਰਾਚਤ ਬੰਚਨ,*
*ਪ੍ਰੇਮ ਸੁ ਰੰਚ ਨ ਕੰਚਨ ਛੋਰਾ।*

*ਪ੍ਰੇਮ ਸੁ ਰੰਚ ਨ*-ਰੰਚ ਮਾਤਰ ਪ੍ਰੇਮ ਨਹੀਂ ਉਨ੍ਹਾਂ 'ਚ ਰਿਹਾ। ਪ੍ਰੇਮ ਹੈ ਕਿੱਥੇ ਉਹਨਾਂ ਦਾ ਲੱਗਿਆ ਹੋਇਆ—*ਕੰਚਨ ਛੋਰਾ*—ਔਰਤਾਂ ਵਿੱਚ, ਮੁੰਡਿਆਂ ਵਿੱਚ, ਤੇ ਸੋਨੇ ਵਿੱਚ। ਅਸੀਂ ਵੀ ਆਪਣੇ ਵੱਲ ਧਿਆਨ ਕਰੀਏ। ਸਾਡਾ ਵੀ ਰੋਜ਼ ਏਹੋ ਹਾਲ ਹੈ—ਕਪੜੇ ਚੰਗੇ ਹੋਣ, ਮੁੰਡੇ ਦੇ ਗਹਿਣੇ ਹੋਣ, ਘੜੀਆਂ ਹੋਣ, ਬਹੁਤ ਕੁਝ ਹੋਵੇ, ਪੈਸੇ ਬਹੁਤ ਹੋਣ। ਕਦੇ ਏਹ ਧਿਆਨ ਨਹੀਂ ਆਇਆ ਕਿ ਜੇ ਅੱਗੇ ਸੌ (੧੦੦) ਵਾਰ ਭਜਨ ਮੂੰਹੋਂ ਕਰਦੇ ਹਾਂ, ਕਦੇ ਸਵਾ ਸੌ ਵਾਰ ਵੀ ਕਰੀਏ। ਜੇ ਅੱਗੇ ਬਾਣੀ ਰੋਜ਼ ਪੜ੍ਹਦੇ ਹਾਂ ਜਪੁ ਜਾਪੁ—ਕਦੇ ਨਾਲ ਉਹਦੇ ਰਹਿਰਾਸ ਵੀ ਰਲਾ ਲਈਏ। ਜੇ ਅੱਗੇ ਦੋ ਘੰਟੇ ਰਾਤ ਨਾਲ ਉਠਦੇ ਹਾਂ, ਕਦੇ ਸਵਾ ਦੋ ਨਾਲ ਵੀ ਉੱਠੀਏ, ਪਰ ਨਾ, ਜੇ ਕੰਮ ਹੋਵੇ ਫਿਰ ਸਾਰੀ ਰਾਤ ਹਿਸਾਬ ਗਿਣਦੇ ਰਹੀਏ। ਭਾਈ ਗੁਰਦਾਸ

ਜੀ ਕਹਿੰਦੇ ਹਨ–

*ਜੈਸੋ ਮਨੁ ਲਾਗਤ ਹੈ ਲੇਖਕ ਕੋ ਲੇਖੈ ਬਿਖੈ,*
*ਹਰਿ ਜਸੁ ਲਿਖਤ ਨ ਤੈਸੋ ਠਹਿਰਾਵਈ।*
*ਜੈਸੋ ਮਨੁ ਬਨਜੁ ਬਿਉਹਾਰ ਕੇ ਬਿਥਾਰ[੪੮] ਬਿਖੈ,*
*ਸਬਦ ਸੁਰਤਿ ਅਵਗਾਹਨੁ[੪੯] ਨਾ ਭਾਵਈ।*
*ਜੈਸੋ ਮਨੁ ਕਨਿਕ[੫੦] ਅਉ ਕਾਮਨੀ[੫੧] ਸਨੇਹ ਬਿਖੈ,*
*ਸਾਧ ਸੰਗਿ ਤੈਸੋ ਨੇਹੁ ਪਲੁ ਨ ਲਗਾਵਈ।*
*ਮਾਇਆ ਬੰਧ ਧੰਧ ਬਿਖੈ ਆਵਧ[੫੨] ਬਿਹਾਇ ਜਾਇ,*
*ਗੁਰ ਉਪਦੇਸ ਹੀਨ ਪਾਛੈ ਪਛੁਤਾਵਈ।*

*– ਕਬਿਤ–੨੩੪*

ਜਦੋਂ ਆਉਂਦਾ ਹੈ ਵੇਲਾ, ਫਿਰ ਪਛੁਤਾਅ ਲੱਗਦਾ ਹੈ, ਪਰ ਫਿਰ ਕੀ ਬਣੇ।

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।।**

*– ਤਿਲੰਗ ਮ:੧, ਪੰਨਾ–੭੨੫*

ਜਦੋਂ ਨਰਦਾਂ ਦੀ ਚੌਕੜੀ ਉਠ ਗਈ, ਫਿਰ ਕੀ ਪਛੋਤਾਵੇ ਤੋਂ ਮਿਲ ਸਕਦਾ ਹੈ। ਕਰਨ ਜੋਗਾ ਕੁਛ ਨਹੀਂ। ਕਬੀਰ ਜੀ ਕਹਿੰਦੇ ਹਨ–

**ਜਬ ਲਗੁ ਜਰਾ[੫੩] ਰੋਗੁ ਨਹੀ ਆਇਆ।।**
**ਜਬ ਲਗੁ ਕਾਲਿ ਗ੍ਰਸੀ[੫੪] ਨਹੀ ਕਾਇਆ।।**
**ਜਬ ਲਗੁ ਬਿਕਲ[੫੫] ਭਈ ਨਹੀ ਬਾਨੀ।।**
**ਭਜਿ ਲੇਹਿ ਰੇ ਮਨ ਸਾਰਿਗ ਪਾਨੀ।।**
**ਅਬ ਨ ਭਜਸਿ ਭਜਸਿ ਕਬ ਭਾਈ।।**
**ਆਵੈ ਅੰਤੁ ਨ ਭਜਿਆ ਜਾਈ।।**

*– ਭੈਰਉ ਕਬੀਰ ਜੀ, ਪੰਨਾ–੧੧੫੯*

ਕਹਿੰਦੇ ਨੇ—ਕੰਚਨ ਵਿੱਚ ਤੇ ਛੋਰਾ ਵਿੱਚ, ਇਸਤ੍ਰੀਆਂ ਵਿੱਚ ਤੇ ਮੁੰਡਿਆਂ ਵਿੱਚ ਲੱਗੇ ਹੋਏ ਨੇ।

*ਤੋਰਤ ਸੰਚਨ ਬੋਲਤ ਟੰਚਨ*

ਫਿਰ ਕੀ ਕਰਦੇ ਹਨ—ਸਾਰਾ ਦਿਨ ਮੰਜਿਆਂ ਤੇ ਬੈਠੇ, ਤਾਸ਼ ਖੇਡਿਆ, ਟੱਪੇ, ਨੱਚੇ, ਮੰਜੇ ਤੋੜੇ। ਬੋਲਦੇ ਕੀ ਹਨ—ਹਰ ਵੇਲੇ ਟਿੱਚਕਰ ਬਗੈਰ ਗੱਲ ਹੀ ਨਹੀਂ ਕਰਦੇ।

*ਦੌਲਤ ਸੰਚਨ ਮੈ ਮਨ ਜੋਰਾ*

ਦੌਲਤ ਇਕੱਠੀ ਕਰਨ ਨੂੰ ਮਨ ਲੱਗਾ ਹੋਇਐ।

**ਸਹਸ[੫੬] ਖਟੇ ਲਖ ਕਉ ਉਠਿ ਧਾਵੈ।।**
**ਤ੍ਰਿਪਤਿ[੫੭] ਨ ਆਵੈ ਮਾਇਆ ਪਾਛੈ ਪਾਵੈ।।**
**ਅਨਿਕ ਭੋਗ ਬਿਖਿਆ ਕੇ ਕਰੈ।।**
**ਨਹ ਤ੍ਰਿਪਤਾਵੈ ਖਪਿ ਖਪਿ ਮਰੈ।।**

*– ਗਉੜੀ ਮ:੫, ਪੰਨਾ–੨੭੯*

ਅੱਗੇ ਹੀ ਅੱਗੇ ਚਲਦਾ ਹੈ, ਅੱਗੇ ਹੀ ਅੱਗੇ ਜਾਂਦਾ ਹੈ—ਮੇਰੀਆਂ ਚਾਰ ਕੋਠੀਆਂ ਹੋਣ; ਮੇਰੀਆਂ ਦਸ ਹੋਣ; ਮੇਰੀਆਂ ਵੀਹ ਦੁਕਾਨਾਂ ਹੋਣ; ਮੇਰੇ ਕੋਲ ਲੱਖ ਹੈ ਤਾਂ ਕਰੋੜ ਹੋ ਜਾਏ, ਕਰੋੜ ਹੈ ਤਾਂ ਦਸ ਕਰੋੜ ਹੋ ਜਾਏ। ਜਿਹੜਾ ਧਨ ਇਕੱਠਾ ਕਰਨ ਵਾਲਾ ਹੈ—

**ਐਸਾ ਹਰਿ ਧਨੁ ਸੰਚੀਐ[੫੮] ਭਾਈ।।**
**ਭਾਹਿ[੫੯] ਨ ਜਾਲੈ ਜਲਿ ਨਹੀ ਡੂਬੈ,**
**ਸੰਗੁ ਛੋਡਿ ਕਰਿ ਕਤਹੁ ਨ ਜਾਈ।।**

*– ਆਸਾ ਮ:੫, ਪੰਨਾ–੩੭੫*

—ਉਹ ਨਹੀਂ ਸੰਚਦਾ।

## ਹਮ ਐਸੇ ਥੇ ਨੀਚ

*ਰਾਮ ਮ੍ਰਿਗਿੰਦ ਗੁਰੂ ਕਿਰਪਾ,*

ਕਹਿੰਦੇ ਨੇ—ਸਾਡੀ ਇਹ ਹਾਲਤ ਸੀ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅਕਾਲ ਪੁਰਖ ਨੇ ਕਰੀ ਕਿਰਪਾ ਜਿਸ ਵੇਲੇ।

*ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ।*

ਅਸੀਂ ਐਸੇ ਨੀਚ ਥੇ, ਸਾਨੂੰ ਸੁਖ ਦਾ ਧੋਰਾ—ਆਸਰਾ ਮਿਲ ਗਿਆ,

ਸਤਿਗੁਰੂ ਨੇ ਕਿਰਪਾ ਕਰ ਦਿੱਤੀ, ਬਖਸ਼ਿਸ਼ ਕੀਤੀ, ਮਾਇਆ ਤੋਂ ਮਨ ਮੁੜਕੇ ਸਤਿਗੁਰੂ ਵੱਲ ਲੱਗ ਗਿਆ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ, ਪੇਰਨੀਆਂ ਬੁਲਾ ਲੈਣੀਆਂ ਅੰਮ੍ਰਿਤਸਰੋਂ, ਕੋਠੀ ਨਹਿਰ ਤੇ ਸੀ, ਉੱਥੇ ਰੱਖਣੀਆਂ। ਨਾਚ ਸੁਣਨਾ, ਗਾਉਣਾ ਸੁਣਨਾ, ਸ਼ਰਾਬ ਪੀਣੀ, ਕੁੱਤੇ ਰੱਖੇ ਹੋਏ, ਸ਼ਿਕਾਰ ਜਾਣਾ। ਬਾਬੇ ਛੈਣਿਆਂ ਵਾਲੇ ਮਹਾਂ ਪੁਰਖ, ਬਾਬੇ ਪਰਾਣੇ ਦੀ ਅੰਸ ਵਿਚੋਂ ਚਲੇ ਗਏ ਉੱਥੇ। ਵਜਾਇਆ ਛੈਣਾ। ਹੁਣ ਤੇ ਉਹ ਰੀਤਾਂ ਹੀ ਭੁੱਲ ਗਈਆਂ, ਸ਼ਬਦ ਦੀਆਂ, ਕੀਰਤਨ ਹੀ ਭੁੱਲ ਗਿਆ। ਟਿਕਾ ਕੇ, ਛੈਣੇ ਹਰ ਵੇਲੇ ਕੋਲ ਰੱਖਣੇ— ਕੁੱਤਿਆਂ ਨੂੰ ਭਜਨ ਦੇਣਾ, ਬਾਂਦਰਾਂ ਨੂੰ, ਜਾਨਵਰਾਂ ਨੂੰ, ਸਭ ਉੱਤੇ ਕਿਰਪਾ ਕਰੀ ਜਾਣੀ—ਹੌਲੀ ਹੌਲੀ ਵਜਾਉਣੇ।

*ਮੁਰਲੀ ਵੱਜੀ ਏ, ਸਤਿਗੁਰੂ ਰਾਮ ਸਿੰਘ ਦੀ।*★[੩]

ਟਿਕਾ ਕੇ ਇਸ ਤਰ੍ਹਾਂ ਸ਼ਬਦ ਪੜ੍ਹਨੇ। ਸ਼ਰਾਬ ਪੀਤੀ ਹੋਈ ਸੰਤਾਂ ਦੀ, ਬੋਤਲਾਂ ਰੱਖੀਆਂ ਹੋਈਆਂ, ਕੁੱਤੇ ਕੋਲ ਬੱਧੇ ਹੋਏ, ਸ਼ਰਾਬੀ ਹੋਏ ਹੋਏ ਕਹਿੰਦੇ ਨੇ ਕਿ ਕੂਕਿਆਂ ਦਾ ਭਜਨ ਖਰੀ ਕਰ ਦਿੰਦਾ ਹੈ। ਉੱਠਕੇ ਮਖੌਲ ਨਾਲ ਬਾਬੇ ਛੈਣਿਆਂ ਵਾਲਿਆਂ★[੪] ਅੱਗੇ ਕੰਨ ਜਾ ਡ੍ਹਾਇਆ। ਬਾਬੇ ਹੁਰੀਂ ਆਪਣੇ ਰੰਗ 'ਚ ਸੀ, ਬਾਬੇ ਹੁਰਾਂ ਕਿਰਪਾ ਕੀਤੀ। ਬੋਤਲ ਨਾਲ ਬੋਤਲ ਮਾਰ ਕੇ ਭੰਨ ਦਿੱਤੀ ਤੇ ਕੁੱਤਿਆਂ ਦੀਆਂ ਰੱਸੀਆਂ ਲਾਹ ਦਿੱਤੀਆਂ—ਲੱਗੇ ਭਜਨ ਕਰਨ। ਮੈਨੂੰ ਦੱਸਦੇ ਸਨ, ਬਈ ਛੋਲੇ ਭੁਨਾ ਲੈਣੇ, ਕੋਈ ਕੋਠਾ ਉਹ ਦੇਖਣਾ, ਜਿਹਦੇ ਨੇੜੇ ਕੋਈ ਪਿੰਡ ਨਾ ਹੋਏ। ਜਿਹੜੇ ਲੜਕੇ ਬਾਗੀਂ ਕਦੇ ਜਾ ਕੇ ਬੈਠਦੇ ਹਨ, ਉਥੇ ਅੱਠ-ਅੱਠ ਦਿਨ ਜਾ ਕੇ, ਪਾਈਆ-ਪਾਈਆ ਛੋਲੇ, ਦੋ-ਦੋ ਫੱਕੇ ਮਾਰਨੇ ਤੇ ਪਾਣੀ ਪੀ ਕੇ, ਅੱਠ-ਅੱਠ ਦਿਨ ਫਿਰ ਬੈਠ ਕੇ ਭਜਨ ਕਰਨਾ ਔਰ ਬਚਨ ਕਰਕੇ ਰੋ ਪੈਣਾ, ਆਖਣਾ—ਮਖੌਲ ਨਾਲ ਪੁੱਛਿਆ ਸੀ ਇਹ ਹਾਲ ਹੋ ਗਿਆ, ਜੇ ਪ੍ਰੇਮ ਨਾਲ ਪੁੱਛਦੇ ਖਬਰੇ ਕੀ ਬਣਦਾ।

*ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ।*

ਸਤਿਗੁਰੂ ਰਾਮ ਸਿੰਘ ਜੀ ਮਿਲਿਆ। ਕੀਤੀ ਕਿਰਪਾ। ਖਤਰਾਵਾਂ

ਵਾਲੇ ਸਿੰਘ, ਚਾਰ ਭਰਾ—ਖੁਸ਼ਹਾਲ ਸਿੰਘ, ਪਰਤਾਪ ਸਿੰਘ, ਦੇਵਾ ਸਿੰਘ, ਬੂਟਾ ਸਿੰਘ। ਕੰਮ ਕੀ—ਸ਼ਰਾਬ ਪੀਣੀ, ਡਾਂਗਾਂ ਕੋਲ ਰੱਖਣੀਆਂ। ਜੁਆਨ ਬੜੇ ਤਕੜੇ ਸੀ। ਇਹੋ ਹੀ ਉਹਨਾਂ ਦਾ ਸ਼ੌਕ, ਬਈ ਜਿਹੜੇ ਮੇਲੇ ਜਾਣਾ, ਲੋਕਾਂ ਨੂੰ ਡਾਂਗਾਂ ਮਾਰ ਕੇ ਭਜਾਉਣਾ—ਸਾਡੇ ਨਾਲ ਦਾ ਡਾਂਗ ਬਹਾਦੁਰ ਕੋਈ ਨਹੀਂ। ਗੁਰੂ ਕਾ ਬਾਗ—ਹੁੱਕੇ ਵਾਲੀ, ਜਿਥੇ ਅਕਾਲੀਆਂ ਸਿੰਘਾਂ ਨੂੰ ਮਾਰ ਪਈ—ਇਥੇ ਸਤਿਗੁਰ ਸੱਚੇ ਪਾਤਸ਼ਾਹ ਜੀ ਗਏ, ਦਿਵਾਨ ਲਾਇਆ। ਐਸ ਤਰਾਂ ਰਾਗੀਆਂ ਦੇ, ਐਸ ਕੋਣੇ ਆ ਕੇ ਖਲੋ ਗਏ—ਸ਼ਰਾਬਾਂ ਪੀਤੀਆਂ ਹੋਈਆਂ, ਮੂੰਹ ਬੱਧੇ ਹੋਏ ਤੇ ਬਗਲਾਂ 'ਚ ਸੋਟੇ ਦਿੱਤੇ ਹੋਏ। ਬਖਸ਼—ਦੀਵਾਨ ਨੰਦ ਲਾਲ ਜੀ ਕਹਿੰਦੇ ਹਨ–

*ਯਕ ਨਿਗਾਹਿ ਜਾਂ ਫਜ਼ਾਇਸ਼*

ਕਹਿੰਦੇ ਨੇ ਇਕੋ ਅੱਖ ਦੀ ਨਿਗਾਹ ਨੇ ਜਹਾਨ ਸਾਰੀ ਦਾ ਫੈਜ਼ ਮੈਨੂੰ ਪੁਚਾ ਦਿੱਤਾ।

*ਬਸ ਬਵਦ ਦਰਕਰਿ ਮਾ।*

*– ਗਜ਼ਲ–੨*

ਮੇਰੇ ਵਾਸਤੇ ਬਹੁਤ ਕੁਝ ਹੈ, ਇਹੋ ਹੀ ਦਰਕਾਰ। (ਸਤਿਗੁਰੂ ਰਾਮ ਸਿੰਘ ਜੀ) ਕਹਿੰਦੇ ਨੇ,''ਓ ਖੁਸ਼ਹਾਲ ਸਿਹਾਂ ! ਓ ਦੇਵਾ ਸਿਹਾਂ ! ਓ ਪਰਤਾਪ ਸਿਹਾਂ ! ਬੱਸ ਭਾਈ, ਛੱਡੋ ਇਹ ਗੱਲ।'' ਆਏ ਚਰਨੀ ਡਿੱਗੇ। ਆਂਹਦੇ—ਸਾਡੇ ਨਾਂ ਇਹਨੂੰ ਕੌਣ ਦੱਸ ਗਿਆ ? ਡਿੱਗ ਪਏ ਚਰਨੀ। ਉਹ ਸਿੱਖ ਬਣਾਏ—ਬਾਬੇ ਖੁਸ਼ਹਾਲ ਸਿੰਘ ਹੁਰੀਂ ਸੂਬੇ ਸਤਿਗੁਰਾਂ ਦੇ ਰਹੇ, ਜਿਨ੍ਹਾਂ ਦੀ ਕਿਰਪਾ ਨਾਲ ਸੈਂਕੜੇ, ਹਜ਼ਾਰਾਂ ਹੋਰ ਸਿੱਖ ਸਜੇ।

ਬਾਬੇ ਦਰਬਾਰਾ ਸਿੰਘ ਜੀ ਰਾਏ ਪੁਰ ਦੇ ਸਨ। ਮੈਂ ਉਹਨਾਂ ਦੇ ਦਰਸ਼ਨ ਰੱਜ ਕੇ ਕੀਤੇ ਹਨ। ਇਹ ਉਹ ਮਹਾਂਪੁਰਸ਼ ਹਨ, ਜਿਨ੍ਹਾਂ ਸਭ ਤੋਂ ਪਹਿਲਾਂ ਸਤਿਗੁਰਾਂ ਦਾ ਰੰਗੂਨ ਦਰਸ਼ਨ ਕੀਤਾ ਹੈ। ਮੈਨੂੰ ਉਹਨਾਂ ਨੇ ਆਪਣੀ ਜ਼ਬਾਨੀ ਇਹ ਗੱਲਾਂ ਸੁਣਾਈਆਂ। ਛੋਟਾ ਸਾਂ ਭਾਵੇਂ, ਘੋੜਿਆਂ ਤੇ ਚੜ੍ਹਨ ਦਾ ਉਹਨਾਂ ਨੂੰ ਵੀ ਸ਼ੌਕ ਸੀ, ਮੈਂ ਉਹਨਾਂ ਦੇ ਨਾਲ ਚੜ੍ਹਦਾ ਰਿਹਾ ਹਾਂ। ਮੇਰੀ ਗਿਆਰਾਂ ਸਾਲ ਦੀ ਉਮਰ ਸੀ, ਜਦੋਂ ਉਹਨਾਂ ਦਾ ਸਰੀਰ

ਮੁਕਤਸਰ ਚੜ੍ਹਿਆ ਹੈ (ਸੰਨ) ੧੯੦੧ ਵਿੱਚ। ਉਹ ਆਂਹਦੇ ਸੀ,''ਮੇਰਾ ਇਹ ਹਾਲ ਸੀ—ਉਹਨਾਂ ਦਿਨਾਂ 'ਚ ਫੀਮ ਦੀ ਬੰਦਸ਼ ਨਹੀਂ ਸੀ—ਜਿਹੜੇ ਬੰਨੇ ਜੰਗਲ ਜਾਣਾ ਉਧਰ ਦਰਖਤਾਂ ਨੂੰ ਫੀਮ ਲਾ ਆਉਣੀ ਕਿ ਕੱਲ੍ਹ ਨੂੰ ਫਿਰ ਆਵਾਂਗੇ ਤੇ ਇਥੋਂ ਲਾਹ ਕੇ ਖਾਵਾਂਗੇ।'' ਆਂਹਦੇ ਸੀ,''ਮੈਂ ਸ਼ਰਾਬ ਜਦੋਂ ਕੱਢਦਾ ਸਾਂ, ਪੰਜ-ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਮੈਂ ਗਾਹਣ 'ਚ ਪਾਉਂਦਾ ਹੁੰਦਾ ਸਾਂ, ਹੋਰ ਚੀਜ਼ਾਂ ਤੋਂ ਵੱਖਰਿਆਂ।'' ਸਤਿਗੁਰਾਂ ਕੀਤੀ ਬਖਸ਼ਿਸ਼। ਡੱਬੀ ਸੁੱਟ ਦਿੱਤੀ, ਮੁੜ ਨਹੀਂ ਖਾਧੀ, ਮੁੜ ਨਹੀਂ ਪੀਤੀ, ਮੁੜ ਕੁਛ ਨਹੀਂ ਕੀਤਾ—*ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ*—ਇਹ ਸੁਖ ਦਿੱਤੇ।

ਇਕ ਭਾਈ ਧੌਂਕਲ ਸਿੰਘ ਉੱਥੋਂ ਦਾ ਹੀ ਰਾਏ ਪੁਰ ਦਾ। ਰਾਏ ਪੁਰ ਦੀ ਮਸ਼ਹੂਰ ਗੱਲ ਸੀ ਕਿ ਰਾਏ ਪੁਰ ਦੇ ਤਾਂ ਖੋਤੇ ਭੀ ਅਮਲੀ ਹਨ, ਕਿਉਂਕਿ ਪੋਸਤ ਏਨਾਂ ਲੋਕ ਪੀਂਦੇ ਸਨ, ਟਿੰਡਾ ਗੱਲ 'ਚ ਪਾ ਕੇ ਰੱਖਦੇ ਹਰ ਵੇਲੇ ਪੋਸਤ ਦੀਆਂ, ਮਲ ਕੇ ਪੀਈ ਜਾਣਾ। ਉਹਨੇ ਆਖਿਆ,''ਮਹਾਰਾਜ, ਮੈਂ ਪੰਜ-ਪੰਜ ਤੋਲੇ ਤਾਂ ਫੀਮ ਖਾ ਲੈਨਾਂ, ਚਾਰ-ਚਾਰ, ਪੰਜ-ਪੰਜ ਬੋਤਲਾਂ ਸ਼ਰਾਬ ਦੀਆਂ ਪੀ ਲੈਨਾਂ, ਮੈਂ ਏਨਾ ਸੁੱਖਾ ਪੀਨਾਂ।''

ਸਤਿਗੁਰਾਂ ਆਖਿਆ,''ਆ ਉਰੇ, ਤੈਨੂੰ ਇੱਕ ਸਾਰਿਆਂ ਤੋਂ ਵੱਡਾ ਅਮਲ ਦੇਈਏ।''

ਮਾਰੀ ਜਿਸ ਵੇਲੇ ਕੰਨ ਵਿੱਚ ਫੂਕ—ਸਭ ਕੁਝ ਭੁਲਾ ਦਿੱਤਾ। ਬੱਸ, ਭਜਨ ਕਰਨ ਲੱਗ ਪਏ। ਬਾਗਾਂ ਵਾਲੇ ਦੇ ਗਊ ਕਸ਼ੀ ਦੇ ਕੇਸ ਵਿੱਚ ਉਹਨੂੰ ਫੜ ਕੇ ਲੈ ਗਏ ਨੇ। ਪਤਾ ਨਹੀਂ ਲੱਗਿਆ—ਫਿਰ ਪਿੰਜਰੇ 'ਚ ਪਾ ਕੇ ਲੈ ਗਏ, ਬੜਾ ਭਾਰਾ ਜੁਵਾਨ ਸੀ—ਬਈ, ਕੀ ਉਹਦੇ ਨਾਲ ਹੋਇਆ। *ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ*—ਇਹ ਸੁਖ ਦਿੱਤਾ ਸਤਿਗੁਰਾਂ ਨੇ।

*ਦੀਹ ਪ੍ਰਤਾਪ ਜਪਾਇ ਸੁ ਜਾਪ,*

ਜਿਸ ਅਕਾਲ ਪੁਰਖ ਦਾ ਵੱਡਾ ਹੈ ਪਰਤਾਪ, ਜਿਸ ਨੇ ਜਪਾਇਆ ਹੈ ਜਾਪ।

*ਹਟਾਇ ਸੁ ਤਾਪ ਜਿਤੇ ਜਗ ਘੋਰਾ।*

ਹਟਾ ਦਿੱਤੇ ਤਾਪ ਜਗਤ ਦੇ, ਜਿਹੜੇ ਘੋਰ ਤਾਪ ਸਨ, ਜਿਨ੍ਹਾਂ ਨਾਲ

ਦੁਨੀਆਂ ਸੜ ਕੇ ਮਰਦੀ ਸੀ। ਭਾਈ ਗੁਰਦਾਸ ਕਹਿੰਦਾ ਹੈ-

*ਬਾਬਾ ਦੇਖੈ ਧਿਆਨੁ ਧਰਿ,*
*ਜਲਤੀ ਸਭਿ ਪ੍ਰਿਥਵੀ ਦਿਸਿ ਆਈ।*

*- ਵਾਰ ੧, ਪਉੜੀ-੨੪*

ਫਿਰ ਚਾੜ੍ਹਿਆ ਬੇੜੇ ਨਾਮ ਦੇ।

*ਬਾਬਾ ਆਖੇ ਨਾਥ ਜੀ*
*ਨਾਨਕ ਨਾਮ ਜਪੇ ਗਤਿ ਪਾਈ।*

*- ਵਾਰ ੧, ਪਉੜੀ-੨੮*

ਨਾਮ ਦਿੱਤਾ, ਔਰ ਇਹ ਇੱਕ ਚੀਜ਼ ਹੈ, ਗੁਰੂ ਗੋਬਿੰਦ ਸਿੰਘ ਨੇ ਸਿਰ ਮੌਰ ਜਿਹੜਾ ਲਿਖਿਆ, ਉਹ ਸਤਿਗੁਰਾਂ ਪੂਰਾ ਕਰਕੇ ਦਿਖਾਇਆ। ਦਸਾਂ ਸਾਲਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸੱਤ ਲੱਖ ਸਿੱਖ ਸਜਾਇਆ। ਫੇਰ, ਅੰਗਰੇਜ਼ ਕੀ ਕਹਿੰਦਾ ਸੀ ਓਦੋਂ ਕੂਕੇ ਦੀ ਤਰੀਫ—ਅਸੀਂ ਵੀ ਹੁਣ ਕੂਕੇ ਹੀ ਹਾਂ—ਉਹਨੂੰ ਇਹ ਨਹੀਂ ਸੀ ਪਤਾ ਕਿ ਮਾਸ ਵੀ ਨਹੀਂ ਖਾਂਦੇ, ਉਹ ਕਹਿੰਦੈ—ਕੂਕਾ ਹੈ ਜਿਹੜਾ ਇਹ ਸ਼ਰਾਬ ਨਹੀਂ ਪੀਂਦਾ, ਕੂਕਾ ਅੰਗਰੇਜ਼ ਦਾ ਲਾਇਲ, ਕੂਕਾ ਅੰਗਰੇਜ਼ ਦਾ ਵਫਾਦਾਰ ਨਹੀਂ ਕਦੇ ਹੋ ਸਕਦਾ ਪਰ ਨਾਲ ਇਹ ਭੀ ਕਿਹਾ ਕਿ ਕੂਕਾ ਝੂਠ ਨਹੀਂ ਬੋਲਦਾ। ਫੇਰ, ਬਾਗੀ ਹੁੰਦੇ ਹੋਇਆਂ ਨੂੰ, ਦੁਸ਼ਮਣ ਬਣਕੇ ਭੀ ਇਹ ਤਰੀਫ ਕੀਤੀ, ਕਿ ਕੂਕਾ ਝੂਠ ਨਹੀਂ ਬੋਲਦਾ। ਬੱਸ ਭਾਈ—

**ਸਾਧ ਨਾਮ ਨਿਰਮਲ ਤਾ ਕੇ ਕਰਮ।**

*- ਗਉੜੀ ਮ:੫, ਪੰਨਾ-੨੯੬*

—ਕੋਈ ਭੀ ਹੋਏ, ਜੇ ਅਸੀਂ ਝੂਠ ਬੋਲਦੇ ਹਾਂ, ਫਿਰ ਸਾਡੇ 'ਚ ਘਾਟਾ ਹੈ। ਕਦੇ ਐਸੇ-ਐਸੇ ਝੂਠ ਅਸੀਂ ਬੋਲਦੇ ਹਾਂ—ਇੱਕ ਤਾਂ ਇਹ ਗੱਲ ਕਿ ਕਿਸੇ ਦੀ ਜਾਨ ਬਚਦੀ ਹੈ, ਕਿਸੇ ਨੂੰ ਫ਼ਾਇਦਾ ਪਹੁੰਚਦਾ ਹੈ—ਜਿਹਦੇ 'ਚ ਕੋਈ ਵੀ ਮਤਲਬ ਨਹੀਂ ਹੁੰਦਾ। ਬਗੈਰ ਕਿਸੇ ਮਤਲਬ ਤੋਂ, ਮਾਮੂਲੀ—ਮਾਮੂਲੀ ਗੱਲਾਂ ਤੋਂ ਝੂਠ ਬੋਲ ਜਾਂਦੇ ਹਾਂ। ਸਾਡੇ ਵਰਗੇ ਆਦਮੀ—ਮੇਰੇ ਵਰਗੇ ਆਦਮੀ, ਜਿਨ੍ਹਾਂ ਨੂੰ ਲੋਕ ਮੱਥੇ ਟੇਕਣ—ਉਹ ਝੂਠ ਬੋਲਦੇ ਨੇ, ਕਹਿੰਦੇ ਕੁਛ

ਹਨ, ਕਰਦੇ ਕੁਛ ਹਨ।

*ਵਾਕ ਅਲਾਪ ਕਿ ਸੂਬਨ ਥਾਪ,*

ਅੰਗ੍ਰੇਜ਼ ਨੇ ਆਖਿਆ—ਆਪ ਨੂੰ ਬਾਹਰ ਨਹੀਂ ਜਾਣਾ ਮਿਲੇਗਾ। ਅਨੰਦ ਦੀ ਮਰਿਯਾਦਾ ਜਦੋਂ ਕਾਇਮ ਕੀਤੀ, ਸੰਨ ੧੯੬੩ ਚਾਰ ਜੂਨ ਨੂੰ, ਉੱਥੋਂ ਹੀ ਠਾਣੋਂ ਠਾਣੀ ਬਾਘੇ ਪੁਰਾਣੇ ਤੋਂ ਸਤਿਗੁਰਾਂ ਨੂੰ ਭੈਣੀ ਸਾਹਿਬ ਲਿਆਂਦਾ ਗਿਆ। ਲਿਆ ਕੇ, ੨੮ ਦਿਨ ਮੁਕੱਦਮਾ ਚਲਦਾ ਰਿਹਾ।

ਬਾਬਾ ਸ਼ਾਮ ਸਿੰਘ ਜੀ—ਹੁਣ ਅਸੀਂ ਕੀ ਆਖੀਏ ਅੱਜ, ਬਈ ਭੁੱਲ ਗਏ—ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀਏ, ਲੋਕ ਉਹਨਾਂ ਨੂੰ ਜਾਣਦੇ ਹਨ, ਬ੍ਰਹਮ ਗਿਆਨੀ ਕਹਿੰਦੇ ਸਨ, ਅੰਮ੍ਰਿਤਸਰ ਜੀ ਰਹਿੰਦੇ ਸਨ। ਇਹ ਫੱਤੇ ਵਾਲੀਏ ਲਛਮਨ ਸਿੰਘ ਹੁਰਾਂ ਦੇ ਪਿਤਾ, ਉਹਨਾਂ ਦੇ ਸੇਵਕ ਸੇ। ਇਹਨਾਂ ਨੂੰ ਉਹਨਾਂ ਆਖਿਆ—ਬਈ ਜਾਓ, ਅਵਤਾਰ ਦਾ ਪਤਾ ਲੱਗਾ ਹੈ ਕਿ ਪ੍ਰਗਟ ਹੋਇਐ, ਤੁਸੀਂ ਭਜਨ ਪੁੱਛੋ। ਇਨ੍ਹਾਂ ਭਜਨ ਪੁੱਛਿਆ, ਫਿਰ ਬਾਬੇ ਸ਼ਾਮ ਸਿੰਘ ਹੁਰਾਂ ਸਤਿਗੁਰਾਂ ਤੋਂ ਭਜਨ ਪੁੱਛਿਆ। ਜਦੋਂ ਪਤਾ ਲੱਗਾ ਬਈ ਸਤਿਗੁਰਾਂ ਨੂੰ ਲੈ ਗਏ ਨੇ ਫੜ ਕੇ ਤੇ ਅਠਾਈ ਦਿਨ ਰੋਜ਼ ਮੁਕੱਦਮਾ ਲੁਧਿਆਣੇ ਪੇਸ਼ ਹੁੰਦਾ ਰਿਹਾ—ਅਨੰਦਾਂ ਦੇ ਬਾਬਤ, ਬਾਬੇ ਸ਼ਾਮ ਸਿੰਘ ਹੁਰੀਂ ਡੇਢ ਪਹਿਰ ਰਾਤ ਨਾਲ ਗਲ—ਗਲ ਜਲ 'ਚ ਆ ਕੇ, ਖਲੋ ਕੇ, ਸਤਿਗੁਰਾਂ ਵੱਲ ਚਿਹਰਾ ਕਰ ਕੇ, ਭਜਨ ਕਰਦੇ ਰਹੇ, ਬਈ ਇਹ ਕੰਮ ਕਿਵੇਂ ਨਿਬੜੇ। ਜਿਸ ਦਿਨ ਸਤਿਗੁਰ ਸੱਚੇ ਪਾਤਸ਼ਾਹ—ਉਹ ਕੰਮ ਨਿਬੜ ਗਿਆ—ਭੈਣੀ ਸਾਹਿਬ ਚਲੇ ਗਏ, ਬਾਬੇ ਹੁਰਾਂ ਨੂੰ ਅਵਾਜ਼ ਹੋਈ—ਬਈ ਕੰਮ ਫਤਹਿ ਹੋ ਗਿਐ, ਹੁਣ ਨਾ ਜਾਇਓ। ਅਗਲੇ ਦਿਨ ਜਾ ਕੇ ਖਲੋਤੇ, ਖਲੋਤਾ ਹੀ ਨਾ ਗਿਆ। ਉਹ ਬਾਬੇ ਹੁਰੀਂ ਵੀ ਭੁੱਲ ਗਏ। ਗੁਰੂ ਨਾਨਕ ਨੇ ਆਖਿਆ ਸੀ—ਕਿਸੇ ਤੇ ਸ਼ੰਕਾ ਨਾ ਕਰੋ, ਆਪਣਾ ਫਰਜ਼ ਹੈ ਕਹਿਣਾ ਇੱਕ ਦੂਏ ਨੂੰ, ਸਾਧ-ਸੰਗਤ ਵਿੱਚ ਇਹੋ ਗੱਲ ਹੈ, ਇੱਕ ਦੂਏ ਦੀ ਬਾਂਹ ਫੜੋ, ਉਠਾਓ—ਬੱਚਾ ਅਜਿਤਿਆ ਅਜਿਹਾ ਸਮਾਂ ਆਏਗਾ, ਤੂੰ ਵੀ ਭੁੱਲ ਜਾਏਂਗਾ। ਬਾਬੇ ਹੁਰੀ ਭੁੱਲ ਗਏ।

ਬਾਬੇ ਸ਼ੇਰ ਸਿੰਘ ਹੁਰੀਂ ਰੰਗੂਨ ਦਰਸ਼ਨ ਕਰਨ ਆਏ ਸਤਿਗੁਰਾਂ ਦਾ। ਅੰਗਰੇਜ਼ ਨੇ (ਸਤਿਗੁਰੂ ਰਾਮ ਸਿੰਘ ਜੀ) ਰੋਕ ਦਿੱਤੇ ਗੁਰਦੁਆਰੇ। ਸਤਿਗੁਰਾਂ ਪੰਜ ਸੂਬੇ ਥਾਪ ਦਿੱਤੇ। ਪੰਜਾਂ ਨੂੰ ਰੋਕ ਦਿੱਤਾ, ਨਜ਼ਰਬੰਦ ਕੀਤਾ—ਸਤਾਰਾਂ ਹੋਰ ਬਣਾ ਦਿੱਤੇ। ਬਾਈਆਂ ਨੂੰ ਬੰਦ ਕਰਕੇ, ਕਮਿਸ਼ਨਰ ਕਹਿੰਦਾ,''ਬਾਬਾ ਸਾਹਿਬ ਅਬ ਕਿਆ ਕਰੋਗੇ ?''

ਸਤਿਗੁਰ ਰੰਗ 'ਚ ਹੋ ਕੇ ਕਹਿੰਦੇ,''ਜਾ ਓਏ ਬਿੱਲਿਆ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ। ਇੱਕ ਪਾਟੀ ਕੱਛ ਵਾਲਾ ਭਜਨ ਦੱਸੇਗਾ, ਉਹਦਾ ਵੀ ਮੇਰੇ ਜਿਹਾ ਹੀ ਅਸਰ ਹੋਏਗਾ।''

ਅਸਾਂ ਇਹੋ ਜਿਹੀਆਂ ਗੱਲਾਂ ਦੇਖੀਆਂ। ਮੇਲਾ ਸਿੰਘ ਹੁਰੀਂ ਕੋਈ ਭਜਨ ਨਹੀਂ ਸੀ, ਕੋਈ ਬਾਣੀ ਨਹੀਂ ਸੀ। ਇੱਕ ਆਦਮੀ ਨੇ ਗੱਲ ਸੁਣਾਈ। ਹਰਨਾਮ ਸਿੰਘ ਥੇਂਧੇ ਚਿਪੜੇ ਦਾ ਇੱਕ ਆਦਮੀ, ਬੋਤਲ ਸ਼ਰਾਬ ਦੀ ਪੀ ਕੇ ਰੋਜ਼, ਕੰਮ ਉੱਤੇ ਜਾਣਾ—ਰਾਵਲ ਪਿੰਡੀ, ਔਰ ਕੰਮ ਦੋ ਆਦਮੀਆਂ ਜਿੰਨਾ ਕਰਨਾ, ਸ਼ਬਦ ਪੜ੍ਹਨ ਦਾ ਸ਼ੌਕ। ਮੇਲਾ ਸਿੰਘ ਹੁਰੀਂ ਉੱਥੇ ਚਲੇ ਗਏ, ਸ਼ਬਦ ਪੜ੍ਹਨ ਲੱਗੇ, (ਹਰਨਾਮ ਸਿੰਘ) ਨਾਲ ਆ ਕੇ ਸਾਜ ਵਜਾਉਂਦਾ ਰਿਹਾ। ਜਦੋਂ ਭੋਗ ਪੈ ਗਿਆ, ਮੇਲਾ ਸਿੰਘ ਹੁਰੀਂ ਘਰ ਗਏ। ਹਰਨਾਮ ਸਿੰਘ ਲੈ ਕੇ ਗੜਵੀ ਦੁੱਧ ਦੀ ਗਿਆ—ਕੋਲ।

(ਮੇਲਾ ਸਿੰਘ ਜੀ) ਆਖਣ ਲੱਗੇ,''ਭਜਨ ਪੁੱਛਿਆ ਹੈ ?''

''ਨਹੀਂ ਜੀ।''

ਫਿਰ,''ਭਜਨ ਪੁੱਛ ਲੈ।''

ਅਖੇ,''ਭਜਨ ਤੇ ਮੈਂ ਨਹੀਂ ਪੁੱਛਣਾ।''

ਉਹਨਾਂ ਆਖਿਆ,''ਦੁੱਧ ਨਹੀਂ ਅਸੀਂ ਪੀਣਾ ਤੇਰਾ।''

ਇਥੇ ਤੱਕ ਗੱਲ, ਨੱਥਾ ਸਿੰਘ ਹੁਰੀਂ ਲੋਪੋਕਿਆਂ ਵਾਲੇ, ਅੱਠ ਪਹਿਰ, ਤ੍ਰੇਹ ਲੱਗੀ, ਸ਼ਰਦਾਈ ਬਣਵਾ ਲਈ ਵਡਾਲੇ ਇੱਕ ਸਰਦਾਰ ਕਰਤਾਰ ਸਿੰਘ ਦੇ—ਜੌਹਲਾਂ ਦੇ ਵਡਾਲੇ, ਦਰੋਗੇ ਦੁੱਮਣ ਸਿੰਘ ਦੇ ਪਿੰਡ। (ਕਰਤਾਰ ਸਿੰਘ) ਕਹਿੰਦਾ,''ਬਈ ਮੈਂ ਭਜਨ ਪੁੱਛ ਲਵਾਂਗਾ, ਤੁਸੀਂ ਜਲ ਬਣਾਓ।'' ਸ਼ਰਦਾਈ ਬਣਾਈ ਹੋਈ, ਤ੍ਰੇਹ ਲੱਗੀ ਹੋਈ, ਗਰਮੀ ਦੀ ਰੁੱਤ, ਅੱਠ ਕਿ

ਛੇ ਪਹਿਰ ਲੰਘ ਗਏ। ਜਦੋਂ ਤੁਰਨ ਲੱਗਣ, ਉਹ ਆਖੇ—ਮੈਂ ਭਜਨ ਪੁੱਛ ਲੈਣਾ। ਜਦੋਂ ਮੁੜਕੇ ਆ ਬੈਠਣ, ਆਖੇ—ਮੈਂ ਨਹੀਂ ਪੁੱਛਦਾ।

ਉਹ ਸ਼ਰਦਾਈ ਨਾ ਪੀਣ, ਛੇ ਪਹਿਰ ਤ੍ਰਿਹਾਇਆਂ ਲੰਘਾ ਦਿੱਤੇ। ਜਦੋਂ ਛੇਈਂ ਪਹਿਰੀਂ ਭਜਨ ਪੁੱਛਿਆ ਤਾਂ ਸ਼ਰਦਾਈ ਪੀਤੀ, ਮਾਸ ਸ਼ਰਾਬ ਛਡਾ ਕੇ। ਹੁਣ ਸਾਡਾ ਉਹ ਹਾਲ ਹੈ–

*ਫੀਮ ਮੰਗੇ ਰਿਉੜੀਆਂ, ਪੋਸਤ ਮੰਗੇ ਗੰਨੇ।*
*ਭੰਗ ਵਿਚਾਰੀ ਆਲੀ ਭੋਲੀ ਜੋ ਆਇਆ ਸੋ ਬੰਨੇ।*

ਜਿਥੇ ਜਾਈਏ, ਹੋਟਲ ਆਵੇ, ਕੁਝ ਆਵੇ, ਕਿਸੇ ਕੋਲ ਚਲੇ ਜਾਈਏ, ਕਿਤੇ–

*ਜਾਂ ਕੀ ਰਹਿਤ ਨ ਜਾਣੀਐ ਗੁਰ ਮੰਤ੍ਰ ਨਹੀਂ ਚੀਤ।*
*ਉਨਕਾ ਭੋਜਨ ਖਾਇਕੇ ਬਿਸਰੇ ਹਰਿ ਸਿਉ ਪ੍ਰੀਤ।*

ਕਿਵੇਂ ਉੱਠਕੇ, ਤੜਕੇ ਪੰਜ ਗ੍ਰੰਥੀ ਪੜ੍ਹੀਏ, ਜਦੋਂ ਖਾਣ-ਪੀਣ ਦਾ ਕੋਈ ਟਿਕਾਣਾ ਹੀ ਨਹੀਂ।

*ਜਹਾਂ ਕਹਾਂ ਕਾ ਛਕੇ ਪ੍ਰਸਾਦਿ।*
*ਸਿੱਖ ਨਹੀਂ ਮੇਰਾ ਆਦਿ ਜੁਗਾਦਿ।*

ਇਹ ਮੇਰੀਆਂ ਗੱਲਾਂ ਨਹੀਂ, ਤੁਹਾਡੀਆਂ ਨਹੀਂ—ਬਚੋ, ਧਿਆਨ ਦਿਓ, ਖਿਆਲ ਕਰੋ, ਸਤਿਗੁਰਾਂ ਦੇ ਹੁਕਮਾਂ ਵੱਲ ਝਾਕੋ।

(ਹਰਨਾਮ ਸਿੰਘ) ਜਦੋਂ ਤੁਰ ਕੇ ਬਾਹਰ ਬੂਹਾ ਲੰਘਣ ਲੱਗਾ, ਇੱਕ ਸਿੱਖ ਕਹਿੰਦਾ,''ਮਹਾਰਾਜ ਟੂੰਮ ਬੜੀ ਚੰਗੀ ਸੀ, ਕਿਰਪਾ ਕਰਨੀ ਸੀ, ਇਹਦੇ ਤੇ।''

ਸੱਦ ਲਿਆ, ਮਲੋ ਮੱਲੀ ਫੜ ਕੇ, ਪਾ ਕੇ ਬਾਂਹ ਗੱਲ ਉੱਤੋਂ ਦੀ, ਭਜਨ ਦੱਸ ਦਿੱਤਾ। (ਹਰਨਾਮ ਸਿੰਘ) ਬੇਹੋਸ਼ ਹੋ ਗਿਆ, ਤਿੰਨ ਦਿਨ ਬੇਹੋਸ਼ ਹੀ ਰਿਹਾ। ਸ਼ਬਦ ਵੇਲੇ ਨਾਲ ਸ਼ਬਦ ਪੜ੍ਹਿਆ ਕਰੇ ਫਿਰ ਹੋਸ਼ ਨਾ ਰਹੇ। ਜਿਹੜੀ ਬੋਤਲ ਪੀਂਦਾ ਸੀ ਉਹ ਕਿਧਰੇ ਭੁੱਲ ਗਈ। ਆ ਗਿਆ ਪਿੰਡ। ਗੜ੍ਹਦੀ ਵਾਲੇ ਕੋਲ ਪਿੰਡ ਸੀ, ਦੁਆਬੇ ਵਿੱਚ, ਥੇਂਧਾ ਚਿਪੜਾ। ਉਹਨਾਂ ਦਿਨਾਂ 'ਚ ਲਹਿਰ ਚੱਲੀ ਸੀ—ਲੋਕਾਂ ਦੇ ਲੀੜੇ ਰੰਗ ਕੇ, ਕਾਲੀਆਂ

ਪੱਗਾਂ ਬੰਨਣੀਆਂ। ਉਦੋਂ ਅਕਾਲੀ ਲਹਿਰ ਦਾ ਬੜਾ ਜ਼ੋਰ ਸੀ। ਉਹਨੂੰ ਕਹਿਣ ਲੱਗੇ,''ਤੂੰ ਪੱਗ ਰੰਗ ਲੈ।''

ਕਹਿੰਦਾ,''ਮੈਂ ਤੇ ਨਹੀਂ ਰੰਗਦਾ, ਮੈਂ ਤੇ ਕੂਕਾ ਹਾਂ।'' ਸੀ ਇਕੱਲਾ—ਪਿੰਡ ਵਾਲਿਆਂ ਘੇਰ ਲਿਆ। ਜਦੋਂ ਨਾ ਆਖੇ ਲੱਗਿਆ ਅੰਦਰ ਦੇ ਕੇ, ਜਿੰਦਰਾ ਮਾਰ ਦਿੱਤਾ। ਜਿੰਦਰੇ ਵੱਜੇ ਵਜਾਏ ਪਤਾ ਨਹੀਂ ਲੱਗਿਆ, ਤਿੰਨਾਂ ਕੋਹਾਂ ਤੇ ਗੜ੍ਹਦੀ ਵਾਲੇ—ਉੱਥੇ ਖਜਾਨ ਸਿੰਘ ਜੀ ਮਜ੍ਹਬੀ ਸਿੰਘ ਸਨ—ਉੱਥੇ ਚਲਾ ਗਿਆ। ਉਹ ਬੂਹੇ ਮਾਰੀ ਬੈਠੇ ਰਹੇ—ਉਹ (ਹਰਨਾਮ ਸਿੰਘ) ਉੱਥੇ ਚਲਾ ਗਿਆ। ਉਹ (ਅਕਾਲੀ) ਨਾਲ ਆਏ। ਉਹਨਾਂ (ਖਜਾਨ ਸਿੰਘ ਹੁਰਾਂ) ਆਖਿਆ ਆਓ ਬਈ ਫਿਰ, ਹੁਣ ਜੇ ਤੁਸੀਂ ਇਸੇ ਗੱਲ ਤੇ ਰਾਜ਼ੀ ਹੋ, ਮੱਲੋ ਮੱਲੀ ਕਰਦੇ ਹੋ, ਆਓ, ਅਸੀਂ ਆ ਗਏ ਹਾਂ, ਰੰਗੋ ਇਸ ਦੀ ਪੱਗ। ਇਹ ਹਨ ਰਾਮ ਸਿੰਘ ਘਰ ਘਰ ਹੋਣ ਦੀਆਂ ਨਿਸ਼ਾਨੀਆਂ। ਜਿਹਨੂੰ ਕੋਈ ਨਾ ਜਾਣੇ, ਕੋਈ ਨਾ ਪੁੱਛੇ ਉਹ ਉੱਥੋਂ ਦੀ ਹੋ ਕੇ ਵੀ ਬੋਲ ਪੈਂਦਾ ਹੈ।

*ਵਾਕ ਅਲਾਪ ਕਿ ਸੂਬਨ ਥਾਪ,*

ਸੂਬਿਆਂ ਨੂੰ ਥਾਪਿਆ।

*ਅਧ੍ਰੰਮ ਕੋ ਥਾਪ ਧਰੰਮ ਢੰਢੋਰਾ।*

ਅਧਰਮ ਨੂੰ ਖਪਾਇਆ, ਧਰਮ ਦਾ ਢੰਡੋਰਾ ਦਿੱਤਾ।

*ਬੁਚੜ ਹਾਨ ਗ੍ਰੀਬ ਗਊਆਨ*

ਬੁੱਚੜਾਂ ਨੂੰ ਮਾਰਿਆ ਗਰੀਬਾਂ, ਗਊਆਂ ਦੀ ਰੱਛਿਆ ਵਾਸਤੇ।

*ਬਿਤਾਨ ਤਨੇ ਕਲਿਆਣ ਸੁ ਜੋਰਾ।*

ਬਿਤਾਨ ਤਨੇ—ਜਿਨ੍ਹਾਂ 'ਚ ਨਹੀਂ ਤਾਨ, ਉਹਨਾਂ ਨੂੰ ਤਾਨ ਦਿੱਤਾ, ਪਰ ਬਿਨਾਂ ਤਬੂੰ ਤੋਂ।

*ਸਤਿਗੁਰ ਖੇਮਾ ਤਾਣਿਆ ਜੁਗ ਜੂਥ ਸਮਾਣੇ।*

ਕਲਿਆਣ ਦਾ ਤੰਬੂ ਤਾਣਿਆ, ਬਿਨਾਂ ਹੀ ਕਿਸੇ ਚੀਜ਼ ਤੋਂ, ਕਲਿਆਣ ਕਰਨ ਵਾਸਤੇ।

*ਸੂਖਨ ਖਾਨਿ ਪ੍ਰਕਾਸਕ ਭਾਨ।*

ਸਤਿਗੁਰ ਸੁਖਾਂ ਦੀ ਖਾਨ ਹਨ, ਜੋ ਪ੍ਰਕਾਸ਼ ਰੂਪ ਹਨ, ਸੂਰਜ ਵੱਤ।

*ਸੁ ਰਾਮ ਮ੍ਰਿਗੇਸ ਧਿਆਨ ਨਮੋਰਾ।।੩।।*

ਸੰਤ ਧਿਆਨ ਸਿੰਘ ਜੀ ਕਹਿੰਦੇ ਹਨ—ਐਸੇ ਸਤਿਗੁਰੂ ਰਾਮ ਸਿੰਘ ਨੂੰ ਮੇਰੀ ਨਮਸਕਾਰ ਹੈ। ਹੁਣ ਆਪਾਂ ਏਥੇ ਹੀ ਭੋਗ ਪਾਉਂਦੇ ਹਾਂ ਅੱਜ, ਜ਼ਰਾ ਅਵਾਜ਼ ਨਹੀਂ ਤੁਰਦੀ।

ਮੈਂ ਕੱਲ ਅਰਜ਼ ਕੀਤੀ ਸੀ, ਜਿਹਦੇ 'ਚ ਤ੍ਰਿਲੋਕ ਸਿੰਘ ਹੁਰੀਂ ਉੱਠ ਕੇ ਖਲੋਤੇ ਸੀ। ਕਿਲ੍ਹੇ ਵਾਲਿਆਂ★[੫] ਬਾਬਤ, ਹੁਣ ਕੱਲ੍ਹ ਨੂੰ ਆਪਾਂ ਉਹ ਬਚਨ ਬਲਾਸ ਕਰਾਂਗੇ। ਕਿਸੇ ਨਾਲ ਦੁਸ਼ਮਣੀ ਨਹੀਂ, ਕਿਸੇ ਨਾਲ ਜ਼ਿਦ ਨਹੀਂ, ਲੇਕਿਨ—ਜਿਸ ਜਿਸ ਨੌਕਰੀ ਤੇ ਕੋਈ ਆਦਮੀ ਹੈ, ਉਸਦਾ ਇਹ ਫਰਜ਼ ਹੈ ਕਿ ਉਸ ਚੀਜ਼ ਨੂੰ ਉਹ ਦੱਸੇ ਔਰ ਕੋਈ ਆਦਮੀ ਉਸ ਧੋਖੇ 'ਚ ਨਾ ਆਵੇ। ਮੈਂ ਕੱਲ੍ਹ ਫਿਰ ਅਰਜ਼ ਕਰਾਂਗਾ, ਹੁਣ ਵੇਲਾ ਥੋੜਾ ਹੈ। ਫਿਰ ਜਿਹੜਾ ਅੱਗੇ ਹੋਣ ਵਾਲਾ ਹੈ, ਜੇ ਯਾਦ ਰਹਿ ਗਿਆ, ਉਹ ਸੁਹੇਵਾ ਸਾਹਿਬ ਦਾ ਪ੍ਰਸੰਗ ਗੁਰੂ ਗੋਬਿੰਦ ਸਿੰਘ ਦਾ—ਉੱਥੇ ਕਿਸ ਤਰ੍ਹਾਂ ਪਿੱਪਲ ਹੈ, ਕੀ ਉਹਦਾ ਹਾਲ ਹੈ—ਜੇ ਸਤਿਗੁਰ ਕਿਰਪਾ ਕਰਨਗੇ ਕੱਲ੍ਹ ਨੂੰ, ਸਰੀਰ ਤਕੜਾ ਰਿਹਾ ਫਿਰ ਅਰਜ਼ ਬੇਨਤੀ ਕਰਾਂਗੇ। ਹੁਣ ਸਮਾਪਤੀ ਕਰਕੇ ਨਿਤਨੇਮ ਕਰਨਾ ਹੈ। ਨਿਤਨੇਮ ਤੋਂ ਬਾਅਦ ਜੇ ਹੋਵੇ, ਜੇ ਪੰਡਤ ਜੀ★[੬] ਦਾ ਦੀਵਾਨ ਲੱਗੂ ਤਾਂ ਸੁਣ ਲਿਓ। ਤੜਕੇ ਆਸਾ ਦੀ ਵਾਰ ਦਾ ਕੀਰਤਨ—ਹੁਣ ਮੈਂ, ਮਸਤਾਨੇ ਹੁਰਾਂ ਨੂੰ ਇਹ ਖੇਚਲ ਨਹੀਂ ਹੋਣ ਦਿੰਦਾ—ਉੱਥੇ ਹੀ ਜਿੱਥੇ ਅੱਜ ਸੀ ਹੋਵੇਗਾ। ਜਿਹੜੇ ਸਰੀਰ—ਕੋਈ ਅਨੰਦਾਂ ਵਾਲੇ ਕਾਹਲੇ ਸਨ, ਜਿਨ੍ਹਾਂ ਨੇ ਜਾਣਾ ਹੈ, ਉਹ ਤਿਆਰੀ ਹੁਣ ਕਰ ਕੇ ਹੁਣੇ ਮਸਤਾਨੇ ਹੁਰਾਂ ਨੂੰ ਦੱਸ ਦੇਣ। ਸਮੱਗਰੀ ਦੀ ਤਿਆਰੀ ਕਰ ਲੈਣ ਔਰ ਸਿੰਘ ਜਿਹੜੇ ਹਵਨ ਕਰਨ ਵਾਲੇ ਉਹ ਤਿਆਰ ਹੋ ਕੇ ਤੜਕੇ ਆ ਜਾਣ, ਤਾਂ ਕਿ ਫਿਰ ਦਿਨ ਨਾ ਵੱਡਾ ਚੜ੍ਹੇ, ਅਨੰਦ ਕਰ ਲਈਏ। ਆਸਾ ਦੀ ਵਾਰ ਦਾ ਕੀਰਤਨ ਚਾਰ ਵਜੇ ਉੱਥੇ ਹੀ ਸ਼ੁਰੂ ਹੋਵੇਗਾ, ਰਾਗੀ ਸਿੰਘ ਕਿਰਪਾ ਕਰਨਗੇ। ਹੁਣ ਅਰਦਾਸ ਹੋਣ ਤੋਂ ਬਾਅਦ ਨਿਤਨੇਮ ਹੋਵੇਗਾ। ਅਰਦਾਸਾ ਸੁਣ ਕੇ ਜਿਨ੍ਹਾਂ ਸੱਜਣਾਂ ਦੀ ਮਰਜ਼ੀ ਹੋਵੇ ਜਾਣ ਦੀ, ਉਹ ਚੁੱਪ ਕਰਕੇ

ਜਾਣ। ਮਾਈਆਂ ਬੱਚਿਆਂ ਨੂੰ ਸਾਂਭ ਕੇ ਰੱਖਣ।

ਉਂਝ ਤੇ ਇਹ ਗੱਲ ਹੈ ਬਈ, ਭਾਈ ਹਰਨਾਮ ਸਿੰਘ ਹੁਰੀਂ ਇੱਕ ਸਾਖੀ ਸੁਣਾਉਂਦੇ ਹੁੰਦੇ ਸਨ। ਇੱਕ ਜਗ੍ਹਾ ਗੁਰੂ ਨਾਨਕ ਦੇਵ ਜੀ ਗਏ, ਮਰਦਾਨਾ ਨਾਲ ਸੀ। ਕੁਛ ਆਦਮੀ ਉੱਥੋਂ ਉਠਾ ਦਿੱਤੇ ਗਏ, ਉਸ ਵੇਲੇ। ਉਹਨਾਂ ਆਖਿਆ-ਜੀ ਇਹ ਕੀ ਗੱਲ। ਕਹਿਣ ਲੱਗੇ—ਜਦੋਂ ਅਰਦਾਸ ਹੋਣ ਲੱਗਦੀ ਸੀ, ਇਹ ਭੱਜ ਜਾਂਦੇ ਸੀ ਛੱਡ ਕੇ, ਅਰਦਾਸ ਨਹੀਂ ਸੀ ਸੁਣਦੇ। ਇਹਨਾਂ ਨੂੰ ਹੁਣ ਵੀ ਨਹੀਂ ਇਹਦੇ 'ਚ ਸਮਾਂ ਮਿਲਦਾ ਰਹਿਣ ਦਾ।

ਜੇ ਮੈਂ ਹੁਣ ਗੱਲਾਂ ਕਰੀਂ ਜਾਵਾਂ ਤਾਂ ਤੁਸੀਂ ਘੰਟਾ ਹੋਰ ਬੈਠੇ ਰਹੋਗੇ। ਮੁਆਫ ਕਰਨਾ, ਖਿਮਾਂ ਰੱਖਣੀ, ਜਦੋਂ ਹੁਣ ਭਜਨ ਦਾ ਵੇਲਾ ਆਇਆ—ਕੱਲ੍ਹ ਮੈਂ ਦੇਖਿਆ ਐਥੇ ਬੜੀ ਵਿਰਲ ਕੂਕਿਆਂ ਦੀ। ਜਿਹੜੇ ਤੁਸੀਂ ਮੇਰੇ ਆਏ ਤੋਂ ਵੀ ਇੱਕ ਘੰਟਾ ਭਜਨ ਨਹੀਂ ਕਰਦੇ, ਮੇਰਾ ਚਿਤ ਮੰਨਦਾ ਹੈ, ਮਗਰੋਂ ਤੁਸੀਂ ਬਿਲਕੁਲ ਹੀ ਨਹੀਂ ਕਦੇ ਕਰਦੇ ਹੋਵੋਗੇ। ਉਂਝ ਮੈਂ ਕਹਿ ਨਹੀਂ ਸਕਦਾ ਭਾਵੇਂ ਤੁਸੀਂ ਕਰਦੇ ਹੋਵੋ। ਮੇਰੇ ਚਿਤ ਨੂੰ ਆਉਂਦਾ ਬਈ, ਏਥੇ ਇੱਕ ਘੰਟਾ ਸਾਧ-ਸੰਗਤ 'ਚ ਨਹੀਂ ਬੈਠ ਸਕਦੇ ਤਾਂ ਫੇਰ ਕੌਣ ਕਰਦਾ ਹੋਵੇਗਾ। ਇਹ ਗੱਲ ਯਾਦ ਰੱਖਣ ਵਾਲੀ ਹੈ—ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਐ, ਸਤਿਗੁਰੂ ਰਾਮ ਸਿੰਘ ਜੀ ਨੇ ਸੁਣਾਇਐ—ਕਿ ਭਾਈ ਖਾਲਸਾ ਜੀ ਹੋਰ ਵੀ ਸੁਣ ਲਓ ਸੰਸਾਰ ਦੇ ਦੁੱਖਾਂ ਦੀ ਗੱਲ।

*ਖਲਕ ਖਾਲਕ ਖੀਸ ਈਸ ਮੂਸ,*
*ਹਿੰਦੂ ਖਲਕ ਪੀਸ ਦਿਖਾਊਂ ਦੀਪ।*

ਹੋਊ ਆਟਾ, ਸਣੇ ਰਾਜਿਆਂ, ਪਰਜਿਆਂ, ਨਹੀਂ ਦਲੀਆ ਜ਼ਰੂਰ ਹੋਊ। ਚੱਕੀ ਚੱਲ ਰਹੀ ਹੈ, ਦਾਣੇ ਤਿਆਰ ਹਨ, ਗਲਾ ਪੈਣ ਵਾਲਾ ਹੈ ਅਰ ਪੀਸੇ ਜਾਣ ਦਾ ਵਕਤ ਨੇੜੇ ਆਉਂਦਾ ਜਾਂਦਾ ਹੈ। ਫਿਰ,''ਸੱਚਿਆ ਪਾਤਸ਼ਾਹ ਬਚੇਗਾ ਕੌਣ।''

ਕਹਿੰਦੇ ਨੇ,''ਕਿੱਲੀ ਨਾਲ ਜਿਹੜੇ ਦਾਣੇ ਲੱਗੇ ਰਹਿਣ, ਉਹ ਬਚ ਰਹਿੰਦੇ ਹਨ, ਜਿਹੜੇ ਉਸ ਵੇਲੇ ਨਾਮ ਜਪਣਗੇ, ਉਹ ਬਚਣਗੇ।''

ਜੇ ਕੱਲ੍ਹ ਯਾਦ ਰਿਹਾ ਤੇ ਦੱਸਾਂਗਾ, ਕਿ ਕੂਕਿਆਂ ਦਾ ਨਿੱਤ ਕਰਮ

ਕਿੰਨਾ ਹੋਣਾ ਚਾਹੀਦਾ ਹੈ—ਯਾਦ ਆ ਜਾਏਗਾ, ਕੋਈ ਕਰਾ ਦੇਵੇ। ਹੁਣ ਅਸੀਂ, ਜਿਵੇਂ ਬ੍ਰਾਹਮਣਾਂ ਨੂੰ ਮਖੌਲ ਕਰਦੇ ਹਾਂ ਹਿੰਦੂਆਂ ਨੂੰ, ਬਈ, ਸਾਰੇ ਹੀ ਸਿਰ ਦੇ ਕੇਸ ਹੁੰਦੇ ਸੀ—ਬੋਦੀ ਇਹ ਗੱਲ ਦਸਦੀ ਹੈ ਕਿ ਸਿਰ ਉੱਤੇ ਸੀ, ਹੁਣ ਐਨੀ ਕੂ ਰਹਿ ਗਈ। ਕੂਕੇ ਵੀ ਅੱਠ ਪਹਿਰ ਭਜਨ ਕਰਨ ਵਾਲੇ ਹੁੰਦੇ ਸੀ, ਹੁਣ ਬੋਦੀ ਵਾਂਗੂੰ ਇੱਕ ਘੰਟਾ, ਉਹ ਵੀ ਪੂਰਾ ਕਰਨ ਤੋਂ..........। ਅੱਜ ਕੱਲ ਜੈਂਟਲ ਮੈਨੀ ਫੈਸ਼ਨ ਨਾਲ ਬੋਦੀਆਂ ਵੀ ਕਟਾ ਦਿੱਤੀਆਂ। ਸੋ ਸਾਡਾ ਵੀ ਏਹੋ ਹਾਲ ਹੈ, ਅਸੀਂ ਇੱਕ ਘੰਟਾ ਬੈਠਣੋ ਵੀ ਭੱਜ ਜਾਂਦੇ ਹਾਂ। ਸੋ ਇਹ ਸਾਧ ਸੰਗਤ ਅੱਗੇ ਅਰਜ਼ ਹੈ, ਤੁਹਾਡਾ ਕੰਮ ਹੈ—ਨਾਮਧਾਰੀ ਤਾਂ ਹੀ ਹੋ, ਜੇ ਨਾਮ ਜਪੋ, ਜੇ ਨਹੀਂ ਤਾਂ ਲਾਮਧਾਰੀ ਹੋ ਜਾਈਦਾ ਹੈ। ਸਾਧ ਸੰਗਤ ਉੱਠੇ, ਅਰਦਾਸ ਕਰ ਲਈਏ, ਜਿਨ੍ਹਾਂ ਜਾਣਾ ਹੋਵੇ—ਸੱਜਣਾਂ ਨੇ, ਅਰਦਾਸ ਤੋਂ ਬਾਅਦ ਹੌਲੀ ਹੌਲੀ ਰੌਲਾ ਪਾਉਣ ਤੋਂ ਬਿਨਾ ਜਾਣ।

## ਸ਼ਬਦਾਰਥ

੧ ਡਰਾਉਣਾ, ਭਿਆਨਕ।
੨ ਸ਼ਰੀਫ਼ ਆਦਮੀ ਵਰਗਾ ਵੇਸ, ਪੰਚ।
੩ ਠੱਗੀਆਂ ਵਿੱਚ ਰਚੇ ਹੋਏ।
੪ ਸੋਨੇ ਅਤੇ ਲੜਕਿਆਂ ਵਿੱਚ ਰਚੇ ਹੋਏ ਹਨ।
੫ ਮਖੌਲ ਨਾਲ ਬੋਲਣਾਂ।
੬ ਇਕੱਤਰ ਕਰਨਾ।
੭ ਆਸਰਾ।
੮ ਨਾਸ ਕਰਨਾ।
੯ ਨਮਸਕਾਰ।
੧੦ ਸਰੇਸ਼ਟ ਕਰਮ, ਭਲੇ ਕੰਮ।
੧੧ ਮੰਦੇ ਕਰਮ, ਬੁਰਿਆਈਆਂ।
੧੨ ਪ੍ਰੇਮ ਬੰਦਗੀ।
੧੩ ਤਪੇ ਜਾ ਰਹੇ ਹਨ।
੧੪ ਜੋਗੀ।
੧੫ ਸਖੀ, ਦਾਨੀ, ਉਦਾਰਤਾ।
੧੬ ਮੂੰਹ ਉੱਤੇ।
੧੭ ਖਾਂਦੇ, ਸਹਾਰਦੇ ਹਨ।
੧੮ ਲੋਹਾ, ਸ਼ਸਤਰਾਂ ਦੇ ਵਾਰ।

੧੯ ਚੁੱਪ ਧਾਰੀ।

੨੦ ਬਿਰਤੀ।

੨੧ ਇੱਕ ਰਸ।

੨੨ ਮਹਾਂ, ਬਹੁਤ।

੨੩ ਪਰਾਇਆ ਹੱਕ।

੨੪ ਖਾਣ ਵਾਲੇ।

੨੫ ਕਤਲ, ਪ੍ਰਾਣਾਂ ਨੂੰ ਸਰੀਰ ਤੋਂ ਵਿਛੋੜਨ ਦੀ ਕ੍ਰਿਯਾ।

੨੬ ਝੂਠੇ।

੨੭ ਫਿਰਦੇ ਹਨ।

੨੮ ਪਾਪ ਕਰਨ ਵਾਲਾ ਪੁਰਸ਼, ਵੌਧਾਯਕ ਰਿਖੀ ਅਨੁਸਾਰ—ਗਊ ਦਾ ਮਾਸ ਖਾਂਦਾ ਹੈ, ਵੇਦ ਵਿਰੁੱਧ ਬੋਲਦਾ ਹੈ ਅਤੇ ਜਿਸਦਾ ਉੱਤਮ ਆਚਾਰ ਨਹੀਂ, ਉਹ ਮਲੇਛ ਹੈ।

੨੯ ਮੈਲਾ, ਨਾ ਖਾਣ ਯੋਗ।

੨੮ ਖਾਣਾ।

੩੦ ਫਜ਼ੂਲ।

੩੧ ਜੂਨਾਂ ਵਿੱਚ ਆਉਂਦਾ ਹੈ।

੩੨ ਦੁੱਖ।

੩੩ ਮਾਇਆ ਤੋਂ ਨਿਰਲੇਪ।

੩੪ ਪਿਤਾ।

੩੫ ਭਾਈ।

੩੬ ਬਾਲਕ ਨੂੰ ਪਾਲਣ, ਖਿਡਾਉਣ ਵਾਲਾ।

੩੭ ਮਰਨ ਦਾ ਹੁਕਮ।

੩੮ ਵਿਸ਼ਨੂੰ ਜੀ।

੩੯ ਤਾਕਤ, ਸ਼ਕਤੀ।

੪੦ ਜੋਗੀ, ਦੱਤਾ ਤ੍ਰੇਯ।

੪੧ ਸੁਰ ਅਤੇ ਅਸੁਰ।

੪੨ ਸੱਪ।

੪੩ ਪੂਰਬ, ਪਛਮ, ਉਤਰ, ਦਖਣ।

੪੪ ਉਪਦਿਸ਼ਾ--ਪਾਰਬਤੀ ਕੋਣ, ਪੱਛਮੋਤ੍ਰੀ ਕੋਣ, ਪੂਰਬ ਦੱਖਣ ਦੀ ਕੋਣ, ਪੱਛਮ ਦੱਖਣ ਦੀ ਕੋਣ, ਉਤਾਹਾਂ ਤੇ ਹਿਠਾਹਾਂ।

੪੫ ਕਾਲ ਅਧੀਨ।

੪੬ ਕਾਲ ਪੁਰਖ।

੪੭ ਕਿਹੋ ਜਿਹੇ ਹਨ।

੪੮ ਵਿਸਥਾਰ, ਪਸਾਰ।

੪੯ ਡੂੰਘੀ ਖੋਜ ਵਿਚਾਰ।

੫੦ ਸੋਨੇ।

੫੧ ਇਸਤ੍ਰੀ।

੫੨ ਆਯੂ।

੫੩ ਬੁਢੇਪਾ।

੫੪ ਖਾਦੀ।

੫੫ ਕਮਜ਼ੋਰ।

੫੬ ਹਜ਼ਾਰ।

੫੭ ਰਜਦਾ।

੫੮ ਇਕੱਠਾ ਕਰੀਏ।

੫੯ ਅੱਗ।

## ਟਿੱਪਣੀਆਂ

★੧ ਪਹਿਲੇ ਸਵੈਯਾ ਦੀ ਕਥਾ ਟੇਪਾਂ ਵਿੱਚੋਂ ਉਪਲਬਧ ਨਾ ਹੋਣ ਕਰਕੇ ਇਹ ਸਤਿਗੁਰ ਬਿਲਾਸ ਪਾ:੧੨ ਵਿੱਚੋਂ ਜਿਉਂ ਦਾ ਤਿਉਂ ਹੇਠਾਂ ਦਿੱਤਾ ਜਾ ਰਿਹਾ ਹੈ।

ਕਾਰਨ ਹੈ ਜਗ ਕੋ ਜਹਿ ਨਾਮ ਸੁ ਆਮ ਧਿਆਵਤ ਹੈ ਨਿਸ ਭੋਰਾ।
ਕੀਰਤਿ ਕੀ ਰਤ ਦੈ ਨਿਜ ਪੰਥ ਦਸਮ ਗੁਰੂ ਮਗ ਤੋਰਿਯਸ ਤੋਰਾ।
ਸੇਵਕ ਜੇ ਸਰਨਾਇ ਗਿਰੇ ਭ੍ਰਮ ਕਾਟ ਮਿਟਾਵਤ ਹੈ ਕੁਲ ਝੋਰਾ।
ਨਾਮ ਲਿਯੇ ਦੁਖ ਭੂਖ ਮਿਟੈ ਗੁਰ ਰਾਮ ਮ੍ਰਿਗਿੰਦ ਸਹਾਇਕ ਮੋਰਾ।੧।

★੨ ਸੋਲ੍ਹਾਂ ਕਲਾਂ —

| | | |
|---|---|---|
| ੧ ਗਿਆਨ | ੬ ਧਰਮ | ੧੧ ਜਤ |
| ੨ ਧਿਆਨ | ੭ ਦਾਨ | ੧੨ ਅਧਿਆਤਮ |
| ੩ ਸ਼ੁਭ ਕਰਮ | ੮ ਵਿੱਦਿਆ | ੧੩ ਦਇਆ |
| ੪ ਹਠ | ੯ ਭਜਨ | ੧੪ ਨੇਮ |
| ੫ ਸੰਜਮ | ੧੦ ਸ਼ੁਭ ਪ੍ਰੇਮ | ੧੫ ਚਤੁਰਤਾ |
| | | ੧੬ ਨਿਰਮਲ ਬੁੱਧੀ |

★੩ ਸ਼ਬਦ ਦੀ ਧਾਰਨਾ

| | | | |
|---|---|---|---|
| | | | ਪ ਮ |
| | | | ਮੁਰ ਲੀ |
| ਪ ਧ ਧ – | – ਪ ਪ ਧ | ਧ –ਧ ਧ ਧ | ਪ – ਪ ਮ |
| ਵ ਜੀ ਏ | ਸਤਿ ਗ ਰੂ | ਰਾ ਮ ਸਿੰ ਘ | ਦੀ ਮੁਰ ਲੀ |
| ਪ ਧ ਧ – | – | | |
| ਵ ਜੀ ਏ | | | |

★੪ ਬਾਬਾ ਹਰਨਾਮ ਸਿੰਘ ਜੀ।
★੫ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ।
★੬ ਪੰਡਤ ਗੋਪਾਲ ਸਿੰਘ ਜੀ।

# ਬੈਂਕੋਕ ੧੯-੨-੧੯੫੪

## ਗੁਰ ਸਿੱਖਾਂ ਦਾ ਨਿਆਰਾਪਣ

*ਗਾਇ ਛੁਟਾਇ ਸਹਾਇਤ ਕੀ ਜਿਵ,*
*ਆਇ ਤਰਾਜ ਫਰੰਗਨ[1] ਛੁਟੀ।*
*ਬੂਚੜ ਭੂਮਿ ਸੇ ਉੱਚੜ ਗੇ,*

ਜਿਹੜੇ ਬੁੱਚੜ ਸਨ, ਉਹ ਧਰਤੀ ਦੇ ਉੱਤੋਂ ਉੱਜੜ ਗਏ, ਜਿਸ ਤਰ੍ਹਾਂ ਰੰਬੇ ਨਾਲ ਘਾਹ ਉਖੇੜ ਲਈਦਾ ਹੈ।

*ਤੇਜਾਬ ਲਗੇ ਧਦਰੀ ਜੜ ਪੁੱਟੀ।*

ਜਿਸ ਤਰ੍ਹਾਂ ਤੇਜਾਬ ਲੱਗ ਜਾਏ ਨ, ਤੇ ਧਦਰੀ ਦੀ ਜੜ੍ਹ ਨਿਕਲ ਜਾਂਦੀ ਹੈ, ਉਤਾਂਹ ਉੱਖੜ ਜਾਂਦੀ ਹੈ ਵਿੱਚੋਂ ਜੜ੍ਹਾਂ ਸਣੇ।

*ਨਿਆਰਾ ਕੀਆ ਜਗ ਸੇ ਨਿਜ ਸਿੰਘਨ,*

ਆਪਣੇ ਸਿੰਘਾ ਨੂੰ ਜਗਤ ਤੋਂ ਨਿਆਰਾ ਕੀਤਾ। ਪੁਰਾਣੇ ਸਾਧ ਕਿਸੇ ਵੇਲੇ ਜਦੋਂ ਜੈਕਾਰਾ ਬੁਲਾਉਂਦੇ ਤਾਂ ਉਹ ਕਹਿੰਦੇ—

*ਸਤਿਗੁਰੂ ਰਾਮ ਸਿੰਘ ਦੇ ਬਲਿਹਾਰੇ,*
*ਜਿਸ ਤੀਨ ਲੋਕ ਤਾਰੇ,*
*ਜਗਤ ਤੋਂ ਕਢ ਕੇ ਕਰ ਲਏ ਨਿਆਰੇ।*

—ਕਿਉਂਕਿ ਏਨੇ ਨਿਆਰੇ ਸਨ ਨਾਮਧਾਰੀ ਉਸ ਵੇਲੇ ਦੇ, ਕਿਸੇ ਦੇ ਸਕੇ ਭਰਾ ਦੇ ਘਰ ਸ਼ਾਦੀ ਹੋਵੇ, ਵਿਆਹ ਹੋਵੇ, ਜਿਹਦਾ ਭਜਨ ਨ ਪੁੱਛਿਆ

ਹੋਵੇ, ਉਸਦੀ ਸੁੱਕੀ ਰਸਦ ਵੀ ਲੈ ਕੇ ਨਹੀਂ ਸਨ ਖਾਂਦੇ। ਹੁਣ ਸਾਡਾ ਹਿਸਾਬ ਹੋ ਗਿਐ–

*ਫੀਮ ਮੰਗੇ ਰਿਉੜੀਆਂ, ਪੋਸਤ ਮੰਗੇ ਗੰਨੇ।*
*ਭੰਗ ਵਿਚਾਰੀ ਆਲੀ ਭੋਲੀ ਜੋ ਆਇਆ ਸੋ ਬੰਨੇ।*

ਜਿੱਥੇ ਭੀ ਚਲੇ ਜਾਈਏ, ਜਿੱਥੇ ਭੀ ਬੈਠੀਏ—ਨਹੀਂ ਦੇਖਣਾ ਇਹ ਮਾਸ ਖਾਂਦਾ ਹੈ—ਨਹੀਂ ਦੇਖਣਾ ਇਹ ਸ਼ਰਾਬ ਪੀਂਦਾ ਹੈ—ਨਹੀਂ ਦੇਖਣਾ ਇਹਦਾ ਕੀ ਹਾਲ ਹੈ—ਇਹਦਾ ਕੀ ਕਰਮ ਹੈ। ਜਿੱਥੇ ਬਹਿ ਜਾਈਏ ਉੱਥੇ ਹੀ ਹੱਥ ਅੱਡ ਦੇਈਦੇ ਹਨ। ਤਾਂ, ਕਹਿੰਦੇ ਹਨ—ਨਿਆਰੇ ਕੀਤੇ ਜਗਤ ਤੋਂ ਸਤਿਗੁਰਾਂ ਨੇ।

*ਤੋਰਕ ਹਿੰਦ ਸਭੀ ਲਜ ਸੁੱਟੀ।*

ਆਪਣੇ ਪੰਥ ਨੂੰ ਨਿਆਰਾ ਕੀਤਾ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ ਸੀ। ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਥ ਦੀਆਂ ਨਿਸ਼ਾਨੀਆਂ ਬਣਾਈਆਂ, ਜੋ ਹੁਕਮ ਦਿੱਤਾ, ਸਤਿਗੁਰੂ ਸੱਚੇ ਪਾਤਸ਼ਾਹ ਨੇ ਪੂਰਾ ਕੀਤਾ ਹਿੰਦੂਆਂ, ਤੁਰਕਾਂ ਦੀ ਲੱਜਿਆ ਛੱਡ ਕੇ।

*ਸਾਧਨ ਸੋਧ ਸੁਧਾ ਹਰਿ ਨਾਮ,*

ਕੀ ਕੀਤਾ—ਸਾਧਨ, ਸਾਧਨ ਐਸੇ ਦੱਸੇ ਜਿਹਦੇ ਨਾਲ ਸੋਧਿਆ ਜਾਏ ਮਨ—ਬਾਹਰਲੇ ਜਲ ਕਰਕੇ, ਮਿੱਟੀ ਕਰ ਕੇ, ਅੰਦਰਲੇ ਨਾਮ ਜਪ ਕੇ, ਬਾਣੀ ਪੜ੍ਹ ਕੇ। ਅੰਮ੍ਰਿਤ ਦਿੱਤਾ ਨਾਮ ਰੂਪ ਸਤਿਗੁਰਾਂ ਨੇ।

*ਗ੍ਰੰਥ ਬਿਧੀ ਜਿਨਕੇ ਪੰਥ ਲੁਟੀ।।੪।।*

ਫਿਰ ਕੀ ਕਹਿੰਦੇ ਨੇ—*ਗ੍ਰੰਥ ਬਿਧੀ ਜਿਨਕੇ ਪੰਥ ਲੁਟੀ*—ਜਿਹੜੀ ਵਿਧੀ ਗੁਰਬਾਣੀ ਵਿੱਚ ਲਿਖੀ ਹੋਈ ਸੀ ਕਿ ਸਿੱਖ ਕੀ ਹੋਣਾ ਚਾਹੀਦਾ ਹੈ, ਜਿਹੜੀ ਗੱਲ ਗੁਰੂ ਰਾਮ ਦਾਸ ਸਾਹਿਬ ਸੱਚੇ ਪਾਤਸ਼ਾਹ ਗਉੜੀ ਰਾਗ ਦੀ ਵਾਰ ਵਿੱਚ ਕਹਿੰਦੇ ਹਨ–

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।**
**ਉਦਮੁ ਕਰੇ ਭਲਕੇ[੨] ਪਰਭਾਤੀ[੩],**

**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।**

ਜਿੱਥੇ ਵੀ ਕੋਈ ਬੈਠਾ ਹੈ, ਜੇ ਉਹ ਸਣੇ ਕੇਸੀ ਇਸ਼ਨਾਨ ਕਰਦਾ ਹੈ, ਉਹਦਾ ਅੰਮ੍ਰਿਤਸਰ ਦਾ ਇਸ਼ਨਾਨ ਹੋ ਜਾਂਦਾ ਹੈ। ਫਿਰ ਇਸ਼ਨਾਨ ਕਰਕੇ—

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,**

—ਜਿਹੜਾ ਸਤਿਗੁਰਾਂ ਨੇ ਉਪਦੇਸ਼ ਦਿੱਤਾ ਹੋਇਆ ਹੈ, ਜਿਹੜਾ ਸਤਿਗੁਰੂ ਕੋਲੋਂ ਭਜਨ ਪੱਛਿਆ ਹੈ, ਉਸਦਾ ਜਾਪ ਕਰੇ।

**ਸਭਿ ਕਿਲਵਿਖ[੪] ਪਾਪ ਦੋਖ ਲਹਿ ਜਾਵੈ।।**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,**

ਬਾਣੀ ਦਿਨ ਚੜ੍ਹੇ ਪੜ੍ਹੇ।

**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।।**

ਇਹਦੇ ਅਰਥ ਕਰਨ ਦੀ ਕੀ ਲੋੜ ਹੈ। ਫਿਰ ਕਹਿੰਦੇ ਹਨ—ਮੈਂ ਜਿਹੜੀ ਪਰਸੋਂ ਅਰਜ਼ ਕੀਤੀ ਸੀ ਕਿ ਕੱਲ੍ਹ—

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ।।**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।**

*- ਵਾਰ ਗਉੜੀ ਮ:੪, ਪੰਨਾ-੩੦੫*

**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ**—ਇਹ ਬਿਧੀ ਜਿਹੜੀ ਲਿਖੀ ਹੋਈ ਸੀ। ਤਾਂ, ਸੰਤ ਧਿਆਨ ਸਿੰਘ ਜੀ ਕਹਿੰਦੇ ਹਨ—*ਗ੍ਰੰਥ ਬਿਧੀ ਜਿਨਕੇ ਪੰਥ ਲੁਟੀ*—ਜਿਹਨਾਂ ਦੇ ਪੰਥ ਨੇ ਜਿਹੜੀ ਬਿਧੀ ਸਤਿਗੁਰਾਂ ਨੇ ਸਿੱਖ ਦੀ ਲਿਖੀ ਸੀ, ਭਾਈ ਗੁਰਦਾਸ ਜੀ ਕਹਿੰਦੇ ਨੇ-

*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਪਿਛਲ ਰਾਤੀ[੫] ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਅੰਮ੍ਰਿਤੁ ਵੇਲੈ ਸਰਿ ਨਾਵੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਹੋਇ ਇਕ ਮਨਿ ਗੁਰ ਜਾਪੁ ਜਪੰਦੇ।*

*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਸਾਧ ਸੰਗਤਿ ਚਲਿ ਜਾਇ ਜੁੜੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਗੁਰਬਾਣੀ ਨਿਤਿ ਗਾਇ ਸੁਣੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਮਨਿ ਮੇਲੀ ਕਰਿ ਮੇਲਿ ਮਿਲੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ, ਭਾਇ ਭਗਤਿ ਗੁਰਪੁਰਬ ਕਰੰਦੇ।*
*ਗੁਰ ਸੇਵਾ ਫਲੁ ਸੁਫਲ ਫਲੰਦੇ।*

*– ਵਾਰ ੧੨, ਪਉੜੀ–੨*

ਗੁਰੂ ਦੀ ਸੇਵਾ, ਗੁਰੂ ਦੀ ਸੇਵਾ ਕੀ ਹੈ—ਗੁਰੂ ਦਾ ਹੁਕਮ ਮੰਨਣਾ। ਜੋ ਗੁਰੂ ਨੇ ਆਖਿਆ ਹੈ, ਉਹਦੇ ਤੇ ਜਿਹੜਾ ਚੱਲੇ ਉਹੋ ਹੀ ਗੁਰੂ ਦੀ ਸੇਵਾ ਹੈ। ਸਤਿਗੁਰੂ ਦੀ ਸੇਵਾ ਕਰਨੀ ਇਹੋ ਹੈ—ਨਾਮ ਜਪਣਾ, ਇਸ਼ਨਾਨ ਕਰਨਾ, ਦਾਨ ਦੇਣਾ। ਜਿਹੜਾ ਸਤਿਗੁਰਾਂ ਨੇ ਹੁਕਮ ਦਿੱਤਾ ਹੈ, ਉਹ ਸਤਿਗੁਰੂ ਦੀ ਸੇਵਾ ਹੈ। ਉਹ ਕਹਿੰਦੇ ਨੇ–

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।।**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ[੬] ਭੰਨੇ[੭]।।**
**ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ।।**

*– ਮ:੪, ਪੰਨਾ–੩੧੪*

ਤਾਂ, ਗ੍ਰੰਥ ਦੀ ਬਿਧੀ ਜਿਸਦੇ ਪੰਥ ਨੇ ਲੁੱਟੀ।

*ਬਾਦ ਤੁਰਕਾਨ ਹਿੰਦਾਨ ਬਿਲਾਨ[੮],*

ਤੁਰਕਾਂ ਨਾਲ, ਤੁਰਕਾਂ ਨੂੰ ਬਾਦ ਸਮਝਿਆ ਔਰ ਹਿੰਦੂ ਵੀ ਜਿਨ੍ਹਾ ਤੋਂ ਡਰੇ।

*ਸੁਆਨ[੯] ਸਮਾਨ ਕਿਤੀ ਕਰ ਹੁੱਟੀ।*

ਬਾਦ ਕੀਤਾ ਤੁਰਕਾਂ ਨੇ ਭੀ, ਹਿੰਦੂਆਂ ਨੇ ਭੀ, ਬਿੱਲਿਆਂ ਨੇ ਭੀ, ਅੰਗ੍ਰੇਜ਼ਾਂ ਨੇ ਭੀ ਕੀਤਾ। ਦੇਖੋ ਪੜ੍ਹ ਕੇ 'ਜੁਗ ਪਲਟਾਊ ਸਤਿਗੁਰੂ'। ਕੋਈ ਪੰਜਾਬ ਦਾ ਰਈਸ, ਕੋਈ ਮਹੰਤ, ਕੋਈ ਸਰਦਾਰ, ਕੋਈ ਸ਼ਾਹੂਕਾਰ, ਕੋਈ ਜ਼ੈਲਦਾਰ, ਨੰਬਰਦਾਰ, ਨਹੀਂ ਰਹਿ ਗਿਆ ਜਿਨ੍ਹੇ, ਸਤਿਗੁਰਾਂ ਦੇ ਬਰਖਲਾਫ ਦਸਖਤ ਨਹੀਂ ਕੀਤੇ। ਕਹਿੰਦੇ ਨੇ—ਬਾਦ ਕੀਤਾ, ਤੁਰਕਾਂ ਨੇ ਭੀ, ਹਿੰਦੂਆਂ ਨੇ ਭੀ, ਤੇ ਬਿੱਲਿਆਂ ਨੇ ਭੀ।

## ਨਿਯਮਾਂ ਦੀ ਪਾਲਣਾ

*ਸੁਆਨ ਸਮਾਨ ਕਿਤੀ ਕਰ ਹੁੱਟੀ।*

ਤਾਂ, ਸਾਰੇ ਆਪਨਾ ਜ਼ੋਰ ਲਾ ਰਹੇ ਕੁਛ ਨਾ ਬਣਿਆ। ਕਿਸ ਤਰ੍ਹਾਂ ਨਾ ਬਣਿਆ—ਉਦੋਂ ਦੇ ਸਿੱਖ ਜਿਹੜੇ ਸਨ, ਉਹ ਸਾਡੇ ਵਰਗੇ ਨਹੀਂ ਸਨ ਦੇਖਣ ਮਾਤਰ। ਉਹਨਾਂ ਦੀ ਖੇਡ ਬੜੀ ਉੱਚੀ ਗਈ ਹੋਈ ਸੀ, ਕੋਈ ਇੱਕ ਦੂਸਰੇ ਦੀ ਗੱਲ ਨਹੀਂ ਸੀ ਕਰਦਾ। ਦੋ ਸਿੱਖ ਰਾਮਗੜੀਏ ਫਿਰੋਜ਼ਪੁਰ ਵਿੱਚ ਰਹਿੰਦੇ ਸਨ—ਲਹਿੰਦੇ ਪਾਸੇ ਜੋੜੀਆਂ ਵਾਲਾ ਦਰਵਾਜ਼ਾ, ਉੱਥੇ ਬਾਬਾ ਜਵਾਲਾ ਸਿੰਘ ਜੀ—ਚੜ੍ਹਦੇ ਪਾਸੇ ਬਾਬੇ ਕਾਹਨ ਸਿੰਘ ਹੁਰੀਂ। ਗੁਰੂ ਬਾਲਕ ਸਿੰਘ ਜੀ ਦੀ ਤਸਵੀਰ ਉਹਨਾਂ ਨੇ ਆਪਨੀ ਹੱਥੀਂ ਬਣਾਈ ਹੈ, ਉਹਨਾਂ ਨੇ ਦਰਸ਼ਨ ਕੀਤਾ ਸੀ ਹਜਰੋਂ ਸਾਹਿਬ ਜਾ ਕੇ। ਦੋਹਾਂ ਨੇ ਰਲ ਕੇ ਰਾਤ ਨੂੰ ਕਥਾ ਕਰਨੀ। ਜਿਹਦੇ ਡੇਰੇ ਕਥਾ ਹੋਣੀਂ ਦੂਜੇ ਨੇ ਆਖਣਾ—ਭਾਈਆ, ਤੂੰ ਹੁਣ ਇਕੱਲਾ ਜਾਏਂਗਾ। ਉਹਨੇ ਉਹਦੇ ਨਾਲ ਤੁਰ ਪੈਣਾ, ਸਤਿਗੁਰਾਂ ਦੇ ਬਚਨ ਕਰਦੇ ਜਾਣਾ। ਉੱਥੋਂ ਉਹ, ਸਾਰੀ ਰਾਤ ਏਵੇਂ ਨਿਭ ਜਾਣੀ।

ਗੁਰਦੁਆਰੇ ਭੈਣੀ ਸਾਹਿਬ ਪੁਲਸ ਦਾ ਪਹਿਰਾ ਹੈ। ਬਾਹਰੋਂ ਕੋਈ ਆਦਮੀ ਆਉਣਾ ਨਹੀਂ ਮਿਲਦਾ। ਰਾਮਸਰ ਦਾ ਤਲਾਅ ਹੈ। ਇਹਦੇ ਵਿੱਚ ਮੀਂਹ ਦਾ ਪਾਣੀ ਉੱਚੇ ਥਾਂ ਖਲੋਤਾ ਹੈ। ਸਿੱਖ ਜਿਹੜੇ ਰਾਤ ਨੂੰ ਚੋਰੀ ਆਉਂਦੇ ਹਨ, ਪਿੰਡਾਂ ਵਿੱਚ ਨਹੀਂ ਵੜਨਾ ਮਿਲਦਾ। ਉਹ ਰਾਤ ਨੂੰ ਆ ਕੇ ਤਲਾਅ ਦੀ ਕਾਰ ਕੱਢਦੇ ਸਨ—ਹਨੇਰੇ, ਰਾਤ ਵਿੱਚ। ਰਾਤ ਨੂੰ ਤਲਾਅ ਪੁੱਟਦਿਆਂ-ਪੁੱਟਦਿਆਂ ਇੱਕ ਵੱਜਿਆ ਰਾਤ ਦਾ। ਇੱਕ ਬਾਬੇ ਸੰਤਾ ਸਿੰਘ ਹੁਰੀਂ ਹੁੰਦੇ ਸੀ ਉੱਥੇ, ਬੜਾ ਭਾਰਾ ਸਰੀਰ ਸੀ। ਸਿੰਘ ਥੱਲੇ ਕਾਰ ਕੱਢਦੇ ਸੀ। ਉਹ (ਸੰਤਾ ਸਿੰਘ) ਉੱਤੇ ਜਿਹੜਾ ਪਾਣੀ ਖਲੋਤਾ ਸੀ, ਉਹਦੇ ਵਿੱਚ ਜਾ ਕੇ ਉਹ ਪਲੇਟੀ ਮਾਰਨ ਲੱਗ ਪਏ, ਇਸ਼ਨਾਨ ਕਰ ਆਏ ਇੱਕ ਵਜੇ।

ਅੱਜ ਕੱਲ੍ਹ ਵਰਗੀ ਸਾਡੀ ਗੱਲ ਨਹੀਂ ਸੀ ਨ, ਬਈ ਸੂਰਜ ਚੜ੍ਹੇ ਛੇ ਵਜੇ ਤੇ ਅਸੀਂ ਉੱਠੀਏ ਅੱਠ ਵਜੇ। ਸਿੱਖ ਤੜਕੇ ਇਸ਼ਨਾਨ ਕਰਦੇ ਸੀ, ਉਹਨਾਂ ਨੂੰ ਕੀਮਤ ਸੀ ਉਸ ਚੀਜ਼ ਦੀ। ਜਿਸ ਤਰ੍ਹਾਂ ਤੁਹਾਡੀ ਜਿਸ ਦਿਨ

ਵਾਰੀ ਹੁੰਦੀ ਹੈ ਬਈ, ਉਗਰਾਹੀ ਲੈਣ ਫਲਾਣੇ ਥਾਂ ਜਾਣਾ ਹੈ, ਗੱਡੀ ਇੱਕ ਵਜੇ ਤੁਰਨੀ ਹੈ ਤਾਂ ਬਾਰਾਂ ਵਜੇ ਹੀ ਰਾਤ ਨੂੰ ਸੁੱਤੇ ਉੱਠ ਕੇ ਗੱਡੀ ਦੇ ਸਟੇਸ਼ਨ ਤੇ ਜਾ ਖਲੋਂਦੇ ਹੋ। ਉਹਨਾਂ ਦਾ ਇਹ ਨਿਯਮ ਸੀ—ਸਾਡੀ ਗੱਡੀ ਨਾ ਕਿਧਰੇ ਲੰਘ ਜਾਏ। ਉਹ ਆਪਣੇ ਨਿਯਮ ਨੂੰ ਨਹੀਂ ਸਨ ਛੱਡਦੇ।

ਉਹ ਮਾਤਾ ਭੋਲੀ, ਗੁਰੂ ਹਰੀ ਸਿੰਘ ਦੇ ਕੋਲ ਰਹੀ। ਸਤਿਗੁਰਾਂ ਭੀ ਲਿਖਿਆ ਹੈ—ਬੀਬੀ ਉੱਤਮੀ ਨੂੰ ਲੀੜਾ ਕਪੜਾ ਦੇਣਾ ਰੁੱਤ ਰੁੱਤ ਦਾ—ਪੰਜ ਗ੍ਰੰਥ ਬਾਣੀ, ਢਾਈ ਮਾਲਾ ਪੱਕੀਆਂ ਫੇਰਨੀਆਂ ਔਰ ਗੋਹਾ ਕੂੜਾ ਕਰਨਾ —ਅੱਸੀ ਸਾਲ ਦੀ ਉਮਰ ਵਿੱਚ। ਇਹਨੂੰ (ਮਾਈ ਭੋਲੀ ਨੂੰ) ਭਾਈ ਵਜ਼ੀਰ ਸਿੰਘ ਨੇ ਆਖਿਆ—ਅੱਜ ਬਾਣੀ ਨਹੀਂ ਪੜ੍ਹੀ ਗਈ। ਇਹਨੂੰ (ਮਾਈ ਭੋਲੀ) ਕਹਿੰਦੀ ਹੈ,''ਤੈਨੂੰ ਰੋਟੀ ਕਿਵੇਂ ਸਵਾਦ ਲੱਗੀ ਹੈ ਅੱਜ, ਜੇ ਤੂੰ ਨਿਤਨੇਮ ਨਹੀਂ ਕੀਤਾ ਤੈਨੂੰ ਰੋਟੀ ਕਿਵੇਂ ਸਵਾਦ ਲੱਗੀ ਹੈ ਅੱਜ।'' ਉਹਨਾਂ ਦੇ ਵਿੱਚ ਇਹ ਚੀਜ਼ ਸੀ।

ਉਹ ਇਸ਼ਨਾਨ ਕਰਨ ਲੱਗੇ, ਉੱਥੋਂ ਢਿੱਗ ਡਿੱਗ ਪਈ, ਭਾਈ ਰਣ ਸਿੰਘ ਹੁਰੀਂ ਸਿੰਘ ਸਨ, ਉਹ ਥੱਲੇ ਆ ਗਏ। ਆ ਪਤਾ ਲੱਗਿਆ ਡੇਰੇ ਵਿੱਚ। ਦੂਏ ਸਿੰਘ ਨਾਲਦੇ ਨੇ ਦੱਸਿਆ। ਅੱਧੀ ਰਾਤ, ਸਿੰਘ ਨਿਕਲੇ ਚੋਰੀ। ਪੁਲਿਸ ਦਰਵਾਜ਼ੇ ਵਿੱਚ ਹੈ ਜਾ ਕੇ ਉਸ ਸਿੰਘ (ਰਣ ਸਿੰਘ) ਨੂੰ ਕੱਢਿਆ। ਜਦੋਂ ਕੱਢਿਆ ਤਾਂ ਹੁਣ ਉਹਦਾ ਕਰਨ ਕੀ। ਸੁਹੇਲ ਸਿੰਘ ਹੁੰਦਾ ਸੀ ਦਰੋਗਾ ਤਬੇਲੇ ਵਿੱਚ, ਘੋੜੇ ਉੱਤੇ ਖੁਰਗੀਨ ਕੱਸਿਆ। ਖੁਰਗੀਨ ਕੱਸ ਕੇ—ਤਬੇਲੇ ਦੇ ਦਰਵਾਜ਼ੇ ਵਿੱਚ ਪੁਲਿਸ ਦਾ ਪਹਿਰਾ ਸੀ—(ਪੁਲਿਸ ਵਾਲਾ) ਕਹਿਣ ਲੱਗਾ,''ਕਿਧਰ ਲੈ ਚੱਲਿਐਂ ਘੋੜਾ !''

(ਸੁਹੇਲ ਸਿੰਘ) ਕਹਿੰਦਾ,''ਦਰਦ ਹੁੰਦੈ, ਇਹਨੂੰ ਬਾਹਰ ਫੇਰਨ ਲੈ ਚਲਿਆਂ।''

ਲਿਜਾ ਕੇ ਉੱਤੇ ਧਰ ਕੇ ਉਹ (ਰਣ ਸਿੰਘ) ਨੂੰ ਨਹਿਰ ਦੇ ਕੰਢੇ ਤੇ ਲਿਜਾ ਕੇ ਉਹਦਾ ਮੂੰਹ ਸਿਰ ਸਾੜ ਕੇ ਉਹਨੂੰ ਨਹਿਰ ਵਿੱਚ ਸੁੱਟ ਦਿੱਤਾ। ਹੋਰ ਤੇ ਕੁਛ ਕਰ ਨਹੀਂ ਸੀ ਸਕਦੇ। ਕੁਛ ਦਿਨਾਂ ਬਾਅਦ ਕਿਤੇ ਸੁਧ ਨਿਕਲਦੀ ਨਿਕਲ ਆਈ। ਥਾਣੇਦਾਰ ਜਿਹੜਾ ਲੱਗਾ ਹੋਇਆ ਸੀ, ਬੜਾ

ਉਹ ਆਪਣੇ ਵਲੋਂ ਆਪਣਾ ਮਿੱਤਰ ਸੁਹੇਲ ਸਿੰਘ ਨੂੰ ਸਮਝਦਾ ਸੀ। ਸੁਹੇਲ ਸਿੰਘ ਨੂੰ ਸੱਦ ਲਿਆ ਥਾਣੇ। ਗੱਲਾਂ ਬਾਤਾਂ ਕਰ ਕਰਾਕੇ—ਘੋੜੀ ਦਾ ਕੀ ਹਾਲ ਹੈ, ਫਲਾਨੀ ਦਾ ਕੀ ਹਾਲ ਹੈ—ਕਹਿਣ ਲੱਗਾ—ਉਹ ਗੱਲ ਕਿਵੇਂ ਹੋਈ, ਉਹ ਰਣ ਸਿੰਘ ਕਿਵੇਂ ਚੜ੍ਹਿਆ ਸੀ, ਉਹ ਸਿੰਘ ਰਾਤ ਨੂੰ।

''ਹੈਂ ! ਥਾਣੇਦਾਰਾ ! ਕਿਹੜਾ ਸਿੰਘ ? ਤੂੰ ਕਿੱਥੋਂ ਗੱਲ ਸੁਣੀ ਹੈ ? ਕਿਹਦੀ ਤੂੰ ਗੱਲ ਕਰਦਾ ਹੈਂ''—ਬਿਲਕੁਲ ਅਨਜਾਣ ਹੋ ਕੇ।

ਦੇ ਕੇ ਥਾਪੀ (ਥਾਣੇਦਾਰ) ਕਹਿੰਦਾ,''ਓ ਸ਼ਾਬਾਸ਼ ਕੂਕਿਓ ! ਗੌਰਮਿੰਟ ਤੁਹਾਡਾ ਬੀ ਬੂਟਾ ਪੁੱਟ ਦੇਂਦੀ ਜੇ ਤੁਹਾਡੇ ਵਿੱਚ ਇਹ ਇਤਫਾਕ ਨਾ ਹੁੰਦਾ।''

ਹੁਣ ਅਸੀਂ ਏਥੇ ਬਗੈਰ ਕਿਸੇ ਮਤਲਬ ਤੋਂ ਹੀ ਇੱਕ ਦੂਸਰੇ ਨਾਲ ਦੁਸ਼ਮਣੀ ਘੜ ਲੈਂਦੇ ਹਾਂ—ਕੋਈ ਲੈਣਾ ਨਹੀਂ, ਦੇਣਾ ਨਹੀਂ, ਬਗੈਰ ਕਿਸੇ ਮਤਲਬ ਤੋਂ ਹੀ। ਤਾਂ, ਹੁਟ ਗਏ ਅੰਗ੍ਰੇਜ਼ ਵੀ ਜ਼ੋਰ ਲਾ ਕੇ; ਹੁਟ ਗਏ ਹਿੰਦੂ ਭੀ; ਹੁਟ ਗਏ ਮੁਸਲਮਾਨ ਭੀ ਜ਼ੋਰ ਲਾ ਕੇ।

*ਪੰਥ ਅਮੇਜ ਸੁ ਤੇਜ ਦਿਨੋਂ ਦਿਨ,*

ਪੰਥ ਅਮੇਜ ਹੈ—ਜਿਹਦਾ ਮੇਚ, ਬੰਨਾ ਕੋਈ ਨਹੀਂ। ਉਸਦਾ ਤੇਜ ਦਿਨੋਂ ਦਿਨ ਵਧਦਾ ਹੈ।

*ਰੇਜ[10] ਭਏ ਘਟ ਸਾਵਨ ਵੁੱਠੀ।*

ਇਸ ਤਰ੍ਹਾਂ ਤੇਜ ਵਧਦਾ ਹੈ ਜਿਸ ਤਰ੍ਹਾਂ ਸਾਵਣ ਦੇ ਮਹੀਨੇ ਮੀਂਹ ਪਏ ਤੋਂ ਸਾਰੀ ਧਰਤੀ ਗਿੱਲੀ ਹੋ ਜਾਂਦੀ ਹੈ, ਔਰ ਉੱਗ ਪੈਂਦੀ ਹੈ—*ਜਿਉਂ ਮੀਹੋਂ ਵੁਠੇ ਧਰਤੀ ਨੂੰ ਸਿੰਗਾਰ ਹੋਏ।*

## ਦੇਸ ਤਰਾਇ ਬਿਦੇਸ ਸਹਾਇ

*ਦੇਸ ਤਰਾਇ ਬਿਦੇਸ ਸਹਾਇ,*

ਹੁਣ ਸੱਚੇ ਪਾਤਸ਼ਾਹ ਪਰਦੇਸ ਜਾਣ ਦਾ ਸਮਾਨਾ ਬਣਾਉਣ ਲੱਗੇ ਹਨ। ਦੇਸ ਨੂੰ ਤਾਂ ਤਾਰਿਆ ਹੈ, ਪਰ ਬਿਦੇਸ ਦੀ ਸਹਾਇਤਾ ਭੀ ਕਰਨੀ ਹੈ। ਕਿਉਂ—ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਗੁਰਿੰਡ ਨਾਮੇ 'ਚ ਲਿਖਿਆ ਸੀ–

*ਸਾਸਤ੍ਰ ਬੇਦ ਪੁਰਾਨ ਨਿਰਖਾਵੈ।*[★੧]

ਛੇ ਸ਼ਾਸਤ੍ਰ, ਚਾਰ ਵੇਦ, ਅਠਾਰਾਂ ਪੁਰਾਨ-ਛੇ ਤੇ ਚਾਰ ਦਸ ਤੇ ਅਠਾਰਾਂ, ਅਠਾਈ।

*ਨਾਗ ਵਸੁ ਤਬ ਕਰਣ ਮਿਲਾਵੈ।*

ਨੌ[★੧] ਕੁਲਾਂ ਨਾਗਾਂ ਦੀਆਂ, ਅੱਠ[★੧] ਵਸੂ—ਸਤਾਰਾਂ ਹੋ ਗਏ, ਕਰਨ ਦੋ-ਉਨ੍ਹੀਂ, ੧੯੨੮ ਵਿੱਚ-

*ਅਨਕ ਦੇਸ ਬਿਪਰੈਂਚ ਸਿਧਾਵੈਂ,*

ਸਤਿਗੁਰੂ ਜੀ ਅਨੇਕ ਦੇਸਾਂ ਵਿੱਚ ਜਾਣਗੇ। ਜਿਹੜਾ ਲਿਖਿਆ ਸੀ

*ਸਕਲ ਦੀਪ ਭਵਨ ਮੈ ਜਾਹੀ।*
*ਹੋਇ ਕਿਰਪਾਲ ਸਬ ਦਰਸ ਦਿਖਾਹੀਂ।*

ਸਾਰਿਆਂ ਦੀਪਾਂ ਭਵਨਾਂ ਵਿੱਚ ਜਾਣਾ ਹੈ।

ਹੁਣ ੪੫-੪੬[੧੧] ਦੀ ਗੱਲ ਹੈ, ਇੱਕ ਆਦਮੀ ਰੂਸ ਦੇ ਵਿੱਚੋਂ ਆਇਆ ਸਰਦਾਰ ਆਤਮਾ ਸਿੰਘ ਹੁਰਾਂ ਕੋਲ। ਏਥੇ ਬਹੁਤ ਸਾਰੇ ਸੱਜਣ ਜਾਣਦੇ ਹਨ ਸੰਤਾਂ ਪ੍ਰੀਤਮ ਸਿੰਘ ਹੁਰਾਂ ਨੂੰ, ਜਿਹੜੇ ਪਹਿਲੀ ਵੇਰ ਸਾਡੇ ਨਾਲ ਏਥੇ ਆਏ ਸਨ—ਉਹਨਾਂ ਦਾ ਭਰਾ ਅਮਰ ਸਿੰਘ, ਸਰਦਾਰ ਆਤਮਾ ਸਿੰਘ ਕੋਲ ਨੌਕਰੀ ਕਰਦਾ ਸੀ। ਉਹ ਆਦਮੀ ਓਥੇ ਆ ਗਿਆ। ਸਤਿਗੁਰਾਂ ਦੀ ਤਸਵੀਰ ਵੇਖ ਕੇ ਆਖਣ ਲੱਗਾ,''ਮੈਂ ਇਹਨਾਂ ਦੇ ਦਰਸ਼ਨ ਰੂਸ ਵਿੱਚ ਕਰ ਕੇ ਆਇਆਂ। ਸਾਲ ਬਾਅਦ ਇੱਕ ਦਿਨ ਆਉਂਦੇ ਹਨ, ਕਾਲਾ ਕੰਬਲ ਲੈ ਕੇ।'' ਤਾਂ, ਸਕਲ ਦੀਪ ਭਵਨ ਮੈਂ ਜਾਂਹੀ। ਉਹਨਾਂ (ਸਤਿਗੁਰੂ ਰਾਮ ਸਿੰਘ ਜੀ) ਨੇ ਆਖਿਆ ਸੀ ਭਾਈ ਰੂਸਾਂ ਦੇ ਨਾਲ ਆਵਾਂਗੇ, ਰੂਸਾਂ ਦੇ ਆਏ ਤੇ ਆਵਾਂਗੇ। ਕਿਤੇ ਇਹ ਕਿਹਾ,''ਤੁਸੀਂ ਸੰਗਤ ਨੇ ਲਿਖਿਆ ਹੈ ਕਦੋਂ ਆਵੋਗੇ—ਜਦ ਸੰਬਰ ਸੂਲੀ ਫਿਰੂਗੀ ਤਦ ਆਵਾਂਗੇ।'' ਹੁਣ ਸੰਬਰ ਸੂਲੀ ਦਾ ਸਮਾਨ ਬਣਦਾ ਹੈ, ਕਿਉਂਕਿ ਸ੍ਰਿਸ਼ਟੀ ਨੂੰ ਅੱਗ ਲੱਗ ਗਈ ਹੈ। ਹੁਣ ਕੋਈ ਆਦਮੀ ਭੀ ਕਿਸੇ ਨੂੰ ਨਹੀਂ ਚਾਹੁੰਦਾ। ਚਾਹੇ ਕੁਛ ਭੀ ਕੋਈ ਕ੍ਰਵੇ, ਕਿਸੇ ਤੇ ਬਹੁਤ ਕਿਰਪਾ ਹੋਊ, ਕਿਸੇ ਟੱਬਰ ਉੱਤੇ, ਜਿਹੜਾ ਕੋਈ ਇੱਕ ਜੀਅ ਦੂਜੇ ਨਾਲ, ਭਰਾ ਜਾਂ ਪਿਉ ਜਾਂ ਇਸਤਰੀ, ਜਾਂ ਪਤੀ ਜਾਂ

ਲੜਕਾ ਕਿਸੇ ਨਾਲ ਰਾਜੀ ਹੋਊ। ਨਹੀਂ ਉਹ ਏਹੋ ਚਾਹੁੰਦਾ ਹੈ—ਇਹ ਮਰੇ ਕਿਵੇਂ ਮੈਂ ਸਭ ਕੁਝ ਸਾਂਭਾਂ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਸੀ ਕਿ–

**ਏਕ ਏਕ ਕੇ ਪੰਥ[੧੨] ਨ ਚਲ ਹੈ।।**
**ਏਕ ਏਕ ਕੀ ਬਾਤ ਉਥਲ[੧੩] ਹੈ।।**

*– ਦਸਮ ਗ੍ਰੰਥ, ਪੰਨਾ-੫੭੧*

ਉਹ ਵੇਲਾ ਹੁਣ ਆਇਆ ਹੋਇਆ ਹੈ। ਹੁਣ ਜੇ ਕੋਈ ਆਦਮੀ ਏਥੇ ਕਿਸੇ ਨੂੰ ਚੰਗੀ ਗੱਲ ਕ੍ਹਵੇ ਉਸ ਨੂੰ ਉਹ ਪਸੰਦ ਨਹੀਂ ਆਉਂਦੀ। ਕਿਸ ਤਰ੍ਹਾਂ—ਜਦੋਂ ਤਾਪ ਚੜ੍ਹਿਆ ਹੋਵੇ ਆਦਮੀ ਨੂੰ ਤਾਂ ਉਹਨੂੰ ਮਿਸਰੀ ਵੀ ਦੇਈਏ, ਉਹ ਵੀ ਕੌੜੀ ਲੱਗਦੀ ਹੈ। ਕਲਜੁਗ ਦਾ ਤਾਪ ਚੜ੍ਹਿਆ ਹੋਇਆ ਹੈ। ਜੇ ਕਿਸੇ ਨੂੰ ਭਜਨ ਬਾਣੀ ਨੂੰ ਆਖੋ—ਜੇ ਕਿਸੇ ਨੂੰ ਆਖੋ ਸਿਨੇਮਾ ਨਾ ਦੇਖ—ਦਾੜ੍ਹੀ ਨਾ ਬੰਨ੍ਹ—ਤੂੰ ਭਾਈ ਏਉਂ ਨਾ ਕਰ—ਤਾਂ ਉਹਨੂੰ ਇਹ ਗੱਲ ਬੜੀ ਬੁਰੀ ਲੱਗਦੀ ਹੈ। ਸਤਿਗੁਰਾਂ ਨੇ ਦੇਸ ਨੂੰ ਤਾਰਿਆ ਹੈ, ਹੁਣ ਬਿਦੇਸ ਦੀ ਤਿਆਰੀ ਸੱਚੇ ਪਾਤਸ਼ਾਹ ਕਰ ਰਹੇ ਹਨ।

*ਦੇਸ ਤਰਾਇ ਬਿਦੇਸ ਸਹਾਇ,*
*ਸੁ ਟਾਪੂਨ ਜਾਇ ਨਿਸ਼ਾਨੈ ਚੁੱਟੀ।*

ਟਾਪੂਆਂ ਵਿੱਚ ਜਾਣਾ ਹੈ, ਨਿਸ਼ਾਨਾ ਛੁੱਟਣਾ ਹੈ। ਤਾਂ–

*ਦਰਸ਼ਨ ਸਤਿਗੁਰੂ ਪ੍ਰਤਾਪਾ,*

ਵੱਡ ਤੀਰਥ ਦੀ ਸਾਖੀ ਵਿੱਚ ਲਿਖਿਆ ਹੈ–

*ਰੰਗੂਨ ਦੇਸ ਕੇ ਨਾਸੈਂ ਪਾਪਾ।*

ਰੰਗੂਨ ਦੇ ਪਾਪ ਦੂਰ ਕਰਨੇ ਨੇ।

*ਮੋਰਮਈ ਵ ਰੰਗੂਨ ਦੁਨੀ ਸਭ,*

ਜਿਹੜੀ ਮੋਰਮਈ-ਰੰਗੂਨ ਦੀ ਦੁਨੀਆਂ ਸੀ ਸਭ,

*ਬੇਬੁਧ ਜੇ ਕਲ ਕੇ ਛਲ ਮੁੱਠੀ।।੫।।*

ਜਿਹੜੇ ਬੇਬੁਧ ਹੋਏ, ਕਲਜੁਗ ਦੇ ਛੱਲ ਵਿੱਚ ਮੁਠੇ ਹੋਏ ਸਨ। ਜਿਹੜੇ।

*ਭਾਗ ਭਲੇ ਤਿਨ ਭਾਲ ਪਰੇ,*

ਉਹਨਾਂ ਦੇ ਮੱਥੇ ਦੇ ਭਾਗ ਜਾਗੇ। ਉਹਨਾਂ ਲੋਕਾਂ ਨੇ, ਜਦੋਂ ਸਿੰਘ ਸਾਡੇ ਜਾਂਦੇ ਦਰਸ਼ਨ ਕਰਨ, ਉਹ ਆਂਹਦੇ—ਪੰਜਾਬ ਦੇ ਲੋਕਾਂ ਦੇ ਭਾਗ ਮਾੜੇ ਜਿਹਨਾਂ ਇਨ੍ਹਾਂ ਨੂੰ ਓਥੋਂ ਕੱਢਿਆ। ਸਾਡੇ ਲੋਕਾਂ (ਰੰਗੂਨ ਦੇ ਲੋਕਾਂ) ਦੇ ਭਾਗ ਚੰਗੇ, ਜਿਹਨਾਂ ਇੱਥੇ ਦਰਸ਼ਨ ਕੀਤਾ—ਸਾਡੇ ਭਾਗ ਬੜੇ ਉੱਤਮ ਜਿਥੇ ਸਾਨੂੰ ਆ ਕੇ ਦਰਸ਼ਨ ਦਿੱਤਾ।

*ਸੋਇ ਜਾ ਅਪਰੇ ਜਿਨ ਚਾਲ ਅਨੁੱਠੀ।*

ਸੋ ਸਤਿਗੁਰੂ ਉੱਥੇ ਜਾ ਅਪੜੇ ਜਿਨ੍ਹਾਂ ਦੀ ਅਨੂਠੀ ਚਾਲ ਹੈ, ਜਿਹਦੇ ਨਾਲ ਉਪਮਾ ਨਹੀਂ ਕਿਸੇ ਦੀ ਚਾਲ ਦੀ ਦਿੱਤੀ ਜਾਂਦੀ,

**ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।।**

*– ਵਡਹੰਸ ਮ:੧, ਪੰਨਾ-੫੬੭*

ਉਹਦੇ ਨਾਲ ਚਾਲ ਕੀਹਦੀ ਰਲੇ। ਗੁਰੂ ਗੋਬਿੰਦ ਸਿੰਘ ਸਾਹਿਬ ਗਿਆਨ ਪਰਬੋਧ ਵਿੱਚ ਲਿਖਦੇ ਹਨ–

**ਕੰਜਲਕ[੧੪] ਨੈਨ ਕੰਬੂ[੧੫] ਗ੍ਰੀਵਹਿ[੧੬]**
**ਕਟਿ[੧੭] ਕੇਹਰ[੧੮] ਕੁੰਜਰ[੧੯] ਗਵਨ।।**
**ਕਦਲੀ[੨੦] ਕੁਰੰਕ[੨੧] ਕਰਪੂਰ[੨੨]**
**ਗਤ ਬਿਨ ਅਕਾਲ ਦੂੱਜੋ ਕਵਨ।।**

*– ਦਸਮ ਗ੍ਰੰਥ, ਪੰਨਾ-੧੩੧*

ਕਉਣ ਹੋਵੇ ਐਸਾ ਹੋਰ—ਜਿਸਦੇ ਕੰਵਲਾਂ ਜੈਸੇ ਨੇਤ੍ਰ ਹੋਣ—ਸ਼ੇਰ ਜੈਸਾ ਲੱਕ ਹੋਵੇ—ਹਾਥੀ ਜੈਸੀ ਚਾਲ ਹੋਵੇ—ਤੋਤੇ ਜੈਸਾ ਨੱਕ ਹੋਵੇ। ਉਹਦੇ ਜੈਸਾ ਹੋਰ ਕੌਣ ਹੋ ਸਕਦਾ ਹੈ ? **ਬਿਨ ਅਕਾਲ ਦੂੱਜੋ ਕਵਨ**—ਕੌਣ ਹੈ ਜਿਹੜਾ ਅਕਾਲ ਪੁਰਖ ਤੋਂ ਬਿਨਾਂ ਦੂਜਾ ਹੋਵੇ।

## ਲੋਕ ਲਾਜ ਦਾ ਤਿਆਗ

*ਢੋਲਕ ਛੈਨਣ ਮੌਜ ਭਲੀ ਕਰ,*

ਢੋਲਕ ਛੈਣਿਆਂ ਦੀ ਮੌਜ, ਜਿਨ੍ਹਾਂ ਨੇ ਬੜੀ ਸੁੰਦਰ ਬਣਾਈ।

*ਭਾਨ ਜਹਾਨ ਕੀ ਦਾਮਹਿ ਟੁੱਟੀ।*

ਢੋਲਕ ਛੈਣਿਆਂ ਦੀ ਮੌਜ ਬਣਾ ਕੇ ਸੂਰਜ ਚੜ੍ਹਾ ਦਿੱਤਾ ਜਿਨ੍ਹਾਂ ਨੇ, ਪਰ ਜਿਨ੍ਹਾਂ ਨੇ ਕੀ ਕੀਤਾ—ਜਹਾਨ ਦੀ ਜਿਹੜੀ ਲੱਜ ਸੀ ਉਹ ਤੋੜ ਦਿੱਤੀ। ਕਿਸ ਤਰ੍ਹਾਂ—ਹੁਣ ਮੈਂ ਦੱਸਾਂ ਤੁਹਾਡੇ ਅੱਗੇ ਜਹਾਨ ਦੀ ਲੱਜ ਤੋੜਨ ਦੀ ਗੱਲ। ਹੁਣ ਰਤਾ-ਰਤਾ ਜਿੰਨੀ ਗੱਲ ਚੰਗੀ ਨਹੀਂ ਲੱਗਦੀ। ਸਤਿਗੁਰਾਂ ਨੇ ਹੁਕਮ ਦੇ ਦਿੱਤਾ—ਕਿ ਜਿਨ੍ਹਾਂ ਦੇ ਫੇਰੇ ਵੇਦਾਂ ਦੇ ਹੋਏ ਹੋਏ ਹਨ, ਉਹ ਮੁੜ ਕੇ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ, ਬੇਦੀ ਗੱਡਣ ਤੇ ਅਨੰਦ ਪੜ੍ਹਾਉਣ।

ਸਰਦਾਰ ਲਾਲ ਸਿੰਘ ਹੁਰੀਂ, ਗੁਮਟੀ ਜਿਨ੍ਹਾਂ ਦਾ ਪਿੰਡ, ਜਿਨ੍ਹਾਂ ਨੂੰ ਲੌਂਡ-ਘਰੀਏ ਲੋਕ ਕਹਿਣ, ਨਾਭੇ ਵਾਲੇ ਰਾਜੇ ਦੇ ਛੋਟੇ ਭਰਾ ਵਿਚੋਂ, ਲੌਂਡ-ਘਰੀਏ—ਛੋਟੇ ਘਰ ਵਾਲੇ। ਉਹਨਾਂ ਦੇ ਲੜਕੇ ਭਾਈ ਧੰਨ ਸਿੰਘ ਹੁਰੀਂ, ਜਿਹਨਾਂ ਨੂੰ ਰੰਗੂਨ ਪਕੜਿਆ ਗਿਆ ਸੀ—ਹੁਕਮਨਾਮਾ ਲੈਣ ਵੇਲੇ, ਤੇ ਦੂਜੇ ਹਰੀ ਸਿੰਘ ਹੁਰੀਂ, ਮਾਈ ਦਾ ਨਾਮ ਪਰਤਾਪ ਕੌਰ। ਹਵਨ ਕੀਤਾ, ਬੇਦੀ ਗੱਡੀ, ਪੁੱਤਰ ਦੋਵੇਂ ਲਾਂਵਾ ਪੜ੍ਹਨ ਤੇ ਮਾਂ ਤੇ ਪਿਓ ਫੇਰੇ ਲੈਣ। ਸਤਿਗੁਰਾਂ ਹੁਕਮ ਦੇ ਦਿੱਤਾ ਕਿ ਮਾਈ ਕੋਈ ਰੰਡੀ ਨਾ ਰਹੇ। ਜਿਨ੍ਹਾਂ ਮਾਈਆਂ ਦਾ ਕੋਈ ਤਅਲਕ ਨਹੀਂ ਸੀ ਵਿਸ਼ੇ ਵਿਕਾਰ ਨਾਲ, ਸਤਿਗੁਰਾਂ ਦਾ ਹੁਕਮ ਮੰਨ ਕੇ, ਮੀਂਹਾਂ ਸਿੰਘ ਹੁਰੀਂ ਸੂਬੇ—ਇਹਨਾਂ ਦੀ ਭੂਆ ਪੰਜਾਹ ਸਾਲ ਦੀ ਉਮਰ, ਬਾਬੇ ਵਜੀਰ ਸਿੰਘ ਹੁਰੀਂ ਰੁਪਾਨੇ ਦੇ ਸੱਠ ਸਾਲ ਦੀ ਉਮਰ, ਕਹਿਣ ਲੱਗੇ—ਬਈ ਭਾਵੇਂ ਹੁਣ ਕਿਸੇ ਗੱਲ ਦੀ ਲੋੜ ਨਹੀਂ, ਸਤਿਗੁਰਾਂ ਦਾ ਹੁਕਮ ਹੈ—ਅਰਦਾਸਾ ਕਰਾ ਲਿਆ। ਅਰਦਾਸਾ ਕਰਾ ਕੇ—ਪੰਜ ਗ੍ਰੰਥ ਮਾਈ ਬਾਣੀ ਪੜ੍ਹਦੀ ਸੀ, ਮੈਂ ਉਹਦੇ ਦਰਸ਼ਨ ਕੀਤੇ ਹਨ ਸਦਾ ਕੌਰ ਨਾਂ ਸੀ—ਨੂੰਹਾਂ ਨੂੰ ਆਖਿਆ,''ਹੁਣ ਤੁਹਾਡਾ ਕੋਈ ਕੰਮ ਨਹੀਂ, ਇਹ ਮੇਰੇ ਸਿਰ ਦੇ ਮਾਲਕ ਹਨ, ਮੈਂ ਇਹਨਾਂ ਦੀ ਸੇਵਾ ਕਰਨੀ ਹੈ।''

ਮੈਨੂੰ ਮਾਈਆਂ ਵਾਲਾ ਪਾਸਾ ਯਾਦ ਆ ਗਿਆ ਹੈ—ਗੱਲ ਕਰਨ ਦਾ। ਫਿਰ ਉਹ ਸਾਡੇ ਕੋਲ ਗੁਰਦਿਆਲ ਸਿੰਘ ਹੁਰੀਂ—ਝਾਟੂ ਜਿਹੜੇ ਅਖਬਾਰ ਦੇ ਐਡੀਟਰ ਅਜਕਲ ਬਣੇ ਹੋਏ ਹਨ, ਇਹਨਾਂ ਦੇ ਪਿਤਾ ਗੁਰਮੁਖ ਸਿੰਘ ਹੁਰੀਂ, ਉਹਨਾਂ ਦੀ ਮਾਈ ਰੰਡੀ ਹੋ ਗਈ। ਉਹਨਾਂ ਆਖਿਆ—ਮਾਈ,

ਸਤਿਗੁਰਾਂ ਦਾ ਹੁਕਮ ਨਹੀਂ ਹੈ.........। ਇੱਕੋ ਪੁੱਤਰ ਹੈ ਮਾਈ ਦਾ। ਮਾਈ ਦੀ ਉਮਰ ਪੰਜਾਹ ਸਾਲ ਦੇ ਕਰੀਬ ਹੋਣੀ ਚਾਹੀਦੀ ਹੈ ਮੇਰੇ ਖਿਆਲ ਵਿੱਚ। ਅਰੋੜੇ ਸਿੱਖ; ਬਾਬਾ ਝਾਬਾ ਸਿੰਘ ਉਹਨਾਂ ਦਾ ਨਾਉ ਸੀ, ਗਹਿਰਾ ਪਿੰਡ ਦੇ ਜਿਮੀਂਦਾਰ ਸਿੱਖ। ਆਪਣੇ ਆਪ ਪੁੱਤਰ ਨੇ ਮਾਈ ਦਾ ਅਨੰਦ ਕਰਾ ਦਿੱਤਾ ਉਸ ਸਿੱਖ ਦੇ ਨਾਲ—ਬਈ ਸਤਿਗੁਰਾਂ ਦਾ ਹੁਕਮ ਨਹੀਂ ਰੰਡੀ ਰਹਿਣ ਦਾ।

ਦੋਵੇਂ ਜੀਅ ਗੁਰਦਵਾਰੇ ਭੈਣੀ ਸਾਹਿਬ ਰਹੇ, ਬਾਬੇ ਹੁਰੀਂ ਸ਼ਬਦ ਪੜ੍ਹਦੇ ਹੁੰਦੇ, ਮਾਈ ਭਾਂਡੇ ਮਾਂਜਦੀ। ਉਹਨਾਂ ਦੇ ਉੱਥੇ ਹੀ ਸਰੀਰ ਚੜ੍ਹੇ, ਔਰ ਉਹਨਾਂ ਨੂੰ ਮਾਂ ਤੇ ਪਿਤਾ ਜਾਣਕੇ ਬਾਬੇ ਹੁਰਾਂ ਨੂੰ, ਉਹਨਾਂ ਨੇ—ਗੁਰਮੁਖ ਸਿੰਘ ਹੁਰਾਂ ਨੇ ਮੰਨਿਆ।

ਉਹ ਕਿਸੇ ਕਵੀ ਨੇ ਲਿਖਿਆ ਹੈ ਕਿ ਇਸ਼ਕ ਜਿਹੜੀ ਚੀਜ਼ ਹੈ, ਇਹ ਐਵੇਂ ਨਹੀਂ ਰਹਿ ਸਕਦਾ ਜਿੰਨਾਂ ਚਿਰ ਦੁਨੀਆਂਦਾਰੀ ਨਾਲ ਆਦਮੀ ਧੰਧਾ ਰੱਖੇ।

*ਇੱਜ਼ਤ ਹੁਰਮਤ ਲੋਕ ਲਜਿਆ ਪ੍ਰੇਮੀ ਸਭੋ ਤੱਜਦੇ।*
*ਉਹਨਾਂ ਪ੍ਰੇਮੀ ਕੀ ਅਖਵਾਉਣਾ ਜੋ ਇੱਜ਼ਤ ਵਲ ਭੱਜਦੇ।*
*ਪ੍ਰੇਮ ਅਤੇ ਇਜ਼ਤ ਇਹ ਦੋਵੇਂ ਰਹਿਣ ਨ ਇੱਕ ਥਾਂ ਕੱਠੇ।*
*ਜੇਕਰ ਥਾਂ ਇੱਕ ਦੀ ਇੱਕ ਮੱਲੇ ਤਾਂ ਦੂਜੇ ਉਥੋਂ ਨੱਠੇ।*

ਉਹਨਾਂ ਨੇ ਲੱਜ ਜਹਾਨ ਦੀ ਇਹ ਤੋੜੀ। ਸਤਿਗੁਰਾਂ ਜੋ ਹੁਕਮ ਦੇ ਦਿੱਤਾ, ਉਸ ਹੁਕਮ ਨੂੰ ਮੰਨ ਕੇ ਸਭ ਕੁਛ ਛੱਡਿਆ। ਸੰਤ ਲਾਲ ਸਿੰਘ ਹੁਰਾਂ ਕਦੇ-ਕਦੇ ਮੌਜ ਵਿੱਚ ਆਉਣਾ, ਆਖਣਾ—ਜਦੋਂ ਹੋ ਗਿਆ ਨਾਮਧਾਰੀਆ ਫਿਰ ਸੜੇ ਸਾਕ। ਸਾਕ ਤੇ ਸੜ ਗਏ, ਕਿਉਂਕਿ ਸਾਕਾਂ ਨਾਲ ਤਾਂ ਹੀ ਵਰਤੇ ਨ ਜੇ ਉਹਨਾਂ ਵਰਗਾ ਹੋ ਕੇ ਰਹੇ ਤੇ ਉਹਨਾਂ ਦੇ ਘਰ ਦਾ ਖਾਵੇ ਪੀਵੇ। ਨਾਮਧਾਰੀ ਉਹ ਸਾਕ ਨਹੀਂ ਸਨ ਮੰਨਦੇ ਜਿਹੜੇ ਕੋਈ ਖੁਲ੍ਹਿਆਂ ਨਾਲ............, ਕਹਿੰਦੇ—ਸੜੇ ਸਾਕ। ਤਾਂ ਇਹ ਚੀਜ਼, ਜਿਹਨਾਂ ਨੇ ਉਸ ਵੇਲੇ ਲੋਕਾਂ ਦੀ ਲੱਜ ਤੋੜੀ।

# ਪ੍ਰਿਆ ਭਗਤੀ

*ਪ੍ਰਿਅ ਭਗਤੀ ਕਲ ਮੇਂ ਮੁਖ ਜੇ,*

ਪਿਆਰੀ ਜੋ ਭਗਤੀ ਹੈ ਕਲਜੁਗ ਦੇ ਵਿੱਚ।

*ਬਿਨ ਯਾ ਜੁਗ ਮੈ ਹੋਇ ਬੇਪਤ ਮੁੱਠੀ।*

*ਬਿਨ ਯਾ*—ਭਗਤੀ ਤੋਂ ਬਗੈਰ, ਜਿਹੜੇ ਪੁਰਸ਼ ਦੇ ਅੰਦਰ ਭਗਤੀ ਨਹੀਂ। ਹੁਣ ਭਗਤੀ ਸਰੂਪ ਕੀ ਹੈ ? ਭਗਤੀ ਦਾ ਸਰੂਪ ਇਹ ਹੈ—ਮਹਾਰਾਜ ਨੇ, ਸੱਚੇ ਪਾਤਸ਼ਾਹ ਨੇ, ਗੁਰੂ ਨਾਨਕ ਤੋਂ ਲੈ ਕੇ ਭਗਤੀ ਨੂੰ ਮੁੱਖ ਰੱਖਿਆ। ਪੁਰਾਣੇ ਜੁਗਾਂ ਵਿੱਚ ਗਿਆਨ ਨੂੰ, ਕਰਮ ਨੂੰ, ਮੁੱਖ ਰੱਖਿਆ ਸੀ—ਉਹਨਾਂ ਨੇ ਭਗਤੀ ਨੂੰ ਮੁੱਖ ਰੱਖਿਆ। ਭਗਤੀ ਕਿਆ ਚੀਜ਼ ਹੈ ? ਆਪਣੇ ਆਪ ਨੂੰ—ਜਿੱਥੇ ਕਿਹੈ—

**ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ।।**

*– ਵਡਹੰਸ ਮ:੪ ਪੰਨਾ-੫੬੧*

—ਆਪਨੇ ਆਪ ਨੂੰ ਇਸਤ੍ਰੀ ਭਾਵ ਦੱਸਿਆ। ਅੱਜ ਦੀਆਂ ਮਾਈਆਂ ਬੀਬੀਆਂ ਦੀ ਮੈਂ ਗੱਲ ਨਹੀਂ ਕਰਦਾ, ਪਰ ਪੁਰਾਤਨ ਸਭਿਅਤਾ ਹਿੰਦੁਸਤਾਨ ਦੇ ਮੁਤਾਬਿਕ ਮੈਂ ਅਰਜ਼ ਕਰਦਾ ਹਾਂ, ਭਗਤੀ ਕਿਆ ਹੈ—ਇਸਤਰੀ ਰੂਪ ਹੈ। ਇਸਤਰੀ ਦਾ ਕੰਮ ਕੀ ਹੈ—ਪਤੀ ਦੀ ਸੇਵਾ ਕਰਨੀ—ਬੱਚਿਆਂ ਦੀ ਸੇਵਾ ਕਰਨੀ—ਖਜਾਨਾ ਸਾਂਭਣਾ, ਘਰ ਦੀ ਮਾਲਕ—ਕੁੰਜੀਆਂ ਉਹਦੇ ਕੋਲ —ਪਤੀ ਦੇ ਨਾਲ ਬਰਾਜਣਾ ਪਰ ਜਦੋਂ ਪਤੀ ਦਾ ਚਿਤ ਕਰੇ, ਜੇ ਕੰਨੋਂ ਫੜ ਕੇ ਬਾਹਰ ਕੱਢ ਦੇਵੇ ਤਾਂ ਉਜਰ ਨਹੀਂ ਹੋ ਸਕਦਾ। ਹਰ ਵੇਲੇ ਏਹੋ ਖਿਆਲ ਰਹਿਣਾ ਬਈ ਮਤਾ ਪਤੀ ਨਾ ਨਰਾਜ ਹੋ ਜਾਏ। ਭਗਤ ਉਹ ਹੋ ਸਕਦਾ ਹੈ ਜਿਹੜਾ ਕਹੇ—ਮਤਾ ਗੁਰੂ ਮੇਰੇ ਤੇ ਕਿਸੇ ਗੱਲੋਂ ਨਰਾਜ਼ ਨਾ ਹੋਵੇ, ਹਰ ਵੇਲੇ ਉਹਦੇ ਹੁਕਮ ਵਿੱਚ ਚੱਲਣ ਵਾਲਾ ਜਿਹੜਾ ਬਣੇ। ਭਾਵੇਂ ਉਹ ਘਰ ਦੀ ਮਾਲਕ ਹੁੰਦੀ ਹੈ—ਪਰ ਪਤੀ ਦਾ ਜਦੋਂ ਚਿਤ ਕਰੇ ਉਹਨੂੰ ਕੱਢ ਸਕਦਾ ਹੈ। ਇਸ ਤਰ੍ਹਾਂ ਭਜਨ ਕਰਨ ਵਾਲੇ, ਬਾਣੀ ਪੜ੍ਹਨ ਵਾਲੇ, ਸਾਡੇ ਵਿੱਚ ਕਈ ਨਾਮਧਾਰੀ ਸੰਤ, ਸਾਧੂ, ਵੱਡੇ-ਵੱਡੇ ਉੱਚੇ ਹੋਏ, ਪਰ ਉੱਥੇ ਜਾ ਕੇ ਗੁਰੂ

ਗੋਬਿੰਦ ਸਿੰਘ ਜੀ ਨੇ ਇੱਕ ਹੁਕਮ ਦਿੱਤੈ–

*ਕਰੀ ਥਾਪਨਾ ਜਾਸ ਕੀ ਮੋਹਿ ਜੋ ਆਪਨੇ ਹਾਥ।*
*ਤਿਸਕੀ ਸਮਸਰ ਜੋ ਕਰੇ ਜਲ ਜਾਵੈ ਕੁਲ ਸਾਤ।*

ਜਿਸਨੂੰ ਮੈਂ ਆਪਣੇ ਥਾਂ ਬਿਠਾਇਐ, ਕੋਈ ਉਹਦੀ ਬਰਾਬਰੀ ਕਰੇ ਤਾਂ ਅਗਲੀ ਤੁਕ ਸੁਣ ਲਈ ਹੈ ਤੁਸਾਂ। ਬਾਬੇ ਜੋਤਾ ਸਿੰਘ ਹੁਰਾਂ ਦਾ ਮੈਂ ਪ੍ਰਸੰਗ ਸੁਣਾਇਆ ਸੀ ਮਸਤਾਨੇ ਹੁਰਾਂ ਨੂੰ। ਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁੱਛਿਆ। ਅਨੰਦਪੁਰ ਸਾਹਿਬ ਗਏ। ਸਾਧ-ਸੰਗਤ ਬੜੀ ਸੇਵਾ ਕਰਦੀ ਸੀ, ਮਾਝੇ ਦੇ ਸਿੱਖ ਵੀ ਨਾਲ ਸਿਆਲਕੋਟ ਜ਼ਿਲ੍ਹੇ ਦੇ। ਉਹਨਾਂ ਦੇ ਰੁਪਈਏ ਇਕੱਠੇ ਕਰ ਕੇ, ਤੇ ਝੋਲੀ ਵਿੱਚ ਪਾ ਕੇ, ਦੋ ਹਜ਼ਾਰ ਰੁਪਏ ਸਤਿਗੁਰੂ ਸੱਚੇ ਪਾਤਸ਼ਾਹ ਦੇ ਅੱਗੇ ਅਨੰਦਪੁਰ ਦੇ ਹੋਲੇ ਵਿੱਚ ਜਾ ਮੱਥਾ ਟੇਕਿਆ—ਸਤਿਗੁਰੂ ਰਾਮ ਸਿੰਘ ਦੇ। ਸਤਿਗੁਰਾਂ ਆਖਿਆ—ਬਈ, ਇਨ੍ਹੇ ਬੜੀ ਆਕੜ ਕੀਤੀ ਹੈ। ਸਤਿਗੁਰਾਂ ਸਿੱਖਾਂ ਨੂੰ ਬੁਲਾ ਕੇ ਆਖਿਆ—ਬਈ, ਜਿੰਨੇ-ਜਿੰਨੇ ਰੁਪਈਏ ਤੁਹਾਡੇ ਨੇ ਸਭ ਆਪੋ ਆਪਣੇ ਫੜ ਲਵੋ। ਸਿੱਖ ਫੜੀ ਗਏ। ਬਾਬੇ ਲਾਲ ਸਿੰਘ ਹੁਰੀਂ ਲਤਾਲੀਏ ਕਹਿੰਦੇ, ਕਿ ਸਤਿਗੁਰਾਂ ਦਾ ਨਾਦਰਸ਼ਾਹੀ ਹੁਕਮ ਸੀ। ਇਹ ਨਹੀਂ ਸੀ ਕਿਸੇ ਦੀ ਤਾਕਤ ਕਿ ਕੋਈ ਹੁਕਮ ਵਿਚੋਂ ਉਲਟ ਪੁਲਟ ਕਰੇ। ਦੋ ਰੁਪਏ ਰਹਿ ਗਏ। ਕਹਿੱਣ ਲੱਗੇ,''ਜੋਤਾ ਸਿੰਘ ਤੇਰੇ ਇਹ ਦੋ ਰੁਪਏ ਰਹਿ ਗਏ ਨੇ।'' ਹੰਕਾਰ ਹੋ ਗਿਆ। ਬਾਹਰ ਇਕੱਲਿਆਂ ਜਾ ਕੇ ਦੀਵਾਨ ਲਾਇਆ, ਕਹਿੰਦਾ,''ਮੇਰੇ ਗੁਰ ਭਾਈ ਨੇ, ਮੈਂ ਭੀ ਜਾ ਕੇ ਗੁਰੂ ਬਾਲਕ ਸਿੰਘ ਤੋਂ ਭਜਨ ਪੁੱਛਿਆ ਸੀ।''

ਸਤਿਗੁਰਾਂ ਆਖਿਆ,''ਜਾ ਓਏ ਜੋਤੀ-ਖੋਤੀ।''

ਖੋਤੀਆਂ ਵਾਹੁਣ ਵਾਲਾ ਹੀ ਰਿਹਾ—ਘੁਮਿਆਰਾਂ ਦੇ ਘਰ ਦਾ ਜਨਮ ਸੀ। ਪਿੰਡ ਮੇਲਾ ਕੀਤਾ, ਪੁਲਿਸ ਆ ਗਈ, ਸਿੱਖਾਂ ਨੂੰ ਪ੍ਰਸਾਦ ਨਾ ਛਕਾਇਆ, ਕਿਸੇ ਨੇ ਧੇਲੇ ਵੱਟੀ ਨਾ ਉਹਨਾਂ ਨੂੰ ਪੁੱਛਿਆ। ਇੱਕ ਦੀ ਗੱਲ ਕੀ ਹੈ—

*ਕਰੀ ਥਾਪਨਾ ਜਾਸ ਕੀ ਮੋਹਿ ਜੋ ਆਪਨੇ ਹਾਥ।*

ਬਥੇਰਿਆਂ ਕੀਤੀ, ਕੋਈ ਉਹਨਾਂ ਦੀ ਦਾਲ ਨਾ ਗਲੀ, ਕਿਸੇ ਨੇ

ਉਹਨਾਂ ਨੂੰ ਨਾ ਪੁੱਛਿਆ। ਤਾਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਨਾਲ ਜਿਹਨਾਂ ਨੇ ਕੁਝ ਕੀਤਾ, ਭਜਨ ਬਾਣੀ ਕਰ ਕੇ ਵੀ ਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਬਚਨ ਕਰਦੇ—ਭਾਈ ਜਿਹੜਾ ਬਹੁਤਾ ਰੌਲਾ ਪਾਂਉਂਦੇ ਹਨ ਮਸਤਾਨੇ ਹੋ ਕੇ, ਜਿਹਦਾ ਦੁੱਧ ਉਬਲ ਜਾਏ ਉਹਦਾ ਮੱਖਣ ਨਹੀਂ ਨਿਕਲਦਾ। ਕਈ ਗੱਲਾਂ ਐਸੀਆਂ ਹਨ, ਜਿਹੜੀਆਂ ਮੈਂ ਏਥੇ ਥੋੜੀਆਂ-ਥੋੜੀਆਂ ਦਸਦਾਂ ਹਾਂ ਕਿ ਜੋ ਮਰਯਾਦਾ ਨਾਮਧਾਰੀ ਪੰਥ ਵਿੱਚ ਤੁਰੀ। ਨਾਮਧਾਰੀ ਪੰਥ ਨੂੰ ਵੱਖਰਾ ਕਿਸ ਚੀਜ਼ ਨੇ ਕੀਤਾ—ਸਤਿਗੁਰੂ ਰਾਮ ਸਿੰਘ ਦੇ ਨਾਮ ਨੇ। ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਨੂੰ ਆਪਣਾ ਗੁਰੂ ਮੰਨਿਆ, ਪੁਜਾਰੀਆਂ ਨੇ ਆਖਿਆ–

*ਹੋਏ ਕੇ ਮਸਤ ਕੋਊ ਕੂਕਾ ਨ ਉਤਾਰੇ ਪਾਗ।*
*ਸਿੱਖ ਨ ਕਹਾਵੇ ਤੇਰੇ ਧਾਰੇ ਨੀਲ ਰੰਗ ਹੈਂ।*

ਕੂਕੇ ਦੀ ਪੱਗ ਨ ਲ੍ਵੇ, ਤੇਰੇ ਸਿੱਖ ਨ ਕਹਾਉਣ, ਨੀਲੇ ਪਾ ਲੈਣ—ਜਿਹਨੂੰ ਗੁਰੂ ਗੋਬਿੰਦ ਸਿੰਘ ਨੇ ਇਕੋਤਰ ਸੌ ਵੇਰ ਤੁਕ ਪੜ ਕੇ ਆਖਿਆ—**ਨੀਲ ਬਸਤ੍ਰ ਲੇ ਕਪੜੇ ਫਾੜੇ**। ਔਰ ਸੋਢੀ ਕੌਲ ਕਹਿੰਦਾ,''ਮਹਾਰਾਜ ਤਿੰਨ ਅਖਰ ਉਲਟਾ ਦਿੱਤੇ ਸੀ ਰਾਮ ਰਾਇ ਨੇ, ਤੇ ਉਸਨੂੰ ਗੁਰਿਆਈ ਤੋਂ ਖਾਰਜ ਕਰ ਦਿੱਤਾ।''

ਉਹਨਾਂ ਆਖਿਆ,''ਉਏ ਅਸੀਂ ਤਾਂ ਸਰਬੰਸ ਇਸ ਤੁਕ ਨੂੰ ਬਦਲਨ ਵਾਸਤੇ ਲਾ ਦਿੱਤਾ—ਗੁਰੂ ਅਰਜਨ ਦਾ ਸਰੀਰ, ਪਿਤਾ ਦਾ ਸਰੀਰ, ਸਾਹਿਬਜ਼ਾਦਿਆਂ ਦਾ ਸਰੀਰ, ਗੁਰੂ ਹਰਿ ਕ੍ਰਿਸ਼ਨ ਦਾ ਸਰੀਰ, ਸੱਤ ਸਿਰ ਦਿੱਤੇ ਤੇ ਤਾਂ ਤੁਕ ਉਲਟਾਈ ਹੈ।''

ਤੇ, ਫਿਰ ਵੀ ਜੇ ਕੋਈ ਨੀਲੇ ਨੂੰ ਪਸੰਦ ਕਰੇ—ਧਿਆਨ ਦੇਣ ਦੀ ਲੋੜ ਹੈ, ਕੋਈ ਗੁੱਸਾ ਨ ਮੇਰੇ ਉੱਤੇ ਕਰੇ। ਕੋਈ ਸੱਜਣ ਜਿਹੜੇ ਨੀਲੀਆਂ ਸਜਾਉਣ ਵਾਲੇ ਹਨ—ਉਹ ਪੜ੍ਹ ਕੇ ਵੇਖਣ ਗੁਰੂ ਗੋਬਿੰਦ ਸਾਹਿਬ ਨੀਲਾ ਨਹੀਂ ਸਨ ਪਹਿਨਦੇ। ਜ਼ਫਰਨਾਮਾ ਪੜ੍ਹੋ ਉੱਥੇ ਲਿਖਿਆ ਹੈ–

**ਬਰੰਗੇ ਮਗਸ ਸਯਾਹ ਪੋਸ਼ ਆਮਦੰਦ।।**

*– ਦਸਮ ਗ੍ਰੰਥ, ਪੰਨਾਂ-੧੩੯੦*

ਸਾਡੇ ਉੱਤੇ ਚੜ੍ਹ ਕੇ ਆਏ ਮੱਖੀ ਰੰਗੇ, ਕਾਲੇ ਪੋਸ਼।

ਜੇ ਉਹਨਾਂ ਦੇ ਵੀ ਕਾਲੇ ਲੀੜੇ ਹੁੰਦੇ ਤਾਂ ਉਹ ਕਿਉਂ ਕਹਿੰਦੇ ਉਹਨਾਂ ਨੂੰ। ਫਿਰ, ਇਕੋਤਰ ਸੌ ਵੇਰੀ ਤੁਕ ਕਿਉਂ ਪੜ੍ਹਦੇ ? ਕਈ ਆਦਮੀ ਇਹ ਸ਼ੰਕਾ ਕਰਦੇ ਹਨ ਕਿ ਤੁੱਕ ਫਿਰ ਗ੍ਰੰਥ ਸਾਹਿਬ ਵਿੱਚ ਕਿਉਂ ਨਾ ਚੜ੍ਹੀ, ਜਦ ਦਮਦਮੇ ਸਾਹਿਬ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹਾ ਦਿੱਤੀ ਹੈ, ਤੁਕ ਕਿਉਂ ਨਹੀਂ ਚੜ੍ਹਾਈ ਗਈ ?

## ਦਮਦਮੇ ਵਾਲੀ ਬੀੜ

ਮੈਂ ਉਹਨਾਂ ਸੱਜਣਾਂ ਅੱਗੇ ਪ੍ਰੇਮ ਨਾਲ ਅਰਜ਼ ਕਰਦਾ ਹਾਂ—ਦਮਦਮੇ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਕੋਈ ਗੁਰੂ ਗ੍ਰੰਥ ਸਾਹਿਬ ਨਹੀਂ ਰਚਿਆ—ਮੁੜ ਕੇ। ਦੋ ਪ੍ਰਮਾਣ ਉਹ ਏਹਦੇ ਵਿੱਚ ਦਿੰਦੇ ਹਨ। ਉਹ ਕਹਿੰਦੇ ਹਨ ਕਿ ਖਲਾਸੇ ਲਿਖਿਆ ਹੋਇਆ ਸੀ ਤਾਂ ਮਹਾਰਾਜ ਨੇ ਖਾਲਸੇ ਲਿਖਾਇਆ। ਇਹ ਗੱਲ ਵੀ ਗ਼ਲਤ ਹੈ। ਕਬੀਰ ਜੀ ਵੈਰਾਗੀਆਂ ਵਿੱਚੋਂ ਥੇ, ਵੈਰਾਗੀਆਂ ਵਿੱਚ ਖਾਲਸਾ ਸ਼ਬਦ ਮਸ਼ਹੂਰ ਹੈ, ਜਿਹਦਾ ਚਿਤ ਕਰੇ ਹੁਣ ਚੱਲਕੇ ਕਰਤਾਰਪੁਰ ਵਾਲੀ ਬੀੜ ਵਿੱਚ ਖਾਲਸਾ ਸ਼ਬਦ ਉਹ ਵੇਖ ਸਕਦਾ ਹੈ।

ਦੂਸਰੀ ਚੀਜ਼ ਆਈ ਨੌਵੀਂ ਪਾਤਸ਼ਾਹੀ ਦੀ ਬਾਣੀ ਦੀ। ਜਦ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ–

**ਰਾਜ ਸਾਜ ਹਮ ਪਰ ਜਬ ਆਯੋ।।**

*– ਦਸਮ ਗ੍ਰੰਥ, ਪੰਨਾਂ–੬੦*

ਜਦੋਂ ਸਾਹਿਬ ਗੱਦੀ ਉੱਤੇ ਬਰਾਜਮਾਨ ਹੋਏ, ਉਸੇ ਵਕਤ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹਾ ਦਿੱਤੀ ਉਹਨਾਂ ਨੇ। ਇਹਦਾ ਸਬੂਤ ਐਸਾ ਪੱਕਾ ਹੈ, ਨਾ ਮੰਨਣ ਦਾ ਤੇ ਕੋਈ ਇਲਾਜ ਹੀ ਨਹੀਂ ਨ। ਇੱਕ ਉਦਾਸੀ ਸਾਧ ਗ੍ਰੰਥ ਸਾਹਿਬ ਦੀ ਬੀੜ ਲਿਖ ਕੇ ਗੁਰੂ ਸਾਹਿਬ ਕੋਲ ਜਾਂਦਾ ਹੈ। ਪੜ੍ਹੋ ਇਤਿਹਾਸ, ਭਾਈ ਨੰਦ ਚੰਦ ਉਸ ਬੀੜ ਨੂੰ ਲੁਕਾ ਲੈਂਦਾ ਹੈ। ਸਾਹਿਬ ਕਹਿੰਦੇ ਨੇ,''ਦੇ ਦੇ।''

ਉਹ ਕਹਿੰਦਾ,''ਮੇਰੇ ਕੋਲ ਹੈ ਹੀ ਨਹੀਂ।''

ਕਹਿੰਦੇ ਨੇ,''ਜਾਹ ਜਿਹੜਾ ਇਹਨੂੰ ਪੜ੍ਹੇਗਾ ਉਹ ਅੰਨ੍ਹਾ ਹੋ ਜਾਏਗਾ।''

ਉਹ ਬੀੜ ਭਾਈ ਕੀ ਡਰੋਲੀ ਹੈ, ਔਰ ਇਹ ਭੀ ਸਬੂਤ ਹੈ ਕਿ ਉਸਨੂੰ ਪੜ੍ਹਨ ਵਾਲਾ ਅੰਨ੍ਹਾ ਹੋਇਆ। ਸੰਤ ਸੇਵਾ ਸਿੰਘ ਜੀ ਇੱਕ ਮਹਾਤਮਾ ਨਾਮਧਾਰੀ—ਥੂਆ ਨਗਰ, ਰਾਜਪੁਰੇ ਤੋਂ ਤਿੰਨ ਕੋਹ ਪਟਿਆਲੇ ਰਾਜ ਵਿੱਚ ਸੀ, ਜਿਹੜੇ ਬੜੇ ਅੱਛੇ ਪਾਠੀ ਸੀ। ਸਾਢੇ ਅੱਠਾਂ ਪਹਿਰਾਂ ਵਿੱਚ ਉਹਨਾਂ ਇਕੱਲਿਆਂ ਬੈਠ ਕੇ ਅਖੰਡ ਪਾਠ ਕੀਤਾ ਸੀ। ਉਹ ਨਾਮਧਾਰੀ ਥੇ। ਮਾਈ ਜੀ ਨੇ ਮੈਨੂੰ ਪੜ੍ਹਾਉਣ ਵਾਸਤੇ ਉਹਨਾਂ ਨੂੰ ਬੁਲਾਇਆ। ਮੈਂ ਉਹਨਾਂ ਕੋਲੋਂ ਪਾਠ ਕੀਤਾ ਹੈ। ਉਹਨਾਂ ਦੇ ਵਿਦਯਾ ਗੁਰੂ ਸੰਤ ਨੱਥਾ ਸਿੰਘ ਜੀ ਥੇ—ਅੰਬਾਲੇ ਜ਼ਿਲ੍ਹੇ ਦੇ ਰਹਿਣ ਵਾਲੇ। ਮਾਤਾ ਜੀ ਨੇ ਉਹਨਾਂ ਨੂੰ ਦੇਖਿਆ ਹੈ। ਉਹਨਾਂ ਨੇ ਜਾ ਕੇ ਭਾਈ ਕੀ ਡਰੋਲੀ ਪਾਠ ਕੀਤਾ। ਭਾਈ ਕੀ ਡਰੋਲੀਯੋਂ ਸਾਰਾ ਪਾਠ ਕਰ ਕੇ ਘਰ ਆ ਗਏ। ਚਿਤ ਵਿੱਚ ਆਖਿਆ ਇੱਕ ਦਿਨ—ਕਹਿੰਦੇ ਸੀ ਅੰਨ੍ਹਾ ਹੋ ਜਾਂਦਾ ਹੈ, ਮੇਰਾ ਤੇ ਕੁਝ ਨ ਵਿਗੜਿਆ। ਦੁਪਹਿਰ ਨੂੰ ਸੁੱਤੇ, ਜਦੋਂ ਉੱਠੇ ਅੰਨ੍ਹੇ ਹੋ ਗਏ।

ਇਹ ਪੱਕਾ ਸਬੂਤ ਹੈ ਉਸ ਬੀੜ ਦਾ, ਔਰ ਉਸ ਬੀੜ ਵਿਚ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹੀ ਹੋਈ ਹੈ ਜਿਹੜੀ ਅਜੇ ਪਾਉਂਟੇ ਸਾਹਿਬ ਜਾਣ ਤੋਂ ਭੀ ਪਹਿਲਾਂ ਦੀ ਲਿਖੀ ਹੋਈ ਹੈ। ਕਈ ਉਹ ਗੱਲਾਂ ਹਨ ਜਿਹੜੀਆਂ ਇਤਿਹਾਸ ਦਾ ਪਤਾ ਕਿਸੇ ਨੂੰ ਕੁਛ ਨਹੀਂ ਲੱਗਿਆ—ਉਹਨਾਂ ਨੇ ਜਿਵੇਂ ਮਰਜ਼ੀ ਹੈ ਉਵੇਂ ਲਿਖ ਦਿੱਤਾ। ਤਾਂ, ਸਤਿਗੁਰਾਂ ਹੁਕਮਨਾਮੇ ਵਿੱਚ ਲਿਖਿਆ ਹੈ—ਭਾਈ, ਨੀਲਾ ਨਹੀਂ ਕਿਸੇ ਨੇ ਪਹਿਨਣਾ, ਨੀਲਾ ਪਹਿਨਣ ਤੇ ਮੱਤ ਮਾਰੀ ਜਾਂਦੀ ਹੈ। ਜਿਹੜਾ ਅਕਾਲ ਬੁੰਗੇ ਨੂੰ ਹੁਕਮਨਾਮਾ ਲਿਖਿਐ ੧੯੩੮ ਵਿੱਚ, ਉਹਦੇ ਵਿੱਚ ਸਤਿਗੁਰਾਂ ਲਿਖਿਆ ਹੈ—ਲਿਖਤੁਮ ਸਰਬਤ ਕੂਕਿਆਂ ਦੀ ਜੋਗ ਪੁਜਾਰੀਆਂ ਤੇ ਨਿਹੰਗਾਂ ਸਿੰਘਾਂ—ਉੱਥੇ ਲਿਖਿਆ ਹੈ ਕਿ ਜਿਹਨੂੰ ਅਸੀਂ ਆਖਦੇ ਹਾਂ ਗੁਰੂ ਰਾਮ ਸਿੰਘ..........। ਜਿਹੜਾ ਆਦਮੀ ਅੱਜ ਗੁਰੂ ਰਾਮ ਸਿੰਘ ਦਾ ਨਾਮ ਲੈਣ ਤੋਂ ਸੰਕੋਚ ਕਰਦਾ ਹੈ ਕੂਕਾ ਹੋ ਕੇ, ਮੈਂ ਉਹਨੂੰ ਕੀ ਆਖਾਂ, ਉਹ ਆਪਣੇ ਅੰਦਰ, ਬੁੱਕਲ ਵਿੱਚ ਝਾਤੀ ਮਾਰੇ। ਨਾਮਧਾਰੀ ਪੰਥ ਵਿੱਚ ਬਾਰਾਂ ਪਾਤਸ਼ਾਹੀਆਂ ਦਾ ਅਰਦਾਸਾ ਸ਼ੁਰੂ ਤੋਂ ਹੋ ਰਿਹੈ ਔਰ ਹੁੰਦਾ ਰਿਹੈ।

ਸਤਿਗੁਰਾਂ ਦੇ ਵਕਤ ੧੯੨੫ ਵਿੱਚ, ਸਤਿਗੁਰਾਂ ਦਾ ਨਾਮ ਲੈਣ ਤੋਂ ਗਿਆਨ ਸਿੰਘ ਗਿਆਨੀ ਨੂੰ ਸਤਿਗੁਰਾਂ ਨੇ ਗਾਲ੍ਹਾਂ ਕੱਢੀਆਂ। ਉਹਨਾਂ ਆਖਿਆ—ਇਸ ਗੱਲੋਂ ਤੇ ਅਸੀਂ ਹਟ ਨਹੀਂ ਸਕਦੇ ਭਾਵੇਂ ਜੋ ਤੇਰੀ ਮਰਜੀ ਹੈ ਆਖ।

ਅਖੇ,''ਤੂੰ ਕੋਹੜਾ ਹੋ ਜਾਏਂਗਾ।''

ਉਹਨਾਂ ਆਖਿਆ,''ਬਈ ਜੇ ਤੂੰ ਮੇਰਾ ਗੁਰੂ ਹੈਂ, ਤੇ ਮੈਂ ਤੇਰਾ ਸਿੱਖ ਹਾਂ—ਤੂੰ ਮੇਰਾ ਪਿਉ ਹੈਂ ਤੇ ਮੈਂ ਤੇਰਾ ਪੁੱਤਰ ਹਾਂ—ਪਿਤਾ ਦਾ ਪੁੱਤਰ ਨੂੰ ਸਰਾਪ ਨਹੀਂ ਲੱਗ ਸਕਦਾ।''

ਤੇ, ਅੱਜ ਅਸੀਂ ਗੁਰੂ ਰਾਮ ਸਿੰਘ ਦਾ ਨਾਮ ਲੈਣ ਤੋਂ ਸੰਕੋਚ ਕਰੀਏ, ਦਸਾਂ ਪਾਤਸ਼ਾਹੀਆਂ ਦਾ ਕਰੀਏ ਅਰਦਾਸਾ, ਤੇ ਫਿਰ ਹੋਈਏ ਅੱਗੇ। ਜ਼ਿਦ ਦੀ ਗੱਲ ਨਹੀਂ, ਗੁੱਸੇ ਦੀ ਗੱਲ ਨਹੀਂ—ਜ਼ਰਾ ਆਪੋ ਆਪਣੀਂ ਅੰਦਰੀਂ ਝਾਤੀਆਂ ਮਾਰਨੀਆਂ, ਧਿਆਨ ਕਰਨਾ। ਤਾਂ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਪਰਦੇਸ ਦੇ ਲੋਕਾਂ ਨੂੰ ਤਾਰਨ ਵਾਸਤੇ ਬੀੜਾ ਕੱਸਿਆ, ਕਮਰਕੱਸਾ ਕੀਤਾ।

*ਧੰਨ ਗੁਰੂ ਹਰਿ ਰਾਮ ਮ੍ਰਿਗਿੰਦ,*

ਧੰਨ ਹੈ ਸਤਿਗੁਰੂ ਰਾਮ ਸਿੰਘ ਸੱਚਾ ਪਾਤਸ਼ਾਹ।

*ਧਿਆਨ ਜਿਨੇ ਕਰਾਮਾਤ ਅਤੁੱਟੀ।।੬।।*

ਹੁਣ ਮ੍ਰਿਗਿੰਦ ਸ਼ਬਦ ਐਸੇ ਥਾਂ ਸੰਤਾਂ ਨੇ ਲਿਆਂਦਾ ਹੈ ਜਿਹੜਾ ਦੇਲ੍ਹੀ ਦੀਪਕ ਆ ਗਿਆ ਹੈ—ਸਤਿਗੁਰੂ ਨਾਲ ਵੀ ਲੱਗਦਾ ਹੈ, ਓਧਰਲੇ ਪਾਸੇ ਧਿਆਨ ਨਾਲ ਵੀ ਲੱਗਦਾ ਹੈ। ਧਿਆਨ ਸਿੰਘ ਜੀ ਕਹਿੰਦੇ ਹਨ —ਧੰਨ ਸਤਿਗੁਰੂ ਰਾਮ ਸਿੰਘ ਸੱਚਾ ਪਾਤਸ਼ਾਹ ਹੈ, ਜਿਹਨਾਂ ਦੀ ਕਰਾਮਾਤ ਅਤੁੱਟ ਹੈ। ਕਿਉਂ–

**ਸੋਲਹ ਕਲਾ ਸੰਪੂਰਨ ਫਲਿਆ।।**
**ਅਨਤ ਕਲਾ ਹੋਇ ਠਾਕੁਰੁ ਚੜਿਆ।।**

*– ਮਾਰੂ ਮ:੫, ਪੰਨਾਂ–੧੦੮੧*

ਠਾਕੁਰ ਅਨੰਤ ਕਲਾ ਲੈ ਕੇ ਆਇਆ। ਗੁਰੂ ਗੋਬਿੰਦ ਸਿੰਘ ਜੀ

ਕਹਿੰਦੇ ਹਨ-

**ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰ ਮੌਰ।।**

ਸਾਰਿਆਂ ਜਾਮਿਆਂ ਦੇ ਸਿਰਮੌਰ ਗੁਰੂ ਗੋਬਿੰਦ ਸਿੰਘ ਕਹਿੰਦੇ-

**ਸਕਤ ਅਨੰਤੀ ਆਇ ਹੈ,**

—ਗਿਣਤੀਆਂ ਦੀਆਂ ਸ਼ਕਤੀਆਂ—ਸੋਲ੍ਹਾਂ ਕਲਾਂ ਨਹੀਂ-

**ਆਦਿ ਇਹੈ ਨਹੀ ਔਰ।**

ਇਹ ਉਹ ਹੈ ਜਿਹੜਾ ਇੱਕ ਹੈ—ਅਕਾਲ ਪੁਰਖ, ਜਿਹਦੀ ਕਰਾਮਾਤ ਅਤੁੱਟ ਹੈ। ਹੁਣ ਏਥੇ ਹੀ ਰੱਖ ਕੇ ਅੱਗੇ ਜੋ ਕੱਲ੍ਹ ਨੂੰ ਸਤਿਗੁਰਾਂ ਨੂੰ ਭਾਵੇਗਾ।

## ਖਾਣ ਪੀਣ ਦਾ ਮਹਾਤਮ

ਹੁਣ ਮੈਂ ਮਾਈਆਂ ਨੂੰ ਥੋੜੀ ਜਿਹੀ ਅਰਜ਼ ਕਰਨੀ ਹੈ। ਸਾਡੀਆਂ ਮਾਈਆਂ—ਮੈਂ ਗੱਲ ਸੁਣਾਈ ਸੀ ਇਹਨਾਂ ਨੂੰ ਕਿ ਮੀਹਾਂ ਸਿੰਘ ਹੁਰਾਂ ਦੀ ਮਾਤਾ, ਮੇਰੀ ਸਿੰਘਣੀ ਦੀ ਜਿਹੜੀ ਮਾਈ ਸੀ ਤੇ ਪਿਤਾ, ਦੋਵੇਂ, ਇੱਕ ਉਹਨਾਂ ਦੇ ਨਾਲ ਉਹਨਾਂ ਦੀ ਵੱਡੀ ਭਾਬੀ, ਤਿੰਨਾ ਕੋਹਾਂ ਤੋਂ ਤਿੰਨ ਜਣੇ ਪਾਣੀ ਲੈਣ ਗਏ। ਗਲ ਵਿੱਚ ਲੋਏ[੨੩] ਦੇ ਓਦੋਂ ਪਾਉਂਦੇ ਸੀ ਚੋਲੇ ਗਿੱਟਿਆਂ ਤਕ ਇਕੱਲਾ ਹੀ, ਪਜਾਮਾ ਪਜੂਮਾ ਕੋਈ ਨਹੀਂ। ਜਦੋਂ ਸੋਧ ਦੇ ਲੰਗਰ ਵਿੱਚ ਵੜਨਾ ਹੋਵੇ ਤਾਂ ਭੂਰੇ ਦੇ ਚੋਲੇ। ਹੁਣ ਤੇ ਗੁਰਾਂ ਨੇ ਕਿਰਪਾ ਕੀਤੀ ਹੈ ਐਨੇ ਸੁੱਚੇ ਲੀੜੇ ਬਖਸ਼ੇ ਨੇ ਜਿਹੜੇ ਭਾਂਵੇਂ ਚੰਗੇ ਤੋਂ ਚੰਗਾ ਪਾਉ। ਭੂਰੇ ਦੇ ਚੋਲੇ ਪਾ ਕੇ ਤਿੰਨਾ ਕੋਹਾਂ ਤੋਂ ਪਾਣੀ ਲੈਣ ਗਏ। ਪਾਣੀ ਲੈ ਕੇ ਜਿਸ ਵੇਲੇ ਮੁੜੇ, ਰਾਹ ਵਿੱਚ ਹਨੇਰੀ ਆ ਗਈ। ਮਾਈ ਰਾਮ ਕੌਰ ਸੰਤਾਂ ਦੇ ਘਰੋਂ —ਸੁੰਦਰ ਸਿੰਘ ਹੁਰਾਂ ਦੇ—ਉਹ ਤੇ ਦੋਵੇਂ ਤੁਰ ਆਏ ਤੇ ਜਿਹੜੀ ਵੱਡੀ ਭਾਬੀ ਸੀ ਉਹ ਰਾਹ ਭੁੱਲ ਕੇ ਦੂਜੇ ਪਿੰਡ ਜਾ ਵੜੀ। ਉਹ ਕੁੰਡਲ ਪਿੰਡ ਵਿੱਚ ਗਈ। ਉਹਨਾਂ ਆਖਿਆ,''ਮਾਈ ਤੇਰਾ ਭਾਂਡਾ ਲਾਹ ਦੇਈਏ।''

ਉਹਨੇ ਆਖਿਆ,''ਨਾ ਭਾਈ ਵੀਰਾ, ਮੇਰਾ ਭਾਂਡਾ ਸੋਧ ਦਾ ਨਹੀਂ ਰਹਿਣਾ, ਖੁਲ੍ਹਾ ਹੋ ਜਾਏਗਾ।''

ਉਹ ਘਰ ਆਏ। ਜਾਂ ਹਨੇਰੀ ਬੰਦ ਹੋਈ, ਉਹ ਗਏ, ਜਾ ਕੇ ਰਾਹ ਵਿਚੋਂ ਉਹਦੇ ਸਿਰ ਤੋਂ ਭਾਂਡਾ ਚੁੱਕ ਕੇ ਲਿਆਏ। ਹੁਣ ਉਹਨਾਂ ਮਾਈਆਂ ਦੇ ਪੁੱਤਰ, ਉਹ ਸਨ ਜਿਹਨਾਂ ਨੂੰ ਤੋਪਾਂ ਤੋਂ ਡਰ ਨਹੀਂ ਲੱਗਿਆ, ਜਿਹਨਾਂ ਨੂੰ ਫਾਂਸੀਆਂ ਤੋਂ ਡਰ ਨਹੀਂ ਲੱਗਿਆ। ਹੁਣ ਸਾਡੀਆਂ ਮਾਵਾਂ ਤੇ ਭੈਣਾਂ ਤੇ ਧੀਆਂ, ਹੁਣ ਮੈਂ ਕੀ ਆਖਾਂ, ਇਸ ਗੱਲ ਦਾ ਨਾਉਂ ਲੈਣਾ ਸਾਡੇ ਵਾਸਤੇ ਪਾਪ ਹੈ।

ਇੱਕ ਰਾਜਾ ਫਜ਼ਲ ਦਾਦ ਮੁਸਲਮਾਨ, ਰਸਾਲਦਾਰ ਸੀ, ਫਿਰ ਉਹਦਾ ਬੜਾ ਖਤਾਬ ਹੋਇਆ। ਨਵਾਬ ਬਹਾਵਲ ਪੁਰ ਦੇ ਘਰ ਉਹਦਾ ਪੁੱਤਰ ਵਿਆਹਿਆ ਗਿਆ। ਮੇਰੇ ਨਾਲ ਉਹਦਾ ਬੜਾ ਪਿਆਰ ਸੀ। ਘੋੜਿਆਂ ਦੇ ਪਰਖਣ ਵਾਲਾ ਪੰਜਾਬ ਵਿੱਚ ਇੱਕ ਆਦਮੀ ਸੀ। ਮੈਨੂੰ ਕਹਿਣ ਲੱਗਾ,"ਮਹਾਰਾਜ ! ਜਿਹੜੀ ਚੀਜ਼ ਦੀ ਹਿੰਦੂਆਂ ਨੂੰ ਸਹੁੰ ਹੈ, ਉਹ ਸਾਡੇ ਘਰ ਨਹੀਂ ਕਦੇ ਵੜੀ, ਮੈਂ ਆਪਣੇ ਪਿੰਡ ਵਿੱਚ ਨਹੀਂ ਵੜਨ ਦਿੱਤੀ।" ਉਸ ਨੇ ਮੇਰੇ ਕੋਲ ਇਉਂ ਨਹੀਂ ਕਿਹਾ ਬਈ, ਗਊ ਦਾ ਮਾਸ।

ਤੇ ਮੈਂ ਹੁਣ ਕੀ ਆਖਾਂ ? ਸਾਡੇ ਘਰਾਂ ਵਿੱਚ, ਸਾਡੇ ਬੱਚਿਆਂ ਨੂੰ ਸਾਂਭਣ ਵਾਲੀਆਂ ਸਿਆਮਨਾਂ—ਜੇ ਮੂੰਹ ਵਿੱਚ ਰੋਟੀ ਪਾਉਣ, ਤੇ ਉਹ—ਜੇ ਖਵਾਉਣ, ਤੇ ਉਹ—ਤੇ ਖਾਣ ਉਹ ਮਾਸ ਗਾਂ ਦਾ। ਹੁਣ ਅਸੀਂ ਤੁਹਾਡੇ ਕੋਲ ਨਾ ਆਈਏ ਤਾਂ ਭੀ ਗੱਲ ਬੁਰੀ ਹੈ, ਉਹੀ ਤੁਹਾਡੇ ਭਾਂਡਿਆਂ ਵਿੱਚ ਅਸੀਂ ਖਾਨੇ ਹਾਂ। ਉਹ ਭਾਈ ਫਤਹਿ ਸਿੰਘ ਕਹਿੰਦਾ ਸੀ ਕਿ ਤੀਜੀ ਚਿਲਮੇ ਸਾਰੇ ਹੀ ਰਲ ਜਾਂਦੇ ਨੇ। ਕਿਸ ਤਰ੍ਹਾਂ—ਮੁਸਲਮਾਨ ਜਿਹੜਾ ਹੈ, ਉਹ ਚੂੜ੍ਹੇ ਦਾ ਹੁੱਕਾ ਨਹੀਂ ਅਖੇ ਫੜਕੇ ਪੀਂਦਾ, ਚਿਲਮ ਲਾਹ ਕੇ ਪੀ ਲੈਂਦਾ ਹੈ, ਤੇ ਮੁਸਲਮਾਨ ਦੀ ਚਿਲਮ ਲਾਹ ਕੇ ਹਿੰਦੂ ਪੀ ਲੈਂਦਾ ਹੈ, ਤੀਜੀ ਚਿਲਮੇ ਸਾਰੇ ਹੀ ਰਲ ਜਾਂਦੇ ਹਨ। ਹੁਣ ਜਿਹੜੀਆਂ ਉਹ ਸਭ ਕੁਝ ਖਾ-ਪੀ ਕੇ ਆਉਂਦੀਆਂ ਹਨ, ਉਹਨਾਂ ਦੇ ਹੱਥਾਂ ਦਾ ਤੁਹਾਡੇ ਬੱਚੇ ਖਾਂਦੇ ਨੇ, ਤੁਹਾਡੇ ਭਾਂਡਿਆਂ ਵਿੱਚ ਅਸੀਂ ਖਾਂਨੇ ਹਾਂ।

ਉਹ ਸਾਡੀਆਂ ਮਾਈਆਂ ਸਨ—ਬੀਬੀ ਅਮਰੋ ਜੀ ਗੁਰੂ ਅੰਗਦ ਦੇਵ ਦੀ ਲੜਕੀ, ਜੇ ਤੜਕੇ ਸਵਾ ਪਹਿਰ ਦੇ ਇਸ਼ਨਾਨ ਕੀਤਾ ਹੈ, ਤੇ

ਮਧਾਣੀ ਪਾਈ ਹੈ, ਤੇ ਆਖਿਆ–

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।**

*– ਆਸਾ ਮ:੫, ਪੰਨਾ–੪੬੨*

ਉਹ ਪੜ੍ਹਦੀਆਂ ਸਨ ਬਾਣੀ, ਤੇ ਕਿਉਂ ਨ ਬੱਚੇ ਜੰਗ ਵਿੱਚ ਜਾ ਕੇ ਅੱਗੇ ਸ਼ਹੀਦ ਹੋਣ। ਅਸੀਂ ਮੁੰਡਿਆਂ ਨੂੰ ਕੀ ਆਖੀਏ ? ਮੁੰਡੇ ਸਿਨੇਮਾ ਕਿਉਂ ਦੇਖਦੇ ਹਨ—ਜਦੋਂ ਮਾਵਾਂ ਲੋਰੀ ਉਹ ਨਹੀਂ ਦੇਂਦੀਆਂ; ਮਾਵਾਂ ਆਪ ਇਸ਼ਨਾਨ ਨਹੀਂ ਕਰਦੀਆਂ; ਮਾਵਾਂ ਬੱਚੇ ਨਹੀਂ ਆਪ ਸਾਂਭਦੀਆਂ। ਸੋ ਮਾਈਆਂ, ਬੀਬੀਆਂ ਅੱਗੇ ਅਰਜ਼ ਹੈ—ਪਤਾ ਕੋਈ ਨਹੀਂ—ਕਿ, ਤੁਹਾਨੂੰ ਸੁਖ ਗੁਰੂ ਨੇ ਦਿੱਤਾ ਹੈ, ਪਰ ਇਸ ਸੁਖ ਦਾ ਇਹ ਮਤਲਬ ਨਹੀਂ ਕਿ ਤੁਸੀਂ ਆਪਣੀਆਂ ਦੇਹਾਂ ਖਰਾਬ ਕਰ ਲਵੋ। ਜੇ ਤੁਹਾਨੂੰ ਆਪਨੇ ਬੱਚਿਆਂ ਉੱਤੇ ਤਰਸ ਹੈ, ਆਪ ਹਿਲਿਆ ਚੱਲਿਆ ਕਰੋ। ਚੰਗੀ ਚੀਜ਼ ਤੇ ਇਹ ਹੈ ਕਿ ਮਾਈਆਂ ਚੱਕੀ ਪੀਹਣ ਤਾਂ ਕਿ ਬੱਚੇ ਤਗੜੇ ਪੈਦਾ ਹੋਣ। ਤੇ ਜੇ ਨਹੀਂ ਕਰਨ ਜੋਗੀਆਂ ਤੁਸੀਂ ਅੰਨ-ਪਾਣੀ ਤੇ ਆਪਨਾ ਆਪ ਪਕਾਓ, ਆਪ ਖਾਓ, ਬੱਚੇ ਆਪਨੇ ਆਪ ਸਾਂਭੋ। ਹੁਣ ਏਸ ਗੱਲ ਨਾਲ, ਤੁਸੀਂ ਏਨਾਂ ਕੁਝ ਛੱਡ ਕੇ, ਕਿਸੇ ਦਿਨ ਫਿਰ ਏਹੋ ਹੀ ਗੱਲ ਹੈ ਕਿ ਸਟ੍ਰੈੱਚਰ ਉੱਤੇ ਚੁਕਣਗੇ ਤੇ ਤੁਹਾਨੂੰ ਲੈ ਜਾ ਕੇ ਉੱਥੇ ਹਸਪਤਾਲ ਵਿੱਚ ਧਰ ਛੱਡਣਗੇ। ਹੋਰ ਤੁਸਾਂ ਕੀ ਕਰਨਾ ਕਰਾਉਣਾ ਹੈ। ਮਾਈਆਂ ਨੂੰ ਧਿਆਨ ਦੇਣ ਦੀ ਲੋੜ ਹੈ।

ਇਸੇ ਤਰ੍ਹਾਂ ਸਿੱਖਾਂ ਨੂੰ ਭੀ ਧਿਆਨ ਦੇਣ ਦੀ ਲੋੜ ਹੈ। ਜਿੱਥੇ ਕੋਈ ਚੀਜ਼ ਦੇਖਣ ਉੱਥੇ ਹੀ ਨਾ ਲਪਕ ਪਿਆ ਕਰਨ, ਕੁਝ ਥੋੜਾ ਬਹੁਤ ਆਪ ਸੰਜਮ ਰੱਖਣ। ਵਕਤ ਗੁਜ਼ਰ ਜਾਂਦਾ ਹੈ, ਦਿਨ ਲੰਘਦੇ ਜਾਂਦੇ ਹਨ। ਸਤਿਗੁਰਾਂ ਦੀ ਮਰਯਾਦਾ—ਸਤਿਗੁਰਾਂ ਦਾ ਹੁਕਮ–

*ਜਾ ਕੀ ਰਹਿਤ ਨ ਜਾਣੀਐ ਗੁਰ ਮੰਤ੍ਰ ਨਹੀਂ ਚੀਤ।।*
*ਉਨਕਾ ਭੋਜਨ ਖਾਇ ਕੇ ਬਿਸਰੇ ਹਰਿ ਸਿਉਂ ਪ੍ਰੀਤ।।*

ਉਹ ਤਾਂ—ਗੁਰੂ ਗੋਬਿੰਦ ਸਿੰਘ ਜੀ—ਕਹਿੰਦੇ ਹਨ ਕਿ–

*ਜਹਾਂ ਕਹਾਂ ਕਾ ਛਕੇ ਪ੍ਰਸਾਦਿ।।*
*ਸਿਖ ਨਹੀ ਮੇਰਾ ਆਦਿ ਜੁਗਾਦਿ।।*

ਹੁਣ ਸਾਡੇ ਕੋਲ ਕੋਈ ਚੀਜ਼ ਰਹਿ ਤੇ ਗਈ ਨਹੀਂ, ਜਿਹੜੀ ਤੋਂ ਅਸੀ ਪਿੱਛੇ ਰਹੇ ਹੋਏ ਹਾਂ। ਜ਼ਰਾ ਧਿਆਨ ਕਰੋ, ਇਸ ਗੱਲ ਵੱਲ। ਆਪਣੇ ਆਪਨੂੰ ਸੋਚਣ, ਮਾਈਆਂ ਤੜਕੇ ਕੇਸੀ ਇਸ਼ਨਾਨ ਕਰਨ, ਇਸ਼ਨਾਨ ਕਰਕੇ ਬਾਣੀ ਪੜ੍ਹਨ, ਜਦੋਂ ਬਾਣੀ ਬੱਚਿਆਂ ਦੇ ਕੰਨਾਂ ਵਿੱਚ ਪਊ, ਬੱਚਿਆਂ ਨੂੰ ਭੀ ਹੋਸ਼ ਆਊ। ਤੁਸੀਂ ਆਪ ਦੁੱਧ ਰਿੜਕੋ, ਆਪ ਪ੍ਰਸਾਦੇ ਪਕਾਓ। ਤੁਹਾਡਾ ਭਜਨ-ਬਾਣੀ ਕਰਨ ਵਾਲਿਆਂ ਦਾ ਪ੍ਰਸਾਦਾ ਪਾਣੀ ਬੱਚਿਆਂ ਦੇ ਅੰਦਰ ਜਾਊ, ਉਹਨਾਂ ਦੀ ਵੀ ਕੁਝ ਮੱਤ ਉਜਲੀ ਹੋਊ। ਸਮਾਂ ਉੱਤੋਂ ਇਹੋ ਜਿਹਾ ਆ ਰਿਹਾ ਹੈ ਜਿਹਦੇ 'ਚੋਂ ਅਸੀਂ ਕੁਝ ਨਹੀਂ ਕਹਿ ਸਕਦੇ ਕਿ ਕਿਸੇ ਦਿਨ ਕੋਈ ਕਿਸੇ ਦਾ ਨੌਕਰ ਰਹੇਗਾ ਕਿ ਨਹੀਂ। ਕਿਉਂ—ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ-

*ਰਾਮ ਸਿੰਘ ਉਚ ਨੀਚਨ ਡਰੈ।*
*ਅਵਨੀ ਇਕ ਰਸੌਦੀ ਕਰੈ।*

ਜਿਦਣ ਇੱਕੋ ਜਿਹੀ ਸਾਰੀ ਹੋ ਗਈ, ਫਿਰ ਕੌਣ ਵੱਡਾ ਤੇ ਕੌਣ ਛੋਟਾ, ਕੌਣ ਕਿਸੇ ਦਾ ਨੌਕਰ ਰਹੂਗਾ। ਦੁਨੀਆਂ ਤੇ ਹੜ ਆ ਰਿਹਾ ਹੈ, ਤੁਸੀਂ ਲੋਕ ਧਿਆਨ ਨਹੀਂ ਕਰਦੇ।

## ਕਰਜਾ ਮੋੜਨ ਦਾ ਹੁਕਮ

ਇੱਕ ਚੀਜ਼ ਹੋਰ—ਅੱਜ ਇਕ ਸੱਜਣ ਮੇਰੇ ਕੋਲ ਗਿਆ ਸੀ, ਕਹਿਣ ਲੱਗਾ—ਕਿ ਮੇਰੇ ਪੈਸੇ ਨਹੀਂ ਸਿੰਘ ਇੱਕ ਦਿੰਦਾ। ਮੈਂ ਕਿਸੇ ਦੀ ਗੱਲ ਨਹੀਂ ਕਰਦਾ, ਬਾਤ ਨਹੀਂ ਕਰਦਾ। ਮੈਂ ਇੱਕੋ ਗੱਲ ਕਹਿਨਾਂ, ਸਤਿਗੁਰਾਂ ਨੇ ਹੁਕਮ ਇਹ ਲਿਖਿਆ ਹੈ ਹੁਕਮਨਾਮੇ ਵਿੱਚ,''**ਕਰਜਾ ਲੈਣਾ ਲੈ ਕੇ ਨਾ ਦੇਣਾ ਚੋਰੀ ਥਾੜੇ ਥੀ ਭੀ ਬਡਾ ਪਾਪ ਹੈ**।''

ਇਹ ਹੁਣ ਹਰ ਇੱਕ ਨੂੰ ਸੋਚਣਾ ਚਾਹੀਦਾ ਹੈ। ਕੂਕਪੁਣਾ ਉਹਦਾ ਕਿੱਥੇ ਜਾਂਦਾ ਹੈ, ਜਿਹੜਾ ਲੈ ਕੈ ਕਰਜਾ, ਜਿਹਦਾ ਦਿਲ ਬੇਈਮਾਨ ਹੁੰਦਾ ਹੈ—ਕਿ ਮੈਂ ਨਾ ਦਿਆਂ। ਉਹ ਕੋਈ ਭੀ ਹੋਏ ਭਾਵੇਂ, ਇਹ ਉਹਨੂੰ ਧਿਆਨ ਕਰਨਾ ਚਾਹੀਦਾ ਹੈ ਕਿ ਚੋਰੀ ਧਾੜੇ ਥੀਂ ਭੀ ਬਡਾ ਪਾਪ ਹੈ।

ਕਿਉਂ ਚੋਰੀ ਧਾੜੇ ਤੋਂ ਭੀ ਬਡਾ ਪਾਪ ਹੈ—ਚੋਰੀ ਕਰਨੀ ਆਦਮੀ ਆਪਣੀ ਜਾਨ ਹੀਲ ਕੇ ਰਾਤ ਨੂੰ ਜਾਂਦਾ ਹੈ, ਭਾਵੇਂ ਉੱਥੇ ਮਾਰਿਆ ਜਾਏ। ਡਾਕਾ ਮਾਰਨ ਵਾਲੇ ਨੇ ਭੀ ਆਪਨੀ ਜਾਨ ਹੀਲੀ ਹੁੰਦੀ ਹੈ, ਅੱਗੋਂ ਭਾਵੇਂ ਮਰ ਜਾਏ। ਇਹ ਵਸਾਹਘਾਤ ਹੈ, ਕਿਸੇ ਨੂੰ ਵਸਾਹ ਕੇ, ਉਹਦੇ ਕੋਲੋਂ ਪੈਸੇ ਲੈ ਕੇ, ਉਹਦੇ ਮੁੜ ਕੇ ਨਾ ਦੇਣੇ। ਛੇ ਹੱਤਿਆ ਗੁਰੂ ਨਾਨਕ ਦੇਵ ਨੇ ਲਿਖੀਆਂ ਹਨ–

- *ਕਰਜਾ ਲੈ ਕੇ ਨਾ ਦੇਣਾ,*
- *ਵਸਾਹਘਾਤ ਕਰਨਾ,*
- *ਕੁਲ ਦੇ ਆਦਮੀ ਨੂੰ ਮਾਰਨਾ,*
- *ਲੜਕੀ ਨੂੰ ਮਾਰਨਾ,*
- *ਗਊ ਨੂੰ ਮਾਰਨਾ,*
- *ਬ੍ਰਾਹਮਣ ਨੂੰ ਮਾਰਨਾ।*

ਏਦੂੰ ਅਗੇ ਇੱਕ ਹੋਰ ਚੀਜ਼ ਭੀ ਲਿਖ ਦਿੱਤੀ ਹੈ। ਉੱਥੇ ਹੀ ਕਹਿੰਦੇ ਨੇ–

*ਖਟ ਹਤਿਆ ਕੇ ਤੁਲ ਹੈ ਜੇ ਗੁਰ ਤੇ ਸਿਖ ਫਿਰ ਜਾਏ।*

ਇਹ ਛੇ ਹੱਤਿਆ ਇੱਕਠੀਆਂ ਹੋ ਜਾਂਦੀਆਂ ਹਨ, ਜੇ ਗੁਰੂ ਤੋਂ ਸਿੱਖ ਦਾ ਮੂੰਹ ਮੁੜ ਜਾਏ। ਜਿੱਥੇ ਸਤਿਗੁਰੂ ਰਾਮ ਸਿੰਘ ਦਾ ਨਾਂ ਨ ਲਿਆ ਜਾਏ, ਫਿਰ ਸਾਨੂੰ ਉਹ ਜਗ੍ਹਾ ਚੰਗੀ ਲੱਗੇ—ਛੇਆਂ ਹੱਤਿਆਂ ਵਰਗੇ ਹਾਂ ਅਸੀਂ।

ਸੋ ਅਰਜ਼ ਹੈ, ਕਿਰਪਾ ਕਰਕੇ ਸਤਿਗੁਰਾਂ ਅੱਗੇ ਅਰਦਾਸ ਕਰੋ। ਜੇ ਕੋਈ ਦਿਲੋਂ ਅਰਦਾਸ ਕਰੇ, ਉਹਦਾ ਕਰਜ਼ਾ ਨਹੀਂ ਰਹਿ ਸਕਦਾ। ਉਹਦੇ ਦਿੱਲ ਵਿਚ ਹੋਵੇ—ਸਤਿਗੁਰੂ ਰਾਮ ਸਿੰਘ ਮੇਰੇ ਤੇ ਕਿਰਪਾ ਕਰ, ਮੈਂ ਇਹਦੇ ਪੈਸੇ ਮੋੜ ਦਿਆਂ। ਸਤਿਗੁਰੂ ਉਹਨਾਂ ਦੀ ਸਹਾਇਤਾ ਕਰਦੇ ਹਨ।

ਮੇਰੇ ਸਾਹਮਣੇ ਮਿਸਾਲ ਹੈ, ਤੇਜਾ ਸਿੰਘ ਹੁਰੀਂ ਹੈਦਰਾਬਾਦ ਵਿੱਚ ਹਨ ਅਜਕਲ੍ਹ—ਗੁਜਰਾਂਵਾਲ ਵਾਲੇ। ਰੁਪਇਆ ਕਾਫੀ ਸਿਰ ਚੜ੍ਹ ਗਿਆ। ਲਹੌਰੋਂ ਜਾਂਦਿਆਂ ਗੱਡੀ ਵਿੱਚ ਜੇਬ ਕੱਟ ਲਈ। ਕਹਿ ਦਿੱਤਾ—ਮੇਰਾ

ਰੁਪਈਆ ਕੱਢ ਲਿਆ ਹੈ। ਸੇਠ ਹੁਰਾਂ ਨੂੰ ਮਿਲਿਆ, ਇਹਨਾਂ ਮੈਨੂੰ ਦੱਸਿਆ। ਮੈਂ ਤੇਜਾ ਸਿੰਘ ਹੁਰਾਂ ਨੂੰ ਵੱਖਰਿਆਂ ਲੈ ਗਿਆ। ਮੈਂ ਲੈ ਜਾ ਕੇ ਪੁੱਛਿਆ,''ਬਈ ਗੱਲ ਕੀ ਹੈ ?''

ਉਹਨਾਂ ਆਖਿਆ,''ਜੀ ਗੱਲ ਕੋਈ ਨਹੀਂ, ਮੈਂ ਆਪ ਜੇਬ ਕੱਟੀ ਹੈ, ਪੈਸੇ ਮੇਰੇ ਸਿਰ ਬਹੁਤੇ ਨੇ, ਵਾਹ ਮੇਰੀ ਕੋਈ ਜਾਂਦੀ ਨਹੀਂ ਸੀ, ਮੈਂ ਆਖਿਆ ਜ਼ਰਾ ਮੇਰੇ ਮਗਰੋਂ ਕਰਜ਼ਦਾਰ ਅਰਾਮ ਲੈਣ ਦੇਣਗੇ।''

ਮੈਂ ਕਿਹਾ,''ਤੇਰੇ ਦਿੱਲ ਵਿੱਚ ਕੀ ਹੈ ?''

ਉਹਨਾਂ ਆਖਿਆ,''ਦਿਲ ਵਿਚ ਮੇਰੇ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਮੇਰੇ ਤੇ ਕਿਰਪਾ ਕਰੇ ਮੈਂ ਲੋਕਾਂ ਦਾ ਪੈਸਾ-ਪੈਸਾ ਮੋੜਾਂ।''

ਮੈਂ ਉਹਨੂੰ ਥਾਪੀ ਦਿੱਤੀ, ਮੈਂ ਆਖਿਆ—ਫਿਰ ਗੁਰੂ ਤੇਰੀ ਜ਼ਰੂਰ ਸਹਾਇਤਾ ਕਰੇਗਾ ਜੇ ਤੇਰੇ ਦਿਲ ਵਿੱਚ ਨੀਯਤ ਨੇਕ ਹੈ।

ਉਹ ਦਿੱਲੀ ਆਏ। ਦਿੱਲੀ ਭੀ ਕਰਜ਼ੇ ਵਾਲੇ ਆਏ। ਉਹ ਛੱਡ ਕੇ ਹੈਦਰਾਬਾਦ ਗਏ। ਕੁਛ ਪੈਸੇ ਉਹਨਾਂ ਨੂੰ ਮਿਲੇ, ਉਹ ਗੁਜਰਾਂਵਾਲੇ ਗਏ। ਲੋਕਾਂ ਨੇ—ਕਿਸੇ ਉਹਨਾਂ ਤੋਂ ਦਵਾਨੀ ਲਈ, ਕਿਸੇ ਚਵਾਨੀ ਲਈ। ਸਾਰਿਆਂ ਨੇ ਉਹਨਾਂ ਨੂੰ ਲਿਖ ਦਿੱਤਾ—ਕਿ ਸਾਡਾ ਕਰਜ਼ਾ ਸਾਰਾ ਅਸਾਂ ਵਸੂਲ ਕਰ ਲਿਐ।

ਸਤਿਗੁਰਾਂ ਨੇ ਉਹਨਾਂ ਤੇ ਫਿਰ ਕਿਰਪਾ ਕੀਤੀ। ਉਹਨਾਂ ਕੋਲ ਬਹੁਤ ਪੈਸੇ ਹੋ ਗਏ। ਜਿਨ੍ਹਾਂ ਲੋਕਾਂ ਨੇ ਉਹਨਾਂ ਨੂੰ ਕਰਜ਼ੇ ਲਿਖ ਕੇ ਦਿੱਤੇ ਹੋਏ ਸੀ—ਬਈ ਅਸੀਂ ਵਸੂਲ ਕਰ ਲਿਆ—ਉਹਨਾਂ ਦੇ ਜਿੰਨੇ-ਜਿੰਨੇ ਪੈਸੇ ਸੀ ਉਹਨਾਂ ਮੁੜ ਕੇ ਲੈ ਜਾ ਕੇ ਗੁਜਰਾਂਵਾਲੇ ਵਿੱਚ ਸਾਰਿਆਂ ਦੇ ਫਿਰ ਦਿੱਤੇ —ਲਿਖੇ ਹੋਏ ਤੋਂ ਬਾਅਦ।

ਇਹ ਹੈ ਸਤਿਗੁਰੂ ਰਾਮ ਸਿੰਘ ਦਾ ਨਾਮ ਉੱਚਾ ਕਰਨਾ, ਉੱਜਲ ਕਰਨਾ, ਔਰ ਉਹਨਾਂ ਨੂੰ ਕੋਈ ਘਾਟਾ ਨਹੀਂ ਰਿਹਾ। ਵੀਹ ਹਜ਼ਾਰ ਰੁਪਈਏ ਨਕਦ ਮੇਰੀ ਆਪਣੀ ਜ਼ਿੰਦਗੀ ਵਿੱਚ ਕਿਸੇ ਆਦਮੀ ਨੇ ਇਕੱਠਾ ਲੰਗਰ ਵਿੱਚ ਨਹੀਂ ਪਾਇਆ—ਉਹਨਾਂ ਫਿਰ ਵੀਹ ਹਜ਼ਾਰ ਰੁਪੱਈਆ ਲੰਗਰ ਵਿੱਚ ਵੀ ਨਕਦ ਪਾਇਆ। ਇਹ ਉਸ ਚੀਜ਼ ਦਾ ਪ੍ਰਤਾਪ ਹੈ, ਅੱਜ

ਉਹ ਬਾਦਸ਼ਾਹ ਬਣੇ ਹੋਏ ਹਨ, ਕੋਈ ਘਾਟਾ ਨਹੀਂ।

ਤੁਸੀਂ ਸਤਿਗੁਰੂ ਰਾਮ ਸਿੰਘ ਅੱਗੇ ਅਰਦਾਸ ਕਰੋ,''ਸੱਚੇ ਪਾਤਸ਼ਾਹ ! ਸਾਡਾ ਕਰਜ਼ਾ ਉਤਾਰ ! ਸਾਡੇ ਮਨ ਨਿਰਮਲ ਕਰ ! ਅਸੀਂ ਜਿਹਦਾ ਦੇਣਾ ਹੈ ਉਹਦਾ ਧੇਲਾ-ਧੇਲਾ ਦੇਈਏ।''

ਸਤਿਗੁਰੂ ਤੁਹਾਡੀ ਸਹਾਇਤਾ ਕਰਨਗੇ, ਲੇਕਿਨ ਜੇ ਲੈ ਕੇ ਮਰੋਂਗੇ ਨਾ ਏਥੇ ਜੋਗੇ ਹੋ, ਨਾ ਅਗਾਂਹ ਜੋਗੇ ਹੋ। ਕਿਉਂਕਿ ਸਤਿਗੁਰਾਂ ਦਾ ਹੁਕਮ ਬੜਾ ਸਖ਼ਤ ਹੈ, ਇਹਦੇ ਵਾਸਤੇ।

## ਨਾਮ ਦੀ ਮਹਿਮਾ

ਮੈਂ ਹੁਣ ਏਥੇ ਸਮਾਪਤ ਕਰਦਾ ਹਾਂ। ਹੁਣ ਨਿਤਨੇਮ ਹੋਣਾ ਹੈ। ਆਸਾ ਦੀ ਵਾਰ ਏਥੇ ਹੀ ਸਵੇਰੇ ਲੱਗੇਗੀ। ਸਾਧ-ਸੰਗਤ ਕਿਰਪਾ ਕਰ ਕੇ ਤੜਕੇ ਚਾਰ ਵਜੇ ਦਰਸ਼ਨ ਦੇਵੇ। ਸਾਢੇ ਚਾਰ ਕੁ ਵਜੇ ਮਸਾਂ ਮੈਂ ਭੀ ਆਉਂਦਾ ਹਾਂ, ਕਦੇ ਉੱਤੇ ਹੀ ਵਕਤ ਹੋ ਜਾਂਦਾ ਹੈ। ਕਿਰਪਾ ਕਰਕੇ ਇਸ਼ਨਾਨ ਪਾਣੀ ਕਰ ਕੇ ਆਇਆ ਕਰੋ। ੧੦ ਵਜੇ ਵਾਲੀ ਗੱਲ ਮੇਰੀ ਫਿਰ ਯਾਦ ਰਖਣੀਂ, ਸਾਰਿਆਂ ਨੇ ਕੱਲ੍ਹ ਨੂੰ ਦਰਸ਼ਨ ਦੇਣੇ ਸਵੇਰੇ। ਹੁਣ ਅਰਦਾਸ ਕਰਕੇ ਨਿਤਨੇਮ ਹੋਵੇਗਾ। ਮੈਂ ਤੇ ਨਹੀਂ ਕਹਿੰਦਾ ਬਈ, ਕੋਈ ਤੁਰ ਜਾਏ। ਮਸਤਾਨੇ ਹੁਰੀਂ ਕਹਿੰਦੇ ਹਨ—ਉਹ ਕਿਰਪਾ ਕਰ ਕੇ ਚਲੇ ਜਾਣ ਜਿਹਦਾ ਚਿਤ ਕਰੇ। ਅਸੀਂ ਉਹਨੂੰ ਰੋਕ ਨਹੀਂ ਸਕਦੇ। ਕੋਈ ਇਹ ਕੈਦ ਨਹੀਂ ਕੱਟਣ ਵਾਸਤੇ, ਪਰ ਜੇ ਕੋਈ ਇਸਨੂੰ ਕੈਦ ਸਮਝ ਕੇ ਭੀ ਕੱਟੇ ਫਿਰ ਭੀ ਉਸਨੂੰ ਫਾਇਦਾ ਹੋ ਸਕਦਾ ਹੈ, ਕਿਉਂਕਿ ਨਾਮ ਦੀ ਬਾਬਤ ਮਹਾਰਾਜ ਨੇ ਐਸਾ ਲਿਖਿਆ ਹੈ ਕਿ ਜਿਸ ਤਰ੍ਹਾਂ ਅੱਗ ਨੂੰ ਜਿੱਥੇ ਵੀ ਪਾਓ ਉਹ ਸਾੜੇਗੀ, ਇਸੇ ਤਰ੍ਹਾਂ ਜਿਹੜਾ ਪੁਰਸ਼ ਕਿਸੇ ਤਰ੍ਹਾਂ ਭੀ ਨਾਮ ਲਵੇ, ਭਾਵੇਂ ਉਹ ਗੁੱਸੇ ਵਿੱਚ ਆ ਕੇ ਭੀ ਲਵੇ, ਤਾਂ ਭੀ ਨਾਮ ਉਹਨੂੰ ਫਾਇਦਾ ਕਰੇਗਾ। ਕੋਈ ਬੱਧਾ-ਰੁੱਧਾ ਭੀ ਲਵੇ, ਨਾਮ ਐਸੀ ਚੀਜ਼ ਹੈ-

**- ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।।**

*- ਆਸਾ ਮ:੧, ਪੰਨਾ-੩੫੮*

**– ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ।।**

*– ਜੈਤਸਰੀ ਮ:੫, ਪੰਨਾ-੭੦੭*

ਸੋ ਭਾਈ, ਨਾਮ ਜਪਿਆ ਕਰੋ। ਸਤਿਗੁਰਾਂ ਦੇ ਵੱਲ ਧਿਆਨ ਕਰੋ, ਸਮਾਂ ਬੜਾ ਭਿਆਨਕ ਆ ਰਿਹਾ ਹੈ। ਪਤਾ ਨਹੀਂ ਮੁੜ ਕੇ ਆਉਣ ਜਾਣ ਦਾ ਇਹ ਸੰਬੰਧ ਖਵਰੇ ਬਣਨਾ ਹੈ ਕਿ ਨਹੀਂ, ਕੋਈ ਇਹਦਾ ਪਤਾ ਨਹੀਂ। ਇਹਦੀ ਬਾਬਤ ਕੁਝ ਨਹੀਂ ਕਹਿ ਸਕਦੇ। ਕਿਉਂਕਿ ਨਰਾਇਣ ਸਿੰਘ ਹੁਰੀਂ ਧੀਰ, ਭੈਣੀ ਸਹਿਬ ਤੋਂ ਤੁਰਨ ਲੱਗੇ, ਜੇਠ ਦਾ ਮਹੀਨਾ ਸੀ, ਮੈਂ ਆਖਿਆ--ਸੇਠ ਜੀ, ਮੇਰਾ ਜੀ ਨਹੀਂ ਕਰਦਾ ਤੁਸੀਂ ਜਾਂਦੇ ਹੋ।

ਉਹ ਏਥੇ ਆ ਗਏ। ਏਥੇ ਆਇਆ ਤੋਂ ਸੇਠ ਹੁਰਾਂ, ਮਹਿਲ ਸਿੰਘ ਹੁਰਾਂ, ਉਹਨਾਂ ਦੇ ਪਿਤਾ ਜੀ ਚਿੱਠੀ ਲਿਖੀ—ਕਿ ਨਰਾਇਣ ਸਿੰਘ ਬਈ, ਛੇਤੀ ਆ ਜਾ। ਉਹਨਾਂ ਆਖਿਆ—ਪਿਤਾ ਜੀ ਮੈਂ ਹਵਾਈ ਜਹਾਜ਼ ਕਿਰਾਏ ਤੇ ਕਰ ਛੱਡਿਆ ਹੈ, ਜਦੋਂ ਭੀ ਰੌਲਾ ਜਾਪਿਆ ਮੈਂ ਉਦੋਂ ਚੜ੍ਹ ਜਾਵਾਂਗਾ। ਕਿਧਰੇ ਜਹਾਜ਼ ਗਿਆ, ਕਿਧਰੇ ਕੁਛ ਗਿਆ, ਏਥੇ ਦੇ ਏਥੇ ਹੀ ਫੱਸ ਗਏ —ਉਸ ਵੇਲੇ।

ਸਾਡੇ ਹਿੰਦੁਸਤਾਨੀ ਲੀਡਰ ਹੀ ਵਿਦਵਾਨ ਨਹੀਂ, ਇਹ ਉਹਨਾਂ ਨਾਲੋਂ ਭੀ ਵਿਦਵਾਨ ਨੇ ਜਿਹਨਾਂ ਨੇ ਅੰਗਰੇਜ਼ਾਂ ਦੀ ਨੀਤੀ ਨੂੰ ਉਲਟਾ ਕੇ ਰਾਜ ਲਿਆ ਔਰ ਉਹਨਾਂ ਨੂੰ ਕੱਢਿਆ। ਇੱਕ ਉੱਤੇ ਦੀ ਸ਼ਕਤੀ ਹੈ ਜਿਹੜੀ ਸਭ ਕਰਨ ਵਾਲੀ ਹੈ, ਜਿਹਦੇ ਵਿੱਚ ਕੋਈ ਆਦਮੀ ਲੱਤ ਨਹੀਂ ਡਾਹ ਸਕਦਾ ਭਾਵੇਂ ਕੁਛ ਭੀ ਕਰੀ ਜਾਏ। ਜੋ ਕੋਈ ਮਰਜ਼ੀ ਹੈ ਕਿਸੇ ਦੀ ਬਣਾਵੇ। ਜਰਮਨ ਨੇ ਲਾਈਨ ਬਣਾਈ, ਕਿੱਡੀ ਮੋਟੀ ਬਣਾਈ ਸੀ, ਪਤਾ ਹੀ ਨਹੀਂ ਲੱਗਿਆ ਕਿਵੇਂ ਟੁੱਟੀ। ਫਰਾਂਸ ਵਾਲੇ ਨੇ ਕਿਹੋ ਜਿਹੀ ਲਾਈਨ ਬਣਾਈ ਸੀ, ਪਤਾ ਹੀ ਨਹੀਂ ਲੱਗਿਆ ਕਿਵੇਂ ਟੁੱਟ ਗਈ। ਤਾਂ ਹੁਣ-

*ਰੌਲੀ ਪਵੈ ਦੇਸ ਸਬ ਰੁਲੈ।*

ਫਿਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅੱਗੇ ਸਿੱਖ ਆ ਕੇ ਕਹਿੰਦੇ ਹਨ—ਕੋਈ ਬਚਾਅ ਦੀ ਸੂਰਤ।

ਭਾਈ, ਬਚਾਅ ਦੀ ਸੂਰਤ ਇੱਕੋ ਹੈ—ਜਿਹੜੇ ਪੁਰਸ਼ ਨਾਮ ਜਪਣਗੇ।

ਜਿਸ ਤਰ੍ਹਾਂ ਚੱਕੀ ਵਿੱਚ ਦਾਣੇ ਪਾਈਦੇ ਹਨ ਉਹ ਪੀਸੀਂਦੇ ਜਾਂਦੇ ਹਨ ਪਰ ਜਿਹੜੇ ਕਿੱਲੀ ਦੇ ਨਾਲ ਲੱਗੇ ਹੁੰਦੇ ਨੇ, ਉਹ ਬਚ ਰਹਿੰਦੇ ਨੇ।

ਇਹ ਕਿਸੇ ਦੇ ਪਿਉ ਦਾ ਮੁੱਲ ਨਹੀਂ ਲਿਐ—ਉਹ ਕੂਕਿਆਂ ਦਾ ਨਹੀਂ, ਅਕਾਲੀਆਂ ਦਾ ਨਹੀਂ, ਹਿੰਦੂਆਂ ਦਾ ਨਹੀਂ, ਇਸਾਈਆਂ ਦਾ ਨਹੀ। ਜਿਹੜੇ ਉਹਦਾ ਨਾਮ ਜਪਣ—

**ਜੋ ਜਪੈ**

—ਗੁਰੂ ਜੀ ਕਹਿੰਦੇ ਨੇ-

**ਤਿਸ ਕੀ ਗਤਿ ਹੋਇ।।**

*- ਰਾਮਕਲੀ ਮ:੫, ਪੰਨਾਂ-੮੯੫*

ਸਾਡਾ ਹੁਣ ਫਰਜ਼ ਹੈ ਸਾਨੂੰ ਇਹ ਧਿਆਨ ਦੇਣਾ ਚਾਹੀਦਾ ਹੈ, ਕਿ ਅਸੀਂ ਇੱਕ ਦੂਏ ਨੂੰ ਜ਼ਬਾਨੀ ਉਹਦੀਆਂ ਸਿਫਤਾਂ ਨਾ ਕਰੀਏ। ਜੀ ਆਇਆਂ ਨੂੰ ਕਿਹਾ, ਚਾਰ ਕਵਿਤਾ ਪੜ੍ਹੀਆਂ, ਰੱਬ ਤੋਂ ਵੀ ਅਗਾਂਹ ਲੰਘਾ ਦਿੱਤਾ। ਜੇ ਕੰਮ ਕਰਨ ਦਾ ਵੇਲਾ ਆਇਆ, ਕੋਈ ਗੱਲ ਕਰਨ ਦਾ ਤਾਂ ਮਨੁੱਖ ਜਿੰਨੀ ਵੀ ਨਾ ਮੰਨੀ ਕਿਸੇ ਦੀ।

ਬਾਣੀ ਨੂੰ ਪੜ੍ਹਦੇ ਹਾਂ, ਗੁਰੂਆਂ ਨੂੰ ਗੁਰੂ ਕਹਿੰਦੇ ਹਾਂ, ਰੋਜ਼ ਮੱਥੇ ਟੇਕਦੇ ਹਾਂ, ਉਸ ਬਾਣੀ ਨੂੰ ਚੰਗੀ ਭੀ ਜਾਣਦੇ ਹਾਂ ਪਰ ਮੰਨਦੇ ਨਹੀਂ। ਫਿਰ ਉਹੀ ਕੁਛ ਹੈ ਸਾਡਾ ਨਾਮ।

**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ।।**

*- ਬਿਲਾਵਲ ਮ:੧, ਪੰਨਾਂ-੮੩੧*

ਭਾਈ ਸੱਜਣੋਂ, ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ। ਤੁਸੀਂ ਏਥੇ ਬੈਠੇ ਹੋ, ਦੂਸਰਾ ਮੁਲਕ ਹੈ, ਮੈਨੂੰ ਬਹੁਤ ਚੰਗੀ ਤਰ੍ਹਾਂ ਤਾਂ ਵਾਕਫ਼ੀਅਤ ਨਹੀਂ ਦੁਨੀਆਂ ਦੀ, ਪਰ ਤੁਸੀਂ ਇੱਕ ਛੋਟੇ ਜਿਹੇ ਥਾਂ ਵਿੱਚ ਘਿਰੇ ਹੋਏ ਬੈਠੇ ਹੋ, ਜਿਨ੍ਹਾਂ ਦੇ ਦੁਆਲੇ-ਦੁਆਲੇ ਸਾਰੇ ਕਮਿਯੂਨਿਜ਼ਮ ਆ ਰਿਹਾ ਹੈ।

ਤੋਪ, ਬੰਦੂਕ ਔਰ ਐਟਮ ਤੁਹਾਡੀ ਰੱਖਿਆ ਨਹੀਂ ਕਰ ਸਕਦੇ। ਰੱਖਿਆ ਕਰ ਸਕਦਾ ਹੈ ਤੁਹਾਡਾ ਆਤਮਾ ਸ਼ੁੱਧ ਹੋ ਕੇ। ਸਤਿਗੁਰੂ ਦੇ ਚਰਨਾਂ ਨਾਲ ਜੁੜੋ, ਤੁਸੀਂ ਨਾਮ ਜਪੋ, ਤੁਸੀਂ ਇੱਕ ਦੂਜੇ ਨਾਲ ਪਿਆਰ ਕਰੋ,

ਤੁਸੀਂ ਇੱਕ ਦੂਜੇ ਨਾਲ ਦੁੱਖ ਵੰਡਾਓ। ਇਹ ਨ ਧਿਆਨ ਕਰੋ—ਇਹ ਕੌਣ ਹੈ। ਸਭ ਤੋਂ ਦੂਰ ਚਲੋ ਤਾਂ ਇਹ ਮਨੁੱਖ ਹੈ, ਫਿਰ ਹਿੰਦੁਸਤਾਨੀ ਹੈ, ਫਿਰ ਪੰਜਾਬੀ ਹੈ, ਫਿਰ ਸਾਡਾ ਭਰਾ ਹੈ—ਜੇ ਕਰ ਸਕਦੇ ਹੋ। ਸਤਿਗੁਰੂ ਰਾਮ ਸਿੰਘ ਰੰਗੂਨ ਆਏ। ਇੱਥੋਂ ਹੁਕਮਨਾਮੇ ਵਿੱਚ ਲਿਖ ਕੇ ਭੇਜਿਆ—ਗਊ ਦੀ ਰੱਤ ਦੀ ਭਿੱਜੀ ਹੋਈ ਛੁਰੀ ਲੈ ਕੇ..............। ਕਿਸ ਵਾਸਤੇ ਅੱਸੀ ਸਿਖ ਤੋਪਾਂ ਨਾਲ ਉੱਡੇ। ਦੱਸ ਗਿਆਰਾਂ ਫਾਸੀਆਂ ਉੱਤੇ ਲਟਕੇ। ਸਤਿਗੁਰੂ ਜੀ ਪਰਦੇਸ ਗਏ; ਸੂਬੇ ਪਰਦੇਸ। ਅਜੇ ਤਕ, ੧੮੭੨ ਈਸਵੀ ਤੋਂ ਲੈ ਕੇ ੧੯੨੩ ਤਕ—ਅਸੀਂ ਉੱਥੇ ਹੀ ਜੰਮੇ ਹਾਂ, ਉਹਨਾਂ ਦੇ ਘਰ ਹੀ ਸਮਝੋ। ਸਾਡੇ ਦੁਆਲੇ ਪਹਿਰਾ, ਮਾਈ ਜੀ ਸਾਡਿਆਂ ਨੂੰ ਫੜੀ ਫਿਰੇ-੧੯ ਸਾਲ ਦੀ ਉਮਰ ਵਿਚ, ੩ ਮਹੀਨੇ ਪੁਲਿਸ ਘਸੀਟੀ ਫਿਰੀ ਬੁਖਾਰ ਚੜ੍ਹਦੇ ਵਿੱਚ ਇਕੱਲਿਆਂ ਨੂੰ, ਨਾਲ ਨਾ ਕਿਸੇ ਨੂੰ ਰਹਿਣ ਦੇਣ। ਅਸੀਂ ਜੰਮੇ ਵੀ ਉੱਥੇ। ਇਤਲਾਹ ਦੇ ਕੇ ਬਾਹਰ ਜਾਈਏ ਜੁਰਾਇਮ ਪੇਸ਼ੇ ਵਾਂਗੂ, ਜੇ ਉਸ ਪਿੰਡ ਵਾਲੇ—ਅਗਲੇ, ਇਤਲਾਹ ਕੋਈ ਨਾ ਲਿਖੇ, ਬਈ ਏਥੇ ਆਏ ਨੇ ਤਾਂ ਮਗਰੋਂ ਫਿਰ ਪੁਲਿਸ ਨੇ ਸੱਦਣਾ। ਤੁਸੀਂ ਕਹਿੰਦੇ ਸਉ ਕਿ ਉੱਥੇ ਗਏ—ਨਹੀਂ ਆਏ।

ਸੰਨ ੧੮੭੨ ਤੋਂ ਲੈ ਕੇ ੧੯੨੩ ਤਕ ੫੧ ਸਾਲ ਦਰਵਾਜ਼ੇ ਤੇ ਪੁਲਿਸ ਰਹੀ। ਉਹ ਕੂਕਾ ਉਸ ਵੇਲੇ ਦਾ ਬੜਾ ਉੱਚਾ ਸੀ, ਭਜਨ ਬਾਣੀ ਕਰਨ ਵਾਲਾ ਸੀ, ਔਰ ਦ੍ਰਿੜ ਵਿਸ਼ਵਾਸੀ ਸੀ। ਅੱਜ ਕੋਈ ਦੁੱਖ ਨਹੀਂ, ਕੋਈ ਤਕਲੀਫ ਨਹੀਂ। ਹੁਣ ਜੇ ਅਸੀਂ ਏਸ ਤਰ੍ਹਾਂ ਦੇਖਣ ਲੱਗੀਏ, ਇੱਕ ਦਿਨ ਇੱਕ ਸਿੱਖ ਨਾਲ ਇੱਕ ਆਦਮੀ ਗੱਲ ਕਰਨ ਲੱਗਾ, ਕਿ ਕੇਸ ਰੱਖਣ ਦਾ ਕੀ ਫਾਇਦਾ ਹੈ। ਉਹਨੇ ਆਖਿਆ ਬਈ, ਕੇਸ ਰੱਖਣ ਦਾ ਇੱਕੋ ਫਾਇਦਾ ਹੈ—ਮੈਂ ਇਉਂ ਨਹੀਂ ਦੱਸ ਸਕਦਾ, ਹੁਕਮ ਹੈ ਗੁਰੂ ਦਾ। ਗੁਰੂ ਦੇ ਹੁਕਮ ਵਿੱਚ ਇਹ ਨਹੀਂ, ਬਈ, ਇਹ ਕਿਉਂ ਹੈ। ਜੇ ਗੁਰੂ ਦੇ ਹੁਕਮ ਵਿੱਚ ਕਿਉਂ ਹੈ, ਅੰਮ੍ਰਿਤ ਛਕਣ ਦਾ ਕੀ ਫਾਇਦਾ—ਹੁਕਮ ਹੈ, ਗੁਰੂ ਗੋਬਿੰਦ ਸਿੰਘ ਨੇ ਛਕਾਇਐ। ਏਥੇ ਜਾ ਕੇ ਅਸੀਂ ਕਿੰਤੂ ਨਹੀਂ ਕਰ ਸਕਦੇ। ਜਿੰਨਾ ਚਿਰ ਸਿੱਖਾਂ ਨੇ ਦ੍ਰਿੜ ਵਿਸ਼ਵਾਸ ਨਾਲ ਇਸ ਚੀਜ਼ ਨੂੰ ਮੰਨਿਆ, ਭਾਈ ਤਾਰੂ ਸਿੰਘ ਹੁਰਾਂ ਨੇ ਮੰਨਿਆ ਕਿ ਕੇਸਾਂ ਵਿੱਚ ਮੇਰੇ ਵਿੱਚ ਅੰਮ੍ਰਿਤ ਪਿਆ ਹੋਇਆ ਹੈ,

ਤੇ ਕੇਸ ਨੂੰ ਕੋਈ ਚੀਜ਼ ਕੱਟ ਨਹੀਂ ਸਕਦੀ—ਓਨਾਂ ਚਿਰ ਕੇਸ ਨਾ ਕੱਟੇ ਗਏ। ਜੇ ਹੁਣ ਅਸੀਂ ਆਪ ਹੀ—ਕੋਈ ਏਥੋਂ, ਕੋਈ ਸਾਬਣ ਲਾ ਕੇ, ਕੋਈ ਦਵਾਈ ਲਾ ਕੇ, ਕੋਈ ਹੇਠੋਂ, ਕੋਈ ਉੱਤੋਂ, ਕੋਈ ਕਿਧਰੋਂ, ਜੇ ਅਸੀਂ ਆਪਣੇ ਆਪ ਹੀ.........। ਫਿਰ ਅੰਮ੍ਰਿਤ ਛਕਦੇ ਹਾਂ ਕਿ ਸ਼ਰਬਤ ਪੀਂਦੇ ਹਾਂ।

ਸਹਿਜਧਾਰੀਆਂ ਸਿੱਖਾਂ ਨਾਲ ਇਸ ਗੱਲ ਦਾ ਸਵਾਲ ਨਹੀ, ਜਿਹਨਾਂ ਨੇ ਅੰਮ੍ਰਿਤ ਨਹੀਂ ਛਕਿਆ ਉਹਨਾਂ ਨਾਲ ਇਹ ਸਵਾਲ ਨਹੀਂ, ਜਿਹੜੇ ਅੰਮ੍ਰਿਤ ਛਕਦੇ ਹਨ ਫਿਰ ਉਹ ਸ਼ਰਬਤ ਨੂੰ ਪੀਂਦੇ ਹਨ ਕਿ ਅੰਮ੍ਰਿਤ ਛਕਦੇ ਨੇ।

ਅਰਦਾਸ ਕਰੋ, ਸਮਾਂ ਭਿਆਨਕ ਹੈ, ਸਤਿਗੁਰੂ ਬਖਸ਼ਿਸ਼ ਕਰਨ, ਸਾਨੂੰ ਇੱਕੋ ਜਾਚ ਦੱਸਣ—ਅਸੀਂ ਇੱਕ ਦੂਏ ਅੱਗੇ ਦਰਦੀ ਹੋਈਏ।

ਮੈਂ ਤੁਹਾਨੂੰ ਗਾਈਆਂ ਦੀ ਗੱਲ ਦੱਸੀ ਹੈ ਕਿ ਉਹ ਗਾਂ ਦੂਜੀ ਚੁੰਘ ਲੈਂਦੀ ਜੇ ਦੁਖੀ ਹੁੰਦੀ ਸੀ, ਬਈ ਅਸੀਂ ਡੰਗਰਾਂ ਵਰਗੇ ਤੇ ਬਣ ਜਾਈਏ, ਮਨੁੱਖ ਤਾਂ ਦੂਰ ਚੀਜ਼ ਹੈ ਸਾਡੇ ਤੇ ਸਤਿਗੁਰ ਬਖਸ਼ਿਸ਼ ਕਰਨ। ਹੁਣ ਮੈਂ ਖਿਮਾਂ ਮੰਗਾਂਗਾ ਸਾਧ-ਸੰਗਤ ਤੋਂ।

**ਹੇ ਅਚੁਤ[੨੪] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੨੫]।।**
**ਹੇ ਪੂਰਨ ਹੇ ਸਰਬ[੨੬] ਮੈ ਦੁਖ ਭੰਜਨ[੨੭] ਗੁਣ ਤਾਸ[੨੮]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੨੯] ਸਭ ਟੇਕ[੩੦]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ[੩੧] ਸਦਾ ਬਿਬੇਕ[੩੨]।।**
**ਹੇ ਅਪਰੰਪਰ[੩੩] ਹਰਿ ਹਰੇ ਹਹਿ[੩੪] ਭੀ ਹੋਵਨਹਾਰ[੩੫]।।**
**ਹੇ ਸੰਤਹ ਕੇ ਸਦਾ ਸੰਗਿ ਨਿਧਾਰਾ[੩੬] ਆਧਾਰਾ।।**
**ਹੇ ਠਾਕੁਰ ਹਉ ਦਾਸਰੋ[੩੭] ਮੈ ਨਿਰਗੁਨ ਗੁਨੁ ਨਹੀਂ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।**

*– ਪੰਨਾ–੨੬੧*

– **ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸ਼ਬਦਾਰਥ

੧ ਅੰਗਰੇਜ਼।
੨ ਨਿਤਯ ਆਉਣ ਵਾਲੇ ਦਿਨ।
੩ ਅੰਮ੍ਰਿਤ ਵੇਲੇ।
੪ ਵਡੇ ਪਾਪ, ਰੋਗ।
੫ ਅੰਮ੍ਰਿਤ ਵੇਲੇ।
੬ ਬੱਜਰ ਪਾਪ।
੭ ਨਾਸ ਕੀਤੇ।
੮ ਅੰਗਰੇਜ਼।
੯ ਕੁੱਤੇ।
੧੦ ਬਾਰਸ਼ ਦਾ ਵੱਸਣਾ।
੧੧ ਸੰਨ ੧੯੪੫ - ੪੬।
੧੨ ਮਜ਼ਹਬ, ਧਰਮ।
੧੩ ਗੱਲ ਉਲਟਾ ਦਿੰਦਾ ਹੈ, ਰੱਦ ਕਰ ਦਿੰਦਾ ਹੈ।
੧੪ ਕਮਲ।
੧੫ ਸੰਖ।
੧੬ ਗਰਦਨ।
੧੭ ਲੱਕ।
੧੮ ਸ਼ੇਰ।
੧੯ ਹਾਥੀ।
੨੦ ਕੇਲਾ।
੨੧ ਹਿਰਨ।
੨੨ ਕਫੂਰ ਵਰਗੀ ਸੁਗੰਧੀ।
੨੩ ਮੋਟੇ ਕੰਬਲ।
੨੪ ਅਟੱਲ, ਨਾ ਡੋਲਣ ਵਾਲਾ।
੨੫ ਪਾਪਾਂ ਨੂੰ ਨਾਸ ਕਰਨ ਵਾਲੇ।
੨੬ ਸਕਬ ਰੂਪ।
੨੭ ਦੁੱਖਾਂ ਦੇ ਨਾਸ ਕਰਨ ਵਾਲਾ।
੨੮ ਗੁਣਾਂ ਦਾ ਭੰਡਾਰ।
੨੯ ਤਿੰਨਾਂ ਗੁਣਾਂ ਤੋਂ ਨਿਰਲੇਪ।
੩੦ ਆਸਰੇ।
੩੧ ਜਿਸ ਦੇ।
੩੨ ਗਿਆਨ ਪ੍ਰਕਾਸ਼।
੩੩ ਪਾਰਾਵਾਰ ਤੋਂ ਪਰੇ।
੩੪ ਹੈ ਹੁਣ।
੩੫ ਅੱਗੇ ਨੂੰ ਵੀ ਹੋਣ ਵਾਲਾ ਹੈ।
੩੬ ਕਮਲਨਿਰ ਆਸਰੇ।
੩੭ ਦਾਸ।

## ਟਿੱਪਣੀਆਂ

★੧

**ਛੇ ਸ਼ਾਸਤਰ** - ਵੈਸ਼ੇਸ਼ਿਕ, ਨਯਾਯ, ਸਾਂਖਯ, ਪਾਤੰਜਲ ਅਥਵਾ ਯੋਗ ਦਰਸ਼ਨ, ਮੀਮਾਸਾਂ, ਵੇਦਾਂਤ।

**ਚਾਰ ਵੇਦ** - ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵੇਦ।

**ਅਠਾਰਾਂ ਪੁਰਾਣ** - ਬ੍ਰਹਮ, ਪਦਮ, ਬ੍ਰਹਮਾਂਡ, ਅਗਨੀ, ਵਿਸ਼ਨੂੰ, ਗਰੁੜ, ਬ੍ਰਹਮ ਵੈਵਰਤ, ਭਾਗਵਤ, ਸ਼ਿਵ, ਲਿੰਗ, ਨਾਰਦ, ਸਕੰਦ, ਮਾਰਕੰਡੇ, ਭਵਿਖਯ, ਮਤਸਯ, ਵੈਰਾਹ, ਕੂਰਮ, ਵਾਸਨ।

**ਨਾਗਾਂ ਦੀਆ ਕੁਲਾਂ** - ਨਾਗਾਂ ਦੀਆ ਕੁਲਾਂ ਦੇ ਮੁਖੀਏ ਇਹ ਹਨ - ਅਨੰਤ, ਵਾਸ਼ਿਕ, ਕੰਬਲ, ਕਕੋਟ, ਪਦਮ, ਮਹਾਂਪਦਮ, ਸ਼ੰਖ, ਕੁਲਿਕ, ਤਕਸ਼ਕ।

# ਬੰਕੋਕ ੧੭-੨-੧੯੫੪

## ਸੁਆਮੀ ਅਨੰਤ ਜੀ

ਅਨੰਤ ਜੀ ਸਾਡੇ ਪੰਜਾਬੀ ਹਨ, ਔਰ ਬੜੀ ਕਿਰਪਾ ਹੈ ਕਿ ਇਹ ਖਾਸ ਵੱਡੀਆਂ ਵਿਅਕਤੀਆਂ ਵਿਚੋਂ ਹਨ, ਜਿਨ੍ਹਾਂ ਦਾ ਪ੍ਰਭਾਵ ਸਾਡੇ ਹਿਸਾਬ ਨਾਲ ਬਹੁਤ ਹੈ। ਔਰ ਸਾਡਾ ਬਹੁਤ ਸਾਰਾ ਇਨ੍ਹਾਂ ਦਾ ਪਿਆਰ ਹੈ, ਬਹੁਤ ਦੇਰ ਤੋਂ। ਭਾਵੇਂ ਏਥੇ ਕਿਸੇ ਨੂੰ ਨਹੀਂ ਪਤਾ, ਪਰ ਮੈਨੂੰ ਇਹਨਾਂ ਦੇ ਦਰਸ਼ਨ ਪਹਿਲਾਂ ਕੁੱਲੂ ਤੋਂ ਅੱਗੇ ਮਨਾਲੀ ਨੂੰ ਜਾਂਦਿਆਂ ਹੋਇਆ—ਮਨਾਲੀਓਂ ਭੀ ਖਵਰੇ ਅੱਗੇ ਮੈਂ ਜਾ ਰਿਹਾ ਸਾਂ ਜਿਸ ਵੇਲੇ—ਰਸਤੇ ਵਿੱਚ ਇਹਨਾਂ ਦੇ ਦਰਸ਼ਨ ਹੋਏ। ਇਹ ਪਰੇ ਤੋਂ ਆ ਰਹੇ ਸੀ, ਫਿਰ ਆ ਕੇ ਕੁੱਲੂ ਇਕੱਠੇ ਰਹੇ। ਦੋ ਦਿਨ, ਤਿੰਨ ਦਿਨ ਬਚਨ ਬਿਲਾਸ ਕਰਦੇ ਰਹੇ। ਉਸਤੋਂ ਬਾਅਦ ਬਹੁਤ ਵਾਰ ਇਹਨਾਂ ਨੇ ਦੇਸ਼ ਸੇਵਾ ਵਿੱਚ ਵੀ ਬਹੁਤ ਹਿੱਸਾ ਲਿਆ ਹੈ।

ਪਾਲੀ ਭਾਸ਼ਾ ਦੇ—ਸਾਨੂੰ ਫ਼ਖਰ ਹੈ ਇਸ ਗੱਲ ਦਾ ਕਿ ਪੰਜਾਬੀ ਹੁੰਦੇ ਹੋਏ ਸਾਡੇ—ਇਹ ਖ਼ਾਸ ਬੜੇ ਵਿਦਵਾਨ ਹਨ, ਔਰ ਇਹ ਤੁਸੀਂ ਦਰਸ਼ਨ ਕਰਕੇ ਹੀ ਦੇਖ ਸਕਦੇ ਹੋ। ਸਾਨੂੰ ਇਹ ਖੁਸ਼ੀ ਹੈ ਕਿ ਸਾਡੇ ਪੰਜਾਬ ਵਿੱਚ ਇਹਨਾਂ ਦਾ ਦੇਹ ਕਰ ਕੇ ਜਨਮ ਹੋਇਆ, ਔਰ ਇਹ ਸਾਰੇ ਬਹੁਤ ਦੂਰ ਤਕ ਤੁਰ ਫਿਰ ਕੇ, ਜੋ ਕੁਛ ਇਹਨਾਂ ਨੇ ਸਾਡਾ ਨਾਉ ਪੰਜਾਬ ਦਾ ਉੱਚਾ ਕੀਤਾ ਹੈ, ਉਹ ਸਾਨੂੰ ਇਸ ਗੱਲ ਦੀ ਖੁਸ਼ੀ ਹੈ।

ਹੁਣ ਥੋੜੀ-ਬਹੁਤੀ ਕਿਰਪਾ ਕਰਨਗੇ, ਤੁਹਾਨੂੰ ਕੁਛ ਇਹ ਆਪਣੀ

ਰਸਨਾ ਤੋਂ ਸੁਣਾਉਣਗੇ। ਮੈਂ ਹੁਣ ਇਹਨਾਂ ਅੱਗੇ ਅਰਜ਼ ਕਰਦਾ ਹਾਂ ਕਿਰਪਾ ਕਰਨ।

*(ਸੁਆਮੀ ਜੀ ਦੇ ਭਾਸ਼ਨ ਉਪਰੰਤ ਸਤਿਗੁਰੂ ਜੀ ਫਰਮਾਉਂਦੇ ਹਨ)*

ਉਹ ਆਪਣੇ ਨੂੰ ਚੰਗਾ ਮੰਨਦਾ ਹੈ ਜਿਸ ਤਰ੍ਹਾਂ ਉਹ ਬਣਿਆ ਹੋਇਆ ਹੈ। ਜੇ ਅਸੀਂ ਵੀ ਆਪਣੀ ਚੀਜ਼ ਕੋਈ ਛੱਡਣੀ ਨਹੀਂ ਚਾਹੁੰਦੇ ਤਾਂ ਉਸ ਦੀ ਵੀ ਸਾਡਾ ਛਡਾਉਣ ਦਾ ਕੋਈ ਹੱਕ ਨਹੀਂ। ਇਸ ਕਰਕੇ ਇਹਨਾਂ ਨੇ ਜਿਹੜੀ ਕਿਰਪਾ ਕੀਤੀ ਹੈ, ਇੱਕ ਚੀਜ਼ ਜਿਹੜੀ ਤੁਹਾਨੂੰ ਆਖੀ ਹੈ, ਹੁਣ ਤੁਹਾਡੇ ਉਹ ਧਿਆਨ ਦੇਣ ਵਾਲੀ ਹੈ। ਇਹ ਕਹਿੰਦੇ ਹਨ—ਤੁਸੀ ਏਥੇ ਆਏ ਹੋਏ ਹੋ; ਤੁਸੀਂ ਵਪਾਰ ਕਰਕੇ ਪੈਸੇ ਕਮਾਉਣ, ਆਪਣੇ ਬਾਲ-ਬੱਚੇ ਪੈਦਾ ਕਰਨ ਜਾਂ ਜਾਇਦਾਦ ਬਣਾਉਣ ਵਾਸਤੇ ਨਹੀਂ ਆਏ ਹੋਏ। ਤੁਹਾਨੂੰ ਇਹ ਚੀਜ਼ ਚਾਹੀਦੀ ਹੈ ਕਿ ਏਥੇ ਮਹਾਤਮਾ ਬੁੱਧ ਜੀ ਨੂੰ ਕਿਸ ਤਰ੍ਹਾਂ ਇਹਨਾਂ ਲੋਕਾਂ ਨੇ ਉਹਨਾਂ ਨੂੰ ਮੰਨਿਐ। ਉਹਨਾਂ ਦੀ ਕਿਆ ਹਾਲਤ ਹੈ—ਉਹ ਕਿਸ ਤਰ੍ਹਾਂ ਰਹਿੰਦੇ ਹਨ—ਮਹਾਤਮਾ ਜੀ ਦੀ ਉਹ ਕਿਹੜੀ ਚੀਜ਼ ਮੰਨਦੇ ਹਨ। ਜਿਹੜੀ ਚੀਜ਼ ਤੁਹਾਡੇ ਅਨੁਕੂਲ ਨਾ ਆਵੇ ਉਹ ਤੁਸੀਂ ਨਾ ਮੰਨੋ, ਔਰ ਉਸਦਾ ਇਹ ਭੀ ਨਤੀਜਾ ਹੋ ਸਕਦਾ ਹੈ ਕਿ ਜੇ ਤੁਸੀਂ ਉਹਨਾਂ ਲੋਕਾਂ ਨਾਲ ਪਿਆਰ ਕਰੋਂ ਤਾਂ ਕਈ ਗੱਲਾਂ ਐਸੀਆਂ ਭੀ ਹੋ ਸਕਦੀਆਂ ਹਨ, ਜਿਹੜੀਆਂ ਉਹ ਤੁਹਾਡੇ ਨਾਲ ਰਲ ਕੇ ਵੀ ਉਸਨੂੰ ਸ਼ਾਇਦ ਛੱਡ ਦੇਣ। ਮਹਾਤਮਾ ਜੀ ਦਾ ਤੇ 'ਅਹਿੰਸਾ ਪਰਮੋ ਧਰਮਾ' ਉਪਦੇਸ਼ ਹੈ। ਉਹਨਾਂ ਨੇ ਤਾਂ ਹਿੰਸਾ ਵਾਸਤੇ ਨਹੀਂ ਆਖਿਆ। ਅਗਰ ਤੁਹਾਡੀ ਇਹ ਤਾਕਤ ਹੋ ਜਾਏ, ਤੁਸੀਂ ਉਹਨਾਂ ਨਾਲ ਪਿਆਰ ਕਰੋਂ ਤਾਂ ਸ਼ਾਇਦ ਲੋਕ ਜਾਨਵਰ ਮਾਰਨੋਂ ਹਟ ਜਾਣ। ਤਾਂ, ਇਹਨਾਂ ਦੇ ਇਹ ਜਿਹੜੇ ਬਚਨ ਹਨ—ਬਈ, ਏਥੇ ਤੁਸੀ ਆਏ ਹੋ —ਹੁਣ ਇਹਨਾਂ ਦੇ ਸ਼ਬਦ ਬੋਲਣ ਦੇ ਫਰਕ ਵਿੱਚ ਵਿਸ਼ਨੂੰ ਲੋਕ ਨੂੰ ਵਿਸ਼ਨਾ ਲੋਕ, ਉਤਰ ਦਿਸ਼ਾ ਨੂੰ ਉਤਰਾਦੀਪ, ਯੁਵਰਾਜ ਨੂੰ ਯਵਾਰਾਜ, ਰਾਜਵੰਸ਼ ਨੂੰ ਰਸ਼ੋਕ—ਇਹ ਸ਼ਬਦਾਂ ਦੇ ਭੇਦ ਹਨ। ਹੈ ਸਭ ਕੁਝ ਸਾਡਾ ਹੀ। ਮੈਂ ਅੱਗੇ ਜਿਸ ਵਕਤ ਆਇਆ ਸਾਂ, ਚਕਰਵਰਤੀ*[੧] ਜੀ ਵੀ ਨਾਲ ਸੀ, ਅਸਾਂ ਲਾਇਬਰੇਰੀ ਜਾ ਕੇ ਦੇਖੀ। ਜਿਤਨਾਂ ਇਥੇ ਸਾਹਿੱਤ ਪਿਆ ਹੈ ਕੋਈ ਘਾਟਾ ਨਹੀਂ।

ਪਰ ਇੱਕ ਐਸੀ ਵੀ ਚੀਜ਼ ਹੈ, ਬਈ ਇਹ ਇੱਕ ਐਸਾ ਸੰਗਮ ਸਾਨੂੰ ਮਿਲ ਗਿਆ ਹੈ ਜੋੜਨ ਵਾਲਾ, ਅਨੰਤ ਜੀ ਦਾ ਆਉਣਾ ਕਿ ਇਹ ਪੰਜਾਬੀ ਭੀ ਬੋਲਦੇ ਹਨ, ਪੰਜਾਬੀ ਭੀ ਹਨ ਔਰ ਇਹ ਬੋਧੀ ਭੀ ਹਨ। ਤਾਂ ਤੇ ਜਿੰਨਾਂ ਚਿਰ ਏਥੇ ਰਹਿਣ, ਕਿਸੇ ਨ ਕਿਸੇ ਵੇਲੇ—ਅੱਠੀਂ ਦਿਨੀਂ, ਦਸੀਂ ਦਿਨੀਂ —ਤੁਸੀਂ ਕੁਝ ਸਮਾਂ ਰੱਖੋ ਜਿਹੜਾ ਇਹਨਾਂ ਨੂੰ ਮਿਲੋ। ਇਹਨਾਂ ਨੂੰ ਮਿਲ ਕੇ, ਉਹਨਾਂ ਲੋਕਾਂ ਨਾਲ ਮਿਲਣ ਦਾ ਬਹੁਤ ਸਾਰੀਆਂ ਬਾਤਾਂ ਦਾ—ਮੈਨੂੰ ਗੁਰਬਖਸ਼ ਸਿੰਘ ਹੁਰਾਂ ਗੱਲ ਕੀਤੀ, ਉਹਨਾਂ ਬੈਂਕ ਖੋਲ੍ਹਿਆ ਹੈ, ਜਿਹੜੇ ਉਹਨਾਂ ਦੇ ਡਾਇਰੈਕਟਰ ਹਨ, ਉਹ ਬੜੇ ਮਹਾਤਮਾ ਆਦਮੀ ਹਨ। ਜਦੋਂ ਉਹਨਾਂ ਇਹ ਗੱਲ ਸੁਣੀ ਬਈ ਸਿੱਖ ਸ਼ਰਾਬ ਨਹੀਂ ਪੀਂਦੇ, ਤਾਂ ਉਹ ਬੜੇ ਹੈਰਾਨ ਹੋਏ ਕਿਉਂਕਿ ਇਹ ਸਾਈਨ ਬੋਰਡ ਭੀ ਜਿਹੜਾ ਹੈ ਨ, ਇਹ ਭੀ ਸਾਨੂੰ ਹੀ ਮਿਲਿਆ ਹੋਇਐ। ਜੇ ਹੋਰ ਕੁਛ ਨ ਹੋਵੇ ਕਲਕੱਤੇ ਵਿੱਚ, ਹੋਰ ਕੁਛ ਲੜਨ ਨੂੰ ਨਾ ਲੱਭੇ ਤਾਂ ਸ਼ਾਮ ਨੂੰ ਪੀ ਕੇ ਸਾਡੇ ਡਰਾਈਵਰ ਸਰਦਾਰ ਆਪਸ ਵਿੱਚ ਹੀ ਡਹਿ ਪੈਂਦੇ ਹਨ। ਤਾਂ, ਇਸ ਚੀਜ਼ ਨੇ ਸਾਨੂੰ ਬੜੀ ਦੂਰ ਪਿੱਛੇ ਸਿੱਟਿਆ ਹੋਇਆ ਹੈ। ਇਹਨਾਂ ਦੇ ਆਉਣ ਦਾ ਤੁਸੀਂ ਲਾਭ ਉਠਾ ਸਕਦੇ ਹੋ, ਔਰ ਜਿਹੜਾ ਕੁਛ ਇਹਨਾਂ ਨੇ ਕਿਹਾ ਹੈ ਉਸ ਗੱਲ ਵੱਲ ਧਿਆਨ ਦਿਓ। ਤੁਸੀਂ ਦੋ, ਚਾਰ, ਪੰਜ, ਸੱਤ ਜਿੰਨੇ ਭੀ ਇਸ ਧਰਮ ਦੇ ਵਾਕਫ ਹੋਵੋਗੇ, ਤੁਸੀਂ ਉਹਨਾਂ ਨੂੰ ਅਗੋਂ ਦਸੋਂਗੇ ਸਾਡਾ ਧਰਮ ਭੀ ਨਾਲ ਮਿਲਦਾ ਹੈ—ਤੁਹਾਡੇ ਵਿੱਚ। ਅਸੀ ਵੀ ਅਹਿੰਸਾ ਪਰਮੋ ਧਰਮਾ ਦੇ ਕਾਇਲ ਹਾਂ, ਅਸੀਂ ਨਹੀਂ ਕੋਈ ਚੀਜ਼ ਵਰਤਦੇ। ਅਸੀਂ ਨਹੀਂ ਕੋਈ ਜਾਨਵਰ ਮਾਰਦੇ। ਤਾਂ, ਉਹਨਾਂ ਦਾ ਤੁਹਾਡਾ ਪਿਆਰ ਵਧੇਗਾ। ਸਮਾਂ ਬੜਾ ਹੋਰ ਤਰ੍ਹਾਂ ਦਾ ਆਉਂਦਾ ਜਾਂਦਾ ਹੈ। ਜੋ ਕੁਝ ਇਹਨਾਂ ਨੇ ਫਰਮਾਇਆ ਹੈ ਸ਼ਬਦ, ਤੁਸੀ ਆਪਣੇ ਅੰਦਰ ਲਿਖੋ, ਔਰ ਮਿਲਿਆ ਕਰੋ ਕਦੇ ਅੱਠੀਂ, ਦਸੀਂ, ਪੰਜੀ ਜਾ ਕੇ ਮਿਲੋ। ਉਹਨਾਂ ਲੋਕਾਂ ਨੂੰ ਮਿਲੋ। ਇਹ ਵਿੱਚ ਬਹਿ ਕੇ ਤੁਹਾਡੀ ਉਹਨਾਂ ਲੋਕਾਂ ਨੂੰ ਗੱਲ ਦੱਸਣ। ਤੁਸੀਂ ਉਹਨਾਂ ਦੀ ਇਹਨਾਂ ਦੇ ਰਾਹੀਂ ਸੁਣੋ। ਤੁਹਾਨੂੰ ਐਸਾ ਮੌਕਾ ਮਿਲਣਾ ਫਿਰ ਬੜਾ ਮੁਸ਼ਕਿਲ ਹੈ। ਤੇ ਮੈਂ ਇਹਨਾਂ ਦਾ—ਕੋਈ ਮੈਨੂੰ ਕਹਿਣ ਦੀ ਲੋੜ ਨਹੀਂ, ਪਰ ਇਹ ਇਕ ਰਸਮ ਹੈ, ਕਿ ਮੈਂ ਕ੍ਹਵਾਂ,

ਮੈਂ ਇਹਨਾਂ ਦਾ ਬੜਾ ਧੰਨਵਾਦੀ ਹਾਂ, ਇਹਨਾਂ ਨੇ ਆ ਕੇ ਦਰਸ਼ਨ ਦਿੱਤੇ ਹਨ। ਇਹ ਕੋਈ ਧੰਨਵਾਦ ਦੀ ਗੱਲ ਨਹੀਂ, ਮੇਰਾ ਇਹਨਾਂ ਦਾ ਪਿਆਰ ਹੈ, ਔਰ ਮੈਂ ਚਾਹੁੰਦਾ ਹਾਂ ਕਿ ਏਦੂੰ ਭੀ ਜ਼ਿਆਦਾ ਵਧੇ। ਇਹੋ ਜਿਹੇ ਸਾਡੇ ਮੁਲਕ ਵਿਚ ਹੀਰੇ ਪੈਦਾ ਹੋਣ, ਜਿਹੜੇ ਦੂਸਰੇ ਮੁਲਕਾਂ ਵਿੱਚ ਵੀ ਜਾ ਕੇ ਦੱਸਣ ਕਿ ਪੰਜਾਬ ਵਿੱਚ ਵੀ ਕੋਈ ਮਹਾਤਮਾ ਸੰਤ ਹਨ, ਜਿਹਨਾਂ ਨੇ ਲੋਕਾਂ ਨੂੰ ਕੁਛ ਜਾ ਕੇ ਦੱਸਿਆ ਔਰ ਜਿਨ੍ਹਾਂ ਵਿੱਚ ਇਹ ਚੀਜ਼ਾਂ ਹਨ। ਸਾਨੂੰ ਫਖ਼ਰ ਹੈ ਇਸ ਗੱਲ ਦਾ ਕਿ ਇਹੋ ਜਿਹੇ ਪੁਰਸ਼ਾਂ ਦਾ ਹੋਣਾ ਸਾਡੇ ਵਾਸਤੇ ਬੜਾ ਲਾਭਦਾਇਕ ਹੈ ਔਰ ਮੁਲਕ ਨੂੰ ਫਾਇਦਾ ਪਹੁੰਚਾਇਆ ਹੈ।

*ਦੋਹਰਾ।।ਦੁਆਦਸ ਜੋਤੀ ਰੂਪ ਕੋ ਬਹੁ ਬਾਰੀ ਪਰਣਾਮ।*
*ਨਾਮ ਲਿਯੇ ਭਵ[1] ਦੁਖ ਮਿਟੇ ਧਿਆਨ ਸਿੰਘ ਧੰਨ ਰਾਮ।।੭।।*
*ਕਿਤਕ ਮਾਸ ਬੀਤੇ ਜਬੈ ਪੁਨ ਗੁਰ ਦਰਸਨ ਹੇਤ।*
*ਗੁਰ ਪੁਰ ਗਏ ਹਰਮੀਤ ਸਿੰਘ ਦਿਖੇ ਚਰਿਤ੍ਰ ਜੇਤ।।੮।।*
*ਮੋ ਕੋ ਜਿਵ ਵਰਨਨ ਕਰੇ ਸੁਣੋ ਖਾਲਸਾ ਗਾਥ।*
*ਪ੍ਰੇਮੀ ਜਨ ਹਿਤ ਮੈਂ ਲਿਖੌਂ ਸੁਣੋ ਜੋ ਹਿਤ ਚਿਤ ਸਾਥ।।੯।।*
*ਦੋਹਰਾ।।ਦੁਆਦਸ ਜੋਤੀ ਰੂਪ ਕੋ ਬਹੁ ਬਾਰੀ ਪਰਣਾਮ।*

ਕੱਲ੍ਹ ਤੋਂ, ਪਰਸੋਂ ਤੋਂ, ਮੰਗਲ ਸ਼ੁਰੂ ਹੋਇਆ ਹੋਇਆ ਹੈ ਸਤਿਗੁਰੂ ਰਾਮ ਸਿੰਘ ਜੀ ਦਾ। ਉਸਦੇ ਵਿੱਚ ਸੰਤ ਜੀ ਕਹਿੰਦੇ ਹਨ—ਜੋ ਦੁਆਦਸ, ਬਾਹਰਵਾਂ ਸਰੂਪ ਹੈ ਸਾਡਾ ਸਤਿਗੁਰੂ ਰਾਮ ਸਿੰਘ, ਮੇਰੀ ਉਸਨੂੰ ਬਹੁਤ ਵੇਰ ਨਮਸਕਾਰ ਹੈ।

## ਨਾਮ ਕਿੱਥੋਂ ਮਿਲਦਾ ਹੈ

*ਨਾਮ ਲਿਯੇ ਭਵ ਦੁਖ ਮਿਟੇ ਧਿਆਨ ਸਿੰਘ ਧੰਨ ਰਾਮ।।੧।।*

ਜਿਸਦਾ ਨਾਮ ਲੈਣੇ ਸੇ ਸੰਸਾਰ ਦੇ ਦੁੱਖ ਦੂਰ ਹੁੰਦੇ ਹਨ, ਕਿਉਂਕਿ ਨਾਮ ਹੀ ਇੱਕ ਐਸੀ ਚੀਜ਼ ਮਹਾਰਾਜ ਦਾ ਹੈ ਜਿਹੜਾ ਉਹਨਾਂ ਨੇ ਲਿਖਿਆ ਹੈ–

**ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ।।**

*– ਬਿਲਾਵਲ ਮ:੫, ਪੰਨਾ–੮੦੨*

ਨਾਮ ਦੇ ਜਪਣ ਨਾਲ ਇੱਕ ਸਾਕਾ ਨਹੀਂ—ਗੁਰੂ ਅਰਜਨ ਦੇਵ ਮਹਾਰਾਜ ਨੇ ਬਸੰਤ ਰਾਗ ਦੀਆਂ ਅਸਟਪਦੀਆਂ ਵਿੱਚ ਬੜਾ ਕੁਛ ਲਿਖਿਆ ਹੈ–

**ਸੁਣਿ ਸਾਖੀ[੨] ਮਨ ਜਪਿ ਪਿਆਰ।।**
**ਅਜਾਮਲੁ[੩] ਉਧਰਿਆ ਕਹਿ ਏਕ ਬਾਰ।**
**ਬਾਲਮੀਕੈ ਹੋਆ ਸਾਧ ਸੰਗੁ।।**
**ਧ੍ਰੂ ਕਉ ਮਿਲਿਆ ਹਰਿ ਨਿਸੰਗ[੪]।।੧।।**
**ਤੇਰਿਆ ਸੰਤਾ ਜਾਚਉ[੫] ਚਰਨ ਰੇਨ।।**
**ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ[੬]।।੧।।ਰਹਾਉ।।**
**ਗਨਿਕਾ ਉਧਰੀ ਹਰਿ ਕਹੈ ਤੋਤ[੭]।।**
**ਗਜਇੰਦ੍ਰ[੮] ਧਿਆਇਓ ਹਰਿ ਕੀਓ ਮੋਖ।**
**ਬਿਪ੍ਰ[੯] ਸੁਦਾਮੇ ਦਾਲਦੁ ਭੰਜ[੧੦]।।**
**ਰੇ ਮਨ ਤੂ ਭੀ ਭਜੁ ਗੋਬਿੰਦ।। ੨।।**

*– ਬਸੰਤ ਮ:੫, ਪੰਨਾ–੧੧੯੨*

ਕਿਸ ਤਰ੍ਹਾਂ ਨਾਮ ਮਿਲਦਾ ਹੈ—ਸੰਤਾਂ, ਸਤਿਗੁਰਾਂ ਦੁਆਰਾ। ਜਿਹੜੇ ਪੁਰਸ਼ ਸੰਤਾਂ ਦੇ, ਸਤਿਗੁਰਾਂ ਦੇ ਦੁਆਰੇ ਨਾਮ ਲੈ ਕੇ ਜਪਦੇ ਹਨ, ਉਹ ਗੁਰੂ ਰਾਮ ਦਾਸ ਜੀ ਸਾਹਿਬ ਬਿਹਾਗੜਾ ਰਾਗ ਵਿੱਚ ਕਹਿੰਦੇ ਹਨ–

**ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੂੜੀਏ,**
**ਜੋ ਹਰਿ ਹਰਿ ਨਾਮੁ ਦ੍ਰਿੜਾਵੈ[੧੧] ਰਾਮ।।**

ਫਿਰ ਜਾ ਕੇ–

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੂੜੀਏ**
**ਮਤੁ ਕਿ ਜਾਪੈ[੧੨] ਸਾਹੁ ਆਵੈ ਕਿ ਨ ਆਵੈ ਰਾਮ।।**

*– ਬਿਹਾਗੜਾ ਮ:੪, ਪੰਨਾ–੫੪੦*

ਇਕ ਲੱਖੂ ਜੀ ਮਹਾਤਮਾ ਸਨ। ਉਹਨਾਂ ਦੇ ਪਾਸ ਕੋਈ ਸਾਧੂ

ਗਿਆ। ਉਹਨਾਂ ਦੇ ਘਰ ਵਾਲੀ ਵੀ ਸਤਿ ਸੰਗਨ ਸੀ, ਉਹਨਾਂ ਦੀ ਲੜਕੀ ਸੀ, ਉਹ ਓਦੂੰ ਅੱਗੇ ਲੰਘੀ ਹੋਈ ਸੀ। ਉਹ ਜਾ ਕੇ ਆਂਹਦਾ ਹੈ—ਮਹਾਰਾਜ ਇਹ ਜੀਵਣਾ ਦੁਨੀਆਂ ਦਾ ਦੱਸੋ।

ਉਹ ਲੱਖੂ ਜੀ ਕਹਿੰਦੇ ਹਨ–

*ਲਖੂ ਬੋਲੇ ਲੱਖ ਵਾਰ, ਲਖੂ ਬੋਲੇ ਸੱਚ,*
*ਇਹ ਦੁਨੀਆਂ ਦਾ ਜੀਵਨਾ ਇਹ ਦਿਨ ਪੰਜ ਕੇ ਸੱਤ।*

ਮਾਈ ਨੂੰ ਪੁੱਛਿਆ, ਮਾਈ ਕਹਿੰਦੀ ਹੈ–

*ਅਜਕਲ ਕੇ ਚਹੁੰ ਦਿਨੀਂ ਓੜਕ ਦਿਨੀ ਦਸੀਂ,*
*ਏਸ ਸੁਹਾਵੇ ਬਾਗ ਵਿਚ ਹੋਵਾਂਗੇ ਨਾਂਹਿ ਅਸੀਂ।*

ਲੜਕੀ ਨੂੰ ਪੁੱਛਿਆ, ਉਸਨੂੰ ਜ਼ਰਾ ਸੰਤਾਂ ਦਾ ਸੰਗ ਜ਼ਿਆਦਾ ਸੀ, ਉਹ ਕਹਿੰਦੀ ਹੈ–

*ਲਖੂ ਭੁਲਾ ਲੱਖ ਕੋਹ ਤੇ ਸੌ ਕੋਹ ਭੁਲੀ ਮਾਂ।*
*ਇਹ ਦੁਨੀਆਂ ਦਾ ਜੀਵਨਾਂ ਸਾਹ ਆਵੇ ਕੇ ਨਾ।*

ਸਾਹਿਬਾਂ ਨੇ ਲਿਖਿਆ ਹੈ–

**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ,**

ਗੁਰੂ ਨਾਨਕ ਦੇਵ ਜੀ ਮਹਾਰਾਜ ਧਨਾਸਰੀ ਰਾਗ ਵਿਚ ਕਹਿੰਦੇ ਹਨ–

**ਹਮ ਆਦਮੀ ਹਾਂ,**

ਇਹਦਾ ਨਾਮ ਹੈ ਆ–ਦਮੀ, ਜਿਹਨੂੰ ਆਉਂਦਾ ਹੈ ਦਮ। ਕਹਿੰਦੇ ਹਨ—

**ਹਮ ਆਦਮੀ ਹਾਂ ਇਕ ਦਮੀ**
**ਮੁਹਲਤਿ ਮੁਹਤੁ ਨ ਜਾਣਾ।।**

*– ਧਨਾਸਰੀ ਮ:੧, ਪੰਨਾ–੬੬੦*

—ਕੋਈ ਪਤਾ ਨਹੀਂ ਕਿੰਨਾਂ ਚਿਰ ਹੈ, ਸਾਹ ਅੰਦਰੋਂ ਮੁੜ ਕੇ ਆਉਂਦਾ ਹੈ ਕਿ ਨਹੀਂ ਆਉਂਦਾ। ਤਾਂ ਸਤਿਸੰਗ–

**ਸਭਿ ਜਾਇ ਮਿਲਹੁ ਸਤਿਗੁਰੂ ਕਉ**

**ਮੇਰੀ ਜਿੰਦੂੜੀਏ ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ।।**
**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੂੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।।**
**ਸਾ ਵੇਲਾ ਸੋ ਮੂਰਤੁ[੧੩] ਸਾ ਘੜੀ ਸੋ ਮੁਹਤੁ[੧੪] ਸਫਲੁ ਹੈ**
**ਮੇਰੀ ਜਿੰਦੂੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ।।**

*– ਬਿਹਾਗੜਾ ਮ:੪, ਪੰਨਾ–੫੪੦*

ਸਮਾਂ ਉਹੋ ਹੀ ਹੈ—ਦੀਵਾਨ ਨੰਦ ਨਾਲ ਜੀ ਫਾਰਸੀ ਦੇ ਮਾਹਿਰ ਹੋਏ, ਗੁਰੂ ਗੋਬਿੰਦ ਸਿੰਘ ਦੇ ਆਸ਼ਿਕ ਹੋਏ, ਉਹ ਲਿਖਦੇ ਹਨ ਕਿ–

*ਖੁਸ਼ ਅਸ੍ਤੁ ਉਮਰ ਕਿ ਦਰ ਯਾਦਿ ਬਿਗੁਜ਼ਰਦ,*

ਭਲੀ ਹੈ ਉਹ ਉਮਰ ਕਿ ਜਿਹੜੀ ਵਿੱਚ ਯਾਦ ਦੇ ਗੁਜਰੇ ਉਸਦੀ ਦੇ।

*ਵਰਨਾ ਚਿ[੧੫] ਹਾਸਿਲ[੧੬] ਅਸ੍ਤੁ ਅਜ਼ੀ[੧੭] ਗੁੰਬਦਿ[੧੮] ਕਬੂਦ ਮਰਾ।*

*– ਗਜ਼ਲ–੧*

ਨਹੀਂ ਤਾਂ ਇਸ ਨੀਲੇ ਆਕਾਸ਼ ਗੁੰਬਦ ਵਿੱਚੋਂ, ਸਾਨੂੰ ਕਿਆ ਹਾਸਲ ਹੈ। ਸੋਈ ਕਹਿੰਦੇ ਹਨ, ਜਿਸਦਾ ਨਾਮ ਲੈਨੇ ਸੇ ਦੁੱਖ ਦੂਰ ਹੁੰਦੇ ਹਨ—ਉਹ ਨਾਮ ਮਿਲਦਾ ਕਿਸ ਤਰ੍ਹਾਂ ਹੈ। ਸਾਹਿਬਾਂ ਨੇ—ਆਸਾ ਦੀ ਵਾਰ ਰੋਜ਼ ਤੁਸੀਂ ਪੜਦੇ ਸੁਣਦੇ ਹੋ—ਉੱਥੇ, ਉਹਨਾਂ ਲਿਖਿਐ–

**ਬਿਨੁ ਸਤਿਗੁਰ ਕਿਨੈ ਨ ਪਾਇਓ,**

ਸਤਿਗੁਰੂ ਤੋਂ ਬਿਨਾਂ ਕਿਸੇ ਨੂੰ ਵੀ ਪ੍ਰਾਪਤੀ ਨਹੀਂ ਹੋਈ। ਵਿਦਵਾਨ ਕਹਿੰਦੇ ਹਨ—

*ਥੂਨੀ ਖਨਨ ਨਿਆਇ।*

—ਕਿ ਇੱਕ ਕਿੱਲਾ ਗੱਡਿਆ ਹੈ। ਉਹਨੂੰ ਦੇਖਿਆ ਹੈ, ਜੇ ਉਹ ਹਿਲਦੈ ਤੇ ਉਹਦੇ ਤੇ ਹੋਰ ਸੱਟ ਮਾਰੀਦੀ ਹੈ। ਤਾਂ ਉਸੇ ਪਉੜੀ ਦੀ ਉਸੇ ਤੁਕ ਵਿੱਚ ਸਾਹਿਬ ਕਹਿੰਦੇ ਹਨ–

**ਬਿਨੁ ਸਤਿਗੁਰ ਕਿਨੈ ਨ ਪਾਇਓ,**

ਫਿਰ ਕਹਿੰਦੇ ਹਨ–

**ਬਿਨੁ ਸਤਿਗੁਰ ਕਿਨੈ ਨ ਪਾਇਆ॥**

*– ਪੰਨਾ-੪੬੬*

ਤਾਂ ਬਿਨਾਂ ਸਤਿਗੁਰੂ ਤੋਂ, ਬਿਨਾਂ ਸੰਤਾ ਮਹਾਤਮਾ ਤੋਂ, ਬਿਨਾਂ ਕਿਸੇ ਮਹਾਂਪੁਰਖ ਦੇ ਮਿਲਣ ਤੋਂ, ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਮਹਾਂਪੁਰਖ ਧਰਤੀ ਉੱਤੇ ਆਉਂਦੇ ਰਹੇ, ਕ੍ਰਿਸ਼ਨ ਮਹਾਰਾਜ ਨੇ ਭੀ ਇਹੀ ਲਿਖਿਆ ਹੈ ਕਿ–

*ਯਦਾ ਯਦਾ ਹਿ ਧਰਮਸਯ ਗਲਾਨਿਰ ਭਵਤਿ ਭਾਰਤ।*

ਫਿਰ ਕਹਿੰਦੇ ਹਨ–

*ਤਦਾ ਤਮਾਨੰ ਸ੍ਰਿਜਾ ਮਯਹਮ।*

ਆਤਮਾ ਵਾਲਾ ਹੋ ਕੇ ਆਉਂਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਇਸੇ ਦਾ ਉਲਥਾ ਕਰ ਕੇ ਕਹਿੰਦੇ ਹਨ–

**ਜਬ ਜਬ ਹੋਤ ਅਰਿਸਟਿ[੧੯] ਅਪਾਰਾ॥**
**ਤਬ ਤਬ ਦੇਹ ਧਰਤ ਅਵਤਾਰਾ॥**

*– ਦਸਮ ਗ੍ਰੰਥ, ਪੰਨਾ-੧੫੫*

ਤੀਰਥਾਂ ਦੇ ਹੁੰਦਿਆਂ, ਸ਼ਾਸਤਰਾਂ ਦੇ ਹੁੰਦਿਆਂ, ਫਿਰ ਕਿਸੇ ਮਹਾਂਪੁਰਖ ਦੀ ਜਰੂਰਤ ਪੈਂਦੀ ਹੈ। ਤੁਲਸੀਦਾਸ ਜੀ ਨੇ ਭੀ ਲਿਖਿਆ ਹੈ–

*ਜਬ ਜਬ ਹੋਏ ਧਰਮ ਕੀ ਹਾਨੀ।*
*ਬਾਢੈ ਪਾਪ ਅਸੁਰ ਅਭਿਮਾਨੀ।*
*ਆਪ ਪ੍ਰਭੂ ਧਰ ਮਨੁਜ ਸਰੀਰਾ।*

ਅਕਾਲ ਪੁਰਖ—ਕੋਈ ਏਥੇ, ਮਤਭੇਦ ਮੰਨਿਆ—ਕਈ ਕਹਿੰਦੇ ਹਨ ਅਕਾਲ ਪੁਰਖ ਕਿਸੇ ਨੂੰ ਭੇਜਦਾ ਹੈ, ਕੋਈ ਕਹਿੰਦੇ ਹਨ ਆਪ ਆਉਂਦਾ ਹੈ। ਮਹਾਤਮਾ ਉੱਤੇ ਮਤਭੇਦ ਕਿਸੇ ਦਾ ਨਹੀਂ। ਬਿਨਾਂ ਮਹਾਤਮਾ, ਸੰਤਾਂ ਨੂੰ ਮਿਲਿਆਂ ਪੁਰਸ਼ ਦੀ ਗਤੀ ਨਹੀਂ ਹੋ ਸਕਦੀ। ਤਾਂ ਉਹ ਕਹਿੰਦੇ ਹਨ—ਜਿਸਦੇ ਨਾਮ ਲਏ ਤੋਂ ਸੰਸਾਰ ਦੇ ਬੰਧਨ ਟੁੱਟ ਜਾਂਦੇ ਹਨ, ਐਸਾ ਉਹ ਸਤਿਗੁਰੂ ਦਾ ਨਾਮ ਹੈ।

*ਨਾਮ ਲੀਏ ਭਵ ਦੁਖ ਮਿਟੇ ਧਿਆਨ ਸਿੰਘ ਧੰਨ ਰਾਮ।*

ਧਿਆਨ ਸਿੰਘ ਜੀ ਕਹਿੰਦੇ ਹਨ—ਧੰਨ ਹੈ ਉਹ ਰਾਮ, ਜਿਹੜਾ ਰਮਿਐ ਹੋਇਐ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਉਹ ਨਾਂਉ—

**ਜਿਨ ਮਹਿ ਰਮਿਯਾ ਰਾਮ ਹਮਾਰਾ।।**

*– ਦਸਮ ਗ੍ਰੰਥ, ਪੰਨਾ-੧੫੬*

—ਜਿਹੜਾ ਸਾਰੇ ਰਮਿਆ ਹੋਇਆ ਹੈ, ਉਹ ਮੇਰਾ ਰਾਮ ਹੈ। ਧਿਆਨ ਸਿੰਘ ਜੀ ਕਹਿੰਦੇ ਨੇ—ਧੰਨ ਹੈ ਸਤਿਗੁਰੂ ਰਾਮ ਸਿੰਘ !

*ਕਿਤਕ ਮਾਸ ਬੀਤੇ ਜਬੈ ਪੁਨ ਗੁਰ ਦਰਸਨ ਹੇਤ।*

## ਭਾਇ ਨਾ ਜਾਲੈ

ਹੁਣ ਏਥੇ ਇੱਕ ਸਿੱਖ ਦੀ ਕਥਾ ਚੱਲ ਰਹੀ ਹੈ। ਭਾਈ ਹਰਮੀਤ ਸਿੰਘ ਜੀ, ਮਿੰਟ ਗੁਮਰੀ ਦੇ ਇਲਾਕੇ ਦੇ ਰਹਿਣ ਵਾਲੇ ਸਨ। ਉਹ ਪਹਿਲੀ ਵੇਰ ਸਤਿਗੁਰਾਂ ਨੂੰ ਮਿਲਣ ਜਿਸ ਵੇਲੇ ਆਏ—ਸਤਿਗੁਰਾਂ ਨੂੰ ਮਿਲਣ ਨਹੀਂ ਸਨ ਆਏ—ਆਪਣੇ ਵਪਾਰ ਵਾਸਤੇ ਮਿੰਟਗੁਮਰੀ ਦੇ ਇਲਾਕੇ ਤੋਂ ਊਠਾਂ ਤੇ ਖੰਡ ਖਰੀਦ ਕੇ ਲੈ ਜਾਂਦੇ ਸਨ। ਆਪਣੇ ਇਲਾਕੇ ਦੇ ਬੜੇ ਤਗੜੇ ਸ਼ਾਹੂਕਾਰ ਸਨ। ਸ਼ੇਰਗੜ੍ਹ ਇੱਕ ਜਗ੍ਹਾ ਹੈ ਜਿਹੜੀ ਹੁਣ, ਮੁਸਲਮਾਨਾਂ ਦੇ ਇਲਾਕੇ ਵਿੱਚ ਆ ਗਈ ਹੈ। ਪੀਰ ਬੰਦਗੀ ਦਾ ਓਥੇ ਮੇਲਾ ਹੁੰਦਾ ਸੀ। ਓਥੇ ਓਹ ਆਪ ਆਉਂਦੇ ਹਨ, ਉਹਨਾਂ ਦੀ ਇਸ ਤਰ੍ਹਾਂ ਪਹਿਲੀ ਕਥਾ ਹੈ। ਤਾਂ, ਕਹਿੰਦੇ ਹਨ–

*ਪੀਰ ਬੰਦਗੀ ਕੋ ਤਹਿ ਮੇਲਾ।*
*ਮਾਨੁਖ ਨਾਰੀ ਅਧਿਕ ਸਕੇਲਾ।*

ਇਸਤਰੀਆਂ ਪੁਰਸ਼ ਬੜੇ ਇਕੱਠੇ ਹੋਏ। ਓਥੇ ਆ ਕੇ ਉਹਨਾਂ ਨੇ ਕੀ ਦੇਖਿਆ—ਬਈ ਇੱਕ ਨਾਮਧਾਰੀਏ ਸਿੱਖ ਆਏ ਹੋਏ ਨੇ। ਜ਼ਰਾ ਨਾਮਧਾਰੀਓ ! ਕੰਨ ਖੋਲ੍ਹਣੇ, ਧਿਆਨ ਦੇਣਾ, ਨਾਮਧਾਰੀ ਕਿਨ੍ਹਾਂ ਦਾ ਨਾਮ ਸੀ। ਉਹ ਨਾਮਧਾਰੀ ਜਿਹੜੇ ਓਥੇ ਮਨਿਆਰੀ ਦੀ ਦੁਕਾਨ—ਕੜੇ, ਕੰਘੇ ਲੈ ਕੇ ਆਏ ਹੋਏ ਸਨ। ਉਹਨਾਂ ਨੇ ਓਥੇ ਆ ਕੇ ਕੀ ਸੁਣਿਆ—ਸਿਆਲ ਦਾ ਮਹੀਨਾ ਸੀ, ਅੰਗੀਠਾ ਲੱਗਾ ਹੁੰਦਾ ਸੀ, ਬਈ ਇੱਥੇ ਸਿੱਖ ਇੱਕ ਆ

ਕੇ ਰਾਤ ਨੂੰ ਦੀਵਾਨ ਲਾਉਂਦੇ ਹਨ। ਉਹ ਲੜਕਾ ਅੱਗ ਵਿਚ ਜਾ ਡਿਗਦੈ, ਉਹਨੂੰ ਸੇਕ ਨਹੀਂ ਲੱਗਦਾ। ਸੁਣ ਲਿਆ, ਜਦੋਂ ਰਾਤ ਦਾ ਵੇਲਾ ਹੋਇਆ —ਹੁਣ ਵਾਲਾ ਸਾਡਾ ਹਿਸਾਬ ਨਹੀਂ ਸੀ ਬਈ ਜਦੋਂ ਵੇਲਾ ਨਿਤਨੇਮ ਦਾ ਹੋਵੇ ਤਾਂ ਉਦੋਂ ਫਿਰ ਤੁਰਨ-ਫਿਰਨ ਨੂੰ ਚਲੇ ਜਾਈਏ, ਸੈਰ ਕਰੀਏ, ਸਿੱਖ ਜਿਹੜੇ ਸੀ ਉਹ ਆਪਣੇ ਵਕਤ ਨੂੰ ਪੂਰਾ ਨਿਭਾਉਂਦੇ ਸੀ—ਉਹ ਸਿੰਘ ਇਕੱਠੇ ਹੋਏ, ਕੀਰਤਨ ਸ਼ੁਰੂ ਹੋ ਗਿਆ। ਜਿਸ ਵੇਲੇ ਕੀਰਤਨ ਸ਼ੁਰੂ ਹੋਇਆ, ਪੰਜਾਂ ਛਿਆਂ ਸਾਲਾਂ ਦਾ ਲੜਕਾ ਸੀ, ਉਲਟ ਕੇ ਅੱਗ ਵਿੱਚ ਜਾ ਪਿਆ। ਕਿਸੇ ਨੇ ਉਹਦੇ ਵੱਲ ਧਿਆਨ ਨਹੀਂ ਕੀਤਾ। ਉਹ ਆਪਣੀ ਥਾਂ ਜੁੜੇ ਹੋਏ ਸੀ। ਲੜਕਾ ਫਿਰ ਵਿਚੋਂ ਨਿਕਲ ਕੇ, ਉੱਠ ਕੇ ਉਸੇ ਹੀ ਹਾਲਤ ਵਿਚ ਫਿਰ ਨੱਚਣ ਲੱਗ ਪਿਆ। ਉਹਨਾਂ ਨੇ ਜਿਸ ਵੇਲੇ ਇਹ ਗੱਲ ਦੇਖੀ, ਤਾਂ ਉਹਨਾਂ ਦੇ ਚਿਤ ਵਿਚ ਖਿਆਲ ਆਇਆ—

*ਬਾਲਕ ਜੌ ਨਿਰਭੈ ਹੁਇ ਖੇਲੇ।*
*ਬੜੇ ਤੋ ਫਿਰਤ ਹੋਇ ਅਲਬੇਲੇ।*

—ਇੱਕ ਬਾਲਕ ਦੀ ਇਹ ਹਾਲਤ ਹੈ। ਪੁੱਛਿਆ—ਬਈ ਤੁਸੀਂ ਕੌਣ ਹੋ ? ਉਹਨਾਂ ਨੇ ਉਸ ਵੇਲੇ ਇਹ ਨਹੀਂ ਕਿਹਾ—ਮੈਂ ਨਰੂਲਾ ਹਾਂ—ਮੈਂ ਚਾਵਲਾ ਹਾਂ—ਮੈਂ ਫਲਾਨਾ ਹਾਂ। ਉਹ ਕਹਿੰਦੇ ਹਨ—*ਸਿੰਘ ਨਾਮਧਾਰੀ ਹਮ ਹੁੰਦੇ।* ਉਹਨਾਂ ਨਾਮਧਾਰੀ ਦੱਸਿਆ।

ਉਹਨਾਂ ਪੁੱਛਿਆ ਸਤਿਗੁਰਾਂ ਦਾ ਟਿਕਾਣਾ। ਇਸਤੋਂ ਭਾਈ ਹਰਮੀਤ ਸਿੰਘ ਜੀ ਆਏ। ਇਸ ਗੱਲ ਵੱਲ ਸ਼ੱਕ ਕਰਨ ਦੀ ਲੋੜ ਨਹੀਂ—ਬਈ, ਅੱਗ ਨਹੀਂ ਸਾੜਦੀ ਉਹਨਾਂ ਨੂੰ। ਮੈਂ ਤੁਹਾਨੂੰ ਪਿਛਲੀਆਂ ਗੱਲਾਂ ਛੱਡ ਕੇ ਇਸ ਵਕਤ ਦੀਆਂ ਇਹ ਦੱਸਦਾ ਹਾਂ। ਸਾਡੇ ਕੋਲ ਏਥੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਤਸਵੀਰਾਂ ਬਣੀਆਂ ਹੋਈਆਂ ਹਨ। ਉਹ ਸਾਹਮਣੇ ਲੱਗੀ ਹੋਈ ਹੈ। ਉਹ ਲੜਕਾ ਵਰਿਆਮ ਸਿੰਘ ਹੈ ਸਾਡਾ, ਸਿਆਲਕੋਟ ਦੇ ਜ਼ਿਲ੍ਹੇ ਦਾ ਹੈ। ਹੁਣ ਤਾਂ ਉਹ ਜ਼ਿਲ੍ਹੇ, ਜ਼ੁਲ੍ਹੇ ਨਹੀਂ ਰਹਿ ਗਏ। ਉਹ ਮੁਸੱਬਰ ਦਾ ਕੰਮ ਦਿੱਲੀ ਵਿੱਚ ਕਰਦਾ ਰਿਹਾ ਮਹਿਤਾ ਆਫਟੋਨ ਕੰਪਨੀ ਵਿੱਚ ਵੀ। ਹੁਣ ਉਸਦੀ ਤਬੀਅਤ ਐਸੀ ਹੈ, ਉਹ ਮੈਨੂੰ ਕਹਿਣ ਲੱਗਾ—ਮੇਰਾ ਦਿਲ

ਨਹੀਂ ਕਰਦਾ ਕੰਮ ਨੂੰ, ਮੇਰਾ ਭਜਨ ਨੂੰ ਕਰਦਾ ਹੈ। ਮੈਂ ਆਖਿਆ—ਚੱਲ। ਘਰ ਵਾਲੀ ਵੀ ਹੈ, ਬੱਚੀਆਂ ਵੀ ਦੋ ਹਨ। ਦੋ ਵੇਰ ਤਾਂ ਮੇਰੇ ਸਾਹਮਣੇ ਦਿੱਲੀ ਵਿੱਚ ਇਹ ਹਾਲਤ ਹੋਈ। ਕੱਲ੍ਹ ਨੂੰ ਜਿਸ ਤਰ੍ਹਾਂ ਅਨੰਦ ਹੋਣਾ ਹੈ—ਬੇਦੀ ਗੱਡੀ ਹੋਈ, ਹਵਨ ਹੋ ਰਿਹਾ ਸੀ। ਉਸਦੀ ਹਾਲਤ ਜਿਹੜੀ ਹੈ, ਜਦੋਂ ਦੀਵਾਨ ਲੱਗਦਾ ਹੈ, ਉਹਦੀ ਪੱਗ ਲਹਿ ਕੇ, ਉਹ ਇਹ ਕਹਿੰਦਾ ਰਹਿੰਦਾ ਹੈ—ਧੰਨ ਸਤਿਗੁਰੂ ਰਾਮ ਸਿੰਘ ! ਕਿਸੇ ਵੇਲੇ ਚੁੱਪ ਵੀ ਹੋ ਜਾਂਦਾ ਹੈ। ਉਸ ਹਾਲਤ ਵਿੱਚ ਉਸਨੇ ਜਾ ਕੇ ਇਉਂ ਹੱਥ ਧਰ ਦਿੱਤੇ ਅੱਗ ਵਿੱਚ, ਫਿਰ ਉਹ ਹੱਥਾਂ ਉੱਤੇ ਲਿਟਿਆ, ਲੰਮਾ ਪੈ ਗਿਆ। ਇੱਥੋਂ ਦੀ ਅੱਗ ਨਿਕਲ ਗਈ। ਚੁੱਕਿਆ ਉਹਨੂੰ ਅਸਾਂ—ਕਿਉਂਕਿ ਸਾਡੇ ਤਾਂ ਮਨ ਜਿਹੜੇ ਨੇ ਅਸੀਂ ਉੱਥੇ ਨਹੀਂ ਨ ਪਹੁੰਚੇ ਹੋਏ। ਅਸੀਂ ਕਹਿੰਦੇ ਹਾਂ—ਸੜ ਨਾ ਜਾਏ। ਚੁੱਕਿਆ ਉਹਦੇ ਕਿਤੇ ਸੇਕ ਨਹੀਂ ਲੱਗਿਆ। ਦੋ ਵੇਰੀ ਤੇ ਉਹਦੀ ਹਾਲਤ ਏਹ ਵਸਾਖ ਦੇ ਦਿਨਾਂ ਵਿੱਚ ਜਾਂ ਜੇਠ ਦਿਆਂ ਵਿੱਚ—ਮੈਨੂੰ ਪੂਰੀ ਤਾਰੀਖ ਯਾਦ ਨਹੀਂ—ਦਿੱਲੀ ਵਿਚ ਹੋਈ। ਐਤਕਾਂ ਦਾ ਨਿਤਨੇਮ ਸ਼ੁਰੂ ਕਰਨ ਤੋਂ ਪਹਿਲਾਂ, ਭਾਦਰੋਂ ਦੀ ਸੰਗਰਾਦ ਨੂੰ, ਉਸਤੋਂ ਪਹਿਲਾ ਦਿਨ ਜਿਹੜਾ ਸੰਗਰਾਦ ਦਾ ਦਿਨ ਹੈ, ਅਸਾਂ ਕਿਹਾ ਸੀ—ਬਈ, ਇਸ ਚਾਲੀ ਦਿਨ ਵਿੱਚ ਅਸਾਂ ਹੋਰ ਕੋਈ ਗੱਲ ਬਾਤ ਨਹੀਂ ਕਰਨੀ। ਕੋਈ ਸਰੀਰ ਏਥੇ ਆਵੇ, ਵਿਹਾਰ ਦੀ ਕੋਈ ਗੱਲ ਨਾ ਕਰੇ, ਨਾ ਕਿਸੇ ਵਿਆਹ, ਨਾ ਮੁਕਦਮਾ, ਕੁਛ ਨਹੀਂ। ਓਨੇ ਦਿਨ ਜਿਹੜਾ ਕੋਈ ਏਥੇ ਆ ਕੇ ਰਹੇ ਉਹ ਸਤਿਸੰਗ ਕਰੇ।

ਉਸ ਦਿਨ ਅਨੰਦ ਲੱਗੇ ਹੋਣ। ਜਿਹੜੇ ਸੱਜਣ ਏਥੇ ਹਨ ਇਹਨਾਂ ਨੂੰ ਪਤਾ ਹੈ। ਸੰਤ ਪ੍ਰੀਤਮ ਸਿੰਘ ਹੁਰੀਂ—ਪਹਿਲੀ ਵੇਰ ਜਦੋਂ ਅਸੀਂ ਏਥੇ ਆਏ ਹਾਂ—ਲਾਂਗਰੀ ਸਾਡੇ ਨਾਲ ਆਏ ਸਨ। ਬੜਾ ਤਗੜਾ ਜਵਾਨ ਸਰੀਰ ਹੈ। ੪੦ ਕੋਹ ਪੈਂਡਾ ਉਹ ਅਜੇ ਵੀ ਕਰ ਸਕਦੇ ਹਨ। ਉਹ ਵਕਤ ਆਉਣਾ ਸੀ, ਅਨੰਦ ਹੋਣਾ ਸੀ, ਮੈਂ ਸੰਤਾਂ ਨੂੰ ਆਖਿਆ—ਸੰਤ ਜੀ ਤਗੜੇ ਰਹਿਣਾ। ਸੰਤਾਂ ਦੀ ਬਾਵਜੂਦ ਕੋਸ਼ਿਸ਼ ਦੇ—ਉਹ ਸੰਤ ਉਹਦੇ ਨਾਲੋਂ ਚਾਰ ਗੁਣੇ ਤਗੜੇ ਹੋਣਗੇ—ਉਹਨਾਂ ਦੇ ਹੱਥਾਂ ਵਿੱਚੋਂ ਨਿਕਲ ਕੇ ਉਹ ਫਿਰ ਅੱਗ ਵਿੱਚ ਜਾ ਪਿਆ ਉਹਨੂੰ ਸੇਕ ਨਹੀਂ ਲੱਗਿਆ। ਭਾਵੇਂ ਇਹ ਨਾਸਤਿਕਤਾ ਦਾ ਜ਼ਮਾਨਾ

ਲੋਕ ਮੰਨਦੇ ਹਨ, ਭਾਵੇਂ ਲੋਕ ਕਿੰਤੂ ਕਰਦੇ ਹਨ, ਪਰ ਅਸੀਂ ਇਹ ਕਹਿਨੇ ਹਾਂ—ਬਈ, ਸਾਡੇ ਸਾਹਮਣੇ ਜਿਹੜੀ ਚੀਜ਼ ਆਈ ਹੈ, ਅਸੀਂ ਉਸਤੋਂ ਕਿਸ ਤਰ੍ਹਾਂ ਕਿੰਤੂ ਕਰੀਏ। ਸਾਡੇ ਸਾਹਮਣੇ ਅੱਜ ਵੀ ਉਹ ਆਦਮੀ ਹੈ, ਜਿਹਨੂੰ ਭਾਦਰੋਂ ਦੀ ਸੰਗਰਾਦ ਵਾਲੇ ਦਿਨ ਜਾਂ ਉਸਤੋਂ ਇੱਕ ਦਿਨ ਪਹਿਲਾਂ, ਉਹਦੀ ਇਹ ਹਾਲਤ ਹੁੰਦੀ ਹੈ ਸਾਡੇ ਸਾਹਮਣੇ। ਪਰਤਾਪ ਕਿਸ ਚੀਜ਼ ਦਾ ਹੈ—ਨਾਮ ਦਾ।

ਮੈਂ ਅੱਗੇ ਵੀ ਅਰਜ਼ ਕੀਤੀ ਸੀ, ਮਸ਼ਹੂਰ ਗੱਲ ਹੈ, ਕਿ ਚਕੋਰ ਚੰਦ੍ਰਮਾ ਵੱਲ ਦੇਖਦਾ ਹੈ ਔਰ ਉਹਦੇ ਦੇਖਣ ਦਾ ਇਹ ਨਤੀਜਾ ਹੈ ਕਿ ਉਹਦੇ ਅੱਗੇ ਛੋਟੀਆਂ-ਛੋਟੀਆਂ ਅੰਗਿਆਰੀਆਂ ਪਾ ਦੇਈਏ ਤੇ ਉਹ ਖਾ ਜਾਂਦਾ ਹੈ, ਉਹਨੂੰ ਸੇਕ ਨਹੀਂ ਲੱਗਦਾ। ਤਾਂ ਇਹ ਹੈ ਚੀਜ਼, ਨਾਮ ਦੀ ਇਹ ਮਹਿਮਾ ਹੈ, ਜਿਹੜੇ ਉਸਦਾ ਨਾਮ ਜਪਦੇ ਹਨ।

ਤਾਂ, ਭਾਈ ਹਰਮੀਤ ਸਿੰਘ ਜੀ ਪਹਿਲੀ ਵੇਰ ਆਏ, ਦਰਸ਼ਨ ਕਰਕੇ ਸਿੱਖ ਸਜ ਕੇ ਗਏ। ਹੁਣ ਕਹਿੰਦੇ ਹਨ ਕਿ ਫਿਰ ਉਹਨਾਂ ਦਾ ਚਿਤ ਕੀਤਾ ਹੈ। ਸੰਤ ਜੀ ਲਿਖਦੇ ਹਨ ਕਿ ਦੂਸਰੀ ਵੇਰ ਉਹ ਫਿਰ ਭੈਣੀ ਸਾਹਿਬ ਨੂੰ ਆ ਰਹੇ ਹਨ।

*ਕਿਤਕ ਮਾਸ ਬੀਤੇ ਜਬੈ ਪੁਨ ਗੁਰ ਦਰਸਨ ਹੇਤ।*

ਭਾਈ ਜੀ ਨੂੰ ਕੁਛ ਕੁ ਮਾਸ—ਮਹੀਨੇ ਬੀਤੇ ਮਗਰੋਂ ਫਿਰ ਦਰਸ਼ਨ ਵਾਸਤੇ ਖਿੱਚ ਲੱਗੀ।

*ਗੁਰ ਪੁਰ ਗਏ ਹਰਮੀਤ ਸਿੰਘ ਦਿਖੇ ਚਰਿਤ੍ਰ ਜੇਤ।।੮।।*

ਗੁਰਪੁਰੀ—ਭੈਣੀ ਸਾਹਿਬ, ਰਾਮਦਾਸ ਪੁਰ—ਉਹਨਾਂ ਵਾਸਤੇ ਉਹੋ ਹੀ ਸਭ ਤੋਂ ਵੱਡੀ ਗੁਰਪੁਰੀ ਹੈ ਜਿੱਥੇ ਕਿਸੇ ਦਾ ਗੁਰੂ ਰਹਿੰਦਾ ਹੈ, ਉਹੋ ਹੀ ਉਹਦੀ ਗੁਰਪੁਰੀ ਹੈ। ਉਹ ਗਏ, ਜੋ ਕੁਛ ਉਹਨਾਂ ਨੇ ਉੱਥੇ ਚਰਿਤ੍ਰ ਦੇਖੇ-

*ਮੋ ਕੋ ਜਿਵ ਵਰਨਨ ਕਰੇ ਸੁਣੋ ਖਲਸਾ ਗਾਥ।*

ਕਹਿੰਦੇ ਨੇ—ਹੇ ਖਾਲਸਾ ਜੀ, ਉਹ ਸੁਣੋ ਜੋ ਕੁਛ ਮੈਨੂੰ ਭਾਈ ਸਾਹਿਬ ਨੇ ਦੱਸਿਆ, ਮੈਂ ਉਹ ਲਿਖਦਾ ਹਾਂ।

*ਪ੍ਰੇਮੀ ਜਨ ਹਿਤ ਮੈਂ ਲਿਖੋਂ ਸੁਣੋ ਜੋ ਹਿਤ ਚਿਤ ਸਾਥ।।੯।।*

ਪ੍ਰੇਮੀਆਂ ਵਾਸਤੇ ਮੈਂ ਲਿਖਦਾ ਹਾਂ। ਪ੍ਰੇਮ ਕਰਕੇ ਚਿਤ ਨਾਲ ਸੁਣੋ।

*ਦੋਇ ਕੋਸ ਗੁਰ ਨਗਰੀਓਂ ਗ੍ਰਾਮ ਨਾਮ ਨਹੀਂ ਯਾਦ।*

ਕਹਿੰਦੇ ਹਨ—ਦੋ ਕੋਹ ਪੈਂਡਾ ਹੈ ਭੈਣੀ ਸਾਹਿਬ ਤੋਂ, ਮੈਨੂੰ ਉਸਦਾ ਨਾਮ ਨਹੀਂ ਯਾਦ—ਭਾਈ ਹਰਮੀਤ ਸਿੰਘ ਜੀ ਕਹਿੰਦੇ ਹਨ।

*ਸਿੰਘ ਆਯੋ ਇਕ ਵਹਾਂ ਸੇ ਤਾਂਕਾ ਕਹੇ ਸੰਬਾਦ।।੧੦।।*

ਸਿੰਘ ਉੱਥੋਂ ਆਇਆ, ਉਸਦੀ ਕਥਾ ਕਹਿੰਦੇ ਹਨ, ਦੱਸਦੇ ਹਾਂ, ਕਿ ਉਹ ਕਿਸ ਤਰ੍ਹਾਂ ਆਇਆ।

*ਚੌਪਈ। ਪਾਨ ਬਧੇ ਬਹੁ ਨਿਮ੍ਰਿਤਿ ਭਾਇ।*

ਹੱਥ ਜੋੜੇ ਨਿਮਰਤਾ ਨਾਲ। ਹੱਥ ਜੋੜਨੇ ਜਾਂ ਸਿਰ ਨਿਵਾਉਣ ਦਾ ਮਤਲਬ ਇਹ ਹੈ ਕਿ ਜਿਹਦੇ ਅੱਗੇ ਸਿਰ ਨਿਵਾ ਕੇ ਹੱਥ ਜੋੜ ਦੇਈਏ, ਉੱਥੇ ਸਭ ਕੁਛ ਆਪਣਾ ਦੇਣਾ ਪੈਂਦਾ ਹੈ। ਉੱਥੇ ਉਜਰ ਨਹੀਂ ਕੋਈ ਰਹਿ ਸਕਦਾ।

*ਸਤਿਗੁਰ ਆਗੈ ਸੀਸ ਨਿਵਾਇ।*

ਸੀਸ ਨਿਵਾਯਾ, ਸਿਰ ਨਿਵਾ ਦਿਤਾ।

*ਇਸ ਬਿਧ ਬਿਨਤੀ ਤਿਸ ਸਿਖ ਠਾਨੀ।*

ਉਹ ਸਿੱਖ ਬੇਨਤੀ ਕਰਦਾ ਹੈ।

*ਹੇ ਪ੍ਰਭੁ ਕਰੁਣਾ ਨਿਧਿ ਗੁਣ ਖਾਨੀ।।੧੧।।*

ਹੇ ਸੱਚੇ ਪਾਤਸ਼ਾਹ ! ਕਿਰਪਾ ਨਿਧਾਨ ! ਗੁਣਾਂ ਦੀ ਖਾਨ !

*ਆਦਿ ਗ੍ਰੰਥ ਕੋ ਭੋਗ ਤਿਆਰ।*

ਮੈਂ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਤਿਆਰ ਕਰਵਾਯਾ ਹੈ।

*ਆਹਿ ਚਲੋ ਪ੍ਰਭ ਕਿਰਪਾ ਧਾਰ।*

ਕਿਰਪਾ ਕਰੋ ਤੇ ਚੱਲ ਕੇ ਦਰਸ਼ਨ ਦਿਓ।

*ਪਾਵਨ ਘਰ ਸੇਵਕ ਕਾ ਕਰੀਏ।*

ਮੇਰਾ ਘਰ ਪਵਿੱਤਰ ਕਰੋ, ਕਿਉਂਕਿ ਬਾਣੀ ਵਿੱਚ ਇਹ ਗੱਲਾਂ ਲਿਖੀਆਂ ਹਨ ਕਿ-

**ਅਠਸਠਿ ਤੀਰਥ ਜਹ ਸਾਧ ਪਗ ਧਰਹਿ।।**

*- ਰਾਮਕਲੀ ਮ:੫, ਪੰਨਾ-੮੯੦*

ਜਿਥੇ ਮਹਾਂਪੁਰਖਾਂ ਸੰਤਾਂ ਦੇ ਚਰਨ ਟਿਕਦੇ ਹਨ, ਮਲਹਾਰ ਰਾਗ ਵਿੱਚ ਗੁਰੂ ਜੀ ਚੌਥੀ ਪਾਤਸ਼ਾਹੀ ਲਿਖਦੇ ਹਨ-

**ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ**
**ਕਰਹਿ ਉਦਮੁ ਧੂਰਿ[20] ਸਾਧੂ ਕੀ ਤਾਈ।।**
**ਕਿਲਵਿਖ[21] ਮੈਲੁ ਭਰੇ ਪਰੇ ਹਮਰੈ ਵਿਚਿ**
**ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ।।**

*- ਮਲਾਰ ਮ:੪, ਪੰਨਾ-੧੨੬੩*

ਉਹ ਕਹਿੰਦੇ ਹਨ ਕਿ ਸਾਡੇ ਵਿੱਚ ਜਿਹੜੇ ਲੋਕ ਮੈਲਾਂ ਦੇ ਭਰੇ ਪਾਪੀ ਆ ਕੇ ਪੈਂਦੇ ਹਨ, ਤੀਰਥ ਕਹਿੰਦੇ ਹਨ—ਕਿ ਜੇ ਸੰਤਾਂ ਦੇ ਚਰਨ ਪੈਣਗੇ ਤਾਂ ਉਹ ਮੈਲ ਸਾਡੀ ਸੰਤਾਂ ਦੇ ਚਰਨ ਕੱਟ ਦੇਣਗੇ।

*ਪਾਵਨ ਘਰ ਸੇਵਕ ਕਾ ਕਰੀਏ।*
*ਸੰਗਤਿ ਸੰਗ ਗੁਰੂ ਜੀ ਚਰੀਏ।।੧੨।।*

ਸੰਗਤ ਭੀ ਨਾਲ ਚਲੇ, ਸਾਧ-ਸੰਗਤ ਮਿਲ ਕੇ ਓਥੇ ਚਲੇ।

*ਗੁਰੂ ਰਾਮ ਸਿੰਘ ਸੁਣ ਤਿਸ ਅਰਜੀ।*

ਸਤਿਗੁਰੂ ਜੀ ਨੇ ਸੁਣੀ ਉਹਦੀ ਅਰਜ।

*ਦੇਖੀ ਸਿੰਘ ਖਾਲਸੇ ਮਰਜੀ।*

ਸਾਧ-ਸੰਗਤ ਨੇ ਇਹ ਸਮਝਿਆ, ਸਤਿਗੁਰਾਂ ਦੀ ਰਜ਼ਾ ਹੋ ਗਈ ਹੈ ਜਾਣ ਦੀ।

*ਆਗਿਆ ਦਈ ਖਾਲਸੇ ਜੀ ਕੋ।*

ਆਗਿਆ ਦੇ ਦਿੱਤੀ ਖਾਲਸੇ ਨੂੰ।

*ਯਾ ਕੇ ਗ੍ਰਿਹਿ ਜਾਣਾ ਹੈ ਨੀਕੋ।।੧੩।।*

ਭਾਈ ਇਸਦੇ ਘਰ ਠੀਕ ਹੈ ਜਾਣਾ।

## ਸਤਿਗੁਰੂ ਗਰੀਬ ਨਿਵਾਜ ਹੈ

*ਦਾਸੀ ਸੁਤ ਸਮ ਨਿਮ੍ਰਿਤ ਭਾਇ।*

ਕਿਉਂ—ਇਸ ਚੀਜ਼ ਨੂੰ ਦੇਖਿਆ ਹੈ—ਜੇ ਕਿਸੇ ਮਹਾਂਪੁਰਖ ਨੂੰ ਭੀ ਅਸੀਂ ਦੇਖਣ ਲੱਗੀਏ, ਤਾਂ ਉਹਨਾਂ ਦਾ ਪਿਆਰ ਬਹੁਤਾ ਗਰੀਬਾਂ ਨਾਲ ਹੀ ਜ਼ਿਆਦਾ ਹੁੰਦਾ ਹੈ। ਜੇ ਸ਼ਬਦ ਦੇਖੋਗੇ—ਗਰੀਬ ਨਿਵਾਜ, ਦੀਨ ਦਿਆਲ, ਕਿਤੇ ਬਖਤਾਵਰ ਨਿਵਾਜ ਨਹੀਂ ਆਉਂਦਾ, ਕਿਤੇ ਜ਼ੋਰਾਵਰ ਨਿਵਾਜ ਨਹੀਂ ਆਉਂਦਾ। ਉੱਥੇ ਏਹੋ ਆਊ—ਗਰੀਬ ਨਿਵਾਜ, ਦੀਨ ਦਿਆਲ। ਤਾਂ, ਗਰੀਬਾਂ ਦੇ ਘਰ ਜਾਣ ਵਾਸਤੇ ਉਹਨਾਂ ਨੂੰ ਬਹੁਤਾ ਚੰਗਾ ਲੱਗਦਾ ਹੈ।

ਭਾਈ ਗੁਰਦਾਸ ਜੀ ਨੇ ਲਿਖਿਐ, ਏਥੇ ਹੁਣ ਦਾਸੀ ਸੁਤ ਇਹਨਾਂ ਨੇ ਦੱਸਿਆ ਹੈ—ਦਾਸੀ ਸੁਤ ਹੈ ਨਾਮ ਬਿਦੁਰ ਦਾ। ਕ੍ਰਿਸ਼ਨ ਮਹਾਰਾਜ, ਜਿਸ ਵਕਤ ਗਏ ਪਾਂਡਵਾਂ ਤੇ ਕੌਰਵਾਂ ਦੀ ਸੁਲਹ ਵਾਸਤੇ, ਤਾਂ ਦੁਰਯੋਧਨ ਦੇ ਦਿਲ ਵਿੱਚ ਇਹ ਖਿਆਲ ਆ ਗਿਆ—ਕਿ ਜੇ ਤੇ ਮੈਂ ਉਠ ਕੇ ਨਾ ਮਿਲਾਂ ਤਾਂ ਵੀ ਅਵੱਗਿਆ ਹੈ; ਤੇ ਜੇ ਮੈਂ ਉੱਠ ਕੇ ਮਿਲਾਂ, ਉਹ ਗੁੱਜਰ ਹੈ, ਮੈਂ ਰਾਜਾ ਹਾਂ—ਬਾਦਸ਼ਾਹ, ਮੈਂ ਉਸਨੂੰ ਉੱਠ ਕੇ ਮਿਲਾਂ ਤਾਂ ਮੇਰੀ ਭੀ ਹੱਤਕ ਹੈ। ਉਨ੍ਹੇ ਚਾਲ ਕੀਤੀ, ਹਾਥੀਆਂ ਦੇ ਤਬੇਲੇ ਨੂੰ ਤੁਰ ਗਿਆ। ਬਈ, ਓਥੇ ਖਲੋਤੇ ਹੋਣਗੇ, ਓਥੇ ਸਤ ਸ੍ਰੀ ਅਕਾਲ ! ਸਤਿ ਸ੍ਰੀ ਅਕਾਲ ! ਆਓ ਜੀ ਮਹਾਰਾਜ ! ਆਓ ਜੀ ਮਹਾਰਾਜ ! ਮਿਲ ਲਵਾਂਗੇ। ਇਹ ਅੰਤਰਜਾਮਤਾ ਕੋਈ ਬੜੀ ਚੀਜ਼ ਨਹੀਂ, ਭਾਵੇਂ ਅੱਜ ਦੁਨੀਆਂ ਵਿੱਚ ਇਹ ਬੜੀ ਮਾਲੂਮ ਹੁੰਦੀ ਹੈ। ਪਰ ਮਹਾਂਪੁਰਖ ਜਿਨ੍ਹਾਂ ਨੇ ਆਪਣੇ ਮਨ ਨੂੰ ਠੀਕ ਕੀਤਾ ਹੋਇਆ ਹੈ, ਓਥੇ ਇਹ ਚੀਜ਼ਾਂ ਬਿਲਕੁਲ ਤੁਛ ਮਾਤਰ ਹਨ। ਮਹਾਰਾਜ ਨੇ ਸਮਝਿਆ, ਬਈ, ਇਹਨੂੰ ਤੇ ਹੰਕਾਰ ਹੋ ਗਿਐ, ਉਹ ਦੁਰਯੋਧਨ ਦੇ ਘਰ ਹੀ ਨਾ ਵੜੇ, ਉਹ ਬਿਦਰ ਦੇ ਚਲੇ ਗਏ।

ਭਾਈ ਗੁਰਦਾਸ ਜੀ ਕਹਿੰਦੇ ਹਨ—ਰਾਤ ਰਹੇ। ਅੱਗੇ ਇਹ ਘਰ ਇਹੋ ਜਿਹਾ, ਬਈ ਲੂਣ ਵੀ ਜਿਨ੍ਹਾਂ ਕੋਲ ਨਹੀਂ। ਬਾਥੂ ਉਬਾਲਿਆ, ਉਹ ਬਣਾਇਆ, ਉਹ ਬੜੇ ਪ੍ਰੇਮ ਨਾਲ ਛਕਿਆ।

ਤਾਂ, ਕਬੀਰ ਜੀ ਦੀ ਜ਼ਬਾਨੀ ਤਾਂ ਇਹ ਹੈ, ਕਿ ਦੁਰਯੋਧਨ ਕਹਿੰਦਾ ਹੈ, ਉੱਥੇ ਕਿਓਂ ਚਲੇ ਗਏ। ਕਬੀਰ ਜੀ ਕਹਿੰਦੇ ਹਨ–

**ਰਾਜਨ ਕਉਨੁ ਤੁਮਾਰੈ ਆਵੈ।।**
**ਐਸੋ ਭਾਉ[22] ਬਿਦਰ ਕੋ ਦੇਖਿਓ**
**ਓਹੁ ਗਰੀਬੁ ਮੋਹਿ ਭਾਵੈ।।**

ਮੈਨੂੰ ਪਿਆਰ ਨਾਲ ਤਅੱਲਕ ਹੈ।

**ਹਸਤੀ ਦੇਖਿ ਭਰਮ ਤੇ ਭੂਲਾ,**
**ਸ੍ਰੀ ਭਗਵਾਨੁ ਨ ਜਾਨਿਆ।।**

ਤੂੰ ਹਾਥੀਆਂ ਦੀ ਆਕੜ 'ਚ ਭੁੱਲ ਗਿਆ, ਮੈਨੂੰ ਨਹੀਂ ਜਾਣਿਆ।

**ਤੁਮਰੋ ਦੂਧੁ ਬਿਦਰ ਕੋ ਪਾਨੋ[23]**
**ਅੰਮ੍ਰਿਤੁ ਕਰਿ ਮੈ ਮਾਨਿਆ।**
**ਖੀਰ ਸਮਾਨਿ ਸਾਗੁ ਮੈ ਪਾਇਆ,**

ਆਪੇ ਖੀਰ ਸਮਾਨ ਹੋਣਾ ਸੀ, ਲੂਣ ਤਾਂ ਉਸਦੇ ਘਰ ਹੈ ਨਹੀਂ ਸੀ ਵਿਚਾਰੇ ਦੇ, ਉਹ ਖੀਰ ਵਰਗਾ ਸਾਗ।

**ਗੁਨ ਗਾਵਤ ਰੈਨਿ ਬਿਹਾਨੀ[24]।।**

*– ਮਾਰੂ ਕਬੀਰ ਜੀ, ਪੰਨਾ–੧੧੦੫*

ਰਾਤ ਕਿਸ ਤਰ੍ਹਾਂ ਲੰਘੀ—ਯਾਦ ਵਿੱਚ।

ਉਹ ਇੱਕ ਰਾਜਾ ਮਹਿਲਾਂ ਵਾਲਾ ਸੀ। ਉਹਦੇ ਨੀਚੇ ਇੱਕ ਭੱਠੀ ਸੀ। ਇੱਕ ਸਾਧੂ ਆ ਬੈਠਾ। ਉਹ ਪਹਿਲਾਂ ਤੇ ਧੂਆਂ ਫੋਲਦਾ ਰਿਹਾ। ਜਦੋਂ ਉਹ ਭੱਠਾਂ ਜਿਹੜੀਆਂ ਵੱਡੀਆਂ ਸਨ, ਉਹ ਹੁਣ ਅੱਜ ਘੱਟ ਰਹਿ ਗਈਆਂ, ਜਿਨ੍ਹਾਂ 'ਚ ਲੋਗ ਧਾਨ ਭੁੰਨਦੇ ਸਨ, ਬੜੀਆਂ ਲੰਬੀਆਂ-ਲੰਬੀਆਂ ਸਨ ਕਿਤੇ —ਕਿਤੇ ਮੈਂ ਦੇਖੀ। ਉਹ, ਜਦੋਂ ਉਹਦੀ ਅੱਗ ਬੁਝ ਗਈ, ਉਹ ਵਿੱਚ ਵੜ ਗਿਆ। ਸਵੇਰੇ ਨਿਕਲ ਕੇ ਬਾਹਰ ਬੈਠਾ। ਸਰੀਰ ਲਿਬੜਿਆ ਹੋਇਆ ਧੂੰਏ ਦਾ, ਸੁਆਹ ਦਾ। ਰਾਜੇ ਨੇ ਉੱਤੋਂ ਬੂਹਾ ਖੋਲ੍ਹਕੇ ਕਿਹਾ,''ਸੰਤ ਜੀ ਕੈਸੀ ਰਾਤ ਲੰਘੀ ਹੈ।''

ਅੱਗੋਂ ਉਹ ਸੰਤ ਕਹਿੰਦੇ ਨੇ ? ਕੁਝ ਤੇਰੇ ਵਰਗੀ, ਕੁਝ ਤੇਰੇ ਨਾਲੋਂ

ਚੰਗੀ।

ਹੈਰਾਨ ਹੋ ਗਿਆ, ਕਹਿੰਦਾ, ਕਿਉਂ ?

ਕਹਿਣ ਲੱਗੇ—ਸੁਣ ਲੈ ਗੱਲ। ਤੇਰੇ ਵਰਗੀ ਤੇ ਉਹ ਲੰਘੀ ਹੈ—ਬਈ, ਤੂੰ ਸੇਜਾ ਤੇ ਸੌਂ ਗਿਆ ਤੇ ਮੈਂ ਸਵਾਹ 'ਚ ਸੌਂ ਗਿਆ। ਤੈਨੂੰ ਜਿਹੋ ਜਿਹਾ ਸਵਾਦ ਆਇਆ ਮੈਨੂੰ ਵੀ ਉਹੋ ਜਿਹਾ ਹੀ ਆਇਆ। ਤੇ, ਤੂੰ ਜਿੰਨਾ ਚਿਰ ਜਾਗਦਾ ਰਿਹਾਂ—ਕਿਸੇ ਦੀ ਦੁਸ਼ਮਣੀ ਤੈਨੂੰ ਯਾਦ ਹੋਊ; ਕਿਸੇ ਮੁਲਕ ਨੂੰ ਮਾਰਨਾ ਹੈ; ਕੋਈ ਵਿਸ਼ਾ ਵਿਕਾਰ ਭੋਗਦਾ ਹੋਵੇਂਗਾ; ਸ਼ਰਾਬ ਪੀਂਦਾ ਹੋਵੇਂਗਾ; ਮਾਸ ਖਾਂਦਾ ਹੋਵੇਂਗਾ। ਮੈਂ ਓਨਾ ਚਿਰ ਹਰੀ ਦੇ ਗੁਣ ਗਾਉਂਦਾ ਰਿਹਾਂ—ਏਸ ਕਰਕੇ ਮੇਰੀ ਤੇਰੇ ਨਾਲੋਂ ਚੰਗੀ ਲੰਘੀ ਹੈ। ਤਾਂ ਕਹਿੰਦੇ ਹਨ-

**ਗੁਨ ਗਾਵਤ ਰੈਨਿ ਬਿਹਾਨੀ।।**

ਕਬੀਰ ਜੀ ਕਹਿੰਦੇ ਹਨ-

**ਕਬੀਰ ਕੌ ਠਾਕੁਰੁ ਅਨਦ ਬਿਨੋਦੀ**[੨੫]
**ਜਾਤਿ ਨ ਕਾਹੂ ਕੀ ਮਾਨੀ।।**

*– ਪੰਨਾ–੧੧੦੫*

ਉੱਥੇ ਕਿਸੇ ਦੀ ਮੰਨੀ ਨਹੀਂ ਜਾਂਦੀ। ਉੱਥੇ ਕੋਈ ਇਹ ਨਾ ਆਕੜ ਕਰੇ—ਬਈ, ਮੇਰਾ ਹੀ ਹੈ, ਮੇਰਾ ਹੀ ਇਹਦੇ ਨਾਲ ਤਅਲੱਕ ਹੈ। ਤਾਂ ਏਸੇ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

*ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।*

—ਦੁਰਯੋਧਨ ਨੂੰ ਮਿਲੇ। ਕਹਿੰਦਾ,

*ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।*

ਗੋਲੇ ਦੇ ਘਰ ਜਾ ਕੇ ਤੈਨੂੰ ਕੀ ਸੁਖ ਪ੍ਰਾਪਤ ਹੋਇਆ।

*ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।*

ਭੀਸ਼ਮ ਜੈਸਿਆਂ ਨੂੰ, ਦਰੋਣਾ ਜੈਸਿਆਂ ਨੂੰ, ਕਰਣ ਜੈਸਿਆਂ ਨੂੰ ਛੱਡ ਕੇ, ਸਭਾ ਦੇ ਸ਼ਿੰਗਾਰ ਵੱਡੇ ਵੱਡੇ ਮਨੁਖ, ਤੂੰ ਚਲਾ ਗਿਆ।

*ਝੁੰਗੀ ਜਾਇ ਵਲਾਇਓਨੁ,*

ਉਹ ਤੂੰ ਝੁੱਗੀ ਵਿੱਚ ਜਾ ਵੜਿਆ।

*ਸਭਨਾ ਦੇ ਜੀਅ ਅੰਦਰਿ ਧੁਖਾ।*

ਸਾਡੇ ਅੰਦਰ ਇਹ ਧੁਖਧੁਖੀ ਲੱਗੀ ਹੋਈ ਹੈ, ਸਾਨੂੰ ਇਹ ਦੁੱਖ ਲੱਗਾ ਹੈ ਕਿ ਤੂੰ ਉੱਥੇ ਕਿਉਂ ਚਲਾ ਗਿਐਂ। ਅੱਗੋਂ—

*ਹਸਿ ਬੋਲੈ ਭਗਵਾਨ ਜੀ,*

ਗੁਰੂ ਅਰਜਨ ਦੇਵ ਜੀ ਸੂਹੀ ਰਾਗ ਦੇ ਛੰਤਾ ਵਿੱਚ ਕਹਿੰਦੇ ਹਨ-

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ[੨੬]।।**
**ਹਉ ਸੰਮਲਿ[੨੭] ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।**

*- ਸੂਹੀ ਮ:੫ ਪੰਨਾ-੭੮੪*

ਉਹ ਹੱਸਕੇ ਕਹਿੰਦੇ ਹਨ-

*ਸੁਣਿ ਹੋ ਰਾਜਾ ਹੋਇ ਸਨਮੁਖਾ।*

ਸੁਣ ਓਏ ਰਾਜਾ, ਗੱਲ ਸੁਣ ਜ਼ਰਾ-

*ਤੇਰੇ ਭਾਉ ਨ ਦਿਸਈ,*

ਤੇਰੇ ਵਿੱਚ ਪ੍ਰੇਮ ਹੈ ਨਹੀਂ, ਤੇਰੇ ਵਿੱਚ ਸ਼ਰਧਾ ਹੈ ਨਹੀਂ।

*ਮੇਰੇ ਨਾਹੀ ਅਪਦਾ ਦੁਖਾ।*

ਉਹ ਵੈਰਾਗ ਸ਼ਤਕ 'ਚ ਲਿਖਿਐ—

*ਕਹੂੰ ਭੂਮ ਆਸਨ ਸਿੰਘਾਸਨ ਪੇ ਬਾਸ ਕਹੂੰ,*
*ਕਹੂੰ ਭਿਛਾਹਾਰ ਕਹੂੰ ਬਿਅੰਜਨ ਅਹਾਰ ਹੈ।*

—ਕਦੇ ਭੂਮ ਆਸਨ, ਕਦੇ ਸਿੰਘਾਸਨ ਉੱਤੇ, ਕਦੇ ਭਿਛਿਆ ਲੈਣ ਤੇ ਕਦੇ ਬਿਅੰਜਨ—ਮੈਨੂੰ ਸਾਰੀਆਂ ਤੁਕਾਂ ਯਾਦ ਨਹੀਂ—

*ਤਦਪਿ ਨ ਸੰਤ ਜਨ ਸੁਖੀ ਦੁਖੀ ਹੋਤ ਮਨ।*

ਸੰਤਾਂ ਮਹਾਤਮਾ ਨੂੰ ਕੋਈ ਸੁਖ ਦੁਖ ਨਹੀਂ ਇਹਦੇ 'ਚ ਹੁੰਦਾ।

*ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।*
*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।*
*ਗੋਬਿੰਦ ਭਾਉ ਭਗਤਿ ਦਾ ਭੁਖਾ*

*- ਵਾਰ ੧੦, ਪਉੜੀ-੭*

ਫੇਰ ਸਾਧੂ ਮਹਾਤਮਾ ਬਣੇ। ਕਬੀਰ ਜੀ ਕਹਿੰਦੇ ਨੇ-

**ਕਬੀਰ ਮਾਇਆ ਤਜੀ ਤ ਕਿਆ ਭਇਆ,**
**ਜਉ ਮਾਨੁ ਤਜਿਆ ਨਹੀ ਜਾਇ।।**
**ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ।।**

*– ਪੰਨਾ-੧੩੭੨*

ਰਾਮ ਚੰਦਰ ਮਹਾਰਾਜ ਜਾਂਦੇ ਹਨ—ਉਹ ਭੀਲਣੀ ਵਿਚਾਰੀ ਗਰੀਬਣੀ ਹੈ, ਉਹਦੇ ਆਸ਼ਰਮ ਵਿੱਚ ਚਲੇ ਗਏ। ਸਾਧੂਆਂ ਨੂੰ ਹੋ ਗਿਆ—ਬਈ ਲਉ ਜੀ, ਇਹ ਕਾਹਦਾ ਰਾਮ ਹੈ ? ਅਸੀਂ ਤਾਂ ਕਹਿੰਦੇ ਸੀ—ਉਹ ਅਵਤਾਰ ਹੈ। ਇਹ ਤਾਂ ਉਹ ਚੂੜ੍ਹੀ ਦੇ ਘਰ ਜਾ ਵੜਿਆ, ਉਹਦੇ ਜੂਠੇ ਬੇਰ ਖਾ ਲਏ। ਉਹ ਦੱਸਦੇ ਹਨ, ਕਿ ਤੁਹਾਡੇ ਦਿਲ ਜਿਹੜੇ ਹਨ ਇਨ੍ਹਾਂ ਵਿੱਚ ਮਾਣ ਹੋ ਗਿਐ। ਦਿਖਾਇਆ, ਕਿ ਪੰਪਾਸਰ 'ਚ ਕੀੜੇ ਪੈ ਗਏ।

ਧੋਵੋ ਚਰਨ ਰਿਸ਼ੀਆਂ ਦੇ—ਧੋਵੋ ਜਤੀ ਲਛਮਣ ਦੇ ਚਰਨ—ਧੋਵੋ ਮੇਰੇ ਭੀ—ਰਾਮਚੰਦਰ ਜੀ ਕਹਿੰਦੇ ਨੇ। ਨਾ ਬਣਿਆ ਕੁਝ। ਕਹਿੰਦੇ ਨੇ—ਇਹਦੇ ਵੀ ਧੋ ਕੇ ਪਾਉ ਭੀਲਣੀ ਦੇ। ਉਹਦੇ ਅੰਦਰ ਨਿਰਮਾਣਤਾ ਸੀ। ਉਹਦੇ ਅੰਦਰ ਪਿਆਰ ਸੀ। ਪਿਆਰ ਇੱਕ ਐਸੀ ਚੀਜ਼ ਹੈ ਕਿ ਜੀਹਦੇ ਅੰਦਰ ਪਿਆਰ ਆਉਂਦੈ............। ਉਹਦੇ ਨਾਲ ਉਹ ਤਲਾਅ ਦਾ ਜਲ ਸਾਫ ਹੋ ਗਿਆ। ਇਤਿਹਾਸਿਕ ਬਾਤਾਂ ਹਨ, ਸ਼ਾਇਦ ਕੋਈ ਤਰੁਟੀਆਂ ਹੋਣਗੀਆਂ, ਮੈਂ ਕੋਈ ਪੜ੍ਹਿਆ ਨਹੀਂ ਜ਼ਿਆਦਾ।

## ਧਰਮ ਦੀ ਕਿਰਤ

ਜਨਮ ਸਾਖੀ ਪੜ੍ਹੋ—ਗੁਰੂ ਨਾਨਕ ਏਮਨਾਬਾਦ ਗਿਆ, ਉੱਥੇ ਲਾਲੋ ਅੱਗੇ ਕਿੱਲੇ ਘੜ੍ਹਦਾ ਆਹਾ—ਇਹ ਉਹ ਜਨਮ ਸਾਖੀ ਦੀ ਪਹਿਲੀ ਪ੍ਰਾਕ੍ਰਿਤਕ ਦੀ ਭਾਸ਼ਾ ਹੈ ਜਿਹੜੀ 'ਚ ਲਿਖਿਐ। ਉਥੇ ਜਾ ਮਿਲੇ। ਉਹਦੇ ਘਰ ਕੀ ਸੀ—ਅਜ ਕਲ ਵਰਗੇ ਮਿਸਤਰੀ ਨਹੀਂ ਸੀ ਜਿਹਨਾਂ ਨੂੰ ੫੦੦ ਰੁਪਈਆ ਤਨਖਾਹ ਵੀ ਮਿਲ ਜਾਂਦੀ ਹੈ। ਇੱਕ ਕਿਸੇ ਦਾ ਮੋਟਰ ਦਾ ਪੁਰਜ਼ਾ ਠੀਕ ਕਰ ਆਉਣ ਤਾਂ ਪੰਜਾਹ ਲੈ ਆਉਣ। ਉਸ ਵੇਲੇ ਵਿਚਾਰਿਆਂ ਨੂੰ ਬਦਲੀ ਦੇ ਦਾਣੇ ਲੋਕ ਦਿੰਦੇ ਸੀ। ਕੋਧਰੇ ਦਾ ਅੰਨ ਪਕਾਉਣਾ, ਖਾਣਾ।

ਪਰ ਇੱਕ ਗੱਲ ਹੈ, ਤੁਸੀਂ ਨਾਮਧਾਰੀਓ ਯਾਦ ਕਰੋ—ਤੁਹਾਡੀ ਕਿਰਤ ਵਿਗੜਦੀ ਹੈ। ਮੈਨੂੰ ਏਥੇ ਪਤਾ ਲੱਗਿਐ, ਤੁਹਾਡੀ ਕਿਰਤ ਗੰਦੀ ਹੁੰਦੀ ਜਾਂਦੀ ਹੈ। ਕਿਰਤ ਧਰਮ ਦੀ ਨਹੀਂ ਰਹਿੰਦੀ। ਪੜ੍ਹਕੇ ਹਾਲ ਦੇਖੋ, ਕਿ ਕਬੀਰ ਜੀ ਉਹ ਚਮਾਰ ਦੇ, ਸ਼ੂਦਰ ਦੇ ਜਾ ਕੇ ਅੰਨ ਲਿਆਏ ਤੇ ਰਾਮਾਨੰਦ ਜੀ ਨੇ ਆਖਿਆ,''ਜਾ ਉਏ ਚਮਾਰਾ !'' ਜਿਹੜੇ ਲੋਕ ਹੁਣ ਉਹਨਾਂ ਲੋਕਾਂ ਤੋਂ ਪੈਸੇ ਦੇ ਕੇ ਵਿਆਜ ਲੈ ਕੇ ਫਾਇਦਾ ਉਠਾਉਂਦੇ ਹਨ, ਜਿਨ੍ਹਾਂ ਦਾ ਕਰਮ ਬੜਾ ਬੁਰਾ ਹੈ। ਆਪਨੇ ਕੰਨ ਖੋਲ੍ਹ ਕੇ, ਆਪਣੇ ਧਿਆਨ ਨਾਲ ਗੱਲ ਕਰੋ, ਤੁਹਾਡਾ ਕਰਮ ਬਿਗੜਦਾ ਹੈ। ਤੁਹਾਡਾ ਨੁਕਸਾਨ ਹੋਵੇਗਾ, ਇਸ ਗੱਲ 'ਚ ਫਾਇਦਾ ਨਹੀਂ ਪਹੁੰਚੇਗਾ। ਤੁਸੀਂ ਪੈਸੇ ਬਹੁਤਿਆਂ ਦੇ ਗਲ ਨਾ ਪਓ, ਕਿਰਤ ਧਰਮ ਦੀ ਬੜੀ ਚੀਜ਼ ਹੈ। ਮਲਿਕ ਭਾਗੋ ਨੇ ਅੰਨ ਤਿਆਰ ਕੀਤਾ। ਉਸਦੇ ਦਿਲ 'ਚ ਮਾਣ—ਮੈਂ ਛੱਤ੍ਰੀ ਹਾਂ, ਮੈਂ ਬ੍ਰਾਹਮਣ ਹਾਂ, ਮੈਂ ਖੱਤ੍ਰੀ ਹਾਂ। ਗੁਰੂ ਨਾਨਕ ਨਾ ਗਏ। ਸੱਦਿਆ, ਕਹਿਣ ਲੱਗੇ,''ਤੇਰਾ ਅੰਨ ਚੰਗਾ ਨਹੀਂ।''

ਗੁੱਸਾ ਆਇਆ, ਕਿ ਫਕੀਰ ਕੀ ਕਹਿੰਦਾ ਹੈ।

ਫਕੀਰ ਨੂੰ ਕਿਸੇ ਦੀ ਕੀ ਪਰਵਾਹ ਹੈ।

*ਸਾਠ-ਗਾਂਠ ਕੁਪੀਨ ਮੇ*—ਉਹ ਕਹਿੰਦੇ ਨੇ—*ਇੰਦਰਪੁਰ ਅੰਤ*—ਉਹ ਇੰਦਰ ਨੂੰ ਵੀ ਕੰਗਾਲ ਜਾਣਦੈ।

ਆਖਣ ਲੱਗੇ—ਫੇਰ ਦੇਖ ਲੈ।

ਚੰਗਾ,''ਜਾ ਭਾਈ ਲਾਲੋ ਤੂੰ ਵੀ ਆਪਣਾ ਪਰਸਾਦਾ ਲਿਆ।''

ਭਾਈ ਲਾਲੋ ਕੋਧਰੇ ਦੀ ਰੋਟੀ ਲੈ ਗਿਆ ਸੁੱਕੀ ਹੋਈ, ਜਿਹੜੀ ਚੋਪੜੀ ਵੀ ਨਹੀਂ ਸੀ।

ਅਸਾਂ ਵੀ ਇੱਕ ਦਿਨ ਏਥੇ ਦੇਖਿਐ ਜ਼ਮਾਨਾ—ਔਰ ਮੈਂ ਅਰਜ਼ ਕਰਾਂਗਾ ਤੁਹਾਡੇ ਅੱਗੇ, ਕਿ ਉਹਦਾ ਜਿਹੜਾ ਸੁਆਦ ਹੈ, ਉਹ ਰਲ ਨਹੀਂ ਸਕਦਾ ਹੋਰ ਪਦਾਰਥਾਂ ਨਾਲ। ਸੱਜਾ ਹੱਥ ਕਰਕੇ ਉਹਦੀ ਰੋਟੀ ਫੜ ਲਈ, ਮਲਕ ਭਾਗੋ ਦਾ ਖੱਬੇ ਹੱਥ ਤੇ ਅੰਨ ਧਰਿਆ। ਨਚੋੜਿਆ—ਇਹਦੇ ਚੋਂ ਦੁੱਧ ਇਹਦੇ ਚੋਂ ਰੱਤ ਨਿਕਲੀ। ਕਿਉਂ ? ਹਕੂਮਤ ਦੇ ਜ਼ੋਰ ਨਾਲ, ਜਿਹੜੇ ਮਤਹਿਤ ਸੇ, ਜਿਹੜੇ ਗਰੀਬ ਸੇ, ਉਹਨਾਂ ਦੀਆਂ ਗਾਈਆਂ ਦਾ ਦੁੱਧ ਚੁਆ

ਕੇ, ਉਹਨਾਂ ਦੀਆਂ ਮਹੀਆਂ ਦਾ ਦੁੱਧ ਚੁਆ ਕੇ ਜ਼ਬਰਨ ਲਿਆਂਦਾ ਹੋਇਆ ਸੀ। ਉਹਨਾਂ ਨੇ ਕੋਈ ਪ੍ਰੇਮ ਨਾਲ ਨਹੀਂ ਸੀ ਦਿੱਤਾ ਹੋਇਆ।

ਮੈਂ ਅਰਜ਼ ਕਰਦਾਂ, ਮੇਰੀ ਆਪਣੀ ਜ਼ਿੰਦਗੀ 'ਚ ਇੱਕ ਵਾਕਿਆ ਗੁਜ਼ਰਿਆ। ਮਾਤਾ ਜੀ★[੨] ਦਾ ਸਰੀਰ ਸੀ। ਨਨਕਾਣੇ ਸਾਹਿਬ ਦੇ ਮੇਲੇ ਨੂੰ ਅਸੀਂ ਜਾਣਾ ਸੀ। ਅਸੀਂ ਲਾਹੌਰ ਠਹਿਰ ਗਏ ਬਈ, ਰੇਲ ਉੱਤੇ ਜਾਵਾਂਗੇ—ਘੋੜਿਆਂ ਵਾਲਿਆਂ ਨੂੰ ਤੋਰਿਆ। ਉਹ ਚੀਚੋਂ ਕੀ ਮੱਲੀਆਂ ਦੇ ਕੋਲ ਸਾਹੂ ਕੀ ਮੱਲੀਆਂ ਸਨ ਸਟੇਸ਼ਨ ਦੇ ਨਾਲ। ਉੱਥੇ ਸਿੰਘ ਸਨ, ਘੋੜੇ ਉੱਥੇ ਲੈ ਗਏ। ਬਹੁਤ ਉਸ ਸਾਲ ਕਾਲ ਸੀ। ਲੋਕਾਂ ਨੇ ਦਰੱਖਤਾਂ ਦੇ ਪੱਤੇ ਤੇ ਬਿਲਕਾਂ ਖਾ ਲਈਆਂ ਸੀ—ਲਾਹ ਲਾਹ ਕੇ। ਘੋੜਿਆਂ ਨੂੰ ਰਾਤ ਨੂੰ ਥੋੜ੍ਹੇ ਪੱਠੇ, ਤੂੜੀ ਤਾੜੀ ਮਿਲੀ, ਗੁਜ਼ਾਰਾ ਕੀਤਾ। ਅਸੀਂ ਬਾੜੀਆਂ ਵਾਲੇ ਜਾ ਕੇ ਉਤਰੇ। ਉਹ ਸਿੱਖ ਬੀਰ ਸਿੰਘ ਉਹਦਾ ਨਾਮ ਸੀ, ਸੋਹਣ ਸਿੰਘ ਹੁਰੀਂ ਸ਼ਾਇਦ ਉਹਦੇ ਲੜਕੇ ਸਨ ਜਾਂ ਭਤੀਜੇ। ਉਹਨਾਂ ਦੇ ਘਰ ਓਦਣ ਕਣਕ ਦਾ ਆਟਾ ਹੈ ਨਹੀਂ ਸੀ। ਮਿੱਸਾ ਆਟਾ, ਬਿਨਾ ਚੋਪੜੇ ਪਰਸਾਦੇ ਤੰਦੂਰ ਲਾਏ। ਉਹ ਸ਼ਾਇਦ ਸਾਰੇ ਪਿੰਡ ਵਿੱਚ ਫਿਰੇ ਚਹੁੰ ਆਨਿਆਂ ਦਾ ਉਹਨਾਂ ਨੂੰ ਘਿਓ ਨਹੀਂ ਕਿਤਿਉਂ ਜੁੜਿਆ। ਡੇਲੇ ਸਾਨੂੰ ਛਕਣ ਨੂੰ ਨਾਲ ਮਿਲੇ। ਕੋਈ ਪਾਈਆ ਪੱਕਾ ਦੁੱਧ ਹੋਊ ਉਹਦੇ ਕੋਲ—ਤਿੰਨੇ ਭਰਾ ਅਸੀਂ ਸਾਂ, ਮਾਤਾ ਜੀ ਵੀ ਸਨ, ਹੋਰ ਵੀ ਇੱਕ ਦੋ ਸਰੀਰ ਸੀ—ਐਵੇ ਤੋਲਾ-ਤੋਲਾ, ਇੱਕ ਗੱਲ ਕਰਨ ਵਾਲੀ ਹੈ, ਉਹ ਇੱਕ ਨਿਸ਼ਾਨ ਸੀ। ਸਾਧ—ਸੰਗਤ ਦੇ ਵਿੱਚ, ਇਹ ਗੱਲ ਮੈਂ ਕਹਿੰਦੈ—ਬਈ, ਮੈਂ ਆਪਣੀ ਜ਼ਿੰਦਗੀ 'ਚ ਏਹੋ ਜਿਹਾ ਸਵਾਦ ਅੰਨ ਕਦੇ ਨਹੀਂ ਖਾਧਾ। ਕੋਈ ਘਾਟਾ ਨਹੀਂ ਰਿਹਾ, ਕੋਈ ਪਦਾਰਥਾਂ ਦਾ ਘਾਟਾ ਨਹੀਂ। ਪੜ੍ਹੀਆਂ ਹੋਈਆਂ ਤੁਕਾਂ ਯਾਦ ਆਈਆਂ, ਬਈ ਜਿਹੜਾ ਗਰੀਬਾਂ ਦਾ ਅੰਨ ਹੈ, ਜਿਹੜਾ ਕਿਰਤ ਕਮਾਈ ਦਾ ਅੰਨ ਹੈ, ਉਸਦੀ ਰੀਸ ਕੋਈ ਨਹੀਂ ਹੋ ਸਕਦੀ। ਤਾਂ ਕਹਿੰਦੇ ਨੇ-

*ਦਾਸੀ ਸੁਤ ਸਮ ਨਿਮ੍ਰਿਤ ਭਾਇ।*

ਉਹ ਸਿੱਖ ਦਾਸੀ ਸੁਤ, ਬਿਦਰ ਜੈਸਾ ਹੈ, ਜਿਹੜਾ ਗਰੀਬ ਆਪਣੇ ਘਰ ਸਤਿਗੁਰਾਂ ਨੂੰ ਲੈ ਕੇ ਜਾਂਦਾ ਹੈ।

*ਕਹੇਂ ਚਲੋ ਸੰਗਤਿ ਸਮੁਦਾਇ।*

ਚਲੋ ਸੰਗਤ ਸਾਰੀ। ਇਹ ਸੰਤੋਖ—ਮੈਂ ਅਰਜ਼ ਕਰਾਂ—ਕੀ ਸਤਿਗੁਰੂ ਰਾਮ ਸਿੰਘ ਨੇ ਬਣਾਇਆ ਸੀ। ਮਠੱਡੇ ਪਿੰਡ ਵਿੱਚ ਸੱਚੇ ਪਾਤਸ਼ਾਹ ਗਏ, ਧਰਮਸ਼ਾਲਾ ਵਿੱਚ ਬੈਠੇ ਹਨ। ਇੱਕ ਸਿੱਖ ਦੁੱਧ ਦਾ ਛੰਨਾ ਲੈ ਕੇ ਆਇਆ, ਸਤਿਗੁਰਾਂ ਨੂੰ ਦਿੱਤਾ। ਸਤਿਗੁਰਾਂ ਬਾਬੇ ਸਾਹਿਬ ਸਿੰਘ ਹੁਰਾਂ ਨੂੰ ਫੜਾਇਆ, ਉਹਨਾਂ ਲੱਖਾ ਸਿੰਘ ਹੁਰਾਂ ਨੂੰ ਫੜਾਇਆ, ਬਾਬੇ ਜਵਾਹਰ ਸਿੰਘ ਹੁਰਾਂ ਨੂੰ। ਜਿਉਂ ਘੁੰਮਣ ਲੱਗਾ ਛੰਨਾਂ, ਇੱਕ ਦੂਏ ਨੂੰ ਦੇਵੇ, ਦੂਆ ਦੂਏ ਨੂੰ ਦੇਵੇ, ਮੁੜਕੇ ਸਤਿਗੁਰਾਂ ਕੋਲ ਆ ਗਿਆ। ਦੋ ਸਰੀਰ ਆਏ ਹੋਏ ਸੀ—ਵਿੱਚ, ਨਾਮਧਾਰੀ ਨਹੀਂ ਸਨ, ਜਿਨ੍ਹਾਂ ਨੇ ਭਜਨ ਪੁੱਛ ਲਿਆ। ਉਹਨਾਂ ਆਖਿਆ—ਏਨਾ ਸੰਤੋਖ ਹੈ ! ਤੇ ਹੁਣ ਆਪਾਂ ਇੱਕ ਦੂਏ ਦੇ ਲੀੜੇ ਲਾਹੁਣ ਨੂੰ ਤਿਆਰ ਹੁੰਦੇ ਹਾਂ ਤੇ ਫਿਰ ਨਾਮਧਾਰੀ ਕਹਾਉਂਦੇ ਹਾਂ ਨ। ਜੇ ਅਸੀਂ ਕਿਸੇ ਨਾਲ ਧੋਖਾ ਕਰਦੇ ਹਾਂ—ਮੈਂ ਰਾਤ ਅਰਜ਼ ਕੀਤੀ ਸੀ—ਬਈ ਕਰਜ਼ਾ ਲੈਣਾ, ਲੈ ਕੇ ਨਾ ਦੇਣਾ, ਸਤਿਗੁਰਾਂ ਨੇ ਹੁਕਮਨਾਮੇ 'ਚ ਲਿਖਿਐ—ਚੋਰੀ ਥਾੜੇ ਥੀਂ ਵੀ ਬਡਾ ਪਾਪ ਹੈ। ਅਗਰ ਕੋਈ ਪੁਰਸ਼ ਇਹ ਕੰਮ ਕਰਦੈ, ਤਾਂ ਬੜਾ ਬੁਰਾ ਕਰਦਾ ਹੈ। ਉਹ ਅਰਜ਼ ਕਰੇ—ਮੈਂ ਦਾਅਵੇ ਨਾਲ ਇਹ ਗੱਲ ਕਹਿੰਦਾ—ਉਹ ਅਰਦਾਸ ਕਰੇ ਕਿ ਸੱਚੇ ਪਾਤਸ਼ਾਹ ! ਮੇਰਾ ਕਰਜ਼ਾ ਉਤਰ ਜਾਏ, ਮੈਂ ਪੈਸਾ-ਪੈਸਾ ਦੇਣ ਨੂੰ ਤਿਆਰ ਹਾਂ। ਉਹ ਥੋੜਾ-ਥੋੜਾ ਕਰਕੇ ਜੇ ਦੇਣ ਲੱਗ ਜਾਏ, ਉਹਦਾ ਸਾਰਾ ਹੀ ਲਹਿ ਜਾਏਗਾ, ਨਹੀਂ ਰਹਿੰਦਾ। ਇਹ ਚੀਜ਼ ਕੋਈ ਬੜੀ ਨਹੀਂ ਹੈ। ਪਰ ਦੇਖੋ, ਜਿਹੜਾ ਦਿਲ 'ਚ ਕੋਈ ਆਦਮੀ ਬੇਈਮਾਨੀ ਧਾਰਦੈ—ਕਿ ਮੈਂ ਨਹੀਂ ਦੇਣਾ—ਉਹਦੇ ਦੋਵੇਂ ਜਹਾਨ ਮਾਰੇ ਜਾਣਗੇ। ਨਾ ਉਹਨੂੰ ਪੱਗ ਨੇ—ਨਾ ਮਾਲਾ ਨੇ—ਨਾ ਉਹਦੇ ਇਸ਼ਨਾਨ ਨੇ—ਨਾ ਉਹਨੂੰ ਅਖੰਡ ਪਾਠਾਂ ਨੇ ਤਾਰਨਾ ਹੈ, ਭਾਵੇਂ ਕੋਈ ਕੁਛ ਆਖੇ। ਇਹ ਕਰਮ ਬੜਾ ਬੁਰਾ ਹੈ। ਇਹ ਵਿਸ਼ਵਾਸ਼ ਘਾਤ ਹੈ। ਸਿੱਖਾਂ ਨੂੰ ਲੈ ਕੇ ਸਤਿਗੁਰੂ ਜੀ ਓਥੇ ਚਲੇ ਗਏ।

ਹੁਣ ਵਕਤ ਬੜਾ ਹੋ ਗਿਐ, ਹੁਣ ਆਪਾਂ ਏਥੇ ਸਮਾਪਤੀ ਕਰਦੇ ਹਾਂ। ਕੋਈ ਸਾਡਾ ਨਿਯਮ ਧਰਮ ਤਾਂ ਹੈ ਹੀ ਨਹੀਂ ਬਈ, ਕਿੰਨਾ ਚਿਰ ਪੜ੍ਹਨੈ,

ਕੀ ਕਰਨਾਂ ਹੈ। ਫਿਰ ਨਿਤਨੇਮ ਕਰਨੈ। ਅੱਠ ਵੱਜ ਜਾਣਗੇ ਕਰੀਬ, ਤੇ ਹੁਣ ਏਥੇ ਭੋਗ ਪਾ ਕੇ, ਆਪਾਂ ਨਿਤਨੇਮ ਕਰੀਏ। ਸਾਧ-ਸੰਗਤ ਕਿਰਪਾ ਕਰਿਆ ਕਰੇ ਹੱਥ ਜੋੜੇ ਹੋਏ ਹੋਏ ਨੇ ਤੁਹਾਡੇ ਅੱਗੇ ਕਿ, ਇਹ ਤੁਹਾਡੀ ਚਿੱਟੀ ਚਾਦਰ ਤੇ ਦਾਗ ਲੱਗਦਾ ਹੈ ਅਗਰ ਕੋਈ ਕਰਮ ਤੁਹਾਡਾ ਬੁਰਾ ਹੁੰਦਾ ਹੈ। ਸੋ ਮੈਂ ਏਥੇ ਹੀ ਹੁਣ ਸਮਾਪਤ ਕਰਦਾ ਹਾਂ। ਅੱਗੇ ਜੋ ਸਾਧ-ਸੰਗਤ ਨੂੰ ਭਾਵੇ, ਅਰਦਾਸ ਕਰਿਆ ਕਰੋ।

**ਹੇ ਅਚੁਤ[੨੮] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੨੯]।।**
**ਹੇ ਪੂਰਨ ਹੇ ਸਰਬ[੩੦] ਮੈ ਦੁਖ ਭੰਜਨ[੩੧] ਗੁਣਤਾਸ[੩੨]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੩੩] ਸਭ ਟੇਕ[੩੪]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ[੩੫] ਸਦਾ ਬਿਬੇਕ[੩੬]।।**
**ਹੇ ਅਪਰੰਪਰ[੩੭] ਹਰਿ ਹਰੇ ਹਹਿ[੩੮] ਭੀ ਹੋਵਨਹਾਰ[੩੯]**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੪੦] ਆਧਾਰ।।**
**ਹੇ ਠਾਕੁਰ ਹਉ ਦਾਸਰੋ[੪੧] ਮੈ ਨਿਰਗੁਨ ਗੁਨੁ ਨਹੀਂ ਕੋਇ।।**
**ਨਾਨਕ ਦੀਜੈ ਨਾਮ ਦਾਨ ਰਾਖਉ ਹੀਐ ਪਰੋਇ।।**

*-ਪੰਨਾ-੨੬੧*

**- ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਟਿੱਪਣੀਆਂ

★੧ ਸੰਤ ਇੰਦਰ ਸਿੰਘ ਜੀ ਚਕਰਵਰਤੀ।

★੨ ਮਾਤਾ ਜੀਊਣ ਕੌਰ ਜੀ।

## ਸ਼ਬਦਾਰਥ

੧ ਸੰਸਾਰ।
੨ ਭਗਤਾਂ ਦੀਆਂ ਸਾਖੀਆਂ।
੩ ਇੱਕ ਬ੍ਰਾਹਮਣ ਜੋ ਵੇਸਵਾ ਨਾਲ ਰਹਿੰਦਾ ਸੀ। ਪੁੱਤਰ ਦਾ ਨਾਂ ਨਰਾਇਣ ਹੋਣ ਕਰਕੇ, ਮਰਨ ਲੱਗਾ ਨਰਾਇਣ ਦਾ ਨਾਂ ਲੈਣ ਲੱਗ ਪਿਆ ਜਿਸ ਕਰਕੇ ਉਸਦਾ ਉੱਧਾਰ ਹੋ ਗਿਆ।
੪ ਨਿਰਸੰਦੇਹ।
੫ ਮੰਗਦਾ ਹਾਂ।
੬ ਦੇਵੋ।
੭ ਤੋਤਾ।
੮ ਹਾਥੀਆਂ ਦਾ ਰਾਜਾ।
੯ ਬ੍ਰਾਹਮਣ।
੧੦ ਗਰੀਬੀ ਦੂਰ ਕੀਤੀ।
੧੧ ਪੱਕੀ ਤਰ੍ਹਾਂ ਨਿਸਚੈ ਕਰਾਉਂਦਾ ਹੈ।
੧੨ ਨਾ ਜਾਣੇ।
੧੩ ਮਹੂਰਤ, ਦੋ ਘੜੀਆਂ।
੧੪ ਅੱਧੀ ਘੜੀ।
੧੫ ਕੀ।
੧੬ ਲਾਭ।
੧੭ ਇਸਤੋਂ।
੧੮ ਨੀਲਾ ਆਕਾਸ਼।
੧੯ ਦੁੱਖ ਦੇਣ ਵਾਲੇ, ਅਨੀਤੀ।
੨੦ ਚਰਨ ਧੂੜ।
੨੧ ਵੱਡੇ ਪਾਪ, ਗੁਨਾਹ।
੨੨ ਪ੍ਰੇਮ।
੨੩ ਪਾਣੀ।
੨੪ ਬੀਤ ਗਈ।
੨੫ ਕੌਤਕੀ।
੨੬ ਮੇਰਾ।
੨੭ ਬਹੁਤ ਪਰਖ਼ ਚੁੱਕੀ ਹਾਂ।
੨੮ ਅਟੱਲ, ਨਾ ਡੋਲਣ ਵਾਲੇ।
੨੯ ਪਾਪਾਂ ਨੂੰ ਨਾਸ ਕਰਨ ਵਾਲੇ।
੩੦ ਸਰਬ ਰੂਪ।
੩੧ ਦੁੱਖਾਂ ਦੇ ਨਾਸ ਕਰਨ ਵਾਲਾ।
੩੨ ਗੁਣਾਂ ਦਾ ਭੰਡਾਰ।
੩੩ ਤਿੰਨਾ ਗੁਣਾਂ ਤੋਂ ਨਿਰਲੇਪ।
੩੪ ਆਸਰੇ।
੩੫ ਜਿਸ ਦੇ।
੩੬ ਗਿਆਨ ਪ੍ਰਕਾਸ਼।
੩੭ ਪਾਰਾਵਾਰ ਤੋਂ ਪਰੇ।
੩੮ ਹੈ ਹੁਣ।
੩੯ ਅੱਗੇ ਨੂੰ ਵੀ ਹੋਣ ਵਾਲਾ ਹੈ।
੪੦ ਨਿਰ ਆਸਰੇ।
੪੧ ਦਾਸ।

# ਬੰਕੋਕ ੧੮-੨-੧੯੫੪

*ਗੁਰੂ ਰਾਮ ਸਿੰਘ ਸੁਣ ਤਿਸ ਅਰਜੀ।*
*ਦੇਖੀ ਸਿੰਘ ਖਾਲਸੇ ਮਰਜੀ।*
*ਆਗਿਆ ਦਈ ਖਾਲਸੇ ਜੀ ਕੌ।*
*ਯਾ ਕੇ ਗ੍ਰਿਹਿ ਜਾਣਾ ਹੈ ਨੀਕੌ।।੧੩।।*
*ਦਾਸੀ ਸੁਤ ਸਮ ਨਿਮ੍ਰਿਤ ਭਾਇ।*
*ਕਹੇਂ ਚਲੌ ਸੰਗਤਿ ਸਮੁਦਾਇ।*
*ਚੀਨੀ ਕੀ ਕੀਨੀ ਅਸਵਾਰੀ।*
*ਸਿੰਘ ਸੈਂਕੜੇ ਸੰਗ ਤਿਆਰੀ।।੧੪।।*

## ਅੰਤਰਜਾਮੀ ਸਤਿਗੁਰੂ

ਕੱਲ੍ਹ ਏਥੇ ਪਰਸੰਗ ਸੀ, ਕਿ ਸਾਹਿਬਾਂ ਨੂੰ, ਸੱਚੇ ਪਾਤਸਸ਼ਾਹ ਨੂੰ, ਸਿੱਖ ਅਰਜ਼ ਕਰਦਾ ਹੈ, ਤੇ ਉਸ ਗਰੀਬ ਸਿੱਖ ਦੀ ਅਰਜ਼ ਸੁਣ ਕੇ ਹੁਕਮ ਦਿੱਤਾ—ਤਿਆਰ ਹੋਏ ਚੱਲਣ ਦੇ ਵਾਸਤੇ।

*ਚੀਨੀ ਕੀ ਕੀਨੀ ਅਸਵਾਰੀ।*

ਉਸ ਚੀਨੀ ਘੋੜੀ ਦੀ ਅਸਵਾਰੀ ਕੀਤੀ।

*ਸਿੰਘ ਸੈਂਕੜੇ ਸੰਗ ਤਿਆਰੀ।*

ਸੈਂਕੜੇ ਸਿੰਘ ਨਾਲ ਤਿਆਰ ਹੋਏ ਜਾਣ ਵਾਸਤੇ।

*ਮੈਂ ਪੀਛੇ ਸਤਿਗੁਰ ਕੇ ਖਰਾ।*

ਭਾਈ ਹਰਮੀਤ ਸਿੰਘ ਜੀ ਕਹਿੰਦੇ ਨੇ,"ਮੈਂ ਪਿੱਛੇ ਖਲੋਤਾ ਹਾਂ ਸਤਿਗੁਰਾਂ ਦੇ।"

*ਮੇਰਾ ਧਿਆਨ ਜੀਨ[੧] ਪਰ ਪਰਾ।*

ਮੇਰਾ ਧਿਆਨ ਏਸ ਗੱਲ ਉੱਤੇ ਗਿਆ ਕਿ ਜਿਹੜੀ ਘੋੜੀ ਉੱਤੇ ਕਾਠੀ ਪਈ ਹੋਈ ਹੈ—ਜੀਨ-

*ਆਹਿ ਪੁਰਾਨੌਂ ਜੀਨ ਅਸਬਾਬ।*

ਅਸਬਾਬ ਵੀ ਪੁਰਾਣਾ ਹੋਇਆ ਹੋਇਆ ਹੈ, ਕਾਠੀ ਵੀ ਪੁਰਾਣੀ ਹੈ।

*ਸੂਧੇ ਘਾਸੇ ਔਰ ਰਕਾਬ।।੧੫।।*

ਘਾਸੇ ਉਹਨਾਂ ਨੂੰ ਕਹਿੰਦੇ ਹਨ ਜਿੰਨ੍ਹਾਂ ਵਿੱਚ ਰਕਾਬਾਂ ਪਈਆਂ ਹੁੰਦੀਆਂ ਨੇ—ਚਮੜੇ ਦੇ। ਕਹਿੰਦੇ ਨੇ—ਘਾਸੇ ਵੀ ਸੂਧੇ ਹਨ, ਰਕਾਬਾਂ ਵੀ ਮਾਮੂਲੀ ਪਈਆਂ ਹੋਈਆਂ ਹਨ।

*ਸ੍ਰੀ ਗੁਰ ਤੌ ਸਾਹਨ ਕੇ ਸਾਹਿ।*

ਸਤਿਗੁਰੂ ਤੇ ਸ਼ਾਹਾਂ ਦੇ ਸ਼ਾਹ ਹਨ।

*ਕੈਸੀ ਹੈ ਇਨ ਕੋ ਪਰਵਾਹਿ।*

ਇਹਨ੍ਹਾਂ ਨੂੰ ਕਿਸ ਚੀਜ਼ ਦੀ ਪਰਵਾਹ ਹੈ।

*ਮੋ ਦਿਸ ਦਿਖ ਕਰ ਹੁਕਮ ਉਚਾਰਿਓ।*

ਮੇਰੀ ਤਰਫ ਦੇਖ ਕੇ ਕਹਿੰਦੇ ਹਨ।

*ਸੁਣੋ ਸੂਬਿਓ ਸਿੰਘ ਪਿਆਰਿਓ।।੧੬।।*

ਸੂਬਿਆਂ ਨੂੰ ਕਹਿੰਦੇ ਹਨ ਸੁਣੋ ਬਈ ਸੂਬਿਓ।

*ਸਾਹਿਬ ਸਿੰਘ ਪ੍ਰਤਿ ਹੁਕਮ ਅਲਾਯੋ।*

ਸਾਹਿਬ ਸਿੰਘ ਜੀ ਜਿਹੜੇ ਸਤਿਗੁਰਾਂ ਦੇ ਪਾਸ ਰਹਿਣ ਵਾਲੇ ਖਾਸ ਸੂਬਿਆਂ ਵਿੱਚੋਂ ਸਨ, ਜਿਨ੍ਹਾਂ ਉੱਤੇ ਬਹੁਤ ਕਿਰਪਾ ਸੀ, ਬਾਬਾ ਜੱਸਾ ਸਿੰਘ ਜੀ ਜਿਨ੍ਹਾਂ ਨੂੰ ਬਹੁਤ ਪਿਆਰ ਕਰਦੇ ਸੀ। ਬਾਬਾ ਜੀ ਦਾ ਜਨਮ ਬਰਮਾਲੀ ਪੁਰ ਪਿੰਡ, ਜ਼ਿਲ੍ਹੇ ਅੰਮ੍ਰਿਤਸਰ ਦਾ ਸੀ। ਜਿਹੜੀ ਤਿੰਨਾਂ ਘੋੜੀਆਂ ਵਾਲੀ ਤਸਵੀਰ ਹੈ, ਤਿੰਨ੍ਹਾਂ ਘੋੜੀਆਂ ਵਾਲੀ ਜਿਹੜੀ ਤਸਵੀਰ ਹੈ, ਦਰਮਿਆਨ ਦੀ ਤਸਵੀਰ ਬਾਬਾ ਜੀ ਦੀ ਹੈ, ਜਿਨ੍ਹਾਂ ਦਾ ਇਉਂ ਹੱਥ ਕੀਤਾ ਹੋਇਐ।

ਇਹ ਉਹ ਬਾਬਾ ਸਾਹਿਬ ਸਿੰਘ ਜੀ ਸਨ—ਇਹ ਇੱਕ ਭਾਈ ਖਜਾਨ ਸਿੰਘ ਜੀ ਰਾਗੀ ਸਿੰਘ ਸਨ, ਉਹਨਾਂ ਨੇ ਦੋ ਕਬਿੱਤ ਬਣਾਏ ਸੀ, ਜਿਹਦੇ ਵਿੱਚ ਇਉਂ ਉਹਨਾਂ ਲਿਖਿਐ-

*ਧੰਨ ਗੁਰੂ ਰਾਮ ਸਿੰਘ, ਜਗ ਦਾ ਉਧਾਰ ਕੀਆ,*
*ਤੀਨ ਲੋਕ ਤਾਰ ਦੂਰ ਕੀਏ ਸਭ ਦੁਖ ਜੀ।*
*ਗੁਰੂ ਰਾਮ ਸਿੰਘ ਨਾਮ ਲਏ, ਤੀਨ ਲੋਕ ਪਾਰ ਪਏ,*
*ਧ੍ਰਿਗ ਜਨਮ ਓਸਦਾ ਜੋ ਆਖਦੇ ਮਨੁਖ ਜੀ।*
*ਸੰਗਤਾਂ ਬਣਾਈਆਂ ਗੁਰੂ ਰਾਮ ਸਿੰਘ ਚਾਰ ਤਰਫ,*
*ਸਾਹਿਬ ਸਿੰਘ ਲਾਡਲਾ, ਸਪੂਤ ਜਾ ਕੋ ਸੁੱਤ ਜੀ।*
*ਮਨ ਤਨ ਸੀਤਲ ਬਣਾਇਆ ਗੁਰੂ ਰਾਮ ਸਿੰਘ,*
*ਨਾਮ ਦੇ ਆਧਾਰ ਸੇ ਅਘਾਏ ਸਭ ਦੁੱਖ ਜੀ।*

ਤਾਂ, ਉਹ ਇਉਂ ਉਸ ਵੇਲੇ ਕਹਿੰਦੇ ਸੀ—ਬਈ, ਸਤਿਗੁਰਾਂ ਦੇ ਪੁੱਤਰ ਹਨ, ਬਾਬਾ ਸਾਹਿਬ ਸਿੰਘ ਜੀ। ਕੁੰਜੀਆਂ ਉਹਨਾਂ ਕੋਲ ਸੀਆਂ। ਗੌਰਮਿੰਟ ਦੇ ਕਾਗਜਾਂ ਵਿੱਚ ਵੀ ਇਹ ਲਫਜ਼ ਆਏ ਹਨ ਕਿ ਇਹ ਆਦਮੀ ਜਿਹੜਾ ਹੈ, ਇਹਦੇ ਦਿਲ ਦਾ ਭੇਦ ਨਹੀਂ ਸਮਝਿਆ ਜਾ ਸਕਦਾ। ਸਤਿਗੁਰਾਂ ਉਹਨਾਂ ਨੂੰ ਹੁਕਮ ਦਿੱਤਾ—ਕਿ ਭਾਈ ਸਾਹਿਬ ਸਿੰਘ-

*ਸਾਜ ਨਵਾ ਸਾਰੋ ਤੁਮ ਲਿਆਯੋ।*

ਸਾਰੇ ਸਾਜ ਨਵੇਂ ਲਿਆਓ—ਘੋੜਿਆਂ ਦੀਆਂ ਕਾਠੀਆਂ, ਸਮਾਨ ਸਾਰਾ।

*ਤਿਲੇ ਦਾਰ ਜਰਤ ਸਬ ਜੀਨ*

ਤਿੱਲੇ ਵਾਲੀਆਂ ਕਾਠੀਆਂ ਹੋਣ, ਕਸੂਰ ਵਿੱਚ ਜਾਂ, ਪਿੰਡ ਭੱਟੀਆਂ ਵਿੱਚ ਬਣਦੀਆਂ ਸਨ। ਹੁਣ ਤੇ ਲੋਕਾਂ ਨੂੰ ਉਹ ਸ਼ੌਕ ਹੀ ਨਹੀਂ ਰਹਿ ਗਿਆ—ਉਹ ਦੇਸੀ ਕਾਠੀਆਂ, ਜਿਨ੍ਹਾਂ ਨੂੰ ਤਿੱਲਾ ਲੱਗਾ ਹੋਇਆ ਹੁੰਦਾ ਸੀ।

*ਘਾਸੇ ਔਰ ਰਕਾਬ ਨਵੀਨ।।੧੭।।*

ਘਾਸੇ ਵੀ, ਰਕਾਬਾਂ ਵੀ, ਨਵੀਆਂ ਸਭ ਆਉਣ।

*ਸੂਬਿਯੋਂ ਕੇ ਭੀ ਘੋਰੇ ਜੇਤੇ।*

ਜਿਤਨੇ ਘੋੜੇ ਸੂਬਿਆਂ ਦੇ ਨੇ, ਸਾਰਿਆਂ ਦਾ ਸਮਾਨ ਨਵਾਂ।

*ਸੁੰਦਰ ਨਯੋ ਸਬਾਬ ਹੋਇ ਤੇਤੇ।*

ਸਾਰਾ ਸਮਾਨ ਨਵਾਂ ਲਿਆਉ।

*ਮੈ ਬਹੁ ਬਾਰ ਕਰੀ ਜੋਹਾਰ।*

ਕਹਿੰਦੇ ਨੇ,''ਮੈਂ ਬਹੁਤ ਬਾਰ ਨਮਸਕਾਰ ਕਰੀ''—ਭਾਈ ਹਰਮੀਤ ਸਿੰਘ ਜੀ।

*ਅੰਤਰਜਾਮੀ ਗੁਰ ਅਵਤਾਰ।।੧੮।।*

ਸਤਿਗੁਰੂ ਅੰਤਰਜਾਮੀ ਹੈ, ਕਿਉਂਕਿ ਮੇਰੀ ਅੰਦਰ ਜੀ ਜਾਣ ਲਈ। ਇਹ ਕੀ ਗੱਲ ਕਰੀਏ ਅਸੀਂ, ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਸ਼ਤਾਹ, ਭਾਈ ਦਇਆ ਸਿੰਘ ਜੀ ਨੂੰ ਜ਼ਫਰਨਾਮਾ ਲਿਖ ਕੇ, ਦੇ ਕੇ ਔਰੰਗਜ਼ੇਬ ਵਲ ਭੇਜਦੇ ਹਨ। ਜਿਸ ਵੇਲੇ ਉਹ ਲੈ ਕੇ ਜਾਂਦੇ ਹਨ, ਜਾ ਕੇ ਬੁਲਾਈ ਫਤਹਿ—ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਤਾਂ ਔਰੰਗਜ਼ੇਬ ਕਹਿੰਦਾ,''ਖਾਲਸਾ ਪੈਦਾ ਹੂਆ।''

ਅਖੇ,''ਹੂਆ।''

ਕਹਿਣ ਲੱਗਾ,''ਕੋਈ ਕਰਾਮਾਤ ?''

ਤਾਂ ਬਾਬਾ ਦਇਆ ਸਿੰਘ ਜੀ ਕਹਿੰਦੇ ਹਨ,''ਕਰਾਮਾਤ ਗੁਰੂ ਕੇ ਕੁੱਤਿਆਂ ਵਿੱਚ।''

ਉਹਨੇ ਆਖਿਆ,''ਫਿਰ ਕੁਝ ਦਿਖਾਓ।''

ਔਰੰਗਾਬਾਦ ਗਏ ਹਾਂ। ਸੁਭਾਗ ਹੋਇਆ, ਉਹ ਜਗ੍ਹਾ ਦਾ ਦਰਸ਼ਨ ਕੀਤਾ ਜਿੱਥੇ ਬਾਬੇ ਦਇਆ ਸਿੰਘ ਜੀ ਰਹੇ। ਉਹਦਾ ਨਾਮ ਹੈ ਬਾਬੇ ਦਇਆ ਸਿੰਘ ਹੁਰਾਂ ਵਾਲੀ ਧਰਮਸਾਲਾ—ਔਰੰਗਾਬਾਦ ਵਿੱਚ।

ਕਹਿਣ ਲੱਗੇ,''ਕੱਲ੍ਹ।''

ਪਾਜੀ ਕੁੱਤੇ ਨਾਲ ਲੈ ਗਏ। ਲਿਜਾ ਕੇ ਕੁੱਤੇ ਖੜੇ ਕਰ ਦਿੱਤੇ। ਕੁੱਤੇ ਨੂੰ ਕਹਿੰਦੇ,''ਪੁੱਛ ਔਰੰਗਜ਼ੇਬ ਨੂੰ—ਤੂੰ ਕੀ ਪੁੱਛਦਾ ਹੈ।''

ਜੋ ਕੁਝ ਔਰੰਗਜ਼ੇਬ ਨੇ ਆਖਿਆ, ਕੁੱਤੇ ਨੇ ਜਵਾਬ ਦਿੱਤਾ,''ਮੈਂ ਤੇਰਾ ਚਾਚਾ ਹਾਂ, ਤੂੰ ਆਹ ਕੰਮ ਨਾ ਕਰ, ਇਹੋ ਜਿਹੀਆਂ ਗੱਲਾਂ ਨਾ ਕਰ,

ਫੇਰ ਤੈਨੂੰ ਸਾਡੇ 'ਚ ਆਉਣਾ ਪਏਗਾ''—ਕੁਛ ਐਸੇ ਸ਼ਬਦ ਕਹੇ।

ਤਾਂ ਕਰਾਮਾਤ ਗੁਰੂ ਕੇ ਘਰ ਵਿੱਚ ਬਹੁਤ ਛੋਟੀ ਜਿਹੀ ਚੀਜ਼ ਹੈ। ਲੋਕ ਇਨ੍ਹਾਂ ਗੱਲਾਂ ਉੱਤੇ ਹੀ ਖਤਮ ਹੋ ਜਾਂਦੇ ਹਨ, ਬਈ ਮੈਨੂੰ ਚਾਰ ਪੈਸੇ ਫਲਾਣੇ ਨੇ ਕਹਿ ਦਿੱਤੇ—ਮਿਲ ਗਏ ਮੈਨੂੰ, ਮੇਰੇ ਪੁਤੱਰ ਹੋ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਤਾਂ ਇਉਂ ਲਿਖਦੇ ਹਨ-

**ਨਾਟਕ[੨] ਚੇਟਕ[੩] ਕੀਏ ਕੁਕਾਜਾ।।**

**ਪ੍ਰਭ ਲੋਗਨ ਕਹ ਆਵਤ ਲਾਜਾ।।**

*- ਦਸਮ ਗ੍ਰੰਥ, ਪੰਨਾ-੫੪*

ਜਿਹੜੀਆਂ ਇਹੋ ਜਿਹੀਆਂ ਰਿੱਧੀਆਂ ਸਿੱਧੀਆਂ ਹਨ, ਗੁਰੂ ਨਾਨਕ ਦੇਵ—ਪੜ੍ਹੋ ਜਪੁ ਸਾਹਿਬ, ਰੋਜ ਪੜ੍ਹਦੇ ਹੋ-

**ਰਿਧਿ ਸਿਧਿ ਅਵਰਾ ਸਾਦ।।**

ਇਹ ਹੋਰ ਸਾਦ ਹਨ। ਇਹ ਅਵਰਿਆਂ ਦਾ ਸਾਦ ਹੈ, ਜਿਹੜੇ ਕਿਸੇ ਦੇ, ਮਾਲਕ ਦੇ ਨਹੀਂ। ਉਹ ਇਹੋ ਜਿਹੀਆਂ ਗੱਲਾਂ ਕਰਕੇ ਲੋਕਾਂ ਨੂੰ ਰਿਝਾਉਂਦੇ ਹਨ। ਕਰਾਮਾਤ ਸਾਹਿਬਾਂ ਦੇ ਅੱਗੇ ਤਾਂ ਚੀਜ਼ ਹੀ ਕੁਛ ਨਹੀਂ। ਜਿਧਰ ਉਹ ਨਿਗ੍ਹਾ ਕਰਨ, ਉਹ ਹੀ ਕਰਾਮਾਤ। ਤਾਂ ਭਾਈ ਸਾਹਿਬ ਜੀ ਨੇ ਦੇਖਿਆ ਕਿ ਮੇਰੇ ਅੰਦਰ ਦੀ ਸਤਿਗੁਰਾਂ ਨੇ ਜਾਣੀ ਹੈ।

*ਦੋਹਰਾ।।ਮੋ ਕੋ ਇਮ ਭਾਖਤ[੪] ਭਏ ਕਿਉਂ ਭਾਈ ਜੀ ਠੀਕ।*

ਸਤਿਗੁਰ ਮੈਨੂੰ ਕਹਿੰਦੇ ਹਨ ਦੇਖ ਕੇ,''ਕਿਉਂ ਭਾਈ ਹਰਮੀਤ ਸਿੰਘ, ਇਹ ਗੱਲ ਠੀਕ ਹੈ ਨ।''

*ਚਾਹੀਏ ਸਭ ਕੁਛ ਨਵਾਂ ਹੀ ਜੀਨ ਆਦਿ ਸਭ ਨੀਕ।।੧੯।।*

ਸਭ ਕੁਛ ਨਵਾਂ ਹੀ ਚਾਹੀਦਾ ਹੈ ਨ, ਕਾਠੀ ਆਦਿਕ।

*ਚੌਪਈ।ਸੋਧ ਅਰਦਾਸਾ ਸੀਸ ਨਿਵਾਇ।*

ਅਰਦਾਸਾ ਸੋਧਿਆ। ਸਿੱਖ ਦਾ ਕੰਮ ਹੈ—ਸਤਿਗੁਰੂ ਦੀ ਤਾਂ ਇਹ ਮੌਜ ਹੈ, ਉਹ ਤਾਂ ਸਾਨੂੰ ਸਮਝਾਉਂਦੇ ਹਨ—ਸਿੱਖ ਜਦੋਂ ਵੀ ਕਿਸੇ ਕਾਰਜ ਨੂੰ ਤੁਰੇ, ਕਿਧਰੇ ਵੀ ਤੁਰੇ ਤੇ ਅਰਦਾਸ ਕਰ ਕੇ ਤੁਰੇ। ਸਤਿਗੁਰੂ ਉਸ ਦੇ ਅੰਗ ਸੰਗ ਰਹਿੰਦਾ ਹੈ। ਸਤਿਗੁਰੂ ਦੇ ਅੱਗੇ ਅਰਦਾਸ ਕਰਦਾ ਹੈ ਤਾਂ

ਸਤਿਗੁਰੂ ਯਾਦ ਆਉਂਦਾ ਹੈ। ਸਤਿਗੁਰੂ ਦੀ ਯਾਦ ਇੱਕ ਚੀਜ਼ ਹੈ, ਜਿਹੜੀ ਨਾਲ ਇਹ ਬਚ ਸਕਦਾ ਹੈ।

**ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥**

*– ਸਲੋਕ ਮ:੫, ਪੰਨਾ-੫੨੨*

ਪਰ ਜਿਹੜੇ ਯਾਦ ਕਰਨ, ਫੇਰ ਉਹਨਾਂ ਨੂੰ ਕਿਹੜੀ ਗੱਲ ਦਾ ਘਾਟਾ ਹੈ।

*ਚੀਨੀ ਪੈ ਚੜ ਦਈ ਦੁੜਾਇ।*

ਚੀਨੀ ਉੱਤੇ ਅਸਵਾਰ ਹੋਏ, ਚੜ੍ਹਦਿਆਂ ਹੀ ਦੁੜਾ ਦਿੱਤੀ।

*ਹੋਇ ਸਵਾਰ ਸਿੰਘ ਸਮੁਦਾਈ।*

ਸਾਰੇ ਸਿੰਘ ਨਾਲ ਦੇ, ਸੂਬੇ ਅਸਵਾਰ ਹੋਏ। ਦੂਸਰੇ ਸਿੰਘ ਪੈਦਲ ਦੌੜੇ।

*ਤਿਸ ਸਿਖ ਕੇ ਗ੍ਰਿਹਿ ਪਹੁੰਚੇ ਜਾਈ॥੨੦॥*

ਜਾ ਪਹੁੰਚੇ ਉਸ ਸਿੱਖ ਦੇ ਪਿੰਡ ਵਿੱਚ।

*ਸੁੰਦਰ ਪਲੰਘ ਸੇਤ ਬਿਸਤਰੇ।*

ਸਿੰਘ ਨੇ ਬਿਸਤਰਾ ਵਿਛਾਇਆ ਹੋਇਆ ਹੈ—ਚਿੱਟਾ। ਜ਼ਰਾ ਧਿਆਨ ਦੇਣਾ, ਆਸਾ ਦੀ ਵਾਰ ਦਾ ਰੋਜ਼ ਪਾਠ ਕਰਦੇ ਹੋ, ਉੱਥੇ ਲਿਖਿਆ ਹੈ–

**ਸਾਮ ਕਹੈ ਸੇਤੰਬਰੁ[੫] ਸੁਆਮੀ,**

—ਸਤਿਜੁਗ ਦਾ ਬਾਣਾ ਚਿੱਟਾ ਹੈ।

**ਸਚਿ ਮਹਿ ਆਛੈ ਸਾਚਿ ਰਹੇ॥**

*– ਆਸਾ ਮ:੫, ਪੰਨਾ-੪੭੦*

## ਨੀਲ ਮੱਤ ਮਾਰ ਦਿੰਦਾ ਹੈ

ਫੇਰ, ਤ੍ਰੇਤੇ ਦਾ ਬਾਣਾ ਹੈ ਲਾਲ, ਦੁਆਪਰ ਦਾ ਬਾਣਾ ਹੈ ਪੀਲਾ, ਕਲਜੁਗ, ਕਾਲਾ ਬਾਣਾ—ਕਲਜੁਗ ਹੋਸੀ ਕਾਲਾ ਬਾਣਾ।

ਫੇਰ, ਗੁਰੂ ਗੋਬਿੰਦ ਸਿੰਘ ਸਾਹਿਬ—ਮੈਂ ਅੱਗੇ ਵੀ ਅਰਜ਼ ਕੀਤੀ ਸੀ ਕਿ—ਕਹਿੰਦੇ ਹਨ, ਔਰੰਗਜ਼ੇਬ ਵੱਲ ਲਿਖਦੇ ਹਨ।

**ਬਰੰਗੇ ਮਗਸ[੬] ਸਯਾਹ ਪੋਸ਼ ਆਮਦੰਦ।।**

*– ਦਸਮ ਗ੍ਰੰਥ, ਪੰਨਾ–੧੩੯੦*

ਸਾਡੇ ਉੱਤੇ ਚੜ੍ਹਕੇ ਆਏ ਜਿਨ੍ਹਾਂ ਦੇ ਰੰਗ—ਮੱਖੀ ਵਰਗੇ ਕਪੜੇ ਸਨ। ਮਗਸ—ਮੱਖੀ ਜੈਸੇ ਸਿਆਹ ਪੋਸ਼ ਸਾਡੇ ਉੱਤੇ ਚੜ੍ਹ ਕੇ ਆਏ। ਜੇ ਸਾਹਿਬਾਂ ਦਾ ਬਾਣਾ ਕਾਲਾ ਹੁੰਦਾ ਤੇ ਇਉਂ ਨਾ ਲਿਖਦੇ। ਫੇਰ, ਮਾਛੀਵਾੜੇ ਆ ਕੇ ਲੀੜੇ ਨਾ ਰੰਗਾਉਂਦੇ। ਫੇਰ ਜਾ ਕੇ ਸੋਢੀ ਕੌਲ ਜੀ ਦੇ ਕੋਲ ਢਿੱਲਵਾਂ ਵਿੱਚ ਇੱਕ ਸੌ ਇੱਕ ਵੇਰ ਤੁਕ ਨਾ ਪੜ੍ਹਦੇ–

**ਨੀਲ ਬਸਤ੍ਰ ਲੇ ਕਪੜੇ ਫਾੜੇ**
**ਤੁਰਕ ਪਠਾਣੀ ਅਮਲੁ ਗਿਆ।।**

—ਸੋਢੀ ਕੌਲ ਜੀ ਨਾ ਅਰਜ਼ ਕਰਦੇ,''ਸਾਹਿਬ, ਇਹ ਤੁਰਕੀ ਬਾਣਾ ਤੁਸੀਂ ਕਿਉਂ ਪਾਇਆ ਹੈ।'' ਸੋ ਭਾਈ ਖ਼ਾਲਸਿਓ, ਮੇਰੀ ਗੱਲ ਨਹੀਂ, ਕਿਸੇ ਨਾਲ ਜ਼ਿਦ ਨਹੀਂ, ਕਿਸੇ ਨਾਲ ਗੱਲ ਨਹੀਂ। ਨੀਲਾ ਬਾਣਾ—ਇੱਕ ਗੱਲ ਯਾਦ ਆ ਗਈ ਹੈ।

ਸਤਿਗੁਰਾਂ ਦੇ ਵਕਤ, ਬਾਬੇ ਗਿਆਨੀ ਸਿੰਘ ਹੁਰੀਂ—ਸ਼ਾਇਦ ਮੈਂ ਇੱਥੇ ਗੱਲ ਨਾ ਦੱਸੀ ਹੋਵੇ—ਇੱਕ ਸੂਬੇ ਸਨ ਜਿਹੜੇ ਗਊਆਂ ਦੇ ਮਾਮਲੇ ਵਿੱਚ ਰਾਏ ਕੋਟ ਵਾਲੇ 'ਚ' ਫਾਂਸੀ ਚਾੜ੍ਹੇ ਗਏ ਲੁਧਿਆਣੇ। ਉਹਨਾਂ ਨੂੰ ਇੱਕ ਦਿਨ ਦ੍ਰਿਸ਼ਟਾਂਤ ਹੋਇਆ ਕਿ ਸਤਿਗੁਰਾਂ ਦਾ ਸਰੂਪ ਹੈ, ਹੱਥ ਵਿੱਚ ਹੁੱਕਾ ਫੜਿਆ ਹੋਇਆ ਹੈ। ਉਹ ਬੜੇ ਮੂੰਹ ਛੁੱਟ ਆਦਮੀ ਸਨ। ਸਤਿਗੁਰਾਂ ਨਾਲ ਖੁੱਲ੍ਹੇ ਦਿਲ—ਜਿਸ ਤਰ੍ਹਾਂ ਬੱਚੇ, ਚਾਰ ਪੰਜ ਸਾਲ ਦਾ ਬੱਚਾ ਬਾਪ ਦੇ ਗਲ ਜਾ ਕੇ ਲੱਗ ਕੇ ਜੋ ਮਰਜੀ ਹੈ ਕਹਿ ਲੈਂਦਾ ਹੈ—ਉਹ ਜਾ ਕੇ ਆਂਹਦੇ ਨੇ,''ਸੱਚੇ ਪਾਤਸ਼ਾਹ ! ਇਸ ਤਰ੍ਹਾਂ ਦੇਖਿਆ ਹੈ।''

ਸਤਿਗੁਰ ਕਹਿੰਦੇ,''ਭਾਈ ਇਸੇ ਤਰ੍ਹਾਂ ਹੋਊਗੀ।''

ਫੇਰ, ਕਹਿੰਦੇ ਚੰਗਾ ਮਹਾਰਾਜ—ਮੌਜ ਨਾਲ ਖੇਡ, ਹੱਸ ਜੁ ਲੈਂਦੇ ਸਨ– ''ਅਸੀਂ ਫਿਰ ਚਾਂਦੀ ਸੋਨੇ ਦੇ ਬਣਵਾ ਲਵਾਂਗੇ।''

ਕਹਿਣ ਲੱਗੇ,''**ਨਾ ਭਾਈ, ਕਲਜੁਗ ਸਾਡਾ ਹੀ ਰੂਪ ਧਾਰੇਗਾ, ਸਾਡੇ ਵਾਂਗੂੰ ਹੀ ਤੁਰੇਗਾ, ਸਾਡੇ ਵਾਂਗੂੰ ਹੀ ਕਰੇਗਾ ਪਰ ਕਲਜੁਗ ਦੇ**

**ਜਿਹੜੇ ਕੰਮ ਹੋਣਗੇ ਨ, ਬਹੁਤੇ ਆਦਮੀ ਭੁੱਲ ਜਾਣਗੇ ਇਸ ਗੱਲ ਨੂੰ ਦੇਖ ਕੇ। ਜਿਹੜੇ ਸਿੱਖ ਹੋਣਗੇ, ਇਹ ਕਹਿੱਣਗੇ, ਭਾਵੇਂ ਰੂਪ ਸਤਿਗੁਰਾਂ ਦਾ ਹੀ ਧਾਰਿਆ ਹੈ ਪਰ ਇਹ ਕਰਮ ਸਤਿਗੁਰਾਂ ਦਾ ਨਹੀਂ ਹੈ। ਉਹ ਨਹੀਂ ਨੇੜੇ ਜਾਣਗੇ।''**

ਸਾਡੇ ਸਾਹਮਣੇ ਇਹੋ ਜਿਹੇ ਮਾਮਲੇ ਆਏ। ਇੱਕ ਸੁਨਿਆਰਾ ਹਿੰਦੂ ਫਤਿਆਬਾਦ ਦਾ, ਉਸਨੇ ਆਪਣੇ ਆਪ ਨ ਪ੍ਰਗਟ ਕੀਤਾ,''ਬਈ ਮੈਂ ਸਤਿਗੁਰੂ ਹਾਂ।'' ਲੋਕ ਕਈ ਉਹਦੇ ਕੋਲ ਗਏ। ਬਹੁਤ ਭੁੱਲੇ-ਦੇਖ ਕੇ। ਫਿਰ ਉਹ ਮੈਂ ਦੇਖਿਆ ਸਿਗਰਟ ਪੀਂਦਾ। ਮੈਨੂੰ ਉਹ ਬਚਨ ਯਾਦ ਆ ਗਿਆ।

ਤੇਲੀ ਨੇ ਮਾਤਾ ਜੀ ਨੂੰ ਖਾਨੇ ਵਾਲਿਆਂ ਨੂੰ ਭੁਲਾਇਆ। ਏਸੇ ਤਰ੍ਹਾਂ ਹੀ ੯੦ ਚਿੱਠੀਆਂ ਪਕੜੀਆਂ ਗਈਆਂ ਭਸੌੜ ਤੋਂ, ਜਿੰਨ੍ਹਾਂ ਵਿੱਚ ਇਹ ਗੱਲਾਂ ਲਿਖੀਆਂ ਹੋਈਆਂ ਸਨ। ਸਤਿਗੁਰਾਂ ਨੇ ਰੰਗੂਨ ਤੋਂ—ਹੁਕਮਨਾਮੇ 'ਚ ਲਿਖਿਆ,''ਭਾਈ ਨੀਲਾ ਨਹੀਂ ਕਿਸੇ ਨੇ ਪਹਿਨਣਾ। ਨੀਲਾ ਪਹਿਨਣੇ ਤੇ ਮੱਤ ਮਾਰੀ ਜਾਂਦੀ ਹੈ।'' ਬਗੈਰ ਨਾਮਧਾਰੀਆਂ ਤੋਂ ਅਸੀਂ ਕਿਸੇ ਨੂੰ ਉਂਗਲ ਧਰ ਕੇ ਕਹਿਣ ਨੂੰ ਤਿਆਰ ਨਹੀਂ ਕਿ ਕੋਈ ਨੀਲਾ ਕਿਉਂ ਪਾਉਂਦਾ ਹੈ। ਸਾਡਾ ਨਾਮਾਧਾਰੀ ਮਿਸ਼ਨ ਨਾਲ ਤਅੱਲਕ ਹੈ। ਨਾਮਧਾਰੀ ਮਿਸ਼ਨ, ਸਤਿਗੁਰੂ ਰਾਮ ਸਿੰਘ ਦੇ ਹੁਕਮ ਅਨੁਸਾਰ, ਕੋਈ ਆਦਮੀ ਅਗਰ ਨੀਲਾ ਪਾਉਂਦਾ ਹੈ, ਜਾਂ ਪਾਉਣ ਦੀ ਗੱਲ ਕਹਿੰਦਾ ਹੈ, ਉਹਨੂੰ ਧਿਆਨ ਦੇਣਾ ਚਾਹੀਦਾ ਹੈ। ਸਤਿਗੁਰੂ ਹੁਕਮ ਆਪਣੇ ਹੱਥਾਂ ਨਾਲ ਲਿਖਦੇ ਹਨ—ਕਿ ਨੀਲਾ ਪਹਿਨਣੇ ਤੋਂ ਮੱਤ ਮਾਰੀ ਜਾਂਦੀ ਹੈ। ਜਿਹੜਾ ਉਹਨਾਂ ਦੇ ਆਖੇ ਪਾਵੇਗਾ, ਫਿਰ ਉਹਦੀ ਮੱਤ ਸਾਬਤ ਰਹੇਗੀ ? ਫੇਰ ਇੱਕ ਥਾਂ ਇਉਂ ਵੀ ਸਤਿਗੁਰਾਂ ਲਿਖਿਆ ਹੈ—ਨੀਲਾ ਪਹਿਨਣਾ ਗਊ ਦੇ ਚਮੜੇ ਸਮਾਨ ਹੈ। ਇਹ ਸਤਿਗੁਰਾਂ ਦੇ ਆਪਣੇ ਹੱਥਾਂ ਦੇ ਹੁਕਮਨਾਮੇ ਲਿਖੇ ਹੋਏ ਹਨ, ਸਾਡੀ ਗੱਲ ਨਹੀਂ।

ਦੂਸਰੀ ਇਹ ਵੀ ਚੀਜ਼ ਹੈ—ਜਿੱਥੋਂ ਤੱਕ ਮੈਂ ਤਸਦੀਕ ਕੀਤਾ ਹੈ—ਨੀਲ ਨੂੰ ਰੰਗ ਨਹੀਂ ਆਉਂਦਾ ਜਿੰਨ੍ਹਾਂ ਚਿਰ ਗਾਂ ਦੀ ਰੱਤ ਨਹੀਂ ਪੈਂਦੀ—ਉਸ ਬੂਟੀ

ਦੇ ਵਿੱਚ। ਨੀਲ ਇੱਕ ਬੂਟੀ ਹੈ, ਸਾਡੇ ਭੈਣੀ ਸਾਹਿਬ ਦੇ ਨੇੜੇ–ਛੋਟੇ ਛੋਟੇ ਸਾਂ—ਬੀਜਦੇ ਹੁੰਦੇ ਸਨ ਚੱਕ ਪਿੰਡ ਦੇ ਮੁਸਲਮਾਨ। ਉਹ ਫਿਰ, ਵੱਡੇ-ਵੱਡੇ ਖੂਹ ਜਿਹੇ ਬਣਾਏ ਹੋਏ ਸਨ ਜਿਨ੍ਹਾਂ 'ਚ ਪਾ ਕੇ ਉਹ ਗਾਲਦੇ ਸਨ। ਹੁਣ ਭੀ ਪੰਜ ਸੱਤ ਸਾਲ ਹੋਏ ਮੈਂ ਰੋਪੜ ਬੀਜੀ ਹੋਈ ਦੇਖੀ ਸੀ। ਐਸ ਰੌਲੇ ਤੋਂ ਪਹਿਲੇ—ਤਾਂ, ਉਸ ਨੂੰ ਰੰਗ ਨਹੀਂ ਆਉਂਦਾ। ਏਸ ਦੀ ਤਸਦੀਕ ਵੈਦ ਮੋਹਨ ਸਿੰਘ ਜੀ ਸਿੰਘ ਸਭਾ ਦੇ, ਅਕਾਲੀਆਂ ਦੇ ਆਗੂ ਲੀਡਰ, ਭੈਣੀ ਸਾਹਿਬ ਆਏ, ਜਿਸ ਵੇਲੇ ਸਰਬ ਸੰਪਰਦਾ ਕਾਨਫਰੰਸ ਹੋਈ। ਉੱਥੇ ਬਾਤ ਚੱਲ ਪਈ ਤੇ ਉਹਨਾਂ ਨੇ ਇਹ ਗੱਲ ਕਹੀ ਕਿ ਇਹ ਗੱਲ ਠੀਕ ਹੈ। ਕਹਿੱਣ ਲੱਗੇ—ਅਸੀਂ ਬੀੜਾਂ ਮਹਾਰਾਜ ਦੀਆਂ, ਆਦਿ ਦੀਆਂ ਛਪਵਾਈਆਂ ਹਿੰਦੀ ਵਿੱਚ ਕਿ ਹਿੰਦੂਆਂ ਲੋਕਾਂ 'ਚ ਪ੍ਰਚਾਰ ਹੋਵੇ। ਉਹਦੇ ਉੱਤੇ ਜਦੋਂ ਅਸੀਂ ਨੀਲੀ ਅਬਰੀ ਲਵਾਈ, ਤਾਂ ਨੀਲੀ ਅਬਰੀ ਦੇ ਬਾਬਤ ਸਾਨੂੰ ਪਤਾ ਲੱਗਾ, ਕਿ ਇਹਦਾ ਨੀਲੀ ਅਬਰੀ ਦਾ ਰੰਗ ਨਹੀਂ ਖੁੱਲ੍ਹਦਾ ਜਿੰਨ੍ਹਾ ਚਿਰ ਗਾਂ ਦੀ ਚਰਬੀ ਨਾ ਲੱਗੇ। ਫੇਰ ਅਸਾਂ ਉਹ ਨੀਲੀ ਅਬਰੀ ਲੁਹਾ ਕੇ ਮੁੜਕੇ ਜਿਲਦਾਂ ਬਨ੍ਹਵਾਈਆਂ। ਤਾਂ, ਨੀਲਾ ਪਹਿਨਣਾ, ਸਤਿਗੁਰਾਂ ਦੇ ਹੁਕਮ ਦੇ ਬਿਲਕੁਲ ਉਲਟ ਹੈ, ਔਰ ਸਤਿਗੁਰਾਂ ਨੇ ਲਾਇਆ ਹੈ—ਸਤਿਜੁਗ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ।

*ਕਲਜੁਗ ਤੇ ਸਤਿਜੁਗ ਕਰ ਠਾਨੋ।*
*ਤਬੀ ਬਾਹਰਵਾਂ ਬੱਪ ਪਹਿਚਾਨੋ।*

ਜੇ ਕੋਈ ਨੀਲਾ ਪਹਿਨੇ, ਜੇ ਕੋਈ ਨੀਲੇ ਦਾ ਉਪਦੇਸ਼ ਦਿੰਦਾ ਹੈ ਫਿਰ ਸਤਿਗੁਰਾਂ ਦੇ ਹੁਕਮ ਦੇ ਉਲਟ ਚਲਦਾ ਹੈ। ਇਹ ਆਪੋ ਆਪਣੇ ਧਿਆਨ ਰੱਖਣ ਦੀ ਤੁਹਾਨੂੰ ਲੋੜ ਹੈ। ਤਾਂ, ਸਫੈਦ ਬਸਤ੍ਰ ਵਛਾਇਆ— ਚਿੱਟਾ, ਸਤਿਗੁਰਾਂ ਦੇ ਜਾ ਕੇ ਬੈਠਣ ਵਾਸਤੇ ਪਲੰਘ ਦੇ ਉੱਤੇ।

ਦੂਸਰੀ ਚੀਜ਼ ਮੈਂ ਨਾਲ ਹੀ ਅਰਜ਼ ਕਰਾਂ। ਜਿਸ ਵੇਲੇ ਮੱਖਣ ਲੁਬਾਣੇ ਨੇ ਗੁਰੂ ਤੇਗ ਬਹਾਦਰ ਨੂੰ ਲੱਭ ਲਿਆ, ਧੀਰ ਮੱਲ ਨੇ ਗੁਰੂ ਤੇਗ ਬਹਾਦਰ ਜੀ ਉੱਤੇ ਗੋਲੀ ਚਲਾਈ—ਉਹ ਨਾ ਲੱਗੀ। ਸਾਹਿਬ ਤਾਂ ਸਦਾ ਹੀ ਅਨੰਦ ਰੂਪ ਹਨ। ਉਹ ਕਹਿੰਦੇ ਹਨ, ਵਾਹ ਮੱਲ ਜੀ ! ਵਾਹ ਮੱਲ ਜੀ !

ਵਾਹ ! ਮੱਲ ਜੀ—ਕਹਿ ਕੇ ਚਲੇ ਗਏ। ਸਿੱਖਾਂ ਨੂੰ ਪਤਾ ਲੱਗਾ। ਮੱਖਣ ਦੇ ਨਾਲ ਦੋ ਢਾਈ ਸੌ ਜੁਆਨ ਸੀ। ਉਹਨਾਂ ਨੇ ਜਾ ਕੇ ਧੀਰ ਮੱਲ ਦਾ ਡੇਰਾ ਲੁੱਟ ਲਿਆ, ਔਰ ਗ੍ਰੰਥ ਸਾਹਿਬ ਦੀ ਬੀੜ ਲੁੱਟ ਲਿਆਂਦੀ, ਨਾਲ ਹੀ ਲੈ ਆਏ। ਅਗਲੇ ਦਿਨ ਸੱਚੇ ਪਾਤਸ਼ਾਹ ਜੀ ਨੇ ਆਖਿਆ—ਏਥੇ ਝੇੜਾ ਛਿੜਦਾ ਹੈ। ਉੱਥੋਂ ਤੁਰ ਪਏ ਬਾਬੇ ਬਕਾਲਿਓਂ। ਬਿਆਸਾ ਦਰਿਆ ਪਾਰ ਜਿਸ ਵੇਲੇ ਲੱਗੇ ਕਰਨ, ਤੇ ਦੇਖਿਆ ਮਗਰ।

ਕਹਿਣ ਲੱਗੇ,''ਇਹ ਕੀ ਗੱਲ ?''

''ਇਹ ਬੀੜ ਮਹਾਰਾਜ ਦੀ ਲਿਆਂਦੀ।''

ਕਹਿਣ ਲੱਗੇ,''ਇਹ ਗੱਲ ਬੜੀ ਬੁਰੀ ਕੀਤੀ, ਤੁਸੀਂ ਨਹੀਂ ਸੀ ਇਹ ਲਿਆਉਣੀ ਉਹਦੇ ਕੋਲੋਂ।''

''ਫੇਰ ਹੁਣ ?''

ਅਖੇ,''ਬਿਆਸਾ ਦਰਿਆ ਵਿੱਚ ਅਮਾਨਤ ਧਰ ਦਿਓ। ਪਰ ਅਮਾਨਤ ਧਰ ਕੇ ਉਹਨੂੰ ਖਬਰ ਭੇਜ ਦਿਓ, ਬਈ ਅੱਠਾਂ ਪਹਿਰਾਂ ਤੋਂ ਅੰਦਰ-ਅੰਦਰ ਲੈ ਜਾਣ ਨਹੀਂ ਫਿਰ ਠੀਕ ਨਹੀਂ ਰਹਿਣਾ ਕੰਮ।''

ਸੁਨੇਹਾ ਭੇਜ ਦਿੱਤਾ, ਆਪ ਕਰਤਾਰ ਪੁਰ ਆ ਗਏ।

ਆਇਆ ਧੀਰ ਮੱਲ, ਲੱਗਿਆ ਆ ਕੇ ਬੀੜ ਨੂੰ ਕੱਢਣ। ਅਰਦਾਸਾ ਕਰਨ, ਚੁੱਭੀ ਮਾਰਨ ਕੱਖ ਨਾ ਬਣੇ। ਅੱਠਾਂ ਦਾ ਅਰਦਾਸਾ ਕਰਨ, ਮਾਲਕ ਦਾ—ਮੌਕੇ ਦੇ ਦਾ—ਨਾਂ ਨਾ ਲੈਣ ਗੁਰੂ ਤੇਗ ਬਹਾਦਰ ਦਾ। ਕਿਉਂ—ਨਾਨਕ ਤਾਂ ਉਸ ਜੋਤ ਵਿੱਚ—ਉਹਦੀ ਜੋਤ, ਨਾਨਕ ਦੀ ਜੋਤ, ਤਾਂ ਉਸ ਵੇਲੇ ਗੁਰੂ ਤੇਗ ਬਹਾਦਰ ਸੀ। ਇੱਕ ਸਿੱਖ ਸੀ, ਉਨ੍ਹੇ ਆਖਿਆ—ਗੁਰੂ ਦਾ ਨਾਂ ਲੈ, ਗੁਰੂ ਤੇਗ ਬਹਾਦਰ ਦਾ ਜੇ ਬੀੜ ਲੱਭ ਆਵੇ। ਜਦੋਂ ਪਹਿਲੀ ਵਾਰ ਚੁੱਭੀ ਮਾਰੀ ਤਾਂ ਹੱਥ ਲੱਗ ਗਿਆ, ਦੂਜੀ ਵੇਰ ਬੀੜ ਨਿਕਲ ਆਈ। ਮੈਂ ਅਰਜ਼ ਕਰਾਂ, ਬਹੁਤ ਸਾਰੇ ਸੱਜਣ ਜਿਨ੍ਹਾਂ ਨੂੰ ਕੁਦਰਤ ਨੇ ਏਸ ਗੇੜ ਵਿੱਚ ਪਾਇਆ ਹੋਇਆ ਹੈ, ਉਹ ਗੁਰੂ ਹਰੀ ਸਿੰਘ ਦਾ ਨਾਂ ਲੈਣ ਤੋਂ ਸੰਕੋਚ ਕਰਦੇ ਹਨ, ਔਰ ਗੁਪਤ ਗੁਪਤ ਤਰੀਕੇ ਨਾਲ ਲੋਕਾਂ ਨੂੰ ਇਹ ਗੱਲ ਕਹਿੰਦੇ ਹਨ ਕਿ ਉਹ ਗੁਰੂ ਨਹੀਂ ਹੋਇਆ। ਜੇ ਗੁਰੂ ਰਾਮ ਸਿੰਘ ਨੇ ਆਉਣਾ ਹੈ, ਤੇ ਗੁਰੂ

ਹਰੀ ਸਿੰਘ ਗੁਰੂ ਕਿਵੇਂ ਹੋ ਗਿਆ। ਮੈਂ ਅਰਜ਼ ਕਰਾਂ—ਜਿਹਨੂੰ ਅਸੀਂ ਸਤਿਗੁਰ ਕਹਿੰਦੇ ਹਾਂ, ਜੇ ਉਸ ਸਤਿਗੁਰ ਦਾ ਹੁਕਮ ਹੈ, ਕਿ ਮੈਂ ਏਸ ਦਾ ਨਾਂਓ ਅੱਜ ਤੋਂ ਹਰੀ ਸਿੰਘ ਰੱਖਿਆ, ਨਾਂਓ ਬਦਲਿਆ—ਲਹਿਣੇ ਤੋਂ ਅੰਗਦ ਬਣਾਇਆ ਤਾਂ ਕਿਉਂ ਫਰਕ ਰਿਹਾ। ਫੇਰ, ਪੜ੍ਹੋ ਵੱਡ ਤੀਰਥ ਦੀ ਸਾਖੀ, ਓਥੇ ਲਿਖਿਆ ਹੈ–

*ਦੋਨੋ ਭਈਆ ਏਕ ਸਰੂਪ ਜਿਓਂ ਭਾਸੇ,*
*ਸਤਿਗੁਰ ਆਪ ਮੁਖੋਂ ਪਰਗਾਸੇ।*
*ਜੱਗ ਮੈਂ ਪ੍ਰਗਟੇ ਦੋਨੋ ਭਈਆ,*
*ਮਹਾਂ ਪ੍ਰਕਾਸ਼ ਪ੍ਰਕਾਸ ਅਤੀਆ।*

ਔਰ ਇਹ ਬੀਮਾਰੀ ਹੈ। ਦੇਖੋ, ਮੈਂ ਅਰਜ਼ ਕੀਤੀ ਹੈ, ਕਲਜੁਗ ਧੱਕੇ ਮਾਰਦਾ ਹੈ—ਬਚੋ, ਆਪਣੇ ਆਪ ਨੂੰ ਸਾਂਭੋ, ਆਪਣਾ ਧਿਆਨ ਕਰੋ। ਕੋਈ ਆਦਮੀ ਤੁਹਾਨੂੰ ਹੌਲੀ-ਹੌਲੀ, ਹੌਲੀ-ਹੌਲੀ—ਪਹਿਲਾਂ ਪਤਾ ਨਹੀਂ ਤੁਹਾਨੂੰ ਲੱਗ ਸਕਦਾ—ਉਹ ਮਿੱਠੇ ਹੋ ਕੇ, ਇਹੋ ਜਿਹੀਆਂ ਗੱਲਾਂ ਕਰਦੇ ਹਨ। ਸਤਿਗੁਰ ਨਾਂ ਬਦਲਦੇ ਹਨ, ਔਰ ਕਹਿੰਦੇ ਨੇ,''ਇਸਨੂੰ ਸਿਰ ਕਰਤਾ ਜਾਨਣਾ, ਇਹ ਮੇਰੇ ਮਗਰੋਂ ਸਿੱਖੀ ਨੂੰ ਹਰੀ ਰੱਖੇਗਾ ਔਰ ਏਸ ਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾਂ, ਮੇਰੇ ਧੱਕੇ ਨੂੰ ਇਹ ਬਖਸ਼ ਲਏਗਾ।''

ਦੋ ਆਦਮੀ—ਇੱਕ ਭਾਈ ਵੀਰ ਸਿੰਘ ਜੀ ਸਿਆੜ ਵਾਲੇ, ਇੱਕ ਮਾਈ ਉੱਤਮੀ, ਭੁੱਲੀ ਜਿਹੜੀ ਗੁਰਦੁਆਰੇ ਰਹੀ। ਇਨ੍ਹਾਂ ਨੂੰ ਸਤਿਗੁਰਾਂ ਦਾ ਹੁਕਮ—ਬਾਹਰ ਕੱਢਿਆ ਹੋਇਆ ਸੀ। ਇਨ੍ਹਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਬਖਸ਼ ਕੇ ਸੰਗਤ ਦੇ ਵਿੱਚ ਰਲਾਇਆ। ਸਤਿਗੁਰਾਂ ਨੇ ਪ੍ਰਵਾਨਗੀ ਦਿੱਤੀ, ਇਨ੍ਹਾਂ ਗੱਲਾਂ ਨੂੰ। ਤਾਂ ਇਹ ਮੈਂ ਤੁਹਾਡੇ ਅੱਗੇ ਅਰਜ਼ ਕਰਨੀ ਸੀ, ਇਹ ਤੁਹਾਡੇ ਧਿਆਨ ਦੇਣ ਦੀ ਲੋੜ ਹੈ। ਸਾਰਿਆਂ ਲੋਕਾਂ ਨੂੰ—ਜਿਸ ਵੇਲੇ ਸ੍ਰੀ ਰਾਮ ਚੰਦ੍ਰ ਜੀ ਆਏ, ਲੰਕਾ ਤੋਂ ਵਾਪਸ—ਬਹੁਤ ਸਾਰੇ ਇਨਾਮ ਵੰਡੇ ਸਾਰਿਆਂ ਨੂੰ। ਦਸਮ ਪਾਤਸ਼ਾਹ ਲਿਖਦੇ ਨੇ–

**ਸੀਅ ਲੈ ਸੀਏਸ[੧] ਆਏ।।**
**ਮੰਗਲ ਸੁ ਚਾਰ ਗਾਏ।।**

**ਆਨੰਦ ਹੀਏ ਬਢਾਏ।।**
**ਸਹਰੋ ਅਵਧ[੮] ਜਹਾਂ ਰੇ।।**
**ਧਾਈ ਲੁਗਾਈ ਆਵੈ।।**
**ਭੀਰੋ[੯] ਨ ਬਾਰ[੧੦] ਪਾਵੈ।।**
**ਆਕਲ[੧੧] ਖਰੇ ਉਘਾਵੈ।।**
**ਭਾਖੈਂ ਢੌਲਨ[੧੨] ਕਹਾਂ ਰੇ।।**

*– ਦਸਮ ਗ੍ਰੰਥ, ਪੰਨਾ-੨੪੦*

**– ਸਰਵੋ[੧੩] ਸਹੀ[੧੪] ਚਮਨ[੧੫]ਰਾ[੧੬]।।**

*– ਦਸਮ ਗ੍ਰੰਥ, ਪੰਨਾ-੨੪੧*

ਹੁਣ ਏਥੇ ਅੱਖਰ ਵਿਗੜੇ ਹੋਏ ਹਨ, ਜਿਸਦਾ ਪਤਾ ਨਹੀਂ ਸੀ ਲੱਗਦਾ। ਭਾਈ ਕਾਨ੍ਹ ਸਿੰਘ ਹੁਰਾਂ ਵੀ ਏਦਾਂ ਹੀ ਅਰਥ ਕਰ ਦਿੱਤਾ।

**ਪਰਚੁਸਤ ਜਾਂ ਵਤਨ ਰਾ।।**

ਇਥੇ ਪਰਚੁਸਤ ਸ਼ਬਦ ਨਹੀਂ ਸੀ। ਏਥੇ ਸ਼ਬਦ ਸੀ—**ਬੁਰਦਸਤ ਜਾਂ ਵਤਨ ਰਾ।** ਜਿਹੜਾ ਮੇਰੀ ਜਾਨ ਨੂੰ ਵੀ, ਤਨ ਨੂੰ ਵੀ ਹਰ ਲੈਣ ਵਾਲਾ ਹੈ, ਬੁਰਦ ਕਰਨ ਵਾਲਾ।

**ਜਿਨ ਦਿਲ ਹਰਾ ਹਮਾਰਾ ਵਹ ਮਨ ਹਰਨ ਕਹਾਂ ਹੈ।।**

*– ਦਸਮ ਗ੍ਰੰਥ, ਪੰਨਾ-੨੪੨*

—ਲਏ ਇਨਾਮ। ਹਨੂਮਾਨ ਨੂੰ ਇੱਕ ਮਾਲਾ ਮਹਾਰਾਜ ਨੇ ਦਿੱਤੀ ਮਣੀਆਂ ਦੀ। ਹਨੂਮਾਨ ਦੇਖਦਾ ਹੈ ਮਾਲਾ ਨੂੰ, ਉੱਤੇ ਰਾਮ ਨਹੀਂ ਲਿਖਿਆ ਹੋਇਆ। ਦੰਦ ਹੇਠ ਦੇ ਕੇ ਭੰਨ ਦਿੰਦਾ ਹੈ ਮਣਕਾ, ਵਿੱਚ ਵੀ ਨਹੀਂ ਲਿਖਿਆ, ਸਿੱਟੀ ਜਾਂਦਾ ਹੈ। ਕੋਈ ਆਦਮੀ ਕੋਲ ਆ ਕੇ ਕਹਿੰਦਾ ਹੈ, ''ਓ ਬਾਂਦਰ ਹੀ ਰਿਹੋਂ ਨ, ਤੈਨੂੰ ਅਮੋਲਕ ਮਣੀਆਂ ਦੀ ਮਾਲਾ ਮਿਲੀ, ਤੂੰ ਇਹਨੂੰ ਭੰਨ-ਭੰਨ ਸਿੱਟੀ ਜਾਨਾ ਹੈਂ।''

ਉਹ ਕਹਿੰਦਾ ਹੈ—ਮੈਂ ਬਾਂਦਰ ਨਹੀਂ। ਕਹਿੰਦਾ ਹੈ-

**ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ[੧੭]।।**

*– ਕਾਨੜਾ ਮ:੪, ਪੰਨਾ-੧੩੧੮*

—ਫੁੱਟ ਜਾਣ ਉਹ ਅੱਖਾਂ ਜਿਹੜੀਆਂ ਦੂਸਰਾ ਦੇਖਦੀਆਂ ਹਨ, ਬਿਨਾਂ ਗੁਰੂ ਤੋਂ। ਕਹਿੰਦਾ ਹੈ—ਇਹਨਾਂ ਉੱਤੇ ਰਾਮ ਨਹੀਂ ਲਿਖਿਆ ਹੋਇਆ, ਜਿਹਦੇ ਉੱਤੇ ਰਾਮ ਨਹੀਂ ਉਹ ਮੇਰੇ ਕਿਸੇ ਕੰਮ ਨਹੀਂ।

ਕਹਿੰਦਾ—ਫਿਰ ਸਰੀਰ ਰੱਖਿਆ ਹੋਇਆ ਹੈ ?

ਐਸ ਤਰ੍ਹਾਂ ਤਸਵੀਰ ਬਣੀ ਹੋਈ ਹੈ, ਹਨੂੰਮਾਨ ਨੇ ਐਥੋਂ ਨਹੁੰਆ ਨਾਲ ਆਪਣੀ ਛਿੱਲ ਪਾੜ ਦਿੱਤੀ ਹੈ। ਖੱਲ ਉਲਟੀ ਹੋਈ ਹੈ, ਹਰ ਇੱਕ ਰੋਮ ਤੇ ਰਾਮ। ਕਹਿੰਦਾ,''ਜੇ ਏਹ ਨਾ ਹੋਵੇ ਤਾਂ ਮੈਂ ਇਹ ਦੇਹ ਵੀ ਰੱਖਣ ਨੂੰ ਨਹੀਂ ਤਿਆਰ।''

ਜਿਹੜੇ ਆਦਮੀ ਸਤਿਗੁਰੂ ਰਾਮ ਸਿੰਘ ਦਾ ਨਾਮ—ਜਿਹੜੇ ਗੁਰੂ ਹਰੀ ਸਿੰਘ ਦਾ ਨਾਮ—ਨਹੀਂ ਲੈਂਦੇ, ਫਿਰ ਜਿਹੜੇ ਲੋਕ ਉਹਨਾਂ ਨੂੰ ਨਾਮਧਾਰੀ ਪੰਥ ਵਿੱਚ ਸ਼ੁਮਾਰ ਕਰਕੇ ਵੱਡੇ ਜਾਣਦੇ ਹਨ—ਉਹ ਆਪ ਸਮਝ ਸਕਦੇ ਹਨ। ਮੈਂ ਏਦੂੰ ਜ਼ਿਆਦਾ ਹੋਰ ਤੁਹਾਨੂੰ ਕੁਛ ਨਹੀਂ ਕਹਿਣਾ। ਤੁਸੀਂ ਆਪਣੇ ਆਪ ਦਾ ਬਚਾਉ ਕਰੋ, ਅਪਣਾ ਕਰਿਆ ਕਰਾਇਆ ਨਾ ਗੁਆ ਲਇਓ।

ਹੁਣ ਅੱਜ ਏਥੇ ਸਿਆਮ ਵਾਲੇ ਬਾਦਸ਼ਾਹ ਦੀ, ਇਹਦੀ ਮੋਹਰ ਨਾ ਲੱਗੇ, ਪੁਰਾਣੇ ਦੀ ਮੋਹਰ ਨਾਲ ਕੋਈ ਚੀਜ਼ ਨਹੀਂ ਚੱਲਦੀ। ਅੱਜ ਅੰਗ੍ਰੇਜ਼ ਦੀ ਮੋਹਰ ਦਾ ਹਿੰਦੁਸਤਾਨ 'ਚ ਕੋਈ ਮੁੱਲ ਨਹੀਂ ਰਹਿ ਗਿਆ। ਅੱਜ ਮਹਾਰਾਜੇ ਰਣਜੀਤ ਸਿੰਘ ਦੀ ਮੋਹਰ ਨੂੰ ਕੋਈ ਨਹੀਂ ਪੁੱਛਦਾ। ਮੁਗਲਾਂ ਦੀ ਮੋਹਰ ਨੂੰ ਕੋਈ ਨਹੀਂ ਪੁੱਛਦਾ। ਅੱਜ ਹਿੰਦੁਸਤਾਨ ਦੀ ਮੋਹਰ ਲੱਗਦੀ ਹੈ।

ਇੱਕ ਪ੍ਰਸੰਗ ਯਾਦ ਆ ਗਿਐ।

ਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਥੋੜਾ ਚਿਰ ਪਹਿਲਾਂ ਇੱਕ ਸਿੰਘ ਨੂੰ ਦ੍ਰਿਸ਼ਟਾਂਤ ਹੋਇਆ। ਬਾਬੇ ਲਹਿਣਾ ਸਿੰਘ ਹੁਰੀਂ ਇੱਕ, ਭੈਣੀ ਸਾਹਿਬ ਜਿਨ੍ਹਾਂ ਨੇ ਅਕਾਲ ਬੁੰਗਾ ਸਤਿਗੁਰਾਂ ਦੇ ਰਹਿਣ ਵਾਲੀ ਜਗ੍ਹਾ ਬਣਾਈ, ਜਿਹੜੇ ਲਾਲ ਸਿੰਘ ਡਰਾਈਵਰ ਨੂੰ ਜਾਣਦੇ ਨੇ—ਉਹਦੇ ਦਾਦੇ ਸਨ ਓਹ। ਸਤਿਗੁਰਾਂ ਦੇ ਉਹ ਵਜ਼ੀਰ ਰਹੇ। ਸਤਿਗੁਰੂ ਰਾਮ ਸਿੰਘ ਦੇ ਨਾਲ ਹੀ ਉਹ ਰਹੇ। ਉਹਨਾਂ ਰਾਈਆਂ ਤੋਂ ਗਿਆ ਨੂੰ ਸਤਿਗੁਰਾਂ ਨੂੰ,

ਲਿਆ ਕੇ ਆਖਿਆ—ਤਿੰਨ ਜਗ੍ਹਾ ਹਨ, ਜਿਹੜੀ ਪਸੰਦ ਹੈ, ਉੱਥੇ ਡੇਰਾ ਲਾਓ। ਇਹ ਸਾਰੀ ਜਗ੍ਹਾ ਉਹਨਾਂ ਦੀ ਹੈ, ਜਿੱਥੇ ਸਤਿਗੁਰਾਂ ਦਾ ਮੰਦਰ ਬਣਿਆ ਹੈ, ਲੰਗਰ ਬਣਿਆ ਹੈ ਇਹ ਸਭ ਕੁਛ ਉਹਨਾਂ ਨੇ ਦਿੱਤਾ। ਜਿੱਥੇ ਅਕਾਲ ਬੁੰਗਾ ਹੈ—ਜਿਥੇ ਸੱਚੇ ਪਾਤਸ਼ਾਹ ਜੀ ਬੈਠ ਕੇ ਤਪ ਕਰਦੇ ਸੀ—ਇਹ ਜਗ੍ਹਾ ਦੇ ਵੱਟੇ, ਏਨੀ ਜ਼ਮੀਨ, ਚਾਰ ਵਿਘੇ ਕੱਚੇ ਦੇ ਕੇ ਕਿਸੇ ਨੂੰ, ਇਹ ਲੈ ਕੇ ਤੇ ਸਤਿਗੁਰਾਂ ਦੇ ਨਾਂ ਕਰਾ ਕੇ ਗਏ, ਤੇ ਇੱਥੇ ਅਕਾਲ ਬੁੰਗਾ ਬਣਵਾਇਆ। ਉਹਨਾਂ ਨੂੰ ਦਰਸ਼ਨ ਹੋਇਆ ਇੱਕ ਸਿੱਖ ਦਾ। ਉਹ ਮੱਥਾ ਲੱਗਾ ਉਹਨੂੰ ਟੇਕਣ। ਉਹ ਕਹਿੰਦੇ,''ਬਈ ਮੇਰੇ ਨਾਲ ਨਾ ਲੱਗੀਂ।''

ਕਹਿੰਦਾ,''ਕਿਉਂ ?''

ਕਹਿੰਦੇ,''ਅਸੀਂ ਸ਼ਹੀਦ ਸਿੰਘ ਹਾਂ; ਅਸੀਂ ਮਾਤ ਲੋਕ ਦੇ ਲੋਕਾਂ ਦੇ ਨਾਲ ਨਹੀਂ ਲੱਗਦੇ।''

ਉਨ੍ਹੇ ਆਖਿਆ,''ਫੇਰ ਸਾਡੀ ਅਰਜ਼ ਕਰੋ, ਅਸੀਂ ਬਖਸ਼ੇ ਕਿਵੇਂ ਜਾਵਾਂਗੇ।''

ਉਨ੍ਹਾਂ ਆਖਿਆ—ਗੁਰੂ ਹਰੀ ਸਿੰਘ ਜੀ ਦਾ ਨਾਂ ਲੈ ਕੇ—''ਇਹ ਗੁਰੂ ਹਰੀ ਸਿੰਘ ਜੀ ਦੇ ਇਖਤਿਆਰ ਹੈ, ਐਸ ਵੇਲੇ ਬਖਸ਼। ਏਨ੍ਹਾਂ ਤੋਂ ਬਿਨਾਂ, ਜਿਹਨੂੰ ਏਹ ਹੁਕਮ ਦੇਣਗੇ, ਉਹ ਬਖਸ਼ਿਆ ਜਾਊ।''

ਬਾਬੇ ਨਰਾਇਣ ਸਿੰਘ ਹੁਰੀਂ, ਗੁਰੂ ਹਰੀ ਸਿੰਘ ਜੀ ਕੋਲ ਰਹਿੰਦੇ ਸੀ। ਉਹਨਾਂ (ਸਤਿਗੁਰੂ ਹਰੀ ਸਿੰਘ ਜੀ) ਆਖਿਆ,''ਭਾਈ ਜਦੋਂ ਸਤਿਗੁਰ ਆਉਣਗੇ, ਅਸੀਂ ਤੁਹਾਡੇ ਥਾਂ ਅੱਗੇ ਖੜੇ ਹੋ ਜਾਵਾਂਗੇ। ਆਖਾਂਗੇ—ਸੱਚੇ ਪਾਤਸ਼ਾਹ ! ਇਹਨਾਂ ਦੇ ਥਾਂ ਦਾ ਜੋ ਕੁਛ ਕਰਨਾ ਹੈ ਉਹ ਸਾਨੂੰ ਹੀ ਕਰ ਲਓ। ਇਨ੍ਹਾਂ ਨੂੰ ਬਖਸ਼ੋ।''

ਸੋ ਇਹ ਚੀਜ਼, ਐਸ ਵੇਲੇ ਦਾ ਸਮਾਂ ਕਲਜੁਗ ਆਇਆ ਹੋਇਆ ਹੈ, ਧੱਕੇ ਮਾਰਦਾ ਹੈ। ਕਈਆਂ ਲੋਕਾਂ ਦੀ ਬੁੱਧ ਫਿਰ ਜਾਂਦੀ ਹੈ ਜਿਹੜੇ ਏਸ ਚੀਜ਼ ਨੂੰ ਛੱਡ ਜਾਂਦੇ ਹਨ। ਪੜ੍ਹੋ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

*ਕਰੀ ਥਾਪਨਾ ਜਾਸ ਕੀ ਮੌਹਿ ਜੋ ਅਪਨੇ ਹਾਥ।*

*ਤਿਸ ਕੀ ਸਮਸਰ ਜੋ ਕਰੈ ਜਲਿ ਜਾਵੈ ਕੁਲ ਸਾਤ।*

ਜਿਹਨੂੰ ਮੈਂ ਆਪਨੇ ਥਾਂ ਕਾਇਮ ਕੀਤਾ ਹੈ, ਕੋਈ ਅਗਰ ਉਹਦੀ ਬਰਾਬਰੀ ਕਰੇ ਤਾਂ ਉਸ ਦੀਆਂ ਸੱਤ ਕੁਲਾਂ ਜਲ ਜਾਣਗੀਆਂ। ਬਚੋ, ਧਿਆਨ ਰੱਖਿਓ, ਦੇਖੋ ਅਪਣਾ ਕਰਿਆ ਕਰਾਇਆ ਨਾ ਪਿਛਲਾ ਗੁਆ ਬੈਠਿਓ। ਸਾਧ-ਸੰਗਤ ਦੀ ਸੇਵਾ ਕਰੀ। ਕਲਜੁਗ ਅੱਜ ਧੱਕੇ ਮਾਰਦਾ ਹੈ। ਕੋਈ ਇਹ ਆਖਦਾ ਹੈ ਬਈ, ਸਤਿਗੁਰਾਂ ਆਉਣਾ ਹੈ, ਗੁਰੂ ਹਰੀ ਸਿੰਘ ਗੁਰੂ ਨਹੀਂ। ਦੇਖਿਓ, ਤੁਸੀਂ ਆਪਣੇ ਆਪਦਾ ਬਚਾਉ ਕਰਨੈ। ਅਰਦਾਸਾ ਤੁਹਾਡੇ ਸਾਹਮਣੇ ਨਹੀਂ ਕਰਦੇ ਬਾਰ੍ਹਾਂ ਪਾਤਸ਼ਾਹੀਆਂ ਦਾ, ਫੇਰ ਤੁਸੀਂ ਹੁਣ ....... ? ਮੈਂ ਹੋਰ ਏਦੂੰ ਜ਼ਿਆਦਾ ਕੁਛ ਨਹੀਂ ਕਹਿਣਾ। ਸਮਾਂ ਹੁਣ ਹੋ ਗਿਆ ਹੈ। ਅੱਜ ਅਸਾਂ ਛੇ ਵਜੇ ਤੋਂ ਸੱਤ ਵਜੇ ਤੱਕ ਨਿਤਨੇਮ ਕਰਨਾ ਹੈ, ਏਸ ਕਰਕੇ ਰਾਗੀਆਂ ਦਾ ਵੀ ਭੋਗ ਪਹਿਲੇ ਪੁਆ ਦਿੱਤਾ ਹੈ। ਉਹ ਕੱਲ੍ਹ ਜਿਹੜੇ ਮਹਾਤਮਾਂ ਏਥੇ ਆਏ ਸੀ, ਉਹਨਾਂ ਦਾ ਲੈਕਚਰ ਸੱਤ ਵਜੇ ਤੋਂ ਲੈ ਕੇ ਸਾਡੇ ਸੱਤ ਵਜੇ ਤੱਕ ਹੈ। ਮੈਂ ਵੀ ਉਹਦੇ ਵਿੱਚ ਦਸ-ਪੰਦਰਾਂ ਮਿੰਟ ਕੁਝ ਜਾਣਾ ਚਾਹੁਨਾਂ। ਛੇ ਵੱਜਣ ਵਾਲੇ ਹਨ, ਹੁਣ ਅਰਦਾਸ ਕਰਕੇ ਨਿਤਨੇਮ ਕਰਾਂਗੇ।

ਮੈਂ ਤੁਹਾਨੂੰ ਇਹ ਗੱਲ ਜਿਹੜੀ ਦੱਸੀ ਹੈ, ਇਹਨੂੰ ਯਾਦ ਰੱਖਣਾ, ਇਹਨੂੰ ਭੁੱਲ ਨਾ ਜਾਣਾ। ਸੌ ਗੁਨਾਹ ਆਦਮੀ ਤੋਂ ਹੀ ਜਾਏ ਪਰ ਜੇ ਸਤਿਗੁਰੂ ਤੋਂ ਸਿੱਖ ਬੇਮੁਖ ਨਾ ਹੋਵੇ ਤਾਂ ਫੇਰ ਬਖਸ਼ਿਆ ਜਾਂਦਾ ਹੈ। ਬੇਮੁਖੀ ਇੱਕ ਐਸੀ ਚੀਜ਼ ਹੈ, ਜਿਹੜਾ ਬੇਮੁਖ ਹੋ ਜਾਏ, ਉਹਦੇ ਵਾਸਤੇ ਕੋਈ ਥਾਂ ਨਹੀਂ। ਗੁਰੂ ਨਾਨਕ ਦੇਵ ਨੇ ਲਿਖਿਆ ਹੈ ਕਿ ਛੇ ਹੱਤਿਆਂ ਜਿਹੜੀਆਂ ਹਨ–

*ਖਟ ਹਤਿਆ ਕੇ ਤੁਲ ਹੈ,*
*ਜੇ ਗੁਰ ਤੇ ਸਿੱਖ ਫਿਰ ਜਾਇ।*

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਇੱਕ ਥਾਂ ਕਿ–

*ਸੀਹ ਸੌਹੇ ਜਾਣਾ ਭਲਾ ਨਾ ਤਿਸ ਬੇਮੁਖ ਸੌਹੇ ਜਾਇ।*

*– ਵਾਰ ੩੭, ਪਉੜੀ–੨੫*

ਜਿਹੜਾ ਪੁਰਸ਼ ਗੁਰੂ ਤੋਂ ਬੇਮੁਖ ਹੋ ਜਾਏ–ਸੀਹ ਦੇ ਸੌਹੇ ਚਲੇ ਜਾਓ, ਸ਼ੇਰ ਦੇ ਸਾਹਮਣੇ ਜਾਓ—ਪਰ ਉਹਦੇ ਸਾਹਮਣੇ ਨਾ ਜਾਓ, ਉਹਦੇ ਮੱਥੇ ਨਾ

ਲੱਗੇ। ਉਹ ਕਹਿੰਦੇ ਨੇ-

*ਤਿਸ ਡਿਠੇ ਨਿਗੁਰੇ ਸ਼ਰਮਾਇ।*

ਨਿਗੁਰੇ ਕਿਉਂ ਸ਼ਰਮਾਏ ਨੇ ? ਨਿਗੁਰਿਆਂ ਨੂੰ ਤੇ ਅਜੇ ਗੁਰੂ ਦਾ ਪਤਾ ਹੀ ਨਹੀਂ—ਜਿਹੜਾ ਜਾਣਕੇ ਗੁਰੂ ਤੋਂ ਭੁੱਲ ਜਾਏ-

**ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ।।**

*- ਮ:੪, ਪੰਨਾ-੩੦੮*

ਸਾਹਿਬਾਂ ਨੇ ਇੱਕ ਵਾਰ ਨਹੀਂ ਲਿਖਿਆ, ਬਹੁਤ ਵਾਰ ਲਿਖਿਆ ਹੈ। ਸੋ ਹੁਣ ਮੈਂ ਇਹ ਅਰਜ਼ ਕਰਕੇ ਸਮਾਪਤ ਕਰਦਾ ਹਾਂ। ਦੇਖੋ ਕੱਲ੍ਹ ਜੋ ਸਤਿਗੁਰਾਂ ਨੂੰ ਭਾਵੇ। ਜੇ ਕੋਈ ਸਮਾਂ ਮਿਲਿਆ, ਕੋਈ ਹੋਰ ਗੱਲ ਬਾਤ ਜਿਹੜੀ ਰਹਿੰਦੀ ਹੈ—ਕਥਾ, ਉਹ ਸਿੱਖ ਦੇ ਘਰ ਲੰਗਰ ਦੀ ਸਤਿਗੁਰ ਪੂਰੀ ਕਰਾ ਦੇਣ। ਪਰਸੋਂ ਨੂੰ ਸਵੇਰੇ ਫੇਰ, ਹੁਣ ਖੁਸ਼ੀਆਂ ਤੁਹਾਥੋਂ ਲੈਣੀਆਂ ਹਨ। ਸਮੇਂ ਦਾ ਕੋਈ ਪਤਾ ਨਹੀਂ। ਕੱਲ੍ਹ ਨੂੰ ਕੀ ਹੁੰਦਾ ਹੈ, ਪਰਸੋਂ ਨੂੰ ਕੀ ਹੁੰਦਾ ਹੈ। ਜਿਹੜੇ ਸਤਿਗੁਰੂ ਦੇ ਬਚਨ ਨਾਲ-

*ਚੰਚਲ ਚੀਤ ਨਾ ਜਾਇ ਤਮਾਸੇ।*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ,

*ਜੂਆ ਜਾਇ ਨ ਖੇਲੇ ਪਾਸੇ।*

*ਨਗਨ ਨਾਇਕਾ ਨਾਇ ਨਿਹਾਰੈ।*

ਮੇਰਾ ਕੁਛ ਨਹੀਂ ਤੁਸੀਂ ਵਿਗਾੜਦੇ, ਪਰ ਉੱਥੇ ਇਹੋ ਜਿਹੀ ਤਸਵੀਰਾਂ ਆਉਂਦੀਆਂ ਹਨ, ਜਦੋਂ ਤੁਸੀਂ ਜਾ ਕੇ ਵੇਖਦੇ ਹੋ ਨਹੰਙ[੧੮]—ਸਤਿਗੁਰੂ ਦਾ ਹੁਕਮ ਹੈ-

*ਨਗਨ ਨਾਇਕਾ ਨਾਇ ਨਿਹਾਰੇ।*

ਨੰਗੀ ਔਰਤ ਨੂੰ ਨਾ ਦੇਖੈ। ਤਾਂ, ਅੱਜ ਕੱਲ ਜ਼ਮਾਨੇ ਨੇ ਤਸਵੀਰਾਂ ਬਾਹਰ ਲਾਈਆਂ ਪਈਆਂ ਨੇ, ਅੰਦਰ ਖਵਰੇ ਕੀ ਹੁੰਦਾ ਹੋਵੇਗਾ। ਸਾਡੇ ਤੇ ਤੇ ਅਜੇ ਸਤਿਗੁਰਾਂ ਬਖਸ਼ਿਸ਼ ਕੀਤੀ ਹੈ। ਅਰਦਾਸ ਕਰਿਆ ਕਰੋ, ਕਿ ਕਲਜੁਗ ਦੀ ਹਨੇਰੀ ਚੜ੍ਹੀ ਹੋਈ ਹੈ, ਪਤਾ ਨਹੀਂ ਕੱਲ੍ਹ ਨੂੰ ਕੀ ਹੁੰਦਾ ਹੈ। ਸਮਾਂ ਦੇਖਣਾ, ਮੈਨੂੰ ਪੰਜ ਛੇ ਸਾਲ ਹੋ ਗਏ ਨੇ ਤੁਹਾਨੂੰ ਅਰਜ਼ ਕਰਦੇ ਨੂੰ

ਏਥੇ ਰਹਿਣਾ ਵੀ ਤੁਹਾਡਾ ਸ਼ਾਇਦ ਮੁਸ਼ਕਲ ਹੋ ਜਾਏ। ਬਚਣ ਦਾ ਇਲਾਜ ਬਿਨਾਂ ਨਾਮ ਤੋਂ, ਬਿਨਾਂ ਬਾਣੀ ਤੋਂ ਕੋਈ ਨਹੀਂ। ਸਤਿਗੁਰੂ, ਸਾਹਿਬ ਕਹਿੰਦੇ ਨੇ ਦੇਖੋ, ਕਿੰਨੀਆਂ ਸ਼ਾਖਾਂ ਦਿੱਤੀਆਂ ਹਨ। ਪ੍ਰਹਿਲਾਦ ਨੂੰ ਸਾਰੀ ਸ੍ਰਿਸ਼ਟੀ ਨਾ ਮਾਰ ਸਕੀ। ਭਾਈ ਸਿੱਖੋ ਜੇ ਤੁਸੀਂ ਗੁਰੂ ਦੇ ਸਿੱਖ ਹੋ, ਤਾਂ ਗੁਰੂ ਦੇ ਸਿੱਖਾਂ ਨੂੰ ਹੁਕਮ ਹੈ—ਬਾਣੀ ਪੜ੍ਹੋ। ਬਾਣੀ ਜੇ ਪੜ੍ਹੋਗੇ ਤਾਂ ਕੀ ਬਾਣੀ ਦੱਸੇਗੀ–

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

*– ਪੰਨਾ–੪*

ਜੇ ਸੁਖਮਨੀ ਸਾਹਿਬ ਪੜ੍ਹੋਗੇ ਤਾਂ ਉੱਥੇ ਆਊਗਾ–

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ।।**

*– ਗਉੜੀ ਮ:੫, ਪੰਨਾ–੨੬੨*

ਸਿਮਰਨ ਕਰੋ, ਯਾਦ ਕਰੋ। ਅਕਾਲ ਪੁਰਖ ਅੱਗੇ ਅਰਦਾਸ ਕਰੋ, ਕਿ ਸਮਾਂ ਭਿਆਨਕ ਆ ਰਿਹਾ ਹੈ, ਸਾਡੀ ਵਾਹ ਕੋਈ ਨਹੀਂ।

**ਜਿਨਾ ਭਾਗ ਮਥਾਹੜੈ[੧੯] ਤਿਨ ਉਸਤਾਦ[੨੦] ਪਨਾਹਿ[੨੧]।।**

*– ਡਖਣ ਮ:੫, ਪੰਨਾ–੧੦੯੬*

ਸਤਿਗੁਰੂ ਤੇਰੇ ਹੀ ਆਸਰੇ, ਤੇਰੀ ਹੀ ਕਿਰਪਾ ਨਾਲ, ਤੇਰੀ ਬਖਸ਼ਿਸ਼ ਨਾਲ ਅਸੀਂ ਬਚ ਸਕਦੇ ਹਾਂ। ਤੂੰ ਸਾਡੇ ਉੱਤੇ ਬਖਸ਼ਸ਼ ਕਰ, ਸਾਨੂੰ ਬੇਸਿਦਕੀ ਤੋਂ ਰੱਖ ਲੈ। ਬੇਸਿਦਕੀ ਜੈਸੀ ਚੀਜ਼ ਕੋਈ ਦੁਨੀਆਂ 'ਚ ਨਹੀਂ। ਤਾਂ, ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ। ਹੁਣ ਅਰਦਾਸ ਹੋਵੇਗੀ, ਅਰਦਾਸ ਬਾਅਦ ਨਿਤਨੇਮ। ਨਿਤਨੇਮ ਤੋਂ ਬਾਅਦ ਫੇਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਏਥੇ ਹੀ ਹੋਵੇਗਾ, ਚਾਰ ਸਾਢੇ ਚਾਰ ਦੇ ਦਰਮਿਆਨ। ਸਾਧ-ਸੰਗਤ ਕਿਰਪਾ ਕਰੇ। ਪੰਡਤ (ਗੋਪਾਲ ਸਿੰਘ) ਜੀ ਰਾਤ ਨੂੰ ਕਹਿੰਦੇ ਨੇ ਦੀਵਾਨ ਲਾਉਣਗੇ।

## ਸ਼ਬਦਾਰਥ

੧ ਕਾਠੀ।
੨ ਸ੍ਵਾਂਗ, ਦਿਖਾਵਾ, ਪਖੰਡ।
੩ ਕਰਾਮਾਤ।
੪ ਕਹਿਣਾ।
੫ ਚਿੱਟਾ ਬਾਣਾ।
੬ ਮੱਖੀ।
੭ ਸੀਆ ਪਤੀ ਰਾਮ ਚੰਦਰ ਜੀ।
੮ ਅਯੁੱਧਿਆ।
੯ ਭੀੜ।
੧੦ ਵਾਰੀ।
੧੧ ਬੇਚੈਨ, ਬੇਸਬਰੇ ਹੋਏ।
੧੨ ਪਿਆਰਾ, ਪ੍ਰੀਤਮ।
੧੩ ਸਰੂ।
੧੪ ਸਿੱਧਾ, ਇੰਨ ਬਿੰਨ।
੧੫ ਬਾਗ਼।
੧੬ ਦਾ।
੧੭ ਦੇਈਏ।
੧੮ ਇਹ ਥਾਈ ਸ਼ਬਦ ਹੈ—ਸਿਨੇਮਾ।
੧੯ ਮੱਥੇ ਦੇ।
੨੦ ਗੁਰੂ ਜੀ।
੨੧ ਆਸਰਾ, ਸ਼ਰਣ ਲਈ ਹੈ।

# ਬੰਕੋਕ ੧੯-੨-੧੯੫੪

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।**
**- ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ।।**
**ਪੁੰਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਸੁੰਦਰ ਪਲੰਘ ਸੇਤ ਬਿਸਤਰੇ।*
*ਗੁਰੂ ਰਾਮ ਸਿੰਘ ਜੀ ਤਹ ਥਿਰੇ।*
*ਮੈਂ ਭੀ ਸੰਗਤ ਪਹੁੰਚੀ ਜਾਈ।*
*ਤਿਆਰ ਭਈ ਤਤ ਛਿਨ ਸਰਦਾਈ।।੨੧।।*
*ਨਿਕਟੇ ਗ੍ਰਾਮਨ ਸੰਗਤ ਸਾਰੀ।*
*ਆਈ ਸੁਣ-ਸੁਣ ਉਮਡਤ ਪਿਆਰੀ।*
*ਦੇ ਦੇ ਭੇਟ ਗੁਰੂ ਪਗ ਬੰਦੇ।*
*ਸ੍ਰੀ ਪ੍ਰਭ ਪੂਛਾ ਸਰਬ ਅਨੰਦੇ।।੨੨।।*

*ਸੁੰਦਰ ਪਲੰਘ ਸੇਤ ਬਿਸਤਰੇ।*
*ਗੁਰੂ ਰਾਮ ਸਿੰਘ ਜੀ ਤਹ ਥਿਰੇ।*

ਕੱਲ੍ਹ ਦਾ ਪ੍ਰਸੰਗ ਸੀ, ਬਈ ਸਤਿਗੁਰੂ ਇੱਕ ਸਿੰਘ ਦੇ ਨਗਰ ਗਏ। ਚਿੱਟਾ ਬਿਸਤਰਾ ਜਿੱਥੇ ਵਿਛਾਇਆ ਉਹਨਾਂ ਨੇ, ਸਤਿਗੁਰੂ ਜਾ ਕੇ

ਬਿਰਾਜੇ ਉੱਥੇ।

*ਮੈਂ ਭੀ ਸੰਗਤ ਪਹੁੰਚੀ ਜਾਈ।*

ਕਹਿੰਦੇ ਨੇ—ਮੈਂ ਭੀ ਸੰਗਤ ਦੇ ਸਹਿਤ ਉੱਥੇ ਜਾ ਪਹੁੰਚਿਆ।

*ਤਿਆਰ ਭਈ ਤਤ ਛਿਨ ਸਰਦਾਈ।।੨੧।।*

ਉੱਥੇ ਗਿਆਂ ਤੋਂ ਸਰਦਾਈ ਤਿਆਰ ਹੋ ਗਈ।

*ਨਿਕਟੇ ਗ੍ਰਾਮਨ ਸੰਗਤ ਸਾਰੀ।*

ਨੇੜੇ ਦੇ ਪਿੰਡਾਂ ਦੀ ਸੰਗਤ ਸਾਰੀ—

*ਆਈ ਸੁਣ-ਸੁਣ ਉਮਡਤ ਪਿਆਰੀ।*

—ਆਈ ਸੰਗਤ ਬੜੀ ਨੇੜੇ-ਨੇੜੇ ਦੇ ਨਗਰਾਂ ਦੀ।

*ਦੇ ਦੇ ਭੇਟ ਗੁਰੂ ਪਗ ਬੰਦੇ।*

ਨਮਸਕਾਰ ਕਰਦੇ ਹਨ, ਭੇਟਾ ਚੜ੍ਹਾਉਂਦੇ ਹਨ, ਸਤਿਗੁਰਾਂ ਦੇ ਚਰਨਾਂ ਵਿੱਚ।

*ਸ੍ਰੀ ਪ੍ਰਭ ਪੂਛ ਸਰਬ ਅਨੰਦੇ।।੨੨।।*

ਸਤਿਗੁਰੂ ਜੀ ਸਭ ਨੂੰ ਅਨੰਦ ਖੁਸ਼ੀ ਪੁੱਛਦੇ ਹਨ।

*ਦਯਾ ਆਪ ਕੀ ਦੀਨ ਦਯਾਲ।*

ਅਗੋਂ ਸਿੱਖ ਕਹਿੰਦੇ ਹਨ—ਸੱਚੇ ਪਾਤਸ਼ਾਹ, ਆਪਦੀ ਦਇਆ ਹੈ।

*ਛਕੀ ਦੇਗ ਭਏ ਲਾਲੋ ਲਾਲ।*

ਜਲ ਪਾਣੀ ਛਕਿਆ, ਸੰਗਤਾਂ ਲਾਲੋ ਲਾਲ ਕਿਉਂਕਿ-

**ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ।।**

*– ਬਿਲਾਵਲ ਮ:੫, ਪੰਨਾ-੮੦੮*

ਜਿਨ੍ਹਾਂ ਨੂੰ ਸਤਿਗੁਰਾਂ ਦੇ ਦਰਸ਼ਨ ਹੋਏ, ਨਾਮ ਜਿਨ੍ਹਾਂ ਨੇ ਜਪਿਆ—ਏਦੂੰ ਹੋਰ ਲਾਲੋ ਲਾਲੀ ਕੀ ਹੋਣੀ ਹੈ।

*ਇਕਤ੍ਰ ਭਏ ਬਹੁਤ ਨਰ ਨਾਰੀ।*

ਬਹੁਤ ਸਾਰੇ ਇਸਤ੍ਰੀਆਂ ਪੁਰਸ਼ ਇਕੱਠੇ ਹੋਏ।

*ਗੁਰ ਢਿਗ[1] ਹੋਈ ਭੀਰ ਤਹਿ ਭਾਰੀ।।੨੩।।*

ਬੜੀ ਭੀੜ ਹੋਈ ਮਹਾਰਾਜ ਸਤਿਗੁਰੂ ਰਾਮ ਸਿੰਘ ਜੀ ਦੇ ਪਾਸ।

*ਲਗੇ ਲਾਂਗਰੀ ਲੰਗਰ ਸੇਵਾ।*

ਲਾਂਗਰੀ ਲੱਗੇ ਹਨ ਲੰਗਰ ਦੀ ਸੇਵਾ ਕਰਨ।

*ਦੋਇ ਸਿੰਘ ਪੰਚਾਮ੍ਰਿਤ ਜੇਵਾ।*

ਦੋ ਸਿੰਘ ਕੜਾਹ ਪ੍ਰਸਾਦ ਕਰਦੇ ਹਨ।

*ਸਬਦਨ ਕੋ ਰੰਗ ਲਾਗਤ ਭਯੋ।*

ਲੱਗਿਆ ਰੰਗ ਸਬਦ ਦਾ, ਸਬਦ ਲੱਗੇ ਸਿੰਘ ਪੜ੍ਹਨ।

*ਪੰਚਾਮ੍ਰਿਤ[2] ਆਦਿ ਬਨ ਗਯੋ।।੨੪।।*

ਸ਼ਬਦ ਦਾ ਰੰਗ ਲੱਗਿਆ, ਸਿੰਘ ਲੱਗੇ ਸਬਦ ਪੜ੍ਹਨ। ਸਾਡੇ ਜਿੰਨੇ ਕ੍ਹਾਲੇ ਨਹੀਂ ਸਨ ਉਹ ਸਬਦ ਪੜ੍ਹਦੇ। ਉਹ ਬਿਲਕੁਲ ਬਹੁਤ ਟਿਕਾਅ ਨਾਲ ਸ਼ਬਦ ਪੜ੍ਹਦੇ ਸੀ।

**ਦਰਸਨੁ ਦੇਖਿ ਜੀਵਾ ਗੁਰ ਤੇਰਾ।।**★[1]
**ਦਰਸਨ ਦੇਖਿ ਜੀਵਾ ਗੁਰ ਤੇਰਾ।।**
**ਪੂਰਨ ਕਰਮੁ ਹੋਇ ਪ੍ਰਭ ਮੇਰਾ।।**
**ਦਰਸਨ ਦੇਖਿ ਜੀਵਾ ਗੁਰ ਤੇਰਾ।।**

*– ਸੂਹੀ ਮਃ੫, ਪੰਨਾ-੭੪੨*

ਇਸ ਤਰ੍ਹਾਂ ਰੰਗ ਲੱਗਿਆ ਸ਼ਬਦ ਦਾ। ਜਿਸ ਤਰ੍ਹਾਂ ਮੱਠੀ-ਮੱਠੀ-ਮੱਠੀ ਬਾਰਸ਼ ਪਵੇ, ਉਹ ਸਭ ਕਣੀ, ਵਿੱਚੇ ਹੀ ਜ਼ਮੀਨ ਦੇ ਸਮਾਉਂਦੀ ਜਾਂਦੀ ਹੈ। ਉਹ ਧਰਤੀ ਨੂੰ ਬਹੁਤ ਫਾਇਦਾ ਪਹੁੰਚਾਉਂਦੀ ਹੈ। ਕਹਿੰਦੇ—ਇਸ ਤਰ੍ਹਾਂ ਸ਼ਬਦ ਪੜ੍ਹਦੇ ਹਨ, ਰੰਗ ਲੱਗਾ ਹੋਇਆ ਹੈ।

*ਪ੍ਰੇਮੀ ਸਿੰਘ ਸਬਦ ਗੁਰ ਗਾਵਨ।*

ਪ੍ਰੇਮੀ ਸਿੰਘ ਪੜ੍ਹਦੇ ਹਨ ਸ਼ਬਦ ਸਤਿਗੁਰਾਂ ਦਾ।

*ਸਾਵਨ ਜਿਵ ਲਾਗੇ ਬਰਸਾਵਨ।*

ਜਿਸ ਤਰ੍ਹਾਂ ਸਉਣ ਦੀ ਬਾਰਸ਼ ਹੁੰਦੀ ਹੈ, ਇਸ ਤਰ੍ਹਾਂ ਬਰਖਾ ਸ਼ਬਦ ਦੀ। ਭਾਈ ਕਾਲ੍ਹਾ ਸਿੰਘ ਜੀ ਨੇ ਲਿਖਿਆ ਹੈ–

*ਤੇਰੀ ਸਿੱਖੀ ਹੈ ਨਿਧੜਕ,*
*ਵੱਡੀ ਨਾਮ ਰੂਪੀ ਸੜਕ,*

*ਪੈਂਦੀ ਬਰਖਾ ਵਾਂਗੂ ਧਮਕ,*
*ਜਿੱਥੇ ਸ਼ਬਦ ਮਿਲ ਗਾਂਵਦਾ।*
*ਬਾਣੀ ਸ੍ਰੀ ਗੁਰੂ ਨਾਨਕ ਜੀ ਕੀ।*

ਗੁਰੂ ਨਾਨਕ ਦੇਵ ਮਹਾਰਾਜ ਦੀ ਬਾਣੀ।

*ਬੇਦ ਤੱਤ ਰਸ ਭਰੀ ਅਮੀ[੩] ਕੀ।।੨੫।।*

ਜਿਹਦੇ ਵਿੱਚ ਬੇਦਾਂ ਦਾ ਤੱਤ ਕੱਢਿਆ ਹੋਇਆ ਹੈ, ਅੰਮ੍ਰਿਤ ਰਸ ਦੀ ਭਰੀ ਹੋਈ ਬਾਣੀ।

*ਕਵੀ ਵਾਰ ਹੈ ਲਖ ਲਖ ਬੇਰਾ।*

ਕਵੀ ਜੀ ਕਹਿੰਦੇ ਹਨ—ਮੈਂ ਲੱਖ ਵੇਰਾਂ ਬਲਿਹਾਰ, ਵਾਰਨੇ, ਜਾਂਦਾ ਹਾਂ।

*ਦਾਸਨ ਕੇ ਦਾਸਨ ਕੋ ਚੇਰਾ।*

ਮੈਂ ਸਤਿਗੁਰੂ ਦੇ ਦਾਸਾਂ ਦੇ ਦਾਸਾਂ ਦਾ ਵੀ ਦਾਸ ਹਾਂ।

*ਏਕ ਬਾਰ ਗੁਰ ਨਾਨਕ ਕਹੇ।*

ਜੇ ਇੱਕ ਵੇਰ ਗੁਰੂ ਨਾਨਕ ਦਾ ਨਾਮ ਲਿਆ ਜਾਏ।

*ਕੋਟ ਪਾਪ ਤਿਨ ਤਨ ਕੇ ਦਹੇ।।੨੬।।*

ਕਰੋੜਾਂ ਪਾਪ ਉਸਦੇ ਤਨ ਦੇ ਦੂਰ ਹੁੰਦੇ ਹਨ ਜਿਹੜੇ ਗੁਰੂ ਨਾਨਕ ਦਾ ਨਾਮ ਲੈਂਦੇ ਹਨ।

*ਐਸੀ ਸ੍ਰੀ ਸਤਿਗੁਰੂ ਕੀ ਬਾਨੀ।*

ਐਸੀ ਜੋ ਬਾਣੀ ਹੈ ਗੁਰੂ ਕੀ,

*ਸਾਦਰ ਸਿਦਕ ਪੜੇ ਮਨ ਮਾਨੀ।*

ਪਰ ਇਉਂ ਨਹੀਂ ਪੜ੍ਹੇ—ਮੈਨੂੰ ਪੈਸੇ ਮਿਲਣ—ਮੈਨੂੰ ਲੋਕ ਕਹਿਣ ਬੜੀ ਚੰਗੀ ਬਾਣੀ ਪੜ੍ਹਦਾ ਹੈ—ਆਦਰ ਦੇ ਨਾਲ, ਪਿਆਰ ਦੇ ਨਾਲ, ਸਿਦਕ ਰੱਖ ਕੇ ਪੜ੍ਹੇ।

*ਤਾਕੋ ਹੋਇ ਨ ਕਾਨ ਜਮਾਨੀ[੪]।*

ਉਸ ਨੂੰ ਫਿਰ ਜਮਾਂ ਦੀ ਕਾਣ ਨਹੀਂ ਹੁੰਦੀ।

*ਛੂਟ ਜਾਇ ਦੁਖ ਆਵਨ ਜਾਨੀ।।੨੭।।*

ਆਉਣ ਜਾਣ ਦਾ ਦੁੱਖ ਉਸ ਦਾ ਮਿਟ ਜਾਂਦਾ ਹੈ।

*ਤਿਸ ਬਾਣੀ ਕੀ ਬਰਖਾ ਲਾਗੀ।*

ਉਸ ਬਾਣੀ ਦੀ ਬਰਖਾ ਲੱਗੀ ਹੋਈ ਹੈ।

*ਖਿਰੇ ਬੀਚ ਸਤਿਗੁਰ ਰਸ ਪਾਗੀ।*

ਸਤਿਗੁਰੂ ਜੀ ਜੋ ਰਸ ਦੇ ਦੇਣ ਵਾਲੇ ਹਨ, ਵਿੱਚ ਬਿਰਾਜ ਮਾਣ ਹਨ।

*ਮਸਤਾਨੇ ਵੈਰਾਗੀ ਜਾਚਤ[5]।*

ਮਸਤ ਸਿੱਖ—ਇੱਕ ਸਿੱਖ ਵੈਰਾਗੀ ਜਿਹੜੇ ਦਰਸ਼ਨ ਕਰ ਕੇ ਵੈਰਾਗੀ ਹੋਏ ਹੋਏ ਹਨ।

ਜਿਹੜੇ ਸੁਣ ਸੁਣ ਹੋਣ *ਵਿਰਾਗੀ,*
*ਜਿਨ੍ਹਾਂ ਨੂੰ ਚੋਟ ਸ਼ਬਦ ਦੀ ਲਾਗੀ।*
*ਸਨਮੁਖ ਨਿਰਭੈ ਗੁਰ ਕੇ ਨਾਚਤ।।੨੮।।*

ਗੁਰੂ ਦੇ ਸਾਹਮਣੇ ਨਿਰਭੈ ਹੋ ਕੇ ਉਹ ਨੱਚ ਰਹੇ ਹਨ।

*ਢੋਲਕ ਛੈਣੇ ਅਨਹਦ ਬਾਜੈ।*
*ਮੋਰ ਬਬੀਹੇ ਖੁਸ਼ ਘਨ[6] ਗਾਜੈ।*
*ਸਭ ਧਰ ਪਰ ਹਰੀਆਵਲ ਹੋਈ।*
*ਕੋਰੀ ਝੁਰੇ ਜਵਾਹਾਂ ਰੋਈ।।੨੯।।*
*ਸੂਰ ਉਦੇ ਜਗ ਕਾਰਜ ਸਾਧੇ।*
*ਚਮਗਾਦੜ ਉਲੂ ਹੋਇ ਆਂਧੇ।*
*ਤਿਵ ਰਵਿ ਪੰਥ ਗੁਰੂ ਕੋ ਨਿਆਰਾ।*
*ਦੁਸ਼ਟ ਦੋਖੀਅਨ ਕੋ ਅੰਧਿਆਰਾ।।੩੦।।*
*ਦੇਖ ਬਿਸੂਰਤ[7] ਹੋਵੈ ਸੋਈ।*
*ਬਾਣੀ ਕੀ ਜਿਨ ਸਮਝ ਨ ਹੋਈ*
*ਅੰਮ੍ਰਿਤ ਰਸ ਜਿਨ ਕੋ ਹੈ ਆਇਓ।*
*ਸੁਖੀ ਹੋਇ ਤਿਨ ਸਮਾ ਬਿਤਾਇਓ।।੩੧।।*
*ਇਸ ਬਿਧਿ ਸੁੰਦਰ ਲਗਾ ਦੀਵਾਨ।*

ਇਸ ਤਰ੍ਹਾਂ ਦੀਵਾਨ ਬੜਾ ਸੁੰਦਰ ਲੱਗਾ ਹੋਇਆ ਹੈ।

*ਪੰਚਾਮ੍ਰਿਤ ਤਿਆਰ ਸੁਣ ਕਾਨ।*

ਸੁਣਿਆ, ਬਈ ਕੜਾਹ ਪ੍ਰਸਾਦ ਤਿਆਰ ਹੋਇਆ ਹੋਇਆ ਹੈ।

*ਲੀਪ ਥਾਇ ਚੌਕੀ ਡਸਵਾਇ।*

ਥਾਂ ਲਿਪਿਆ, ਲੇਪਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

*ਕੜਾਹ ਕਰਨ ਕੀ ਬਿਧਿ ਸੁਣ ਲੀਜੈ।*

ਕਰਨ ਵੇਲੇ ਵੀ-

*ਲੇਪਨ ਆਗੇ ਬਹੁਕਰ ਦੀਜੈ।*

ਪਹਿਲਾਂ ਲੇਪਣ ਨਹੀਂ ਨ ਦੇਣ ਲੱਗ ਪਈਏ, ਪਹਿਲਾਂ ਬਹੁਕਰ ਦੇ ਕੇ ਜੇ ਵਿੱਠਾਂ ਹੋਣ ਤਾਂ ਲਾਂਭੇ ਕਰ ਲਈਏ, ਵਿੱਠਾਂ ਨਾ ਵਿੱਚੇ ਹੀ ਲੇਪਣ ਦੇ ਲਿੰਬ ਦੇਈਏ।

*ਫੇਰ, ਮਾਂਜਨ ਕਰ ਭਾਂਜਨ ਧੋਵੀਜੈ।*

ਮਾਂਜ ਕਰਕੇ ਭਾਂਡੇ ਫੇਰ ਧੋਵੋ, ਫਿਰ,

*ਕਰ ਇਸਨਾਨ ਪਵਿਤਰ ਹੋਏ ਬਹੈ।*

ਇਸਨਾਨ ਕਰਕੇ ਪਵਿਤਰ ਹੋ ਕੇ ਬੈਠੇ, ਤੇ-

*ਚਾਰ ਅਖਰ (ਵਾਹਿਗੁਰੂ) ਬਿਨ ਅਵਰ ਨਾ ਕਹੈ।*

ਚਾਰ ਅੱਖਰ ਦਾ ਜਾਪ ਕਰੇ ਕੜਾਹ ਪ੍ਰਸਾਦ ਕਰਨ ਵੇਲੇ। ਫੇਰ ਚਾਸ ਬਣਾਉਣ ਵੇਲੇ ਖੰਡ ਉਂਝ ਹੀ ਨਾ ਸੁੱਟ ਦੇਵੇ ਕੜਾਹੀ ਵਿੱਚ, ਖੰਡ ਨੂੰ, ਸਰਬਤ ਨੂੰ ਘੋਲ ਕੇ, ਪੁਣ ਕੇ, ਕੜਾਹੀ ਵਿੱਚ ਪਾਵੇ ਚਾਸ ਬਣਾਉਣ ਵਾਸਤੇ, ਫੇਰ ਕੜਾਹ ਪ੍ਰਸਾਦ ਕਰੇ। ਫੇਰ ਗੁਰੂ ਦੇ ਵੱਲ ਧਿਆਨ ਕਰੇ ਤਾਂ ਕਿਉਂ ਨਾ ਭੋਗ ਲੱਗੇ। ਕੜਾਹ ਪ੍ਰਸਾਦ ਤਿਆਰ ਕੀਤਾ, ਥਾਂ ਬਣਾਇਆ, ਸੁੱਚਾ ਚੌਂਕਾ ਦਿੱਤਾ।

*ਸਬਦ ਪੜਤ ਜਲ ਛਿਰਕਤ ਲਿਆਇ।।੩੨।।*

ਸ਼ਬਦ ਪੜ੍ਹਦੇ ਹੋਏ, ਜਲ ਛਿੜਕਦੇ ਕੜਾਹ ਪ੍ਰਸਾਦ ਸਿੱਖ ਲੈ ਕੇ ਆਏ।

*ਦੇਖ ਉਠੀ ਤਬ ਸੰਗਤ ਸਾਰੀ।*

ਸਾਰੀ ਸੰਗਤ ਦੇਖ ਕਰ ਕੇ ਉੱਠ ਖਲੋਤੀ।

*ਬੋਲ ਜੈਕਾਰਾ ਰੀਤ ਸਵਾਰੀ।*

ਜੈਕਾਰਾ ਬੁਲਾਇਆ, ਇਹ ਰੀਤ ਜੋ ਸਤਿਗੁਰਾਂ ਦੀ ਬਣਾਈ ਸੀ ਉਸ ਨੂੰ ਪੂਰਨ ਕੀਤਾ।

*ਗ੍ਰੰਥ ਸਾਹਿਬ ਢਿਗ ਰਖ ਪਰਸਾਦ।*

ਗ੍ਰੰਥ ਸਾਹਿਬ ਦੇ ਪਾਸ ਕੜਾਹ ਪ੍ਰਸਾਦ ਰੱਖਿਆ।

*ਪਾਇਓ ਭੋਗ ਸਹਿਤ ਮਰਯਾਦ।।੩੩।।*

ਮਰਯਾਦਾ ਨਾਲ ਭੋਗ ਪਾਇਆ। ਹੁਣ ਮਰਯਾਦਾ ਦੀ ਗੱਲ—ਭੋਗ ਪਾ ਕੇ ਪੰਜ ਪਉੜੇ ਜਪੁ ਸਾਹਿਬ ਦੇ, ਪੰਜ ਪਉੜੇ ਅਨੰਦ ਦੇ ਪੜ੍ਹਨੇ। ਪਰ ਨਾਲ ਇੱਕ ਇਹ ਭੀ ਗੱਲ ਹੈ, ਹੁਣ ਸਾਡਾ ਕੰਮ ਬਹੁਤਾ ਵਧਣ ਕਰ ਕੇ ਅਸੀਂ ਭੁੱਲ ਜਾਨੇ ਹਾਂ। ਜਿਸ ਵੇਲੇ ਆ ਜਾਏ ਨ—

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ।।**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ।।**

*– ਪੰਨਾ-੧੪੨੯*

—ਮੇਲਿਆਂ ਵੱਡਿਆਂ 'ਚ ਹੁਕਮ ਹੋ ਜਾਂਦਾ ਹੈ ਕਿ ਹਜਾਰਿਆਂ ਸ਼ਬਦਾਂ ਦਾ ਪਾਠ ਕਰੋ, ਤਾਂ ਕਿ ਇੱਕ ਇੱਕ ਪਾਠ ਇੱਕ ਇੱਕ ਭੋਗ ਨਾਲ ਹਜਾਰਿਆਂ ਸ਼ਬਦਾਂ ਦਾ ਹੋਣਾ ਚਾਹੀਦੈ। ਇਹ ਮਰਯਾਦਾ ਹੈ। ਮਰਯਾਦਾ ਦੇ ਨਾਲ ਭੋਗ ਪਾਇਆ।

*ਲਗਾ ਭੋਗ ਮਹਿ ਮੀਂਹ ਬਰਸਾਵਣ।*

ਭੋਗ ਦੇ ਵਿੱਚ ਲੱਗੀ ਬਾਰਸ਼ ਹੋਣ।

*ਕਰੀ ਖਾਲਸੇ ਅਰਜ਼ ਸੁਣਾਵਣ।*

ਖਾਲਸੇ ਨੇ ਅਰਜ਼ ਕੀਤੀ।

*ਚੰਦੋਏ ਪਰ ਸੇ ਗਿਰ ਪਾਣੀ।*

ਹੇ ਮਹਾਰਾਜ ! ਚੰਦੋਏ ਉੱਤੋਂ ਪਾਣੀ ਡਿੱਗ ਕੇ-

*ਜਾਵੇ ਭੀਗ ਬੀੜ ਗੁਰਬਾਣੀ।।੩੪।।*

ਬਾਣੀ ਦੀ ਬੀੜ ਭਿੱਜ ਜਾਏਗੀ ਜੇ ਬਾਰਸ਼ ਹੁੰਦੀ ਰਹੀ।

*ਅਬ ਕਿਆ ਕੀਜੈ ਰਾਜਨ ਰਾਇ।*

ਹੇ ਰਾਜਿਆਂ ਦੇ ਰਾਜੇ ! ਹੇ ਸੱਚੇ ਪਾਤਸ਼ਾਹ ! ਹੇ ਅਕਾਲ ਪੁਰਖ !

*ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾ ਪਾਤਸਾਹੁ ਜੁਹਾਰੀ।*

ਸਤਿਗੁਰ ਸੱਚਾ ਪਾਤਸ਼ਾਹ ਹੈ, ਪਾਤਸ਼ਾਹਾ ਦੇ ਪਾਤਸ਼ਾਹ ਭੀ ਜਿਸ ਨੌਂ ਜੁਹਾਰ ਕਰਦੇ ਹਨ—ਨਿਮਸ਼ਕਾਰ।

*ਅਬ ਕਿਆ ਕੀਜੈ ਰਾਜਨ ਰਾਇ।*

*ਗੁਰੂ ਰਾਮ ਸਿੰਘ ਕਹੇ ਅਲਾਇ।*

ਸਤਿਗੁਰੂ ਜੀ ਕਹਿੰਦੇ ਹਨ-

*ਚਾਦਰ ਅਵਰ ਊਪਰੇ ਤਾਣੋ।*

ਹੋਰ ਚਾਦਰ ਇਹਦੇ ਉੱਤੋਂ ਦੀ ਤਾਣ ਲਓ।

*ਅਦਬ ਕਰੋ ਗੁਰ ਹੁਕਮ ਪਛਾਣੋ।।੩੫।।*

## ਨਾਮ ਬਾਣੀ ਦੀ ਮਹਿਮਾ

ਗੁਰੂ ਕਾ ਹੁਕਮ ਜਾਣੋ। ਬਾਣੀ ਗੁਰੂ ਕਾ ਹੁਕਮ ਹੈ। ਜੋ ਗੁਰੂ ਨੇ ਹੁਕਮ ਦਿੱਤਾ ਹੈ ਉਹ ਸਾਡਾ ਮੰਨਣਾ ਫਰਜ਼ ਹੈ। ਉਸ ਨੂੰ ਹੁਕਮ ਸਮਝਕੇ ਉਸਦਾ ਆਦਰ ਕਰੋ। ਹੋਰ ਚਾਦਰ ਉੱਤੋਂ ਦੀ ਪਾਓ ਦੂਸਰੀ।

*ਅਦਬ ਯਾਹਿ ਕਾ ਜੋ ਜੋ ਕਰ ਹੈ।*

ਜਿਹੜੇ ਇਸ ਦਾ ਅਦਬ ਕਰਨਗੇ।

*ਤਾਕੋ ਜਮ ਦੂਤਨ ਕਿਆ ਡਰ ਹੈ।*

ਜਮਦੂਤਾਂ ਦਾ ਡਰ ਨਹੀਂ। ਅਦਬ ਕਿਸ ਤਰ੍ਹਾਂ ਹੈ—ਨਿਰਾ ਮੱਥਾ ਟੇਕ ਕੇ ਅਦਬ ਨਹੀਂ ਹੋ ਜਾਂਦਾ—ਬਹੁਤ ਰੁਮਾਲ ਦੇਣ ਨਾਲ ਅਦਬ ਨਹੀਂ ਹੋ ਜਾਂਦਾ—ਨਿਰੀ ਧੂਪ ਧੁਖਾਉਣ ਨਾਲ ਨਹੀਂ ਹੋ ਜਾਂਦਾ। ਅਦਬ ਇਸ ਚੀਜ਼ ਨਾਲ ਹੁੰਦਾ ਹੈ—ਜਿਹੜਾ ਕੁਝ ਵਿੱਚ ਲਿਖਿਆ ਹੈ ਉਸ ਨੂੰ ਮੰਣਨ ਕਰੀਏ। ਉੱਥੇ ਹੁਕਮ ਦਿੱਤਾ ਹੈ-

**ਪਰ ਤ੍ਰਿਅ ਰੂਪੁ ਨਾ ਪੇਖੈ ਨੇਤ੍ਰ।।**

ਜੇ ਨਹੀਂ ਦੇਖਦੇ ਤਾਂ ਅਦਬ ਕਰਦੇ ਹਾਂ।

**ਸਾਧ ਕੀ ਟਹਲ ਸੰਤ ਸੰਗਿ ਹੇਤ[੯]।।**

ਜੇ ਸੰਤ ਦੀ ਟਹਲ ਕਰਦੇ ਹਾਂ, ਸੰਤਾਂ ਨਾਲ ਪਿਆਰ ਕਰਦੇ ਹਾਂ, ਅਪਣੇ ਬਾਲ ਬੱਚੇ ਨਾਲੋਂ, ਆਪਣੇ ਭਰਾਵਾਂ ਨਾਲੋਂ ਜ਼ਿਆਦਾ ਤਾਂ ਅਸੀਂ ਅਦਬ ਕਰਦੇ ਹਾਂ। ਫੇਰ ਲਿਖਿਆ ਹੈ-

**ਕਰਨ[੧੦] ਨ ਸੁਨੈ ਕਾਹੂ ਕੀ ਨਿੰਦਾ।।**
**ਸਭ ਤੇ ਜਾਨੈ ਆਪਸ ਕਉ ਮੰਦਾ।।**

*- ਗਉੜੀ ਮ:੫, ਪੰਨਾ-੨੭੪*

ਜੇ ਅਸੀਂ ਇਹ ਚੀਜ਼ ਮੰਨਦੇ ਹਾਂ ਤੇ ਅਦਬ ਕਰਦੇ ਹਾਂ, ਜੇ ਨਹੀਂ ਤੇ ਕੁਛ ਨਹੀਂ।

*ਇੰਦ ਹਾਜਰੀ ਭਰ ਚਲ ਜੈ ਹੈ।*

ਇੰਦਰ ਹਾਜ਼ਰੀ ਭਰਨ ਵਾਸਤੇ ਆਇਆ ਹੈ, ਹਾਜ਼ਰੀ ਭਰ ਕੇ ਚਲਿਆ ਜਾਵੇਗਾ।

*ਇਹ ਭੀ ਬਾਣੀ ਅਦਬ ਰਖੈ ਹੈ।।੩੯।।*

ਇਹ ਭੀ ਬਾਣੀ ਦਾ ਅਦਬ ਕਰੇਗਾ, ਭਿਉਵੇਂਗਾ ਨਹੀਂ ਹੁਣ।

*ਬਿਨਾ ਨਾਮ ਮਹਿਮਾ ਨਹੀਂ ਆਨ[੧੧]।*

ਕਿਉਂਕਿ ਇਸ ਬਾਣੀ ਵਿੱਚ—ਦੇਖੋ ਪਰਸੋਂ ਏਥੇ ਆਏ ਸੀ। ਇਹ ਅਨੰਦ ਕੌਂਸਲੇ ਆਏ ਨੇ, ਉਹਨਾਂ ਭੀ ਕਿਹਾ ਸੀ ਬਈ ਇਹ ਗੁਰੂ ਗ੍ਰੰਥ ਸਾਹਿਬ ਦੀ ਇੱਕ ਬਾਣੀ ਹੈ, ਜਿਹਦੇ ਵਿੱਚ ਸਾਰਿਆਂ ਭਗਤਾਂ ਦੀ ਸਭ ਕੁਝ ਲਿਖਿਆ ਹੈ। ਉਹ ਕੋਈ ਹੋਰ ਪੁਸਤਕ ਕਿਸੇ ਥਾਉਂ ਨਹੀਂ ਮਿਲਦੀ। ਜੇ ਹਿੰਦੂਆਂ ਦੀ ਹੈ ਤਾਂ ਉਹਦੇ 'ਚ ਮੁਸਲਮਾਨ ਭਗਤ ਦੀ ਨਹੀਂ, ਜੇ ਮੁਸਲਮਾਨ ਦੀ ਹੈ ਤਾਂ ਹਿੰਦੂਆਂ ਦੀ ਨਹੀਂ, ਔਰ ਫਿਰ ਲਿਖਿਆ ਕੀ ਹੈ—ਗੁਰੂ ਨੂੰ ਮਿਲਣਾ, ਨਾਮ ਜਪਣਾ, ਚੰਗੇ ਕੰਮ ਕਰਨੇ। ਇਸਤੋਂ ਬਗੈਰ ਕੋਈ ਚੀਜ਼ ਹੋਰ ਨਹੀਂ ਦੱਸੀ—ਬੁਰੇ ਕੰਮਾਂ ਨੂੰ ਛੱਡਣਾਂ।

*ਸ੍ਰੀ ਮੁਖਵਾਕ ਸੁ ਕੀਨ ਬਖਾਨ।*

ਸਾਹਿਬਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰੀ ਹੈ।

*ਛੂਟੇ ਤਨ ਹੋਇ ਪਸਚਾਤਾਪ।*

ਜਿਹੜੇ ਪੁਰਸ਼ ਨਾਮ ਨਾ ਜਪਣਗੇ, ਬਾਣੀ ਨਾ ਪੜ੍ਹਨਗੇ—ਉਹ ਸਰੀਰ ਛੁਟੇ ਤੋਂ ਪਛੁਤਾਅ ਕਰਨਗੇ। ਸਾਹਿਬ ਲਿਖਦੇ ਹਨ–

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।।**

*– ਤਿਲੰਗ ਮਃ੫, ਪੰਨਾ-੭੨੫*

ਫੇਰ ਕੁਛ ਨਹੀਂ ਬਣਨਾ, ਕਬੀਰ ਜੀ ਕਹਿੰਦੇ ਹਨ–

**ਜੋ ਕਿਛੁ ਕਰਹਿ ਸੋਈ ਅਬ ਸਾਰੁ।।**
**ਫਿਰਿ ਪਛੁਤਾਹੁ ਨ ਪਾਵਹੁ ਪਾਰੁ।।**

*– ਭੈਰਉ ਕਬੀਰ ਜੀ ਮਃ੫, ਪੰਨਾ-੧੧੫੯*

ਉਸ ਵੇਲੇ ਤੁਹਾਡੇ ਪੱਲੇ ਕੁਛ ਨਹੀਂ ਪੈਣਾ। ਓਦੋਂ ਕਹੋਂਗੇ—ਮੈਂ ਕਿਉਂ ਨਾ ਨਾਮ ਜਾਪਿਆ।

ਇਹਦੇ ਉੱਤੇ ਇੱਕ ਕਥਾ। ਇੱਕ ਜ਼ਿਮੀਦਾਰ ਬਾਹਰ ਖੇਤ ਦੀ ਰਾਖੀ ਕਰਦਾ ਹੁੰਦਾ ਸੀ। ਉਹ ਬਾਹਰ ਰਹਿੰਦਾ ਸੀ, ਦਰਿਆ ਦੇ ਕੰਢੇ ਉਹਦਾ ਖੇਤ ਸੀ। ਇੱਕ ਦਿਨ ਦਰਿਆ ਦੀ ਜੁ ਲੱਗੀ ਢਾਹ, ਦਰਿਆ 'ਚੋਂ ਉਹਨੂੰ ਇੱਕ ਭਾਂਡਾ ਮਿਲ ਗਿਆ ਭਰਿਆ ਹੋਇਆ ਜਿਹਦੇ ਵਿੱਚ ਬੜੇ ਸੁਹਣੇ ਲਾਲ ਰੰਗ ਦੇ ਮਣਕੇ ਸਨ। ਉਹ ਲੈ ਆਇਆ ਚੁੱਕ ਕੇ ਵੱਡੇ ਵੱਡੇ। ਉਹ ਚਿੜੀਆਂ ਪੈਣ ਤੇ ਗੁਲੇਲ ਦੇ ਰਾਹੀਂ, ਗੋਪੀਏ ਦੇ ਰਾਹੀ ਉਸ ਨੂੰ ਘੁਮਾਣੀ ਦੇ ਨਾਲ ਉਹ ਸੁੱਟਦਾ ਗਿਆ। ਇੱਕ ਦਿਨ ਇੱਕ ਗੁਲੇਲਾ ਰਹਿ ਗਿਆ, ਉਹ ਘਰਵਾਲੀ ਆਈ, ਉਸਨੇ ਦੇਖਿਆ ਬਈ, ਬੜਾ ਸੁੰਦਰ ਮਣਕਾ ਹੈ। ਉਹ ਘਰ ਨੂੰ ਲੈ ਗਈ, ਕਹਿਣ ਲੱਗੀ—ਬੱਚੇ ਖੇਡਣਗੇ। ਘਰ ਖਾਣ ਨੂੰ ਕੁਝ ਨਹੀਂ ਸੀ। ਉਸ ਨੂੰ ਲਿਜਾਂਦੀ ਨੂੰ ਦੇਖ ਕੇ ਇੱਕ ਸ਼ਾਹੂਕਾਰ ਨੇ ਆਖਿਆ—ਓਹ ਹੋ ! ਇਹ ਐਸੀ ਉੱਤਮ ਚੀਜ਼ ਲਈ ਜਾਂਦੀ ਹੈ। ਉਹਨੇ ਦੇਖਿਆ।

ਉਹਨੇ ਆਖਿਆ—ਮੇਰੇ ਤੇ ਘਰ ਖਾਣ ਨੂੰ ਕੁਛ ਨਹੀਂ।

ਉਹਨੇ ਆਖਿਆ—ਬਈ, ਸਵੇਰ ਤੋਂ ਆ ਕੇ ਸਾਰਾ ਟੱਬਰ ਲੱਗ ਪਇਓ ਜਿੰਨਾ ਰੁਪਿਆ ਤੁਸੀਂ ਆਪਣੇ ਘਰ ਢੋਅ ਲਵੋ ਓਨਾ ਲੈ ਜਾਓ।

ਉਹ ਗਏ ਸਵੇਰੇ, ਜਿਉਂ ਲੱਗੇ ਢੋਣ, ਜਦੋਂ ਸੂਰਜ ਛਿਪਣ ਲੱਗਾ, ਸ਼ਾਹੂਕਾਰ ਨੇ ਆਖਿਆ—ਇਨ੍ਹਾਂ ਦਾ ਘਰ ਨਹੀਂ ਪੂਰਾ ਹੋਇਆ। ਉਹਨੇ ਆਖਿਆ—ਮੇਰੀ ਕੋਠੜੀ ਚੋਂ ਕੱਢ ਕੇ, ਹੱਟੀ ਚੋਂ ਤੁਸੀਂ ਥੱਲੇ ਸੁੱਟ ਲਓ ਥੜ੍ਹੇ ਤੋਂ ਉਹ ਤੁਹਾਡਾ, ਫੇਰ ਰਾਤ ਢੋਈ ਜਾਇਓ।

ਜ਼ਿਮੀਂਦਾਰ ਛਈਂ ਮਹੀਨੀਂ ਆਇਆ। ਆ ਕੇ ਹਾਲਾਤ ਦੇਖਿਆ ਏਹੋ ਜਿਹਾ ਕੁਛ ਬਣਿਆ, ਕਹਿਣ ਲੱਗਾ—ਇਹ ਕਿਉਂ ?

ਆਖਣ ਲੱਗੀ—ਉਹ ਇੱਕ ਮਣਕਾ, ਜਿਹੜਾ।

ਹਉਕਾ ਲਿਆ, ਜਾਨ ਨਿਕਲ ਗਈ ਕਹਿਣ ਲੱਗਾ—ਹਾਏ ਮੇਰੇ ਦੂਸਰੇ ? ਤੇ ਭਾਈ, ਮਣਕੇ ਦਾ ਤਾਂ ਕੁਛ ਮੁੱਲ ਪੈ ਗਿਆ, ਮਹਾਰਾਜਾ ਪਟਿਆਲਾ ਮਰਨ ਲੱਗਿਆ ਕਹਿਣ ਲੱਗਿਆ—ਮੇਰੀ ਕੋਈ ਉਮਰ ਰੱਖ ਦੇਵੇ, ਮੇਰਾ ਅੱਧਾ ਰਾਜ ਲੈ ਲਵੇ। ਕਉਣ ਇੱਕ ਸਵਾਸ ਵਧਾ ਸਕਦਾ ਹੈ। ਤਾਂ ਇਹ ਜਿਹੜੇ ਤੁਹਾਡੇ ਸਵਾਸ, ਇਹ ਤੁਹਾਨੂੰ ਅਮੋਲਕ ਮਿਲੇ ਹਨ, ਸਤਿਗੁਰੂ ਨੇ ਦਾਤ ਦਿੱਤੀ ਹੈ, ਨਾਮ ਜਪਣ ਵਾਸਤੇ। ਉਹ ਕਿਸੇ ਕਵੀ ਨੇ ਲਿਖਿਆ ਹੈ–

*ਸੁਆਸ ਸੁਆਸ ਹਰੀ ਨਾਮ ਜਪੁ ਬ੍ਰਿਥਾ ਸੁਆਸ ਮਤ ਖੋਇ।*
*ਕਿਆ ਜਾਨੋ ਮਤ ਅੰਤ ਕਾ ਇਹੀ ਸੁਆਸ ਨ ਹੋਇ।*

ਕੋਈ ਪਤਾ ਨਹੀਂ, ਕਿਹੜੇ ਵੇਲੇ ......., ਜਿਹੜਾ ਗੁਰੂ ਜੀ ਕਹਿੰਦੇ ਹਨ–

**ਹਮ ਆਦਮੀ ਹਾਂ ਇਕ ਦਮੀ ਮੁਹਲਤਿ[੧੨] ਮੁਹਤੁ[੧੩] ਨ ਜਾਣਾ।।**

*– ਧਨਾਸਰੀ ਮ:੧, ਪੰਨਾ–੬੬੦*

ਤੇ ਭਾਈ, ਇਹ ਸੁਆਸ ਨਾਮ ਜਪਣ ਨੂੰ, ਬਾਣੀ ਪੜ੍ਹਨ ਨੂੰ ਮਿਲੇ ਹਨ। ਜੋ ਪੁਰਸ਼ ਨਾਮ ਜਪਦਾ ਨਹੀਂ, ਬਾਣੀ ਪੜ੍ਹਦਾ ਨਹੀਂ, ਉਹ ਅੰਤ ਨੂੰ ਖੁਆਰ ਹੁੰਦਾ ਹੈ। ਬੰਕੋਕ ਦੇ ਰਹਿਣ ਵਾਲਿਓ ! ਸਿਆਮ ਨਿਵਾਸੀਓ ! ਨਾਮਧਾਰੀਓ ! ਨੌਜਵਾਨੋ ! ਬੁੱਢੇ ਹੁਣ ਬੁੱਢੇ ਹੋ ਗਏ ਹਨ—ਤੁਹਾਡੇ ਕੰਧਿਆਂ ਉੱਤੇ ਭਾਰ ਹੈ ਹੁਣ ਐਸ ਵੇਲੇ। ਤੁਸੀਂ ਕੁਝ ਸੋਚੋ, ਕੁਝ ਵਿਚਾਰੋ, ਇਸ ਆਪਣੀ ਉਮਰ ਨੂੰ ਸਵਾਰੋ, ਇਸ ਦੇ ਵਿੱਚ ਨਾਮ ਜਪੋ। ਬੁਰੇ ਕੰਮ

ਛੱਡੋ। ਬੁਰੇ ਪਾਸਿਆਂ ਦੀਆਂ ਖੇਲਾਂ ਛੱਡੋ। ਧਿਆਨ ਦਿਓ ਗੁਰੂ ਦੇ ਘਰ ਵੱਲ। ਉਹ ਕਹਿੰਦੇ ਨੇ–

*ਚੰਚਲ ਚੀਤ ਨਾ ਜਾਏ ਤਮਾਸੇ।*
*ਜੂਏ ਜਾਏ ਨਾ ਖੇਲੈ ਪਾਸੇ।*

–ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ।

## ਧਰਮ ਦੀ ਜੈ

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮ ਏਸੇ ਤਰ੍ਹਾਂ ਹੈ। ਬਚੋ, ਵੇਲਾ ਨਾ ਗਵਾਓ। ਦੇਖੋ, ਮੈਂ ਹੁਣ ਅਰਜ਼ ਕਰਦਾ ਹਾਂ ਕਿ ਪਾਪ ਨਾਲ ਖੱਟੀ ਕੀਤਿਆਂ ਕੁਛ ਨਹੀਂ ਬਣਨਾ ਕਿਸੇ ਦਾ। ਧਰਮ ਦੀ ਖੱਟੀ ਨਾਲ ਹੀ ਕੁਛ ਬਣ ਸਕਦਾ ਹੈ। ਪਾਪ ਦੀ ਖੱਟੀ ਕਦੇ ਕਿਸੇ ਨੂੰ ਸਿਰੇ ਨਹੀਂ ਚੜ੍ਹਾਉਂਦੀ। ਜਿਹੜੇ ਲੋਕ ਧਰਮ ਦੀ ਕਿਰਤ ਕਰਨਗੇ—ਉਹਨਾਂ ਨੂੰ ਘਾਟਾ ਨਹੀਂ ਕਦੇ ਆ ਸਕਦਾ। ਇੱਕ ਤਾਂ ਇਹ ਧਿਆਨ ਕਦੇ ਨਾ ਚਿਤ 'ਚ ਰੱਖਿਆ ਕਰੋ ਕਿ ਪੈਸੇ ਲੈ ਲਏ ਹਨ, ਹੁਣ ਸਾਨੂੰ ਕਿਨ੍ਹੇ ਪੁੱਛਣਾ ਹੈ, ਅਸੀਂ ਇਹ ਖਾ ਜਾਈਏ। ਇਹ ਬਹੁਤ ਬੁਰਾ ਅਸੂਲ ਹੈ। ਸੱਚੇ ਪਾਤਸ਼ਾਹ ਨੇ ਹੁਕਮ ਨਾਮੇ 'ਚ ਲਿਖਿਆ ਹੈ ਕਿ—ਕਰਜ਼ਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਥੀ ਵੀ ਬਡਾ ਪਾਪ ਹੈ। ਫੇਰ ਏਹੋ ਜਿਹੇ ਥਾਈਂ ਪੈਸੇ ਦੇਣੇ, ਉਹਨਾਂ ਲੋਕਾਂ ਨੂੰ ਪੈਸੇ ਦੇਣੇ ਜਿਨ੍ਹਾਂ ਲੋਕਾਂ ਦਾ ਬਹੁਤ ਗੰਦਾ ਸਾਰੀ ਦੁਨੀਆਂ ਤੋਂ ਵਿਹਾਰ ਹੈ। ਉਥੋਂ ਬਿਆਜ ਲੈ ਕੇ—ਮੈਨੂੰ ਲੱਗਾ ਹੈ—ਤੁਸੀਂ ਖਾਂਦੇ ਹੋ। ਇਹਦੇ ਨਾਲ ਤੁਸੀਂ ਕਦੇ ਨਹੀਂ ਰੱਜੋਂਗੇ।

ਮੈਂ ਇੱਕ ਛੋਟੀ ਜਿਹੀ ਸਾਖੀ ਸੁਣਾਉਂਦਾ ਹਾਂ ਤੁਹਾਨੂੰ।
ਇੱਕ ਆਦਮੀ ਗਿਆ—ਗਰੀਬ—ਬਾਹਰ। ਉਸ ਨੂੰ ਅੱਗੇ ਦੋ ਆਦਮੀ ਬੈਠੇ ਮਿਲੇ। ਇੱਕ ਕਹਿੰਦਾ—ਜੇ ਕਹੇਂ ਧਰਮ ਦੀ ਜੈ, ਪਾਪ ਦੀ ਖੈ, ਤੇ ਬਈ ਇੱਕ ਟਕਾ ਲੈ ਲੈ।

ਦੂਸਰਾ ਕਹਿਣ ਲੱਗਾ—ਜੇ ਤੂੰ ਕ੍ਹਵੇਂ, ਪਾਪ ਦੀ ਜੈ, ਤੇ ਧਰਮ ਦੀ ਖੈ, ਮੈਂ ਤੈਨੂੰ ਪੰਜ ਸੌ ਰੁਪਈਆ ਦੇਨਾਂ।

ਲਾਲਚ ਪਿਆ, ਰੁਪਈਆ ਪੰਜ ਸੌ ਲੈ ਆਇਆ। ਆਪਣੇ ਘਰ ਆ ਗਿਆ, ਅੰਦਰ ਆ ਕੇ ਰੁਪੱਈਆ ਰੱਖਿਆ। ਗੁਆਂਢੀਆਂ ਰੁਪੱਈਆ ਕੱਢ ਲਿਆ। ਫੇਰ ਅਗਲੇ ਦਿਨ ਖਾਲੀ ਦਾ ਖਾਲੀ। ਫੇਰ ਏਸੇ ਤਰ੍ਹਾਂ ਗਿਆ। ਉੱਥੇ ਜਿਸ ਵੇਲੇ ਗਿਆ ਉਹਨੇ ਆਖਿਆ—ਜੇ ਕ੍ਹਵੇ ਧਰਮ ਦੀ ਜੈ, ਬਈ ਸਾਡੇ ਕੋਲ ਤਾਂ ਤਾਂਬੇ ਦਾ ਟਕਾ ਹੈ।

ਦੂਸਰੇ ਨੇ ਪਾਪ ਵਾਲੇ ਨੇ ਆਖਿਆ—ਜੇ ਤੂੰ ਕ੍ਹਵੇ, ਪਾਪ ਦੀ ਜੈ, ਤਾਂ ਮੈ ਲਾਲ ਦੇ ਦੇਨਾ ਹਾਂ।

ਦਰਿਆ ਦੇ ਕੰਢੇ ਪਾਣੀ ਪੀਣ ਲੱਗਾ—ਲਾਲ ਰੱਖ ਕੇ। ਉਹ ਲਾਲ ਮੱਛੀ ਚੁੱਕ ਕੇ ਲੈ ਗਈ। ਤੀਸਰੇ ਦਿਨ ਫੇਰ ਗਿਆ, ਉਸਨੇ ਕਿਹਾ—ਬਈ ਸਾਡੇ ਕੋਲ ਤੇ ਤਾਂਬੇ ਦਾ ਹੀ ਟਕਾ ਹੈ, ਸੱਜਣਾ ਜੇ ਧਰਮ ਦੀ ਜੈ ਕ੍ਹਵੇਂ। ਪਾਪ ਵਾਲੇ ਨੇ ਆਖਿਆ—ਨੌ ਲੱਖਾਂ ਹਾਰ ਲੈ, ਕਹੁ ਪਾਪ ਦੀ ਜੈ।

ਉਹ ਨੌਂ ਲੱਖਾ ਹਾਰ ਲੈ ਕੇ ਤੁਰਿਆ। ਰਸਤੇ 'ਚ ਇੱਲ ਨੇ ਝਪਟ ਮਾਰੀ, ਓਹ ਇੱਲ ਲੈ ਗਈ। ਪਾਪ ਵਾਲੇ ਦੀ ਬੱਸ ਹੋ ਗਈ, ਖਤਮ ਹੋਇਆ। ਚਉਥੇ ਦਿਨ ਗਿਆ। ਉਹਨੇ ਆਖਿਆ—ਸਾਡੇ ਕੋਲ ਤਾਂ ਤਾਂਬੇ ਦਾ ਹੀ ਟਕਾ ਹੈ, ਜੇ ਧਰਮ ਦੀ ਜੈ ਕ੍ਹਵੇ ਤੇ ਪਾਪ ਦੀ ਖੈ ਕ੍ਹਵੇਂ, ਤੇ ਲੈ ਲੈਹ।

ਉਹਨੇ ਆਖਿਆ—ਰਿਹਾ ਤੇ ਮੇਰੇ ਕੋਲ ਕੁਝ ਨਹੀਂ, ਧਰਮ ਦੀ ਜੈ ਆਖੀ।

ਧਰਮ ਦੀ ਜੈ ਕਹਿਣ ਨਾਲ ਟਕਾ ਲਿਆ। ਟਕਾ ਲੈ ਕੇ ਤੁਰਿਆ, ਰਸਤੇ 'ਚ ਦੋ ਪੈਸੇ ਨੂੰ ਗਰੀਬ ਨੇ ਮੱਛੀ ਮੁੱਲ ਲਈ। ਮੱਛੀ ਮੁੱਲ ਲਈ, ਬਾਰਸ਼ ਹੋਈ ਹੋਈ ਸੀ ਕਹਿਣ ਲੱਗਾ—ਹੁਣ ਇਹਨੂੰ ਬਣਾਉਣ ਵਾਸਤੇ ਕਿਹੜਾ ਮੇਰਾ ਘਰ ਅਮੀਰ ਦਾ ਹੈ, ਬਈ ਬਾਲਣ ਹੋਵੇ। ਉਹ ਬਾਲਣ ਭਾਲਣ ਵਾਸਤੇ ਇੱਲ ਦੇ ਆਲ੍ਹਣੇ ਚੜ੍ਹ ਗਿਆ। ਸੁੱਕਾ ਆਲ੍ਹਣਾ ਦੇਖ ਕੇ, ਉਥੋਂ ਹਾਰ ਭੀ ਮਿਲ ਗਿਆ ਉਸਨੂੰ। ਘਰ ਆਇਆ, ਆ ਕੇ ਮਾਂ ਨੂੰ ਆਂਹਦਾ—ਆ ਜਾ ਮਾਂ ! ਆਪਣਾ ਸਭ ਕੁਝ ਲੱਭ ਗਿਆ। ਗੁਆਂਢੀਆਂ ਨੂੰ ਫਿਕਰ ਪੈ ਗਿਆ ਬਈ ਇਹਨੂੰ ਪਤਾ ਲੱਗ ਗਿਐ, ਬਈ ਚੋਰੀ ਇਹਨਾਂ

ਕੀਤੀ ਹੈ। ਉਹ ਰੁਪੱਈਆ ਭੀ ਦੇ ਗਏ। ਇਹ ਹੈ ਧਰਮ ਦੀ ਜੈ ਦੀ ਗੱਲ।

ਦੂਸਰੀ ਇੱਕ ਗੱਲ, ਗੁਰਦੁਆਰੇ ਭੈਣੀ ਸਾਹਿਬ ਤੋਂ ਚੜ੍ਹਦੇ ਪਾਸੇ, ਦੱਖਣ ਦੀ ਗੁੱਠ ਵੱਲ ਇੱਕ ਛੋਟਾ ਜਿਹਾ ਪਿੰਡ ਹੈ। ਉਹਨੂੰ ਬੁਰਕੀ ਵੀ ਲੋਕ ਕਹਿੰਦੇ ਹਨ—ਛੋਟੀ ਕਟਾਣੀ। ਓਥੇ ਨਾਮਧਾਰੀ ਸਿੰਘਾਂ ਦਾ ਇੱਕ ਘਰ ਸੀ। ਉਹ ਤਮਾਕੂ ਨਹੀਂ ਸਨ ਬੀਜਦੇ। ਪਿੰਡ ਦੇ ਲੋਕ ਸਭ ਤਮਾਕੂ ਬੀਜਦੇ —ਕੋਈ ਚਾਰ ਸੌ ਦਾ ਵੇਚਦਾ, ਕੋਈ ਦੋ ਸੌ ਦਾ ਵੇਚਦਾ, ਕੋਈ ਪੰਜ ਸੌ ਦਾ ਵੇਚਦਾ। ਇਹਦੀ ਖੱਟੀ ਏਹੋ ਜਿਹੀ ਹੈ, ਇਹ ਚੀਜ਼ ਏਹੋ ਜਿਹੀ ਹੈ ਬਈ, ਇਸ ਨੂੰ ਖੋਤੇ ਭੀ ਨਹੀਂ ਖਾਂਦੇ। ਖੇਤ ਵਿੱਚ ਕੋਈ ਉਜਾੜਾ ਹੀ ਨਹੀਂ ਇਹਦਾ ਹੁੰਦਾ। ਜਿਹੜੇ ਵੇਚਣ ਵਾਲੇ ਸੀ, ਉਹ ਉੱਥੇ ਦੋ ਉੱਥੇ ਰਹਿੰਦੇ, ਜਿਹੜਾ ਨਹੀਂ ਸੀ ਤਮਾਕੂ ਬੀਜਦਾ, ਨਾਮਧਾਰੀ ਸਿੱਖ ਸੀ, ਆਪਣੀ ਕਿਰਤ ਕਰਕੇ ਖਾਂਦਾ ਸੀ—ਉਹ ਹਰ ਸਾਲ ਬਿਗ੍ਹਾ, ਦੋ ਬਿਗ੍ਹੇ ਚਾਰ ਬਿਗ੍ਹੇ, ਜ਼ਮੀਨ ਲੈ ਲੈਂਦਾ। ਉਹਨਾਂ ਆਖਿਆ ਉਹ ਭਾਈ ਗੁਰਦਿੱਤ ਸਿੰਘ, ਸਾਡਾ ਇਹ ਹਾਲ ਹੈ, ਅਸੀਂ ਹਰ ਸਾਲ ਆਹ ਕੁਝ ਕਰਦੇ ਹਾਂ। ਕਹਿੰਦਾ —ਜੇ ਬਾੜ ਗੱਡੀਏ ਤੇ ਉੱਥੇ ਟੋਇਆ ਪੁੱਟ ਕੇ ਵਿੱਚ ਛਾਪਾ ਵੀ ਪਾ ਦੇਈਦਾ ਹੈ ਤਾਂ ਉਹ ਮਿੱਟੀ ਭੀ ਨਾਲ ਹੀ ਪੈ ਜਾਂਦੀ ਹੈ। ਤੁਹਾਡੀ ਮਿੱਟੀ —ਗਹੁ ਦਾ ਗਹੁ ਵਿੱਚ—ਪਾਪ ਮਿੱਟੀ ਵਿੱਚੇ ਹੀ ਪੈ ਜਾਂਦੀ ਹੈ। ਸਤਿਗੁਰਾਂ ਭੀ ਲਿਖਿਐ,''ਭਾਈ ਧਨ ਪੁੰਨ ਦਾਨ ਤੇ ਨਹੀਂ ਘਟਦਾ, ਧਨ ਕੁਚਾਲ ਚੱਲਣ ਤੇ ਘਟਦਾ ਹੈ।''

## ਧਨ ਕੁਚਾਲ ਚੱਲਣ ਤੇ ਘਟਦਾ ਹੈ

ਸੋਈ ਨਾਮਧਾਰੀਓ, ਬਈ ਕੁਚਾਲ ਚੱਲਣ ਦਾ ਬਚਾਅ ਕਰ ਲਓ, ਸੋਚੋ, ਵਿਚਾਰੋ ਜੇ ਬਚਣਾ ਹੈ। ਮੈਂ ਘੋੜ ਦੌੜ ਵਿੱਚ ਸਤਾਈ ਸਾਲ ਜਾਂਦਾ ਰਿਹਾਂ। ਊਂ ਕਦੇ ਦੇਖਣ ਜਾਂਦਾ ਸਾਂ। ਸਤਾਈ ਸਾਲ ਘੋੜੇ ਦੌੜਦੇ ਰਹੇ ਪਰ ਜੂਏ ਵਾਲਾ ਪਾਸਾ ਇੱਕ ਦਿਨ ਨਾ ਜਾ ਕੇ ਦੇਖਿਆ। ਇੱਕ ਦਿਨ ਇੱਕ ਆਦਮੀ ਮੈਨੂੰ ਕਹਿਣ ਲੱਗਾ—ਮੇਰਾ ਨਾਂ ਲੈ ਕੇ,''ਮਹਾਰਾਜ ! ਜੇ ਤੇਰੇ ਵਰਗੇ

ਘੋੜੇ ਕਿਸੇ ਕੋਲ ਹੋਣ ਤਾਂ ਲੱਖਾਂ ਰੁਪੱਈਏ ਕਮਾ ਲਵੇ।'' ਜਦੋਂ ਚਾਹੀਏ ਉਦੋਂ ਹੀ ਜਿੱਤ ਜਾਂਦੇ ਸੀ। ਮੈਂ ਉਹਨੂੰ ਆਖਿਆ ਲਾਲਾ ਕਿਸ਼ਨ ਚੰਦ ਉਹਦਾ ਨਾਂ ਸੀ, ਲਾਹੌਰ ਦਾ ਵਕੀਲ ਸੀ—ਬਈ, ਕੋਈ ਆਦਮੀ ਮੈਨੂੰ ਤੂੰ ਉਹ ਵੀ ਵਿਖਾ ਸਕਦਾ ਹੈਂ ਜਿਹਨੇ ਘੋੜ ਦੌੜ ਵਿੱਚ, ਜੂਆ ਖੇਡ ਕੇ ਪੈਸੇ ਇਕੱਠੇ ਕੀਤੇ ਹੋਣ, ਜੋੜੇ ਹੋਣ।

ਸੋਚਦਾ ਰਿਹਾ, ਸੋਚਦਾ ਰਿਹਾ, ਕਹਿੰਦਾ—ਇਹ ਤੇ ਗੱਲ ਠੀਕ ਹੈ।

ਲੱਖਾਂਪਤੀ ਇੱਕ ਦੋ ਆਦਮੀ—ਇੱਕ ਆਹਲੂਵਾਲੀਆ, ਇੱਕ ਜ਼ਿਮੀਦਾਰ ਲਾਇਲ ਪੁਰ ਦੇ ਜ਼ਿਲ੍ਹੇ ਦੇ ਆਏ। ਉਹ ਆ ਕੇ ਲੱਗੇ ਘੋੜੇ ਰੱਖ ਕੇ ਜੂਆ ਖੇਡਣ। ੭੦ ਹਜ਼ਾਰ ਨਕਦ ਰੁਪੱਈਆ ਉਸ ਆਹਲੂਵਾਲੀਏ ਦਾ ਸੀ। ੭੦ ਹਜ਼ਾਰ ਕਿ ਕਿੰਨਾਂ ਉਹਨੇ ਹੋਰ ਉਹਨੇ ਆਪਣੇ ਮੁਰੱਬਿਆਂ ਚੋਂ ਲਿਆ। ਦੋ ਸਾਲਾਂ 'ਚ ਸਵਾਹ ਹੋ ਗਿਆ। ਹੁਣ ਬੈਠਾ ਉੱਥੇ ਨੌਕਰੀ ਕਰਦਾ ਹੈ ਦਿੱਲੀ 'ਚ ਕਿਸੇ ਦੀ, ਕਲਰਕ ਬਣਿਆ ਹੋਇਐ। ਸੋਈ ਧਨ ਏਹਨਾਂ ਚੀਜ਼ਾਂ ਨਾਲ ਨਹੀ ਵਧਦਾ। ਸਤਿਗੁਰਾਂ ਦੇ ਤੇ ਜੇ ਹੁਕਮ ਵੱਲ ਅਸੀ ਝਾਕੀਏ, ਤਾਂ ਗੁਨਾਹੀ ਅਸੀ ਸਾਰੇ ਹੀ ਹਾਂ। ਪਰ ਬਹੁਤਾ ਫਰਕ ਪੈਂਦਾ ਹੈ—ਉੱਥੇ ਭਾਈ ਕਾਲਾ ਸਿੰਘ ਜੀ ਨੇ ਇੱਕ ਦੋਹਿਰਾ ਆਪਣੀ ਪੈਂਤੀਸ ਅੱਖਰੀ ਦੇ ਪਿੱਛੇ ਲਿਖਿਆ ਹੈ ਕਿ–

*ਬਹਿੜਾ ਖੱਸੀ ਜੋ ਕਰੇ ਡੂਢੀ ਜਿਨਸ ਬਿਆਜ।*
*ਪੈਸਾ ਲੜਕੀ ਕਾ ਲਵੇ ਸਜਾ ਦੇਤ ਮਹਾਰਾਜ।*

ਬਹਿੜਕਾ ਖੱਸੀ ਕਰਨਾ, ਜਿਨਸ—ਦਾਣੇ ਦੇ ਦੇਣੇ ਅਜ ਕੱਲ੍ਹ ਫੇਰ ਡਿਉੜੇ ਕਰਕੇ ਲੈ ਲੈਣੇ—ਬਿਆਜ ਲੈਣਾ—ਲੜਕੀ ਦਾ ਪੈਸਾ ਲੈਣਾ—ਸਤਿਗੁਰ ਸਜਾ ਦਿੰਦੇ ਸਨ। ਸਤਿਗੁਰਾਂ ਦੀ ਆਪਣੀ ਵਹੀ ਹੈ। ਉੱਤੇ ਨਾਉਂ ਸਿੱਧਾ ਆਪਣਾ ਲਿਖਿਆ ਹੈ—ਵਹੀ। ਲੋਕਾਂ ਨੂੰ ਦਿੱਤਾ, ਪੈਸਾ, ਰੁਪੱਈਆ ਕਰਜ਼ਾ ਲਿਖ ਕੇ ਦਿੱਤਾ, ਜਦੋਂ ਲਿਆ ਇੱਕ ਧੇਲਾ ਨਹੀਂ ਲਿਆ ਕਿਉਂਕਿ ਗਹਿਣੇ ਰੱਖ ਕੇ ਕਿਸੇ ਨੂੰ ਕੁਛ ਦਿੱਤਾ। ਵਹੀ ਅੱਜ ਪਈ ਹੈ, ਦੇਖੋ ਜਿਹਦਾ ਚਿਤ ਕਰਦੈ। ਲੈਣ ਵੇਲੇ ਉਹ ਪੈਸੇ ਲਏ ਹਨ ਜਿਹੜੇ ਲਿਖੇ ਹਨ। ਗੁਰਦਵਾਰੇ 'ਚ ਲੋਕ ਹੁਣ ਭੀ ਦਾਣੇ ਲੈਣ ਆ ਜਾਂਦੇ ਹਨ। ਲਿਖਤ

ਡਿਉਡੀ ਸਵਾਈ ਹੁੰਦੀ ਹੈ ਉਹਨਾਂ ਨਾਲ, ਜਿਦਣ ਲਏ ਜਾਂਦੇ ਨੇ ਪੂਰੇ ਹੀ ਲਏ ਜਾਂਦੇ ਨੇ। ਕੋਈ ਦਾਣਾ ਕਿਸੇ ਕੋਲੋਂ ਵੱਧ ਨਹੀਂ ਲਿਆ ਜਾਂਦਾ। ਤਾਂ ਭਾਈ, ਬਿਆਜ ਤਾਂ ਉਂਈਂ ਲੈਣਾ ਮਾੜਾ ਹੈ, ਪਰ ਤੁਸੀਂ ਐਸੇ ਥਾਵਾਂ ਦਾ ਲੈਂਦੇ ਹੋ। ਧਿਆਨ ਕਰ ਲਉ, ਬਚੋ। ਉਹ ਆਦਮੀ ਮੈਨੂੰ ਕੋਈ ਦੱਸ ਸਕਦਾ ਹੈ, ਉਹ ਆਪਣੇ ਵਲ ਝਾਕਣ ਝਾਤੀ ਮਾਰਨ—ਮੈਂ ਨਾਂ ਨਹੀਂ ਕਿਸੇ ਦਾ ਲੈਂਦਾ—ਜਿਹੜੇ ਲੋਕ ਸਿਨੇਮੇ ਦੇਖਣ ਲੱਗੇ, ਜਿਹੜੇ ਬਿਆਜੂ ਪੈਸੇ ਗੰਦੇ ਥਾਈਂ ਦੇਣ ਲੱਗੇ, ਅੱਜ ਉਨ੍ਹਾਂ ਦੇ ਘਰ ਖਾਣ ਨੂੰ ਨਹੀਂ ਲੱਭਦਾ। ਆਪਣੀਆਂ ਦੁਕਾਨਾਂ ਛੱਡ ਕੇ, ਫੇਰੀਆਂ ਕਰਨ ਜੋਗੇ ਨਹੀਂ ਰਹੇ। ਜ਼ਰਾ ਆਪਣੇ-ਆਪਣੇ ਅੰਦਰ ਧਿਆਨ ਦਿਉ। ਧਰੋ ਸਤਿਗੁਰਾਂ ਦਾ ਧਿਆਨ, ਕਰੋ ਆਪਣੇ ਦਿਲੋਂ ਸਤਿਗੁਰਾਂ ਅੱਗੇ ਅਰਦਾਸ—ਕਿ ਸਾਡੀਆਂ ਭੁੱਲਾਂ ਮਾਫ ਕਰ। ਮੈਂ ਕੁਛ ਨਹੀਂ ਕਹਿੰਦਾ, ਕਿਸੇ ਨੂੰ ਖੜਾ ਕਰਕੇ ਡੰਨ ਲਾਉਣ ਦੀ ਲੋੜ ਨਹੀਂ। ਮੰਗੋ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਕੋਲੋਂ, ਕਹੋ—ਹੇ ਗੁਰੂ ਹਰੀ ਸਿੰਘ ! ਤੂੰ ਟੁੱਟੀ ਗੰਢਣ ਵਾਲਾ ਹੈਂ, ਸਾਡੇ ਉੱਤੇ ਬਖਸ਼ਿਸ਼ ਕਰ। ਮੈਨੂੰ ਅੱਜ ਦੋ ਚਹੁੰ ਆਦਮੀਆਂ ਨੇ ਆਖਿਆ—ਸਾਡਾ ਵਿਹਾਰ ਨਹੀਂ ਚਲਦਾ। ਉਹਨਾਂ ਨੂੰ ਪਤਾ ਹੈ, ਜਾਂ ਮੈਨੂੰ ਭੀ ਪਤਾ ਹੈ। ਉਹ ਅੰਦਰੋਂ ਤੋਬਾ ਕਰਨ ਬੁਰੇ ਪਾਸੇ ਤੋਂ, ਸਤਿਗੁਰਾਂ ਅੱਗੇ ਅਰਦਾਸ ਕਰਨ, ਮੇਰਾ ਖਿਆਲ ਹੈ ਕਿ ਜ਼ਰੂਰ ਸਤਿਗੁਰ ਉਹਨਾਂ ਦੀ ਮਦਦ ਕਰਨਗੇ, ਔਰ ਉਹ ਬਚ ਜਾਣਗੇ। ਇਹ ਕੋਈ ਵਜ੍ਹਾ ਨਹੀਂ ਹੋ ਸਕਦੀ ਕਿ ਉਹਨਾਂ ਉੱਤੇ ਸਤਿਗੁਰਾਂ ਦੀ ਬਖਸ਼ਿਸ਼ ਨਾ ਹੋਵੇ। ਧਿਆਨ ਸਤਿਗੁਰਾਂ ਵੱਲ ਕਰਕੇ ਤੁਸੀਂ ਏਸ ਪਾਸੇ ਤੁਰੋ।

ਹੁਣ ਮੈਂ ਇੱਕ ਅਰਜ ਕਰਨੀ ਹੈ। ਇਹ ਵਿਹਾਰਕ ਗੱਲ ਭੀ ਹੈ, ਔਰ ਇਹ ਤੁਹਾਡੇ ਸੋਚਣ ਵਾਲੀ ਗੱਲ ਹੈ। ਮੈਂ ਨਾਮਧਾਰੀ ਸੱਜਣਾਂ ਅੱਗੇ ਬੇਨਤੀ ਕਰਨ ਲੱਗਾ ਹਾਂ—ਕੋਈ ਹੋਰ ਸੱਜਣ ਜੇ ਹੋਵੇ ਤਾਂ ਉਹ ਆਪਣੇ ਦਿਲ ਵਿੱਚ ਜੇ ਉਹਦੀ ਮਰਜ਼ੀ ਹੈ ਇਹਦੇ ਨਾਲ ਭਾਵ ਲਾਵੇ ਨਾ ਲਾਵੇ—ਉਹ ਇਹ ਹੈ ਕਿ ਜਦੋਂ ਤੁਸੀਂ ਭੋਗ ਪਾਉਂਦੇ ਹੋ, ਰੁਮਾਲ ਜ਼ਰੂਰ ਚੜ੍ਹਾਉਂਦੇ ਹੋ। ਰੁਮਾਲ ਏਨੇ ਹੋ ਜਾਂਦੇ ਹਨ ਜਿਹੜੇ ਕੰਮ ਭੀ ਕਿਸੇ ਨਹੀਂ ਆ ਸਕਦੇ। ਕੋਈ ਉਨ੍ਹਾਂ ਦੇ ਲੀੜੇ ਨਹੀਂ ਬਣਾ ਸਕਦਾ, ਕੁਛ ਨਹੀਂ ਕਰ ਸਕਦਾ। ਤੁਸੀਂ

ਮੁਕਰਰ ਕਰ ਛੱਡੋ ਪੈਸੇ ਰੁਮਾਲ ਦੇ। ਉਹ ਇਕੱਠੇ ਕਰਕੇ ਫੰਡ ਵਿੱਚ ਰੱਖੀ ਜਾਓ। ਜਦੋਂ ਰੁਮਾਲ ਘਟਣ ਬੇਸ਼ਕ ਬਣਾਓ, ਚੰਗੇ ਤੋਂ ਚੰਗੇ ਰੱਖੋ, ਪਰ ਹਰ ਵੇਲੇ ਰੁਮਾਲ ਦਾ ਜ਼ਰੂਰੀ ਗੱਲ ਨਾ ਰੱਖੋ, ਓਨੇ ਪੈਸੇ ਰੁਮਾਲ ਦੇ ਮੁਕਰਰ ਕਰਕੇ ਰੱਖੀ ਜਾਓ, ਤੁਹਾਡੇ ਫੰਡ ਵਿੱਚ ਰਹਿਣ, ਤੁਹਾਡੇ ਕਿਸੇ ਕੰਮ ਆਉਣ। ਜਦੋਂ ਲੋੜ ਹੋਵੇ ਰੁਮਾਲਾਂ ਦੀ ਰੁਮਾਲ ਜ਼ਰੂਰ ਚੜ੍ਹਾਓ। ਇਹ ਧਿਆਨ ਕਰਨ ਵਾਲੀ ਗੱਲ ਹੈ। ਮੈਂ ਪੰਡਤ ਜੀ ਨੂੰ ਸਵੇਰੇ ਆਖਿਆ ਸੀ, ਉਨ੍ਹਾਂ ਮੈਨੂੰ ਹੁਣ ਦੱਸਿਆ। ਤੁਸੀਂ ਦੋ ਰੁਪਏ, ਚਾਰ ਰੁਪਏ, ਅੱਠ ਆਨੇ ਦਾ ਰੁਮਾਲ ਲਿਆਉਂਦੇ ਹੋ। ਉਹ ਰੁਮਾਲ ਕੋਈ ਆਦਮੀ ਤਾਂ ਵਰਤ ਨਹੀਂ ਸਕਦਾ। ਮੈਂ ਅਰਜ਼ ਕਰਦਾਂ—ਜ਼ਰੂਰੀ ਨਾ ਹੋਵੇ ਕਿ ਹਰ ਵੇਲੇ ਰੁਮਾਲ ਆਵੇ। ਰੁਮਾਲ ਉਸ ਵੇਲੇ ਦਿਆ ਕਰੋ ਜਦੋਂ ਲੋੜ ਹੋਵੇ। ਇਹ ਇੱਕ ਚੀਜ਼ ਹੈ, ਤੁਸੀਂ ਉਸ ਪੈਸੇ ਨੂੰ ਧਰਮ ਅਰਥ ਲਾਓ, ਬਾਣੀ ਪੜ੍ਹੋ, ਭੋਗ ਪਾਓ, ਕੜਾਹ ਪ੍ਰਸਾਦ ਕਰੋ। ਜਦੋਂ ਰੁਮਾਲਾਂ ਦੀ ਲੋੜ ਹੋਵੇ ਰੁਮਾਲ ਚੜ੍ਹਾਓ। ਇਹ ਨਿਯਮ ਨਾ ਬਣਾ ਰੱਖੋ ਬਈ ਜ਼ਰੂਰ ਹਰ ਵੇਲੇ ਰੁਮਾਲ ਚੜ੍ਹਾਈਏ।

*ਛੂਟੇ ਤਨ ਹੋਇ ਪਸਚਾਤਾਪ।*

ਜਦੋਂ ਸਰੀਰ ਛੁੱਟੇਗਾ ਫੇਰ ਪਛੋਤਾਅ ਲੱਗੇਗਾ ਭਾਈ।

*ਕੋਇ ਨ ਬਨ ਹੈ ਮਾਈ ਬਾਪ।।੩੭।।*

ਉੱਥੇ ਕਿਸੇ ਨੇ ਮਾਈ ਬਾਪ ਨਹੀਂ ਬਣਨਾ। ਸਾਹਿਬ ਲਿਖਦੇ ਹਨ–

**ਮਨਮੁਖਾ ਕੇਰੀ**[੧੪] **ਦੋਸਤੀ ਮਾਇਆ ਕਾ ਸਨਬੰਧੁ।।**

– **ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ।।**

*– ਮ:੫, ਪੰਨਾ–੯੫੯*

ਮੈਂ ਅੱਗੇ ਭੀ ਸ਼ਾਇਦ ਅਰਜ਼ ਕੀਤੀ ਹੋਵੇ, ਅਗਲੀ ਤੁਕ ਪੜ੍ਹਨ ਵਾਲੀ ਹੈ, ਪੜ੍ਹਨ ਵਾਲੇ ਪੜ੍ਹ ਜਾਂਦੇ ਹਨ–

**ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਦ।।**

ਓਥੇ ਗੱਗੇ ਦੇ ਅੱਗੇ ਧੱਧਾ ਲੱਗਾ ਹੋਇਐ—**ਤਿਤੁ ਦਿਨਿ ਬੋਲ ਨਿਰਗੰਧ**। ਤੇ ਬੋਲੀ ਖੁਸ਼ਕ ਹੋ ਜਾਂਦੀ ਹੈ—ਕੰਜਰ ਮਰਦਾ ਨਹੀਂ, ਗਲੋਂ ਨਹੀਂ ਲਹਿੰਦਾ, ਕੰਧਾਂ ਥੁੱਕ ਕੇ ਭਰ ਦਿੱਤੀਆਂ—ਓਦਣ ਬੋਲ ਫਿਰ ਨਿਰਗੰਧ ਹੋ

ਜਾਂਦਾ ਹੈ। ਤਾਂ ਭਾਈ, ਜਿਹੜੀ ਚੀਜ਼ ਨਾਲ ਜਾਣੀ ਹੈ, ਉਹ ਕਰੋ ਔਰ ਸਤਿਗੁਰੂ ਕਹਿੰਦੇ ਨੇ ਫਿਰ ਪਛੋਤਾਅ ਹੋਏਗਾ।

*ਸਤਿਮਾਨ ਸਿੰਘਨ ਸਹਿ ਆਦਰ।*

ਸਿੰਘਾਂ ਨੇ ਆਦਰ ਦੇ ਸਹਿਤ ਸਤਿ ਬਚਨ ਮੰਨਿਆ।

*ਲੈ ਕਰ ਤਾਣੀ ਊਪਰ ਚਾਦਰ।*

ਦੂਸਰੀ ਚਾਦਰ ਉੱਤੋਂ ਦੀ ਹੋਰ ਤਾਣ ਦਿੱਤੀ।

*ਢੋਲਕ ਛੈਨਣ ਕੀ ਧੁਨਿ ਆਲੀ।*

ਕੀਰਤਨ, ਢੋਲਕ ਛੈਣਿਆ ਵਾਲੇ ਸਿੰਘ ਹੋਣਗੇ ਸਤਿਗੁਰੂ ਦੇ ਜਿਨ੍ਹਾਂ ਦੀ ਬਿਜਲੀ ਦੀ ਤਰ੍ਹਾਂ ਅਵਾਜ਼ ਗਰਜੇਗੀ।

*ਪਾਇ ਭੋਗ ਪੁਨ ਕੀਨ ਬਿਸਾਲੀ[੧੫]।।੩੮।।*

ਭੋਗ ਪਾਇਆ ਪ੍ਰੇਮ ਨਾਲ।

*ਆਦਿ ਹਵਨ ਸਾਰੀ ਮ੍ਰਿਯਾਦ।*

ਹਵਨ ਕਰਕੇ ਭੋਗ ਪਾਇਆ।

*ਭੋਗ ਪਏ ਤਿਆਰੀ ਪ੍ਰਸਾਦ।*

ਭੋਗ ਪਿਆ, ਕੜਾਹ ਪ੍ਰਸਾਦ ਦੀ ਤਿਆਰੀ ਹੋਈ ਵਰਤਣ ਦੀ।

*ਏਤੋ ਮੇਲ ਜਮਾਂ ਨਰ ਨਾਰੀ।*

ਇਤਨੇ ਇਸਤਰੀਆਂ ਪੁਰਸ਼ ਆਏ ਹੋਏ ਸੇ-

*ਅੰਤ ਨ ਪਰ ਹੈ ਬੇਸੁਮਾਰੀ।।੩੯।।*

ਜਿਨ੍ਹਾਂ ਦਾ ਅੰਤ ਨਹੀਂ ਸੀ ਆ ਸਕਦਾ—ਬੇਸ਼ੁਮਾਰ।

*ਜਿਤ ਕਿਤ ਆਦਮ ਹੀ ਦ੍ਰਿਸ਼ਟਾਵੈ।*

ਜਿਧਰ ਜਿਧਰ ਦੇਖੋ ਆਦਮੀ ਹੀ ਆਦਮੀ ਦਿਸਦੇ ਸਨ।

*ਪਾਇ ਧਰਨ ਕੋ ਜਾਇ ਨ ਪਾਵੈ।*

ਧਰਤੀ ਉੱਤੇ ਪੈਰ ਧਰਨ ਦੀ ਜਗ੍ਹਾ ਨਹੀਂ ਸੀ।

*ਸੰਸਾ ਤਬ ਭਾਈ ਮਨ ਧਰਾ।*

ਭਾਈ ਜੀ ਨੇ ਮਨ ਵਿੱਚ ਸੰਸਾ ਕੀਤਾ।

*ਪੰਚਾਮ੍ਰਿਤ ਤੌਂ ਥੋਰਾ ਕਰਾ।।੪੦।।*

ਭਾਈ ਹਰਮੀਤ ਸਿੰਘ ਦੇ ਚਿਤ 'ਚ ਆਇਆ ਬਈ, ਕੜਾਹ ਪ੍ਰਸਾਦ ਤਾਂ ਸਵਾਇਆ ਕੁ ਹੀ ਹੈ, ਸੰਗਤ ਬੜੀ ਆਈ ਹੋਈ ਹੈ।

*ਕੈਸੇ ਪਤਿ ਇਸਕੀ ਰਹਿ ਜਾਈ।*

ਏਸ ਸਿੱਖ ਦੀ ਪਤ ਕਿਸ ਤਰ੍ਹਾਂ ਰਹ੍ਹੇਗੀ।

*ਕਿਸ ਕਿਸ ਕੋ ਇਹ ਕੁਣਕਾ ਆਈ।*

ਇਹ ਕਿਹਨੂੰ-ਕਿਹਨੂੰ ਆਵੇਗਾ ਕੜਾਹ ਪ੍ਰਸਾਦ।

*ਆਦਮ ਕਈ ਸੈਂਕੜੇ ਦਿਸਦਾ।*

ਕਈ ਸੈਂਕੜੇ ਆਦਮੀ ਹੈ।

*ਗੁਰ ਕਿਮ ਰਾਖੇ ਪਰਦਾ ਇਸਦਾ।।੪੧।।*

ਸਤਿਗੁਰ, ਕਿਸ ਤਰ੍ਹਾਂ ਇਹਦਾ ਪਰਦਾ ਰਖਣਗੇ।

*ਪੰਚਾਮ੍ਰਿਤ ਤੌ ਪੂਰਾ ਆਵੈ।*

ਕੜਾਹ ਪ੍ਰਸਾਦ ਤਾਂ ਹੀ ਪੂਰਾ ਆ ਸਕਦਾ ਹੈ-

*ਜੌ ਸਤਿਗੁਰ ਕੋਈ ਬਰਕਤ ਪਾਵੈ।*

ਜੇ ਸਤਿਗੁਰੂ ਹੀ ਕੋਈ ਕਿਰਪਾ ਕਰਨ।

*ਸਬਦ ਭੋਗ ਸੰਗਤ ਜਬ ਪਾਯਾ।*

ਸਬਦ ਦਾ ਭੋਗ ਸੰਗਤ ਨੇ ਪਾਇਆ।

*ਤਬ ਗੁਰ ਸਾਚੇ ਹੁਕਮ ਸੁਣਾਯਾ।।੪੨।।*

ਸਤਿਗੁਰਾਂ ਨੇ ਹੁਕਮ ਦੇ ਦਿੱਤਾ।

*ਏਕ ਥਾਲ ਭਈ ਔਰ ਮੰਗਾਓ।*

ਇੱਕ ਥਾਲਾ ਹੋਰ ਮੰਗਾਓ ਭਾਈ।

*ਦੋਹਨ ਮੈ ਪੰਚਾਮ੍ਰਿਤ ਪਾਓ।*

ਦੋਹਾਂ ਵਿੱਚ ਪਾ ਲਓ ਕੜਾਹ ਪ੍ਰਸਾਦ।

*ਆਦਿ ਭੋਗ ਗੁਰ ਨਾਨਕ ਲੁਆਓ।*

ਪਹਿਲਾਂ ਭੋਗ ਰੱਖੋ ਬਾਟੇ ਵਿੱਚ ਕੜਾਹ ਪ੍ਰਸਾਦ, ਗੁਰੂ ਨਾਨਕ ਦੇ ਨਾਮ ਦਾ।

*ਗੁਰ ਦਰਯਾਵੈ ਕੋ ਪਹੁੰਚਾਓ।।੪੩।।*

ਬਾਟੇ ਦਾ ਕੜਾਹ ਪ੍ਰਸਾਦ, ਗੁਰੂ ਨਾਨਕ ਦਾ ਬਾਟਾ ਹੈ, ਹੋਰ ਨਾ ਕੋਈ ਖਿਆਲ ਕਰੇ ਬਈ, ਕਿਉਂ ਰੱਖਿਆ ਜਾਂਦਾ ਹੈ। ਫੇਰ ਗੁਰ ਦਰਿਆ ਕੜਾਹ ਪ੍ਰਸਾਦ ਜਾਵੇ।

*ਪੰਚ ਪਿਆਰਿਓਂ ਕੋ ਬਰਤਾਓ।*

ਫੇਰ ਪੰਜਾਂ ਪਿਆਰਿਆਂ ਨੂੰ ਦਿੱਤਾ ਜਾਏ।

*ਫਿਰ ਇਸ ਊਪਰ ਪਰਦਾ ਪਾਓ।*

ਇਹਦੇ ਉੱਤੇ ਪਰਦਾ ਪਾ ਦਿਓ, ਫੇਰ।

*ਮੂਰਤਿ ਸ੍ਰੀ ਗੁਰ ਧਾਰੋ ਧਿਆਨ।*

ਸਤਿਗੁਰੂ ਦੀ ਮੂਰਤੀ ਦਾ ਧਿਆਨ ਕਰਕੇ,

*ਦਿਹੁ ਵਰਤਾਇ ਸੰਤ ਲੋਕਾਨ।।੪੪।।*

ਪਹਿਲਾਂ ਸੰਤਾਂ ਨੂੰ, ਸਾਧ-ਸੰਗਤ ਨੂੰ ਵਰਤਾਓ, ਫਿਰ ਲੋਕਾਂ ਨੂੰ ਵਰਤਾਓ।

*ਦੋਇ ਦਿਸਾ ਤੇ ਦੋ ਸਿੰਘ ਬਾਟੋ।*

ਦੋ ਪਾਸਿਆਂ ਤੋਂ ਹੋ ਕੇ ਦੋ ਸਿੰਘ ਲੱਗੇ ਵਰਤਾਉਣ—ਇੱਕ ਨਾਮਧਾਰੀਆਂ ਨੂੰ, ਇੱਕ ਖੁਲ੍ਹਿਆਂ ਨੂੰ।

*ਸੁਧਾ ਦੇਗ ਮੈ ਨਹਿ ਕਿਛ ਘਾਟੋ।*

ਅੰਮ੍ਰਿਤ ਦੀ ਦੇਗ ਵਿੱਚ ਘਾਟਾ ਨਹੀਂ ਹੈ।

*ਸ੍ਰੀ ਗੁਰੂ ਨਾਨਕ ਦੀਨ ਦਿਆਲੂ।*

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ,

*ਤੋਟ ਨ ਗੁਰ ਪ੍ਰਸਾਦਿ ਬਸਾਲੂ।।੪੫।।*

ਗੁਰੂ ਨਾਨਕ ਦੇਵ ਦੀ ਕਿਰਪਾ ਨਾਲ ਕੋਈ ਤੋਟ ਨਹੀਂ ਆ ਸਕਦੀ।

*ਤਾ ਕੇ ਗ੍ਰਿਹਿ ਪਰਵਾਹ ਨ ਕਾਈ।*

ਉਹਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ।

*ਰਾਈ ਸਮ ਕਰਤੇ ਸਮ ਰਾਈ[੧੬]।*

ਜ਼ਰਾ ਦੇਖੋ, ਸੰਤ ਜੀ ਕਿਸ ਤਰ੍ਹਾਂ ਲਿਖਦੇ ਹਨ। ਕਹਿੰਦੇ ਹਨ—ਜਿਹੜੇ ਰਾਈ ਜੈਸੇ ਹਨ ਉਹਨਾਂ ਨੂੰ ਰਾਇ—ਰਾਜਿਆਂ ਵਰਗੇ ਸਤਿਗੁਰੂ ਕਰ

ਦਿੰਦੇ ਹਨ। ਰਾਈ ਨੂੰ ਰਾਇ ਬਣਾ ਦਿੰਦੇ ਹਨ।

*ਸਭ ਸਕਤੀ ਸ੍ਰੀ ਗੋਬਿੰਦ ਜੀ ਕੋ।*

ਸਭ ਸ਼ਕਤੀ ਗੁਰੂ ਦੀ ਹੈ—ਗੋਬਿੰਦ, ਅਕਾਲ ਪੁਰਖ ਦੀ ਸ਼ਕਤੀ ਹੈ।

*ਤੁਮ ਅਡੋਲ ਰਾਖੋ ਥਿਰ ਜੀ ਕੋ।।੪੬।।*

ਆਪਣੇ ਮਨ ਨੂੰ ਅਡੋਲ ਰੱਖੋ।

*ਊਪਰ ਸੇ ਪਰਦਾ ਮਤ ਲਾਹੋ।*

ਪਰਦਾ ਨਹੀਂ ਲਾਹੁਣਾ ਉੱਤੋਂ; ਲੰਗਰਾਂ ਵਿੱਚ ਭੀ ਸਤਿਗੁਰੂ ਦਾ ਹੁਕਮ ਹੈ, ਅਰਦਾਸ ਕਰਨ ਵੇਲੇ ਉੱਤੇ ਬਸਤਰ ਪਾ ਕੇ ਲੰਗਰ ਦੇ, ਪਰਸਾਦਿਆਂ ਤੇ, ਦਾਲਾ ਢੱਕ ਕੇ, ਕੜਾਹ ਪਰਸਾਦ ਉੱਤੋਂ ਪਰਦਾ ਨਹੀਂ ਲਾਹੁਣਾ।

*ਕਰ ਕੁਸਾਦ ਸਬਹਨ ਵਰਤਾਹੋ।*

ਖੁਸ਼ੀ ਨਾਲ, ਖੁੱਲ੍ਹੇ ਹੱਥ ਨਾਲ ਵਰਤਾਓ ਬੇਸ਼ਕ।

*ਗੁਰੂ ਮੰਤ੍ਰ ਕੌ ਕਰਕੇ ਯਾਦ।*

ਪਰ ਗੁਰ ਮੰਤ੍ਰ ਨਹੀਂ ਭੁਲਾਉਣਾ, ਜਾਪੁ ਕਰਦੇ ਰਹਿਣਾ।

*ਦੋਇ ਸਿਖ ਲੇ ਥਾਲ ਪ੍ਰਸਾਦ।।੪੭।।*

ਪ੍ਰਸਾਦ ਦੇ ਥਾਲ ਲੈ ਕੇ ਦੋ ਸਿੱਖ–

*ਆਗਿਆ ਮਾਨ ਸ੍ਰੀ ਗੁਰ ਪਾਵਨ।*

ਸਤਿਗੁਰੂ ਜੀ ਦੀ ਆਗਿਆ ਮੰਨਕੇ।

*ਇਕ ਰਸ ਕਰ ਲਾਗੇ ਬਰਤਾਵਨ।*

*ਇਕ ਰਸ*—ਇੱਕੋ ਜਿਹੀ ਦੇਗ, ਲਾਲਚ ਨਹੀਂ, ਆਪਣੇ ਨੂੰ ਬਿਗਾਨੇ ਨੂੰ ਦੇਖਿਆ ਨਹੀਂ, ਇੱਕੋ ਜਿਹਾ ਵਰਤਾਉਂਦੇ ਗਏ।

*ਦੀਨੋ ਹੋਕਾ ਊਚ ਹਕਾਰੇ।*

ਉੱਚੀ ਹੋਕਾ ਦਿੱਤਾ।

*ਭਜਨ ਕਰੋ ਜੇਤੇ ਨਰ ਨਾਰੇ।।੪੮।।*

ਸੰਤ ਭਗਤ ਸਿੰਘ ਹੁਰੀਂ ਵੀ ਕਦੇ ਕਦੇ, ਕੋਈ ਕੋਈ ਪੁਰਾਣੇ ਸਾਧ ਜਦੋਂ ਦੀਵਾਨ ਲੱਗਦਾ—ਸਾਧ ਸੰਗਤ ਜੀ ਨਾਮ ਜਪੋ, ਰਸਨਾ ਰੱਟ ਰੱਟ ਚਲਦੀਆਂ ਸਨ। ਹੁਣ ਕਦੇ ਕਦੇ ਏਥੇ ਨਿਤਨੇਮ 'ਚ ਬੈਠੇ ਵੀ ਦੇਖੀਦਾ

ਹੈ ਬੁੱਲ ਮੀਚੇ ਹੁੰਦੇ ਨੇ। ਸ਼ਰਮ ਨਾ ਕਰਿਆ ਕਰੋ। ਭਜਨ ਕਰਨਾ, ਤਾਂ ਲੋਕਾਂ ਵਿੱਚ ਗੱਲ ਮਸ਼ਹੂਰ ਸੀ—ਕੂਕੇ ਇਉਂ ਭਜਨ ਕਰਦੇ ਨੇ ਜਿਵੇਂ ਬੱਕਰੀ ਉਗਾਲੀ ਕਰਦੀ ਹੈ। ਲੋਕਾਂ 'ਚ ਇਹ ਗੱਲ ਸੀ, ਪਰ ਜੇ ਲੋਕਾਂ ਦੇ ਮਿਹਣਿਆਂ ਤੋਂ ਡਰ ਕੇ, ਫੇਰ ਇਸ਼ਕ ਨਹੀਂ ਪੁੱਗਦਾ, ਪ੍ਰੇਮ ਨਹੀਂ ਰਹਿੰਦਾ। ਪ੍ਰੇਮ ਵਾਸਤੇ ਰਸਤਾ ਹੀ ਇੱਕੋ ਹੈ, ਕਿ ਕੋਈ ਕੁਛ ਆਖੇ—

**ਕੋਈ ਭਲਾ ਕਹਉ ਭਾਵੈ ਬੁਰਾ ਕਹਉ**
**ਹਮ ਤਨੁ ਦੀਓ ਹੈ ਢਾਰਿ।।**

*– ਦੇਵਗੰਧਾਰੀ ਮ:੧, ਪੰਨਾ-੫੨੮*

**ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ।।**
**ਤਨੁ ਮਨੁ ਰਾਮ ਪਿਆਰੇ ਜੋਗੁ।।**

*– ਭੈਰਉ ਨਾਮਦੇਉ ਜੀ, ਪੰਨਾ-੧੧੬੪*

—ਤਾਂ ਹੀ ਉਸਦੇ ਬਣ ਸਕੀਦਾ ਹੈ।

*ਬੈਠੇ ਰਹੋ ਸਭ ਕੋ ਮਿਲ ਜਾਵੇ।*
*ਕੋਇ ਨ ਉਠੋ ਕਹਿਤ ਬਰਤਾਵੇ।*
*ਸਤਿ ਸ੍ਰੀ ਆਕਾਲ ਜੈਕਾਰਾ।*
*ਊਚੇ ਗਾਜਤ ਬਾਰੰ ਬਾਰਾ।।੪੯।।*
*ਮਨੋਂ ਅਧ੍ਰਮ ਕੋ ਕਹਿਤ ਪਲਾਓ।*
*ਗੁਰੂ ਪੰਥ ਕੇ ਨਿਕਟ ਨ ਆਓ।*
*ਜੋ ਆਓ ਤੌਂ ਜਾਣ ਨ ਪਾਓ।*
*ਸ੍ਰੀ ਅਕਾਲ ਬਲ ਮਾਰੇ ਥਾਓ।।੫੦।।*
*ਇਮ ਪੰਚਾਮ੍ਰਿਤ ਬਾਂਟਿਓ ਸਾਰੇ।*

ਸਾਰੇ ਕੜਾਹ ਪ੍ਰਸਾਦ ਵਰਤ ਗਿਆ।

*ਪੁਨਾ ਥਾਲ ਲਿਆਇ ਜੁਗ ਪਿਆਰੇ।*

ਦੋਏ ਥਾਲਾਂ ਵਾਲੇ ਸਤਿਗੁਰਾਂ ਦੇ ਪਾਸ ਆ ਗਏ।

## ਨਿਹੰਗ ਸਿੰਘ ਤੇ ਕਿਰਪਾ

*ਏਕ ਨਿਹੰਗ ਸਿੰਘ ਅਯੋ ਪਿਛਾਰੀ।*
ਇੱਕ ਨਿਹੰਗ ਸਿੰਘ ਆਇਆ ਪਿੱਛੋਂ।
*ਲੋਟਾ ਇਕ ਕਰ ਬੀਚ ਝੁਲਾਰੀ।।੫੧।।*
ਹੱਥ ਵਿੱਚ ਗੜਵਾ ਜਿਸਦੇ ਫੜਿਆ ਹੋਇਆ ਹੈ ਇੱਕ।
*ਰਸੀ ਸੇ ਨੀਚੇ ਲਟਕਾਯਾ।*
ਰਸੀ ਬੰਨ੍ਹ ਕੇ ਲਟਕਾਈ ਆਉਂਦਾ ਹੈ ਗੜਵੇ ਨੂੰ।
*ਗੁਰ ਆਗੇ ਤਿਨ ਸੀਸ ਨਿਵਾਯਾ।*
ਸਤਿਗੁਰਾਂ ਦੇ ਅੱਗੇ ਸਿਰ ਨਿਵਾ ਦਿੱਤਾ।
*ਬੈਠ ਗਯੋ ਜਬ ਗੁਰ ਕੇ ਪਾਹਿ।*
ਜਦੋਂ ਸਤਿਗੁਰਾਂ ਦੇ ਕੋਲ ਬੈਠ ਗਿਆ।
*ਬੋਲੇ ਇਸ ਕੋ ਦੇਹੁ ਕੜਾਹਿ।।੫੨।।*
ਕਹਿੰਦੇ ਹਨ ਇਹਨੂੰ ਕੜਾਹ ਪ੍ਰਸਾਦ ਦਿਓ।
*ਲੋਟਾ ਕਰ ਦੇਵੋ ਇਸ ਪੂਰਨ।*
ਇਹਦਾ ਭਰ ਦਿਓ ਭਾਈ ਗੜਵਾ।
*ਅਨੰਦ ਕਰੋ ਨਿਹੰਗ ਸਿੰਘ ਤੂਰਨ[੧੭]।*
ਨਿਹੰਗ ਸਿੰਘ ਨੂੰ ਅਨੰਦ ਕਰਕੇ ਛਕਾਓ।
*ਮਾਨ ਵਾਕ ਲੋਟਾ ਤਿਸ ਲੀਨਾ।*
ਮਨ ਕੇ ਬਚਨ, ਉਹਦਾ ਫੜ ਕੇ ਗੜਵਾ-
*ਤੁਰਤ ਖਾਲਸੇ ਭਰਪੁਰ ਕੀਨਾ।।੫੩।।*
ਭਰਪੂਰ ਕਰ ਦਿੱਤਾ।
*ਚਾਇ ਉਤਾਰਿਓ ਪਰਦਾ ਜਬ ਹੀ।*
*ਬਾਕੀ ਜੁਗ ਥਾਲੋਂ ਮੈਂ ਤਬ ਵੀ।*
*ਪਾਨ ਕੁਸਾਦ ਬਰਤ ਗਿਓ ਸਾਰਾ।*
*ਮੈਂ ਬਿਸਮੇਂ ਮਨ ਹੋਇਸ ਭਾਰਾ।।੫੪।।*

*ਕਛੁ ਪ੍ਰਸਾਦ ਪਰਾ ਤਬ ਬੋਲੇ।*
*ਗ੍ਰਿਹਿ ਵਾਲੇ ਕੋ ਦੈ ਦਿਹੁ ਸੋ ਲੈ।*
*ਦੀਏ ਸਿੰਘਨ ਥਾਲ ਪੁਚਾਇ।*
*ਗੁਰੂ ਰਾਮ ਸਿੰਘ ਆਗਿਆ ਪਾਇ।।੫੫।।*
*ਕਹੇ ਹਰਮੀਤ ਸਿੰਘ ਇਸ ਬੈਨ।*

ਹਰਮੀਤ ਸਿੰਘ ਜੀ ਕਹਿੰਦੇ ਹਨ—ਮੈਂ ਦੇਖਿਆ ਇਸ ਤਰ੍ਹਾਂ ਬਚਨ ਕਰਦਾ—

*ਕੌਤਕ ਗੁਰ ਦੇਖਾ ਨਿਜ ਨੈਨ।*

ਮੈਂ ਗੁਰੂ ਜੀ ਦਾ ਇਹ ਕੌਤਕ, ਮੈਂ ਅੱਖੀਂ ਦੇਖਿਆ ਹੈ।

*ਸੁਣੀਏ ਪ੍ਰੇਮੀ ਜਨ ਮ੍ਰਿਗ ਰਾਈ।*

ਹੇ ਭਾਈ ਖਾਲਸਿਓ ! ਸੁਣੋ ਪ੍ਰੇਮ ਨਾਲ।

*ਲੋਟਾ ਪੂਰ ਨਿਹੰਗ ਸਿੰਘ ਤਾਈ।।੫੬।।*

ਨਿਹੰਗ ਸਿੰਘ ਦਾ ਗੜਵਾ ਭਰਿਆ ਗਿਆ।

*ਮਿਲਾ ਜਬੈ ਖੁਸ ਉਪਮਾ ਗਾਈ।*

ਮਿਲਿਆ ਕੜਾਹ ਪ੍ਰਸਾਦ, ਖੁਸ਼ ਹੋਇਆ, ਉਪਮਾ ਕਰਦਾ ਹੈ।

*ਵਾਹਵਾ ਗੁਰੂ ਰਾਮ ਸਿੰਘ ਰਾਈ।*

—ਧੰਨ ਹੈਂ ਸਤਿਗੁਰੂ ਰਾਮ ਸਿੰਘ, ਤੂੰ ਸੱਚਾ ਪਾਤਸ਼ਾਹ !

*ਮੂਰਤਿ ਧਰਮ ਦਯਾ ਨਿਧਿ ਹੇਰੀ।*

ਤੂੰ ਧਰਮ ਦੀ ਮੂਰਤ, ਦਇਆ ਦਾ ਸਮੁੰਦਰ ਹੈਂ।

*ਪਰੇ ਸਰਨ ਮਿਟ ਭੌਜਲ ਫੇਰੀ।।੫੭।।*

ਜੋ ਤੇਰੀ ਸਰਨ ਪਵੇ, ਉਹਦੇ ਭਵਜਲ ਦੇ ਫੇਰੇ ਮਿਟ ਜਾਂਦੇ ਹਨ।

*ਤੁਹੀ ਤੁਹੀ ਗੋਬਿੰਦ ਸਿੰਘ ਪਿਆਰਾ।*

ਗੋਬਿੰਦ ਸਿੰਘ ਭੀ ਤੁਹੀ ਸੈਂ।

*ਸਤਿ ਆਜ ਨਿਜ ਨੈਨ ਨਿਹਾਰਾ।*

ਮੈਂ ਅੱਖਾਂ ਨਾਲ ਦੇਖ ਲਿਆ।

*ਤੂੰ ਸੰਗਤਿ ਕੋ ਵਾਲੀ ਸ੍ਵਾਮੀ।*

ਤੂੰ ਸੰਗਤ ਦਾ ਵਾਲੀ ਹੈਂ, ਸੁਆਮੀ ਜੀ।

*ਸਭ ਘਟਿ ਘਟਿ ਕੇ ਅੰਤਰ ਜਾਮੀ।।੫੮।।*

ਤੂੰ ਸਾਰੀਆਂ ਘਟਾਂ ਦੀ ਅੰਦਰ ਦੀ ਜਾਣਦਾ ਹੈਂ।

*ਮੇਰੇ ਮੰਨ ਮੇਂ ਥੀ ਇਮ ਫੁਰੀ।*

ਮੇਰੇ ਮਨ ਵਿੱਚ ਇਹ ਆਈ ਸੀ।

*ਯਾਦ ਆਏ ਸ੍ਰੀ ਗੋਬਿੰਦ ਹਰੀ।*

ਮੈਨੂੰ ਗੱਲ ਇਹ ਯਾਦ ਆਈ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹੁੰਦੇ ਸੀ—ਕਿ ਨਿਹੰਗ ਸਿੰਘ ਸਾਡੀਆਂ ਲਾਡਲੀਆਂ ਫੌਜਾਂ ਹਨ।

*ਸਿੰਘ ਨਿਹੰਗਨ ਸਾਥ ਪਿਆਰ।*

ਨਿਹੰਗਾਂ ਸਿੰਘਾਂ ਨਾਲ ਉਹਨਾਂ ਦਾ ਪਿਆਰ ਸੀ।

*ਥੇ ਕਰਤੇ ਵੁਹ ਕਿਰਪਾ ਧਾਰ।।੫੯।।*

ਉਹ ਕਿਰਪਾ ਕਰਦੇ ਸੀ। ਉਹ ਪਤਾ ਨਹੀਂ ਲੱਗਦਾ, ਇੱਕ ਸਲੋਕ ਲਿਖਿਆ ਹੈ ਮਹਾਰਾਜ ਨੇ ਬਾਣੀ 'ਚ—

**ਸਜਣੁ ਮੈਡਾ ਚਾਈਆ[੧੮],**

ਉੱਥੇ ਚਾਇਏ ਪਾਠ ਨਹੀਂ, ਚੱਚੇ ਦੇ ਅੱਗੇ, 'ੲ' ਹੈ, 'ੲ' ਦੇ ਅੱਗੇ, 'ਅ' ਨੂੰ ਕੰਨਾ ਹੈ।

**ਸਜਣੁ ਮੈਡਾ ਚਾਈਆ**—ਖੁਸ਼ ਰਹਿਣਾ, ਹਰ ਵਕਤ ਚਾਅ ਵਾਲਾ ਹੈ, ਕਿਉਂਕਿ ਉਹ ਸਤਿ ਹੈ, ਉਹ ਚੇਤਨ ਹੈ, ਉਹ ਆਨੰਦ ਹੈ। ਅਨੰਦ ਰੂਪ ਜੋ ਸਤਿਗੁਰੂ ਹੈ—**ਸਜਣੁ ਮੈਡਾ ਚਾਈਆ**। ਉਹ ਕਿਹੋ ਜਿਹਾ ਹੈ—ਕਹਿੰਦੇ ਹਨ–

**ਹਭ[੧੯] ਕਹੀ ਦਾ ਮਿਤੁ।।**
**ਹਭੇ ਜਾਣਨਿ ਆਪਣਾ ਕਹੀ ਨ ਠਾਹੇ[੨੦] ਚਿਤੁ।।**

*– ਡਖਣ ਮ:੫, ਪੰਨਾ–੧੦੯੬*

ਸਾਰੇ ਉਹਨੂੰ ਆਪਣਾ ਜਾਣਦੇ ਨੇ, ਉਹ ਕਿਸੇ ਦਾ ਚਿਤ ਨਹੀਂ ਢਾਹੁੰਦਾ। ਤਾਂ ਉਹ ਸਤਿਗੁਰੂ ਰਾਮ ਸਿੰਘ, ਗੁਰੂ ਗੋਬਿੰਦ ਸਿੰਘ—ਨਿਹੰਗਾਂ ਨੂੰ, ਸਿੰਘਾਂ ਨੂੰ ਏਹੋ ਪਤਾ ਸੀ ਬਈ, ਸਾਡਾ ਹੀ ਉਹ ਪਿਆਰਾ ਹੈ, ਪਰ

ਉਹ ਸਭ ਦਾ ਹੀ ਪਿਆਰਾ ਸੀ। ਉਹ ਸੈਦ ਖਾਨ ਮਾਰਨ ਵਾਸਤੇ ਆਉਂਦਾ ਹੈ। ਸਾਹਮਣੇ ਆ ਕੇ ਖੜਾ ਹੁੰਦਾ ਹੈ ਤੇ ਜਿਸ ਵੇਲੇ-

*ਯਕ ਨਿਗਾਹਿ ਜਾਂ ਫਜ਼ਾਇਸ਼ ਬਸ ਬਵਦ ਦਰਕਾਰਿਮਾ।*

ਉਹ ਉੱਥੇ ਹੀ ਖਤਮ ਹੋ ਗਿਆ, ਚਰਨੀ ਆ ਲੱਗਦਾ ਹੈ। ਉਹ ਉਨ੍ਹਾਂ ਦਾ ਹੀ ਪਿਆਰਾ ਹੈ।

*ਪੰਚਾਮ੍ਰਿਤ ਸੁ ਰਜਾਇ ਛਕਾਵਤ।*

ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਨਿਹੰਗ ਸਿੰਘਾਂ ਨੂੰ ਕੜਾਹ ਪ੍ਰਸਾਦ ਰੱਜਵਾਂ ਮਿਲਦਾ ਸੀ।

*ਮਨ ਭਾਵਤ ਤਿਨ ਦੇਗ ਲੁਟਾਵਤ।*

ਸਤਿਗੁਰੂ ਉਹਨਾਂ ਨੂੰ ਕਹਿੰਦੇ ਸੀ—ਲੁੱਟ ਲਓ ਨਿਹੰਗੋ ਸਿੰਘੋ।

*ਤਾਤੀ ਵਾਉ ਨ ਲਾਗਨ ਦੇਤ।*

ਤਤੀ ਵਾ ਨਹੀਂ ਸਨ ਲੱਗਣ ਦਿੰਦੇ।

*ਸਮ ਸੁਤ ਰਾਖਤ ਸਦਾ ਸੁਚੇਤ।।੬੦।।*

ਪੁੱਤਰਾਂ ਦੀ ਤਰ੍ਹਾਂ ਨਿਹੰਗ ਸਿੰਘਾਂ ਨੂੰ ਸਤਿਗੁਰੂ ਰੱਖਦੇ ਸਨ।

*ਜੌ ਇਹ ਭੀ ਅਜ ਕਰੇਂ ਪ੍ਰਸੰਨ।*

ਜੇ ਮੈਨੂੰ ਇਹ ਭੀ ਅੱਜ ਪ੍ਰਸੰਨ ਕਰਕੇ ਕੜਾਹ ਪ੍ਰਸਾਦ ਛਕਾਉਣਗੇ-

*ਤੌ ਮੈਂ ਲਖੋਂ ਰੂਪ ਸੋ ਮੰਨ।*

ਮੈਂ ਜਾਣਾਂਗਾ ਬਈ ਇਹ ਉਹੀ ਗੁਰੂ ਗੋਬਿੰਦ ਸਿੰਘ ਹੈ।

*ਮੋ ਮਨ ਕੀ ਜਾਣੀ ਪ੍ਰਭ ਆਪ।*

ਏਥੇ ਹੁਣ ਮੈਨੂੰ ਪ੍ਰਸੰਗ ਯਾਦ ਆ ਗਿਆ ਹੈ। ਬਹੁਤ ਸਾਰੇ ਨਾਮਧਾਰੀ ਸਿੱਖ, ਸੱਚੇ ਪਾਤਸ਼ਾਹ ਦੇ ਪਰਦੇਸ ਜਾਣ ਤੋਂ—ਸਤਿਗੁਰੂ ਰਾਮ ਸਿੰਘ ਦੇ—ਭੈਣੀ ਸਾਹਿਬ ਜਾਣਾ ਛੱਡ ਬੈਠੇ। ਸਤਿਗੁਰਾਂ ਦਰਸ਼ਨ ਦੇ ਕੇ, ਉਨ੍ਹਾਂ ਨੂੰ ਆਖਿਆ—ਜਾਓ। ਔਰ ਉਨ੍ਹਾਂ ਇਹ ਚਿਤ 'ਚ ਧਾਰੀ ਕਿ ਗੁਰੂ ਹਰੀ ਸਿੰਘ ਦਾ ਦਰਸ਼ਨ ਜੇ ਸਤਿਗੁਰੂ ਰਾਮ ਸਿੰਘ ਦਾ ਦਰਸ਼ਨ ਹੋਵੇ ਤਾਂ ਅਸੀਂ ਮੰਨਾਂਗੇ। ਉਹ ਜਿਸ ਵੇਲੇ ਗਏ—ਜਿਸ ਤਰ੍ਹਾਂ ਹਨੂਮਾਨ ਨੂੰ ਰਾਮ ਚੰਦਰ ਜੀ ਤੇ ਲਛਮਣ ਜੀ ਬਣਕੇ ਤੇ ਮਰਦਾਨਾ ਸੀਤਾ ਬਣ ਕੇ ਗੁਰੂ ਨਾਨਕ ਨੇ

ਦਿਖਾਇਆ ਸੀ, ਉਹਨਾਂ ਨੂੰ ਇਸੇ ਤਰ੍ਹਾਂ ਦਰਸ਼ਨ ਹੋਇਆ। ਬਾਬਾ ਲਾਲ ਸਿੰਘ ਜੀ ਲਤਾਲੀਏ, ਮੈਨੂੰ ਲੱਗੇ ਦੱਸਣ,''ਮੈਂ ਕਈ ਸਾਲ ਨਾ ਗਿਆ, ਸਤਿਗੁਰਾਂ ਦਾ ਦਰਸ਼ਨ ਹੋਇਆ ਦ੍ਰਿਸ਼ਟਾਂਤ 'ਚ। ਮੈਂ ਸਤਿਗੁਰਾਂ ਦੇ ਅੱਗੇ ਦੋ ਰੁਪੱਈਏ ਮੱਥਾ ਟੇਕੇ—ਪਿੱਛੇ ਹਟ ਗਏ। ਕਹਿੰਦੇ—ਅਸੀਂ ਨਹੀਂ ਤੇਰੇ ਰੁਪੱਈਏ ਲੈਣੇ।''

ਕਿਉਂ ?

ਕਹਿੰਦੇ,''ਜੇ ਰੁਪੱਈਏ ਮੱਥਾ ਟੇਕਣੇ ਨੇਂ ਤਾਂ ਉੱਥੇ ਗੁਰੂ ਹਰੀ ਸਿੰਘ ਜੀ ਦੇ ਅੱਗੇ ਜਾ ਕੇ ਟੇਕ।''

ਕਹਿੰਦੇ,''ਮੈਂ ਆਇਆ। ਜਿਸ ਵੇਲੇ ਮੈਂ ਆਇਆ, ਮੱਥਾ ਟੇਕਿਆ। ਮੈਨੂੰ (ਗੁਰੂ ਹਰੀ ਸਿੰਘ ਜੀ) ਕਹਿੰਦੇ—ਭਾਈ ਲਾਲ ਸਿਹਾਂ ਤੈਨੂੰ ਅਸੀਂ ਬੜੇ ਚਿਰ ਦੇ ਯਾਦ ਕਰਦੇ ਸੀ।''

ਤਾਂ ਇਹ ਇੱਕ ਕੁਦਰਤੀ ਗੱਲ ਹੈ—

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ।।**

*– ਆਸਾ ਮ:੪, ਪੰਨਾ–੧੧*

ਜਾਣ ਕੇ ਭੀ, ਭਾਈ ਗੁਰਦਾਸ ਵਰਗੇ ਭੁੱਲ ਗਏ। ਭਜਨ ਕਰਕੇ, ਸੰਤ ਬਣਕੇ, ਨਾਮ ਜਪਕੇ, ਫੇਰ ਧੋਖਾ ਖਾ ਜਾਂਦੇ ਨੇ। ਤਾਂ ਏਸੇ ਤਰ੍ਹਾਂ ਹੀ ਉਨ੍ਹਾਂ ਨਾਮਧਾਰੀਆਂ ਨੇ, ਗੁਰੂ ਹਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਦਾ ਰੂਪ ਮੰਨਿਆ, ਜਦੋਂ ਉਹਨਾਂ ਨੂੰ ਉਸੇ ਤਰ੍ਹਾਂ ਹੀ ਦਿਖਾਇਆ। ਬਾਬਾ ਸਮੁੰਦ ਸਿੰਘ ਜੀ ਖੋਟਿਆਂ ਵਾਲੇ, ਬੜੇ ਮਹਾਂਪੁਰਖ ਸੇ। ਸਤਿਗੁਰਾਂ ਨੇ ਉੱਥੋਂ ਹੁਕਮਨਾਮੇ 'ਚ ਲਿਖਿਆ—ਕਿ ਭਾਈ ਸਮੁੰਦ ਸਿੰਘ ਜੋ ਤੈਂ ਪਰਉਪਕਾਰ ਕੀਤਾ ਹੈ, ਮੈਂ ਤੇ ਕਿਹਾ ਨਹੀਂ ਜਾਂਦਾ, ਜਿਹੜੇ ਪਾਠ ਕਰਵਾਏ, ਇਕੋਤਰ ਸੌ ਉਹਨਾਂ ਨੇ ਤਖਤੂ ਪੂਰੇ। ਭੈਣੀ ਸਾਹਿਬ ਗਏ, ਲੱਗੇ ਜਾ ਕੇ ਗੁਰੂ ਹਰੀ ਸਿੰਘ ਜੀ ਨੂੰ ਬਚਨ ਕਰਨ—ਤੂੰ ਐ ! ਤੂੰ ਐ ! ਆਪਣੇ ਸੁਭਾਅ 'ਚ ਆ ਕੇ, ਸੂਬੇ ਸਨ ਸਤਿਗੁਰਾਂ ਦੇ। ਗੁਰੂ ਹਰੀ ਸਿੰਘ ਜੀ ਨੇ ਇੱਕ ਬਚਨ ਕੀਤਾ। ਚਰਨੀ ਡਿੱਗ ਕੇ ਕਹਿੰਦੇ,''ਸੱਚਿਆ ਪਾਤਸ਼ਾਹ ! ਗੁਰੂ ਰਾਮ ਸਿੰਘ ਦਾ ਤਾਂ ਕੁਛ ਪਤਾ ਲੱਗ ਜਾਂਦਾ ਸੀ, ਤੇਰੇ ਡੂੰਘ ਦੀ ਸਾਨੂੰ ਸਮਝ ਹੀ ਕੁਛ ਨਹੀਂ

ਆਈ।''

ਇਹ ਭਾਈ ਖਜਾਨ ਸਿੰਘ ਹੁਰੀ ਖੋਟਿਆਂ ਵਾਲੇ ਜਿਨ੍ਹਾਂ ਸਤਿਗੁਰਾਂ ਦੇ ਭੀ ਦਰਸ਼ਨ ਕੀਤੇ, ਜਿਨ੍ਹਾਂ ਨੂੰ ਹੁਕਮਨਾਮਿਆਂ 'ਚ ਲਿਖਿਆ—ਦੁਸ਼ਾਲਾ ਦੇਣਾ ਸੁੰਦਰ ਸਿੰਘ ਨੂੰ—ਹੁਕਮਨਾਮੇ 'ਚ ਲਿਖਿਆ ਹੈ। ਉਹ ਸੁੰਦਰ ਸਿੰਘ ਦੇ ਪੁੱਤਰ ਨਾਲ ਬਾਬੇ ਸਮੁੰਦ ਸਿੰਘ ਹੁਰਾਂ ਨੂੰ ਲੈ ਕੇ ਗਏ। ਜਾ ਕੇ ਕਹਿਣ ਲੱਗੇ—ਰਾਮਸਰ ਬੋਹੜ ਹੇਠ ਬੈਠਿਆਂ, ਤਲਾਅ ਦੇ ਕੰਢੇ—ਆਖਣ ਲੱਗੇ,''ਸੱਚੇ ਪਾਤਸ਼ਾਹ ਉਨ੍ਹਾਂ ਦਾ ਕੁਛ ਅੰਤ ਆਉਂਦਾ ਸੀ, ਤੇਰਾ ਸਾਨੂੰ ਕੋਈ ਪਤਾ ਨਹੀਂ ਲੱਗਦਾ।'' ਉਹ ਬਾਬੇ ਸਮੁੰਦ ਸਿੰਘ ਹੁਰੀਂ ਫਿਰ ਚਰਨਾਂ ਉੱਤੇ ਡਿੱਗੇ ਜਾ ਕੇ। ਤਾਂ ਕਹਿੰਦੇ ਨੇ,''ਮੈਂ ਤਾਂ ਮੰਨਾਗਾਂ ਜੇ ਮੇਰਾ ਲੋਟਾ ਭਰਿਆ ਜਾਏ, ਫਿਰ ਮੇਰੇ ਉੱਤੇ ਤੁਸਾਂ ਕਿਰਪਾ ਕੀਤੀ ਹੈ।''

*ਮੋ ਮਨ ਕੀ ਜਾਣੀ ਪ੍ਰਭ ਆਪ।*

ਮੇਰੇ ਮਨ ਦੀ ਤੁਸਾਂ ਜਾਣ ਲਈ ਹੈ।

*ਸੰਸਾ ਭੂਖ ਮਿਟਾਯੋ ਤਾਪ।।੯੧।।*

ਸੰਸਾ ਮਿਟਾ ਦਿੱਤਾ; ਭੁੱਖ ਮਿਟਾ ਦਿੱਤੀ; ਤਾਪ ਮਿਟਾ ਦਿੱਤਾ।

*ਮੈਂ ਜਾਨੀ ਕਲਗੀਧਰ ਮੂਰਤਿ।*

ਮੈਂ ਜਾਣਿਆਂ ਤੂੰ ਗੁਰੂ ਗੋਬਿੰਦ ਸਿੰਘ ਹੈਂ।

*ਉਤ ਛਡਾਇ ਇਤਿ ਭਾਵਨ ਪੂਰਤਿ।*

ਪਰਲੋਕ ਵਿੱਚ ਭੀ ਤੂੰ ਛਡਾਉਂਦਾ ਹੈ; ਏਥੇ ਭਾਵਨਾਂ ਪੂਰੀਆਂ ਕਰਦਾ ਹੈ।

*ਆਜ ਭਾਗ ਮੇਰੇ ਭਏ ਧੰਨ।*

ਮੇਰੇ ਅੱਜ ਧੰਨ ਭਾਗ ਹੋ ਗਏ ਹਨ।

*ਗੋਬਿੰਦ ਮਿਲੇ ਹੁਲਾਸੀ ਤੰਨ।।੯੨।।*

ਗੋਬਿੰਦ ਮਿਲ ਗਿਆ ਮੈਨੂੰ, ਅਕਾਲ ਪੁਰਖ ਮਿਲ ਗਿਆ, ਮੇਰਾ ਸਰੀਰ ਹੁਲਾਸ ਵਿੱਚ, ਅਨੰਦ ਵਿੱਚ ਆ ਗਿਆ।

*ਦਰਸ ਆਪ ਕੋ ਜੋ ਜਨ ਪਾਵੈ।*

ਜੋ ਕੋਈ ਤੇਰਾ ਦਰਸ਼ਨ ਕਰੇਗਾ ਸੱਚੇ ਪਾਤਸ਼ਾਹ !

*ਮਾਨਸ ਜਨਮ ਸੋਇ ਸੁਫਲਾਵੈ।*

ਮਨੁੱਖਾ ਦੇਹ ਉਹਦੀ ਸੁਫਲ ਹੋਵੇਗੀ।

*ਸਭ ਪਰ ਦਯਾ ਦ੍ਰਿਸਟਿ ਪ੍ਰਭ ਰਾਖਤ।*

ਸਾਰਿਆਂ ਉੱਤੇ ਸਤਿਗੁਰੂ ਦਇਆ ਦ੍ਰਿਸ਼ਟੀ ਰੱਖਦੇ ਹਨ।

*ਬਿਨਾ ਨਾਮ ਅਨ ਸ੍ਵਾਦ ਨ ਚਾਖਤ।।੬੩।।*

ਬਿਨਾ ਨਾਮ ਤੋਂ ਹੋਰ ਕੋਈ ਸਵਾਦ ਨਹੀਂ।

*ਦੇਖੀ ਉਤਮ ਮੂਰਤਿ ਬਾਂਕੀ।*

ਤੇਰੀ ਸੁੰਦਰ ਮੂਰਤਿ ਉੱਤਮ ਦੇਖੀ ਹੈ।

*ਭਜਨ ਬਿਨਾਂ ਨਹਿ ਪ੍ਰੀਤੀ ਜਾਂਕੀ।*

ਜਿਨ੍ਹਾਂ ਦੀ ਬਿਨਾ ਭਜਨ ਤੋਂ ਕਿਸੇ ਚੀਜ਼ ਨਾਲ ਪ੍ਰੀਤੀ ਨਹੀਂ।

*ਪੂਰੀ ਆਸਾ ਮਨਸਾ ਮੋਰੀ।*

ਮੇਰੀ ਆਸਾ ਮਨਸਾ ਪੂਰੀ ਹੋ ਗਈ।

*ਨਹਿ ਵਿਸਰੇ ਅਬ ਸੂਰਤਿ ਤੇਰੀ।।੬੪।।*

ਹੁਣ ਤੂੰ ਨਾ ਮੈਨੂੰ ਵਿਸਰੇਂ। ਮੇਰੇ ਅੰਦਰ ਤੂੰ ਨਿਵਾਸ ਕਰ।

ਸੂਰਦਾਸ ਨੂੰ ਦਰਸ਼ਨ ਦਿੱਤਾ, ਕਹਿੰਦੇ ਨੇ,''ਮੰਗ।''

ਕਹਿੰਦਾ,''ਹੁਣ ਅੱਖਾਂ ਫੇਰ ਬੰਦ ਕਰ ਦੇ। ਜਿੰਨ੍ਹਾਂ ਅੱਖਾਂ ਨੇ ਤੈਨੂੰ ਦੇਖ ਲਿਆ ਹੈ, ਹੁਣ ਨਾ ਕੁਛ ਹੋਰ ਦੇਖਣ।''

**ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ।।**

*– ਪੰਨਾ–੧੩੧੮*

ਦਿਵਾਨ ਨੰਦ ਲਾਲ ਜੀ ਕਹਿੰਦੇ ਹਨ—ਜੇ ਮੈਂ ਕੋਈ ਹੋਰ ਚੀਜ਼ ਮੰਗਦਾ ਹਾਂ ਤਾਂ ਤਨਖਾਹੀਆ ਹਾਂ ਤੇਰਾ, ਹੇ ਗੁਰੂ ਗੋਬਿੰਦ ਸਿੰਘ ਜੇ ਤੇਰੇ ਬਿਨਾਂ ਮੈਂ ਕੁਛ ਹੋਰ ਦੇਖਦਾ ਹਾਂ।

*ਦੋਹਰਾ। ਏਕ ਰਸਨ ਕਿਆ ਕਹਿ ਸਕੋਂ ਸੇਸ ਨ ਪਾਵੈ ਪਾਰ।*

ਇੱਕ ਰਸਨਾ ਨਾਲ ਤੇਰੀ ਸਿਫਤ ਕਿਵੇਂ ਹੋਏ, ਸ਼ੇਸ਼ਨਾਗ ਨੂੰ ਨਹੀਂ ਪਤਾ ਲੱਗਾ ਅਜੇ ਤੱਕ।

*ਇਮ ਕਹੀਂ ਮੁਖੋਂ ਨਿਹੰਗ ਸਿੰਘ ਤੂੰ ਪੂਰਨ ਅਵਤਾਰ।।੬੫।।*

ਨਿਹੰਗ ਸਿੰਘ ਨੇ ਕਿਹਾ,''ਤੂੰ ਅਕਾਲ ਪੁਰਖ ਅਵਤਾਰ ਧਾਰ ਕੇ ਆਇਆ ਹੈਂ।''

*ਸਿੰਘ ਹਰਮੀਤ ਉਪਮਾ ਕਰੀ ਧੰਨ ਗੁਰ ਦੇਵਨ ਦੇਵ।*

ਹਰਮੀਤ ਸਿੰਘ ਜੀ ਨੇ ਸਿਫਤ ਕੀਤੀ—ਧੰਨ ਹੈ ਸਤਿਗੁਰੂ, ਜੋ ਦੇਵਾਂ ਨੂੰ ਭੀ, ਪ੍ਰਕਾਸ਼ ਨੂੰ ਪ੍ਰਕਾਸ਼ ਦੇਣ ਵਾਲਾ ਹੈ।

*ਆਇ ਰਸੋਈਏ ਇਤੇ ਕੋ ਕਰੀ ਅਰਜ ਨਿੰਮ੍ਰੇਵੇ।।੬੬।।*★੨

ਹੁਣ ਰਸੋਈਏ ਨੇ ਅਰਜ਼ ਕਰ ਦਿੱਤੀ, ਆਹ ਲੰਗਰ ਹੁਣ, ਫੇਰ ਜਦੋਂ ਸਤਿਗੁਰੂ ਵਰਤਾਉਣਗੇ ਛਕਾਂਗੇ। ਹੁਣ ਵਕਤ ਸੱਤ ਤੋਂ ਉੱਤੇ ਹੋ ਗਿਆ ਹੈ, ਦਸ ਕੁ ਮਿੰਟ ਇਸੇ ਤਰ੍ਹਾਂ ਲੰਘ ਗਏ ਹਨ।

ਹੁਣ ਮੈਂ ਇਕੱਲੇ-ਇਕੱਲੇ ਕਿਸੇ ਨੂੰ ਕੁਛ ਕਹਿ ਨਹੀਂ ਸਕਦਾ। ਅਰਜਨ ਸਿੰਘ ਨੇ ਮੈਥੋਂ ਟਾਈਮ ਮੰਗਿਆ ਸੀ। ਮੈਂ ਹੁਣ ਉਹਦੇ ਕੋਲੋਂ ਖਿਮਾਂ ਹੀ ਮੰਗ ਸਕਦਾ ਹਾਂ ਕਿ ਸਮਾਂ ਹੀ ਨਹੀਂ ਰਿਹਾ ਕੋਈ। ਮੁੜਕੇ—ਅਵਲ ਤੇ ਗੁਰੂ ਇਹ ਕਿਰਪਾ ਕਰੀ, ਮੈਂ ਅਰਦਾਸ ਕਰਦਾਂ—ਹੇ ਸਤਿਗੁਰੂ ਰਾਮ ਸਿੰਘ ! ਹੇ ਸਤਿਗੁਰੂ ਹਰੀ ਸਿੰਘ ! ਤੂੰ ਟੁੱਟੀ ਗੰਢਣ ਵਾਲਾ ਹੈਂ; ਤੂੰ ਸਾਰਿਆਂ ਨੂੰ ਗੰਢ; ਸਾਰਿਆਂ ਦੇ ਮਨ ਸਾਫ ਕਰ; ਸਾਰੇ ਤੇਰੇ ਚਰਨਾਂ ਵੱਲ ਲੱਗਣ, ਤੇ ਕਿਸੇ ਦਾ ਮਨ ਕਿਸੇ ਨਾਲ ਦਵੈਸ਼ ਨਾ ਕਰੇ, ਤੇ, ਸਤਿਗੁਰੂ ਬਖਸ਼ਿਸ਼ ਕਰਨ, ਸਾਰਿਆਂ ਤੇ ਕਿਰਪਾ ਕਰਨ। ਉਹ ਏਹੋ ਜਿਹੀ ਕਿਰਪਾ ਕਰਨ ਕਿ ਸਾਰਿਆਂ ਵਿੱਚ ਸਤਿਗੁਰੂ ਰਾਮ ਸਿੰਘ ਦਿੱਸੇ, ਉਹ ਗੁਰੂ ਹਰੀ ਸਿੰਘ ਦਾ ਸਰੂਪ ਦਿੱਸੇ। ਇਹ ਅਰਜ਼ ਹੈ ਸਾਧ-ਸੰਗਤ, ਤੁਸੀਂ ਏਥੇ ਸਾਧ-ਸੰਗਤ ਬਣ ਕੇ ਆਏ ਹੋ, ਸਾਧ-ਸੰਗਤ ਵਿੱਚ ਬੈਠੇ ਹੋ, ਆਪਣੇ ਦਿਲੋਂ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅੱਗੇ ਅਰਜ਼ ਕਰੋ, ਕਿ ਸਾਡੇ ਮਨਾਂ ਦੀ ਦੁਵੈਸ਼ ਕੱਟ। ਉਹਦੇ ਵਾਸਤੇ ਇਹ ਕੋਈ ਬੜੀ ਦੂਰ ਗੱਲ ਨਹੀਂ, ਤੁਸੀਂ ਆਪਣੇ ਅੰਦਰੋਂ ਮੰਗ ਮੰਗੋ ਸਤਿਗੁਰੂ ਕੋਲੋਂ। ਕੋਈ ਚੀਜ਼ ਨਹੀਂ ਹੋ ਸਕਦੀ ਜਿਹੜੀ ਉਹ ਤੁਹਾਨੂੰ ਨਾ ਦੇਵੇਗਾ। ਸਭ ਕੁਛ ਮਿਲ ਸਕਦਾ ਹੈ, ਆਪਣੇ ਅੰਦਰੋਂ ਧਿਆਨ ਧਰ ਕੇ ਪਰ ਇਹ ਭੀ ਧਿਆਨ ਕਰ ਲਓ ਬਈ, ਦੁਸ਼ਮਣੀ ਭੀ ਦਿਲੋਂ ਕੱਢ ਛੱਡੋ ਆਪਣਿਉਂ। ਕਿਉਂਕਿ ਦੋ ਚੀਜ਼ਾਂ—

**ਹਉਮੈ ਨਾਵੈ ਨਾਲਿ ਵਿਰੋਧੁ ਹੈ**
**ਦੁਇ ਨ ਵਸਹਿ ਇਕ ਠਾਇ।।**

*– ਵਡਹੰਸ ਮ:੩, ਪੰਨਾ-੫੬੦*

—ਆਪਣੇ ਅੰਦਰੋਂ ਕੱਢਕੇ। ਆਪਣੇ ਅੰਦਰੋਂ ਮੰਗ ਮੰਗੋ, ਜੇ ਕਿਸੇ ਦੇ ਚਾਰ ਪੈਸੇ ਦੇਣੇ ਨੇ ਤਾਂ ਸਤਿਗੁਰਾਂ ਦੇ ਅੱਗੇ ਅਰਦਾਸ ਕਰੋ। ਮੈਂ ਤਾਂ ਹੁਣ ਏਵੇਂ ਹੀ ਕਹਾਂਗਾ ਕਿ ਕਹੋ—ਹੇ ਗੁਰੂ ਹਰੀ ਸਿੰਘ ! ਸਾਡਾ ਇਹ ਸੰਕਟ ਨਵਿਰਤ ਕਰ, ਔਰ ਇਹ ਨਿੱਬੜ ਜਾਏਗਾ। ਕੋਈ ਵਜ੍ਹਾ ਨਹੀਂ ਹੋ ਸਕਦੀ ਦਿਲੋਂ ਧਾਰ ਕੇ, ਨੇਮ ਨਾਲ ਸਤਿਗੁਰਾਂ ਦੇ ਅੱਗੇ ਅਰਦਾਸ ਕਰਿਆ ਕਰਨ। ਨਿਤਨੇਮ ਰੋਜ਼ ਕਰੋ, ਭਗੌਤੀਆਂ ਦੇ ਪਾਠ ਕਰੋ, ਸਣੇ ਕੇਸੀ ਇਸ਼ਨਾਨ ਕਰੋ—ਦੁੱਖ ਨਹੀਂ ਰਹਿ ਸਕਦੇ। ਸਤਿਗੁਰਾਂ ਅੱਗੇ ਅਰਦਾਸ ਕਰੋ। ਹੁਣ ਸੇਠ ਜੀ★[੩] ਅਰਦਾਸ ਕਰਨਗੇ। ਨਿਤਨੇਮ ਦਾ ਭੋਗ ਪਾ ਕੇ, ਸਵੇਰੇ ਮੇਰਾ ਖਿਆਲ ਹੈ ਬਈ, ਆਸਾ ਦੀ ਵਾਰ ਓਥੇ ਸਾਡੇ ਨੇੜੇ ਹੀ ਕਿਤੇ ਲੱਗੇਗੀ। ਤਰਲੋਕ ਸਿੰਘ ਕਹਿੰਦੈ—ਬੰਗਲੇ ਆਸਾ ਦੀ ਵਾਰ ਲੱਗ ਜਾਏ। ਸੇਠ ਜੀ ਨਾਂਓ ਨਾ ਲਓ ਕਿਸੇ ਦਾ ਹੁਣ, ਜਿਨ੍ਹਾਂ ਦੇ ਵੀ ਦੁੱਖ ਦਲਿਦਰ ਹਨ, ਸਾਰਿਆਂ ਵਾਸਤੇ ਹੀ ਅਰਦਾਸ ਕਰੋ, ਇੱਕ ਅੱਧੇ ਦੀ ਕਿਉਂ ਕਰਦੇ ਹੋ। ਸਤਿਗੁਰੂ ਬਖਸ਼ਿਸ਼ ਕਰਨ। ਉੱਥੇ ਕੋਈ ਘਾਟਾ ਤਾਂ ਨਹੀਂ ਹੈ। ਸੇਠ ਜੀ ਅਰਦਾਸ ਕਰਨਗੇ। ਨਾਉਂ ਅਸੀਂ ਤਾਂ ਲਈਏ ਜੇ ਉਹਨੂੰ ਅੰਤਰ ਜਾਮੀ ਨਾ ਜਾਣੀਏ, ਜਿਨ੍ਹਾਂ ਜਿਨ੍ਹਾਂ ਦੇ ਦਿਲ ਵਿੱਚ ਬਈ, ਕੋਈ ਤਕਲੀਫ ਹੈ, ਜਿਹੜੇ ਕੋਈ ਕਿਸੇ ਰੋਗ ਨਾਲ ਗ੍ਰਸੇ ਹੋਏ ਹਨ, ਜਿਨ੍ਹਾਂ ਨੂੰ ਕੋਈ ਕਸਰ ਹੈ, ਉਹ ਪੁਰਸ਼ ਆਪਣੇ ਅੰਦਰੋਂ ਹੱਥ ਜੋੜਨ, ਸਤਿਗੁਰਾਂ ਅੱਗੇ। ਸੇਠ ਜੀ ਅਰਦਾਸ ਕਰਨਗੇ, ਸਾਰਿਆਂ ਦੇ ਦੁੱਖ ਦੀ ਨਵਿਰਤੀ ਵਾਸਤੇ। ਸਤਿਗੁਰੂ ਕਰਨ ਵਾਲੇ ਹਨ, ਅਸੀਂ ਤਾਂ ਅਰਜ਼ ਕਰਨ ਵਾਲੇ ਹਾਂ। ਅੱਗੇ ਮਾਲਕ ਮੰਨਣ ਵਾਲਾ ਉਹ ਹੈ। ਜੇ ਦਿਲੋਂ ਹੋ ਕੇ ਕਰੀਏ, ਕੋਈ ਵਜ੍ਹਾ ਨਹੀਂ ਹੋ ਸਕਦੀ ਉਹ ਨਾ ਮੰਨੇ। ਧਿਆਨ ਧਰੋ ਔਰ ਨਿਯਮ ਕਰੋ—ਤਮਾਸ਼ੇ ਦੇਖਣ ਦਾ—ਸ਼ਰਾਬ ਪੀਣ ਦਾ—ਬੁਰੀ ਸੰਗਤ 'ਚ ਬੈਠਣ ਦਾ—ਬੁਰੇ ਕੰਮ ਕਰਨ ਦਾ। ਅੱਗੇ ਵਾਸਤੇ ਆਪਣੇ ਅੰਦਰ ਇਹ ਧਿਆਨ ਕਰੋ, ਅਰਦਾਸ ਕਰੋ ਅੰਦਰੋਂ

—ਸੱਚੇ ਪਾਤਸ਼ਾਹ ! ਸਾਡੇ ਕੁਕਰਮ ਛੁਡਾ, ਸਾਨੂੰ ਸੁਮੱਤੇ ਲਾ। ਭਾਈ, ਹੰਸ ਨ ਕੋਧਰਾ ਖਾਏ। ਤੁਹਾਡਾ—ਹੰਸਾਂ ਦਾ ਕੰਮ ਨਹੀਂ ਏਹੋ ਜਿਹੇ ਕੰਮ ਕਰਨੇ। ਬੱਸ ਮੈਂ ਹੁਣ ਏਨੀ ਬੇਨਤੀ ਕੀਤੀ ਹੈ, ਕਿਰਪਾ ਕਰਕੇ ਯਾਦ ਰੱਖਣੀ। ਫੇਰ ਸਤਿਗੁਰੂ ਦੇ ਇਖ਼ਤਿਆਰ ਹੈ।

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ।।**

*– ਆਸਾ ਮ:੧, ਪੰਨਾ-੪੩੯*

ਜਦੋਂ ਉਹ ਕਿਰਪਾ ਕਰਨਗੇ, ਜੋ ਹੋਵੇਗਾ, ਅਗਲਾ ਸਮਾਂ ਕੀ ਵਰਤਦਾ ਹੈ, ਕੀ ਹੋਣਾ ਹੈ, ਇਹ ਸਤਿਗੁਰਾਂ ਨੂੰ ਯਾਦ ਹੈ। ਹੁਣ ਸੇਠ ਜੀ ਅਰਦਾਸ ਕਰਨਗੇ। ਅਰਦਾਸ ਤੋਂ ਬਾਅਦ ਬੈਠ ਕੇ ਨਿਤਨੇਮ।

## ਟਿੱਪਣੀਆਂ

★੧ ਸਬਦ ਦੀ ਧਾਰਨਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਪ | ਪ |
| | | | | | | | | | | | | | | ਦਰ | ਸਨ |
| ਪ | – | ਪ | ਪ | ਪ | – | ਧ | ਪ[ਮ] | ਪ | – | ਪ | – | – | – | ਮਪ | ਪਪ |
| ਦੇ | | ਖ | ਜੀ | ਵਾ | | ਗੁ | ਰ | ਤੇ | | ਰਾ | | | | ਦਰ | ਸਨ |
| ਧ | ਪ | ਪ | ਪ | ਪ | – | ਪ | ਪ | ਪ | – | ਪ | – | – | – | – | – |
| ਦੇ | | ਖ | ਜੀ | ਵਾ | | ਗੁ | ਰ | ਤੇ | | ਰਾ | | | | | |
| – | ਨ | ਨ | ਨ | ਧ | ਨ | ਨ | ਧ | – | ਨ | ਧ | ਪ | ਪ | – | ਪ | – |
| | ਪੂ | ਰ | ਨ | ਕ | ਰ | ਮ | ਹੋ | | ਇ | ਪ੍ਰ | ਭ | ਮੇ | | ਰਾ | |
| – | – | ਮਪ | ਧਧ | ਧ | ਪ[ਮ] | ਪ | ਪ | ਪ | – | | | | | | |
| | | ਦਰ | ਸਨ | ਦੇ | | ਖ | ਜੀ | ਵਾ | | | | | | | |

★੨ ਇਹ ਕਥਾ ਸਤਿਗੁਰੂ ਬਿਲਾਸ ਪਾ:੧੨ ਵਿੱਚ ਜਿਉਂ ਦੀ ਤਿਉਂ ਲੜੀ ਜੋੜਨ ਲਈ ਦਿੱਤੀ ਜਾ ਰਹੀ ਹੈ।

*ਆਹਿ ਪਰਸਾਦ ਤਿਆਰ ਪ੍ਰਭ ਲਾਵੋ ਭੋਗ ਹਰਿ ਰਾਇ।*
*ਸੂਬੇ ਸੰਗਤਾ ਸਭਨ ਪ੍ਰਤਿ ਹੋਕਾ ਦੀਓ ਸੁਨਾਇ।।੬੭।।*
*ਚੌਪਈ।। ਸੁੰਦਰ ਚੌਕੀ ਬਿਸਦ ਬਿਛਾਈ।*
*ਬੈਠੇ ਤਹ ਸੰਗਤ ਕੇ ਰਾਈ।*
*ਆਸ ਪਾਸ ਸੂਬੇ ਸਿੰਘ ਆਨ।*
*ਬੀਚ ਖਿਰੇ ਕਰਤਾ ਭਗਵਾਨ।।੬੮।।*
*ਸੋਧ ਅਰਦਾਸ ਲਿਆਏ ਥਾਲ।*
*ਦੁਤ ਚੌਕੀ ਪਰ ਬਿਬਿਧਿ ਰਸਾਲ।*
*ਸੰਗਤ ਸਾਰੀ ਕੋ ਬਰਤਾਇ।*
*ਜੈਕਾਰਾ ਹਿਤ ਛਕਨ ਗਜਾਇ।।੬੯।।*
*ਅੰਨ ਅਚੇ ਸਭ ਹੋਇ ਪਰਸੰਨ।*
*ਬੰਦਨ ਗੁਰ ਉਰ ਕਹਿ ਸਭ ਧੰਨ।*
*ਪਾਨ ਪਖਾਰ ਚੁਰੂ ਭਰ ਜਬ ਹੀ।*
*ਅਰਦਾਸਾ ਸੁਣਾ ਭੀ ਉਠੇ ਸਭ ਹੀ।।੭੦।।*
*ਦੋ ਕੁ ਘਰੀ ਗੁਰ ਕਰ ਬਿਸਰਾਮ।*
*ਛਕਾ ਲਾਂਗਰੀ ਵਾ ਜਿਨ ਧਾਮ।*
*ਕੀਨਾ ਹੁਕਮ ਗੁਰੂ ਪਰਬੀਨਾ।*
*ਚੀਨਾ ਪਰ ਪਾਓ ਝੱਬ ਜੀਨਾ।।੭੧।।*
*ਤੁਰਤ ਤਿਆਰ ਕਰ ਸਿੰਘ ਲਿਆਇ।*
*ਕੀਨ ਖੁਸ਼ੀ ਗੁਰ ਚੜੇ ਸਬਾਇ।*
*ਸੰਧਿਆ ਕੋ ਭੈਣੀ ਜੀ ਆਇ।*
*ਸਿੰਘ ਹਰਮੀਤ ਭਿ ਸੰਗ ਸਿਧਾਇ।।੭੨।।*
*ਗੁਰ ਸੁਧ ਸੁਣ ਆ ਬੰਦੇ ਪਾਇ।*

*ਗੁਰਦਵਾਰੇ ਜੇ ਸਿੰਘ ਖਿਰਾਇ।*
*ਉਤਰੇ ਲਾਈ ਘੋਰਿ ਤਬੇਲੇ।*
*ਸਤਿਗੁਰੂ ਖਿਰੇ ਦਿਵਾਨ ਸੁਹੇਲੇ। ।੭੩। ।*
*ਸੋਦਰ ਪਾਠ ਭੋਗ ਭਾ ਜਬੈ।*
*ਕੀਰਤਨ ਕੀ ਧੁਨਿ ਲਾਗੀ ਤਬੈ।*
*ਸੋਏ ਸੁਖ ਪੂਰਬ ਗੁਰ ਰਾਮ।*
*ਸਿੰਘ ਧਿਆਨ ਜਿਸ ਧਿਆਇ ਤਮਾਮ। ।੭੪। ।*

★੩ ਸੇਠ ਦਿਆਲ ਸਿੰਘ ਜੀ।

## ਸ਼ਬਦਾਰਥ

੧ ਪਾਸ।
੨ ਕੜਾਹ ਪ੍ਰਸਾਦਿ।
੩ ਅੰਮ੍ਰਿਤ।
੪ ਜਮਾਂ ਦਾ ਦੁੱਖ।
੫ ਮੰਗਦੇ ਹਨ।
੬ ਬੱਦਲ।
੭ ਹੈਰਾਨ।
੮ ਪਰਾਈ ਇਸਤ੍ਰੀ।
੯ ਪ੍ਰੇਮ ਹੈ।
੧੦ ਕੰਨ।
੧੧ ਹੋਰ।
੧੨ ਮਿਆਦ।
੧੩ ਅੱਧੀ ਘੜੀ।
੧੪ ਦੀ।
੧੫ ਵੱਡੀ।
੧੬ ਮਾਮੂਲੀ ਬੰਦੇ ਤੋਂ ਰਾਜਾ ਬਣਾ ਦਿੱਤਾ।
੧੭ ਛੇਤੀ।
੧੮ ਚਾਅ ਵਾਲਾ।
੧੯ ਸਭ ਕਿਸੇ ਦਾ।
੨੦ ਢਾਹੁੰਦਾ।

# ਬੰਕੋਕ ੨੮-੯-੧੯੫੪

*ਗੁਰੂ ਰਾਮ ਸਿੰਘ ਧਰਮੀ ਧੀਰ।*
*ਜਾਨ ਸਿਖ ਕੀ ਬਿਰਹੋਂ ਪੀਰ।*
*ਪਹੁੰਚੇ ਰਾਇ ਸਿੰਘ ਕੇ ਪਾਸ।*
*ਦਰਸ਼ਨ ਪਾਇਓ ਜਬ ਸੁਖ ਰਾਸ।।੨੪।।*
*ਦੇਖ ਦਰਸ ਸੀਤਲ ਭਈ ਛਾਤੀ।*
*ਮਨੋ ਮਿਲੀ ਰੰਕਹਿ ਨਿਧਿ ਥਾਤੀ।*
*ਪਲ ਪਲ ਦਰਸਯੋ ਹੀਯਾ ਸਿਰਾਯੋ।*
*ਨਿਮ੍ਰ ਹੋਇ ਪਗ ਸੀਸ ਨਿਵਾਯੋ।।੨੫।।*

## ਕਹਿਣੀ ਤੇ ਕਰਨੀ

ਸਾਧ ਸੰਗਤ, ਮੈਂ ਏਥੇ ਜਦੋਂ ਆਉਨਾਂ, ਤਾਂ ਸਾਧ ਸੰਗਤ ਦਾ ਹੁਕਮ ਮੋੜਨਾ ਔਖਾ ਹੋ ਜਾਂਦਾ ਹੈ—ਕਥਾ ਕਰੋ। ਤੁਸਾਂ ਹੁਣ ਪਹਿਲੇ ਸਤਿਗੁਰਾਂ ਦਾ ਹੁਕਮਨਾਮਾ ਸੁਣਿਐ। ਮੈਂ ਅੱਗੇ ਭੀ ਅਰਜ਼ ਕੀਤੀ ਹੈ ਬਈ, ਕੱਕੇ ਦੇ ਅੱਗੇ ਹਾਹਾ, ਤੇ ਅੱਗੇ ਨਨੇ ਨੂੰ ਬਿਹਾਰੀ ਹੋਵੇ, ਤੇ ਹਾਹੇ ਦਾ ਮੂੰਹ ਖੁੱਲ੍ਹਾ ਹੁੰਦਾ ਹੈ—ਉਹ ਕਹਨੀ ਹੁੰਦੀ ਹੈ। ਮੂਹੋਂ ਗੱਲਾਂ ਕਰ ਲੈਣੀਆਂ—ਮਹਾਰਾਜ ਨੇ ਏਸ ਦੇ ਬਾਬਤ ਲਿਖਿਆ ਹੈ ਕਿ–

**ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ।।**

*– ਮ:੨, ਪੰਨਾ–੪੭੪*

ਫੇਰ ਕਹਿੰਦੇ ਨੇ-

**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ।।**

*- ਬਿਲਾਵਲ ਮ:੧, ਪੰਨਾ-੮੩੧*

ਕਥਨ ਨਾਲ ਕੁਛ ਨਹੀ ਬਣਦਾ। ਮੈਂ ਅਰਜ਼ ਕਰਦਾਂ, ਮੈਨੂੰ ਪਤਾ ਲੱਗਾ ਹੈ ਸਾਧ ਸੰਗਤ ਨੇ ਬੜੀ ਕਿਰਪਾ ਕੀਤੀ ਹੈ, ਏਥੇ ਨਿਤਨੇਮ ਅਰੰਭਿਆ ਸੀ, ਤੇ ਤੁਸੀਂ ਕਿਸੇ ਨੂੰ ਨਹੀਂ ਸੀ ਆਖਦੇ—ਆਓ। ਪਰ ਜਦੋਂ ਤੁਹਾਡੀ ਕਰਨੀ ਹੁੰਦੀ ਸੀ ਤੇ ਤੁਹਾਨੂੰ ਪਤਾ ਹੈ ਕਿ ਕਿੰਨੀ ਸਾਧ ਸੰਗਤ ਏਥੇ ਇਕੱਠੀ ਹੋ ਜਾਂਦੀ ਸੀ। ਸਭ ਤੋਂ ਵੱਡੀ ਚੀਜ਼ ਹੈ ਕਰਨੀ। ਜੇ ਕਰਨੀ ਨਾ ਹੋਵੇ ਤਾਂ ਕਹਿਣੀ ਨਾਲ ਕੁਛ ਨਹੀਂ ਬਣਦਾ। ਇੱਕ ਬੰਦੂਕ ਦੇ ਵਿੱਚ ਅਸੀਂ ਨਿਰਾ ਬਰੂਦ ਪਾਉਨੇ ਹਾਂ, ਉਸ ਨੂੰ ਚਲਾਉਂਦੇ ਹਾਂ—ਆਵਾਜ਼ ਭੀ ਆਉਂਦੀ ਹੈ ਅੱਗੇ ਕੁਛ ਨਹੀ ਬਣਦਾ। ਜਿਹਦੇ ਵਿੱਚ ਗੋਲੀ ਪਈ ਹੋਈ ਹੋਵੇ, ਉਹ ਅੱਗੇ ਜਾ ਕੇ ਵੱਜਦੀ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਦੇ ਵਕਤ, ਨਾਮਧਾਰੀ ਸਿੱਖ ਕਿਹੋ ਜਿਹਾ ਸੀ—ਉਹ ਕਥਨੀ ਨਹੀਂ ਸੀ ਕਰਦਾ। ਉਹ ਗੱਲਾਂ ਨਹੀਂ ਸਨ ਕਰਦੇ। ਪੁਰਾਣੇ ਸਾਧ ਜਿਹੜੇ ਸਤਿਗੁਰਾਂ ਦੇ, ਸੱਚੇ ਪਾਤਸ਼ਾਹ ਦੇ ਦੌਰੇ 'ਚ ਰਹੇ, ਉਹ ਬਚਨ ਕਰਦੇ—ਬਈ, ਜਿਸ ਵੇਲੇ ਰਸਤੇ 'ਚ ਤੁਰਦੇ ਤਾਂ ਸਿੱਖ ਦੋ-ਦੋ, ਚਾਰ-ਚਾਰ ਕਰੂ ਦੇ ਫਰਕ ਨਾਲ ਤੁਰਦੇ ਇੱਕ ਦੂਏ ਤੋਂ, ਤਾਂ ਕਿ ਗੱਲਾਂ ਨਾ ਹੋਣ। ਜੇ ਬਾਣੀ ਰਹਿੰਦੀ ਹੋਵੇ ਤਾਂ ਬਾਣੀ ਪੜ੍ਹਨੀ, ਨਹੀਂ ਤੇ ਭਜਨ ਕਰਦੇ ਜਾਣਾ, ਔਰ ਜੇ ਕਦੇ ਦੋ ਇਕੱਠੇ ਹੋ ਕੇ ਵੀ ਤੁਰਦੇ ਹਨ, ਤਾਂ ਉਹ ਦੋ ਸ਼ਬਦ ਪੜ੍ਹਦੇ ਜਾਂਦੇ ਹਨ। ਉਹਨਾਂ ਨੇ ਸ਼ਬਦ ਪੜ੍ਹਦੇ ਤੁਰੇ ਜਾਣਾ, ਗੱਲਾਂ ਨਹੀਂ ਕਰਨੀਆਂ। ਭਾਈ ਗੰਗਾ ਸਿੰਘ ਜੀ ਉਪਦੇਸ਼ਕ ਰਹੇ ਹਨ ਸਿੰਘ ਸਭਾ ਦੇ, ਸ਼ਿਮਲੇ ਮਿਲਦੇ। ਕਹਿਣ ਲੱਗੇ,''ਮੈਂ ਗੁਰਦੁਆਰੇ ਭੈਣੀ ਸਾਹਿਬ ਗਿਆ, ਜਿਸ ਵੇਲੇ ਮੈਂ ਜਾ ਕੇ ਗੁਰੂ ਹਰੀ ਸਿੰਘ ਜੀ ਦੇ ਵਕਤ ਦੇਖਿਆ—ਜੇ ਕੋਈ ਆਦਮੀ ਘੋੜੇ ਨੂੰ ਖਰਖਰਾ ਕਰਦੈ ਤਾਂ ਭੀ ਬਾਣੀ ਪੜ੍ਹਦਾ ਹੈ; ਜੇ ਕੋਈ ਲੱਕੜਾਂ ਦਾ ਬਾਲਣ ਚੁੱਕੀ ਜਾਂਦਾ ਹੈ ਤਾਂ ਭੀ ਉਹ ਭਜਨ ਕਰਦਾ ਜਾਂਦਾ ਹੈ; ਜੇ ਕੋਈ ਜਲ ਢੋਂਦਾ ਹੈ ਤਾਂ ਉਹ ਭੀ ਭਜਨ ਕਰਦੈ ਜਾਂ ਬਾਣੀ ਪੜ੍ਹਦਾ ਹੈ; ਗੱਲਾਂ

ਕੋਈ ਨਹੀਂ ਸੀ ਕਰਦਾ।'' ਸਾਨੂੰ ਹੁਣ ਜਿਸ ਤਰ੍ਹਾਂ ਸਵਾਦ ਇੱਕ ਚੀਜ਼ ਹੈ—ਉਹ ਸੇਵਿਕ ਰਾਮ ਜੀ ਐਥੇ ਸਿੰਧੀ ਜਿਹੜੇ ਰਹਿੰਦੇ ਹਨ। ਜਿਸ ਵੇਲੇ ਪਹਿਲੀ ਵੇਰ ਆਏ ਐਥੇ, ਸਮਾਂ ਏਹੋ ਜਿਹਾ ਹੀ ਹੈ ਐਥੇ ਹੁਣ ਆਪਾਂ ਕਿਸੇ ਦੀ ਨਿੰਦਿਆ ਕਰਨ ਲੱਗ ਜਾਈਏ ਤਾਂ ਬੜੇ ਕੰਨ ਸੁਣ ਕੇ ਖੁਸ਼ ਹੋਣਗੇ, ਤੇ ਦਿਲ ਲਾ ਕੇ ਸੁਣਾਂਗੇ। ਆਪਸ ਵਿੱਚ ਵੀ ਅਸੀਂ ਇੱਕ ਦੂਏ ਦੀ ਏਸੇ ਤਰ੍ਹਾਂ ਕਰਦੇ ਹਾਂ, ਪਰ ਜੇ ਕਿਸੇ ਦੀ ਸਿਫਤ ਹੋਵੇ ਤਾਂ ਨਹੀਂ ਸੁਣਨ ਨੂੰ ਜੀ ਕਰਦਾ। ਸੇਵਿਕ ਰਾਮ ਜੀ ਨੂੰ ਕਿਸੇ ਸੱਜਣ ਨੇ ਕਹਿ ਦਿੱਤਾ ਕਿ ਇਹ ਬਾਣੀ ਦਾ ਅਦਬ ਨਹੀਂ ਕਰਦੇ। ਅਸੀਂ ਭੀ ਉਦੋਂ ਨਵੇਂ-ਨਵੇਂ ਏਥੇ ਸੰਨ ੧੯੩੪ 'ਚ ਆਏ ਸਾਂ। ਉਹ ਸਾਡੇ ਕੋਲ ਰੋਜ਼ ਆਉਣ ਲੱਗ ਪਿਆ। ਆਉਂਦਾ ਜਾਂਦਾ ਰਿਹਾ। ਆਸਾ ਦੀ ਵਾਰ ਦਾ ਕੀਰਤਨ ਕਰਨਾ। ਆਸਾ ਦੀ ਵਾਰ ਦੇ ਕਰੀਤਨ ਦੇ ਮਗਰੋਂ ਇੱਕ ਦਿਨ ਮੈਨੂੰ ਜਾਣਕੇ ਛੇੜਨ ਵਾਸਤੇ ਕਹਿਣ ਲੱਗਾ,''ਤੁਸੀਂ ਰੋਜ਼ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਹੋ— ਅੱਕਦੇ ਨਹੀਂ ?''

ਵਕਤ ਸੀ, ਸਮਾਂ ਸੀ, ਕੁਛ ਕਿਰਪਾ ਸੀ, ਉਹ ਵੇਲੇ ਵੀ ਹੋਰ ਸਨ। ਮੈਂ ਆਖਿਆ,''ਮਹਾਰਾਜ ਸੇਵਿਕ ਰਾਮ ਤੂੰ ਰੋਜ਼ ਪਰਸ਼ਾਦਾ ਛਕਦਾ ਹੈਂ, ਕਦੇ ਅੱਕਿਆ ਛਕਣ ਤੋਂ ?''

ਹੁਣ ਕੀ ਹੈ ਕਣਕ ਦੀ ਰੋਟੀ, ਮਾਂਹ ਦੀ ਦਾਲ ਜਾਂ ਭਾਜੀ ਅਸੀਂ ਰੋਜ਼ ਖਾਂਦੇ ਹਾਂ, ਵਰ੍ਹਿਆਂ ਬੱਧੀ ਖਾਂਦੇ ਜਾਂਦੇ ਹਾਂ, ਕਦੇ ਮਨ ਉਕਤਾਉਂਦਾ ਨਹੀਂ। ਪਰ ਇੱਕ ਵੇਲਾ ਏਹੋ ਜਿਹਾ ਆਉਂਦਾ ਹੈ, ਉਹਨੂੰ ਛੱਡ ਕੇ ਮਠਿਆਈ ਵੱਲ ਲੱਗ ਪਈਦਾ ਹੈ, ਛੱਡ ਦੇਈਦਾ ਹੈ ਪਰਸ਼ਾਦਾ। ਇੱਕ ਦਿਨ, ਦੋ ਦਿਨ ਮਠਿਆਈ ਸਵਾਦ ਲੱਗੂ। ਭਾਈ ਜੀ ਹਰਨਾਮ ਸਿੰਘ ਹੁਰੀਂ ਕਹਿੰਦੇ ਸੀ—ਮਠਿਆਈ ਨਾਲੋਂ ਅੱਗੇ ਕੀ ਹੈ, ਦਹੀ ਪਕੌੜੀਆਂ। ਉਹ ਮਠਿਆਈ ਭੀ ਭੁਲਾ ਦਿੰਦੀਆਂ ਹਨ, ਕਰਾਰੀਆਂ ਹੁੰਦੀਆਂ ਹਨ, ਚਮਕ ਲੱਗਦੀ ਹੈ, ਪਰ ਰੋਜ਼ ਨਹੀਂ ਆਦਮੀ ਖਾ ਸਕਦਾ। ਇਸ ਤਰ੍ਹਾਂ ਸਤਿਸੰਗ, ਬਾਣੀ, ਭਜਨ ਇਹ ਸਾਡੀ ਦਾਲ ਰੋਟੀ ਹੈ, ਜਿਹੜੀ ਜ਼ਿੰਦਗੀ ਭਰ ਖਾਣ ਵਾਲੀ ਹੈ ਔਰ ਏਹੋ ਇੱਕ ਚੀਜ਼ ਹੈ ਜਿਹੜੀ ਕਦੇ ਖਾਂਦਿਆਂ ਮਨ ਨਹੀਂ

ਅਕੱਦਾ। ਇਹਨੂੰ ਛੱਡਕੇ ਚਮਕਦਾਰ ਚੀਜ਼ਾਂ ਵੱਲ ਜਦੋਂ ਅਸੀਂ ਜਾਂਦੇ ਹਾਂ, ਵਿਸ਼ਿਆਂ ਦੇ ਸੁਖਾਂ ਵੱਲ ਪੈਂਦੇ ਹਾਂ, ਤਾਂ ਉਹ ਮਠਿਆਈ ਮਲੂਮ ਹੁੰਦੀ ਹੈ।

ਮਹਾਰਾਜ ਕਹਿੰਦੇ ਹਨ—

**ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ।।**

*– ਸਿਰੀ ਰਾਗ ਮ:੫, ਪੰਨਾ-੫੦*

—ਉਹਦਾ ਸਵਾਦ ਕੌੜਾ ਹੁੰਦਾ ਹੈ। ਫੇਰ ਦਹੀਂ ਪਕੌੜੀਆਂ— ਸਿਨੇਮਾ ਤਮਾਸ਼ੇ, ਲੜਕੀਆਂ ਦੇ ਗਾਉਣੇ, ਬੁਰੇ ਗੀਤ—ਕਰਾਰੇ ਜ਼ਰੂਰ ਲੱਗਦੇ ਹਨ, ਪਰ ਥੋੜਾ ਚਿਰ। ਇੱਕ ਤ੍ਰੇਹ ਮਗਰੋਂ ਲੱਗਦੀ ਹੈ, ਭੜਕੀ ਲੱਗਦੀ ਹੈ, ਪੱਲੇ ਕੁਝ ਨਹੀਂ ਪੈਂਦਾ। ਇਸ ਤਰ੍ਹਾਂ ਹੁਣ ਸਾਡਾ ਸਵਾਦ, ਮੈਂ ਇੱਥੇ ਤੁਹਾਡੇ ਅੱਗੇ ਹੀ ਅਰਜ਼ ਕਰਦਾਂ ਬਈ, ਜੇ ਮੈਂ ਹੁਣ ਕਥਾ ਕਰੀ ਜਾਂਵਾ ਤਾਂ ਮੇਰਾ ਖਿਆਲ ਹੈ ਘੰਟਾ ਡੇਢ ਘੰਟਾ ਮੈਂ ਜੋ ਕਹੀ ਜਾਵਾਂ ਤੁਸੀਂ ਸੁਣੀ ਜਾਓਗੇ, ਪਰ ਜਦੋਂ ਮਗਰੋਂ ਵਾਰੀ ਆਉਣੀ ਹੈ ਨਿਤਨੇਮ ਦੀ— ਫੇਰ ਬੱਸ, ਕਿਸੇ ਨੂੰ ਕੋਈ ਬਹਾਨਾ ਮਿਲੂ, ਕਿਸੇ ਨੂੰ ਕੁਛ ਲੱਭੂ, ਕੋਈ ਐਸ ਬੂਹੇ ਲੰਘੂ, ਕੋਈ ਐਸ ਲੰਘੂ।

## ਨਾਮ ਦਾ ਮਹਾਤਮ

ਜਿਹੜੀ ਸਾਡੀ ਅਸਲੀ ਚੀਜ਼ ਹੈ, ਜਿਸ ਚੀਜ਼ ਦੀ ਕਿਰਪਾ ਨਾਲ, ਜਿਹਦੇ ਵਾਸਤੇ ਅੱਠ ਸੌ, ਸੱਤ ਸੌ ਪੱਤਰਾ ਗੁਰੂ ਸਾਹਿਬ ਨੇ ਲਿਖ ਕੇ, ਏਹੋ ਕੁਛ ਲਿਖਿਆ ਕਿ ਨਾਮ ਦੇ ਬਰਾਬਰ ਕੋਈ ਚੀਜ਼ ਨਹੀਂ। ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ—

**ਇਕ ਨਾਮ ਬਿਨਾ ਨਹੀਂ ਕੋਟ ਬ੍ਰਿਤੀ**[1]**।।**
**ਇਮ ਬੇਦ ਉਚਾਰਤ ਸਾਰ ਸੁਤੀ।।**

*– ਦਸਮ ਗ੍ਰੰਥ, ਪੰਨਾ-੨੯*

ਨਾਮ ਦੇ ਮੁਕਾਬਲੇ, ਨਾਮ ਜੈਸੀ ਚੀਜ਼ ਦੁਨੀਆਂ 'ਚ ਕੋਈ ਨਹੀਂ। ਉਹ ਕਹਿੰਦੇ ਨੇ ਕਿ ਰਾਮ ਚੰਦਰ ਜੀ ਦੇਹ ਕਰਕੇ ਨਹੀਂ ਬਣਾ ਸਕੇ ਪੁਲ ਪਰ ਜਦੋਂ ਉਹਨਾਂ ਦਾ ਨਾਂਓ ਲਿਖ ਦਿੱਤਾ ਨ—ਰਾਰਾ ਤੇ ਮਮਾ, ਪੱਥਰ ਤਰਨ

ਲੱਗ ਪਏ—ਨਾਮ ਦੀ ਵਡਿਆਈ, ਨਾਮ ਦਾ ਮਹਾਤਮ। ਨਾਮ ਮਹਾਤਮ ਸ਼ੰਕਰ ਜਾਣੇ—ਸ਼ਿਵਜੀ ਜਾਣਦਾ ਹੈ ਨਾਮ ਦੇ ਮਹਾਤਮ ਨੂੰ, ਜਿਨ੍ਹੇ, ਵਿਹੁ ਗਲ ਵਿੱਚ ਰੱਖੀ ਹੋਈ ਹੈ। ਨਾਮ ਦੀ ਕਿਰਪਾ ਕਰਕੇ ਉਹਨੂੰ ਜ਼ਹਿਰ ਨਹੀਂ ਚੜ੍ਹਦਾ। ਨਾਮ ਦੇ ਮਹਾਤਮ ਨੂੰ ਜਾਣਦਾ ਹੈ ਸ਼ੇਸ਼ਨਾਗ। ਕਹਿੰਦੇ ਨੇ–

*ਸੈਨਲ ਕਾਨਨ ਸੌਂ ਧਰਨੀ*
*ਪਰਸੂਨਹਿ ਜਯੌਂ ਜਿਨ ਸੀਸ ਉਠਾਈ।*

ਜਿਹਨੇ ਇੱਕ ਬੂੰਦ ਦੀ ਨਿਆਈ ਸਿਰ ਦੇ ਉੱਤੇ ਧਰਤੀ ਨੂੰ ਸਮਝਿਆ ਜਿਵੇਂ ਇੱਕ ਪਾਣੀ ਦੀ ਬੂੰਦ ਹੁੰਦੀ ਹੈ—ਨਾਮ ਦੇ ਮਹਾਤਮ ਨਾਲ, ਨਾਮ ਦੀ ਕਿਰਪਾ ਨਾਲ ਉਹ ਟਿਕੀ ਹੋਈ ਹੈ। ਨਾਮ ਜਪਣ ਕਰਕੇ, ਗੁਰੂ ਜੀ ਆਦਿ ਬਾਣੀ ਵਿੱਚ ਭੀ ਲਿਖਦੇ ਹਨ–

**ਏਕ ਜੀਹ[੨] ਗੁਣ ਕਵਨ ਬਖਾਨੈ।।**
**ਸਹਸ[੩] ਫਨੀ ਸੇਖ[੪] ਅੰਤੁ ਨ ਜਾਨੈ।।**
**ਨਵਤਨ[੫] ਨਾਮ ਜਪੈ ਦਿਨੁ ਰਾਤੀ,**
**ਇਕੁ ਗੁਣੁ ਨਾਹੀ ਪ੍ਰਭ ਕਹਿ[੬] ਸੰਗਾ।।**

*– ਮਾਰੂ ਮ:੫, ਪੰਨਾ–੧੦੮੩*

– **ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ।।**

*– ਪੰਨਾ–੧੦੮੨*

ਗੁਰੂ ਗੋਬਿੰਦ ਸਿੰਘ ਜੀ, ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਹਨ–

**ਸੇਸਨਾਗ ਸਿਰ ਸਹਸ[੭] ਬਨਾਈ।।**
**ਦ੍ਵੈ ਸਹੰਸ[੮] ਰਸਨਾਹ[੯] ਸੁਹਾਈ।।**
**ਰਟਤ ਅਬ ਲਗੇ ਨਾਮ ਅਪਾਰਾ।।**
**ਤੁਮਰੋ ਤਊ ਨ ਪਾਵਤ ਪਾਰਾ।।**

*– ਦਸਮ ਗ੍ਰੰਥ, ਪੰਨਾ–੪੭*

ਨਵੇਂ ਤੋਂ ਨਵਾਂ ਨਾਉ ਤੇਰਾ ਲੈਂਦਾ ਹੈ, ਪਰ ਉਹ ਨਾਮ ਦੇ ਪਰਤਾਪ ਨਾਲ ਉਸ ਨੂੰ ਧਰਤੀ ਦਾ ਭਾਰ ਨਹੀਂ ਲੱਗਦਾ।

ਸਜੱਣੋ ਗੱਲਾਂ ਕਰਕੇ, ਬੜੀਆਂ ਕਹਾਣੀਆਂ, ਮੇਰਾ ਭੀ ਚਿਤ ਕਰਦਾ

ਹੈ ਜਦੋਂ ਸੁਣਨ ਵਾਲੇ ਬਹਿੰਦੇ ਹਨ ਮੈਂ ਕਹਿੰਦਾ ਹਾਂ—ਮੈਨੂੰ ਬੜੇ ਪ੍ਰਮਾਣ ਯਾਦ ਆਉਣ। ਇਹ ਕਹਿਣ—ਇਹ ਬੜਾ ਚੰਗਾ ਬੋਲਦਾ ਹੈ। ਪਰ ਇਹੋ ਜਿਹੀ ਗੱਲ ਹੈ, ਕਹਿੰਦੇ ਨੇ ਬਈ, ਕਰਮਾਂ ਬਾਈ ਜਾਂ ਮੀਰਾਂ ਬਾਈ ਦੇ ਘਰ ਵਾਲੇ ਮਹਾਤਮਾ ਸਨ। ਉਹ ਤਾਂ ਬਾਹਰ ਬੋਲਦੀ ਸੀ, ਤੇ ਉਹ ਗੁਪਤ ਰਹਿੰਦੇ ਸਨ।

ਇੱਕ ਦਿਨ ਸੁੱਤਿਆ ਪਿਆਂ ਦੇ ਮੂੰਹ ਵਿੱਚੋਂ ਨਾਮ ਦੀ ਅਵਾਜ਼ ਨਿਕਲੀ—ਰਾਮ ਦੀ, ਤਾਂ ਉਸ ਨੇ ਦਿਨ ਚੜ੍ਹਦੇ ਨੂੰ ਦੇਗਾਂ ਚੜ੍ਹਾ ਦਿੱਤੀਆਂ, ਸ਼ਾਦਿਆਨੇ ਬਜਾ ਦਿੱਤੇ।

ਪੁੱਛਣ ਲੱਗੇ,''ਕੀ ਗੱਲ ਹੈ ?''

ਕਹਿਣ ਲੱਗੀ,''ਮਹਾਰਾਜ ਏਦੂੰ ਮੈਨੂੰ ਹੋਰ ਕਿਹੜਾ ਚੰਗਾ ਵੇਲਾ ਮਿਲੇ, ਤੁਹਾਡੇ ਮੂੰਹੋ ਅੱਜ ਰਾਮ ਦਾ ਨਾਮ ਨਿਕਲਿਆ।''

ਤਾਂ ਉਹ ਕਹਿੰਦੇ,''ਸਾਡੇ ਮੂੰਹੋਂ ਰਾਮ ਦਾ ਨਾਮ ਨਿਕਲ ਗਿਆ !''

ਅਖੇ,''ਹਾਂ''—ਦੇਹ ਛੱਡ ਦਿੱਤੀ।

ਸਾਹਿਬ ਸੱਚੇ ਪਾਤਸ਼ਾਹ, ਸਾਡੇ ਗੁਰੂ ਨਾਨਕ ਦੇਵ ਤੋਂ ਲੈ ਕੇ ਸਤਿਗੁਰੂ, ਬਾਣੀ ਵਿੱਚ ਨਾਮ ਦੀ ਉਪਮਾ, ਨਾਮ ਦੀ ਸਿਫਤ ਸਾਹਿਬਾਂ ਨੇ ਕੀਤੀ ਹੈ। ਉਹ ਕਹਿੰਦੇ ਹਨ–

**ਇਸੁ ਪਰਪੰਚ[੧੦] ਮਹਿ ਸਾਚੇ ਨਾਮ ਕੀ ਵਡਿਆਈ**
**ਮਤੁ ਕੋ ਧਰਹੁ ਗੁਮਾਨਾ।।**
**ਸਤਿਗੁਰ ਕੀ ਜਿਸ ਨੋ ਮਤਿ ਆਵੈ**
**ਸੋ ਸਤਿਗੁਰ ਮਾਹਿ ਸਮਾਨਾ।।**

*– ਬਿਲਾਵਲ ਮ:੩, ਪੰਨਾ-੭੯੭*

ਇਹਨਾਂ ਦੇ ਅਰਥ ਕਰਨ ਦੀ ਲੋੜ ਨਹੀਂ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਹੁਕਮ ਦਿੱਤਾ ਸੀ ਕਿ ਭਾਈ, ਗੁਰਬਾਣੀ ਦੇ ਅਰਥ ਨਹੀਂ ਕਰਨੇ। ਸਾਡੀ ਮਤ ਉਸਤੋਂ ਵੱਡੀ ਨਹੀਂ। ਜੇ ਕਿਸੇ ਨੂੰ ਕਿਸੇ ਤੁਕ ਤੇ ਸ਼ੰਕਾ ਹੈ, ਕਿਸੇ ਵੇਲੇ ਨਹੀਂ ਪਤਾ ਲੱਗਦਾ ਤਾਂ ਅਰਦਾਸਾ ਕਰੋ। ਅਰਦਾਸਾ ਕਰਕੇ, ਗੁਰੂ ਅੱਗੇ ਅਰਜ਼ ਕਰਕੇ ਸੌ ਵੇਰਾਂ ਤੁਕ ਪੜ੍ਹੋ। ਤੁਹਾਨੂੰ ਅੰਦਰ ਪਤਾ

ਲੱਗ ਜਾਏਗਾ। ਪਰ, ਤੁਸੀਂ ਇਉਂ ਕਰੋ, ਲੋਕਾਂ ਨੂੰ ਅਰਥ ਨਾ ਦੱਸੋ। ਫੇਰ ਗੁਰੂ ਸਾਹਿਬ ਕਹਿੰਦੇ ਨੇ–

**ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ**
**ਘਟਿ ਘਟਿ ਹਰਿ ਭਰਪੂਰ ਰਹਿਆ।।**

*– ਪ੍ਰਭਾਤੀ ਮ:੩, ਪੰਨਾ–੧੩੩੪*

ਔਰ ਇਹ ਹੈ–

**ਮਹਾ ਮੰਤ੍ਰ★ ਗੁਰ ਹਿਰਦੈ ਬਸਿਓ,**

*– ਆਸਾ ਮ:੫, ਪੰਨਾ–੩੯੪*

ਨਾਮ ਹੈ ਮੰਤਰ। ਮੰਤਰ ਸ਼ਬਦ ਜਿਹੜਾ ਹੈ ਇਹ ਸੰਸਕ੍ਰਿਤ ਦਾ ਸ਼ਬਦ ਹੈ, ਮਤਰੀ ਧਾਤੂ ਸੇ ਮੰਤਰ ਬਣਦਾ ਹੈ। ਤਾਂ, ਮਤਰੀ ਧਾਤੂ ਦਾ ਮਤਲਬ ਹੈ ਗੁਪਤ ਜਪਣਾ, ਗੁਪਤ ਬਾਚਣਾਂ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ—

**ਕਹੂੰ ਹੁਇ ਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ,**
**ਕਹੂੰ ਹੁਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ।।**

*– ਦਸਮ ਗ੍ਰੰਥ, ਪੰਨਾ–੧੨*

—ਗੁਪਤ ਜਪਣਾ। ਸਾਹਿਬਾਂ ਨੇ ਏਸ ਨੂੰ ਜਪਣ ਵਾਸਤੇ ਫੇਰ ਕਿਹਾ ਕੀ ਹੈ—ਮਨ ਨਾਲ ਨਹੀਂ ਭਜਨ ਕਰਨਾ, ਰਸਨਾ ਨਾਲ ਕਰਨਾ। ਕਹਿੰਦੇ ਨੇ–

**ਬਿਨੁ ਜਿਹਵਾ ਜੋ ਜਪੈ ਹਿਆਇ[੧੧]।।**
**ਕੋਈ ਜਾਣੈ ਕੈਸਾ ਨਾਉ।।**

*– ਮਲ੍ਹਾਰ ਮ:੧, ਪੰਨਾ–੧੨੫੬*

ਫੇਰ ਰਸਨਾ—ਉੱਥੇ ਭਾਈ ਫਤਹਿ ਸਿੰਘ ਹੁਰਾਂ ਸੁਣਾਇਆ ਸੀ, ਕਿ ਨਾਮਦੇਵ ਜੀ ਕਹਿੰਦੇ ਨੇ—

**ਰੇ ਜਿਹਬਾ ਕਰਉ ਸਤ[੧੨] ਖੰਡ[੧੩]।।**
**ਜਾਮਿ[੧੪] ਨ ਉਚਰਸਿ ਸ੍ਰੀ ਗੋਬਿੰਦ।।**

*– ਪੰਨਾ–੧੧੬੩*

ਗੁਰੂ ਸਾਹਿਬ, ਗੁਰੂ ਅਰਜਨ ਦੇਵ ਮਹਾਰਾਜ, ਸਾਹਿਬਾਂ ਦਾ ਕੰਮ ਕੀ ਹੈ—ਜਿਸ ਤਰ੍ਹਾਂ ਉਹ ਕੋਈ ਕਹਿੰਦੇ ਨੇ, ਕਹਾਵਤ ਹੈ ਮੋਟੀ ਕਿ—ਕੋਈ ਰੰਗ ਰੰਗਾ, ਬੈਂਗਣੀ ਹੀ ਉਘੜੂ। ਤਾਂ, ਸਾਹਿਬਾਂ ਕੋਲ ਕੋਈ ਆਇਆ, ਸਾਲੀਆਂ ਆਈਆਂ, ਕਿ ਛੰਦ ਸੁਣਾਓ। ਵਿਆਹ 'ਚ ਗਏ ਤਾਂ ਕੀ ਕਹਿੰਦੇ ਹਨ–

**ਨੈਣ ਨ ਦੇਖਹਿ ਸਾਧ[੧੫] ਸਿ[੧੬] ਨੈਣ ਬਿਹਾਲਿਆ[੧੭]।।**
**ਕਰਨ[੧੮] ਨ ਸੁਨਹੀ ਨਾਦੁ[੧੯] ਕਰਨ ਮੁੰਦਿ[੨੦] ਘਾਲਿਆ[੨੧]।।**
**ਰਸਨਾ[੨੨] ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ।।**
**ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ[੨੩]।।**

*– ਪੰਨਾ–੧੩੬੨*

ਇਹ ਸੌਦਾ ਹੈ ਘਾਟੇ ਦਾ, ਨਾਮ ਨੂੰ ਭੁੱਲਣਾ।

**ਨਾਮੁ ਵਿਸਾਰਿ ਲਗਹਿ ਅਨ ਲਾਲਚਿ,**

—ਗੁਰੂ ਜੀ ਕਹਿੰਦੇ ਹਨ–

**ਬਿਰਥਾ ਜਨਮੁ ਪਰਾਣੀ।।ਰਹਾਉ।।**
**ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ।।**
**ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀਂ।।**

*– ਸਾਰੰਗ ਮ:੫, ਪੰਨਾ–੧੨੧੯*

ਸ਼ਬਦ ਆਉਂਦਾ ਹੈ–

**ਸਿਮਰਨੁ ਭਜਨੁ ਦਇਆ ਨਹੀਂ ਕੀਨੀ,**

*– ਮਾਰੂ ਜੈ ਦੇਊ ਜੀ, ਪੰਨਾ–੧੧੦੬*

ਭਜਨ ਤੇ ਸਿਮਰਨ ਇਕੱਠਾ ਸ਼ਬਦ ਆਉਂਦਾ ਹੈ। ਮਹਾਂਪੁਰਖਾਂ ਕੋਲ ਬੈਠੋ, ਸਾਧੂਆਂ ਨੂੰ ਪੁੱਛੋ, ਬਈ ਦੋ ਗੱਲਾਂ ਕਿਉਂ ਇਕੱਠੀਆਂ ਕਹੀਆਂ ? ਕਦੇ ਅਸੀਂ ਜਦੋਂ ਘਰ ਬੈਠਾਂਗੇ—ਮੁੰਡੇ ਦੀ ਉਮਰ ਵੱਡੀ ਹੋ ਚੱਲੀ, ਇਹਦਾ ਵਿਆਹ ਕਰੀਏ; ਕੋਈ ਚੰਗੇ ਘਰ ਦੀ ਕੁੜੀ ਮਿਲੇ, ਲੜਕੀ ਜਵਾਨ ਹੋ ਗਈ, ਇਹਦੇ ਵਾਸਤੇ ਮੁੰਡਾ ਭਾਲੀਏ; ਉਹਦੇ ਵਾਸਤੇ ਆਹ ਮੋਟਰਾਂ ਦੇਈਏ; ਉਹਨੂੰ ਐਨੇ ਗਹਿਣੇ ਬਣਾਈਏ; ਉਹਦੇ ਵਾਸਤੇ ਆਹ ਕੁਛ ਕਰੀਏ। ਯਾਦ ਤੁਹਾਨੂੰ ਹੋਣਾ ਹੈ, ਐਥੇ ਆਏ ਸਨ ਇੱਕ ਅਤਰੇ ਜੀ ਹਿੰਦੂ ਸਭਾ ਵਿੱਚ। ਉਹਨਾਂ

ਨੇ ਓਦਣ ਸਕੂਲ ਵਿੱਚ ਲੈਕਚਰ ਕੀਤਾ ਸੀ। ਉਹਨਾਂ ਇਹ ਗੱਲ ਕਹੀ ਸੀ ਓਦਣ—ਪ੍ਰੋਫੈਸਰ ਹਨ ਉਹ ਹਿੰਦੂ ਯੂਨੀਵਰਸਿਟੀ ਵਿੱਚ ਬਨਾਰਸ। ਉਹਨਾਂ ਕਿਹਾ—ਕਿ ਤੁਸੀਂ ਐਥੋਂ ਜਪਾਨ ਨੂੰ ਜਾਣਾ ਹੈ, ਹਿੰਦੁਸਤਾਨ ਨੂੰ ਜਾਣਾ ਹੈ। ਤੁਸੀਂ ਐਥੋਂ ਕਹਿੰਦੇ ਹੋ ਐਨਾਂ ਕੋਲ ਪਦਾਰਥ ਚਾਹੀਦਾ ਹੈ, ਐਨੇ ਕਪੜੇ ਚਾਹੀਦੇ ਹਨ, ਐਨੀ ਖੁਰਾਕ ਚਾਹੀਦੀ ਹੈ ਖਾਣ ਨੂੰ। ਜਿਥੇ ਅੱਗੇ ਜਾਣਾ ਹੈ ਉਹਦੇ ਵਾਸਤੇ ਵੀ ਕੋਈ ਚੀਜ਼ ਤਿਆਰ ਕੀਤੀ ਹੈ ? ਤਾਂ ਸਾਹਿਬ ਬਾਣੀ ਵਿੱਚ ਲਿਖਦੇ ਹਨ–

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥**
**ਹਰਿ ਕਾ ਨਾਮੁ ਊਹਾ ਸੰਗਿ ਤੋਸਾ[੨੪]॥**
**ਜਿਹ ਪੈਡੈ ਮਹਾ ਅੰਧ ਗੁਬਾਰਾ॥**
**ਹਰਿ ਕਾ ਨਾਮੁ ਸੰਗਿ ਉਜੀਆਰਾ[੨੫]॥**
**ਜਹਾ ਪੰਥਿ ਤੇਰਾ ਕੋ ਨ ਸਿਞਾਨੂ॥**
**ਹਰਿ ਕਾ ਨਾਮੁ ਤਹ ਨਾਲਿ ਪਛਾਨੂ॥**
**ਜਹ ਮਹਾ ਭਇਆਨ ਤਪਤਿ ਬਹੁ ਘਾਮ[੨੬]॥**
**ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥**
**ਜਹਾ ਤ੍ਰਿਖਾ ਮਨ ਤੁਝੁ ਆਕਰਖੈ[੨੭]॥**
**ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥**

*– ਗਉੜੀ ਮ:੫, ਪੰਨਾ–੨੬੪*

ਉਹ ਬਾਹਰਲੇ ਮਹਾਤਮਾ ਸੰਤ ਰੇਣ ਜੀ ਹੋਏ ਹਨ, ਉਹ ਕਹਿੰਦੇ ਹਨ–

*ਇਹ ਜਵਾਨੀ ਤੇਰੀ ਮਸਤ ਦਿਵਾਨੀ ਤੂੰ ਕੁਛ ਕਰ ਅੱਗੇ ਦਾ ਤੋਸਾ।*
*ਸੈ ਜਵਾਨੀਆਂ ਤੂੰ ਛਡ-ਛਡ ਆਇਓਂ ਤੈਨੂੰ ਇਸ ਦਾ ਕੀ ਭਰੋਸਾ।*
*ਮਿਲ ਮੁਰਸ਼ਦ ਨੂੰ ਕੰਮ ਕਰ ਲੈ ਝੱਬਦੇ ਤੇ ਪਕੜ-ਬਹੁ ਕੋਈ ਗੋਸ਼ਾ।*
*ਸੰਤ ਰੇਣ ਤੂੰ ਨਾਮ ਸਿਮਰ ਲੈ ਇਸ ਦਮ ਦਾ ਕੀ ਭਰੋਸਾ।*

ਭਾਈ ਸੱਜਣੋ, ਇਹ ਬੜੀ ਚੰਗੀ ਗੱਲ ਹੈ—ਅੱਗੇ ਮੈਂ ਵੀ ਸ਼ਾਇਦ ਦੱਸਿਆ ਹੋਵੇ—ਇੱਕ ਮਹਾਂ ਪੁਰਖ ਇੱਕ ਨਗਰ ਵਿੱਚ ਚਲੇ ਗਏ। ਓਥੇ ਜਾ

ਕੇ ਕੀ ਦੇਖਦੇ ਹਨ ਮੜ੍ਹੀਆਂ ਵਿੱਚ ਕਿਉਂਕਿ ਸਾਧੂਆਂ ਦਾ ਆਮ ਕੰਮ ਏਹੋ ਹੁੰਦਾ ਹੈ ਕਿ ਮੜ੍ਹੀਆਂ ਵਿੱਚ ਜਾਣਾ, ਆਮ ਲੋਕ ਦਿਨੇ ਨਹੀਂ ਡਰਦੇ ਉੱਥੇ ਜਾਂਦੇ, ਉਹਨਾਂ ਨੂੰ ਲੋਕਾਂ ਤੋਂ ਅਰਾਮ ਮਿਲਦਾ ਹੈ, ਰੌਲਾ ਪਾਉਣ ਵਾਲਿਆਂ ਤੋਂ। ਤਾਂ ਕੀ ਉੱਥੇ ਦੇਖਦੇ ਹਨ। ਲਿਖਿਆ ਹੋਇਆ ਹੈ—ਕਿਸੇ ਦੀ ਉਮਰ ਦੋ ਸਾਲ ਪੰਜ ਮਹੀਨੇ, ਤਿੰਨ ਸਾਲ ਛੇ ਮਹੀਨੇ, ਚਾਰ ਸਾਲ ਅੱਠ ਮਹੀਨੇ। ਪੰਜ ਸਾਲ ਤੋਂ ਵੱਧ ਕਿਸੇ ਦੀ ਉਮਰ ਨਹੀਂ ਲਿਖੀ ਹੋਈ। ਨਗਰ ਵਿੱਚ ਗਏ। ਜਾ ਕੇ ਦੇਖਿਆ ਬਿਰਧ ਬਿਰਧ ਆਦਮੀ ਸੱਤਰ-ਸੱਤਰ, ਅੱਸੀ-ਅੱਸੀ ਸਾਲ ਦੇ। ਤਾਂ ਖਲੋਤੇ, ਲੋਕਾਂ ਅਦਬ ਕੀਤਾ—ਅੱਜ ਵਰਗਾ ਜ਼ਮਾਨਾ ਨਹੀਂ ਸੀ ਕਿ ਸਾਧੂ ਨੂੰ ਦੇਖਕੇ ਟਿਚਕਰਾਂ ਕਰੇ। ਸਾਧੂਆਂ ਦਾ ਭੀ ਨਹੀਂ ਕੋਈ ਇਖਤਿਆਰ ਰਿਹਾ। ਸਾਧੂਆਂ ਦੀ ਹਾਲਤ ਭੀ ਵਿਗੜ ਗਈ। ਜਦੋਂ ਸਾਡਾ ਕਰਮ ਗਿਰ ਜਾਏ, ਜੈਸਾ ਕਰਮ ਹੋਵੇ ਉਹੋ ਹੀ ਉਹਦਾ ਫਲ ਮਿਲਦੈ। ਲੋਕ ਉੱਠ ਖਲੋਤੇ। ਸੰਤਾਂ ਆਖਿਆ,''ਭਾਈ ਸੱਜਣੋ, ਓ ਪ੍ਰੇਮੀਓ, ਮੈਂ ਬੜਾ ਹੈਰਾਨ ਹਾਂ ਤੁਹਾਡੀ ਮੜ੍ਹੀਆਂ ਵਿੱਚ ਕਿਸੇ ਦੀ ਉਮਰ ਪੰਜ ਸਾਲ ਤੋਂ ਵੱਧ ਨਹੀਂ, ਐਥੇ ਤੁਸੀਂ ਸੱਤਰਾਂ-ਸੱਤਰਾਂ ਬਰਸਾਂ ਦੇ ਬੈਠੇ ਹੋ।''

ਉਹ ਕਹਿਣ ਲੱਗੇ,''ਮਹਾਰਾਜ ਸਾਡੇ ਨਗਰ ਵਿੱਚ ਇੱਕ ਚੀਜ਼ ਹੈ, ਜੋ ਪੁਰਸ਼ ਕੋਈ ਭਜਨ ਕਰਦਾ ਹੈ, ਸਤਿਸੰਗ ਕਰਦੈ, ਉਹ ਰੋਜ਼ ਆਪਣਾ ਲਿਖਦਾ ਹੈ—ਮੈਂ ਇੱਕ ਘੜੀ ਕੀਤਾ ਹੈ, ਦੋ ਕੀਤਾ ਹੈ, ਚਾਰ ਕੀਤਾ ਹੈ। ਸਾਡੇ ਪਿੰਡ ਵਿੱਚ ਹਰ ਇੱਕ ਆਦਮੀ ਇਹ ਗੱਲ ਲਿਖਦਾ ਹੈ। ਜਿਸ ਦਿਨ ਉਸਦਾ ਸਰੀਰ ਛੁੱਟਦਾ ਹੈ, ਜਦੋਂ ਉਹ ਚੜ੍ਹ ਜਾਂਦਾ ਹੈ, ਓਦੂੰ ਬਾਅਦ ਓਹਦੇ ਕਾਗਜ਼ ਦੇਖ ਕੇ ਉਹਦੀ ਸਾਰੀ ਗਿਣਤੀ ਕਰੀਦੀ ਹੈ। ਤਾਂ ਕਹੀਦਾ ਹੈ ਕਿ ਇਹਦੀ ਉਮਰ ਜਿਹੜੀ ਸਾਧ ਸੰਗਤ ਦੇ, ਭਜਨ ਦੇ ਅਰਥ ਲੱਗੀ —ਉਹ ਹੈ।'' ਦਿਵਾਨ ਨੰਦ ਲਾਲ ਜੀ ਕਹਿੰਦੇ ਹਨ-

## ਬੰਦਗੀ

*ਹਵਾਏ[੨੮] ਬੰਦਗੀ ਆਵੁਰਦ[੨੯], ਦਰ[੩੦] ਵਜੂਦ[੩੧] ਮਰਾ[੩੨]।*

ਮੈਨੂੰ ਇੱਛਿਆ ਤੇਰੀ ਲਿਆਈ ਖਿੱਚ ਕੇ ਸਰੀਰ ਵਿੱਚ-

*ਵਗਰਨਹ*[੩੩]*, ਜ਼ੌਕਿ*[੩੪] *ਚੁਨੀਂ ਆਮਦਨ*[੩੫]*, ਨਬੂਦ*[੩੬] *ਮਰਾ।*

*– ਗਜ਼ਲ–੧*

ਨਹੀਂ ਮੈਨੂੰ ਕੋਈ ਸ਼ੌਕ ਨਹੀਂ ਸੀ ਏਥੇ ਆਉਣ ਦਾ, ਹੇ ਗੁਰੂ ਗੋਬਿੰਦ ਸਿੰਘ ! ਤੇਰੀ ਖਿੱਚ ਮੈਨੂੰ ਲਿਆਈ।

ਹੁਣ ਬੰਦਗੀ ਦੇ ਵੀ ਬੜੇ ਅਰਥ ਹਨ। ਬੰਦਗੀ ਇਹ ਹੈ, ਫਰੀਦ ਕਹਿੰਦੈ–

**ਸੇਖ ਫਰੀਦੈ ਖੈਰੁ ਦੀਜੈ ਬੰਦਗੀ।।**

*– ਪੰਨਾ–੪੮੮*

ਮੈਨੂੰ ਬੰਦਗੀ ਦਾ ਖੈਰ ਦੇਹ—ਕੀ ਦੇਹ ? ਤੇਰੀ ਮੈਂ ਬੰਦ ਵਿੱਚ ਰਵ੍ਹਾਂ, ਮੇਰੇ ਹੱਥ, ਪੈਰ, ਮੇਰੀਆਂ ਅੱਖਾਂ, ਮੇਰੇ ਨੇਤਰ ਤੇਰੀ ਬੰਦ ਵਿੱਚ ਚੱਲਣ, ਜੋ ਤੇਰੇ ਹੁਕਮ ਵਿੱਚ ਚੱਲਣ। ਇਹ ਨਾ ਹੋਵੇ ਬਈ, ਤੇਰਾ ਹੁਕਮ ਕੀ ਹੈ, ਮੈਂ ਹੋਰ ਕੁਛ ਕਰਾਂ।

**ਬੰਦੀ ਅੰਦਰਿ ਸਿਫਤਿ ਕਰਾਏ,**

ਗੁਰੂ ਜੀ ਬਾਣੀ ਅੰਦਰ ਕਹਿੰਦੇ ਹਨ–

**ਤਾ ਕਉ ਕਹੀਐ ਬੰਦਾ।।**

*– ਆਸਾ ਮ:੧, ਪੰਨਾ–੩੫੯*

ਜਿਹੜਾ ਉਹਦੀ ਬੰਦਗੀ ਵਿੱਚ ਸਿਫਤ ਕਰਦਾ ਹੈ, ਜਿਹੜਾ ਉਹਦੇ ਹੁਕਮ ਵਿੱਚ—ਕੈਦ ਕਹੋ, ਕੁਛ ਕਹੋ। *ਹਵਾਏ ਬੰਦਗੀ ਆਵਰੁਦ ਦਰ ਵਜੂਦ ਮਰਾ*—ਦਿਵਾਨ ਜੀ ਕਹਿੰਦੇ ਹਨ।

**ਵਸਿ ਆਣਿਹੁ ਵੇ ਜਨ ਇਸੁ ਮਨ ਕਉ,**
**ਮਨੁ ਬਾਸੇ ਜਿਉ ਨਿਤ ਭਉਦਿਆ।।**

*– ਸੂਹੀ ਛੰਤ ਮ:੫, ਪੰਨਾ–੭੭੬*

ਬਾਸ਼ਾ ਇੱਕ ਬਾਜ ਦੀ ਨਸਲ ਦਾ ਜਾਨਵਰ ਹੈ, ਜਿਹੜਾ ਬਹਿੰਦਾ ਹੀ ਨਹੀਂ, ਉੱਡਦਾ ਹੀ ਰਹਿੰਦਾ ਹੈ। ਉੱਡਦਾ ਉੱਡਦਾ ਹੀ ਜਾਨਵਰ ਖਾਂਦਾ ਹੈ। ਕਿਤੇ ਬਹੁਤ ਘੱਟ ਬਹਿੰਦਾ ਹੈ—ਇਹ ਮਨ ਦਾ ਕੰਮ ਹੈ। ਮਹਾਰਾਜ ਬਾਣੀ 'ਚ ਲਿਖਦੇ ਹਨ–

**ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ।।**

*– ਪੰਨਾ-੨੭੭*

—ਛੱਡ ਜਾਂਦਾ ਹੈ। ਏਹੋ ਹੀ ਇੱਕ ਚੀਜ਼ ਹੈ—ਮਿਲਨਾ ਔਰ ਵਿਛੜਨਾ। ਜੇ ਉਹ ਜੁੜਦਾ ਹੈ ਉਹਦੇ ਨਾਲ, ਦੁਨੀਆਂ ਦੇ ਵਿਹਾਰ ਵਿੱਚ ਭੀ ਜੇ ਉਹ ਜੁੜਦਾ ਹੈ, ਜੇ ਉਹ ਜੁੜਦਾ ਹੈ ਤਾਂ ਹਿਸਾਬ ਕਰ ਲੈਂਦਾ ਹੈ; ਜੇ ਜੁੜਦਾ ਹੈ ਖਾਣ ਲੱਗਿਆਂ ਤਾਂ ਸਵਾਦ ਦਾ ਪਤਾ ਲੱਗਦਾ ਹੈ ਨਹੀਂ ਓਥੇ ਵਿਹਾਰ ਦਾ ਫਿਕਰ ਪਿਆ ਰਹਿੰਦਾ ਹੈ ਮਗਰੋਂ, ਮੇਰੇ ਥਾਨ ਨਹੀਂ ਵਿਕਣੇ। ਰੋਟੀ ਖਾਈ ਜਾਂਦਾ ਹੈ ਪਰ ਪਤਾ ਹੀ ਨਹੀਂ ਬਈ, ਲੂਣ ਸੀ ਮੇਚ ਦਾ ਕਿ ਨਹੀਂ; ਮਿੱਠੇ ਦਾ ਪਤਾ ਹੀ ਨਹੀਂ ਲੱਗਦਾ। ਏਸੇ ਤਰ੍ਹਾਂ ਹੀ ਏਥੇ ਬੈਠ ਕੇ ਭੀ ਮਨ ਨਿਕਲਦਾ ਹੈ ਜਦੋਂ ਤਾਂ ਕੁਛ ਨਹੀਂ ਪਤਾ ਬਈ, ਏਥੇ ਕੀ ਆਖਿਐ। ਤਾਂ ਦਿਵਾਨ ਜੀ ਕਹਿੰਦੇ ਹਨ-

*ਵਗਰਨਹ, ਜ਼ੌਕਿ ਚੁਨੀਂ,*

ਮੈਨੂੰ ਕੋਈ ਸ਼ੋਕ ਨਹੀਂ ਸੀ ਐਥੇ ਆਉਣ ਦਾ, ਤੇਰੇ ਦਰਸ਼ਨ ਦੀ ਖਿੱਚ ਲੈ ਆਈ ਗੁਰੂ ਗੋਬਿੰਦ ਸਿੰਘ। ਫੇਰ ਕੀ ਕਹਿੰਦੇ ਹਨ-

*ਖੁਸ਼ ਅਸ੍ਤੁ ਉਮਰ,*

ਭਲੀ ਹੈ ਉਹ ਉਮਰ—

*ਕਿ ਦਰ ਯਾਦਿ ਬਿਗੁਜ਼ਰਦ।*

*– ਗਜ਼ਲ-੧*

—ਜਿਹੜੀ ਤੇਰੀ ਯਾਦ ਦੇ ਵਿੱਚ ਗੁਜ਼ਰੇ। ਸਾਹਿਬ ਕਹਿੰਦੇ ਹਨ-

**ਖਾਣਾ ਪੀਣਾ ਹਸਣਾ ਬਾਦਿ।।**
**ਜਬ ਲਗੁ ਰਿਦੈ ਨ ਆਵਹਿ ਯਾਦਿ।।**

*– ਆਸਾ ਮ:੧, ਪੰਨਾ-੩੫੧*

ਤਾਂ ਕਹਿੰਦੇ ਕਿ—

*ਖੁਸ਼[੩੭] ਅਸ੍ਤੁ ਉਮਰ,*

—ਭਲੀ ਹੈ ਉਹ ਉਮਰ-

*ਕਿ ਦਰ ਯਾਦਿ ਬਿਗੁਜਰਦ,[੩੮]*

—ਤੇਰੀ ਯਾਦ ਵਿੱਚ ਗੁਜ਼ਰੇ।

ਅਸੀਂ ਹੁਣ, ਯਾਦ—ਸਾਡੀ ਕੀ ਯਾਦ ਹੈ ? ਪੁਰਾਣੇ ਸਿੱਖ ਜਦੋਂ ਉਹਨਾਂ ਦੇ ਕੋਲ ਬੈਠੋ ਤਾਂ ਉਹਨਾਂ ਕਹਿਣਾ,''ਬਈ, ਭਾਣਾ ਕਦੋਂ ਆਊ—ਕਿੰਨਾਂ ਕੁ ਚਿਰ ਰਹਿੰਦਾ ਹੈ—ਸਤਿਗੁਰਾਂ ਦਾ ਕਦੋਂ ਦਰਸ਼ਨ ਹੋਊ—ਓਹ ਕਿਸ ਤਰ੍ਹਾਂ ਹੋਊ ?'' ਓਹ ਰਾਤ ਦਿਨ ਬਿਨਾਂ ਏਸ ਗੱਲ ਤੋਂ ਉਹਨਾਂ ਦੀ ਹੋਰ ਕੋਈ ਖ਼ਾਹਿਸ਼ ਨਹੀਂ ਸੀ ਹੁੰਦੀ। ਜਦੋਂ ਕੋਈ ਸਿੱਖ ਮਿਲਿਆ, ਕਿਸੇ ਨੇ ਸੁਣ ਲਿਆ ਬਈ, ਲੜਾਈ ਲੱਗੀ ਹੈ। ਲੋਕਾਂ ਦੇ ਭਾਅ ਦਾ ਤਾਂ ਦੁੱਖ ਖੜਾ ਹੋਣਾ, ਨਾਮਧਾਰੀਆਂ ਨੂੰ ਚਾਅ ਚੜ੍ਹਨਾ—ਬਈ, ਆਹ ਸਤਿਗੁਰਾਂ ਦਾ ਹੁਕਮ ਲੱਗਾ ਹੈ ਪੂਰਾ ਹੋਣ, ਲੜਾਈ ਲੱਗੀ, ਹੁਣ ਜ਼ਰੂਰ ਰੌਲਾ ਪਊਗਾ, ਸਤਿਗੁਰਾਂ ਦੇ ਦਰਸ਼ਨ ਹੋਣਗੇ।

## ਆਸ਼ਕਾਂ ਦੀਆਂ ਨਿਸ਼ਾਨੀਆਂ

*ਖੁਸ਼ ਅਸ੍ਤੁ ਉਮਰ ਕਿ ਦਰ ਯਾਦਿ ਬਿਗੁਜਰਦ*

ਏਹੋ ਜਹੇ ਮਹਾਂਪੁਰਖ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸਤਿਗੁਰਾਂ ਦੇ ਜਾਣ ਤੋਂ ਬਾਅਦ ਚਾਲੀ-ਚਾਲੀ, ਪੰਜਾਹ-ਪੰਜਾਹ ਸਾਲ ਕੇਸਾਂ ਨੂੰ ਘਿਓ ਨਹੀਂ ਲਾਇਆ, ਰੋਟੀ ਚੋਪੜ ਕੇ ਨਹੀਂ ਖਾਧੀ, ਪੈਰੀਂ ਜੁੱਤੀ ਨਹੀਂ ਪਾਈ, ਭੁੰਜੇ ਸੁੱਤੇ। ਕਿਉਂਕਿ ਆਸ਼ਕਾਂ ਦੀਆਂ ਨਿਸ਼ਾਨੀਆਂ ਇੱਕ ਨੇ ਲਿਖੀਆਂ ਹਨ —ਜਿੰਨੀ ਜਿੰਨੀ ਕਿਸੇ ਨੂੰ ਸਮਝ ਆਈ। ਪਤਾ ਕੋਈ ਨਹੀਂ, ਪ੍ਰੇਮ ਦੀ ਗਿਣਤੀ ਕੋਈ ਨਹੀਂ ਕਰ ਸਕਦਾ ਕਿ ਓਹ ਕਿਆ ਚੀਜ਼ ਹੈ। ਉਹ ਊਧੋ ਜਿਸ ਵੇਲੇ ਗੋਪੀਆਂ ਕੋਲ ਗਿਆ ਤੇ ਜਾ ਕੇ ਲੱਗਾ ਗਿਆਨ ਕਰਨ—ਉੱਥੇ ਪ੍ਰੇਮ ਦੇ ਹੜ ਚੜ੍ਹੇ ਹੋਏ ਸੀ। ਉਹ ਕਹਿੰਦੇ ਹਨ–

*ਊਧੋ ਸੋ ਸੂਧੁ ਭਇਓ,*

ਉਹ ਊਧਾ ਸੀ ਜਿਹੜਾ ਸਿਧਾ ਹੋ ਗਿਆ,

*ਸੁਣ ਗੋਪੀਅਨ ਕੇ ਬੋਲ।*
*ਉਨ ਗਿਆਨ ਬਜਾਈ ਡੁਗਡੁਗੀ*
*ਉਨ ਪ੍ਰੇਮ ਵਜਾਏ ਢੋਲ।*

ਢੋਲ ਦੀ ਅਵਾਜ਼ ਅੱਗੇ ਡੁਗਡੁਗੀ ਕੀ ਕਰੇ। ਪ੍ਰੇਮ, ਇਸ਼ਕ ਦੀ ਕੋਈ ਆਦਮੀ ਏਸ ਕਹਾਣੀ ਨੂੰ ਕਹਿ ਨਹੀਂ ਸਕਦਾ। ਬਿਹਾਰੀ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਾਸ ਬੈਠੇ ਹਨ—ਕਵੀ ਹਨ ਗੁਰੂ ਸਾਹਿਬ ਦੇ। ਕਹਿੰਦੇ ਹਨ-

*ਆਸ਼ਕ ਆਸ਼ਕ ਸਭ ਕੋਈ ਆਖੇ ਸਿਰ ਟੇਢੀ ਪਗੜੀ ਧਰਕੇ।*
*ਸਿਰੋਂ ਪਰੇ ਇਸ਼ਕ ਦਾ ਡੇਰਾ ਸਭ ਮੁੜ ਆਏ ਡਰਕੇ।*
*ਮਾਨ ਮਨੀ ਤੇ ਖੁਦੀ ਤਕੱਬਰ ਕੋਈ ਨਾ ਰਹਿਓਸ ਜਰਕੇ।*
*ਮਹਿਬੂਬਾਂ ਦੇ ਮਹਿਲ ਬਿਹਾਰੀ ਕੋਈ ਵਿਰਲਾ ਪਹੁੰਚਾ ਮਰਕੇ।*

ਜੀਊਨਾਂ ਮਰਨਾਂ-

*ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ*

*- ਵਾਰ ੩, ਪਉੜੀ-੧੮*

ਕਹਿੰਦੇ ਨੇ-

*ਅਸ਼ਕਾਰਾਂ ਨੌਂ ਨਿਸ਼ਾਨੀ ਐ ਪਿਸਰ*

ਕਿਆ ਹੈ ?

*ਆਹ ਸਰਦੋ*—ਠੰਡੇ ਹਉਕੇ। ਬਾਬਾ ਹੀਰਾ ਸਿੰਘ ਜੀ ਜਿਹੜੀ ਸਤਿਗੁਰਾਂ ਦੀ ਤਿੰਨਾਂ ਘੋੜਿਆਂ ਵਾਲੀ ਤਸਵੀਰ ਹੈ, ਵਿਚਲੀ ਤਸਵੀਰ 'ਚ ਬਾਬਾ ਸਾਹਿਬ ਸਿੰਘ ਹੁਰੀਂ ਹਨ ਦਰਮਿਆਨ ਦੇ, ਬੰਗਾਲੀ ਪੁਰ ਦਾ ਜਨਮ ਸੀ, ਸਤਿਗੁਰਾਂ ਦੇ ਖ਼ਾਸ ਸੂਬੇ ਸੀ ਔਰ ਇਉਂ ਭੀ ਕਦੇ ਕਦੇ ਸਿੱਖ ਕਹਿੰਦੇ ਸੀ-

*ਸਾਹਿਬ ਸਿੰਘ ਲਾਡਲਾ ਸਪੂਤ ਜਾਂ ਕੋ ਸੁਤ।*

ਅੰਗਰੇਜ਼ ਨੇ ਭੀ ਲਿਖਿਆ ਹੈ ਕਿ ਇਸ ਦੇ ਦਿਮਾਗ ਨੂੰ ਅਸੀਂ ਨਹੀਂ ਸਮਝ ਸਕੇ ਕਿ ਕਿੰਨਾਂ ਇਹ ਸਿਆਣਾ ਹੈ। ਉਨ੍ਹਾਂ ਦੇ ਛੋਟੇ ਭਾਈ, ਗਰਮੀ ਦੀ ਰੁੱਤ, ਬਾਬਾ ਹੀਰਾ ਸਿੰਘ ਜੀ ਬੰਗਾਲੀ ਪੁਰ ਤਰਨ ਤਾਰਨ ਦੇ ਪਾਸ ਨਗਰ ਹੈ—ਗਏ, ਹਲਕਾ ਜਿਹਾ ਸਰੀਰ, ਸਾਉਲਾ ਰੰਗ, ਪਊਏ ਪਾਏ ਹੋਏ। ਐਸ ਵੇਲੇ ਅਸੀਂ ਗਏ। ਆਏ—ਅੱਛਾ ! ਕਹਿ ਗਏ ਸੀ ਆਵਾਂਗੇ —ਹਉਕੇ ਤੇ ਹਉਕਾ, ਆਹ ਸਰਦੋ।

ਰੰਗ ਜ਼ਰਦੋ—ਰੰਗ ਜ਼ਰਦ, ਪੀਲਾ ਰੰਗ ਹੋ ਜਾਂਦਾ ਹੈ।

*ਚਸ਼ਮ ਤਰ*—ਅੱਖਾਂ ਢਲਕਦੀਆਂ ਰਹਿੰਦੀਆਂ ਨੇ, ਕਈਆਂ ਦੀਆਂ ਵਗਦੀਆਂ ਰਹਿੰਦੀਆਂ ਨੇ। ਸੰਤ ਟਹਿਲ ਸਿੰਘ ਹੋਤੀ ਸੇਖੂਆਂ ਵਾਲੇ—ਜਿਨ੍ਹਾਂ ਨੇ ਉਨ੍ਹਾਂ ਦਾ ਦਰਸ਼ਨ ਕੀਤਾ ਹੈ, ਉਨ੍ਹਾਂ ਨੂੰ ਪਤਾ ਹੈ। ਆਹ ਉਹਨਾਂ ਦੀਆਂ ਗੰਨੀਆਂ ਜਿਹੜੀਆਂ ਸਨ—ਮੈਂ ਉਨ੍ਹਾਂ ਦਾ ਦਰਸ਼ਨ ਕੀਤਾ ਹੈ—ਹਰ ਵੇਲੇ ਭਰੀਆਂ ਰਹਿੰਦੀਆਂ ਸਨ ਜਲ ਦੀਆਂ; ਛਲਕਦੀਆਂ ਰਹਿੰਦੀਆਂ—ਚਸ਼ਮ ਤਰ। ਮਾਲਾ ਮੈਲੀ ਜਹੀ ਹੱਥ ਵਿੱਚ ਹੋਣੀ ਹਰ ਵੇਲੇ, ਬਹੁਤ ਹੌਲੀ ਬਚਨ ਕਰਨਾ। ਰੰਗੂਨ ਗਏ ਦਰਸ਼ਨ ਕਰਨ। ਅੰਬ ਹੇਠ ਜਾ ਕੇ ਖਲੋਤੇ, ਬਾਰਸ਼ ਉਤਰ ਪਈ—ਅੰਬ ਹੇਠ ਖਲੋ ਗਏ। ਫਰੀਦ ਜੀ ਦਾ ਸਲੋਕ ਯਾਦ ਆ ਗਿਆ–

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।।**
**ਚਲਾ ਤਾ ਭਿਜੈ ਕੰਬਲੀ,**

*– ਪੰਨਾ–੧੩੭੯*

—ਨਾਲ ਹੀ ਚੀਕ ਨਿਕਲ ਗਈ। ਉਹ ਸਿਪਾਹੀ ਆ ਦੁਆਲੇ ਹੋਏ —ਕੀ ਹੋਇਆ, ਕੀ ਕਰਦਾ ਹੈਂ ?

ਕਹਿੰਦੇ,''ਮੈਂ ਆਪਣੇ ਸਾਥੀ ਨੂੰ ਉਡੀਕਦਾ ਹਾਂ।'' ਝੂਠ ਭੀ ਨਹੀਂ ਬੋਲਿਆ, ਉਨ੍ਹਾਂ ਨੂੰ ਪਤਾ ਭੀ ਨਹੀਂ ਲੱਗਣ ਦਿੱਤਾ।

ਫੇਰ ਉਨ੍ਹਾਂ ਆਖਿਆ—ਤੂੰ ਇਨ੍ਹਾਂ ਨੂੰ ਜਾਣਦਾ ਹੈ—ਸਤਿਗੁਰਾਂ ਵਲ ਹੱਥ ਕਰਕੇ ਆਖਿਆ।

ਹੁਣ ਜੇ ਆਖੇ—ਨਹੀਂ ਜਾਣਦਾ—ਤਾਂ ਝੂਠ। ਜੇ ਆਖੇ—ਜਾਣਦਾ ਹਾਂ —ਤਾਂ ਫੜਦੇ ਹਨ। ਕਹਿੰਦੇ—ਮੈਂ ਇਹਦੀ ਗਤਿ ਨਹੀਂ ਜਾਣਦਾ—ਤਾਂ, ਚਸ਼ਮ ਤਰ। ਫੇਰ–

*ਕੰਮ ਖੁਰਦਨੀ*—ਖਾਣਾ ਥੋੜਾ,
*ਕਮ ਗੁਫਤਨੀ*—ਬੋਲਣਾ ਥੋੜਾ,
*ਖੁਆਬੇ ਹਰਾਮ*—ਨੀਂਦ ਤਾਂ ਉਨ੍ਹਾਂ ਨੂੰ ਹਰਾਮ ਹੋ ਜਾਂਦੀ ਹੈ।

ਸੰਤ ਜੀਊਣ ਸਿੰਘ ਹੁਰੀਂ—ਸੰਤ ਆਲਾ ਸਿੰਘ ਹੁਰੀਂ ਬਚਨ

ਕਰਦੇ, ਨਾਲ ਰਹਿਣਾ—ਸਰਿਹਾਲੀ ਵਾਲਿਆਂ, ਰਾਤ ਨੂੰ ਕਦੇ ਐਸ ਪਾਵੇ ਤੇ ਕਲੇਜਾ, ਕਦੇ ਇਹਦੇ ਉੱਤੇ। ਇਸ ਤਰ੍ਹਾਂ ਹੀ ਰਾਤ ਲੰਘਦੀ।

ਫੇਰ ਇੰਤਜ਼ਾਰੀ—ਹਰ ਵੇਲੇ ਯਾਦ ਰਹਿਣੀ, ਬਈ, ਹੁਣ ਵੀ ਮਿਲੇ, ਹੁਣ ਵੀ ਆਏ, ਹੁਣ ਭੀ ਆਏ। ਸਾਡੇ 'ਚ ਤੇ ਕੱਖ ਭੀ ਨਹੀਂ ਰਹਿ ਗਿਆ। ਯਸੂਹ ਨੂੰ ਮਰਿਆਂ ੧੯੫੪ ਵਰ੍ਹੇ ਹੋ ਗਏ—ਇਸਾਈਆਂ ਦੇ ਈਸਾ ਨੂੰ। ਸਾਹਮਣੇ ਫਾਂਸੀ ਦਿੱਤਾ ਗਿਆ, ਸਾਹਮਣੇ ਮੇਖਾਂ ਠੋਕ ਕੇ ਮਾਰਿਆ ਗਿਆ। ਅਜੇ ਤਕ ਵਲਾਇਤ ਵਿੱਚ ਮੋਮ ਦੀ ਬੱਤੀ ਮਧੱਮ ਜਹੀ ਜਗਾ ਕੇ, ਬੂਹੇ ਖੁੱਲ੍ਹੇ ਰੱਖ ਕੇ, ਸਾਰੀ ਰਾਤ ਐਸ ਤਰਾਂ ਕਈ ਕਈ ਪਾਦਰੀ ਬੈਠੇ ਰਹਿੰਦੇ ਨੇ, ਬਈ, ਹੁਣ ਭੀ ਖੁਦਾ ਦਾ ਪੁੱਤਰ ਆਇਆ—ਹੁਣ ਭੀ ਆਇਆ। ਸਾਡੇ ਸਾਹਮਣੇ ਸਭ ਕੁਛ—ਨਾ ਕੋਈ ਸਬੂਤ ਅੰਗਰੇਜ਼ ਦੇ ਸਕੇ ਸਰੀਰ ਛੁਟੇ ਦਾ, ਨਾ ਕੋਈ ਗੱਲ, ਨਾ ਬਾਤ ਔਰ ਅੱਸੀਆਂ ਤਰਾਸੀਆਂ ਸਾਲਾਂ ਦੀ ਗੱਲ—ਅਸੀ ਫੇਰ ਭੁੱਲ ਜਾਨੇ ਹਾਂ। ਇੰਤਜ਼ਾਰੀ —ਹਰ ਵੇਲੇ ਯਾਦ, ਹਰ ਵੇਲੇ ਖਿੱਚ।

ਬੇਕਰਾਰੀ—ਸਰੀਰ ਟੁੱਟਿਆ ਭੱਜਿਆ ਰਹਿਣਾ, ਹਿਲਣ ਚੱਲਣ ਜੋਗਾ ਨਾ ਰਹਿਣਾ।

ਬੇ-ਆਰਾਮ—ਅਰਾਮ ਨਹੀਂ ਕਦੀ ਆਉਣਾ, ਕਦੇ ਏਧਰ ਹੋ ਗਏ, ਕਦੇ ਏਧਰ ਪਾਸਾ ਮਾਰਿਆ, ਕਦੇ ਇਉਂ ਉੱਠੇ। ਇਹ ਹਨ ਆਸ਼ਕਾਂ ਦੀਆਂ ਨਿਸ਼ਾਨੀਆਂ। ਦਿਵਾਨ ਜੀ ਕਹਿੰਦੇ ਹਨ।

*ਵਗਰਨਹ ਜ਼ੌਕਿ ਚੁਨੀ ਆਮਦਨ ਨਬੂਦ ਮਰਾ।*

ਮੈਨੂੰ ਕੋਈ ਸ਼ੌਕ ਨਹੀਂ ਸੀ ਏਥੇ ਆਉਣ ਦਾ।

*ਖੁਸ਼ ਅਸੁ ਉਮਰ ਕਿ ਦਰ ਯਾਦਿ ਬਿਗੁਜ਼ਰਦ।*

ਚੰਗੀ ਹੈ ਉਮਰ ਜੇ ਤੇਰੀ ਯਾਦ ਵਿੱਚ ਗੁਜ਼ਰੇ। ਨਹੀਂ ਫੇਰ, ਕੀ ਕਹਿੰਦੇ ਨੇ-

*ਵਰਨਾ-ਚਿ ਹਾਸਿਲ ਅਸੁ*
*ਅਜ਼ੀਂ ਗੁੰਬਦਿ ਕਬੂਦ ਮਰਾ।*

*– ਗਜ਼ਲ-੧*

ਕੀ ਹਾਸਲ ਹੈ ਏਥੇ ਨੀਲੇ ਅਕਾਸ਼ ਦੇ ਥੱਲੇ, ਮੇਰੇ ਪੱਲੇ ਕੀ ਪਿਆ

ਜੇ ਤੇਰੀ ਯਾਦ ਨਾ ਰਹੀ, ਜੇ ਮੈਂ ਤੈਨੂੰ ਭੁੱਲ ਗਿਆ। ਸੋ ਭਾਈ ਸੱਜਣੋ, ਕੀ ਕਥਾ ਕਰਨੀ ਹੈ, ਕੀ ਵਾਰਤਾ ਕਰਨੀ ਹੈ। ਗੱਲਾਂ ਬਹੁਤੀਆਂ ਕਰਨ ਨਾਲ ਕੁਛ ਨਹੀਂ ਬਣਦਾ। ਸਤਿਗੁਰੂ ਰਾਮ ਸਿੰਘ ਦੇ ਵਕਤ ਦੇ ਸਿੱਖ ਕਿਸੇ ਨੂੰ ਉਪਦੇਸ਼ ਨਹੀਂ ਸੀ ਕਰਦੇ। ਉਪਦੇਸ਼ ਕੀ ਸੀ—ਉਨ੍ਹਾਂ ਦੀ ਕਰਨੀ ਉਪਦੇਸ਼ ਸੀ। ਉਹਨਾਂ ਜ਼ਿਮੀਦਾਰ ਸਿੱਖਾਂ ਦੇ ਮਾਲਵੇ 'ਚ ਜਿਨ੍ਹਾਂ ਦੇ ਦੋ-ਦੋ ਕੋਹਾਂ ਉੱਤੇ ਖੇਤ ਸਨ, ਉਹਨਾਂ ਹਰ ਇੱਕ ਜਾਨਵਰ ਦਾ ਛਿੱਕਾ ਬਣਾਇਆ ਹੋਇਆ ਸੀ ਮੂੰਹ ਤੇ ਚਾੜ੍ਹਨ ਨੂੰ ਕਿ ਜਦੋਂ ਘਰੋਂ ਤੋਰੀਏ, ਦੋ ਕੋਹ ਖੇਤ ਵਿੱਚ ਜਾਵੇ ਕਿਸੇ ਦੀ ਪੈਲੀ ਨੂੰ ਮੂੰਹ ਨਾ ਲਾਵੇ। ਕਿਉਂ—ਉਹਨਾਂ ਨੇ ਮੰਨ ਕੇ ਵਖਾਇਆ। ਗੁਰੂ ਗੋਬਿੰਦ ਸਿੰਘ ਨੇ ਰਹਿਣੀ ਲਿਖੀ, ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਉਹ ਵਰਤ ਕੇ ਦਿਖਾਈ, ਸਤਿਗੁਰਾਂ ਦੇ ਹੁਕਮ ਅਨੁਸਾਰ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**

ਏਦੂੰ ਭੀ ਅੱਗੇ—ਸੂਰ, ਗਾਂ ਤੇ ਮਾਰ ਕੇ ਖਾਂਦੇ ਨੇ ਨ, ਉਹ ਕਹਿੰਦੇ ਨੇ-

**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**

*– ਮ:੧, ਪੰਨਾ-੧੪੧*

ਮਰੇ ਹੋਏ ਨੂੰ ਕੋਈ ਭੀ ਨਹੀਂ ਖਾਂਦਾ—ਨਾ ਹਿੰਦੂ, ਨਾ ਮੁਸਲਮਾਨ। ਸੂਰ ਨੂੰ ਭੀ ਨਹੀਂ ਕੋਈ ਖਾਂਦਾ, ਗਾਂ ਨੂੰ ਭੀ ਨਹੀਂ ਖਾਂਦੇ, ਮੁਸਲਮਾਨ ਭੀ ਮਰੀ ਹੋਈ ਨੂੰ ਨਹੀਂ ਖਾਂਦੇ। ਤਾਂ ਮਹਾਰਾਜ ਕਹਿੰਦੇ ਨੇ—ਮੁਰਦਾਰ ਨ ਖਾਏ। ਹੁਣ ਆਪਾਂ ਆਪਣੇ ਅੰਦਰ ਝਾਤੀ ਮਾਰੀਏ, ਸਾਡੇ ਮਨ ਨੇ ਕਿੰਨਾਂ ਕੁ ਪਰਾਇਆ ਹੱਕ ਛੱਡਿਆ ਹੈ, ਕਿੰਨਾਂ ਕੁ ਅਸੀਂ ਏਦੂੰ ਚਲਦੇ ਹਾਂ। ਮੈਂ ਲੰਮਾ ਚੌੜਾ ਕੀ ਵਖਿਆਨ ਤੁਹਾਡੇ ਕੋਲ ਕਰਾਂ—

**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥**

*– ਮ:੨, ਪੰਨਾ-੧੫੦*

—ਸਤਿਗੁਰੂ ਦੇ ਸਿੱਖਾਂ ਨੂੰ ਉਪਦੇਸ਼ ਨਹੀਂ, ਸਤਿਗੁਰੂ ਦੇ ਸਿੱਖਾਂ ਅੱਗੇ ਤੇ ਅਰਜ਼ ਬੇਨਤੀ ਹੀ ਕਰਨੀ ਹੈ, ਲੰਮੇ ਚੌੜੇ ਝੇੜੇ ਦੀ ਲੋੜ ਨਹੀਂ।

ਦੱਸੋ—ਉਹਨਾਂ ਨੇ ਰਹਿਤਨਾਮਾ ਪਹਿਲਾ, ਇਹ ਜਿਹੜਾ ਹੁਕਮਨਾਮਾ ਅੱਜ ਤੁਸਾਂ ਸੁਣਿਆ ਹੈ, ਇਹ ਸਤਿਗੁਰੂ ਰਾਮ ਸਿੰਘ ਜੀ ਨੇ ੧੯੧੯-੨੦ ਸੰਮਤ ਬਿਕਰਮੀ ਵਿੱਚ ਗੁਰਦੁਵਾਰੇ ਭੈਣੀ ਸਾਹਿਬ ਹੁੰਦਿਆਂ ਸਾਧ ਸੰਗਤ ਨੂੰ ਲਿਖਿਐ—ਕਿ ਭਾਈ ਬਾਣੀ ਸਭ ਨੇ ਕੰਠ ਕਰਨੀ ਜ਼ਰੂਰ, ਜਪੁ, ਜਾਪੁ ਆਰਤੀ ਸੋਹਿਲਾ ਇਤਨੀ ਤੇ ਜ਼ਰੂਰ ਹੀ ਕਰਨੀ। ਫੇਰ ਹੋਰ ਹੁਕਮਨਾਮੇ ਜਦੋਂ ਲਿਖੇ, ਕਹਿੰਦੇ ਨੇ,''ਇਹ ਨਾ ਸਮਝਣਾਂ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ, ਭਾਈ ਜੇ ਬਣ ਆਵੇ ਤਾਂ ਪੰਜ ਗ੍ਰੰਥ ਕੰਠ ਕਰਨੇ, ਨਹੀਂ ਤਾਂ, ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਆਸਾ ਦੀ ਵਾਰ, ਸੁਖਮਨੀ ਸਾਹਿਬ। ਘੱਟ ਤੋਂ ਘੱਟ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ ਤੇ ਚੰਡੀ ਦੀ ਵਾਰ-ਇਨ੍ਹਾਂ ਪੰਜਾਂ ਤੋਂ ਘੱਟ ਨਾ ਕੋਈ ਕੂਕਾ ਰਹੇ।''

ਸਿੱਖ, ਸਭ ਦਾ ਹੀ ਫਰਜ਼ ਹੈ ਬਾਣੀਆਂ ਪੜ੍ਹਨ ਦਾ। ਸਾਰੇ ਸਿੱਖ ਗੁਰੂ ਦੇ ਹਨ। ਇਹ ਅਲਹਿਦੀ ਗੱਲ ਹੈ, ਅਸੀਂ ਥੋੜੀਆਂ, ਥੋੜੀਆਂ ਗੱਲਾਂ ਤੋਂ ਆਪਣੀਆਂ ਵੱਟਾਂ ਪਾ ਕੇ ਔਰ ਇਹਦੇ ਤੋਂ ਅਸੀਂ ਤਰਕ ਕਰਦੇ ਹਾਂ ਇੱਕ ਦੂਏ ਤੇ। ਤਰਕ ਕਰਨ ਨੇ ਸਾਡਾ ਕੱਖ ਨਹੀਂ ਰਹਿਣ ਦਿੱਤਾ। ਔਰ ਤਰਕ ਸਾਡੀ ਏਥੋਂ ਤਕ ਵਧ ਗਈ ਹੈ—ਸਿੰਘ ਸਭੀਆਂ ਦੀ ਸਿੰਘ ਸਭੀਆਂ ਨਾਲ, ਕੂਕਿਆਂ ਦੀ ਕੂਕਿਆਂ ਨਾਲ, ਅਕਾਲੀਆਂ ਦੀ ਅਕਾਲੀਆਂ ਨਾਲ, ਨਿਰਮਲਿਆਂ ਦੀ ਨਿਰਮਲਿਆਂ ਨਾਲ। ਸਾਡੇ ਪੱਲੇ ਹੁਣ ਰਹਿ ਹੀ ਕੁਛ ਨਹੀਂ ਗਿਆ। ਉਹ ਜਿਵੇਂ ਮਾਈਆਂ ਗਾਉਂਦੀਆਂ ਨੇ—ਛੰਦ ਪਰਾਗੇ ਆਈਏ ਜਾਈਏ—ਲਾੜਾ ਹੈ ਹੀ ਨਹੀਂ। ਕੱਖ ਨਹੀਂ ਸਾਡੇ ਕੋਲ ਰਿਹਾ, ਬਗੈਰ ਏਸ ਗੱਲ ਤੋਂ ਕਿ ਅਸੀ ਕਿਸੇ ਨੂੰ ਕਹੀਏ—ਇਹ ਫਲਾਣਾ ਕੰਮ ਕਰਦਾ ਹੈ। ਕਿਸੇ ਦਾ ਕੰਮ ਦੇਖਣ ਨਾਲੋਂ, ਕਬੀਰ ਨੇ ਕਿਹਾ ਕਿ-

*ਬੁਰਾ ਜੋ ਦੇਖਣ ਮੈਂ ਚਲਾ ਬੁਰਾ ਨਾ ਮਿਲਿਆ ਕੋਇ।*
*ਜੋ ਦਿਲ ਖੋਜਿਆ ਆਪਣਾ ਮੁਝਸਾ ਬੁਰਾ ਨ ਕੋਇ।*

ਓਨਾਂ ਚਿਰ ਕਿਸੇ ਨੂੰ ਬੁਰਾ ਕਹਿੰਦਾ ਹੈ, ਜਿਨਾਂ ਚਿਰ ਇਹ ਆਪਣੀ ਬੁਰਿਆਈ ਨਹੀਂ ਦੇਖਦਾ। ਔਰ ਏਹੋ ਤੁਹਾਡੀ ਚੀਜ਼ ਹੈ, ਸਤਿਗੁਰਾਂ ਨੇ ਏਹੋ ਤੁਹਾਨੂੰ ਦਾਨ ਦਿੱਤਾ ਹੈ—ਬਾਣੀ ਪੜ੍ਹਿਆ ਕਰੋ, ਨਾਮ ਜਪਿਆ ਕਰੋ।

ਦੇਖੋ ਹੁਣ ਯਾਦ ਕਰੋ ਇਹ ਗੱਲ, ਅੱਗੇ ਵਾਸਤੇ ਜਿਨ੍ਹਾਂ ਦੇ ਥੋੜ੍ਹੀ ਕੰਠ ਹੈ, ਉਹ ਬਹੁਤੀ ਕੰਠ ਕਰੋ। ਸਤਿਗੁਰਾਂ ਨੇ ਆਉਣਾ ਹੈ। ਓਥੇ ਇਹ ਗੱਲ ਹੈ, ਉਹਨਾਂ ਲਿਖਿਐ,''ਭਾਈ ਸੂਰਜ ਜਿਹੜਾ ਹੈ, ਉਹ ਪਾਣੀ ਬਰਸਾਉਣ ਲੱਗ ਪਵੇ ਠੰਢਾ, ਧਰਤੀ ਉਤਾਂਹ ਨੂੰ ਪਾਣੀ ਸੁੱਟਣ ਲੱਗ ਪਵੇ, ਚੰਦਰਮਾ ਅੱਗ ਸਿੱਟੇ—ਇਹ ਗੱਲਾਂ ਬੇਸ਼ਕ ਹੋ ਜਾਣ, ਪਰ ਜਿਹੜਾ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ—ਰੌਲੀ ਪਵੇ ਦੇਸ ਸਭ ਰੁਲੈ—ਇਹ ਨਹੀਂ ਹਟਣਾ, ਉਹ ਵਰਤਣਾ ਹੈ।'' ਤੁਸੀਂ ਬਹੁਤੇ ਸਾਰੇ ਲੋਕ ਏਥੇ ਹੋ—ਜਾਂ ਉਹ ਵਿੱਚ ਸਨ ਜਾਂ ਉਹਨਾਂ ਦੇ ਸਨਬੰਧੀ ਵਿੱਚ ਸਨ ਜਿਨ੍ਹਾਂ ਨੇ ਅੱਗੇ ਧੱਕੇ ਖਾਧੇ, ਮਾਰਾਂ ਖਾਧੀਆਂ, ਬੁਰੇ ਹਾਲ ਹੋਏ। ਕਿਸੇ ਦੀ ਔਰਤ ਰਹੀ, ਕਿਸੇ ਦਾ ਬੱਚਾ ਰਿਹਾ, ਕਿਸੇ ਦੀ ਲੜਕੀ ਰਹੀ, ਕਿਸੇ ਦਾ ਪਦਾਰਥ ਗਿਆ। ਪਰ ਫੇਰ ਚੇਤਾ ਗਿਆ ਨ ਭੁੱਲ।

**ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ॥**

*– ਆਸਾ ਮ:੫, ਪੰਨਾ–੪੩੪*

ਮਰਨਾ ਭੁੱਲ ਗਿਆ, ਇਹ ਨਹੀਂ ਕਦੇ ਯਾਦ ਆਉਂਦਾ। ਕਦੇ ਖਿਆਲ ਨਹੀਂ ਆਉਂਦਾ, ਏਊਂ ਹੀ ਚਿਤ ਕਰਦਾ ਹੈ ਬਈ, ਸੇਠ ਦਿਆਲ ਸਿੰਘ ਕੋਲ ਜਿਹੜੀ ਬਹੁਤੀ ਜਾਇਦਾਦ ਹੈ, ਮੈਂ ਏਦੂੰ ਬਹੁਤਾ ਕੰਮ ਕਰਾਂ। ਇਹਦੀਆਂ ਦੁਕਾਨਾਂ ਮੈਂ ਖਰੀਦ ਲਵਾਂ। ਉਹ ਬਹੁਤਾ ਕੰਮ ਕਰਦਾ ਹੈ, ਮੈਂ ਓਦੂੰ ਬਹੁਤਾ ਕੰਮ ਕਰਾਂ। ਮੇਰੇ ਮੁੰਡੇ ਬਹੁਤੇ ਹੋਣ, ਮੇਰੇ ਗਹਿਣੇ ਬਹੁਤੇ ਹੋਣ। ਇਹ ਭੀ ਧਨ ਯਾਦ ਰੱਖਿਆ ਕਰੋ, ਗੁਰੂ ਜੀ ਕਹਿੰਦੇ ਨੇ–

**ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥**

*– ਧਨਾਸਰੀ ਮ:੫, ਪੰਨਾ–੬੮੦*

ਸ਼ਾਹ ਉਹ ਹੈ ਜਿਹਦੇ ਕੋਲ ਨਾਮ ਦਾ ਧਨ ਹੋਵੇ। ਤਾਂ ਨਾਮ ਦਾ ਧਨ ਸਤਿਗੁਰੂ ਨੇ ਦਿੱਤਾ ਹੈ। ਤੁਸੀਂ ਏਸ ਗੱਲ ਨੂੰ ਯਾਦ ਕਰਕੇ, ਭਜਨ ਕਰਿਆ ਕਰੋ। ਮੈਂ ਹੁਕਮ ਨਹੀਂ ਸਾਧ ਸੰਗਤ ਦਾ ਮੋੜਿਆ, ਕਥਾ ਕਰਨ ਨੂੰ ਚਿਤ ਨਹੀਂ ਕਰਦਾ, ਗੱਲਾਂ ਕਰਿਆਂ ਨਹੀਂ ਕੁਛ ਬਣਦਾ।

# ਸੂਲੀ ਦੀ ਸੂਲ

ਆਹ ਦੇਖੋ ਏਸ ਨਿਤਨੇਮ ਦਾ ਤੁਸੀਂ ਇਹ ਹਿਸਾਬ ਲਾਓ, ਕਿ ਜਿਹੜੇ ਉਹਦੇ 'ਚ ਬੈਠਦੇ ਰਹੇ, ਜਿਨ੍ਹਾਂ ਕੋਲ ਕੁਛ ਆਇਆ ਉਹ ਇੱਕੋ ਗੱਲ—ਇੱਕ ਜਨਮ ਸਾਖੀ 'ਚ ਸਾਖੀ ਆਉਂਦੀ ਹੈ—ਦੋ ਪੁਰਸ਼ ਸੇ—ਗੁਰੂ ਨਾਨਕ ਦੇਵ ਮਹਾਰਾਜ ਸੱਚੇ ਪਾਤਸ਼ਾਹ, ਉਸ ਨਗਰ ਦੇ ਬਾਹਰ ਜਾ ਬੈਠੇ। ਦੋ ਆਦਮੀਆਂ ਨੇ ਜਾਣਾ, ਇੱਕ ਨੇ ਅੱਧ ਚੋਂ ਕੰਜਰਾਂ ਦੇ ਘਰ ਚਲੇ ਜਾਣਾ, ਤਮਾਸ਼ੇ ਦੇਖਣੇ, ਇੱਕ ਨੇ ਗੁਰੂ ਨਾਨਕ ਦੇਵ ਵੱਲ ਜਾਣਾ। ਇੱਕ ਦਿਨ ਐਸਾ ਆਇਆ—ਉਨ੍ਹਾਂ ਦਾ ਇਕਰਾਰ ਇਹ ਹੁੰਦਾ ਸੀ—ਬਈ ਐਥੇ ਇਕੱਠੇ ਹੋਣਾ ਹੈ ਐਸ ਦਰਖ਼ਤ ਹੇਠਾਂ। ਜੇ ਮੈਂ ਪਹਿਲਾਂ ਆ ਜਾਵਾਂ, ਤਾਂ ਮੈਂ ਉਡੀਕਾਂਗਾ ਜੇ ਤੂੰ ਆ ਜਾਏਂ ਤਾਂ ਤੂੰ ਉਡੀਕੀਂ। ਕਰਦਿਆਂ ਕਰਦਿਆਂ, ਇੱਕ ਦਿਨ ਉਹ ਸਿੱਖ ਪਿਛੇ ਰਹਿ ਗਿਆ, ਉਹ ਆ ਗਿਆ ਪਹਿਲਾਂ। ਉਹ ਆ ਕੇ ਜ਼ਮੀਨ ਖੁਰਚਨ ਲੱਗ ਪਿਆ। ਉਹ ਮਸ਼ਹੂਰ ਕਹਾਵਤ ਹੈ ਸਾਡੀ, ਕਿ ਪੰਜਾਬੀ ਦੇ ਹੱਥ ਤੇ ਹਿੰਦੁਸਤਾਨੀ ਦੀ ਜ਼ਬਾਨ ਨਿਚੱਲੀ ਨਹੀਂ ਰਹਿੰਦੀ। ਅਸੀਂ ਜੇ ਕੁਛ ਨਾ ਕਰੀਏ ਤਾਂ ਡੱਕੇ ਹੀ ਤੋੜੀ ਜਾਵਾਂਗੇ। ਆਹ ਦੇਖੋ ਮੈਂ ਹੁਣ ਫੁੱਲ ਹੀ ਚੁੱਕ ਲਿਆ ਹੱਥ 'ਚ, ਕੋਈ ਕੰਮ ਨਹੀ ਸੀ। ਹਿੰਦੁਸਤਾਨੀ ਦੀ ਜ਼ਬਾਨ ਹੈ, ਜਾਂ ਗੱਲਾਂ ਕਰੀ ਜਾਊ, ਜਾ ਤਮਾਕੂ ਚੱਬੀ ਜਾਊ, ਜਾਂ ਪਾਨ ਚੱਬੀ ਜਾਊ, ਜਾਂ ਕੁਛ ਮੂੰਹ 'ਚ ਪਾਈ ਰੱਖੂ, ਓਹ ਕਰੀ ਜਾਂਦਾ ਹੈ। ਉਹ ਉੱਥੇ ਥਾਂ ਖੁਰਚਨ ਲੱਗਾ। ਖੁਰਚਦਿਆਂ ਇੱਕ ਹਾਂਡੀ ਨਿਕਲੀ। ਹਾਂਡੀ 'ਚ ਕੀ ਦੇਖਿਆ—ਕੋਲੇ। ਉਹ ਕੋਲੇ ਕੱਢੇ ਤੇ ਉਹਨਾਂ ਚੋਂ ਇੱਕ ਮੋਹਰ ਲੱਭ ਆਈ ਉਹਨੂੰ। ਉਹ ਸਿੱਖ ਜਿਹੜਾ ਸੀ, ਉਹਦੇ ਰਸਤੇ 'ਚ ਪੈਰ 'ਚ ਸੂਲ ਲੱਗੀ ਬੜੀ ਤਗੜੀ। ਉਹ ਬੜੀ ਮੁਸ਼ਕਲ ਤੁਰਿਆ ਆਇਆ, ਜ਼ਰਾ ਮਗਰੋਂ ਆਇਆ। ਉਹ ਮਖੌਲ ਲੱਗਾ ਉਹਨੂੰ ਕਰਨ ਜਿਹੜਾ ਕੰਜਰਾਂ ਦੇ ਘਰ ਜਾਂਦਾ ਸੀ—ਦੇਖ ਭਾਈ, ਤੂੰ ਤੇ ਸਾਧਾਂ ਕੋਲ ਜਾਂਦਾ ਹੈ ਤੇ ਮੈਂ ਕੰਜਰਾਂ ਦੇ ਜਾਨਾਂ ਹਾਂ, ਮੈਨੂੰ ਮੋਹਰ ਲੱਭੀ ਹੈ ਤੇ ਤੈਨੂੰ ਸੂਲ ਵੱਜੀ ਹੈ। ਅਗਲੇ ਦਿਨ ਫੇਰ ਗਏ। ਗੁਰੂ ਨਾਨਕ ਦੇਵ ਦੇ ਅੱਗੇ ਸਿੱਖ ਜਾ ਕੇ ਕਹਿੰਦਾ,

''ਮਹਾਰਾਜ ! ਮੇਰੇ ਸਾਥੀ ਨੇ ਆਹ ਗੱਲ ਕਹੀ ਹੈ।''

ਸਾਹਿਬ ਕਹਿੰਦੇ ਹਨ,''ਭਾਈ, ਤੂੰ ਸੂਲੀ ਚੜ੍ਹਨਾਂ ਸੀ, ਤੂੰ ਸੂਲੀ ਚੜ੍ਹਨ ਦੇ ਥਾਂ ਗੁਰੂ ਦੇ ਦਰਸ਼ਨ, ਸਾਧ ਸੰਗਤ ਦੇ ਕਰਦਾ ਰਿਹਾ ਹੈ, ਤਾਂ ਤੇਰਾ ਇੱਕ ਸੂਲ 'ਚ ਕੰਮ ਸਰ ਗਿਆ। ਉਹ ਨੂੰ ਦੱਸ ਜਾ ਕੇ—ਬਈ, ਭਾਂਡਾ ਜਿਹੜਾ ਤੈਨੂੰ ਲੱਭਿਆ ਸਾਰਾ ਕੋਲਿਆ ਦਾ ਭਰਿਆ, ਤੇਰਾ ਸਾਰਾ ਹੀ ਮੋਹਰਾਂ ਦਾ ਸੀ। ਤੂੰ ਓਧਰ ਜਾਂਦਾ ਰਿਹਾਂ ਤੇ ਰੋਜ਼ ਇਹ ਕੋਲੇ ਹੋਈ ਗਈ ਹੈ। ਜਿਹੜੀ ਇੱਕ ਰਹਿ ਗਈ ਹੈ, ਉਹ ਤਾਂ ਹੈ ਬਈ, ਤੂੰ ਇਸ ਸਿੱਖ ਦਾ ਦਰਸ਼ਨ ਕਰਦਾ ਹੈਂ, ਜਿਹੜਾ ਗੁਰੂ ਨਾਨਕ ਦੇਵ ਦਾ ਦਰਸ਼ਨ ਕਰਦਾ ਹੈ।''

ਸੋਈ ਸਾਡਾ ਫਰਜ਼ ਹੈ, ਅਸੀਂ ਇਉਂ ਨਾ ਦੇਖੀਏ ਬਈ, ਫਲਾਣੇ ਆਦਮੀ ਕੋਲ ਪਦਾਰਥ ਬਹੁਤਾ ਹੋ ਗਿਐ, ਭਜਨ ਕਰਨ ਵਾਲੇ ਕੋਲ ਥੋੜਾ ਹੈ। ਇਹ ਸਤਿਗੁਰੂ ਜਾਣਦਾ ਹੈ ਜਿਸ ਤਰ੍ਹਾਂ ਉਹ ਕਿਰਪਾ ਕਰਦਾ ਹੈ, ਜਿਵੇਂ ਉਹਨੇ ਕਿਰਪਾ ਕੀਤੀ ਹੈ। ਤਾਂ ਮੇਰੀ ਏਹੋ ਅਰਜ਼ ਹੈ ਕਿ ਉਹ ਵਕਤ ਨੇੜੇ ਹੈ, ਕਹਿ ਕੋਈ ਨਹੀਂ ਸਕਦਾ। ਠੱਡਾ ਤਾਂ ਲਾ ਸਕਦਾ ਹੈ ਅਕਾਲ ਪੁਰਖ ਹੀ। ਮਹਾਰਾਜਾ ਰਣਜੀਤ ਸਿੰਘ ਨੂੰ ਫੌਜ ਵਾਲਿਆਂ ਨੇ ਆਖਿਆ, ''ਮਹਾਰਾਜ ਘੋੜੇ ਤਿਆਰ ਕਰਕੇ, ਸਮਾਨ ਤਿਆਰ ਕਰਕੇ ਤੋਪਾਂ ਤਿਆਰ ਕਰਕੇ ਰੱਖਦੇ ਹਾਂ, ਜੇ ਰਾਤ ਨੂੰ ਸਾਨੂੰ ਪਤਾ ਲੱਗ ਜਾਏ ਤਾਂ ਅਸੀਂ ਉਧਰ ਨੂੰ ਤੁਰ ਪਿਆ ਕਰੀਏ।''

ਤਾਂ ਮਹਾਰਾਜਾ ਹੱਸ ਕੇ ਕਹਿੰਦਾ ਹੈ,''ਬਈ, ਘੋੜੇ ਭੀ ਤੁਹਾਡੇ ਕੋਲ, ਬਰੂਦ ਭੀ, ਤੋਪਾਂ, ਬੰਦੂਕਾਂ ਭੀ ਤੁਹਾਡੇ ਕੋਲ, ਜੇ ਹੁਕਮ ਭੀ ਤੁਹਾਨੂੰ ਪਹਿਲਾਂ ਹੀ ਪਤਾ ਹੋਵੇ, ਬਈ, ਏਧਰ ਨੂੰ ਜਾਣਾ ਹੈ, ਤਾਂ ਮੇਰੀ ਬਾਦਸ਼ਾਹੀ ਕਾਹਦੀ ਹੈ ?''

ਜੇ ਸਾਨੂੰ ਸਾਰਾ ਹੀ ਪਤਾ ਹੋਵੇ ਤਾਂ ਅਕਾਲ ਪੁਰਖ ਤੇ ਸਤਿਗੁਰੂ ਦੀ ਬਾਦਸ਼ਾਹੀ ਕਾਹਦੀ ਹੋਈ, ਬਈ, ਅਸੀ ਪਹਿਲਾਂ ਹੀ ਸੋਚ ਲਈਏ, ਇਉਂ ਕਰ ਲਈਏ। ਹੁਣ ਮਾਤਾ ਜੀ ਸਾਨੂੰ ਇਹ ਗੱਲ ਦੱਸਦੇ ਸੀ, ਕਿ ਸਤਿਗੁਰਾਂ ਦਾ ਹੁਕਮ ਹੈ—ਬਈ, ਪਤਾ ਸਭ ਨੂੰ ਲੱਗ ਜਾਊ, ਨਿਕਲੂ ਕੋਈ ਵਿਰਲਾ।

ਸ਼ੇਖੂਪੁਰੇ ਹੋਲਾ ਸੇਠਾਂ ਨੇ ਕੀਤਾ ੧੯੪੭ 'ਚ। ਇਕੱਠੇ ਹੋਏ, ਗੱਡੀਆਂ 'ਚ ਆਦਮੀ ਮਾਰੇ ਗਏ। ਦਿਵਾਨ ਲੱਗੇ ਹੋਏ 'ਚ ਮੈਂ ਅਰਜ਼ ਕੀਤੀ—ਸਾਧ-ਸੰਗਤ ਜੀ ਸਮਾਂ ਸਿਰ ਤੇ ਖੜਾ ਹੈ, ਬਾਲ ਬੱਚੇ ਤੇ ਪੈਸੇ ਬਾਹਰ ਕੱਢ ਲਓ। ਆਹ ਪੰਡਤ ਜੀ ਮਹਾਤਮਾ ਸਾਡੇ, ਪਹਿਲੀ ਅਗਸਤ ਨੂੰ ਅਸੀਂ ਇਕੱਠੇ ਹੋਏ ਹਾਂ, ਕਹਿਣ—ਜੀ ਹਾਂ ਹੁਣੇ ਆ ਜਾਨੇ ਹਾਂ। ਸੰਤ ਅਤਰ ਸਿੰਘ ਹੁਰੀ ਇਹਨਾਂ ਦੇ ਨਾਲ ਸੇ। ਸਮੇਂ ਦਾ ਗੇੜ, ਕਿਸੇ ਦਾ ਕਸੂਰ ਨਹੀਂ, ਉਨ੍ਹਾਂ ਆਖਿਆ ਸੀ—ਨਿਕਲੂ ਕੋਈ ਵਿਰਲਾ—ਫਸ ਗਏ, ਮਾਰਾਂ ਖਾਧੀਆਂ, ਬੁਰੇ ਹਾਲ ਹੋਏ। ਤਾਂ, ਹੁਣ ਅਜੇ ਉਹ ਚੀਜ਼ ਸਾਡੇ ਸਿਰ ਤੇ ਖੜ੍ਹੀ ਹੈ। ਮਹਾਰਾਜ ਨੇ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇੱਕ ਜਗ੍ਹਾ ਲਿਖਿਆ—ਸਤਿਗੁਰਾਂ ਨੇ ਭੀ ਉਸ ਚੀਜ਼ ਨੂੰ ਹੁਕਮਨਾਮੇ ਆਪਣੇ 'ਚ ਲਿਖਿਆ ਭਾਈ ਖਾਲਸਾ ਜੀ ਹੋਰ ਭੀ ਸੁਣ ਲਓ ਸੰਸਾਰ ਦੇ ਦੁੱਖਾਂ ਦੀ ਗੱਲ-

*ਖਲਕ ਖਾਲਕ ਖੀਸ ਈਸ ਮੂਸ*
*ਹਿੰਦੂ ਖਲਕ ਪੀਸ ਦਿਖਾਉਂ ਦੀਪ।*
*ਤੁਰਕ ਮੁਏ ਮੁੰਡੀਆਂ ਗਏ ਜਗਓ ਖਾਲਸਾ ਮੀਤ।*

ਹੋਊ ਆਟਾ ਸਣੇ ਰਾਜਿਆਂ ਪਰਜਿਆਂ ਨਹੀਂ ਦਲੀਆ ਜ਼ਰੂਰ ਹੋਊ। ਅਸੀਂ ਜਿਹੜੇ ਸਤਿਗੁਰਾਂ ਦੇ ਸਿੱਖ, ਅੰਗਰੇਜ਼ ਦੇ ਦਿਲੋਂ ਦੁਸ਼ਮਣ—ਸਾਡਾ ਹੀ ਚਿਤ ਨਹੀਂ ਸੀ ਮੰਨਦਾ ਬਈ, ਅੰਗਰੇਜ਼ ਐਵੇਂ ਨਿਕਲ ਜਾਊ। ਨਿਕਲਿਆ, ਹੁਕਮ ਦਿੱਤਾ ਸੀ ਸਤਿਗੁਰੂ ਸੱਚੇ ਪਾਤਸ਼ਾਹ ਨੇ—ਬਈ, ਸਾਨੂੰ ਤੁਸੀਂ ਸਿਆਲ ਦੇ ਮਹੀਨੇ ਕੱਢਿਆ, ਪਾਲੇ 'ਚ, ਅਸਾਂ ਤੁਹਾਨੂੰ ਗਰਮੀਆਂ 'ਚ ਕੱਢਣਾ ਹੈ। ਜੂਨ ਦੇ ਮਹੀਨੇ ਅੰਗਰੇਜ਼ ਨਿਕਲਿਆ। ਪਰ ਸਾਲ ਗਏ ਬੰਬਈ। ਓਥੇ ਜਾ ਕੇ ਪਤਾ ਲੱਗਿਆ—ਪੈਂਤੀ ਛੱਤੀ 'ਚ ਅਸੀਂ ਬੰਬਈ ਗਏ, ਸਮੁੰਦਰ ਦੇ ਕੰਢੇ ਤੇ ਬੈਠੇ—ਵੱਡਾ ਸਾਰਾ ਦਰਵਾਜ਼ਾ ਇੱਕ ਬਣਿਐ ਜਿਸਦਾ ਨਾਓ ਇੰਡੀਆ ਗੇਟ ਰੱਖਿਆ ਹੋਇਆ। ਦਿਲ ਨੂੰ ਸੜਨ ਹੋਈ ਦੇਖ ਕੇ, ਕਿ ਇਹਨਾਂ ਨੇ ਸਾਡੇ ਮੁਲਕ 'ਚ ਆ ਕੇ ਦਰਵਾਜ਼ਾ ਬਣਾ ਕੇ ਇੰਡੀਆ ਗੇਟ ਨਾਉਂ, ਕਿਤੇ ਸਾਡੀ ਵੀ ਵਾਰੀ ਆਊ, ਅਸੀਂ ਵੀ ਚਲਾਂਗੇ ਉੱਥੇ, ਜਿੱਥੇ ਅਸੀਂ ਵੀ ਬਣਾਵਾਂਗੇ ਕੋਈ ਦਰਵਾਜ਼ਾ। ਹੁਣ, ਪਰ (ਸਾਲ) ਜਦੋਂ ਅਸੀਂ ਗਏ, ਪਤਾ

ਲੱਗਾ ਬਈ, ਉਹ ਅੰਗਰੇਜ਼ ਜਿਦਣ ਜਹਾਜ਼ ਤੇ ਚੜ੍ਹਾਏ ਗਏ, ਉਹਨਾਂ ਨੂੰ ਹੁਕਮ ਮਿਲਿਆ ਤੁਸੀਂ ਯੂਨੀਅਨ ਜੈਕ ਆਪਣੇ ਹੱਥੀਂ ਉਤਾਰੋ ਔਰ ਕਾਂਗਰਸ ਦਾ ਝੰਡਾ ਹਿੰਦੁਸਤਾਨ ਦਾ ਚੜ੍ਹਾਓ। ਚੜ੍ਹਾ ਕੇ ਝੰਡਾ—ਸੌ ਕਿ ਦੋ ਸੌ ਕਦਮ ਉਹਨਾਂ ਨੂੰ ਇਹ ਹੁਕਮ ਮਿਲਿਆ ਬਈ, ਮੂੰਹ ਹਿੰਦੁਸਤਾਨ ਵੱਲ ਰੱਖੇ ਪਿਛਲ ਖੋੜੀ ਜਹਾਜ਼ ਤੇ ਚੜ੍ਹੋ ਜਾ ਕੇ। ਧਾਂਹੀ ਮਾਰਦੇ, ਰੌਂਦੇ ਪਿਛਲ ਖੋੜੀ ਜਹਾਜ਼ ਤੇ ਚੜ੍ਹਨਾਂ ਪਿਆ। ਇਹ ਸਤਿਗੁਰੂ ਸੱਚੇ ਪਾਤਸ਼ਾਹ, ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦਾ ਹੁਕਮ ਸੀ ਜਿਹੜਾ ਸਮਝੋ ਬਈ, ਬਹੱਤਰ ਸਾਲ ਬਾਅਦ ਜਾਂ ਪੰਝਤਰ ਛਿਅੱਤਰ ਸਾਲ ਬਾਅਦ ਵਰਤਿਆ। ਤਾਂ ਹੁਣ ਜਿਹੜੀ ਅਗਲੀ ਗੱਲ ਹੈ ਉਹ ਭੀ ਵਰਤਣੀ ਹੈ, ਕਿਉਂਕਿ ਸ੍ਰਿਸ਼ਟੀ—ਮਹਾਰਾਜ ਨੇ ਲਿਖਿਆ ਹੈ–

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**

ਅਜੇ ਕਿੱਥੇ, ਗੁਰੂ ਨਾਨਕ ਦੇਵ ਜੀ ਨੇ ਕਿਹਾ–

**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥**

*– ਧਨਾਸਰੀ ਮ:੧, ਪੰਨਾ–੬੬੩*

## ਬੱਚਿਆਂ ਨੂੰ ਬਲੀ ਬਣਾਓ

ਹੁਣ ਕੀ ਨਾਮਧਾਰੀ, ਕੀ ਗੈਰ ਨਾਮਧਾਰੀ, ਸਿੰਘ ਸਭਾ ਜਾਂ ਕੋਈ ਗੁਰੂ ਕਾ ਸਿੱਖ—ਤੁਸੀਂ ਦੱਸੋ ਏਥੇ ਤੁਹਾਡਾ ਕਿਸੇ ਦਾ ਘਰ ਨਹੀਂ ਰਿਹਾ ਜਿੱਥੇ ਸਿਆਮਨਾਂ ਤੁਹਾਡੇ ਲੜਕੇ ਬਾਲਿਆਂ ਨੂੰ ਨਹੀਂ ਸਾਂਭਦੀਆਂ। ਉਹ ਸਭ ਗਾਂ ਦਾ ਮਾਸ ਖਾਂਦੀਆਂ ਨੇ। ਤੁਹਾਡੇ ਬੱਚੇ ਦੇ ਮੂੰਹ 'ਚ ਉਹ ਸਭ ਕੁਝ ਦਿੰਦੀਆਂ ਨੇ। ਹੁਣ ਕੂਕੇ, ਸੋਧੀ ਬੜੇ ਕਸੂਤੇ ਇਹ ਗੜਵੀ ਨਹੀਂ ਦੇਂਦੇ ਨਾਉਣ ਨੂੰ—ਇਹਨਾਂ ਦਾ ਭੀ ਬੁਰਾ ਹੀ ਹਾਲ ਹੈ। ਕਿਉਂ ਹੋ ਗਿਆ ? ਏਸ ਗੱਲ ਨੂੰ ਪਛੋਤਾਅ ਕਰਨਾਂ ਪਏਗਾ, ਸਾਡੀਆਂ ਮਾਈਆਂ ਭੈਣਾਂ ਨੂੰ ਭੀ। ਸਾਡੀਆਂ ਮਾਵਾਂ ਭੈਣਾਂ ਕਮਜ਼ੋਰ ਹੁੰਦੀਆਂ ਜਾਂਦੀਆਂ ਨੇ। ਕੰਮੋਂ ਬਹਿੰਦੀਆਂ ਜਾਂਦੀਆਂ ਨੇ, ਵਿਹਲੀਆਂ ਰਹਿੰਦੀਆਂ ਨੇ। ਉਹ ਸਾਡੀਆਂ ਮਾਈਆਂ—ਪੜ੍ਹੋ ਇਤਹਾਸ —ਬੀਬੀ ਅਮਰੋ ਜੀ, ਸਵਾ ਪਹਿਰ ਦਾ ਤੜਕਾ ਹੈ, ਜਿਸ ਵੇਲੇ ਰਿੜਕਣਾ

ਪਾਇਆ ਤੇ ਨਾਲ ਹੀ—**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ।** ਬਾਣੀ ਪੜ੍ਹੀ। ਜਿਨ੍ਹਾਂ ਨੇ ਉਹ ਬਾਣੀ ਪੜ੍ਹੀ ਅਜ ਲੱਸੀ ਘਿਓ ਖਾਣਗੇ, ਕਿਉਂ ਨਾ ਉਨ੍ਹਾਂ ਦੇ ਬੱਚੇ ਸਿਦਕੀ ਬਣਨਗੇ ?

ਸਾਡੀਆਂ ਮਾਵਾਂ ਭੈਣਾਂ—ਸੇਠ ਹੁਰਾਂ ਨਾਲ ਮੈਂ ਗੱਲ ਕੀਤੀ ਸੀ—ਆਂਹਦੇ ਸੀ—ਤੂੰ ਕੁਛ ਆਖ। ਅਜ ਮੈਂ ਉੱਥੇ ਅਰਜ਼ ਕੀਤੀ ਸੀ। ਉੱਥੇ ਇੱਕ ਸਾਡੀ ਬੀਬੀ ਸੀ ਪਿਛੇ ਕਲਕੱਤੇ। ਉੱਥੇ ਸਰਹਾਲੀ ਦਾ ਇੱਕ ਜੱਟ ਸਿੱਖ ਹੈ। ਕਹਿਣ ਲੱਗਾ,''ਜੀ ਬੱਚੇ ਨੂੰ ਠੰਡ ਲੱਗਦੀ ਹੈ।'' ਮੈਂ ਕਿਹਾ ਕਿ ਇਹਦੀ ਮਾਂ ਨੂੰ ਕਹੋ ਰੋਜ਼, ਪੰਜ ਛੇ ਸੇਰ ਕਣਕ ਪੀਹਿਆ ਕਰੇ। ਮਾਈਆਂ ਨੂੰ ਇਹ ਦੁੱਖ ਨਹੀਂ ਮੰਨਣਾ ਚਾਹੀਦਾ। ਤੁਸੀਂ ਜਿਸਨੂੰ ਮੱਥਾ ਟੇਕਦੇ ਸਓ—ਸਾਡੀ ਮਾਤਾ ਜੀ ਨੂੰ ਜਾ ਕੇ, ਦੱਸੋ ਤੁਸੀਂ, ਉਹ ਦਸਾਂ ਮਹੀਨਿਆਂ 'ਚ ਦੋ ਮਹੀਨੇ ਦੁਪਹਿਰੇ ਮੰਜੇ ਤੇ ਇੱਕ ਘੰਟਾ, ੧੫ ਵਸਾਖ਼ ਤੋਂ ੧੫ ਹਾੜ ਤਕ ਲੰਮੇ ਪੈਂਦੇ ਸੀ। ਦਸ ਮਹੀਨੇ 'ਚ ਕਦੇ ਦਿਨੇ ਮੰਜੇ ਤੇ ਨਹੀਂ ਬਹਿਣਾ, ਸਾਰਾ ਦਿਨ ਸੇਵਾ ਕਰਨੀ। ਉਹ ਕਹਿੰਦੇ ਸੀ,''ਸਵਾ ਸਵਾ ਮਣ ਪੱਕੀ ਘਾਟ ਅਸੀਂ ਕੁਟ ਲੈਂਦੇ ਸਾਂ ਬਾਰਾਂ ਸਾਲ ਦੀ ਉਮਰ 'ਚ।'' ਉਨ੍ਹਾਂ ਦਾ ਸਰੀਰ ਕਿੱਡਾ ਤਗੜਾ ਸੀ। ਆਹ ਉਹਨਾਂ ਦੀ ਕਿਰਪਾ ਦਾ ਫਲ ਹੈ ਅਸੀਂ ਤੁਰੇ ਫਿਰਦੇ ਹਾਂ। ਸੱਤਰਾਂ ਸਾਲਾਂ ਦੀ ਉਮਰ 'ਚ ਮੈਂ ਹੁਣ ਵੀ ਦੌੜ ਲਾਉਂਦਾ ਹਾਂ, ਥੋੜਾ ਬਹੁਤਾ। ਮਾਈਓ ਬੀਬੀਓ ! ਦੋਵੇਂ ਕੰਮ ਤੁਹਾਡੇ ਜ਼ਿੰਮੇ ਹਨ—ਬੱਚਿਆਂ ਨੂੰ ਬਲੀ ਬਣਾਉਣਾ ਔਰ ਬੱਚਿਆਂ ਨੂੰ ਸਿੱਖ ਬਣਾਉਣਾ। ਤੁਸੀਂ ਤੜਕੇ ਉੱਠੋ, ਦੁੱਧ ਰਿੜਕੋ, ਚੱਕੀ ਪੀਹੋ ਜ਼ਰੂਰ। ਕਿਸ ਵਾਸਤੇ—ਕਿਸੇ ਵਾਸਤੇ ਨਾ, ਆਪਣੇ ਆਪ ਤੇ ਤਰਸ ਕਰੋ, ਆਪਣੀ ਉਲਾਦ ਉੱਤੇ ਤਰਸ ਕਰੋ ਤਾਂ ਕਿ ਤੁਹਾਡੇ ਬੱਚਿਆਂ 'ਚ ਤਾਕਤ ਆਵੇ। ਜੇ ਤੁਹਾਡੇ ਪੱਠੇ ਕਮਜ਼ੋਰ ਹੋਣਗੇ, ਬੱਚੇ ਕਦੇ ਤਾਕਤ ਵਾਲੇ ਨਹੀਂ ਬਣਦੇ। ਦਵਾਈਆਂ ਜਿੰਨੀਆਂ ਮਰਜ਼ੀ ਦੁਨੀਆਂ ਦੀਆਂ ਦੇ ਲਵੋ, ਡਾਕਟਰ ਜੋ ਮਰਜ਼ੀ ਹੈ ਕਰ ਲੈਣ, ਸਰੀਰ ਨਹੀਂ ਬਣਦਾ।

ਐਦਕਾਂ ਮੈਂ ਇੱਕ ਮਜ਼ਮੂਨ ਪੜ੍ਹਿਆ ਕਿ ਅੱਸੀ ਸਾਲ ਦਾ ਜਵਾਨ, ਉਸ ਨੇ ਦੱਸਿਆ,''ਅਠੱਤੀ ਸਾਲ ਦੀ ਉਮਰ ਤਕ ਮੈਂ ਮਿਹਨਤ ਨਹੀਂ ਸਾਂ ਕਰਦਾ, ਫਿਰਦਾ ਤੁਰਦਾ ਨਹੀਂ ਸਾਂ, ਅਠੱਤੀ ਸਾਲ ਦੀ ਉਮਰ ਤਕ ਮੈਂ ਮੰਜੀ

ਨਹੀਂ ਛੱਡੀ। ਓਦੂੰ ਬਾਅਦ ਮੈਂ ਤੁਰਨ ਲੱਗ ਪਿਆ। ਹੁਣ ਸਾਲ 'ਚ ਮੈਂ ਦੋ ਹਜ਼ਾਰ ਮੀਲ ਪੈਂਡਾ ਕਰਦਾ ਹਾਂ। ਛੇ ਸੱਤ ਮੀਲ ਰੋਜ਼ ਦਾ ਸਫਰ ਕਰਦਾ ਹਾਂ। ਮੈਨੂੰ ਕਦੇ ਕੋਈ ਦਵਾਈ ਖਾਣ ਦੀ ਲੋੜ ਨਹੀਂ ਪਈ, ਕੋਈ ਬਿਮਾਰੀ ਨਹੀਂ ਕਦੇ ਹੋਈ।'' ਤਾਂ ਮਾਈਆਂ ਦਾ ਕੰਮ ਫਿਰਨ ਦਾ ਨਹੀਂ। ਮਾਈਆਂ ਦਾ ਕੰਮ ਹੈ ਘਰ ਵਿੱਚ ਬੈਠਣ, ਝਾੜੂ ਦੇਣ—ਆਪ, ਬੱਚੇ ਸਾਂਭਣ—ਆਪ, ਲੀੜੇ ਧੋਣ—ਆਪ, ਦੁੱਧ ਰਿੜਕਣ—ਆਪ, ਚੱਕੀ ਪੀਹਣ। ਨਾਲੇ ਸਰੀਰ ਤਗੜਾ ਹੋਵੇ ਨਾਲੇ ਬੱਚੇ ਬਲੀ ਬਣਨ—ਜੇ ਕਰਨ। ਫੇਰ, ਜੇ ਭਜਨ ਕਰਦੀਆਂ, ਜੇ ਬਾਣੀ ਪੜ੍ਹਦੀਆਂ ਦੁੱਧ ਰਿੜਕਣਗੀਆਂ, ਜੇ ਚੱਕੀ ਪੀਹਣਗੀਆਂ ਤੇ ਬੱਚੇ ਆਪੇ ਹੀ ਤਾਰੂ ਸਿੰਘ ਵਰਗੇ, ਹੀਰਾ ਸਿੰਘ ਹੁਰਾਂ ਵਰਗੇ, ਸ਼ਹੀਦ ਬਣਨਗੇ। ਤੇ, ਜੇ ਬੱਚਿਆਂ ਦੇ ਮੂੰਹ 'ਚ ਗਾਂ ਖਾਣ ਵਾਲੀਆਂ ਬੁਰਕੀ ਦਿੰਦੀਆਂ ਰਹਿਣਗੀਆਂ, ਬੱਚੇ ਸਿੱਖ ਕਿਥੋਂ ਰਹਿ ਜਾਣਗੇ, ਫੇਰ ਨਹੀਂ ਉਹ ਸਿਰ ਤੋਂ ਘੋਲ ਘੁਮਾਉਣਗੇ। ਇਹ ਤੁਹਾਡੇ ਖਿਆਲ ਕਰਨ ਦੀ ਲੋੜ ਹੈ। ਪਦਾਰਥ ਗੁਰੂ ਨੇ ਬਖਸ਼ਿਆ ਹੈ, ਏਦੂੰ ਬਹੁਤਾ ਦੇਵੇ। ਸਾਨੂੰ ਇਹਦੇ ਨਾਲ ਕੋਈ ਇਤਰਾਜ਼ ਨਹੀਂ, ਪਰ ਆਪਣੇ ਆਪ ਉੱਤੇ ਤਰਸ ਕਰੋ, ਆਪਣੀ ਸਿੱਖੀ ਵੱਲ ਧਿਆਨ ਕਰੋ ਜਿਹੜੀ ਕਿਸੇ ਮੁੱਲ ਨਹੀਂ ਮਿਲਦੀ। ਉਹ ਜਿਹੜੀ ਗੁਰੂ ਗੋਬਿੰਦ ਸਿੰਘ ਦੇ ਅੱਗੇ—

**ਜਉ ਤਉ ਪ੍ਰੇਮ ਖੇਲਣ ਕਾ ਚਾਉ।।**
**ਸਿਰੁ ਧਰਿ ਤਲੀ ਗਲੀ ਮੇਰੀ ਆਉ।।**

*– ਮ:੧, ਪੰਨਾ–੧੪੧੨*

—ਸਿਰ ਤਲੀ ਦੇ ਉੱਤੇ ਧਰਕੇ। ਇਹ ਨਹੀਂ ਕਿਸੇ ਚੀਜ਼ ਨਾਲ, ਇੱਕ ਉਂਗਲ ਨਹੀਂ ਕੋਈ ਬਣਾ ਸਕਦਾ। ਲੱਖ ਰੁਪੱਈਆ ਦੇਓ ਕਿਸੇ ਨੂੰ, ਉਂਗਲ ਨਹੀਂ ਕੋਈ ਲਾ ਸਕਦਾ ਬਣਾਕੇ। ਇਹ ਤੁਹਾਡੇ ਜਿਹੜੇ ਸਰੀਰ ਹਨ, ਇਹ ਜਿਹੜੇ ਤੁਹਾਡੇ ਬੱਚੇ ਹਨ, ਇਹ ਤਾਂ ਹੀ ਤੁਸੀਂ ਕਾਇਮ ਰੱਖ ਸਕਦੇ ਹੋ —ਤੜਕੇ ਉਠੋ, ਤੜਕੇ ਉੱਠਕੇ ਇਸ਼ਨਾਨ ਕਰੋ। ਅੰਗਰੇਜ਼ ਭੀ ਇਹ ਗੱਲ ਕਹਿੰਦੇ ਨੇ—ਅਰਲੀ ਸੌਣਾ ਅਤੇ ਅਰਲੀ ਜਾਗਣਾ। ਪਹਿਲੀ ਰਾਤ, ਪਹਿਲਾਂ ਸੌਣਾ ਵੇਲੇ ਨਾਲ, ਤੇ ਵੇਲੇ ਨਾਲ ਹੀ ਉੱਠਣਾ। ਸਾਹਿਬਾਂ ਨੇ ਲਿਖਿਆ

ਹੈ ਭਾਈ ਗੁਰਦਾਸ ਦੀ ਜ਼ਬਾਨੀ–

*ਪਿਛਲ ਰਾਤੀਂ ਜਾਗਨਾ ਨਾਮ ਦਾਨ ਇਸ਼ਨਾਨ ਦ੍ਰਿੜਾਏ।*

ਤਾਂ ਮੈਂ ਹੁਣ ਏਨੀਂ ਗੱਲ ਕਰਕੇ, ਹੁਣ ਨਿਤਨੇਮ ਕਰਦੇ ਹਾਂ ਸ਼ੁਰੂ। ਆਖਿਆ ਸੀ ਮੈਂ ਵੀਹ ਪੰਝੀ ਮਿੰਟ, ਪਤਾ ਨਹੀਂ ਲੱਗਿਆ ਪੌਣਾ ਘੰਟਾ ਹੋ ਹੀ ਚਲਿਐ। ਸਾਧ ਸੰਗਤ ਅਗੇ ਅਰਜ਼ ਬੇਨਤੀ ਹੈ, ਬਈ, ਕਥਾ ਸੁਣਨ ਦਾ ਖਿਆਲ ਨਾ ਕਰਿਆ ਕਰੋ, ਬਹੁਤਾ ਮੰਨਣ ਦਾ ਕਰਿਆ ਕਰੋ, ਕੰਮ ਕਰਿਆ ਕਰੋ। ਜਿੰਨਾਂ ਆਪਾਂ ਭਜਨ ਬਾਣੀ—ਦੇਖੋ ਇੱਕ ਕਥਾ ਕਹਿ ਕੇ ਸਮਾਪਤ ਕਰਦਾਂ—ਭਾਈ ਗੁਰਦਾਸ ਜੀ ਨੇ ਲਿਖਿਆ ਹੈ–

*ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।*
*ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ।*
*ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ।*
*ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ।*
*ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ।*
*ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ।*
*ਦੇਵਤਿਆਂ ਭਗਵਾਨੁ ਸੁਣ ਸਿਖਿ ਦੇਇ ਸਭਨਾਂ ਸਮਝਾਇਆ।*
*ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।*
*ਭਗਤਿ ਵਛਲੁ ਜਗਿ ਬਿਰਦੁ ਸਦਾਇਆ।*

*– ਵਾਰ ੧੦, ਪਉੜੀ ੪*

ਜਿਹੜਾ ਇਤਨਾ ਬਲੀ ਦੁਰਬਾਸ਼ਾ, ਜਿਨ੍ਹੇ ਕ੍ਰਿਸ਼ਨ ਮਹਾਰਾਜ ਦੀ ਕੁਲ ਖਤਮ ਕਰ ਦਿੱਤੀ ਪਰ ਅੰਬਰੀਕ ਰਾਜੇ ਦੀ ਕੀ ਕਹਾਣੀ ਹੈ ? ਸੰਤਾਂ ਨੇ ਸੁਣਾਇਐ, ਬਈ ਅੰਬਰੀਕ ਰਾਜਾ ਦਿਨੇ ਤਾਂ ਕਰਨਾ ਰਾਜ ਦਾ ਕੰਮ—ਗੁਰੂ ਗੋਬਿੰਦ ਸਿੰਘ ਜੀ ਨੇ ਭਰਤ ਜੀ ਬਾਬਤ ਭੀ ਲਿਖਿਆ ਹੈ–

**ਪ੍ਰਾਤ ਸੰਭਰਿਬੋ ਰਾਜ ਕੋ ਰਾਤਿ ਸੰਭਰਿਬੋ ਰਾਮ।।**

*– ਦਸਮ ਗ੍ਰੰਥ, ਪੰਨਾ-੯੧੬*

ਭਰਤ ਜੀ, ਰਾਮ ਚੰਦ੍ਰ ਜੀ ਦੇ ਜਾਣ ਤੋਂ ਬਾਅਦ, ਦਿਨੇਂ ਕੰਮ ਕਰਦੇ ਸੀ, ਰਾਤ ਨੂੰ ਪਊਏ ਜਿਹੜੇ ਸਨ ਉਹ ਉੱਚੇ ਥਾਂ ਰੱਖੇ ਹੋਏ ਸੀ ਔਰ ਟੋਆ

ਪੁਟਿਆ ਹੋਇਆ ਸੀ, ਕਹਿੰਦੇ ਸੀ—ਰਾਮ ਚੰਦਰ ਜੀ ਤੇ ਧਰਤੀ ਤੇ ਬਿਰਾਜਣ, ਸੇਵਕ ਦਾ ਕੰਮ ਨਹੀਂ ਬਰਾਬਰ ਲੰਮੇ ਪੈਣ ਦਾ। ਟੋਆ ਪੁੱਟ ਕੇ ਸੌਂਦੇ ਸੀ, ਬਹਿੰਦੇ ਸੀ। ਸੌਣਾ ਕੀ ਸੀ—ਉਹਨਾਂ ਨੂੰ ਨੀਂਦ ਤਾਂ ਹਰਾਮ ਸੀ ਕਿਉਂਕਿ ਆਸ਼ਕ ਸੇ। ਕਹਿੰਦੇ ਨੇ—**ਰਾਤ ਸੰਭਰਿਬੋ ਰਾਮ**—ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ 'ਚ ਲਿਖਦੇ ਨੇ—**ਰਾਤ ਸੰਭਰਿਬੋ ਰਾਮ**—ਨਾਮ ਜਪਦੇ ਸੀ।

ਅੰਬਰੀਕ ਜੀ ਤੇ ਜਿਹੜੀ ਮਾਤਾ ਸੀ ਅੰਬਰੀਕ ਜੀ ਦੇ ਘਰੋਂ—ਰਾਣੀ, ਉਹ ਭੀ ਭਗਤਣੀ ਸੀ। ਇਹ ਭੀ ਗੁਰੂ ਕਿਰਪਾ ਕਰੇ ਤਾਂ ਇਹ ਜੋੜ ਬਣਦਾ ਹੈ, ਨਹੀਂ ਤਾਂ ਗਲ ਜੋੜ ਹੀ ਹੁੰਦਾ ਹੈ—ਕੋਈ ਕਿਧਰੇ ਨੂੰ ਖਿੱਚ, ਕੋਈ ਕਿਧਰੇ ਨੂੰ ਖਿੱਚ। ਬੜੀ ਤਕਲੀਫ ਹੁੰਦੀ ਹੈ, ਸਤਿਗੁਰੂ ਦੀ ਬਖਸ਼ਿਸ਼ ਹੋਵੇ ਤਾਂ ਇਹ ਘਰ ਵਿੱਚ ਵੀ ਜਿਹੜਾ ਆਪਸ ਵਿੱਚ ਦੀ ਪੁੱਤਰਾਂ ਦਾ, ਇਸਤਰੀ ਦਾ, ਭਰਾਵਾਂ ਦਾ ਪਿਆਰ ਹੋਵੇ। ਜਿਹਦੇ ਬੜੇ ਭਾਗ ਹੋਣ, ਉਹਨੂੰ ਇਹ ਸ੍ਰਿਸ਼ਟੀ 'ਚ ਚੀਜ਼ ਮਿਲਦੀ ਹੈ। ਉਹਨਾਂ ਮਾਲਾ ਫੜਕੇ ਬਹਿਣਾ। ਇੱਕ ਇੱਕ ਘੜੀ ਬਹਿਣ ਲੱਗੇ, ਦੋ ਘੜੀਆਂ, ਤਿੰਨ ਘੜੀਆਂ, ਚਾਰ ਘੜੀਆਂ, ਪਹਿਰ ਤੇ ਚਲੇ ਗਏ। ਡੇਢ ਪਹਿਰ ਤੇ ਚਲੇ ਗਏ, ਦੋ ਪਹਿਰ ਰਾਤ ਨੂੰ ਬਹਿਣ ਲੱਗੇ, ਤਿੰਨ ਪਹਿਰ ਬਹਿਣ ਲੱਗੇ। ਫੇਰ ਏਨਾ ਵਕਤ ਰਹਿ ਗਿਆ ਬਈ ਇੱਕ ਘੜੀ ਰਾਤ ਬਚੀ। ਇੱਕ ਦਿਨ—ਰੋਜ਼ ਵਧਦੇ ਤੁਰੇ ਗਏ, ਕਸਰਤ ਵਧਾਈ ਗਏ ਨ ਅਪਣੀ ਓਸ ਪਾਸੇ ਨੂੰ—ਮਗਰੋਂ ਆਂਹਦੇ ਨੇ,''ਭਲੀਏ ਲੋਕੇ ਹੁਣ ਇਹ ਘੜੀ ਵੀ ਕਿਉਂ ਸੌਂ ਕੇ ਗੁਜ਼ਾਰੀਏ।''

ਮਾਤਾ ਕਹਿੰਦੀ ਹੈ,''ਮਹਾਰਾਜ ! ਨੀਂਦ ਆਉਂਦੀ ਹੈ।''

ਕਹਿੰਦੇ,''ਚੰਗਾ।''

ਆਹ ਸਾਨੂੰ, ਸਾਡੀਆਂ ਸੁਆਣੀਆਂ ਨੂੰ ਚੱਕੀ ਪੀਹਣ ਤੇ ਸ਼ਰਮ ਆਉਂਦੀ ਹੈ। ਰਾਣੀ ਨੇ ਚੱਕੀ ਲੈ ਆਂਦੀ। ਦੋਏ ਜੀਅ ਚੱਕੀ ਫੜਕੇ ਪੀਹਣ ਲੱਗੇ ਕਿ ਨੀਂਦ ਨਾ ਆਵੇ। ਮਹਾਰਾਜ ਨੇ ਬਾਂਹ ਫੜ ਲਈ ਆ ਕੇ। ਧਿਆਨ ਕਰੋ ਆਪਣੇ ਵੱਲ। ਅਸੀਂ–

**ਕਹਾ ਨਰ**[੩੯] **ਗਰਬਸਿ**[੪੦] **ਥੋਰੀ ਬਾਤ।।**

**ਮਨ ਦਸ ਨਾਜੁ[੪੧] ਟਕਾ ਚਾਰਿ ਗਾਂਠੀ[੪੨] ਐਂਡੌ[੪੩] ਟੇਢੌ ਜਾਤੁ॥**

*- ਸਾਰੰਗ ਕਬੀਰ ਜੀ, ਪੰਨਾ-੧੨੫੧*

—ਕੀ ਸਾਡੇ ਕੋਲ ਹੈ, ਕਿੰਨੇ ਅਸੀਂ ਵੱਡੇ ਹਾਂ, ਕੀ ਸਾਨੂੰ ਮਿਲਿਆ ਹੈ ? ਉਸ ਅੰਬਰੀਕ ਨੂੰ ਦੁਰਬਾਸ਼ਾ ਰਿਖੀ ਨੇ ਜਾਣਕੇ ਅਉਖਾ ਕਰਨ ਵਾਸਤੇ ਨ੍ਹਾਉਣ ਚਲਾ ਗਿਆ। ਉਹਨੇ (ਰਾਜੇ ਨੇ) ਵਰਤ ਉਪਾਰਨਾ ਸੀ। ਉਨ੍ਹੇ ਪ੍ਰਸਾਦਿ ਪਹਿਲਾਂ ਛਕ ਲਿਆ ਜਿਸ ਵੇਲੇ ਤਾਂ ਲਿਟ ਪੁੱਟ ਕੇ ਮਾਰੀ ਅੱਗ ਰੂਪ ਕਰਕੇ ਅੰਬਰੀਕ ਵਲ,''ਬਈ, ਤੂੰ ਪ੍ਰਸਾਦਿ ਪਹਿਲਾਂ ਕਿਉਂ ਛਕ ਲਿਆ, ਮੇਰਾ ਅਪਮਾਨ ਕੀਤਾ ਹੈ।'' ਮਹਾਰਾਜ ਨੇ ਸੁਦਰਸ਼ਨ ਚੱਕਰ ਛੱਡਿਆ ਮਗਰ। ਭੱਜਿਆ ਬਾਹਮਣ, ਇੰਦਰ ਲੋਕ, ਸ਼ਿਵਲੋਕ, ਬ੍ਰਹਮ ਲੋਕ—ਸਾਰੇ ਘੁੰਮਿਆ। ਉਨ੍ਹਾਂ ਆਖਿਆ—ਛੁਟਕਾਰਾ ਨਹੀਂ ਹੋਰ ਹੋਣਾ, ਉੱਥੇ ਹੀ ਜਾਹ, ਜਿਹਦਾ ਨਿਰਾਦਰ ਕੀਤਾ ਹੈ। ਕਿਉਂਕਿ—

*ਹਮ ਭਗਤਨ ਕੇ ਭਗਤ ਹਮਾਰੇ,*
*ਸੁਣ ਅਰਜਨ ਪ੍ਰਤਗਿਆ ਮੇਰੀ ਜਹ ਬ੍ਰਤ ਟਰਤ ਨਾ ਟਾਰੇ।*
*ਭਗਤ ਕਾਜ ਮੈ ਲਾਜ ਹੀਆ ਧਰ ਪੈਰ ਪਿਆਦਾ ਧਾਊਂ।*
*ਜਹ ਜਹ ਭੀਰ ਬਣੇ ਭਗਤਨ ਕੋ ਤਹਾਂ ਉਠ ਧਾਊਂ।*
*ਜੋ ਭਗਤਨ ਸਿਉ ਵੈਰ ਕਰਤ ਹੈਂ ਸੋ ਵੈਰੀ ਨਿਜ ਮੇਰੇ।*
*ਭਗਤੀ ਹੇਤ ਸੁਨਹੁ ਹੇ ਪਾਰਥ ਮੈ ਰਥ ਹਾਂਕਤ ਹੂੰ ਤੇਰੇ।*

—ਤਾਂ ਭਗਤਾਂ ਦੇ ਕਾਰਜ, ਭਗਤਾਂ ਦੇ ਕੰਮ ਵਾਸਤੇ। (ਦੁਰਬਾਸ਼ਾ) ਆ ਕੇ—ਚਰਨੀਂ ਡਿੱਗਿਆ। ਤਾਂ, ਅੰਬਰੀਕ ਨੇ ਆਖਿਆ,''ਮਹਾਰਾਜ ਕਿਰਪਾ ਕਰੋ।'' ਅੰਬਰੀਕ ਦੇ ਆਖੇ ਉਹਨੂੰ ਛੱਡਿਆ। ਕਿਸ ਚੀਜ਼ ਦਾ ਪਰਤਾਪ—ਨਾਮ ਜਪਣ ਦਾ ਪਰਤਾਪ।

ਭਾਈ ਸੱਜਣੋ ! ਫੇਰ ਕਲਜੁਗ ਤਾਂ ਗੁਰੂ ਜੀ ਕਹਿੰਦੇ ਨੇ-

**ਅਬ ਕਲੂ ਆਇਓ ਰੇ॥**
**ਇਕੁ ਨਾਮੁ ਬੋਵਹੁ ਬੋਵਹੁ॥**
**ਅਨ ਰੂਤਿ ਨਾਹੀ ਨਾਹੀ॥**
**ਮਤੁ ਭਰਮਿ ਭੂਲਹੁ ਭੂਲਹੁ॥**

**ਗੁਰ ਮਿਲੇ ਹਰਿ ਪਾਏ।।**
**ਜਿਸੁ ਮਸਤਕਿ ਹੈ ਲੇਖਾ।।**
**ਮਨ ਰੁਤਿ ਨਾਮ ਰੇ।।**
**ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ।।**

*– ਬਸੰਤ ਮ:੫, ਪੰਨਾ–੧੧੮੫*

ਸੱਜਣੋ, ਮੈਂ ਹੋਰ ਕੁਛ ਨਹੀਂ ਕਹਿਣਾ। ਕਿਰਪਾ ਮੇਰੇ ਉੱਤੇ ਭੀ ਕਰੇ ਸਾਧ ਸੰਗਤ ਕਿ ਮੈਂ ਤੁਹਾਨੂੰ ਹੀ ਨਾ ਕਹਿੰਦਾ ਰਵ੍ਹਾਂ, ਮੇਰਾ ਭੀ ਮਨ ਨਾਮ ਜਪਣ 'ਚ ਲੱਗੇ। ਸਤਿਗੁਰਾਂ ਕੋਲ ਅਰਜ਼ ਹੋਈ,''ਸੱਚਿਆਂ ਪਾਤਸ਼ਾਹ ! ਫੇਰ ਜਦੋਂ ਸਾਰੀ ਸ੍ਰਿਸ਼ਟੀ ਪੀਸੀ ਜਾਊ ਤਾਂ ਬਚੂਗਾ ਕੌਣ ?''

*ਪੀਸ ਦਿਖਾਊ ਦੀਪ।*

ਕਹਿੰਦੇ ਨੇ,''ਹਾਂ, ਕਿੱਲੀ ਦੇ ਨਾਲ ਜਿਹੜਾ ਦਾਣਾ ਲੱਗਿਆ ਰਹੇ, ਉਹ ਨਹੀਂ ਪੀਸਿਆ ਜਾਂਦਾ।''

ਉਹ ਕੀ ਹੈ—ਜਿਹੜੇ ਨਾਮ ਜਪਣਗੇ, ਉਹ ਕਿੱਲੀ ਨਾਲ ਲੱਗੇ ਹੋਣਗੇ, ਉਹ ਬਚ ਰਹਿਣਗੇ। ਸੋ ਭਾਈ, ਵੇਲਾ ਆਇਆ ਹੈ, ਪਤਾ ਨਹੀਂ ਕਿ ਕਿਹੜੇ ਦਿਨ, ਕਿਹੜੇ ਵੇਲੇ ਕੀ ਹੋ ਜਾਏ। ਹੁਣ ਦੁਨੀਆਂ ਏਸ ਗੱਲ ਤੇ ਆਈ ਹੈ, ਬਈ ਸ੍ਰਿਸ਼ਟੀ ਨੂੰ ਛੇਤੀ ਖਤਮ ਕਿਵੇਂ ਕਰੀਏ। ਮੈਨੂੰ ਯਾਦ ਨਹੀਂ ਰਿਹਾ—ਪਹਿਲੇ ਲਿਖਿਆ ਸੀ ਉਹਨਾਂ ਨੇ ਕਿ ਚਾਰ ਬੰਬਾਂ ਨਾਲ ਸਾਰੀ ਸ੍ਰਿਸ਼ਟੀ ਖ਼ਤਮ ਹੋ ਸਕਦੀ ਹੈ—ਉਹ ਕੱਕਾ ਅੱਖਰ ਸੀ, ਉਹਦੇ ਪਹਿਲਾਂ ਕੇ ਲੱਗੀ ਹੋਈ ਸੀ ਅੰਗਰੇਜ਼ੀ ਦੀ। ਇੱਕ ਬੰਬ ਉਨ੍ਹਾਂ ਹੋਰ ਨਵੀਂ ਕਿਸਮ ਦਾ ਬਣਾਇਆ, ਹਾਈਡਰੋਜਨ, ਐਟਮ ਨਹੀਂ, ਉਹਦਾ ਕੇ ਨਾਲ ਨਾਮ ਸੀ। ਉਹ ਕਹਿੰਦੇ ਸੀ ਇੱਕ ਹੀ ਕਾਫੀ ਹੈ ਸਾਰੀ ਸ੍ਰਿਸ਼ਟੀ ਵਾਸਤੇ। ਤਾਂ ਹੁਣ ਤੇ ਏਥੇ ਕੰਮ ਆਇਆ ਹੋਇਆ ਹੈ। ਮੈਂ ਪੜ੍ਹਿਆ ਅਖਬਾਰ ਵਿੱਚ ਕਿ ਨੌਂ ਹਜ਼ਾਰ ਨੌਂ ਸੌ ਕੁਝ ਮੀਲ ਇੱਕ ਘੰਟੇ ਦਾ ਚੱਲਣ ਵਾਲਾ ਜਹਾਜ਼ ਇੱਕ ਜਰਮਨ ਸਾਇੰਸਦਾਨ ਬਣਾ ਰਿਹਾ ਹੈ। ਸ੍ਰਿਸ਼ਟੀ ਘੁੰਮ ਜਾਏਗਾ, ਜੇ ਉਹਦੇ ਕੋਲ ਦੋ ਤਿੰਨ ਬੰਬ ਹੋਏ ਤਾਂ ਸਾਰਿਆਂ ਦਾ ਖਾਤਮਾ ਕਰ ਜਾਏਗਾ। ਹੋਰ ਬਣ ਕੁਛ ਨਹੀਂ ਰਿਹਾ। ਹਾਂ, ਬਚਣ ਦਾ ਏਹੋ ਕਾਇਦਾ ਹੈ, ਸਤਿਗੁਰੂ ਦਾ

ਹੁਕਮ ਹੈ ਸਾਨੂੰ, ਗੁਰਬਾਣੀ ਵਿੱਚ ਸਾਹਿਬਾਂ ਨੇ ਆਖਿਆ ਹੈ—ਬਈ, ਨਾਮ ਜਪਣ ਵਾਲਿਆਂ ਨੂੰ—ਭਾਈ ਗੁਰਦਾਸ ਕਹਿੰਦਾ ਹੈ—

*ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।*

ਕਿਉਂ ਨਹੀਂ ਸੀ ਡੁੱਬਦਾ—ਰਾਮ ਸੀ ਮੂੰਹ ਵਿੱਚ।

*ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।*

*– ਵਾਰ ੧੦, ਪਉੜੀ-੨*

ਆਪਾਂ ਰਲਕੇ, ਸਤਿਗੁਰੂ ਅੱਗੇ ਅਰਦਾਸ ਕਰਿਆ ਕਰੀਏ, ਨਾਮ ਜਪਿਆ ਕਰੀਏ ਔਰ ਨਾਮ ਜਪਣ ਤੋਂ ਕਦੇ ਭੀ ਉਕਤਾਈ ਨਾ ਕਰੀਏ। ਜਦੋਂ ਨਾਮ ਜਪਣ ਦਾ ਵੇਲਾ ਆਵੇ, ਉਦੋਂ ਨਾ ਕੋਈ ਬਹਾਨਾ ਬਣਾਈਏ, ਉਦੋਂ ਨਾ ਇਹਨੂੰ ਛੱਡਕੇ ਤੁਰੀਏ। ਜਨਮ ਸਾਖੀ ਵਿੱਚ ਲਿਖਿਆ ਹੈ, ਕਿ ਇੱਕ ਜਗ੍ਹਾ ਗੁਰੂ ਨਾਨਕ ਦੇਵ ਮਹਾਰਾਜ ਗਏ। ਉੱਥੇ ਜਦੋਂ ਅਰਦਾਸ ਦਾ ਵੇਲਾ ਆਇਆ, ਉਹ ਆਦਮੀ ਕੱਢੇ ਗਏ ਵਿੱਚੋਂ। ਮਰਦਾਨਾ ਕਹਿੰਦਾ, ''ਮਹਾਰਾਜ ਕੀ ਗੱਲ ਹੈ ?''

ਕਹਿੰਦੇ,''ਜਦੋਂ ਅਰਦਾਸ ਹੋਣ ਲੱਗਦੀ ਸੀ ਉਦੋਂ ਇਹ ਛੱਡ ਜਾਂਦੇ ਸੀ।''

—ਤਾਂ ਉਨ੍ਹਾਂ ਨੂੰ ਰਹਿਣ ਦਾ ਥਾਂ ਨਹੀਂ ਮਿਲਿਆ। ਅਰਦਾਸ ਇੱਕ ਐਸੀ ਚੀਜ਼ ਹੈ ਕਿ ਪਤਾ ਨਹੀਂ ਜੇ ਅਸੀਂ ਮਨ ਜੋੜ ਕੇ ਉਹਦੇ ਅੱਗੇ ਕਰੀਏ ਤਾਂ ਉਹ ਦੂਰ ਹੈ ਹੀ ਨਹੀਂ। ਖਬਰੇ ਕਿਹਦੀ ਸੁਣੀ ਜਾਏ। ਨਾ ਟੇਢੀ ਵਾਲੇ ਦੀ, ਨਾ ਚੀਨੀ ਵਾਲੇ ਦੀ, ਨਾ ਲਾਲ ਵਾਲੇ ਦੀ, ਨਾ ਬੱਗੀ ਵਾਲੇ ਦੀ, ਨਾ ਸਿੱਧੀ ਵਾਲੇ ਦੀ—ਇਹ ਕੋਈ ਪਤਾ ਨਹੀਂ ਉਹ ਕਿਹਦੇ ਤੇ ਰਾਜ਼ੀ ਹੈ, ਉਹ, ਉਸ ਨੂੰ ਪਤਾ ਹੈ। ਉਹ ਜਾਣਦਾ ਹੈ। ਉਹਦੀ ਜਦੋਂ ਮੌਜ ਆਉਂਦੀ ਹੈ, ਉਹ ਹਾਥੀਆਂ ਵਰਗਿਆਂ ਨੂੰ ਨਾਮ ਜਪਕੇ ਉਸਦੇ ਕੋਲੋਂ ਛੁਟਕਾਰਾ, ਪਾ ਲਿਆ।

**ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ।।**

*– ਬਿਲਾਵਲ ਮ:੫, ਪੰਨਾ-੮੦੨*

ਸੋ ਅਸੀਂ ਅਰਦਾਸ ਕਰਿਆ ਕਰੀਏ, ਨਾਮ ਜਪਿਆ ਕਰੋ, ਬਾਣੀ

ਪੜ੍ਹਿਆ ਕਰੋ। ਮਾਈਓ, ਹੁਣ ਦੇਖਾਂਗੇ ਤੁਸੀਂ ਕਿੰਨਾਂ ਕੰਮ ਫੇਰ ਆਉਂਦਿਆਂ ਨੂੰ ਕਰਿਆ ਕਰੋਗੀਆਂ। ਦੁੱਧ ਰਿੜਕਿਆ ਕਰੋ, ਆਟਾ ਪੀਹਿਆ ਕਰੋ। ਨਾਲੇ ਤਾਂ ਆਟਾ ਚੰਗਾ ਹੁੰਦਾ ਹੈ ਮਸ਼ੀਨ ਨਾਲੋਂ ਖਾਣ ਨੂੰ, ਨਾਲੇ ਜਦੋਂ ਪੀਹਣ ਲੱਗੋ, ਦੁੱਧ ਰਿੜਕੋ ਉਦੋਂ ਬਾਣੀ ਪੜ੍ਹੋ, ਜਾਂ ਭਜਨ ਕਰੋ ਤਾਂ ਕਿ ਉਹਦੇ ਤੇ ਅਸਰ ਹੋਵੇ, ਉਹ ਭੀ ਅੰਮ੍ਰਿਤ ਬਣ ਜਾਏ। ਤੁਹਾਡੇ ਬੱਚੇ ਸਿੱਖ ਬਣੇ ਰਹਿਣ। ਹੋਰ ਦੁਨੀਆਂ ਦੇ ਪਦਾਰਥ ਦਾ ਤਾਂ ਘਾਟਾ ਕੋਈ ਨਹੀਂ। ਸਿੱਖੀ ਬੜੀ ਅਮੋਲਕ ਚੀਜ਼ ਹੈ, ਸਤਿਗੁਰੂ ਨੇ ਸਾਨੂੰ ਦਿੱਤੀ ਹੈ ਔਰ ਉਹਨਾਂ ਨੇ ਆਪਣਾ ਲਹੂ ਸਿੰਜ-ਸਿੰਜ ਕੇ, ਆਪਣੇ ਸਰੀਰ ਵਾਰ ਕੇ, ਆਪਣੇ ਸਰਬੰਸ ਵਾਰ ਕੇ, ਸਿੱਖੀ ਬਣਾਈ ਹੈ। ਤਾਂ, ਭਾਈ ਇਹਦੇ ਵੱਲ ਧਿਆਨ ਦਿਓ। ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ,''ਸੱਚਿਆ ਪਾਤਸ਼ਾਹ, ਸਿੱਖੀ ਭੀ ਤੇਰੀ, ਸਿਦਕ ਭੀ ਤੇਰਾ, ਤੇ ਰਾਖਾ ਭੀ ਤੂੰ ਹੀ ਹੈ, ਕਿਰਪਾ ਕਰ ਸਾਡੇ ਉੱਤੇ ਤੇ ਸਾਨੂੰ ਇਹ ਦਾਨ ਦੇਹ, ਸਾਨੂੰ ਤੂੰ ਨਾ ਭੁੱਲੇਂ, ਹੋਰ ਜੋ ਮਰਜ਼ੀ ਹੈ ਹੋਵੇ।''

**ਹੇ ਅਚੁਤ[੪੪] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੪੫]।।**
**ਹੇ ਪੂਰਨ ਹੇ ਸਰਬ[੪੬] ਮੈ ਦੁਖ ਭੰਜਨ[੪੭] ਗੁਣਤਾਸ[੪੮]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੪੯] ਸਭ ਟੇਕ[੫੦]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ[੫੧] ਸਦਾ ਬਿਬੇਕ[੫੨]।।**
**ਹੇ ਅਪਰੰਪਰ[੫੩] ਹਰਿ ਹਰੇ ਹਹਿ[੫੪] ਭੀ ਹੋਵਨਹਾਰ[੫੫]**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੫੬] ਆਧਾਰ।।**
**ਹੇ ਠਾਕੁਰ ਹਉ ਦਾਸਰੋ[੫੭] ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨ ਰਾਖਉ ਹੀਐ ਪਰੋਇ।।**

*- ਪੰਨਾ-੨੬੧*

**- ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਟਿੱਪਣੀਆਂ

★ ਮਹਾ ਮੰਤ੍ਰ—ਮੰਤ੍ਰਾਂ ਵਿੱਚੋਂ ਉੱਤਮ ਮੰਤ੍ਰ ਨਾਮ, ਚਾਰ ਅੱਖਰਾ ਭਜਨ ਜੋ ਕੰਨ ਵਿੱਚ ਦੱਸਿਆ ਜਾਂਦਾ ਹੈ, ਅਤੇ ਗੁਪਤ ਜਪਿਆ ਜਾਂਦਾ ਹੈ।

## ਸ਼ਬਦਾਰਥ

੧ ਸੁਰਤ, ਧਿਆਨ।
੨ ਜ਼ਬਾਨ, ਜੀਭ।
੩ ਹਜ਼ਾਰ ਫਨ ਵਾਲਾ।
੪ ਸ਼ੇਸ਼ਨਾਗ।
੫ ਨਵੇਂ ਤੋਂ ਨਵਾਂ।
੬ ਆਖ ਸਕਦਾ।
੭ ਹਜ਼ਾਰ।
੮ ਦੋ ਹਜ਼ਾਰ।
੯ ਜੀਭਾਂ।
੧੦ ਸੰਸਾਰ, ਜਗਤ।
੧੧ ਹਿਰਦੇ ਵਿੱਚ।
੧੨ ਸੌ।
੧੩ ਟੁਕੜੇ।
੧੪ ਜੇਕਰ।
੧੫ ਸਾਧ ਜਨ।
੧੬ ਉਹ।
੧੭ ਬੁਰੇ ਹਾਲ (ਦੁਖੀ) ਹਨ।
੧੮ ਕੰਨ।
੧੯ ਸ਼ਬਦ, ਉਪਦੇਸ਼।
੨੦ ਬੰਦ।
੨੧ ਕਰਨ ਦੇ ਯੋਗ।
੨੨ ਜ਼ਬਾਨ, ਜੀਭ।
੨੩ ਘਟਦੇ ਜਾਈਦਾ ਹੈ।
੨੪ ਰਸਤੇ ਦਾ ਭੋਜਨ।
੨੫ ਪ੍ਰਕਾਸ਼।
੨੬ ਧੁੱਪ।
੨੭ ਖਿੱਚੇਗੀ, ਦੁੱਖ ਦੇਵੇਗੀ।
੨੮ ਤਾਂਘ, ਇੱਛਾ।
੨੯ ਲਿਆਈ।
੩੦ ਵਿੱਚ।
੩੧ ਸਰੀਰ।
੩੨ ਮੈਨੂੰ।
੩੩ ਨਹੀਂ ਤਾਂ।
੩੪ ਸ਼ੌਕ, ਚਾਅ।
੩੫ ਆਉਣ ਦਾ।
੩੬ ਨਹੀਂ ਸੀ।
੩੭ ਚੰਗੀ ਭਲੀ।
੩੮ ਗੁਜ਼ਰੇ, ਬੀਤੇ।
੩੯ ਹੇ ਪੁਰਸ਼।
੪੦ ਹੰਕਾਰ ਕਰਦਾ ਹੈ।
੪੧ ਅਨਾਜ।
੪੨ ਕੁਝ ਕੁ ਪੈਸੇ ਪੱਲੇ ਹੋ ਗਏ।

੪੩ ਆਕੜ ਕੇ।
੪੪ ਅਟੱਲ, ਨਾ ਡੋਲਣ ਵਾਲੇ।
੪੫ ਪਾਪਾਂ ਨੂੰ ਨਾਸ ਕਰਨ ਵਾਲੇ।
੪੬ ਸਰਬ ਰੂਪ।
੪੭ ਦੁੱਖਾਂ ਦੇ ਨਾਸ ਕਰਨ ਵਾਲਾ।
੪੮ ਗੁਣਾਂ ਦਾ ਭੰਡਾਰ।
੪੯ ਤਿੰਨਾ ਗੁਣਾਂ ਤੋਂ ਨਿਰਲੇਪ।
੫੦ ਆਸਰੇ।
੫੧ ਜਿਸ ਦੇ।
੫੨ ਗਿਆਨ ਪ੍ਰਕਾਸ਼।
੫੩ ਪਾਰਾਵਾਰ ਤੋਂ ਪਰੇ।
੫੪ ਹੈ ਹੁਣ।
੫੫ ਅੱਗੇ ਨੂੰ ਵੀ ਹੋਣ ਵਾਲਾ ਹੈ।
੫੬ ਨਿਰ ਆਸਰੇ।
੫੭ ਦਾਸ।

ਬੰਕੋਕ ੨੮-੯-੧੯੫੪

# ਬੰਕੋਕ ੨੯-੯-੧੯੫੪

*ਦੋਹਰਾ।।ਬਾਲ ਸਰੂਪੀ ਬਾਲ ਪਤਿ ਹੰਸ ਚਾਲ ਸੁਖ ਸਾਲ[੧]।*
*ਕ੍ਰਿਸਨ ਹਰੈ ਜੀਅ ਹਰੇ ਕਰ ਹਰੇ ਕ੍ਰਿਸਨ ਪਗ ਭਾਲ[੨]।।੧।।*
*ਤੇਜ ਬਲੀ ਗੁਰ ਆਠਮੋਂ ਆਠ ਸਾਲ ਬਯ ਜਾਹਿ।।*
*ਆਠ ਸਾਠ ਫਲ ਪਗ ਪਰੇ ਆਠ ਉਲੰਘ ਸੁਖ ਪਾਹਿ।।੨।।*
*ਸੂਰ[੩] ਚਰੇ ਉਡ ਨਿਸ[੪] ਸਸਾ[੫] ਤਮ ਨਿਸਚਰ ਹੋਇ ਦੂਰ।*
*ਤਿਵ ਗੁਰ ਛੌਨੀ ਮੂਰਤੀ ਬੰਦੌਂ ਦੋਖਨ ਚੂਰ।।੩।।*
*ਕੋ ਦਿਨ ਗੁਜਰੇ ਚਿਤਵਤਾ ਗੁਰ ਸਾਚੇ ਬਚ ਜੋਇ।।*
*ਊਂਟਨ ਹੇਤ ਖਰੀਦਨੇ ਆਏ ਸਿੰਘ ਨ ਸੋਇ।।੪।।*

## ਤੇਜ ਬਲੀ ਗੁਰ ਆਠਮੋ

ਸੰਤ ਜੀ ਏਥੇ ਅਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ ਕਰਦੇ ਹਨ। ਮੰਗਲ ਦੇ ਵਿੱਚ ਦੱਸਦੇ ਹਨ ਕਿ ਕੈਸੇ ਹਨ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ।

*ਬਾਲ ਸਰੂਪੀ ਬਾਲ ਪਤਿ,*

ਕਹਿੰਦੇ ਹਨ—ਬਾਲਕ ਦਾ ਸਰੂਪ ਹੈ ਜਿਨ੍ਹਾਂ ਦਾ, ਔਰ ਬਾਲ ਪਤਿ—ਮਾਇਆ ਦੇ ਜੋ ਪਤੀ ਹਨ, ਪ੍ਰਮੇਸ਼ਰ ਰੂਪ।

*ਹੰਸ ਚਾਲ ਸੁਖ ਸਾਲ।*

ਕੈਸੇ ਹਨ ਸਤਿਗੁਰੂ, ਗੁਰੂ ਹਰਿਕ੍ਰਿਸ਼ਨ ਜੀ—ਹੰਸ ਜੈਸੀ ਜਿਹਨਾਂ ਦੀ

ਚਾਲ ਹੈ, ਔਰ ਸੁੱਖਾਂ ਦੇ ਸਾਲ—ਘਰ ਹਨ।

*ਕ੍ਰਿਸ਼ਨ ਹਰੈ ਜੀਅ ਹਰੇ ਕਰ,*

ਜੇ ਤੂੰ ਹਰਿ ਕ੍ਰਿਸ਼ਨ ਦਾ ਨਾਉਂ ਲਵੇਂ ਤਾਂ ਕ੍ਰਿਸ਼ਨ ਹਰੈ—ਕਾਲੇ ਹੋਏ ਹੋਏ, ਸੜੇ ਹੋਏ ਹੋਏ, ਜਿਹੜੇ ਮਨ ਹਨ ਉਹ ਹਰੇ ਹੋ ਜਾਂਦੇ ਹਨ, ਉਹਨਾਂ ਨੂੰ ਹਰੇ ਕਰਨ ਵਾਲੇ ਹਨ ਗੁਰੂ ਹਰਿਕ੍ਰਿਸ਼ਨ ਜੀ।

*ਹਰੇ ਕ੍ਰਿਸਨ ਪਗ ਭਾਲ।*

ਹਰਿ ਕ੍ਰਿਸ਼ਨ ਦੇ ਚਰਨਾਂ ਉੱਤੇ ਨਮਸ਼ਕਾਰ ਕਰ ਭਾਈ, ਤੇਰਾ ਸੜਿਆ ਹੋਇਆ ਮਨ ਜਿਹੜਾ ਹੈ, ਉਹ ਹਰਾ ਹੋ ਜਾਵੇ।

*ਤੇਜ ਬਲੀ ਗੁਰ ਆਠਮੋਂ,*

ਬੜੇ ਬਲੀ ਹਨ ਗੁਰੂ ਅਠਵੇਂ ਪਾਤਸ਼ਾਹ, ਜਿਹਨਾਂ ਦਾ ਤੇਜ ਬੜਾ ਹੈ।

*ਆਠ ਸਾਲ ਬਯ ਜਾਹਿ।*

ਅੱਠ ਸਾਲ ਦੇ, ਜਿਹਨਾਂ ਦੀ ਦੇਹ ਕਰਕੇ ਅਵਸਥਾ ਅੱਠ ਸਾਲ ਦੀ ਹੈ।

*ਆਠ ਸਾਠ ਫਲ ਪਗ ਪਰੇ,*

ਕੀ ਹੁੰਦਾ ਹੈ—ਜੇ ਤੂੰ ਚਰਨਾਂ ਤੇ ਡਿੱਗੇਂ ਤਾਂ–

**ਅਠਿਸਠਿ ਤੀਰਥ ਗੁਰ ਕੀ ਚਰਣੀ,**

*– ਮ:੫, ਪੰਨਾ-੧੪੭*

ਅੱਠ ਤੇ ਸਠ—ਅਠਾਹਠ ਤੀਰਥਾਂ ਦਾ ਫਲ ਹੈ, ਜੇ ਸਤਿਗੁਰੂ ਦੇ ਚਰਨਾਂ ਉੱਤੇ ਤੂੰ ਸਿਰ ਅਪਣਾ ਧਰੇਂ।

*ਆਠ ਉਲੰਘ ਸੁਖ ਪਾਹਿ।*

ਫੇਰ ਅੱਠਾਂ ਤੋਂ ਲੰਘ ਜਾਵੇਂਗਾ—ਤਿੰਨਾਂ ਗੁਣਾਂ ਤੋਂ, ਪੰਜਾਂ ਤੱਤਾਂ ਤੋਂ। ਸਤਿਗੁਰੂ ਦੇ ਚਰਨੀਂ ਲੱਗ ਕੇ ਤੈਨੂੰ ਇਹ ਸੁਖ ਪ੍ਰਾਪਤ ਹੋਵੇਗਾ।

*ਸੂਰ ਚਰੇ ਉਡ ਨਿਸ ਸਸਾ,*

ਜਿਸ ਤਰ੍ਹਾਂ ਸੂਰਜ ਚੜ੍ਹਿਆ, ਜਿਸ ਵਕਤ ਸੂਰਜ ਚੜ੍ਹੇ, ਜਿਸ ਵੇਲੇ ਬਾਲ ਸੂਰ ਹੁੰਦਾ ਹੈ—ਸੂਰਜ ਜਿਸ ਵਕਤ ਪ੍ਰਕਾਸ਼ ਕਰਦਾ ਹੈ ਤੇ ਫੇਰ, ਉਡ– ਤਾਰੇ, ਨਿਸ-ਰਾਤ, ਸਸ-ਚੰਦਰਮਾਂ।

*ਤਮ ਨਿਸਚਰ ਹੋਇ ਦੂਰ।*

ਤਿੰਨ ਇਹ ਆ ਗਏ, ਫੇਰ, ਤਮ—ਅੰਧੇਰਾ, ਨਿਸਚਰ—ਜਿਹੜੇ ਰਾਤ ਦੇ ਚਰਨ ਵਾਲੇ ਜਾਨਵਰ ਜਾਂ ਚਾਮ ਚੜਿੱਕਾਂ, ਉੱਲੂ, ਚਮਗਿੱਦੜ—ਇਸ ਤਰ੍ਹਾਂ, ਜਿਹੜੇ ਹੋਰ ਭੀ ਨਿਸਚਰ ਜਿਹਨਾਂ ਨੂੰ ਮੰਨਿਆ ਸਾਡੇ ਗ੍ਰੰਥਾਂ ਪੁਸਤਕਾਂ ਵਿੱਚ ਭੂਤ, ਪ੍ਰੇਤ ਆਦਿਕ, ਚੋਰ—ਉਹ ਸਭ ਦੂਰ ਹੋ ਜਾਂਦੇ ਹਨ।

*ਤਿਵ ਗੁਰ ਛੌਨੀ ਮੂਰਤੀ,*

ਜਿਸ ਤਰ੍ਹਾਂ ਸੂਰਜ ਦੇ ਚੜ੍ਹਦਿਆਂ ਹੀ ਇਹ ਸਾਰੀਆਂ ਚੀਜ਼ਾਂ ਦੂਰ ਹੁੰਦੀਆਂ ਹਨ, ਇਸੇ ਤਰ੍ਹਾਂ ਸਤਿਗੁਰਾਂ ਦੀ ਛੌਨੀ—ਛੋਟੀ ਮੂਰਤ ਜੋ ਹੈ-

*ਬੰਦੌਂ ਦੋਖਨ ਚੂਰ।*

*ਬੰਦੌਂ*—ਨਮਸਕਾਰ ਕਰੋ ਕਿਉਂਕਿ ਨਮਸਕਾਰ ਕਰਨ ਤੋਂ, *ਦੋਖਨ ਚੂਰ*—ਦੋਸ਼ ਚੂਰ ਹੋ ਜਾਂਦੇ ਹਨ, ਦੁੱਖਾਂ ਨੂੰ ਦੂਰ ਕਰ ਦਿੰਦੇ ਹਨ।

*ਕੌ ਦਿਨ ਗੁਜਰੇ ਚਿਤਵਤਾ,*

## ਸਿੱਖਾਂ ਦਾ ਪ੍ਰਣ ਪਾਲਣਾ

ਹੁਣ ਭਾਈ ਹਰਮੀਤ ਸਿੰਘ ਦੀ ਅੱਗੇ ਕਥਾ ਆਵੇਗੀ। ਇਸ ਤੋਂ ਪਹਿਲਾਂ ਮੈਂ ਅਰਜ਼ ਕਰ ਲਵਾਂ ਕਿ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜਿਸ ਵਕਤ ਏਥੇ ਸ੍ਰਿਸ਼ਟੀ ਉੱਤੇ ਪ੍ਰਕਾਸ਼ ਕੀਤਾ, ਉਸ ਵਕਤ ਦੀ ਜਿਹੜੀ ਹਾਲਤ ਸੀ ਸਿੱਖਾਂ ਦੀ—ਉਹ ਕੀ ਹੋਇਆ ਸੀ। ਸਿੱਖ ਰਾਜ ਦੇ ਵਕਤ, ਸਿੱਖਾਂ ਨੂੰ ਰਾਜ ਮਿਲਿਆ। ਹਿੰਦੂ ਜ਼ੁਲਮ ਕਰਨ ਉੱਤੇ ਆਏ, ਦੋ ਚਾਰ ਸੌ ਸਾਲ ਵਿੱਚ ਉੱਥੇ ਪਹੁੰਚ ਗਏ—ਪ੍ਰਮੇਸ਼ਰ ਨੂੰ ਉਹ ਨਾ ਭਾਏ। ਫੇਰ ਅੱਗੇ ਆਇਆ ਸਿੱਖਾਂ ਦਾ ਰਾਜ। ਸਿੱਖ ਚਹੁੰ, ਪੰਜਾਂ ਦਹਾਕਿਆਂ 'ਚ ਹੀ ਉੱਥੇ ਪਹੁੰਚ ਗਏ, ਪੰਜਾਹ ਸਾਲਾਂ 'ਚ ਹੀ ਸਿੱਖ ਜ਼ੁਲਮ ਉੱਤੇ ਆ ਗਏ। ਸਿੱਖਾ ਸ਼ਾਹੀ ਦਾ ਨਾਂ ਨਾਦਰ ਸ਼ਾਹੀ ਦੀ ਤਰ੍ਹਾਂ ਮਸ਼ਹੂਰ ਹੋ ਗਿਆ।

ਸਿੱਖਾਂ ਦਾ ਚਾਲ ਚਲਨ ਵਿਗੜ ਗਿਆ। ਬਾਬਾ ਨੈਣਾ ਸਿੰਘ ਵਰਗੇ, ਫੂਲਾ ਸਿੰਘ ਅਕਾਲੀ ਜੈਸੇ ਮਹਾਤਮਾ ਦੇ ਸਰੀਰ ਚੱਲ ਗਏ। ਦੇਖੋ, ਪੜ੍ਹੋ ਇਤਹਾਸ—ਮਹਾਰਾਜ ਰਣਜੀਤ ਸਿੰਘ ਮੋਰਾਂ ਕੰਜਰੀ ਲਿਆਉਂਦਾ

ਹੈ, ਸ਼ਰਾਬ ਪੀਂਦਾ ਹੈ। ਬਾਬੇ ਫੂਲਾ ਸਿੰਘ ਹੁਰਾਂ ਨੂੰ ਪਤਾ ਲੱਗਦਾ ਹੈ। ਅਕਾਲ ਤਖਤ ਦੇ ਸਾਹਮਣੇ ਸੱਦ ਕੇ, ਬੇਰੀ ਨਾਲ ਨੰਗਾ ਕਰਕੇ ਬੰਨ੍ਹ ਲੈਂਦੇ ਹਨ। ਕਹਿੰਦੇ ਹਨ—ਮਾਰੋ ਇਹਦੇ ਕੋਰੜੇ।

ਕਿਉਂ ਕਹਿੰਦੇ ਸਨ—ਉਹ ਜਤੀ ਸਤੀ ਪੁਰਸ਼ ਸਨ; ਉਹ ਹਠੀ ਤਪੀ ਸਨ; ਉਹ ਭਜਨ ਬਾਣੀ ਕਰਨ ਵਾਲੇ ਸਨ; ਉਹਨਾਂ ਦੀ ਆਤਮਾ ਉੱਚੀ ਸੀ; ਉਹਨਾਂ ਨੂੰ ਇਹ ਪ੍ਰਵਾਹ ਨਹੀਂ ਸੀ ਬਈ ਰਣਜੀਤ ਸਿੰਘ ਦੇਊ ਤੇ ਅਸੀਂ ਖਾਣਾ ਹੈ। ਵਾਹ ! ਬਾਬਾ ਫੂਲਾ ਸਿੰਘ ਔਰ ਵਾਹ ! ਮਹਾਰਾਜਾ ਰਣਜੀਤ ਸਿੰਘ ! ਪੰਜਾਬ ਦਾ ਮਾਲਕ ਹੁੰਦਾ ਹੋਇਆ, ਗਲਤੀ ਕਰ ਬੈਠਾ ਹੈ, ਆਪਣੀ ਗਲਤੀ ਮੰਨ ਕੇ, ਆਪਣੇ ਆਪ ਨੂੰ ਬੇਰੀ ਨਾਲ ਬੰਨ੍ਹਾਂ ਲਿਆ ਹੈ। ਏਥੇ ਰਤਾ ਜਿੰਨੀ ਗੱਲ ਕਿਸੇ ਨੂੰ ਕਹਿ ਦੇਈਏ ਕਿ ਤੂੰ ਆਹ ਕਸੂਰ ਕੀਤਾ ਹੈ ਤਾਂ ਉਹ ਪੰਜ ਪੰਜ ਸੌ ਗੱਲ ਕਰਦਾ ਹੈ, ਤੇ ਦੂਜਿਆਂ ਉੱਤੇ ਦੋਸ਼ ਅਰੋਪਦਾ ਹੈ—ਮੈਨੂੰ ਆਖਿਆ ਹੈ, ਫਲਾਣਾ ਇਉਂ ਕਰਦਾ ਹੈ, ਫਿਮਕਾ ਇਉਂ ਕਰਦਾ ਹੈ। ਤਾਂ, ਮਹਾਰਾਜਾ ਵੱਲ ਭੀ ਦੇਖੋ ਕਿ ਉਹ ਬਾਬੇ ਫੂਲਾ ਸਿੰਘ ਹੁਰਾਂ ਨਾਲੋਂ ਭੀ ਤਕੜਾ ਨਿਕਲਿਆ, ਜਿਸ ਨੇ ਆਪਣੇ ਗੁਨਾਹ ਨੂੰ ਮੰਨ ਕੇ, ਮਹਾਰਾਜਾ ਹੁੰਦਿਆਂ ਹੋਇਆਂ, ਆਪਣੇ ਕਪੜੇ ਉਤਾਰ ਕੇ, ਬੇਰੀ ਨਾਲ ਆਪਣੇ ਆਪ ਨੂੰ ਬੰਨਵ੍ਹਾਂ ਲਿਆ।

ਸਿੱਖਾਂ ਨੇ ਅਰਜ਼ ਕਰੀ,''ਬਾਬਾ ਜੀ, ਹੁਣ ਮੁਆਫ ਕਰ ਦਿਓ।''

ਮਹਾਰਾਜਾ ਰਣਜੀਤ ਸਿੰਘ ਨੂੰ ਛੱਡ ਦਿੱਤਾ। ਪਰ ਜਿੰਨਾਂ ਚਿਰ ਸਿੱਖ ਏਸ ਚੀਜ਼ ਦੇ ਮਾਲਿਕ ਰਹੇ, ਜਿੰਨਾਂ ਚਿਰ ਸਿੱਖ ਸੱਚ ਦੇ ਮਾਲਿਕ ਰਹੇ, ਜਿੰਨਾਂ ਚਿਰ ਸਿੱਖ ਅਦਲ ਦੇ ਮਾਲਿਕ ਰਹੇ—ਸਿੱਖਾਂ ਦੇ ਰਾਜ ਦਾ ਤੇਜ ਇਤਨਾਂ ਜ਼ੋਰਾਵਰ ਸੀ ਕਿ ਜਿਹੜੇ ਪਠਾਣ ਕਈ ਸੌ ਸਾਲ ਤੋਂ ਧਾਵੇ ਕਰ ਕਰ ਕੇ ਹਿੰਦੁਸਤਾਨ ਤੇ ਆਉਂਦੇ ਸੀ, ਤਾਂ ਉਹ ਲੋਕ, ਉਨ੍ਹਾਂ ਦੇ ਘਰਾਂ ਵਿੱਚ ਧਾਂਕ ਪੈ ਗਈ ਸਰਦਾਰ ਹਰੀ ਸਿੰਘ ਨਲੂਏ ਦੀ—ਖਾਮੋਸ਼ ਬਾਸ਼ ਹਰੀਆ ਅਬੇ ਆਇਦ। ਬੱਚੇ ਰੋਣੋਂ ਹਟ ਜਾਂਦੇ, ਕਹਿੰਦੇ—ਚੁੱਪ ਹੋ ਜਾਹ ਹਰੀਆ ਆਉਂਦਾ ਹੈ। ਕਿਉਂ—ਕਿਹੋ ਜਿਹੇ ਸਨ ਸਰਦਾਰ ਹਰੀ ਸਿੰਘ ਨਲੂਆ।

ਮੈਂ ਜਮਰੌਦ ਦਾ ਬੁਰਜ ਜਾ ਕੇ ਦੇਖਿਆ, ਜਿੱਥੇ ਆਪ ਰਹਿੰਦੇ ਸਨ। ਉਹ ਕੱਚਾ ਬੁਰਜ ਸੀ, ਔਰ ਸਿੱਖੀ ਦੀ ਨਿਸ਼ਾਨੀ—ਉੱਥੇ ਉਨ੍ਹਾਂ ਦੇ ਅੰਦਰ ਕੋਈ ਤਖਤਿਆਂ ਵਾਲੀ ਚੀਜ਼ ਨਹੀਂ ਸੀ ਬਣੀ ਹੋਈ—ਪਰ ਇੱਕ ਆਦਮੀ ਦੇ ਸਿਰ ਜਿੱਡਾ ਉੱਚਾ ਆਲਾ ਬਣਾਇਆ ਹੋਇਆ ਸੀ, ਜਿੱਥੇ ਮਹਾਰਾਜ ਦੀ ਬੀੜ ਉਹ ਰੱਖਦੇ ਸੀ। ਆਪ ਥੱਲੇ ਸਫ਼ ਵਿਛਾ ਕੇ ਸੌਂਦੇ ਸਨ—ਭੁੰਜੇ। ਜਰਨੈਲ ਹੁੰਦਾ ਹੋਇਆ ਸਿੱਖਾਂ ਦੀ ਫੌਜ ਦਾ, ਬਾਣੀ ਦਾ ਅਦਬ ਕਰਦਾ ਹੈ, ਔਰ ਸੇਵਕ ਬਣ ਕੇ ਸਫ਼ ਉੱਤੇ ਲੰਮਾ ਪੈਂਦਾ ਹੈ, ਫੂੜੀ ਵਿਛਾ ਕੇ ਥੱਲੇ।

ਤਾਕਤ—ਖੱਚਰਾਂ ਭੇਜੀਆਂ ਦੋ ਬਾਹਰ, ਕਿ ਪਾਣੀ ਲਿਆਓ ਬਾਹਰ ਨਾਲੇ ਤੋਂ। ਪਠਾਣਾਂ ਨੇ ਖੱਚਰਾਂ ਮਾਰ ਦਿੱਤੀਆਂ। ਕਹਿਣ ਲੱਗੇ,''ਖਾਲਸਾ ਜੀ ਹੁਣ ਕੱਢ ਕੇ ਹੀ ਪਾਣੀ ਪੀਣਾ ਹੈ।''

ਡੇਢ ਸੌ ਹੱਥ ਡੂੰਘਾ ਪਾਣੀ, ਸੱਤ ਹੱਥ ਚੌੜਾ ਖੂਹ, ਪੱਥਰਾਂ ਦੇ ਵਿੱਚ ਲਾ ਕੇ, ਪਾਣੀ ਕੱਢਕੇ ਜਲ ਛਕਿਆ। ਐਡਾ ਕੁ ਉੱਚਾ ਡੋਲ ਉੱਥੇ ਪਿਆ ਦੇਖੀਦਾ ਸੀ, ਜਾ ਕੇ ਦੇਖਿਆ ਮੈਂ, ਕਿ ਜਿਹੜਾ ਅੱਜ ਕਲ ਦੇ ਜਵਾਨ ਖਵਰੈ ਖਾਲੀ ਭੀ ਬੜਾ ਮੁਸ਼ਕਲ ਚੁੱਕਣ। ਕਿਉਂ—ਤਾਕਤ ਕਿਉਂ ਸੀ ? ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ–

*ਪਰ ਤੀਆ ਮਾਤ ਧੀਆ ਭਗਨੀ ਲਖੀਆ ਕਰੈਂ,*
*ਬੀਆ ਬਿਤ ਹੇਰ ਕੀਆ ਹੀਆ ਨਾ ਚੁਰਾਨੇ ਥੇ।*

ਪਰਾਈ ਲੜਕੀ, ਪਰਾਈ ਧੀ ਭੈਣ ਨੂੰ—ਭੈਣ, ਮਾਤਾ, ਧੀ ਜਾਣਦੇ ਸੀ। ਦੂਸਰੇ ਦਾ ਧਨ ਦੇਖ ਕੇ ਚੁਰਾਉਣ ਦੀ ਖਾਹਿਸ਼ ਨਹੀਂ ਸਨ ਕਰਦੇ, ਨਾ ਖੋਹਣ ਦੀ।

*ਪਾਰ ਤੈ ਪਰਣ ਸਰਣਾਗਤੈਂ ਸਿਦੀਵ ਦਿਢ*

ਪ੍ਰਣ ਪਾਲਦੇ ਸੀ, ਬਚਨ ਕਰ ਲਿਐ ਬਾਬੇ ਫੂਲਾ ਸਿੰਘ ਨੇ ਆਖਿਐ, ''ਅਰਦਾਸਾ ਸੋਧ ਦਿੱਤਾ ਹੈ ਤੁਰਨ ਦਾ।''

ਮਹਾਰਾਜਾ ਨੇ ਆਖਿਆ,''ਫ਼ੌਜ਼ ਥੋੜ੍ਹੀ ਹੈ।''

ਕਹਿੰਦਾ,''ਹੁਣ ਫੌਜ ਥੋੜ੍ਹੀ ਹੈ ਚਾਹੇ ਬਹੁਤੀ ਹੈ, ਖਾਲਸਾ ਪਿੱਛੇ ਨਹੀਂ

ਹਟੇਗਾ।''

ਅੱਗੇ ਹੀ ਜਾ ਕੇ ਸਰੀਰ ਦੇ ਦਿੱਤਾ, ਪ੍ਰਣ ਪੂਰਾ ਕੀਤਾ।

ਸਰਣਾਗਤੇ ਸਰਨ—ਜਿਹੜਾ ਸਰਨ ਆ ਜਾਏ—ਇੱਕ ਪੰਡਤ, ਜਦੋਂ ਬਾਰਾਂ ਮਿਸਲਾਂ ਵਿੱਚ ਸਿੱਖ ਸਨ, ਇੱਕ ਹਰੀ ਸਿੰਘ ਸਰਦਾਰ ਹੈ—ਭੰਗੀ। ਉਹਦੇ ਕੋਲ ਆ ਕੇ ਇੱਕ ਕਸੂਰ ਦਾ ਪੰਡਤ ਰੋਂਦਾ ਹੈ,''ਮਹਾਰਾਜ ! ਮੇਰੀ ਔਰਤ ਪਠਾਣਾਂ ਨੇ ਖੋਹ ਲਈ।''

ਕੁਛ ਨਹੀਂ ਪੁੱਛਿਆ, ਕਿਸੇ ਨਾਲ ਸਲਾਹ ਨਹੀਂ ਕੀਤੀ, ਕਹਿਣ ਲੱਗੇ,''ਚੱਲਾਂਗੇ, ਤੇਰੀ ਔਰਤ ਦਿਵਾਵਾਂਗੇ।''

ਸਿੰਘਾਂ ਨੂੰ ਪਤਾ ਲੱਗਿਆ, ਬਾਰਾਂ ਮਿਸਲਾਂ ਇਕੱਠੀਆਂ ਹੋਈਆਂ। ਉਨ੍ਹਾਂ ਆਖਿਆ,''ਸਰਦਾਰ ਹਰੀ ਸਿੰਘ ਦੂਲਿਆ, ਉਹ ਭੰਗੀਆ, ਓਏ ਤੂੰ ਇਹ ਗੱਲ ਕਰ ਦਿੱਤੀ ਹੈ, ਕਿੰਨੇ ਜੋਰ ਵਾਲੇ ਪਠਾਣ ਹਨ।''

ਕਹਿੰਦੈ–

*ਅਬ ਤੌਂ ਹਮ ਮਰ ਜੈਹੇ, ਜਿ ਲੈਹੇਂ ਨਾਹਿ ਕਸੂਰ ਹੈ।*

''ਸਿੰਘ ਨੇ ਬਚਨ ਕਰ ਦਿੱਤਾ ਹੈ, ਮੂੰਹੋਂ ਕੱਢ ਦਿੱਤਾ ਹੈ, ਮਰ ਜਾਏਗਾ, ਮੈਂ ਇਕੱਲਾ ਤੁਰ ਜਾਵਾਂਗਾ।'' ਹਰੀ ਸਿੰਘ ਭੰਗੀ ਨੇ ਕਿਹਾ, ''ਕੋਈ ਨਾ ਜਾਵੇ ਮੈਂ ਮਰ ਜਾਵਾਂਗਾ, ਅਗਰ ਕਸੂਰ ਨਾ ਲਵਾਂਗਾ, ਮੈਂ ਹੁਣ ਰੁਕ ਨਹੀਂ ਸਕਦਾ।'' ਉਹਦੀ ਇਹ ਹਾਲਤ ਦੇਖ ਕੇ ਖਾਲਸਾ ਸਾਰਾ ਨਾਲ ਤੁਰ ਪਿਆ। ਪਠਾਣਾਂ ਦਾ ਕਿਲ੍ਹਾ ਤੋੜ ਕੇ, ਔਰਤ ਕੱਢ ਕੇ ਪੰਡਤ ਦੀ ਪੰਡਤ ਨੂੰ ਦਿੱਤੀ। ਜੇ ਅੱਜ ਵਰਗੇ ਹੁੰਦੇ ਤਾਂ ਖੋਹ ਲੈਂਦੇ ਪੰਡਤ ਕੋਲੋਂ ਭੀ। ਆਪਣੇ ਭਰਾਵਾਂ ਦੀਆਂ ਵੀ ਖੋਹ ਲਈਦੀਆਂ ਹਨ, ਜਿਹੜੀ ਅੜਿੱਕੇ ਆ ਜਾਵੇ, ਜੋ ਕੁਛ ਭੀ ਹੋਵੇ।

*ਪਾਰ ਤੈ ਪਰਣ ਸਰਣਾਗਤੈਂ ਸਿਦੀਵ ਦਿਢ,*
*ਹਰਨ ਅਰਿਨ ਢਿਗ ਮਰਨ ਪਛਾਨੈ ਥੇ।*

—ਵੈਰੀਆਂ ਨੂੰ ਮਾਰਨ ਵਾਸਤੇ, ਅਪਣੇ ਮਰਨ ਨੂੰ, ਜਾਨ ਨੂੰ, ਤਲੀ ਉੱਤੇ ਧਰੀ ਹੋਈ ਸੀ। ਗਿਆਨ ਸਿੰਘ ਜੀ ਕਹਿੰਦੇ ਹਨ–

*ਦਾਨੀ ਥੇ ਇਮਾਨੀ ਥੇ ਗੁਮਾਨੀ ਬੀਰ ਮਾਨੀ ਥੇ,*

*ਸੁਦੇਵ ਗੁਨ ਸਾਨੀ ਥੇ ਬਦੇਹੀ ਸਮ ਗਯਾਨੀ ਥੇ।*

ਪੁਰਾਣੇ ਸਿੰਘ ਲੁਕੇ ਹੋਏ ਨਹੀਂ ਸੇ, ਦਾਨ ਕਰਦੇ ਸੇ। ਇਹ ਉਹਨਾਂ ਨੂੰ ਮਾਣ ਸੀ,''ਮੇਰੀਆਂ ਬਾਹਵਾਂ 'ਚ ਇਹ ਤਾਕਤ ਹੈ, ਮੈਂ ਜਪੁ, ਤਪ ਕਰਨ ਵਾਲਾ ਹਾਂ, ਮੈਂ ਜਦੋਂ ਲੜਾਂਗਾ, ਗੁਰੂ ਦੇ ਨਾਂ ਉੱਤੇ, ਮੈਂ ਨਹੀਂ ਕਦੇ ਪਿਛਾਂਹ, ਹਾਰ ਖਾਵਾਂਗਾ।'' ਫੇਰ ਕੀ ਹੋ ਗਿਆ-

*ਮਹਾਰਾਜਾ ਲਉ ਰਹਾਨਾ ਪੰਥ ਕਾ ਪੁਰਾਨਾ ਢੰਗ।*

## ਸਿੱਖੀ ਦਾ ਪਤਣ

ਮਹਾਰਾਜਾ ਰਣਜੀਤ ਸਿੰਘ ਤਕ, ਦਾੜ੍ਹੇ, ਸਿੱਧੇ ਸਿੱਖਾਂ ਦੇ ਰਹੇ, ਦਸਤਾਰੇ ਸਿੱਧੇ ਰਹੇ।

*ਫੇਰ ਬਦਲਾਂਨਾ ਰੰਗ ਕੂਪ ਭੰਗ ਜਿਉ ਪਰੈ।*

ਕਹਿੰਦੇ ਨੇ, ਫੇਰ ਬਦਲਿਆ ਰੰਗ, ਜਿਸ ਤਰ੍ਹਾਂ ਖੂਹ ਵਿੱਚ ਭੰਗ ਸਿਟ ਦੇਈਏ ਨ—ਸੁੱਖਾ, ਨਾਲੇ ਤੇ ਬੋ ਆਉਣ ਲੱਗ ਪੈਂਦੀ ਹੈ, ਨਾਲੇ ਰੰਗ ਪਾਣੀ ਦਾ ਖਰਾਬ ਹੋ ਜਾਂਦਾ ਹੈ। ਫੇਰ, ਦਾੜ੍ਹੀਆਂ ਬੰਨ੍ਹ ਲਈਆਂ, ਪੱਗਾਂ ਦੇ ਥਾਂ ਸਾਫ਼ੇ ਬੰਨ੍ਹ ਲਏ, ਤੇੜ ਸੁਥੂ ਪਾ ਲਏ, ਤੰਬੇ ਬੰਨ੍ਹ ਲਏ।

*ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ ਅੱਛੈਂ*
*ਕਛੈਂ ਤਜ ਗਏ ਧੋਤੀ ਸੁਥੁ ਤੰਗ ਤਨ ਕੈ।*
*ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ*
*ਜਿਨੈਂ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।*

ਉਹ ਸਿੱਖੀ ਰੂਪ ਗਊ ਕੰਬਣ ਲੱਗ ਪਈ। ਕੀ ਬਣਿਆ—ਭਾਈ ਜੀ ਕਹਿੰਦੇ ਹਨ-

*ਕੇਈ ਬਾਰ ਪਾਰੈਂ ਓਚੈਂ ਨਾਕ ਨੋਚੈਂ ਮੋਚਨੇ ਲੈ,*

ਕਈ ਦਾੜ੍ਹੀਆਂ ਨੂੰ ਪਾੜਕੇ ਬੰਨ੍ਹਦੇ ਹਨ। ਸਿੱਖਾਂ ਵਿੱਚ ਦਾੜ੍ਹੀ ਨੂੰ ਬੰਨ੍ਹਣਾ ਯਾ ਪਾੜਨਾ—ਰਿਵਾਜ਼ ਨਹੀਂ ਸੀ। ਪੁਰਾਣੇ ਸਿੱਖ ਤਾਂ ਇਉਂ ਕਹਿ ਦਿੰਦੇ-

*ਸਿਖ ਹੋਇਕੇ ਦਾੜ੍ਹੀ ਭੰਨ੍ਹੇ।*

*ਐਥੇ ਓਥੇ ਲਗੇ ਨਾ ਬੰਨੇ।*

ਪੁਰਾਣਾ ਰਿਵਾਜ ਇਹ ਸੀ। ਪੜ੍ਹੋ ਇਤਹਾਸ, ਜਦੋਂ ਅਜੇ ਅੰਮ੍ਰਿਤ ਵੀ ਗੁਰੂ ਗੋਬਿੰਦ ਸਿੰਘ ਨੇ ਨਹੀਂ ਸੀ ਛਕਾਇਆ, ਭਾਈ ਬਿਧੀ ਚੰਦ ਜੀ ਜਿਸ ਵੇਲੇ ਦੂਸਰਾ ਘੋੜਾ ਲੈਣ ਜਾਂਦੇ ਹਨ, ਉਹ ਕਹਿੰਦੇ ਹਨ—ਸੱਚਿਆ ਪਾਤਸ਼ਾਹ ! ਮੈਂ ਦਾੜ੍ਹੀ ਬੰਨ੍ਹਣ ਲੱਗਿਆਂ—ਕਿਸ ਕਰਕੇ ਦਾੜ੍ਹਾ ਤਰਾ ਤਰ ਸੀ, ਭਾਰਾ ਦਾੜ੍ਹਾ ਸੀ—ਬਈ, ਮੇਰੀ ਸ਼ਕਲ ਨਾ ਪਛਾਣੀ ਜਾਵੇ।

*ਸਗਲੀ ਦਾੜੀ ਊਚੀ ਕੀਨੀ,*
*ਮੂਛੈਂ ਤਰੀਂ ਰਾਮਰਸ ਪੀਨੀ,*
*ਜੈਸੇ ਭੰਡ ਸਾਂਗ ਬਣ ਆਵੈ,*
*ਤਾਂਤੇ ਤਿਸੇ ਨਾ ਕੋਇ ਲਖਾਵੈ।*

ਸਾਂਗ ਬਨਿਆ, ਔਰ ਅਰਦਾਸਾ ਕੀਤਾ,''ਮੈਂ ਪੰਜ ਰੁਪੱਈਏ ਤਨਖ਼ਾਹ ਦੇ ਦਿਆਂਗਾ ਜਿਹੜੀ ਮੈਂ ਦਾੜ੍ਹੀ ਬੱਧੀ ਹੈ।''

ਅਸੀਂ ਅਗਰ ਇਤਿਹਾਸ ਦੇਖੀਏ, ਤਸਵੀਰਾਂ ਦੇਖੀਏ, ਗੁਰੂ ਨਾਨਕ ਤੋਂ ਲੈ ਕੇ ਕਿਸੇ ਗੁਰੂ ਦੇ ਦਾੜ੍ਹੇ 'ਚ ਕੋਈ ਫਰਕ ਨਹੀਂ। ਪੰਜਾਂ ਪਿਆਰਿਆਂ ਦੇ ਦਾੜ੍ਹਿਆਂ 'ਚ ਕੋਈ ਫਰਕ ਨਹੀਂ। ਮਹਾਰਾਜਾ ਰਣਜੀਤ ਸਿੰਘ ਤਕ, ਸਰਦਾਰ ਸ਼ਾਮ ਸਿੰਘ ਅਟਾਰੀ, ਸਰਦਾਰ ਹਰੀ ਸਿੰਘ ਨਲੂਆ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਗ ਸਿੰਘ—ਦੇਖੋ ਦਾੜ੍ਹੇ। ਫੇਰ ਮਗਰੋਂ ਸ਼ੇਰ ਸਿੰਘ ਜੀ ਦੀ ਵਾਰੀ ਆਈ, ਤਾਂ ਦਾੜ੍ਹੀ ਬੱਧੀ ਗਈ। ਫੇਰ ਕੀ ਬਣਿਆ–

*ਕੇਈ ਬਾਰ ਪਾਰੈਂ ਓਚੈਂ,*

ਉਚੇ ਕਰਦੇ ਨੇ–

*ਨਾਕ ਨੌਚੈਂ ਮੋਚਨੇ ਲੈ,*

ਵਾਲ ਮੋਚਨੇ ਨਾਲ ਨੱਕ ਦੇ ਪੁੱਟਦੇ ਹਨ।

*ਕੋਊ ਦਾੜ੍ਹੈ ਹੀ ਉਖਾੜੈ,*

ਐਥੋਂ ਦਾੜ੍ਹੀ ਦੇ ਵਾਲ—ਹੁਣ ਓਨੀ ਤੰਗੀ ਨਹੀਂ ਰਹੀ, ਸਾਡੇ ਨੌਜਵਾਨ ਮੁੰਡੇ ਹੁਣ ਤਾਂ ਦਵਾਈਆਂ ਲਾ ਕੇ ਹੀ ਬਹੁਤ ਵਧੀਆ ਬਣਾ ਛਡਦੇ ਹਨ ਇਹ ਥਾਂ। ਦਾੜ੍ਹੀਆਂ ਵੀ ਰੱਖਦੇ ਨੇ, ਕੇਸ ਭੀ ਰੱਖਦੇ ਨੇ, ਮੁੱਛਾਂ ਚੁੱਕ ਕੇ

ਐਨੇ ਐਨੇ ਥਾਂ ਇਹ ਭੀ ਵਿਹਲੇ ਕਰ ਲੈਂਦੇ ਨੇ, ਤੇ ਬੜੀ ਸਫਾਈ ਨਾਲ ਇੱਕੋ ਜਿਹਾ ਬਣਾ ਲੈਂਦੇ ਹਨ।

*ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ,*
*ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ।*

ਗਿਆਨ ਸਿੰਘ ਜੀ ਕਹਿੰਦੇ ਹਨ, ਸਿੱਖੀ ਰੂਪ ਗਊ ਨੂੰ ਕਸਾਈ ਬਣਕੇ ਮਾਰਨ ਲੱਗੇ ਹਨ। ਉਹ ਵੇਲਾ ਬਣਿਆ। ਅਕਾਲ ਪੁਰਖ ਨੇ ਆਪਣਾ ਕੁਦਰਤੀ ਨਿਯਮ ਇਹ ਬਣਾਇਆ ਹੋਇਆ ਹੈ—ਕ੍ਰਿਸ਼ਨ ਮਹਾਰਾਜ ਨੇ ਜਿਹੜਾ ਕਿਹਾ ਸੀ–

*ਯਦਾ ਯਦਾ ਹਿ ਧਰਮਸਯ ਗਲਾਨਿਰਭਵਤਿ ਭਾਰਤ।*
*ਅਭਯੁਤ ਥਾਨਮ ਧਰਮਸਯ ਤਦਾਤਮਾਨੰ ਸ੍ਰਿਜਾਮਯਹਮ।*

ਇੱਸੇ ਚੀਜ਼ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ–

**ਜਬ ਜਬ ਹੋਤ ਅਰਿਸਟਿ ਅਪਾਰਾ।।**
**ਤਬ ਤਬ ਦੇਹ ਧਰਤ ਅਵਿਤਾਰਾ।।**

*– ਦਸਮ ਗ੍ਰੰਥ, ਪੰਨਾ-੧੫੫*

ਦੇਹ ਧਾਰ ਕੇ, ਪੁਸਤਕਾਂ ਦੇ ਹੁੰਦਿਆਂ, ਤੀਰਥਾਂ ਦੇ ਹੁੰਦਿਆਂ, ਸਭ ਕਾਸੇ ਦੇ ਹੁੰਦਿਆਂ, ਉਹ ਪਰਮਾਤਮਾ ਜਿਹੜਾ, ਕ੍ਰਿਸ਼ਨ ਮਹਾਰਾਜ ਨੇ ਕਿਹੈ–

*ਤਦਾਤਮਾਨੰ ਸ੍ਰਿਜਾ ਮਯਹਮ*

—ਮੈਂ ਆਤਮਾ ਵਾਲਾ ਹੋ ਕੇ ਪਰਗਟ ਹੁੰਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਦੇਹ ਧਰਤ ਅਵਤਾਰਾ**

ਫੇਰ ਉਹ ਕਹਿੰਦੇ ਨੇ–

*ਪਰਿਤ੍ਰਾਣਾਯ ਸਾਧੂ ਨਾਂ*

ਸਾਧੂਆਂ ਦੀ ਰੱਛਿਆ ਵਾਸਤੇ–

*ਵਿਨਾਸ਼ਯ ਚ ਦੁਸ਼੍ਰ ਕ੍ਰਿਤਾਮ*

ਦੁਸ਼ਟਾਂ ਨੂੰ ਮਾਰਨ ਵਾਸਤੇ।

*ਧਰਮ ਸੰਸਥਾਪਨਾਰਥਾਯ ਸੰਭਵਾਮਿ ਯੁਗੇ ਯੁਗੇ।*

ਮੈਂ ਭਲੀ ਪਰਕਾਰ ਧਰਤੀ ਉੱਤੇ ਆਉਂਦਾ ਹਾਂ, ਹਰ ਇੱਕ ਯੁਗ ਵਿੱਚ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਧਰਮ ਚਲਾਵਨ ਸੰਤ ਉਬਾਰਨ[੬]।।**
**ਦੁਸਟ ਸਭਨ ਕੋ ਮੂਲ ਉਪਾਰਨਿ[੭]।।**
**– ਯਾਹੀ ਕਾਜ ਧਰਾ ਹਮ ਜਨਮੰ।।**
**ਸਮਝ ਲੇਹੁ ਸਾਧੂ ਸਭ ਮਨਮੰ।।**

*– ਦਸਮ ਗ੍ਰੰਥ, ਪੰਨਾ-੫੭*

ਫਰਕ ਕੋਈ ਨਹੀਂ, ਫਰਕ ਪਾਉਣ ਵਾਲਾ ਆਇਆ ਸੀ—ਵਿਦੇਸ਼ੀ। ਉਹਨੇ ਸਾਨੂੰ ਇਸ ਤਰ੍ਹਾਂ ਪਾੜਿਆ, ਲੀਰਾਂ ਕੀਤੀਆਂ—ਬਈ ਹਿੰਦੂ ਹੋਰ ਹੈ, ਸਿੱਖ ਹੋਰ ਹੈ; ਤੀਜਾ ਹੋਰ ਹੈ; ਦੂਜਾ ਹੋਰ ਹੈ। ਐਸਾ ਪਾੜਿਆ, ਐਸਾ ਕਰ ਗਿਆ, ਹੁਣ ਜਾਂਦਾ ਜਾਂਦਾ ਏਹੋ ਜਿਹੀ ਵਿੱਥ ਪੰਜਾਬ ਹਿੰਦੁਸਤਾਨ ਵਿੱਚ ਕਰ ਗਿਆ ਹੈ ਕਿ ਐਸ ਵੇਲੇ ਹਿੰਦੂ ਤੇ ਸਿੱਖ ਨੇੜੇ ਨਹੀਂ ਛੁਹ ਸਕਦੇ ਇੱਕ ਦੂਏ ਦੇ। ਅੱਗੇ ਏਥੇ ਹੀ ਗੱਲ ਨਹੀਂ ਰਹੀਂ, ਹਿੰਦੂ ਜਿਹੜਾ ਹੈ ਸਨਾਤਨੀ, ਕਹਿੰਦਾ ਹੈ—ਆਰੀਆ ਸਮਾਜੀ ਬੁਰਾ ਹੈ। ਆਰੀਆ ਸਮਾਜੀ ਕਹਿੰਦਾ ਹੈ —ਸੰਗ ਵਾਲੇ ਬੁਰੇ ਹਨ। ਸੰਗ ਵਾਲੇ ਕਹਿੰਦੇ ਹਨ—ਰਾਮ ਪਰੀਸ਼ਦ ਵਾਲੇ ਬੁਰੇ ਹਨ। ਉਹ ਭੀ ਇੱਕ ਦੂਏ ਦੇ ਨਾਲ ਨਹੀਂ ਰਲਦੇ।

ਫੇਰ ਸਿੱਖਾਂ ਵਲ ਆ ਜਾਓ। ਨਿਰਮਲੇ ਵੱਖ ਦਾਲ ਖਿਚੜੀ, ਕੂਕਿਆਂ ਦੀ ਵੱਖ ਢਾਈ ਪਾ ਖਿਚੜੀ, ਅਕਾਲੀਆਂ ਦੀ ਵੱਖ ਤਿੰਨ ਪਾ ਗਿਣ ਲਓ, ਚਾਰ ਪਾ ਗਿਣ ਲਓ। ਫੇਰ ਅਕਾਲੀ ਅਕਾਲੀਆਂ ਨਾਲ। ਐਸ ਵੇਲੇ ਪੰਜਾਬ ਦਾ ਇਲੈਕਸ਼ਨ ਗੁਰਦੁਆਰਿਆਂ ਦਾ ਹੋਣਾ ਹੈ। ਔਰ ਕਿਹੋ ਜਿਹੇ ਸ਼ਬਦ ਸਾਡੇ 'ਚ ਆ ਗਏ—ਗੁਰਦੁਆਰਾ ਸੁਧਾਰ। ਗੁਰਦੁਆਰਿਆਂ ਦਾ ਭੀ ਕਦੇ ਸੁਧਾਰ ਹੁੰਦਾ ਹੈ, ਜਿੱਥੇ ਜਾ ਕੇ ਆਪ ਸੁਧਰਨਾ ਹੈ। ਨਾਓ ਹੀ ਏਹੋ ਜਿਹੇ ਰੱਖ ਲਏ—ਗੁਰਦੁਆਰਾ ਸੁਧਾਰ। ਸਾਨੂੰ ਇਹ ਪਤਾ ਨਹੀਂ ਲੱਗਿਆ ਬਈ ਗੁਰਦੁਆਰਾ ਭੀ ਗਲਤ ਚੀਜ਼ ਹੁੰਦੀ ਹੈ, ਜਿਹਨੂੰ ਸੁਧਾਰੀਦਾ ਹੈ। ਉਹਨਾਂ ਨਾਓ ਹੀ ਏਹੋ ਜਿਹੇ ਬਣਾਕੇ, ਏਹੋ ਜਿਹੀਆਂ ਇੱਲਤਾਂ ਪਾ ਗਏ। ਹੁਣ ਉੱਥੇ ਮਾਸਟਰ ਜੀ ਇੱਕ ਪਾਸੇ ਹਨ, ਨਾਗੋ ਕੇ ਪਾਰਟੀ ਇੱਕ

ਪਾਸੇ ਹੈ। ਪਏ ਇੱਕ ਦੂਸਰੇ ਨੂੰ ਅਖਬਾਰਾਂ ਵਿੱਚ ਫੁੱਲ ਬਰਸਾਉਂਦੇ ਹਨ, ਜਿੰਨੇ ਕੁ ਬਰਸਾ ਸਕਦੇ ਹਨ। ਅਜੇ ਜ਼ਬਾਨੀ ਜ਼ਬਾਨੀ ਸੌਦਾ ਹੈ, ਹੁਣ ਅੱਗੇ ਨਵੰਬਰ ਦਸੰਬਰ 'ਚ ਇਲੈਕਸ਼ਨ ਆਉਣੀ ਹੈ, ਇਹ ਪਤਾ ਨਹੀਂ ਕਿ ਕਿਤਨੇ ਕੁ ਕਤਲ ਹੋ ਜਾਣ, ਜਾਂ ਕੋਈ ਡਾਂਗਾਂ ਵੱਜਣ, ਜਾਂ ਕੋਈ ਮੁਕੱਦਮੇ ਚੱਲਣ। ਗੱਲ ਕੁਛ ਭੀ ਨਹੀਂ। ਕਿਉਂ—ਅੰਗਰੇਜ਼ੀ ਬਣ ਗਏ ਅਸੀਂ ਸਾਰੇ। ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਨੇ-

*ਪੜ੍ਹ ਅੰਗਰੇਜ਼ੀ ਫਾਰਸੀ ਤੇ ਭਏ ਆਰਸੀ ਹੈਂ।*
*ਖਾਰਸੀ ਸਮਝ ਸੁਭ ਕਾਮ ਸਭ ਖੋ ਦਏ।*

ਅੰਗਰੇਜ਼ੀ ਤੇ ਫਾਰਸੀ ਪੜ੍ਹ ਕੇ ਹੋ ਗਏ ਆਲਸੀ, ਸੁੱਤੇ ਨਹੀਂ ਉੱਠਣਾਂ ਸਵੇਰੇ।

*ਜਾਗਾ ਜਿਨ ਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।*
*ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਹਾ ਬਖਯਾਤੀ*
*ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।*
*ਜਪੁਜੀ ਨ ਰਹਿਰਾਸ ਪਢੈ ਸੁਨੈ ਕਬੀ ਖਾਸ,*
*ਔਰ ਜੋ ਪਢਤ ਪਾਸ, ਹਾਸ ਤਿਨ ਯੌਂ ਰਰੈਂ।*

*ਕਹਾਂ ਰਬ ਬਹਿਰਾ ਹੈ*—ਓਏ ਰੱਬ ਬੋਲਾ ਹੈ ਜਿਸਨੂੰ ਤੂੰ ਪੜ੍ਹਕੇ ਸੁਣਾਉਂਦੇ ਹੈਂ।

*ਕਹਾ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੌ ਤੂੰ,*

ਉੱਚੀ ਉੱਚੀ ਬੋਲਦਾ ਹੈਂ ਤੂੰ।

*ਸ਼ਹਿਰਾਂ ਮੈਂ ਜਾਇ ਲੁਕਮੇ ਰਿਝਾਇ ਲੈ ਤਰੈ।*

ਲੁਕਮੇ ਖਾਣ ਦਾ ਤਰੀਕਾ ਬਣਾਇਆ ਹੋਇਆ ਹੈ, ਔਰ ਗੱਲ ਭੀ ਸੱਚੀ ਹੈ। ਹੁਣ ਸਾਡਾ ਪ੍ਰਚਾਰ, ਸਾਡਾ ਦਿਵਾਨ, ਸਾਡੀ ਕਥਾ, ਖਾਣ ਪੀਣ ਵਾਸਤੇ ਹੈ। ਜਿਹੋ ਜਿਹਾ ਕੋਈ ਚੀਜ਼ ਦੀ ਇੱਛਿਆ ਧਾਰਦਾ ਹੈ, ਉਹ ਚੀਜ਼ ਉਸਨੂੰ ਪ੍ਰਾਪਤ ਹੋ ਜਾਂਦੀ ਹੈ। ਜਿਹੜਾ ਕੋਈ ਪੁਰਸ਼ ਪਰਉਪਕਾਰ ਵਾਸਤੇ ਕੁਛ ਕਰਨਾ ਚਾਹੇ—ਉਹਦੇ ਹੱਥੋਂ ਪਰਉਪਕਾਰ ਹੋ ਜਾਂਦਾ ਹੈ। ਜਿਹੜਾ

ਮਾਇਆ ਵਾਸਤੇ ਪਾਠ, ਜਪੁ ਕਰੇ, ਭਜਨ ਬਾਣੀ ਕਰੇ—ਉਹਨੂੰ ਭੀ ਇਹ ਕੁਛ ਮਿਲ ਜਾਂਦਾ ਹੈ, ਗੁਰਬਾਣੀ ਪੜ੍ਹਦਿਆਂ, ਭਜਨ ਕਰਦਿਆਂ। ਤਾਂ, ਸਾਡਾ ਹਾਲ ਇਹ ਹੋ ਗਿਆ। ਇਸ ਹਾਲਤ ਵਿੱਚ, ਹੁਣ ਜਪੁ ਸਾਹਿਬ ਸਿੱਖ ਪੜ੍ਹਦੇ ਹਨ। ਉੱਥੇ ਵੀਹਵੀਂ ਪਉੜੀ ਵਿੱਚ ਆਉਂਦਾ ਹੈ।

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

*– ਪੰਨਾ–੪*

## ਨਾਮ ਦਾ ਪਰਤਾਪ

ਏਸ ਗੱਲ ਦਾ ਪਤਾ ਹੀ ਨਹੀਂ ਬਈ, ਨਾਮ ਕਹੀਦਾ ਕਿਹਨੂੰ ਹੈ। ਕੋਈ ਆਦਮੀ ਮੂਲ ਮੰਤ੍ਰ ਦਾ ਪਾਠ ਕਰਕੇ ਹੀ ਨਾਮ ਬਣਾ ਲੈਂਦਾ ਹੈ, ਕੋਈ ਦਸ ਬਾਰਾਂ ਅੱਖਰ ਇਕੱਠੇ ਕਰ ਲੈਂਦਾ ਹੈ, ਕੋਈ ਬਾਣੀ ਨੂੰ ਹੀ ਨਾਮ ਸਮਝਦਾ ਹੈ। ਪਰ ਗੱਲ ਤਾਂ ਇਹ ਹੈ ਜੇ ਬੈਠੀਏ, ਵਿਚਾਰੀਏ, ਪ੍ਰੇਮ ਕਰੀਏ ਇੱਕ ਦੂਏ ਨਾਲ। ਅਸੀਂ ਦੁਕਾਨਾਂ ਦੇ ਵਿਹਾਰ ਕਰਨ ਵਾਸਤੇ ਇਕੱਠੇ ਹੋ ਜਾਂਨੇ ਹਾਂ, ਮੁਸਲਮਾਨਾਂ ਨਾਲ ਰਲ ਜਾਂਨੇ ਹਾਂ, ਜਿਹੜਿਆਂ ਦੇ ਕੇਸ ਨਹੀਂ ਉਹਨਾਂ ਨਾਲ ਬਹਿਕੇ ਗੱਲ ਕਰ ਲੈਂਨੇ ਹਾਂ ਪਰ ਜੇ ਗੁਰਬਾਣੀ ਦੀ ਵਿਚਾਰ ਕਰਨੀ ਹੋਵੇ ਤਾਂ ਆਪਣੇ ਭਰਾਵਾਂ ਕੋਲ ਵੀ ਨਹੀਂ ਬਹਿ ਸਕਦੇ, ਇੱਕ ਦੂਏ ਦੇ।

ਤਾਂ ਭਾਈ ਸੱਜਣੋਂ, ਐਸ ਵਕਤ ਵਿੱਚ, ਸਤਿਗੁਰੂ ਰਾਮ ਸਿੰਘ ਜੀ ਨੇ ਉਸ ਵੇਲੇ ਪਰਗਟ ਹੋ ਕੇ, ਕੁੜੀਆਂ ਦਾ ਮਾਰਨਾ ਬੰਦ ਕੀਤਾ। ਕਿਤਨਾ ਪਰਉਪਕਾਰ ਲੜਕੀਆਂ, ਮਾਈਆਂ ਉੱਤੇ ਕੀਤਾ। ਦੋ ਤਿੰਨ ਕੌਮਾਂ ਸਾਡੇ ਜ਼ਿਮੀਦਾਰਾਂ ਸਿੱਖਾਂ ਦੀਆਂ ਏਹੋ ਜਿਹੀਆਂ ਸਨ—ਲੁਧਿਆਣੇ ਦੇ ਜਿਲ੍ਹੇ 'ਚ ਗਰੇਵਾਲ ਸਰਦਾਰ ਆਪਣੇ ਆਪ ਨੂੰ ਕਹਾਉਂਦੇ ਸਨ, ਤੇ ਅੰਮ੍ਰਿਤਸਰ, ਲਾਹੌਰ ਦੇ ਜਿਲ੍ਹੇ ਵਿੱਚ ਸੰਧੂ। ਇਹ ਲੜਕੀ ਇੱਕ ਨਹੀਂ ਸੀ ਆਪਣੇ ਘਰਾਂ 'ਚ ਰਹਿਣ ਦਿੰਦੇ, ਕਹਿੰਦੇ ਸੀ—ਸਾਡਾ ਵੀ ਕੋਈ ਜਵਾਈ ਬਣੇ। ਸਤਿਗੁਰਾਂ ਨੇ ਇਹ ਗੱਲ ਬੰਦ ਕੀਤੀ, ਲੋਕ ਲੜਕੀਆਂ ਮਾਰਨੋਂ ਹਟੇ, ਵੇਚਣੋਂ ਲੋਕਾਂ ਨੂੰ

ਹਟਾਇਆ। ਇੱਕ ਹੁਕਮਨਾਮੇ 'ਚ ਲਿਖਿਆ,''ਲੜਕੀ, ਮਾਰੇ, ਵੇਚੇ, ਵੱਟਾ ਕਰੇ—ਉਹਦੇ ਘਰ ਦਾ, ਹੱਥ ਦਾ ਅੰਨ ਜਲ ਨਹੀਂ ਵਰਤਣਾ ਔਰ ਸੰਗਤ ਵਿੱਚ ਨਹੀਂ ਵੜਨ ਦੇਣਾ। ਜੇ ਤਗੜਾ ਹੋਵੇ, ਜਬਰਨ ਆਵੇ ਤਾਂ ਅਰਦਾਸ ਕਰਨੀ, ਹੇ ਸੱਚੇ ਪਾਤਸ਼ਾਹ ! ਇਹ ਏਥੇ ਆਉਣ ਜੋਗਾ ਹੀ ਨਾ ਰਹੇ।''

ਲੋਕਾਂ ਨੂੰ ਭੁੱਲਿਆਂ ਨੂੰ ਸਿੱਧੇ ਰਾਹ ਲਾਇਆ। ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ-

*ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,*
*ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।*
*ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,*
*ਠਗੀ, ਤਜ ਥੀਏ ਸੰਤ ਸਤਿਜੁਗ ਆਗਿਓ।*

ਕਿਓ, ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਸੀ ਗੁਰਿੰਡ ਨਾਮੇ 'ਚ-

*ਕਲਜੁਗ ਤੇ ਸਤਿਜੁਗ ਕਰ ਠਾਨੋ।*
*ਤਬਹੀ ਬਾਹਰਵਾਂ ਬਪ ਪਹਿਚਾਨੋ।*

ਜੇ ਕਲਜੁਗ ਤੋਂ ਸਤਿਜੁਗ ਕਰਾਂ ਤਾਂ ਮੈਨੂੰ ਬਾਹਰਵਾਂ ਸਰੂਪ ਜਾਨਿਓ —ਕੀਤਾ। ਪ੍ਰਸੰਗ ਲਿਖਿਐ ਸਾਡੇ ਪਾਸ ਇਤਿਹਾਸ 'ਚ, ਕੀਰਤਪੁਰ ਸਾਹਿਬ ਗਏ ਨੇ—ਅਨੰਦ ਪੁਰ ਸਾਹਿਬ ਹੋਲੇ ਨੂੰ ਜਾ ਰਹੇ ਹਨ—ਦੋ ਸਿੱਖ ਆਏ, ਭਜਨ ਪੁੱਛਣ ਲੱਗੇ। ਸਤਿਗੁਰਾਂ ਨੇ ਕਿਹਾ—ਭਾਈ, ਚੋਰੀ ਯਾਰੀ ਨਹੀਂ ਕਰਨੀ।

ਇੱਕ ਸਿੱਖ ਕਹਿਣ ਲੱਗਾ,''ਮਹਾਰਾਜ ! ਮੇਰੇ ਘਰ ਛੇ ਸੌ ਰੁਪਏ ਦੀ ਘੋੜੀ ਚੋਰੀ ਦੀ ਬੱਧੀ ਖੜੀ ਹੈ।''

ਕਹਿਣ ਲੱਗੇ,''ਜਾਹ ਫਿਰ ਜਿਹਦੀ ਘੋੜੀ ਹੈ ਉਹਦੀ ਪਹਿਲਾਂ ਮੋੜ ਆ, ਭਜਨ ਫੇਰ ਆ ਕੇ ਪੁੱਛੀਂ।''

ਉਸੇ ਵੇਲੇ ਉਹ ਸਿੱਖ ਗਿਆ, ਉਹਨੇ ਜਾ ਕੇ ਉਹਦੀ ਘੋੜੀ ਮੋੜੀ, ਆ ਕੇ ਭਜਨ ਪੁੱਛਿਆ। ਸਤਿਜੁਗ ਦਾ ਹੋਰ ਕੀ ਨਿਸ਼ਾਨ ਹੈ। ਸਤਿਜੁਗ ਦਾ ਚਿੱਟਾ ਬਾਣਾ, ਸੱਚ ਬੋਲਣਾ।

ਅੰਗਰੇਜ਼ ਨੇ ਆਪਣੀਆਂ ਲਿਖਤਾਂ ਵਿੱਚ ਲਿਖਿਆ ਹੈ—ਕੂਕੇ ਦੀਆਂ

ਤਿੰਨ ਗੱਲਾਂ। ਉਹ ਕਹਿੰਦਾ ਹੈ ਕਿ ਕੂਕਾ ਹੈ ਜਿਹੜਾ ਇਹ ਸ਼ਰਾਬ ਨਹੀਂ ਪੀਂਦਾ—ਉਸਨੂੰ ਮਾਸ ਦਾ ਨਹੀਂ ਸੀ ਪਤਾ ਉਸ ਵੇਲੇ ਜਿਹਨੇ ਲਿਖਿਆ ਹੈ। ਫੇਰ, ਉਹ ਕਹਿੰਦਾ ਹੈ—ਕੂਕਾ ਜਿਹੜਾ ਹੈ, ਇਹ ਅੰਗਰੇਜ਼ ਦਾ ਲਾਇਲ ਨਹੀਂ ਹੋ ਸਕਦਾ। ਅੰਗਰੇਜ਼ ਦਾ ਵਫਾਦਾਰ—ਕੂਕੇ ਦੀ ਇਹ ਨਿਸ਼ਾਨੀ ਹੈ—ਉਹ ਨਹੀਂ ਹੋ ਸਕਦਾ। ਫੇਰ ਕਹਿੰਦਾ ਹੈ—ਕੂਕਾ ਝੂਠ ਨਹੀਂ ਬੋਲਦਾ। ਬਾਗੀ ਕੂਕੇ ਨੂੰ ਮੰਨਦਾ ਹੈ ਲੇਕਿਨ ਕੂਕੇ ਦੀ ਸਿਫਤ ਕਰਨ ਲੱਗੇ ਨੂੰ ਇਹ ਲਿਖਣਾਂ ਪਿਆ ਕਿ ਕੂਕਾ ਝੂਠ ਨਹੀ ਬੋਲਦਾ। ਹੁਣ ਆਪਾਂ ਭੀ ਕੂਕੇ ਹੀ ਹਾਂ, ਸਿੱਧੀਆਂ ਪੱਗਾਂ ਹਨ, ਚਿੱਟੇ ਲੀੜੇ ਪਾਏ ਹੋਏ ਹਨ—ਆਪਣੇ ਆਪਣੇ ਅੰਦਰ ਝਾਤੀ ਮਾਰੀਏ ਕਿ ਕਿੰਨਾਂ ਕੁ ਸੱਚ ਬੋਲ ਲੈਨੇ ਹਾਂ। ਮਹਾਰਾਜ ਨੇ ਲਿਖਿਆ ਹੈ–

**ਸਾਧ ਕਰਮ ਜੇ ਪੁਰਖ ਕਮਾਵੈ।।**
**ਨਾਮ ਦੇਵਤਾ ਜਗਤ ਕਹਾਵੈ।।**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀ।।**
**ਨਾਮ ਅਸੁਰ ਤਿਨ ਕੋ ਸਭ ਧਰਹੀ।।**

*– ਦਸਮ ਗ੍ਰੰਥ, ਪੰਨਾਂ–੪੮*

ਜਿਹੜਾ ਖੋਟੇ ਕੰਮ ਕਰੇ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ—ਉਹ ਦੈਂਤ ਹੈ, ਜਿਹੜਾ ਸ਼ੁਭ ਕਰਮ ਕਰੇ ਉਹ ਦੇਵਤਾ ਹੈ। ਭਾਈ, ਆਪਣੇ ਅੰਦਰ ਝਾਤੀ ਮਾਰਿਆ ਕਰੋ, ਧਿਆਨ ਦਿਆ ਕਰੋ। ਬਹੁਤਾ ਬੋਲਣ ਵਾਲਾ ਨਹੀਂ ਮੇਰਾ ਕੰਮ ਰਿਹਾ ਹੋਇਆ, ਸਵੇਰੇ ਜ਼ਰਾ ਗਲ 'ਚ ਦਰਦ ਹੁੰਦਾ ਸੀ ਅੱਜ ਕੁਛ ਰੇਜਸ਼ ਨਾਲ। ਮੈਂ ਹੁਣ ਖਿਮਾਂ ਮੰਗਾਂਗਾਂ ਤੁਹਾਡੇ ਕੋਲੋਂ। ਹੁਣ ਨਿਤਨੇਮ ਕਰਾਂਗੇ। ਬਹੁਤੀਆਂ ਗੱਲਾਂ ਕਰਕੇ—ਮੈਂ ਕਹੀ ਗਿਆ, ਤੁਸੀਂ ਸੁਣੀ ਗਏ। ਇੱਕੋ ਹੀ ਹੁਕਮਨਾਮਾਂ ਜਿਹੜਾ ਸਤਿਗੁਰਾਂ ਦਾ ਅੱਜ ਆਇਐ, ਧਿਆਨ ਦਿਓ,''ਜੇ ਕੋਈ ਨਿੰਦਿਆ ਕਰੇ ਤਾਂ ਉਹਦੇ ਵੱਲ ਭੀ ਧਿਆਨ ਨਹੀਂ ਕਰਨਾ, ਖਿਮਾਂ ਧੀਰਜ ਕਰਨੀ। ਜੇ ਕੋਈ ਤੁਹਾਨੂੰ ਮਾਰੇ, ਤੁਸਾਂ ਤਾਂ ਵੀ ਸਬਰ ਕਰ ਜਾਣਾ। ਪਰਮੇਸਰ ਖਿਮਾਂ ਧੀਰਜ ਵਾਲਿਆਂ ਦੇ ਸਦਾ ਅੰਗ ਸੰਗ ਹੈ।''

ਦੇਖ ਲਓ, ਪ੍ਹਿਲਾਦ ਦੇ ਅੰਗ ਸੰਗ ਸੀ ਤੇ ਬਚਿਆ। ਸਾਰੀ ਸ੍ਰਿਸ਼ਟੀ ਇੱਕ ਪਾਸੇ ਸੀ—ਸਾਰਾ ਰਾਜ, ਇੱਕ ਇੱਕਲਾ ਬੱਚਾ ਇੱਕ ਪਾਸੇ ਸੀ। ਕਿਉ ਬਚਿਆ। ਦ੍ਰੋਪਤੀ ਦੇ ਪਾਸ ਕਿਹੜੀ ਤਾਕਤ ਸੀ। ਹਾਂ, ਇੱਕ ਤਾਕਤ ਸੀ—ਉਸ ਦੇ ਅੰਦਰ ਅਕਾਲ ਪੁਰਖ ਦਾ ਵਾਸ ਸੀ, ਉਹ ਕ੍ਰਿਸ਼ਨ ਮਹਾਰਾਜ ਦੀ ਸੇਵਕ ਸੀ, ਉਸ ਨੂੰ ਉਹਨਾਂ ਉੱਤੇ ਨਿਸ਼ਠਾ ਸੀ ਕਿ ਉਹ ਸਾਰੀ ਸ੍ਰਿਸ਼ਟੀ ਦੇ ਮਾਲਕ ਹਨ। ਸਾਨੂੰ ਭੀ ਚਾਹੀਦਾ ਹੈ—ਕਿ ਅਸੀਂ ਆਪਣੇ ਸਤਿਗੁਰੂ ਦੇ ਉੱਤੇ ਏਹੋ ਜਿਹਾ ਨਿਸਚਾ ਰੱਖਕੇ, ਵਿਸ਼ਵਾਸ਼ ਰੱਖੋ ਸਵੇਰੇ ਉੱਠਿਆ ਕਰੋ, ਉੱਠਕੇ ਨਾਮ ਜਪਿਆ ਕਰੋ, ਬਾਣੀ ਪੜ੍ਹਿਆ ਕਰੋ। ਇਸ ਗੱਲ ਦੀ ਲੋੜ ਨਹੀਂ ਬਈ ਜਿਵੇਂ ਮੈਂ ਆਖਾਂ—ਕਰੋ। ਜਿਸ ਜਿਸ ਤਰ੍ਹਾਂ ਕਿਸੇ ਨੇ ਪੁੱਛਿਆ ਹੈ, ਜਿੱਥੋਂ ਜਿੱਥੋਂ ਕਿਸੇ ਨੂੰ ਮਿਲਿਆ ਹੈ, ਸਮਾਂ ਸਾਰਿਆਂ ਵਾਸਤੇ ਅੰਮ੍ਰਿਤ ਵੇਲੇ ਦਾ ਹੈ, ਨਾਮ ਪ੍ਰਮਾਤਮਾ ਦੇ ਜਪਣ ਦਾ ਹੈ, ਜਿਸ ਤਰ੍ਹਾਂ ਹੁੰਦਾ ਹੈ। ਇਸ਼ਨਾਨ ਕਰੋ—ਫਿਰ ਇਸ਼ਨਾਨ ਵਾਸਤੇ ਗੁਰਬਾਣੀ ਵਿੱਚ ਆਉਂਦਾ ਹੈ —ਮੈਂ ਏਥੇ ਆਪਣੇ ਮੁੰਡਿਆਂ ਨੂੰ ਦੇਖਦਾ ਹਾਂ ਨੌ ਜਵਾਨਾਂ ਨੂੰ ਕਈ ਕਈ ਸੂਰਜ ਚੜ੍ਹੇ, ਪੱਗ ਬੱਧੀ ਬਧਾਈ ਆਉਂਦੇ ਨੇ, ਉਹ ਕੇਸਾਂ 'ਚ ਪਾਣੀ ਨਹੀਂ ਪਾਉਂਦੇ। ਮੈਂ ਅਰਜ਼ ਕਰਾਂਗਾ, ਗੁਰੂ ਬਾਲਕ ਸਿੰਘ ਜੀ ਨੇ ਕਿਹਾ ਸੀ,''ਜਿਹੜੇ ਬਿਨਾਂ ਇਸ਼ਨਾਨ ਕੀਤਿਆਂ ਚਾਹੇ ਸਵੇਰੇ ਬਾਣੀ ਪੜ੍ਹਨ, ਚਾਹੇ ਸੁਣਨ, ਉਹਨਾਂ ਨੂੰ ਪੁੰਨ ਦੇ ਥਾਂ ਪਾਪ ਲੱਗਦਾ ਹੈ।''

ਗੁਰੂ ਸਾਹਿਬ ਨੇ, ਮਹਾਰਾਜ ਨੇ—ਬਾਣੀ ਨੂੰ ਪੜ੍ਹੋ, ਜਿਸਨੂੰ ਅਸੀਂ ਆਪਣਾ ਕਾਨੂੰਨ, ਇਸ਼ਟ ਦੀ ਬਾਣੀ, ਸਾਡੇ ਸਤਿਗੁਰਾਂ ਦੀ ਉਚਾਰੀ ਹੋਈ ਬਾਣੀ ਕਿਤੇ ਕਿਤੇ ਕੋਈ ਕੋਈ ਤੁਕ ਉਹਨਾਂ ਨੇ ਇਉਂ ਭੀ ਲਿਖ ਦਿੱਤੀ ਹੈ ਕਿ ਧੁਰੋਂ ਆਈ ਹੋਈ—

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ।।**

*- ਸੂਹੀ ਮ:੫, ਪੰਨਾ-੭੬੩*

—ਉਹ ਬਾਣੀ ਓਥੇ ਲਿਖਿਆ ਹੈ-

**ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।।**

ਜੇ ਸਿਰ 'ਚ ਪਾਣੀ ਨਾ ਪਾਓ, ਤਾ ਫਿਰ ਅਗਲੀ ਤੁਕ 'ਚ ਕਹਿੰਦੇ ਨੇ–

**ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨਾ ਭਾਣੀ।।**

*– ਮ:੧, ਪੰਨਾ–੧੫੦*

ਭਾਈ, ਜਿਹੜੀ ਚੀਜ਼ ਮਰਜ਼ੀ ਹੈ ਆਪਾ ਮੰਨ ਲਈਏ। ਇਹ ਤਾਂ ਅਕਾਲ ਪੁਰਖ ਦੀ ਜੋਤ ਦਾ, ਗੁਰੂਆਂ ਦਾ ਹੁਕਮ ਲਿਖਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਬਾਣੀ ਹੈ, ਮਾਝ ਰਾਗ ਦੀ ਵਾਰ ਵਿੱਚ। ਪੜ੍ਹੋ, ਧਿਆਨ ਦਿਓ, ਨਾਮ ਜਪਿਆ ਕਰੋ, ਇਸ਼ਨਾਨ ਕਰਿਆ ਕਰੋ ਔਰ ਦਾਨ ਕਰਿਆ ਕਰੋ। ਬਾਬਾ ਲਹੌਰਾ ਸਿੰਘ ਜੀ ਅੰਮ੍ਰਿਤਸਰ ਵਿੱਚ ਇੱਕ ਗਰੀਬ ਸਾਧੂ ਸੇ। ਉਹ ਉਹਨਾਂ ਦਿਨਾਂ 'ਚ ਆਹ ਜਿਹੋ ਜਿਹੀ ਮੇਰੇ ਕੋਲੇ, ਮਾਲਾ ਹੈ, ਪਸ਼ਮ ਦੀ ਮਾਲਾ ਬਣਾ ਕੇ ਉਹਦੇ ਚਾਰ ਆਨੇ ਉਹ ਵੱਟਦੇ ਓਥੇ। ਸਤਿਗੁਰਾਂ ਦਾ ਹੁਕਮ ਸੀ ਕਿ ਭਾਈ ਦਾਨ ਕਰਨਾ ਭਾਵੇਂ ਇੱਕ ਪੈਸਾ ਹੀ ਕਰੋ। ਉਹਨਾਂ ਉਹਦੇ ਵਿੱਚੋਂ ਹੀ ਕਰਨਾ। ਉਹ ਬਾਬਾ ਜੀ ਤੇ ਮਾਤਾ ਜੀ ਦਾ ਨਾਓ ਹਰ ਕੌਰ ਸੀ। ਉਹਨਾਂ ਦੋਹਾਂ ਸਰੀਰਾਂ ਦਾ ਗੁਜ਼ਾਰਾ ਬਹੁਤ ਸੁਹਣਾ ਲੰਘਦਾ ਦੇਖਿਆ ਅਸਾਂ, ਪਰ ਭਜਨ ਬਾਣੀ ਕਰਨ ਕਰ ਕੇ, ਦਾਨ ਕਰਨ ਕਰ ਕੇ। ਸਤਿਗੁਰਾਂ ਕਿਹਾ ਦਾਨ ਕੀਏ ਤੇ ਧਨ ਘਟਦਾ ਨਹੀਂ, ਧਨ ਕੁਚਾਲ ਚੱਲਣ ਤੇ ਘਟਦਾ ਹੈ। ਇਹ ਵਧਦਾ ਹੈ। ਸੋ ਮੈਂ ਹੁਣ ਖਿਮਾ ਮੰਗਦਾ ਹਾਂ ਤੁਹਾਡੇ ਕੋਲੋਂ। ਹੁਣ ਨਿਤਨੇਮ ਹੋਏਗਾ। ਮਗਰੋਂ ਫੇਰ ਜਿਹੜਾ ਦੀਵਾਨ ਪੰਡਤ ਜੀ ਲਾਉਣ, ਰਾਗੀ ਲਾਉਣ, ਇਹ ਹੁਣ ਉਹਨਾਂ ਨੂੰ ਪਤਾ ਹੈ, ਮਸਤਾਨੇ ਹੁਰਾਂ ਨੂੰ ਪਤਾ ਹੈ, ਜਿਵੇਂ ਉਹਨਾਂ ਨੇ ਕਰਨੀ ਹੈ। ਕਹਿੰਦੇ ਨੇ ਪੰਡਤ ਜੀ ਦੀਵਾਨ ਲਾਉਣਗੇ ਰਾਤ ਨੂੰ। ਹੁਣ ਨਿਤਨੇਮ ਹੋ ਜਾਏਗਾ। ਨਿਤਨੇਮ ਦੇ ਭੋਗ ਤੋਂ ਬਾਅਦ ਫੇਰ ਪੰਡਤ ਜੀ ਦਾ ਦੀਵਾਨ ਸੁਣੋ। ਤੜ੍ਹਕੇ ਆਸਾ ਦੀ ਵਾਰ ਦਾ ਕੀਰਤਨ ਓਥੇ ਹੀ ਹੋਵੇਗਾ ਨਾਮਧਾਰੀ ਧਰਮਸਾਲਾ ਵਿੱਚ ਹੀ। ਓਥੇ ਦਰਸ਼ਨ ਦਿਓ। ਸੂਰਜ ਚੜ੍ਹਦੇ ਤਕ ਕੀਰਤਨ ਸੁਣੋ, ਅੱਗੋਂ ਜੋ ਸਤਿਗੁਰੂ ਨੂੰ ਭਾਵੇ ਤੇ ਅਗਲੀ ਗੱਲ ਰਹੀ।

**ਹੇ ਅਚੁਤ[੮] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੯]।।**

**ਹੇ ਪੂਰਨ ਹੇ ਸਰਬ[੧੦] ਮੈ ਦੂਖ ਭੰਜਨ[੧੧] ਗੁਣਤਾਸ[੧੨]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੧੩] ਸਭ ਟੇਕ[੧੪]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ[੧੫] ਸਦਾ ਬਿਬੇਕ[੧੬]।।**
**ਹੇ ਅਪਰੰਪਰ[੧੭] ਹਰਿ ਹਰੇ ਹਹਿ[੧੮] ਭੀ ਹੋਵਨਹਾਰ[੧੯]**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੨੦] ਆਧਾਰ।।**
**ਹੇ ਠਾਕੁਰ ਹਉ ਦਾਸਰੋ[੨੧] ਮੈ ਨਿਰਗੁਨ ਗੁਨੁ ਨਹੀਂ ਕੋਇ।।**
**ਨਾਨਕ ਦੀਜੈ ਨਾਮ ਦਾਨ ਰਾਖਉ ਹੀਐ ਪਰੋਇ।।**

*– ਪੰਨਾ-੨੬੧*

**– ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸ਼ਬਦਾਰਥ

੧ ਬਾਲਕ ਰੂਪ, ਮਾਇਆ ਦਾ ਪਤੀ, ਜਿਸ ਦੀ ਚਾਲ ਹੰਸ ਵਰਗੀ ਅਤੇ ਸੁਖਾਂ ਦਾ ਘਰ ਹੈ।
੨ ਕਾਲੇ (ਪਾਪਾਂ) ਨੂੰ ਦੂਰ ਕਰਦਾ ਹੈ, ਜੀਵਾਂ ਨੂੰ ਹਰੇ ਕਰਦਾ ਹੈ, ਗੁਰੂ ਹਰਿ ਕ੍ਰਿਸ਼ਨ ਦੇ ਚਰਨਾਂ ਤੇ ਮੱਥਾ ਧਰੋ।
੩ ਸੂਰਜ।
੪ ਰਾਤ।
੫ ਚੰਦ੍ਰਮਾਂ।
੬ ਬਚਾਉਣ ਵਾਸਤੇ।
੭ ਜੜ੍ਹੋਂ ਪੁੱਟਣ ਵਾਸਤੇ।
੮ ਅਟੱਲ, ਨਾ ਡੋਲਣ ਵਾਲੇ।
੯ ਪਾਪਾਂ ਨੂੰ ਨਾਸ ਕਰਨ ਵਾਲੇ।
੧੦ ਸਰਬ ਰੂਪ।
੧੧ ਦੁੱਖਾਂ ਦੇ ਨਾਸ ਕਰਨ ਵਾਲਾ।
੧੨ ਗੁਣਾਂ ਦਾ ਭੰਡਾਰ।
੧੩ ਤਿੰਨਾ ਗੁਣਾਂ ਤੋਂ ਨਿਰਲੇਪ।
੧੪ ਆਸਰੇ।
੧੫ ਜਿਸ ਦੇ।
੧੬ ਗਿਆਨ ਪ੍ਰਕਾਸ਼।
੧੭ ਪਾਰਾਵਾਰ ਤੋਂ ਪਰੇ।
੧੮ ਹੈ ਹੁਣ।
੧੯ ਅੱਗੇ ਨੂੰ ਵੀ ਹੋਣ ਵਾਲਾ ਹੈ।
੨੦ ਨਿਰ ਆਸਰੇ।
੨੧ ਦਾਸ।

# ਬੈਂਕੋਕ ੮-੧੦-੧੯੫੪

## ਜੀਵਨ ਮੁਕਤ ਸਿੱਖ

ਭਾਈ ਭਿਖਾਰੀ ਦੀ ਕਥਾ—ਇਹ ਗੁਰੂ ਅਰਜਨ ਦੇਵ ਦੇ ਵਕਤ ਦੀ ਹੈ। ਕੋਈ ਗੁਰਸਿੱਖ, ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲ ਜਾ ਕੇ ਕਹਿੰਦਾ ਹੈ—ਮਹਾਰਾਜ ! ਕੋਈ ਭਾਣੇ ਦੇ ਸਿੱਖ, ਦੇ ਵੀ ਦਰਸ਼ਨ ਕਰਾਓ। ਸਾਹਿਬਾਂ ਨੇ ਉਹਨੂੰ ਭਾਈ ਭਿਖਾਰੀ ਕੋਲ ਭੇਜਿਆ—ਗੁਜਰਾਤ ਵਿੱਚ। ਉੱਥੇ ਉਸ ਨੇ ਜਾ ਕੇ ਕੌਤਕ ਕੀ ਦੇਖਿਆ ਭਾਈ ਭਿਖਾਰੀ ਦੇ ਘਰ—ਇੱਕ ਪਾਸੇ ਤਾਂ ਗਹਿਣੇ ਬਣਦੇ ਹਨ, ਮਠਿਆਈ ਪੱਕਦੀ ਹੈ। ਧੰਨ ਸਤਿਗੁਰੂ ਰਾਮ ਸਿੰਘ ! ਆਖੋ, ਧੰਨ ਸਤਿਗੁਰੂ ਰਾਮ ਸਿੰਘ ! ਜਿਹਨੇ ਸਾਨੂੰ ਇਹਨਾ ਗੱਲਾਂ ਤੋਂ ਛੁਡਾਇਆ ਤੇ ਅਸੀਂ ਫੇਰ ਮੁੜ-ਮੁੜ ਉਧਰ ਨੂੰ ਵੜਦੇ ਹਾਂ।

**ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ।।**

*– ਗੁਜਰੀ ਮ:੫, ਪੰਨਾ-੪੯੬*

ਗਹਿਣੇ, ਮਠਿਆਈ ਬਣ ਰਹੀ ਹੈ, ਦੂਸਰੇ ਪਾਸੇ ਭਾਈ ਭਿਖਾਰੀ ਇੱਕ ਟੁੱਕੀ ਹੋਈ ਦਰੀ ਨੂੰ ਟਾਕੀਆਂ ਲਾ ਰਹੇ ਹਨ। ਉਹਨੂੰ ਉਹ ਕੁਝ ਦਿਖਾਇਆ—ਵਰੀ ਦਿਖਾਈ, ਗਹਿਣੇ ਦਿਖਾਏ, ਦੂਸਰੇ ਪਾਸੇ ਜਾ ਕੇ ਉਸਨੂੰ ਦਿਖਾਇਆ ਦਰਵਾਜਾ ਖੋਲ੍ਹ ਕੇ ਜਿਸਦੇ ਅੰਦਰ ਅਰਥੀ ਬਣਾਈ ਹੋਈ, ਖੱਫਣ ਬਣਾ ਕੇ ਰੱਖਿਆ ਹੋਇਆ ਸਾਰਾ ਸਾਮਾਨ ਮਿਰਤਕ ਦਾ।

ਉਹ (ਸਿੱਖ) ਪੁੱਛਦਾ,''ਭਾਈ ਇਹ ਕੀ ਗੱਲ ?''

ਭਾਈ (ਭਿਖਾਰੀ) ਕਹਿੰਦਾ,''ਤੇਰੇ ਸਾਹਮਣੇ ਹੀ ਇਹ ਸਭ ਕੁਝ ਹੋਣਾ ਹੈ।''

ਭਾਈ ਭਿਖਾਰੀ ਦੇ ਲੜਕੇ ਨੂੰ ਵਿਆਹੁਣ ਗਏ। ਲੰਮਾਂ ਚੱਲਣ ਦੀ ਲੋੜ ਨਹੀਂ। ਵਿਆਹ ਕੇ, ਜਿਸ ਵੇਲੇ ਆਏ, ਡੋਲਾ ਬਾਹਰ ਰੱਖਦੇ ਹਨ, ਮਾਈਆਂ ਉੱਥੇ ਗਈਆਂ ਜਿਸ ਵੇਲੇ, ਲੜਕੇ ਨੂੰ ਸੂਲ ਹੋਇਆ, ਲੜਕਾ ਗੁਜ਼ਰ ਗਿਆ। ਚੁੱਕ ਲਿਆਂਦਾ ਘਰ। ਭਾਈ ਭਿਖਾਰੀ ਉਸੇ ਰੰਗ ਵਿੱਚ ਹੈ।

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥**

*- ਸੂਹੀ ਮ:੪, ਪੰਨਾ-੭੫੭*

ਉਹ ਜਿਹੜੀ ਦਰੀ ਨੂੰ ਗੰਢ ਲਾਉਂਦੇ ਸੀ, ਉਹ ਦਰੀ ਵਿਛਾਈ। ਜਿਹੜੇ ਲੋਕ ਮਾਤਮ ਵਾਸਤੇ ਆਏ ਉਹ ਉੱਥੇ ਬੈਠੇ। ਉਹ ਅਰਥੀ ਅੰਦਰੋਂ ਕੱਢੀ, ਉਹ ਖੱਫਣ ਕੱਢਿਆ, ਲੜਕੇ ਦੇ ਉੱਤੇ ਪਾਇਆ, ਸਸਕਾਰ ਕੀਤਾ। ਉਹ ਸਿੱਖ ਕਹਿੰਦਾ,''ਭਾਈ ਸਿੱਖਾ ! ਓਏ ਗੁਰਮੁਖਾ ! ਜੇ ਤੈਨੂੰ ਇਹ ਪਤਾ ਸੀ ਤਾਂ ਤੂੰ ਗੁਰੂ ਜੀ ਕੋਲੋਂ ਲੜਕੇ ਦੀ ਉਮਰ ਮੰਗ ਲੈਣੀ ਸੀ।''

ਉਹ ਭਾਈ ਭਿਖਾਰੀ ਕਹਿੰਦਾ,''ਓਏ ਭੋਲਿਆ ਲੋਕਾ, ਗੁਰੂ ਕੋਲੋਂ ਇਹ ਝੂਠੀਆਂ ਦਾਤਾਂ ਨਹੀਂ ਮੰਗਣੀਆਂ, ਗੁਰੂ ਕੋਲੋਂ ਮੰਗੀਏ ਨਾਮ ਦਾਨ, ਸਿਦਕ, ਭਰੋਸਾ, ਦਰਸ਼ਨ ਦਾਨ।''

ਦਰਸ਼ਨ ਦਾ ਦਾਨ ਸਭ ਤੋਂ ਵੱਡਾ ਗੁਰੂ ਜੀ ਨੇ ਲਿਖਿਆ ਹੈ। ਇਸੇ ਤਰ੍ਹਾ ਹੀ ਭਾਈ ਖੜਗ ਸਿੰਘ ਜੀ ਦੇ ਲੜਕੇ ਦਾ ਨਾਂਉ ਠਾਕਰ ਸਿੰਘ, ਇੱਕੋ ਹੀ ਪੁੱਤਰ, ਕਚਰਾਲੇ ਪਿੰਡ ਵਿੱਚ ਰਹਿੰਦੇ ਸਨ। ਕਹਿਣ ਲੱਗੇ,''ਠਾਕਰ ਸਿਘਾਂ ਤੂੰ ਅੱਜ ਤੋਂ ਅਠਵੇਂ ਦਿਨ ਨੂੰ ਸਰੀਰ ਛੱਡ ਦੇਣਾ ਹੈ।''

ਉਹਨੇ ਆਖਿਆ,''ਸਤਿ ਬਚਨ ਪਿਤਾ ਜੀ।''

ਅੱਗੋਂ ਬਚਨ ਮੰਨਣ ਵਾਲਾ ਸੀ, ਨਹੀਂ ਤੇ ਕਹਿੰਦਾ—ਓ ਮੂਰਖਾ, ਬੁੱਢਿਆ ਤੇਰੀ ਤੇ ਮੱਤ ਮਾਰੀ ਹੋਈ ਹੈ। ਅੱਜ ਤੇ ਇਹੋ ਹੀ ਸਾਡਾ ਹਾਲ ਹੈ—ਅਜਕਲ ਦੇ ਅੰਗਰੇਜ਼ੀ ਪੜ੍ਹੇ ਹੋਏ ਜਿਹੜੇ ਨੌਜਵਾਨ ਮੁੰਡੇ ਹਨ ਜੇ ਕਿਤੇ

ਘਰ ਪਿਤਾ ਪਾਟਿਆਂ ਲੀੜਿਆਂ ਨਾਲ ਆ ਜਾਏ, ਕੋਈ ਦੋਸਤ ਆ ਜਾਏ ਤਾਂ ਕਹਿੰਦੇ ਹਨ—ਮਾਈ ਓਲਡ ਸਰਵੈਂਟ, ਮੇਰਾ ਪੁਰਾਣਾ ਨੌਕਰ ਹੈ। ਆਪਣੇ ਪਿਓ ਨੂੰ ਨੌਕਰ ਦਸਦੇ ਹਨ। ਉਹ ਮਹਾਂਪੁਰਖ, ਉਹ ਪਿਤਾ ਦਾ ਬਚਨ ਮੰਨਣ ਵਾਲੇ, ਉਹਨਾਂ ਨੂੰ ਇਹ ਪਤਾ ਸੀ ਹਿੰਦੁਸਤਾਨ ਦੀ ਸਭਿਅਤਾ ਕੀ ਹੈ।

ਮੈਂ ਅਰਜ਼ ਕਰਾਂ, ਅਜੇ ਤਕ—ਹੁਣ ਨਹੀਂ ਮੈਂ ਕਹਿ ਸਕਦਾ—ਪਟਿਆਲੇ ਦੇ ਸਰਦਾਰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਜਦੋਂ ਜਿਊਂਦਾ ਸੀ, ਉਹ ਦਾੜ੍ਹੀ ਬੰਨ੍ਹਦਾ ਸੀ, ਪਰ ਜਿਦਣ ਫਤਹਿਗੜ੍ਹ ਸਾਹਿਬ ਗੁਰਦੁਆਰੇ ਜਾਂਦਾ ਸੀ, ਦਾੜ੍ਹੀ ਖੋਲ੍ਹ ਕੇ ਜਾਂਦਾ ਸੀ, ਤਾਂ ਅੰਦਰ ਵੜਦਾ ਸੀ। ਅਕਾਲ ਤਖ਼ਤ ਕੋਈ ਸਰਦਾਰ ਦਾੜ੍ਹੀ ਬੰਨ੍ਹ ਕੇ ਨਹੀਂ ਜਾ ਸਕਦਾ। ਸਾਡੇ ਰਿਵਾਜ ਅਨੁਸਾਰ, ਸਾਡੀਆਂ ਮਾਈਆਂ ਬੀਬੀਆਂ ਜੇ ਕੋਈ ਆਦਮੀ ਘਰ ਵਿੱਚ ਵੱਡਾ ਆ ਜਾਵੇ ਤਾਂ ਪੀੜ੍ਹੀ ਤੇ ਬੈਠੀਆਂ ਹੋਣ ਤਾਂ ਭੁੰਜੇ ਬਹਿ ਜਾਂਦੀਆਂ ਹਨ। ਪਰ ਹੁਣ ਰਿਵਾਜ ਹੈ ਕਿ ਕੁਰਸੀ ਤੇ ਬੈਠਦੀਆਂ ਹਨ ਨੂੰਹਾਂ ਤੇ ਸਹੁਰੇ ਤੁਰੇ ਫਿਰਨ ਕੋਲ।

ਦਾੜ੍ਹੀ ਬੰਨ੍ਹਣ ਦੀ ਮੈਂ ਗੱਲ ਕੀ ਦੱਸਾਂ। ਮਹਾਰਾਜਾ ਫਰੀਦਕੋਟ ਮੇਰੇ ਨਾਲ ਬੜਾ ਪਿਆਰ ਕਰਦੇ ਸੀ। ਉਹ ਮੈਨੂੰ ਕਦੇ ਕਦੇ ਫਰੀਦਕੋਟ ਬੁਲਾ ਲੈਂਦੇ। ਮੈਂ ਇੱਕ ਦਿਨ ਗਿਆ, ਉਨ੍ਹਾਂ ਦੀ ਦਾੜ੍ਹੀ ਬੱਧੀ ਹੋਈ ਸੀ, ਉੱਤੋਂ ਦੀ ਠਾਠੀ ਬੰਨ੍ਹ ਕੇ। ਹੁਣ ਸਾਡੇ ਨੌਜਵਾਨ ਏਥੇ ਬੰਨ੍ਹ ਕੇ ਖਿਆਲ ਨਹੀਂ ਕਰਦੇ ਬਈ, ਕਿਸੇ ਦੇ ਸਾਹਮਣੇ ਨਹੀਂ ਇਹ ਚੀਜ਼ ਕਰੀਦੀ। ਮਾਹਰਾਜਾ ਓਨਾਂ ਚਿਰ ਮੇਰੇ ਸਾਹਮਣੇ ਨਹੀਂ ਆਇਆ ਜਿੰਨਾ ਚਿਰ ਠਾਠੀ ਨਹੀਂ ਖੋਲ੍ਹ ਲਈ। ਇਹ ਅਦਬ ਸੀ ਸਾਡੇ ਵਿੱਚ।

ਉਹਨਾਂ ਨੇ ਆਖਿਆ,''ਸਤਿ ਬਚਨ ਪਿਤਾ ਜੀ।''

ਅੱਠਵਾਂ ਦਿਨ ਆ ਗਿਆ। ਜਦੋਂ ਅੱਠਵਾਂ ਦਿਨ ਆਇਆ ਬਿਸਤਰਾ ਵਿਛਾ ਦਿੱਤਾ। ਭਾਈ ਠਾਕਰ ਸਿੰਘ ਜੀ ਲੰਮੇ ਪੈ ਕੇ, ਸਰੀਰ ਛੱਡ ਦਿੱਤਾ। ਪਿੰਡ ਦੇ ਲੋਕ ਆਏ, ਆਖਣ ਲੱਗੇ,''ਓਏ ਭਾਈ ਖੜਗ ਸਿਹਾਂ, ਓਏ ਜੇ ਤੇਰੇ 'ਚ ਇਹ ਗੱਲ ਸੀ ਤਾਂ ਤੂੰ ਸਤਿਗੁਰਾਂ ਕੋਲੋਂ ਇਹ ਚੀਜ਼ ਮੰਗਣੀ ਸੀ।''

ਉਹ ਕਹਿਣ,''ਓਏ ਸਤਿਗੁਰਾਂ ਕੋਲੋਂ ਇਹ ਝੂਠੀਆਂ ਚੀਜ਼ਾ ਨਾ ਮੰਗੀਏ, ਸਤਿਗੁਰੂ ਕੋਲੋਂ ਸਿਦਕ ਦਾ ਦਾਨ ਮੰਗੀਏ; ਸਤਿਗੁਰੂ ਕੋਲੋਂ ਨਾਮ ਮੰਗੀਏ; ਸਤਿਗੁਰੂ ਦਾ ਦਰਸ਼ਨ ਮੰਗੀਏ।'' ਕਹਿਣ ਲੱਗੇ,''ਤੁਸੀਂ ਇਹ ਨਾ ਚਿਤ 'ਚ ਖਿਆਲ ਕਰਿਓ, ਮੈਂ ਇਹਨੂੰ ਜਿਊਂਦਾ ਭੀ ਕਰ ਸਕਦਾ ਹਾਂ।''

ਲੋਕ ਆ ਕੇ ਬੈਠੇ, ਕਹਿਣ ਲੱਗੇ,''ਓਏ ਭਾਈ ਠਾਕਰ ਸਿਹਾਂ, ਲੋਕ ਆਏ ਹਨ, ਉੱਠ ਕੇ ਇਹਨਾਂ ਨਾਲ ਬਚਨ ਬਿਲਾਸ ਕਰ ਲੈ।''

ਚੱਲਿਆ ਹੋਇਆ ਸਰੀਰ, ਉਹ ਲੜਕਾ ਉਠ ਕੇ ਬੈਠ ਗਿਆ। ਉਠ ਕੇ, ਬਹਿਕੇ, ਬਚਨ ਬਿਲਾਸ ਕਰਕੇ, ਕਹਿਣ ਲੱਗੇ,''ਲੈ ਚੱਲ ਹੁਣ।''

ਫੇਰ ਉਸੇ ਤਰ੍ਹਾਂ ਲੰਮੇ ਪੈ ਕੇ ਸਰੀਰ ਛੱਡ ਦਿੱਤਾ। ਦੱਸੋ, ਜੀਵਨ ਮੁਕਤ ਨਹੀਂ ਤੇ ਹੋਰ ਕੀ ਹੈ ? ਉਹ ਜਿਊਂਦੇ ਮੁਕਤ ਹੋਏ ਹਨ। ਉਹਨਾਂ ਦੇ ਮੌਤ ਜਿਹੜੀ ਹੈ, ਜਿਸ ਤਰ੍ਹਾਂ ਅਕਾਲ ਪੁਰਖ ਆਪਣੀ ਮਰਜ਼ੀ ਨਾਲ ਸਰੂਪ ਧਾਰ ਕੇ ਆ ਜਾਂਦਾ ਹੈ, ਚਲਿਆ ਜਾਂਦਾ ਹੈ, ਜਿਹੜੇ ਗੁਰੂ ਕੇ ਸਿੱਖ ਮਹਾਰਾਜ ਨੇ ਬਾਣੀ 'ਚ ਇੱਕ ਤੁਕ ਲਿਖੀ ਹੈ–

**ਗੁਰੁ ਕੈ ਸਬਦਿ ਸਦ ਜੀਵਨ ਮੁਕਤ ਭਏ,**

*– ਸੂਹੀ ਮ:੩, ਪੰਨਾ–੭੭੧*

ਤਾਂ ਜੀਵਨ ਮੁਕਤ ਸਿੱਖ, ਖਾਹਿਸ਼ ਕਾਹਦੀ ਰੱਖਦੇ ਹਨ—ਜਿਹੜਾ ਦਿਵਾਨ ਜੀ ਨੇ ਆਖਿਆ ਹੈ–

*ਵਗਰਨਹ[1] ਜ਼ੌਕਿ[2] ਚੁਨੀਂ ਆਮਦਨ[3] ਨਬੂਦ[4] ਮਰਾ[5]।*

ਮੈਨੂੰ ਹੋਰ ਕੋਈ ਸ਼ੌਕ ਨਹੀਂ ਸੀ—ਤੇਰੇ ਦਰਸ਼ਨ ਤੋਂ ਬਗੈਰ। ਅਗਲੀ ਤੁਕ ਵਿੱਚ ਦਿਵਾਨ ਜੀ ਕਹਿੰਦੇ ਹਨ–

*ਖ਼ੁਸ਼[6] ਅਸ੍ਤੁ ਉਮਰ ਕਿ ਦਰ ਯਾਦਿ ਬਿਗੁਜ਼ਰਦ[7],*

*– ਗਜ਼ਲ ੧*

ਭਲੀ ਹੈ ਉਹ ਉਮਰ, ਚੰਗੀ ਹੈ ਉਹ ਉਮਰ ਜਿਹੜੀ ਤੇਰੀ ਯਾਦ ਵਿੱਚ ਹੋਵੇ, ਜਦੋਂ ਤੂੰ ਯਾਦ ਰ੍ਹਵੇਂ। ਸਾਹਿਬ ਬਾਣੀ ਵਿਚ ਕਹਿੰਦੇ ਹਨ–

**ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ।।**

*– ਸਿਰਿ ਰਾਗ ਮ:੧, ਪੰਨਾ–੨੧*

ਫੇਰ ਕਹਿੰਦੇ ਹਨ–

**ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ।।**

*– ਸੋਰਠ ਮ:੩, ਪੰਨਾ–੬੦੧*

ਤਾਂ ਉਹ ਕਹਿੰਦੇ ਹਨ–

*ਖ਼ੁਸ਼ ਅਸ੍ਤੁ ਉਮਰ ਕਿ ਦਰ ਯਾਦਿ ਬਿਗੁਜ਼ਰਦ,*

ਉਹ ਭਲੀ ਹੈ ਉਮਰ ਜਿਹੜੀ ਤੇਰੀ ਯਾਦ ਵਿੱਚ ਗੁਜ਼ਰੇ।

*ਵਰਨਾ ਚਿ ਹਾਸਲ ਅਸ੍ਤੁ ,*

ਨਹੀਂ ਤੋ ਕਿਆ ਹਾਸਲ ਹੈ ਏਥੇ, ਕੀ ਹੈ ਏਥੇ–

*ਅਜ਼ੀਂ ਗੁੰਬਦਿ ਕਬੂਦ ਮਰਾ।*

ਇਸ ਨੀਲੇ ਆਕਾਸ਼ ਦੇ ਗੁੰਬਦ ਵਿਚ ਹੋਰ ਕੁਝ ਨਹੀਂ ਲੈਣ ਦੇਣ ਨੂੰ। ਸਿੱਖੋ ! ਭਾਈ ਸੱਜਣੋਂ ! ਪਿਰ ਦੇਖਣ ਕੀ ਆਸ–ਸਿੱਖਾਂ ਦਾ ਕੰਮ। ਸਤਿਗੁਰੂ ਰਾਮ ਸਿੰਘ ਨੇ ਆ ਕੇ, ਉਹ ਵੇਲਾ, ਉਹ ਵਕਤ, ਕਿਹੜਾ ?

*ਖਾਲਸਾ ਅਖਾਲਸਾ ਬੇ ਹਾਲਸਾ ਸਾ ਹੋਏਗਾ।*

—ਜਿਹੜਾ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਰਨੀ ਨਾਮੇ ’ਚ ਰੁਕਨਦੀਨ ਨੂੰ ਕਿ–

*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗੰਮ।*

ਮੇਰਾ ਬਚਨ ਨਹੀ ਪਾਲ ਸਕਣਗੇ।

ਅਸਲ ’ਚ ਜਦੋਂ ਜ਼ਰਾ ਕੁ ਹਲਚਲ ਹੋ ਜਾਏ, ਗੱਲ ਹੋਰ ਤਰ੍ਹਾਂ ਹੋ ਜਾਂਦੀ ਹੈ। ਐਸ ਤਰ੍ਹਾਂ ਮਨ ਦਾ ਕੰਮ ਹੈ। ਏਸ ਵਾਸਤੇ ਸਾਧ ਸੰਗਤ ਵਿੱਚ ਆਉਣ ਦੀ ਲੋੜ ਇਹ ਹੁੰਦੀ ਹੈ, ਕਿ ਐਥੇ ਆ ਕੇ ਮੁੰਦੇ ਬੱਧੇ ਜਾਣ। ਜਦੋਂ ਸਾਡੀ ਬਿਰਤੀ ਬਾਹਰ ਮੁਖ ਹੁੰਦੀ ਹੈ, ਅਸੀਂ ਏਸ ਲਾਇਕ ਨਹੀਂ ਅਜੇ ਬਣੇ। ਅੱਜ ਮੈਂ ਗਿਆ ਸਾਂ ਓਥੇ ਵੱਠ[੮] ਵਿੱਚ। ਓਥੇ ਓਸ ਵੇਲੇ ਯੋਗ ਆਸ਼ਰਮ ਵਿੱਚ ਸਾਧੂ ਨੇ ਇੱਕ ਨੇ ਦਿਖਲਾਇਆ। ਦਸ ਮਿੰਟ ਉਸ ਨੇ ਸਮਾਧੀ ਲਗਾਈ। ਉਹਨੂੰ ਹਿਲਾਇਆ, ਜੁਲਾਇਆ, ਦੇਖਿਆ ਉਹਨੂੰ ਕੋਈ ਪਤਾ ਨਹੀਂ ਸੀ ਰਿਹਾ। ਸਾਡਾ ਧਿਆਨ ਉਖੜਦਾ ਹੈ। ਏਸੇ ਕਰਕੇ ਤਾਂ ਉਹਨਾਂ ਨੇ ਲਿਖਿਆ ਹੈ–

## ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ।।

*– ਪੰਨਾ-੨੭੭*

ਇਸ ਮਨ ਦੀ ਹਾਲਤ ਜਿਹੜੀ ਹੈ—ਏਕ ਨਿਮਖ ਮਾਹਿ—ਅੱਖ ਮੀਚਦਿਆਂ ਮੀਚਦਿਆਂ ਚਲਿਆ ਜੁ ਜਾਂਦਾ ਹੈ।

ਤਾਂ ਸਿੱਖਾਂ ਦੀ ਹਾਲਤ ਕੈਸੀ ਹੋਈ, ਕੀ ਬਣਿਆ, ਕੀ ਹੋਇਆ ? ਗੁਰੂ ਗੋਬਿੰਦ ਸਿੰਘ ਤੋਂ ਬਾਅਦ, ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ, ਬੰਦੇ ਪਰਯੰਤ–

*ਕੇਈ ਬਾਰ ਪਾਰੈ,*

—ਕਈ ਵਾਲਾਂ ਨੂੰ ਪਾੜਦੇ ਹਨ–

*ਓਚੈਂ,*

—ਉੱਚੇ ਕਰਦੇ ਹਨ–

*ਮੋਚਨੇ ਲੈ ਨਾਕ ਨੋਚੈਂ*

—ਕਈ ਮੋਚਨੇ ਨਾਲ ਨੱਕ ਦੇ ਵਾਲ ਚੁਗਦੇ ਹਨ। ਕੋਈ ਤਕਲੀਫ ਨਹੀਂ ਕਰਨੀ ਪੈਂਦੀ ਅੱਜ ਕਲ੍ਹ, ਦਵਾਈਆਂ ਇਹੋ ਜਹੀਆਂ ਬਣ ਗਈਆਂ ਹਨ ਜਿੰਨਾਂ ਜਿੰਨਾਂ ਮਰਜ਼ੀ ਹੈ ਸਾਡੇ ਨੌਜਵਾਨ ਮੁੰਡੇ ਹੁਣ ਥਾਂ ਸੁਹਣਾ ਸਾਫ ਕਰ ਲੈਂਦੇ ਹਨ। ਇਹ ਤਾਂ ਬਾਹਰ ਦੀ ਗੱਲ ਹੈ, ਅੰਦਰ ਦੇ ਪਾਸੇ ਦਾ ਤਾਂ ਸਾਨੂੰ ਪਤਾ ਹੀ ਨਹੀਂ ਕਿ ਕੀ ਹਾਲ ਹੈ। ਇਹ ਮਖੌਲ ਦੀ ਗੱਲ ਨਹੀਂ ਹੈ, ਇਹ ਸ਼ਰਮ ਦੀ ਗੱਲ ਹੈ, ਸਾਨੂੰ ਅਫਸੋਸ ਦੀ ਗੱਲ ਹੈ। ਜਿੱਥੇ ਤਾਰੂ ਸਿੰਘ ਨੇ ਕਿਹਾ,''ਮੇਰੇ ਕੇਸਾਂ ਵਿੱਚ ਅੰਮ੍ਰਿਤ ਪਿਆ ਹੋਇਆ ਹੈ, ਇਹ ਮੇਰੇ ਸਿਰ ਦੇ ਨਾਲ ਕੇਸ ਜਾਣਗੇ, ਇਹਨਾਂ ਨੂੰ ਨਹੀਂ ਕੋਈ ਲਾਹ ਸਕਦਾ।'' ਉਹ, ਅਸੀਂ ਆਪਣੇ ਆਪ ਗੁਰਸਿੱਖੀ ਜਿਹੜੀ ਹੈ, ਉਸ ਨੂੰ ਅਸੀਂ ਉਡਾ ਰਹੇ ਹਾਂ।

*ਕੇਈ ਬਾਰ ਪਾਰੈਂ ਓਚੈਂ ਨਾਕ ਨੋਚੈਂ ਮੋਚਨੇ ਲੈ,*
*ਕੇਈ ਖੋਚੈਂ ਲਤਨ ਕੋ ਸੋਚੈਂ ਨ ਲਖਾਇ ਹੈਂ।*
*ਕੋਊ ਦਾੜ੍ਹੈ ਹੀ ਉਖਾੜੈਂ ਮੂਛੈਂ ਪਾੜੈਂ ਝਾੜਨ ਜਿਉਂ ਪੂਛੈਂ*
*ਸੇਤ ਛਾੜੈਂ ਕੋਊ ਸਾੜੈਂ ਦਵਾ ਲਾਇ ਹੈਂ।*

*ਬਗਲੈਂ ਉਪਾਰੈਂ ਕੋਊ ਭੌਹੈਂ ਸੋਹੈਂ ਕੀ ਉਖਾਰੈਂ,*
*ਨਾਸਕਾ ਕੋ ਫਾਰ ਹਾਥ ਮਾਥ ਪੈ ਚਲਾਇ ਹੈਂ।*

—ਐਥੋਂ ਚੂੰਡਾਂ ਕੱਢਕੇ ਹਨ। ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ—

*ਸਿਖਨ ਕੇ ਪੂਤ ਮਜਬੂਤ ਸਿੰਘ ਨਾਮਵਾਰੇ ਹਾਏ ਵੇ*
*ਕਸਾਈ ਰਹੇ ਸਿਖੀ ਗਊ ਘਾਇ ਹੈਂ।*

*– ਪੰਥ ਪ੍ਰਕਾਸ਼*

—ਉਹ ਸਿੱਖੀ ਰੂਪ ਗਊ ਨੂੰ, ਸਿੱਖ, ਕਸਾਈ ਬਣ ਕੇ ਘਾਉਣ ਲੱਗੇ। ਅੱਜ ਕਲ੍ਹ ਮਸ਼ੀਨਾਂ ਨਾਲ ਹੀ ਗਾਈਆਂ ਭੀ ਮਾਰੀਆਂ ਜਾਂਦੀਆਂ ਹਨ। ਸਾਡੇ ਕੋਲ ਭੀ ਉਹ ਚੀਜ਼ਾਂ ਆ ਗਈਆਂ ਸਿੱਖੀ ਰੂਪ ਗਊ ਨੂੰ ਘਾਉਣ ਵਾਸਤੇ। ਸਾਨੂੰ ਕੋਈ ਪਤਾ ਨਹੀਂ ਰਹਿ ਗਿਆ ਕਿ ਸਿੱਖ ਦਾ ਕਿਆ ਜੀਵਨ ਹੈ—ਸਿੱਖ ਕਿਸ ਚੀਜ਼ ਦਾ ਨਾਉਂ ਹੈ—ਸਿੱਖ ਕਿਸ ਬਲਾਅ ਨੂੰ ਕਹਿੰਦੇ ਹਨ। ਸਾਡੇ ਵਾਸਤੇ ਸਿੱਖ ਬਲਾਅ ਬਣ ਗਿਐ, ਸਿੱਖਾਂ ਨੂੰ ਦਾੜ੍ਹੀ ਦਾ ਭਾਰ। ਸਿੱਖ ਕਹਿੰਦੇ ਨੇ—ਖਾਣ ਪੀਣ 'ਚ ਕੀ ਵੜਿਆ ਹੈ ? ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ–

*ਜਹਾਂ ਕਹਾਂ ਕਾ ਛਕੇ ਪ੍ਰਸਾਦਿ।*
*ਸਿੱਖ ਨਹੀਂ ਮੇਰਾ ਆਦਿ ਜੁਗਾਦਿ।*
*– ਜਾਕੀ ਰਹਿਤ ਨਾ ਜਾਣੀਐ ਗੁਰਮੰਤ੍ਰ ਨਹੀਂ ਚੀਤ।*

ਕੂਕਿਓ ! ਸੋਡਾ ਵਾਟਰ ਪੀਣ ਵਾਲਿਓ ! ਨਲਕੇ ਦਾ ਪਾਣੀ ਪੀਣ ਵਾਲਿਓ ! ਉਹਨਾਂ ਲੋਕਾਂ ਦੇ ਹੱਥੋਂ ਖਾਣ ਵਾਲਿਓ ! ਜਿਹੜੇ ਗਾਈਆਂ ਖਾਂਦੇ ਹਨ।

*ਜਾਕੀ ਰਹਿਤ ਨਾ ਜਾਣੀਐ ਗੁਰਮੰਤ੍ਰ ਨਹੀ ਚੀਤ।*
*ਉਨਕਾ ਭੋਜਨ ਖਾਇਕੇ ਬਿਸਰੇ ਹਰਿ ਸਿਉਂ ਪ੍ਰੀਤ।*

ਜੇ ਇੱਕੋ ਹੀ ਗੱਲ ਨਾ ਰਹੀ, ਜੇ ਇਸਤਰੀ ਦਾ ਪਤਿਬ੍ਰਤਾ ਧਰਮ ਹੀ ਨਾ ਰਿਹਾ ਤਾਂ ਇਸਤਰੀ ਦਾ ਜੀਵਨ ਕਿਸੇ ਕੰਮ ਨਹੀਂ। ਕੰਜਰੀ ਦੇ ਗਹਿਣੇ ਬਹੁਤ ਪਏ ਹੋਏ ਹੁੰਦੇ ਹਨ। ਜੇ ਸਿੱਖ ਦਾ ਜੀਵਨ, ਜੇ ਸਿੱਖ ਦੀ

ਮਰਯਾਦਾ, ਜੇ ਗੁਰੂ ਦੇ ਹੁਕਮ ਵਿੱਚ ਸਿੱਖ ਦੀ ਮਰਯਾਦਾ ਨਹੀਂ ਰਹੀ ਤਾਂ ਕਿਆ ਹੈ। ਪੈਸੇ ਇਕੱਠੇ ਕਰਕੇ ਕੁਛ ਨਹੀਂ ਬਣਦਾ। ਮਾਮੂਲੀ ਕਹਾਵਤ ਹੈ ਸਾਡੀ ਪੰਜਾਬ ਦੀ—

*ਧਰਮ ਛੋਡ ਧਨ ਕੋਈ ਖਾਏ।*

—ਧਰਮ ਵਲ ਧਿਆਨ ਦਿਓ। ਧਰਮ ਦੇ ਪਿਛੇ ਸਾਡੇ ਸਤਿਗੁਰੂ, ਸਾਡੇ ਬਜ਼ੁਰਗ—ਧਰਮ ਦੇ ਪਿੱਛੇ ਕੀ ਕੀਤਾ ਉਹਨਾਂ ਨੇ।

ਉਹਨਾਂ ਨੇ ਧਰਮ ਦੇ ਪਿੱਛੇ ਬੜਾ ਕੁਛ ਕੀਤਾ। ਕਿਸ ਚੀਜ਼ ਨਾਲ ਤੋਲਿਆ—ਉਹਨਾਂ ਨੇ ਸਭ ਕੁਛ ਇੱਕ ਛਾਬੇ ਵਿੱਚ ਪਾ ਦਿੱਤਾ, ਧਰਮ ਵਾਲੇ ਦੇ ਮੁਕਾਬਲੇ ਵਿੱਚ। ਸਰਬੰਸ ਪਾ ਦਿੱਤਾ, ਘਰ ਦਾ ਧਨ ਪਾ ਦਿੱਤਾ, ਜਾਇਦਾਦ ਪਾ ਦਿੱਤੀ। ਉਹਨਾਂ ਦੀ, ਤਾਂ ਸਿੱਖਾਂ ਦੀ ਤਾਂ ਕੀ ਗੱਲ ਕਰਨੀ ਹੈ, ਓਏ ! ਤੁਸੀਂ ਧਿਆਨ ਦਿਓ, ਓਏ ! ਸਾਡੇ ਵਾਸਤੇ ਗੁਰੂ ਗੋਬਿੰਦ ਸਿੰਘ ਨੇ ਆਪਣਾ ਸਰਬੰਸ ਸਾਰਾ ਇੱਕ ਛਾਬੇ ਵਿੱਚ ਪਾ ਦਿੱਤਾ—ਤੁਹਾਡਾ ਧਰਮ ਰੱਖਣ ਦੇ ਵਾਸਤੇ, ਸਿੱਖੀ ਰੱਖਣ ਵਾਸਤੇ। ਧਰਮ ਸਭ ਤੋਂ ਵੱਡੀ ਚੀਜ਼ ਹੈ। ਸਤਿਗੁਰਾਂ ਨੇ ਇੱਕ ਹੁਕਮਨਾਮੇ 'ਚ ਲਿਖ ਕੇ ਭੇਜਿਆ—ਭਾਈ ਅਰਦਾਸ ਕਰਨੀ ਕਿ ਹੇ ਸਤਿਗੁਰੂ, ਸਾਡਾ ਧਰਮ ਬਣਿਆ ਰਹੇ। ਜੇ ਧਰਮ ਨਹੀਂ ਤੇ ਕੁਛ ਭੀ ਨਹੀਂ। ਜੇ ਧਰਮ ਹੈ ਤਾਂ ਸਭੋ ਕੁਛ ਹੈ।

ਮਾਤਾ ਜੀ ਇੱਕ ਸਾਖੀ ਸੁਣਾਉਂਦੇ ਹੁੰਦੇ। ਇੱਕ ਰਾਜੇ ਨੇ ਆਪਣਾ ਇਹ ਧਰਮ ਕਾਇਮ ਕੀਤਾ ਹੋਇਆ ਸੀ ਕਿ ਉਹ ਆਪਦੇ ਰਾਜ ਵਿੱਚ ਕੋਈ ਚੀਜ਼ ਵਿਕਣ ਵਾਸਤੇ ਆਵੇ, ਜਦੋਂ ਕੋਈ ਨਾ ਲਵੇ, ਜਿਹੜੀ ਬਚ ਰ੍ਹਵੇ, ਉਹਨੇ ਪੈਸੇ ਦੇਣੇ ਉਹ ਚੀਜ਼ ਲੈ ਲੈਣੀ। ਇੱਕ ਸਮਾਂ ਐਸਾ ਆਇਆ ਉੱਥੇ ਭਾਵੀ ਵਿਕਣ ਵਾਸਤੇ ਆ ਗਈ—ਹੋਣੀ। ਕਿਹੜਾ ਹੱਥ ਪਾਵੇ, ਕੌਣ ਲਵੇ, ਕਿਹੜਾ ਮੌਤ ਸਹੇੜੇ ? ਰਾਜੇ ਦਾ ਧਰਮ ਸੀ ਉਸ ਨੇ ਆਖਿਆ,''ਮੈਂ ਖਰੀਦਦਾ ਹਾਂ।'' ਉਸ ਨੇ ਭਾਵੀ ਖਰੀਦ ਲਈ। ਇਹਦੇ ਉੱਤੇ ਭਾਈ ਹਰਨਾਮ ਸਿੰਘ ਜੀ ਰਾਗੀ ਕਦੇ ਕਦੇ ਕਹਿੰਦੇ ਹੁੰਦੇ ਸੀ-

*ਮਾਇਆ ਕਹੇ ਮੈਂ ਸਭ ਤੋਂ ਵੱਡੀ,*
*ਮੈਨੂੰ ਖਲਕਤ ਸਿਜਦਾ ਕਰਦੀ।*

*ਸੂਰਤ ਕਹੇ ਮੈਂ ਸਭ ਤੋਂ ਵੱਡੀ,*
*ਮੈਨੂੰ ਖਲਕਤ ਨਿਵ ਨਿਵ ਚਲਦੀ।*
*ਅਕਲ ਕਹੇ ਮੈਂ ਸਭ ਤੋਂ ਵੱਡੀ,*
*ਮੈਂ ਵਿੱਚ ਕਚਹਿਰੀ ਲੜਦੀ।*
*ਪਰ ਹੋਣੀ ਕਹੇ ਮੈਂ ਸਭ ਤੋਂ ਵੱਡੀ,*
*ਮੈਂ ਜੋ ਚਾਹਾਂ ਸੋ ਕਰਦੀ।*

ਰਾਜੇ ਨੇ ਭਾਵੀ ਖਰੀਦ ਲਈ। ਭਾਵੀ ਖਰੀਦੀ ਹੋਈ ਰਾਜੇ ਦੀ— ਲੱਗਾ ਨਾਸ ਹੋਣ ਸਭ ਕੁਛ। ਧਨ ਗਿਆ, ਦੌਲਤ ਗਈ, ਪੁੱਤਰ, ਧੀਆਂ ਸਭ ਕੁਛ ਗਏ। ਧਰਮ ਲੱਗਾ ਜਿਸ ਵੇਲੇ ਜਾਣ, ਰਾਜੇ ਨੇ ਬਾਹੋਂ ਫੜ੍ਹ ਲਿਆ, ਕਹਿਣ ਲੱਗਾ,''ਤੇਰੇ ਵਾਸਤੇ ਤੇ ਇਹ ਸਭ ਕੁਛ ਛੱਡਿਆ ਹੈ, ਤੇ ਤੂੰ ਹੀ ਹੁਣ ਪਿੱਠ ਦੇ ਕੇ ਜਾਨਾਂ ਹੈਂ। ਮੈਂ ਤੇਰੇ ਵਾਸਤੇ ਤੇ ਸਭ ਕੁਛ ਕੀਤਾ ਹੈ।'' ਜਿਸ ਵੇਲੇ ਧਰਮ ਰਹਿ ਗਿਆ, ਸਭੋ ਕੁਛ ਆ ਗਿਆ।

ਜੇ ਤੁਹਾਡਾ ਧਰਮ ਰਹਿ ਜਾਏਗਾ, ਤੁਹਾਨੂੰ ਸਭੋ ਕੁਛ ਹੀ ਪ੍ਰਾਪਤ ਹੋ ਜਾਏਗਾ। ਫੇਰ ਕਿਸੇ ਗੱਲ ਦਾ ਘਾਟਾ ਨਹੀਂ ਰਹਿੰਦਾ। ਜੇ ਧਰਮ ਨਹੀਂ ਤੇ ਕੁਛ ਭੀ ਨਹੀਂ। ਤਾਂ ਸਾਹਿਬਾਂ ਨੇ ਲਿਖਿਆ ਸੀ—ਗੁਰੂ ਨਾਨਕ ਦੇਵ ਜੀ ਨੇ–

*ਬਚਨ ਪਾਲ ਨਹੀਂ ਸਕੇਂਗੇ ਬਹੁਤ ਖਾਣਗੇ ਗ਼ੰਮ।*

ਸਿੱਖ ਬਚਨ ਨਹੀਂ ਪਾਲ ਸਕਣਗੇ, ਬਹੁਤ ਗ਼ਮ ਖਾਣਗੇ। ਬਣਿਆ ਬਣਾਇਆ ਰਾਜ ਭਾਗ ਹੱਥਾਂ ਵਿੱਚੋਂ ਗਿਆ। ਉਹ ਬੁਰੀ ਹਾਲਤ ਅੰਗਰੇਜ਼ਾਂ ਨੇ ਕੀਤੀ ਸਿੱਖਾਂ ਦੀ, ਜਿਹੜੀ ਕਹਿਣ ਸੁਣਨ ਤੋਂ ਬਾਹਰ ਹੈ। ਫੇਰ ਲਿਖਿਐ ਗੁਰੂ ਨਾਨਕ ਨੇ–

*ਮੈਂ, ਫੇਰ ਕਰੂੰਗਾ ਖਾਲਸਾ ਵਸੇ ਵਿੱਚ ਪੰਜਾਬ।*

ਫੇਰ, ਸਤਿਗੁਰੂ ਰਾਮ ਸਿੰਘ ਰੂਪ ਧਾਰ ਕੇ, ਆ ਕੇ ਖਾਲਸਾ ਬਣਾਇਆ। ਖ਼ਾਲਸਾ ਨਾਮ ਕਾਹਦਾ ਹੈ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਪੂਰਨ ਜੋਤ ਜਗੈ ਘਟ ਮੈ,**
**ਤਬ ਖਾਲਸ ਤਾਹਿ ਨਖਾਲਸ ਜਾਨੈ।।**

**– ਖ਼ਾਲਸਾ ਮੇਰੋ ਰੂਪ ਹੈ ਖ਼ਾਸ।।**
**ਖ਼ਾਲਸੇ ਮਹਿ ਹੌਂ ਕਰੌਂ ਨਿਵਾਸ।।**

ਖ਼ਾਲਸਾ ਇਸ ਚੀਜ਼ ਦਾ ਨਾਂਓ ਨਹੀਂ ਕਿ ਅਸੀਂ ਆਪਣੀ ਸ਼ਕਲ ਬਣਾ ਕੇ—ਸਿੱਧੀ ਪੱਗ ਬੰਨ੍ਹ ਕੇ—ਗਲ 'ਚ ਮਾਲਾ ਪਾ ਕੇ—ਕੱਛ ਪਾ ਕੇ—ਬਗਲੇ ਵਾਂਗੂ ਸਮਾਧੀ ਲਾ ਕੇ—ਜੇ ਅਸੀਂ ਖਾਲਸ ਖੀਜ਼ ਨੂੰ ਨਹੀਂ ਜਾਣਦੇ—ਜੇ ਅਸੀਂ ਇਸ਼ਨਾਨ ਨਹੀਂ ਕਰਦੇ—ਜੇ ਅਸੀਂ ਨਾਮ ਨਹੀਂ ਜਪਦੇ—ਜੇ ਅਸੀਂ ਝੂਠ ਬੋਲਦੇ ਹਾਂ ਸੱਚ ਨਹੀਂ ਬੋਲਦੇ ਤਾਂ ਅਸੀਂ ਖਾਲਸਾ ਨਹੀਂ, ਭਾਵੇਂ ਕਿਸੇ ਰੂਪ ਵਿੱਚ ਹੋਵੋ। ਉਹ ਕਹਿੰਦੇ ਹਨ–

*ਰਹਿਣੀ ਰਹੇ ਸੋਈ ਸਿੱਖ ਮੇਰਾ।*
*ਉਹ ਸਾਹਿਬ ਮੈਂ ਉਸ ਕਾ ਚੇਰਾ।*

ਗੁਰੂ ਗੋਬਿੰਦ ਸਿੰਘ ਜੀ ਜਿਸ ਨੂੰ ਕਹਿੰਦੇ ਹਨ—ਮੈਂ ਉਹਦਾ ਚੇਰਾ ਹਾਂ ਭਾਈ, ਜਿਹੜਾ ਰਹਿਣੀ ਰੱਖੇ। ਚੱਲੋ, ਇੱਕ ਮਿੰਟ ਵਾਸਤੇ, ਜਿਹੜੇ ਸਤਿਗਰੂ ਰਾਮ ਸਿੰਘ ਨੂੰ ਗੁਰੂ ਨਹੀਂ ਮੰਨਦੇ, ਉਹ ਇਹ ਤਾਂ ਮੰਨਦੇ ਹਨ ਕਿ ਉਹ ਰਹਿਣੀ ਪੂਰੀ ਰੱਖਦੇ ਸੀ, ਤੇ ਜੇ ਗੁਰੂ ਗੋਬਿੰਦ ਸਿੰਘ ਕਹਿੰਦਾ ਹੈ—ਮੈਂ ਉਸਦਾ ਚੇਰਾ ਹਾਂ—ਤੇ ਫਿਰ ਸਾਡੀ ਕੀ ਤਾਕਤ ਹੈ ਕਿ ਅਸੀਂ ਅੱਗੇ ਹਿੱਲੀਏ, ਚੱਲੀਏ। ਧਿਆਨ ਦੇਣ ਦੀ ਲੋੜ ਹੈ। ਤਰਕ ਕਰਨੀ ਬੜੀ ਬੁਰੀ ਚੀਜ਼ ਹੈ। ਤਰਕ ਕਰਨ ਦੀ ਸਾਨੂੰ ਆਦਤ ਪੈ ਗਈ ਹੈ। ਅੱਜ ਕਲ੍ਹ ਅੰਗਰੇਜ਼ੀ ਵਿੱਦਿਆ ਪੜ੍ਹ ਕੇ, ਸਾਇੰਸ ਵਾਲਿਆਂ ਨੂੰ ਮਿਲ ਕੇ, ਅਸੀਂ ਨੁਕਤਾਚੀਨ ਬਣ ਗਏ। ਸਾਡਾ ਸਿਦਕ ਉੱਡ ਗਿਆ, ਸਾਨੂੰ ਪਤਾ ਨਹੀਂ ਰਿਹਾ ਸਿੱਖੀ ਕਿਸ ਚੀਜ਼ ਦਾ ਨਾਂ ਹੈ।

## ਨਾਮ ਮੰਤ੍ਰ ਸਬਦ ਹੈ

ਸਾਹਿਬ ਬਾਣੀ ਵਿੱਚ ਗੁਰੂ ਰਾਮਦਾਸ ਜੀ ਗਉੜੀ ਦੀ ਵਾਰ ਵਿੱਚ ਫੁਰਮਾਉਂਦੇ ਹਨ–

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,**
**ਸੁ ਭਲਕੇ[੯] ਉਠਿ ਹਰਿ ਨਾਮੁ ਧਿਆਵੈ।।**

**ਉਦਮੁ ਕਰੇ ਭਲਕੇ ਪ੍ਰਭਾਤੀ[੧੦],**

– *ਪੰਨਾ–੩੦੫*

ਪਰਭਾਤ—ਦੂਸਰੀ ਜਗ੍ਹਾ ਸਾਹਿਬ ਕਹਿੰਦੇ ਹਨ–

**ਚਉਥੈ ਪਹਰਿ ਸਬਾਹ[੧੧] ਕੈ ਸੁਰਤਿਆ[੧੨] ਉਪਜੈ ਚਾਉ।**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।**

– *ਮ.੨, ਪੰਨਾ–੧੪੬*

ਏਥੇ ਮਮੇ ਦੇ ਨਾਲ ਜਿਹੜਾ ਨਨਾ ਹੈ ਇਹਦਾ ਮਨਮੁਖ ਦਾ ਅਰਥ ਨਹੀਂ, ਏਥੇ ਨਨੇ ਨੂੰ ਭੀ ਸਿਹਾਰੀ ਹੈ ਮੁਖ ਵਾਲੇ ਖਖੇ ਨੂੰ ਵੀ ਸਿਹਾਰੀ ਹੈ—**ਮਨਿ ਮੁਖਿ ਸਚਾ ਨਾਉ**।

ਬਾਣੀ ਪੜ੍ਹਦੇ ਹਾਂ, ਜੁਗਾਲੀਆਂ ਕਰਦੇ ਹਾਂ, ਕੁਰੂਲੀਆਂ ਕਰਦੇ ਹਾਂ—ਬਾਣੀ ਨਹੀਂ ਪੜ੍ਹਦੇ। ਬਾਣੀ ਪੜ੍ਹੀਏ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਦਿਨ ਦਿਖਾਇਆ ਸੀ—ਸਿੱਖੋ ! ਬਾਣੀ ਪੜ੍ਹਦੇ ਹੋ ? ਇੱਕ ਸੁੱਖੇ ਦੀ, ਭੰਗ ਦੀ ਰਗੜ ਕੇ ਲਿਆ ਕੇ ਚਾਟੀ ਭਰ ਕੇ ਧਰ ਦਿੱਤੀ। ਕਹਿੰਦੇ—ਲੈ ਕਰੀ ਜਾ ਕੁਰੂਲੀਆਂ। ਉਹ ਸਾਰੀ ਹੀ ਕਰ ਕੇ ਸਿੱਟ ਦਿੱਤੀ।

ਕਹਿੰਦੇ,''ਕੋਈ ਅਮਲ ਆਇਆ ?''

ਕਹਿੰਦਾ,''ਨਹੀਂ।''

ਮਗਰੋਂ ਆਖਿਆ,''ਲੈ ਇੱਕੋ ਚੁਲਾ ਪੀ, ਅੰਦਰ ਲੰਘਾ।''

ਜਦੋਂ ਇੱਕ ਚੁਲਾ ਲੰਘਾਇਆ ਤਾਂ ਰੰਗ ਚੜ੍ਹ ਗਿਆ।

ਬੜੇ ਪਾਠ ਕਰਦੇ ਹਾਂ, ਬੜੀਆਂ ਬਾਣੀਆਂ ਯਾਦ ਹਨ; ਪੰਜ ਗ੍ਰੰਥੀ ਕੋਈ ਪੜ੍ਹਦਾ ਹੈ, ਕੋਈ ਆਸਾ ਦੀ ਵਾਰ; ਕੋਈ ਸੁਖਮਨੀ ਸਾਹਿਬ ਨੂੰ ਤੜਕੇ ਉੱਠ ਕੇ ਲੱਗ ਜਾਂਦਾ ਹੈ। ਮੈਂ ਅਰਜ਼ ਕਰਾਂ—ਗੁਰੂ ਰਾਮਦਾਸ ਦੇ ਹੁਕਮ ਅਨੁਸਾਰ, ਗੁਰਬਾਣੀ 'ਚ ਜੋ ਕੁਛ ਉਹਨਾਂ ਨੇ ਲਿਖਿਆ ਹੈ, ਉਸ ਦੇ ਅਨੁਸਾਰ ਤੜਕੇ ਉੱਠ ਕੇ ਸਿੱਖ ਦਾ ਕੰਮ ਹੈ ਪਹਿਲੇ ਨਾਮ ਜਪਣਾ।

**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।।**

– *ਪੰਨਾ–੩੦੫*

ਅੰਮ੍ਰਿਤਸਰ ਦਾ ਇਸ਼ਨਾਨ ਇਹੋ ਹੀ ਹੈ, ਕਿਉਂਕਿ ਗੁਰੂ ਜੀ ਕਹਿੰਦੇ ਹਨ-

**ਮੁਇਆ ਜੀਵਦਿਆ ਗਤਿ[੧੩] ਹੋਵੈ**
**ਜਾਂ ਸਿਰਿ ਪਾਈਐ ਪਾਣੀ।।**

*– ਪੰਨਾ-੧੫੦*

ਮੈਂ ਕੂਕਿਆਂ ਦੇ ਮੁੰਡੇ ਨੌਜਵਾਨ ਦੇਖਦਾ ਹਾਂ ਦਿਨ ਚੜ੍ਹਦੇ ਨਾਲ ਬੰਨ੍ਹ ਕੇ, ਘੋਟ ਕੇ ਪੱਗਾਂ ਏਥੇ ਆਉਂਦੇ ਹਨ, ਕੋਈ ਸਿਰ 'ਚ ਪਾਣੀ ਨਹੀਂ ਉਹ ਪਾਉਂਦੇ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ—ਕੋਈ ਦਿਨ ਆਵੇਗਾ—ਜੁੱਤੀ ਮੈਨੂੰ ਭੀ ਤੁਹਾਡੇ ਨਾਲ ਖੜਕੂ ਜਿਦਣ ਸਤਿਗੁਰ ਆਏ, ਅਰ ਤੁਹਾਨੂੰ ਭੀ ਖੜਕੂ। ਉਹ ਸਰਭ, ਸਾਰੇ ਥਾਂ ਬੈਠੇ ਦੇਖਦੇ ਹਨ। ਉਹ ਕੋਈ ਇਹੋ ਜਿਹੀ ਚੀਜ਼ ਨਹੀਂ ਸਤਿਗੁਰੂ ਕਿ ਜਿਹਨੂੰ ਕੰਧ ਦੇ ਓਹਲੇ ਦਾ ਨਹੀਂ ਪਤਾ। ਉਹ ਸਾਰੀ ਸ੍ਰਿਸ਼ਟੀ ਨੂੰ ਦੇਖਦਾ ਹੈ।

**ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ।।**

*– ਸਿਰੀ ਰਾਗ ਮ:੩, ਪੰਨਾ-੩੯*

ਅਸੀਂ ਕਿੰਨੇ ਲਫਾਫੇ ਕਰੀਏ, ਏਥੇ ਲੋਕਾਂ ਕੋਲੋਂ ਕਰ ਸਕਦੇ ਹਾਂ, ਉਹਦੇ ਕੋਲੋਂ ਨਹੀਂ ਕਰ ਸਕਦੇ।

**ਅੰਤਰਜਾਮੀ ਸਭੁ ਕਿਛੁ ਜਾਨੈ,**

*– ਆਸਾ ਮ:੫, ਪੰਨਾ-੩੮੧*

**– ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।।**

ਫੇਰ-

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,**

ਜਿਹੜਾ ਗੁਰੂ ਕੋਲੋਂ ਉਪਦੇਸ਼ ਲਿਆ ਹੈ, ਜਿਹੜਾ ਨਾਮ ਹੈ—ਨਾਮ ਉਹ ਚੀਜ਼ ਹੈ ਜਿਹੜਾ ਮੰਤ੍ਰ ਸ਼ਬਦ ਹੈ।

**ਸਭਿ ਕਿਲਵਿਖ[੧੪] ਪਾਪ ਦੋਖ ਲਹਿ ਜਾਵੈ।।**

*– ਪੰਨਾ-੩੦੫*

ਉਪਦੇਸ਼ ਜਪਣਾ ਸਤਿਗੁਰੂ ਦਾ-

**ਮਹਾ ਮੰਤ੍ਰ ਗੁਰ ਹਿਰਦੈ ਬਸਿਓ**

*- ਪੰਨਾ-੩੮੪*

ਮੰਤ੍ਰ ਸ਼ਬਦ ਗੁਰੂ ਨੇ ਕਿਹਾ ਹੈ-

**ਮੰਤ੍ਰੁ ਦੀਓ ਗੁਰ ਕਾਨ।।**

*- ਕਾਨੜਾ ਮ:੫, ਪੰਨਾ-੧੩੦੨*

ਕੰਨ ਵਿੱਚ ਮੰਤ੍ਰ ਦਿੱਤਾ। ਬਾਣੀ ਵਿੱਚ ਇੱਕ ਜਗ੍ਹਾ ਨਹੀਂ ਲਿਖਿਆ ਮਹਾਰਾਜ ਨੇ। ਮਹਾਰਾਜ ਨੇ ਲਿਖਿਆ ਹੈ-

**ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ,**

*- ਪ੍ਰਭਾਤੀ ਮ:੩, ਪੰਨਾ-੧੩੩੪*

ਉਹ ਨਾਮ ਕਿਆ ਚੀਜ਼ ਹੈ—ਉਹ ਜਿਹੜਾ ਸਤਿਗੁਰਾਂ ਨੇ ਦਿੱਤਾ। ਉਹ ਕਿਹੋ ਜਿਹਾ ਹੈ ਭਾਈ—ਨਾਮ ਦੀ ਸਿਫ਼ਤ ਦੇਖੋ।

*(ਏਥੇ ਮਾਸਟਰ ਤਾਰਾ ਸਿੰਘ ਜੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਸਾਧ ਸੰਗਤ ਵਿੱਚ ਆਉਂਦੇ ਹਨ। ਸਾਧ ਸੰਗਤ ਨੇ ਜੈਕਾਰਿਆਂ ਨਾਲ ਉਹਨਾਂ ਦਾ ਸੁਆਗਤ ਕੀਤਾ ਹੈ।)*

ਪਹਿਲਾਂ ਮੈਂ ਇਹ ਕਹ੍ਵਾਂ ਕਿ ਮਾਸਟਰ ਜੀ ਨੇ ਸਾਨੂੰ ਦਰਸ਼ਨ ਦਿੱਤੇ ਹਨ—ਸਾਧ ਸੰਗਤ ਵਿੱਚ ਆ ਕੇ। ਇਨ੍ਹਾਂ ਨੇ ਕਿਰਪਾ ਕੀਤੀ ਹੈ। ਸਾਨੂੰ ਏਸ ਗੱਲ ਦੀ ਬੜੀ ਖੁਸ਼ੀ ਹੈ ਕਿ ਅੱਜ ਐਸਾ ਵਕਤ ਸਾਨੂੰ ਮਿਲ ਗਿਆ ਹੈ, ਜਿੱਥੇ ਇਹਨਾਂ ਭੀ ਕਿਰਪਾ ਕੀਤੀ ਹੈ। ਐਸ ਤਰ੍ਹਾਂ ਹੀ ਅਗਰ ਅਸੀਂ ਸਾਰੇ ਇਕੱਠੇ ਹੋ ਕੇ ਜੇ ਬਹਿਣ ਲੱਗ ਪਈਏ ਤਾਂ ਕੋਈ ਭੀ ਕੰਮ ਅੜਿਆ ਨਹੀਂ ਰਹਿ ਸਕਦਾ।

ਤਾਂ, ਨਾਮ ਦੀ ਮਹਿਮਾ ਮੈਂ ਅਰਜ਼ ਕਰ ਰਿਹਾ ਸੀ, ਸਾਹਿਬਾਂ ਨੇ ਦੱਸਿਆ ਹੈ ਨਾਮ ਕਿਆ ਚੀਜ਼ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ-

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ।*

ਪੰਜਾਬੀ ਹੈ, ਕੋਈ ਐਡੀ ਲੋੜ ਨਹੀਂ ਇਹਦੀ ਵਿਆਖਿਆ ਕਰਨ ਦੀ। ਗੁਰੂ ਨਾਨਕ ਦੇਵ ਮਹਾਰਾਜ ਨੇ ਸਾਨੂੰ ਦੱਸਿਆ ਕਿ-

**ਵਿਚੇ ਗ੍ਰਿਹ ਸਦਾ ਰਹੈ ਉਦਾਸੀ**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ।।**

*– ਮਾਰੂ ਮ:੪, ਪੰਨਾ–੧੦੭੦*

ਸਾਨੂੰ ਇਹ ਨਹੀਂ ਕਿਹਾ ਕਿ ਗ੍ਰਹਿਸਤ ਨੂੰ ਛੱਡ ਦਿਓ। ਤਾਂ–

*ਭਗਤੁ ਵਡਾ ਰਾਜਾ ਜਨਕੁ ਹੈ,*
*ਗੁਰਮੁਖਿ ਮਾਇਆ ਵਿਚਿ ਉਦਾਸੀ।*

ਜੋ ਕੁਛ ਮੈਨੂੰ ਪ੍ਰਾਪਤ ਹੋਇਆ ਹੈ, ਮੈਂ ਉਹੋ ਹੀ ਅਰਜ਼ ਕਰਨੀ ਹੈ। ਮੈਂ ਦਾਅਵਾ ਨਹੀਂ ਕਰ ਸਕਦਾ ਕਿ ਜੋ ਮੈਂ ਕਹਿਨਾਂ ਹਾਂ ਇਹ ਠੀਕ ਹੈ।

*ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁ ਖਵਾਸੀ।*

ਗਣ ਗੰਧਰਬ ਜਿਹਦੇ ਖਵਾਸ ਹੋ ਕੇ, ਨਾਲ ਨੌਕਰ ਬਣਕੇ ਤੁਰੇ–

*ਜਮਪੁਰਿ ਗਇਆ ਪੁਕਾਰ ਸੁਣਿ,*

ਲੰਘਣ ਲੱਗੇ ਜਿਸ ਵੇਲੇ ਜਮਪੁਰੀ ਦੇ ਕੋਲੋਂ ਦੀ, ਤੇ ਆਵਾਜ਼ ਪਈ ਕੰਨਾਂ ਵਿੱਚ। ਮਹਾਪੁਰਖਾਂ ਨੂੰ, ਸੰਤਾਂ ਨੂੰ, ਸਤਿਗੁਰਾਂ ਨੂੰ—ਉਹਨਾਂ ਦਾ ਕੰਮ ਪਰਉਪਕਾਰ ਤੋਂ ਬਗੈਰ ਹੋਰ ਕੁਛ ਨਹੀਂ। ਉਹ ਇਹੋ ਹੀ ਚੀਜ਼ ਕਰਦੇ ਹਨ। ਉਹਨਾਂ ਨੇ ਪਰਉਪਕਾਰ ਵਾਸਤੇ ਹੀ ਸਰੀਰ ਧਾਰਿਆ ਹੈ।

*ਜਮਪੁਰਿ ਗਇਆ ਪੁਕਾਰ ਸੁਣਿ,*
*ਵਿਲਲਾਵਨਿ ਜੀਆ ਨਰਕ ਨਿਵਾਸੀ।*

ਵਿਰਲਾਪ ਸੁਣਿਆ, ਦੁੱਖ ਨਹੀਂ ਝੱਲਿਆ ਗਿਆ। ਗੁਰੂ ਤੇਗ਼ ਬਹਾਦਰ ਨੂੰ ਤੇ ਕਹਿ ਰਿਹਾ ਸੀ ਔਰੰਗਜ਼ੇਬ—ਜੋ ਚਾਹੁਣ ਸੋ ਲੈ ਲੈਣ। ਪਰ ਉਹ ਪਰਉਪਕਾਰ ਵਾਸਤੇ, ਉਹਨਾਂ ਨੇ ਸ੍ਰਿਸ਼ਟੀ ਦੇ ਉੱਤੇ ਪਰਉਪਕਾਰ ਕਰਨ ਦਾ ਜ਼ਿੰਮਾਂ ਚੁੱਕਿਆ ਹੋਇਐ। ਉਹ ਕਹਿੰਦੇ ਨੇ,''ਮਹਾਰਾਜ ਜੋ ਮੰਗ ਕਰਦੇ ਨੇ, ਉਨ੍ਹਾਂ ਦਾ ਬਚਨ ਭੀ ਮੰਨ ਲਓ।''

*ਵਿਲਲਾਵਨਿ ਜੀਆ ਨਰਕ ਨਿਵਾਸੀ।*

—ਨਰਕੀ ਜੀਵਾਂ ਦਾ ਵਿਰਲਾਪ ਸੁਣਿਆ।

*ਧਰਮ ਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।*

ਤੇ ਧਰਮ ਰਾਇ ਕਹਿੰਦਾ ਹੈ–

*ਕਰੇ ਬੇਨਤੀ ਧਰਮ ਰਾਇ ਹਉ ਸੇਵਕੁ ਠਾਕੁਰ ਅਬਿਨਾਸੀ।*

ਮੈਂ ਤੇ ਸੇਵਕ ਹਾਂ ਮਹਾਰਾਜ, ਮੇਰਾ ਇਖਤਿਆਰ ਨਹੀਂ, ਇਹਨਾਂ ਨੇ ਤੇ ਪਾਪ ਕੀਤੇ ਹੋਏ ਹਨ। ਤਾਂ ਫੇਰ ਕੀ ਕੀਤਾ, ਨਾਮ ਦੀ ਮਹਿਮਾ—ਸਤਿਗੁਰਾਂ ਨੇ ਬਾਣੀ ਵਿੱਚ, ਜਿਥੇ ਨਾਮ ਦੇ ਮੁਕਾਬਲੇ ਵਿੱਚ ਇਹ ਲਿਖਿਆ, ਸੁਖਮਨੀ ਸਾਹਿਬ ਵਿੱਚ–

**ਨਾਮ ਤੁਲਿ ਕਛੁ ਅਵਰੁ ਨ ਹੋਇ।।**

*– ਗਉੜੀ ਸੁਖਮਨੀ ਮ:੫, ਪੰਨਾ–੨੬੫*

ਤਾਂ ਕਹਿੰਦੇ ਨੇ–

*ਗਹਿਣੇ ਧਰਿਓਨੁ ਇਕੁ ਨਾਉ,*

ਇਹ ਨਹੀਂ ਕੀਤਾ ਲੈ ਬਈ ਇੱਕ ਨਾਮ ਪੂਰਾ ਤੂੰ ਬੈਅ ਲੈ ਲੈ—ਮੁੱਲ। ਜਿਸ ਤਰ੍ਹਾਂ ਦੁਕਾਨਦਾਰ ਦਸ ਹਜ਼ਾਰ ਦੀ ਦੁਕਾਨ, ਪੰਜ ਹਜ਼ਾਰ 'ਚ ਗਹਿਣੇ ਪਾਉਂਦੇ ਹਨ। ਗਹਿਣੇ ਧਰਿਆ ਇੱਕ ਨਾਮ—ਮੁੱਲ ਨਹੀਂ ਦਿੱਤਾ। ਤੱਕੜੀ ਵਿੱਚ ਪਾਇਆ–

*ਪਾਪਾ ਨਾਲਿ ਕਰੈ ਨਿਰਜਾਸੀ।*

ਨਿਰਜਾ—ਤੱਕੜੀ ਦਾ ਨਾਮ ਹੈ।

**ਲੈ ਨਰਜਾ ਮਨੁ ਤੋਲੈ ਦੇਵ।।**

*– ਪੰਨਾ–੮੫੭*

ਕਬੀਰ ਜੀ ਬਿਲਾਵਲ ਰਾਗ ਵਿੱਚ ਲਿਖਦੇ ਹਨ। ਜਿਸ ਵੇਲੇ ਤੋਲਣ ਲੱਗੇ ਤਾਂ ਕੀ ਬਣਿਆ–

*ਪਾ ਸੰਗਿ ਪਾਪੁ ਨ ਪੁਜਨੀ,*

ਪਾਪ ਜਿਹੜੇ ਸੀ—ਪਾਸਕੂ ਜਿੰਨਾ ਭਾਰ—ਸਾਰੀ ਸ੍ਰਿਸ਼ਟੀ ਦੇ ਪਾਪਾਂ ਨੇ, ਭਾਰ ਇੱਕੋ ਨਾਮ ਦੇ ਗਹਿਣੇ ਦੇ ਬਰਾਬਰ ਨਾ ਝੱਲਿਆ।

*ਗੁਰਮੁਖਿ ਨਾਉ ਅਤੁਲ ਨ ਤੁਲਾਸੀ।*

*ਨਰਕਹੁ ਛੁਟੇ ਜੀਅ ਜੰਤ,*

ਨਰਕ ਦੇ ਵਿਚੋਂ ਜੀਅ ਜੰਤ ਛੁੱਟੇ।

*ਕਟੀ ਗਲਹੁੰ ਸਿਲਕ ਜਮ ਫਾਸੀ।*

*ਮੁਕਤਿ ਜੁਗਤਿ ਨਾਵੈ ਦੀ ਦਾਸੀ।*

*– ਵਾਰ ੧੦, ਪਉੜੀ-੫*

ਤਾਂ ਭਾਈ ਸੱਜਣੋਂ, ਸਤਿਗੁਰੂ ਨਾਨਕ ਦੇਵ ਨੇ ਏਥੇ ਸ੍ਰਿਸ਼ਟੀ 'ਚ ਆ ਕੇ ਆਪਣੇ ਜਾਮੇ ਧਾਰੇ। ਉਹਨਾਂ ਜਾਮਿਆਂ ਵਿੱਚ ਉਹਨਾਂ ਨੇ ਆ ਕੇ ਇਹੋ ਕੁਝ ਦੱਸਿਆ–

**ਅਬ ਕਲੂ ਆਇਓ ਰੇ।।**
**ਇਕੁ ਨਾਮੁ ਬੋਵਹੁ ਬੋਵਹੁ[੧੫]।।**
**ਅਨ[੧੬] ਰੂਤਿ[੧੭] ਨਾਹੀ ਨਾਹੀ।।**
**ਮਤੁ ਭਰਮਿ ਭੂਲਹੁ ਭੂਲਹੁ।।**

*– ਬਸੰਤ ਮ:੫, ਪੰਨਾ-੧੧੮੫*

ਜੇ ਨਾਮ ਨਾ ਜਪੋਗੇ ਤਾਂ ਫੇਰ ਕੀ ਹੈ–

**ਹਰਿ ਬਿਸਰਤ ਸਦਾ ਖੁਆਰੀ।।**

*– ਟੋਡੀ ਮ:੫, ਪੰਨਾ-੭੧੧*

ਨਾਮ ਜਪਣ ਤੋਂ ਬਗੈਰ ਖੁਆਰੀ ਹੀ ਖੁਆਰੀ ਹੈ। ਸਿੱਖ ਪੰਥ ਦਾ ਇਹਦਾ ਤੇ ਮੁੱਢ ਹੀ ਨਾਮ ਸਤਿਗੁਰੂ ਨੇ ਬਣਾਇਆ ਹੈ। ਇਹਨੂੰ ਤੇ ਨਾਮ ਤੇ ਬਾਣੀ ਦੇ ਆਸਰੇ ਤੇ ਰੱਖਿਐ। ਜਿੰਨਾਂ ਚਿਰ ਨਾਮ ਬਾਣੀ ਸਿੱਖ ਪੜ੍ਹਦੇ ਸੀ, ਭੂਰੀਆਂ ਕੋਲ ਸੀਆਂ, ਜੰਗਲੀ ਹੁੰਦੇ ਹੋਏ ਘਰ ਘਾਟ ਨਾ ਹੁੰਦਿਆਂ ਹੋਇਆਂ ਨੇ ਭੀ ਮੁਗਲਾਂ ਦਾ ਰਾਜ ਖੋਖਲਾ ਕਰ ਦਿੱਤਾ ਤੇ ਆਪਣਾ ਰਾਜ ਕਾਇਮ ਕਰ ਲਿਆ। ਜਿਸ ਵੇਲੇ ਸਿੱਖ ਉੱਥੋਂ ਹਟ ਗਏ; ਮੋਰਾਂ ਕੰਜਰੀ ਰੱਖ ਲਈ ਮਹਾਰਾਜਾ ਨੇ; ਸ਼ਰਾਬ ਪੀਣੀ ਸ਼ੁਰੂ ਹੋ ਗਈ; ਸਿੱਖਾਂ ਨੇ ਰਾਜ ਭਾਗ ਹੱਥੋਂ ਗਵਾ ਲਿਆ।

ਸਤਿਗੁਰਾਂ ਫੇਰ ਆ ਕੇ, ਸਤਿਗੁਰੂ ਰਾਮ ਸਿੰਘ ਨੇ ਉਹੀ ਉਪਦੇਸ਼ ਜਿਹੜਾ ਗੁਰੂ ਦਾ ਹੁਕਮ ਸੀ ਦਿੱਤਾ। ਨਾਮਧਾਰੀ ਬਣੇ, ਸਿੱਖ ਸਜੇ, ਉੱਚੇ ਹੋਏ। ਝੂਠ ਨਹੀਂ ਸੀ ਬੋਲਦੇ—ਹੁਣ ਅਸੀਂ ਆਪਣੇ ਆਪ ਵੱਲ ਝਾਕੀਏ, ਕਿਸੇ ਨੂੰ ਨਾ ਕੁਛ ਕਹੀਏ। ਅੰਗਰੇਜ਼ ਨਾਮਧਾਰੀ ਤੋਂ ਡਰਦਾ ਸੀ। ਅੰਗਰੇਜ਼ ਤਿੰਨ ਗੱਲਾਂ ਕਹਿੰਦਾ ਸੀ, ਕੂਕਾ ਸ਼ਰਾਬ ਨਹੀਂ ਪੀਂਦਾ, ਉਹਨੂੰ ਇਹ

ਨਹੀਂ ਸੀ ਪਤਾ ਬਈ ਉਹ ਮਾਸ ਭੀ ਨਹੀਂ ਖਾਂਦਾ। ਉਹ ਕਹਿੰਦਾ ਸੀ ਕਿ ਕੂਕਾ ਜਿਹੜਾ ਹੈ ਇਹ ਝੂਠ ਨਹੀਂ ਬੋਲਦਾ ਔਰ ਕੂਕਾ ਲਾਇਲ ਨਹੀਂ ਹੋ ਸਕਦਾ, ਅੰਗਰੇਜ਼ ਦਾ ਵਫਾਦਾਰ ਨਹੀਂ ਕਦੇ ਹੋ ਸਕਦਾ। ਤਿੰਨ ਚੀਜ਼ਾਂ ਉਹ ਦੱਸਦੇ ਸੀ। ਕਿਆ ਹੁਣ ਅਸੀਂ ਕੂਕੇ ਝੂਠ ਨਹੀਂ ਬੋਲਦੇ ? ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ, ਕਿਸੇ ਨੂੰ ਕੁਛ ਕਹਿਣ ਦੀ ਲੋੜ ਨਹੀਂ, ਕਿਸੇ ਉੱਤੇ ਉਂਗਲ ਨਾ ਧਰੋ ਫਲਾਣਾ ਕੀ ਕਰਦਾ ਹੈ। ਆਪਣੇ ਆਪ ਵੱਲ ਝਾਕੋ। ਸਤਿਗੁਰੂ ਦੀ ਸਿੱਖੀ ਹੈ। ਮੈਂ ਜਿਹੜੀ ਅਰਜ਼ ਕਰ ਰਿਹਾ ਸੀ—

**ਭਲਕੇ ਉਠਿ ਹਰਿ ਨਾਮੁ ਧਿਆਵੈ–**

**ਉਦਮੁ ਕਰੇ ਭਲਕੇ ਪਰਭਾਤੀ,**
**ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।।**

ਇਸ਼ਨਾਨ ਕਰੇ ਸਣੇ ਕੇਸੀਂ। ਕਿਉਂਕਿ ਗੁਰੂ ਜੀ ਕਹਿੰਦੇ ਹਨ–

**ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।।**
**ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨਾ ਭਾਣੀ।।**

*– ਪੰਨਾ–੧੫੦*

ਫਿਰ–

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ।।**

ਜਿਹੜਾ ਨਾਮ ਲਿਆ ਹੋਇਆ ਹੈ, ਨਾਮ ਜਪੇ, ਬਾਣੀ ਪੜ੍ਹੇ। ਬਾਣੀ ਦਸਦੀ ਹੈ–

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ।।**

*– ਗਉੜੀ ਸੁਖਮਨੀ ਮ:੫, ਪੰਨਾ–੨੬੨*

ਜੇ ਬਾਣੀ ਨਾ ਪੜ੍ਹੋ, ਤਾਂ ਨਾਮ ਭੀ ਭੁੱਲ ਜਾਂਦਾ ਹੈ। ਸਤਿਗੁਰਾਂ ਲਿਖਿਐ —ਭਾਈ ਦੋਏ ਚੀਜਾਂ ਅਮੋਲਕ ਗੁਰੂ ਜੀ ਨੇ ਤੁਹਾਨੂੰ ਦਾਨ ਦਿੱਤੀਆਂ ਹਨ— ਹੁਕਮਨਾਮੇ 'ਚ ਸਤਿਗੁਰੂ ਰਾਮ ਸਿੰਘ ਨੇ ਲਿਖਿਆ। ਤਾਂ ਤੇ ਨਾਮ ਤੇ ਬਾਣੀ ਦੋਵੇਂ ਜਪਿਆ ਕਰੋ। ਇੱਕ ਥਾਂ ਇਹ ਭੀ ਲਿਖਿਐ ਕਿ ਜਿਹੜੇ ਨਿਰੇ ਨਾਮ ਜਪਣ ਲੱਗ ਪੈਂਦੇ ਨੇ, ਉਹ ਜਪਦੇ ਜਪਦੇ ਮਾਲਾ ਹੱਥ 'ਚ ਫੜ੍ਹ ਕੇ ਗੱਲੀ ਬਹਿ ਕੇ ਯੱਕੜ ਮਾਰਨ ਲੱਗ ਪੈਂਦੇ ਨੇ। ਜੇ ਨਾਲ ਬਾਣੀ ਪੜ੍ਹਦਾ ਰਹੇ ਤਾਂ ਯੱਕੜ

ਨਹੀਂ ਵੱਜ ਸਕਦੇ। ਬਾਣੀ ਪੜ੍ਹੋ, ਨਾਮ ਜਪੋ। ਫਿਰ ਕਹਿੰਦੇ ਨੇ–

**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,**

ਤੜਕੇ ਬੈਠ ਕੇ ਲਾਵੇ ਸਮਾਧੀ, ਜਪੇ ਨਾਮ। ਫੇਰ–

**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।।**

ਫੇਰ ਦਿਨੇ ਬਹਿੰਦਿਆਂ ਉਠਦਿਆਂ ਭੀ, ਕੋਈ ਸਵਾਸ ਨਾ ਖਾਲੀ ਜਾਵੇ।

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,**

ਜੋ ਸੁਆਸਾਂ ਨਾਲ, ਗਿਰਾਸ—ਛਕਣ ਵੇਲੇ ਭੀ। ਇੱਕ ਸਾਧੂ ਦੀ ਗੱਲ ਮੈਨੂੰ ਸੰਤਾਂ ਨੇ ਸੁਣਾਈ ਬਈ, ਇੱਕ ਸਿੱਖ ਦੇ ਘਰ ਇੱਕ ਸਿੱਖ ਗਿਆ —ਪ੍ਰੇਮੀ। ਉਹ ਜਦੋਂ ਪ੍ਰਸਾਦਿ ਲੱਗਾ ਉਹਨੂੰ ਛਕਾਉਣ, ਤਾਂ ਜਿਹੜਾ ਛਕਾਉਣ ਵਾਲਾ ਸੀ ਉਹ ਜ਼ਰਾ ਉੱਚਾ ਸੀ ਉਹਦੇ ਨਾਲੋਂ। ਉਹ ਜਦੋਂ ਪ੍ਰਸਾਦਿ ਲੱਗੇ ਛਕਣ, ਤਾਂ ਉਹ ਕਹਿੰਦਾ,''ਸੰਤ ਜੀ, ਰੁੱਖਾ ਨਾ ਛਕੋ।''

ਉਹਨੇ ਸਮਝਿਆ,''ਖਬਰੇ, ਮੈਂ ਸ਼ਾਇਦ ਘਿਓ ਨਹੀਂ ਨਾਲ ਲਾਇਆ, ਯਾ ਦਾਲ ਨਹੀਂ ਲਈ।''

ਦੂਸਰੀ ਵੇਰ ਉਨ੍ਹਾਂ ਫੇਰ ਆਖਿਆ।

ਉਹ ਕਹਿੰਦਾ,''ਮਹਾਰਾਜ ਮੈਨੂੰ ਤੇ ਸਮਝ ਨਹੀਂ।''

ਜੇ ਤੇ ਮੇਰੇ ਵਰਗਾ ਹੁੰਦਾ, ਅੱਜ ਵਰਗਾ ਹੁੰਦਾ ਤਾਂ ਕਹਿੰਦਾ—ਅੰਨ੍ਹਾਂ ਹੈਂ। ਮੈਂ ਤਾਂ ਸਭ ਕੁਛ ਲਾ ਕੇ ਖਾਣ ਡਿਹਾਂ। ਪਰ ਉਹ ਸਿੱਖ ਸੀ, ਉਨ੍ਹਾਂ ਦੇ ਅੰਦਰ ਇਹ ਸੀ ਬਈ, ਇਹ ਜਿਹੜਾ ਮੈਨੂੰ ਦੱਸ ਰਿਹਾ ਹੈ, ਇੱਕ ਦੂਏ ਸਿੱਖ ਤੇ ਇਤਬਾਰ ਸੀ।

ਉਨ੍ਹਾਂ ਆਖਿਆ,''ਮਹਾਰਾਜ ਜਦੋਂ ਬੁਰਕੀ ਪਾਓ, ਓਦੋਂ ਹੀ ਭਜਨ ਦਾ ਨਾਂ ਨਾਲ ਲਓ।''

**ਜੋ ਸਾਸਿ ਗਿਰਾਸ ਧਿਆਏ ਮੇਰਾ ਹਰਿ ਹਰਿ,**

ਗਿਰਾਸ ਦੇ ਨਾਲ ਭੀ ਮੇਰੇ ਹਰੀ ਨੂੰ ਧਿਆਏ–

**ਸੋ ਗੁਰਸਿਖੁ ਗੁਰੂ ਮਨਿ ਭਾਵੈ।।**

—ਉਹ ਗੁਰੂ ਕਾ ਸਿੱਖ ਗੁਰੂ ਨੂੰ ਭਾਉਂਦਾ ਹੈ।

**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,**

*– ਮ:੪, ਪੰਨਾ–੩੦੫*

ਮੈਂ ਉਸ ਦੀ ਧੂੜ ਮੰਗਦਾ ਹਾਂ–

**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।**

—ਜੋ ਆਪ ਜਪਦਾ ਹੈ, ਲੋਕਾਂ ਤੋਂ ਜਪਾਉਂਦਾ ਹੈ। ਉਹ ਗੁਰੂ ਕਾ ਸਿੱਖ ਹੈ, ਉਹੋ ਹੀ ਸਤਿਗੁਰੂ ਦਾ ਰੂਪ ਹੈ, ਕਿਉਂਕਿ–

– **ਰਾਮ ਸੰਤ ਮਹਿ ਭੇਦੁ ਕਿਛੁ ਨਾਹੀ,**

*– ਗਉੜੀ ਮ:੫, ਪੰਨਾ–੨੦੮*

– **ਗੁਰੂ ਸਿਖੁ ਸਿਖੁ ਗੁਰੂ ਹੈ ਏਕੋ,**

*– ਪੰਨਾ–੪੪੪*

ਗੁਰੂ ਦਾ ਰੂਪ ਸਿੱਖ ਹੋ ਜਾਂਦਾ ਹੈ ਜਦੋਂ ਨਾਮ ਜਪਦਾ ਹੈ। **ਜਿਨ ਹਰਿ ਜਪਿਆ**—ਮਹਾਰਾਜ ਬਾਣੀ 'ਚ ਚੌਥੀ ਪਾਤਸ਼ਾਹੀ ਧਨਾਸਰੀ 'ਚ ਕਹਿੰਦੇ ਹਨ–

**ਜਿਨ ਹਰਿ ਜਪਿਆ ਸੇ ਹਰਿ ਹੋਏ,**
**ਹਰਿ ਮਿਲਿਆ ਕੇਲ[੧੮] ਕੇਲਾਲੀ[੧੯]।**

*– ਧਨਾਸਰੀ ਮ:੪, ਪੰਨਾ–੬੬੭*

—ਉਹਦਾ ਰੂਪ ਹੋ ਜਾਂਦੇ ਹਨ। ਏਸੇ ਉੱਤੇ ਭਾਈ ਗੁਰਦਾਸ ਜੀ ਇੱਕ ਪਉੜੀ ਕਹਿੰਦੇ ਹਨ–

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।*

ਇਉਂ ਨਹੀਂ, ਮਾਲਾ ਮੇਰੇ ਹੱਥ 'ਚ ਹੈ ਗੱਲਾਂ ਤੁਹਾਡੇ ਨਾਲ ਕਰੀ ਜਾਨਾ ਹਾਂ, ਨਾਲੇ ਕਿਸੇ ਦਾ ਬੁਰਾ ਚਿਤਵੀ ਜਾਂਦਾ ਹਾਂ। ਫਿਰ ਭੀ ਮੈਂ ਕਹਿੰਦਾ ਹਾਂ—ਮੈਂ ਬੜਾ ਭਜਨ ਕਰਦਾ ਹਾਂ। ਇੱਕ ਮਨ, ਗੁਰੂ ਗੋਬਿੰਦ ਸਿੰਘ ਸਾਹਿਬ

ਨੇ ਇਹਦੇ ਉੱਤੇ ਲਿਖਿਆ ਹੈ–

**ਏਕ ਚਿੱਤ ਜਿਹ ਇਕ ਛਿਨ ਧਿਆਇਓ।।**

ਇੱਕ ਛਿਨ ਮਾਤਰ ਜੇ ਕੋਈ ਇੱਕ ਚਿਤ ਧਿਆਉਂਦਾ ਹੈ ਤਾਂ–

**ਕਾਲ ਫਾਸ ਕੇ ਬੀਚ ਨ ਆਇਓ।।**

*– ਦਸਮ ਗ੍ਰੰਥ ਪੰਨਾ-੧੧*

*ਹੋਇ ਇਕ ਮਨਿ ਗੁਰ ਜਾਪੁ ਜਪੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ*
*ਸਾਧ ਸੰਗਤਿ ਚਲਿ ਜਾਇ ਜੁੜੰਦੇ।*

ਜਿਹੜੇ ਸਾਧ ਸੰਗਤ ਵਿੱਚ ਜਾ ਕੇ ਜੁੜਦੇ ਹਨ।

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।*

ਤੁਹਾਡੇ ਭੀ ਭਾਈ ਕੁਰਬਾਣੀ ਰਾਗੀਆਂ ਦੇ, ਜਿਹੜੇ ਗੁਰੂ ਦੀ ਬਾਣੀ ਸੁਣਾਉਂਦੇ ਹਨ।

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।*

*– ਵਾਰ ੧੨, ਪਉੜੀ-੨*

ਮਨੋਂ ਮੇਲੀ ਹੁੰਦੇ ਹਨ, ਉੱਤੋਂ ਨਹੀਂ ਹੁੰਦੇ। ਉੱਤੋਂ ਇੱਕ ਦੂਏ ਨਾਲ ਪਿਆਰ ਕਰਨਾ, ਅੰਦਰੋਂ ਇੱਕ ਦੂਏ ਦੀਆਂ ਜੜ੍ਹਾਂ ਵੱਢਣੀਆਂ। ਇਹਦੇ ਵਾਸਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਿਕਾਯਤਾਂ ਵਿੱਚ ਔਰੰਗਜ਼ੇਬ ਨੂੰ ਕਿਹਾ ਹੈ–

**ਹਮੂੰ[੨੦] ਮਰਦ ਬਾਯਦ[੨੧] ਸ਼ਵਦ ਸੁਖ਼ਨਵਰ[੨੨]।।**
**ਨ ਸ਼ਿਕਮੇ[੨੩] ਦਿਗਰ ਦਰ ਦਹਾਨੇ[੨੪] ਦਿਗਰ।।**

*– ਦਸਮ ਗ੍ਰੰਥ, ਪੰਨਾ-੧੩੯੧*

ਉਹ ਆਦਮੀ ਨਹੀਂ ਜਿਹੜਾ ਮੂੰਹ ਉੱਤੇ ਹੋਰ ਹੈ, ਅੰਦਰ ਹੋਰ ਹੈ। ਸੋ ਭਾਈ ਸੱਜਣੋ, ਗੁਰੂ ਸਾਹਿਬ ਨੇ ਸਿੱਖ ਦੀ ਇਹ ਤਾਰੀਫ ਲਿਖ ਦਿੱਤੀ ਹੈ। ਤੁਸੀਂ ਸਿੱਧੀਆਂ ਬੰਨ੍ਹ ਲਓ, ਕਾਲੀਆਂ ਬੰਨ੍ਹ ਲਓ, ਕਿਰਪਾਨ ਪਾ ਲਓ, ਮਾਲਾ ਪਾ ਲਓ, ਦਾੜ੍ਹੀ ਰੱਖ ਲਓ, ਸਹਿਜਧਾਰੀ ਰਹੋ—ਜੇ ਤਾਂ ਗੁਰੂ ਦੀ ਸਿੱਖੀ ਤੇ ਚਲੋਗੇ, ਜੇ ਤਾਂ ਗੁਰੂ ਦੇ ਹੁਕਮ ਨੂੰ ਮੰਨੋਗੇ, ਜੇ ਉਹਦੇ ਹੁਕਮ

ਤੇ ਚਲੋਗੇ—ਉਹ ਕਹਿੰਦਾ ਹੈ-

*ਰਹਿਣੀ ਰਹੇ ਸੋਈ ਸਿਖ ਮੇਰਾ।*

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦਾ ਹੈ—ਜਿਹੜਾ ਉਸ ਦੇ ਹੁਕਮ 'ਚ ਚਲੇਗਾ ਉਹੀ ਉਸ ਦਾ ਸਿੱਖ ਹੈ, ਦੂਸਰਾ ਕੋਈ ਨਹੀਂ। ਤਾਂ ਮੈਂ ਇਹ ਅਰਜ਼ ਤੁਹਾਡੇ ਅੱਗੇ ਨਾਮਧਾਰੀਆਂ ਦੇ ਕਰਦਾ ਹਾਂ, ਕਿ ਤੁਸੀਂ ਅਰਦਾਸ ਕਰਿਆ ਕਰੋ ਰੋਜ਼, ਕਿਸੇ ਦਾ ਬੁਰਾ ਨਾ ਚਿਤਵਿਆ ਜਾਏ। ਕਹਿੰਦੇ ਨੇ-

**ਮਨ ਅਪੁਨੇ ਤੇ ਬੁਰਾ ਮਿਟਾਨਾ।।**
**ਪੇਖੈ ਸਗਲ ਸ੍ਰਿਸਟਿ ਸਾਜਨਾ।।**

*– ਮ:੫, ਪੰਨਾ–੨੬੬*

ਇਹ ਸੋਚੋ, ਇਹ ਵਿਚਾਰੋ, ਬਈ, ਜੇ ਤੁਸੀਂ ਕਿਸੇ ਦਾ ਬੁਰਾ ਕਰਨਾ ਚਾਹੁੰਦੇ ਹੋ—ਫਲਾਣੇ ਦਾ ਕੋਠਾ ਢਹਿ ਜਾਵੇ, ਘਰ ਦੇ ਪੈਸੇ ਨਾ ਰਹਿ ਜਾਣ, ਉਹਦਾ ਤਾਂ ਢਹਿੰਦੇ ਹੀ ਢਊਗਾ ਤੁਸੀਂ ਆਪਣਾ ਢਾਹ ਬੈਠੇ, ਜਦੋਂ ਬੁਰਾ ਚਿਤਵਣ ਲੱਗ ਪਏ।

**ਪਰ ਕਾ ਬੁਰਾ ਨ ਰਾਖਹੁ ਚੀਤ।।**
**ਤੁਮ ਕਉ ਦੁਖੁ ਨਹੀ ਭਾਈ ਮੀਤ।।**

*– ਆਸਾ ਮ:੫, ਪੰਨਾ–੩੮੬*

## ਕਰਜਾ ਨਾ ਮੋੜਨਾ ਪਾਪ ਹੈ

ਦੂਸਰੀ ਅਰਜ਼ ਮੈਂ ਕਰਨੀ ਹੈ—ਅੱਜ ਮੈਂ ਇੱਕ ਸੱਜਣਾਂ ਦੇ, ਹਿੰਦੂਆਂ ਦੇ ਜਿਹੜੇ ਆਪਣੇ ਬੰਗਲੇ 'ਚ ਲੈ ਗਏ ਸੀ, ਉਹ ਬੀਬੀਆਂ ਬੜੀਆਂ ਰੋਈਆਂ। ਮੈਂ ਅੱਗੇ ਭੀ ਉਹਨਾਂ ਦੇ ਭਾਈ ਨੂੰ ਅਰਜ਼ ਕੀਤੀ ਸੀ ਦਿਨੇ, ਕਿ ਦੇਣਾ ਤਾਂ ਦਿੱਤਾ ਜਾ ਸਕਦਾ ਹੈ ਜੇ ਮਨ ਚਾਹੇ ਦੇਣਾ। ਇਹ ਇੱਕ ਉਨ੍ਹਾਂ ਦੀ ਹੀ ਗੱਲ ਨਹੀਂ, ਹੋਰ ਵੀ ਸਾਡੇ ਭਰਾ ਇੱਥੇ ਨਾਮਧਾਰੀ, ਵਿੱਚ ਜਿਹੜੇ ਅਕਾਲੀ ਜਾਂ ਸਿੰਘ ਸਭੀਏ ਜਾਂ ਕੋਈ ਸਿੱਖ ਜਿੰਨੇ ਭੀ ਹਨ ਬਹੁਤ ਸਾਰੇ ਗਿਰ ਗਏ ਹਨ। ਅੱਜ ਸਮਾਂ ਬੜਾ ਹੋਰ ਤਰ੍ਹਾਂ ਦਾ ਆ ਗਿਆ ਹੈ। ਕੋਈ ਨੰਗਾ ਹੈ, ਕੋਈ ਨਹੀਂ ਨੰਗਾ। ਗੁਰੂ ਅੱਗੇ ਅਰਦਾਸ ਕਰੋ। ਸਤਿਗੁਰਾਂ

ਹੁਕਮਨਾਮੇ 'ਚ ਉੱਥੋਂ ਰੰਗੂਨੋਂ ਲਿਖ ਕੇ ਭੇਜਿਆ ਸੀ ਕਿ—ਕਰਜ਼ਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਥੀ ਭੀਂ ਬਡਾ ਪਾਪ ਹੈ। ਚੋਰੀ ਧਾੜੇ ਵਾਲਾ ਤਾਂ ਕੋਈ ਜਾਨ ਤਲੀ ਤੇ ਧਰ ਕੇ ਜਾਂਦਾ ਹੈ ਰਾਤ ਨੂੰ, ਮਰ ਜਾਵੇ ਯਾ ਮਾਰ ਦੇਵੇ—ਇਹ ਵਿਸਾਹ ਘਾਤ ਹੈ। ਤਾਂ ਏਸ ਤੋਂ ਬਚਣ ਦੀ ਕੋਸ਼ਿਸ਼ ਕਰੋ। ਕਿਵੇਂ ਬਚ ਸਕਦੇ ਹੋ—ਕਿਰਪਾ ਕਰਕੇ। ਉਹ ਬੀਬੀਆਂ ਜਿਹੜੀਆਂ ਰੋਂਦੀਆਂ ਸਨ, ਮੈਂ ਉਨ੍ਹਾਂ ਅੱਗੇ ਭੀ ਇਹੋ ਹੀ ਅਰਜ਼ ਕਰਾਂਗਾ, ਕਿ ਫੈਸ਼ਨ ਪ੍ਰਸਤੀ ਛੱਡੋ। ਜਿੱਥੇ ਪੰਜ ਰੁਪਏ ਗਜ ਦਾ ਲੀੜਾ ਪਾਉਂਦੇ ਹੋ, ਓਥੇ ਬਾਰਾਂ ਆਨੇ ਗਜ ਦਾ ਪਾ ਲਓ। ਲੋਕਾਂ ਕੋਲ ਨਾ ਵਡਿਆਈ ਦਿਖਾਓ, ਮੋਟਰ ਤੇ ਨਾ ਚੜ੍ਹੋ, ਤੁਰ ਕੇ ਚਲੇ ਜਾਓ ਰਿਕਸ਼ੇ ਤੇ ਚੜ ਕੇ ਚਲੇ ਜਾਉ। ਜਿੱਥੇ ਬਹੁਤਾ ਪਦਾਰਥ ਲਿਆ ਕੇ ਖਾਂਦੇ ਹੋ, ਹੋਰ ਕੁਛ ਅਲੱਮ ਗਲੱਮ ਲਿਆ ਕੇ ਖਾਂਦੇ ਹੋ, ਉੱਥੇ ਸੁੱਕੀ ਰੋਟੀ ਖਾ ਲਓ। ਸਤਿਗੁਰੂ ਅੱਗੇ ਅਰਦਾਸ ਕਰੋ, ਅਕਾਲ ਪੁਰਖ ਅੱਗੇ ਅਰਦਾਸ ਕਰੋ—ਉਹ ਸਦਾ ਹੀ ਸੁਣਦਾ ਹੈ, ਉਹ ਕਦੇ ਨਹੀਂ ਕਿਸੇ ਪਾਸੇ ਜਾਂਦਾ, ਜੇ ਤੁਸੀਂ ਦਿਲੋਂ ਧਾਰ ਕੇ ਕਰੋਂ।

ਇੱਕ ਗੱਲ ਕਰ ਕੇ ਫੇਰ ਮੈਂ ਭੋਗ ਪਾਉਨਾਂ। ਸਾਡੇ ਇੱਕ ਸਰਦਾਰ ਤੇਜਾ ਸਿੰਘ ਜੀ ਸੇਠ ਗੁਜਰਾਂਵਾਲੇ ਵਿੱਚ ਰਹਿੰਦੈ। ਘਾਟਾ ਪੈਂਦਾ ਪੈਂਦਾ ਜਿੱਥੇ ਤੱਕ ਮੈਨੂੰ ਪਤਾ ਹੈ, ਉਸ ਵਕਤ ਚਾਲੀ ਹਜ਼ਾਰ ਰੁਪਏ ਦਾ ਘਾਟਾ ਪਿਆ। ਲਾਹੌਰੋਂ ਉਹ ਚੜ੍ਹੇ ਗੱਡੀ। ਉਹਨਾਂ ਨੇ ਰਸਤੇ 'ਚ ਆਪਣੀ ਜੇਬ੍ਹ ਕੱਟ ਕੇ ਕਿਹਾ ਕਿ ਮੇਰਾ ਅੱਠ ਦਸ ਹਜ਼ਾਰ ਰੁਪੱਈਆ ਕੱਢਿਆ ਗਿਐ। ਮੈਂ ਗੁਜਰਾਂਵਾਲੇ ਗਿਆ। ਮੈਨੂੰ ਪਤਾ ਲੱਗਾ। ਮੈਂ ਪੁੱਛਿਆ,''ਤੇਜਾ ਸਿੰਘ ਜੀ ਕੀ ਗੱਲ ਹੈ ?''

ਉਹਨਾਂ ਆਖਿਆ,''ਜੀ ਮੈਂ (ਜੇਬ੍ਹ) ਆਪ ਕੱਟੀ ਹੈ, ਲੋਕ ਮੈਨੂੰ ਤੰਗ ਕਰਦੇ ਸੀ, ਮੇਰੇ ਕੋਲ ਕੁਛ ਨਹੀਂ।''

ਮੈਂ ਆਖਿਆ,''ਫੇਰ ਇਹ ਦੱਸ, ਤੇਰੇ ਦਿਲ ਵਿੱਚ ਇਹ ਚੀਜ਼ ਹੈ ਕਿ ਮੈਂ ਲੋਕਾਂ ਦਾ ਦੇਣਾ ਹੈ, ਮੈਂ ਦੇਵਾਂ, ਗੁਰੂ ਮੇਰੇ ਕੋਲੋਂ ਦਿਵਾਵੇ।''

ਉਹਨੇ ਆਖਿਆ,''ਮੇਰੇ ਚਿਤ 'ਚ ਹੈ।''

ਮੈਂ ਕਿਹਾ,''ਫਿਰ ਜਾਹ, ਸਤਿਗੁਰੂ ਅੱਗੇ ਅਰਦਾਸ ਕਰ ਤੂੰ ਦੇ

ਦੇਵੇਂਗਾ, ਜੇ ਤੇਰੇ ਦਿਲ 'ਚ ਹੈ।''

ਸਤਿਗੁਰੂ ਮੇਰਾ ਇਕੱਲੇ ਦਾ ਮੁੱਲ ਨਹੀਂ ਲਿਆ ਹੋਇਆ, ਉਹ ਇਹ ਨਹੀਂ ਕੋਈ ਬਈ ਮੈਨੂੰ ਲੋਕ ਬਹੁਤੇ ਮੱਥਾ ਟੇਕਦੇ ਹਨ, ਜਾਂ ਸੰਤ ਜਾਣਦੇ ਹਨ, ਜਾਂ ਕੋਈ ਬਹੁਤਾ ਕਰਦਾ ਹੈ। ਕੋਈ ਭੀ ਉਹਦੇ ਅੱਗੇ ਅਰਦਾਸ ਕਰੇ। ਜੇ ਉਹ ਪਾਮਰਾਂ ਦੀ ਸੁਣ ਸਕਦਾ ਹੈ, ਬਾਲਮੀਕ ਵਰਗਿਆਂ ਨੂੰ ਤਾਰ ਸਕਦਾ ਹੈ, ਉਹ ਕੌਡੇ ਰਾਖਸ਼ ਵਰਗਿਆਂ ਨੂੰ ਤਾਰ ਸਕਦਾ ਹੈ, ਉਹ ਬੱਧਕ ਨੂੰ ਤਾਰ ਸਕਦਾ ਹੈ, ਉੱਥੇ ਕਿਹੜੀ ਚੀਜ ਹੈ।

ਉਹ ਉੱਥੋਂ ਨਿਕਲੇ, ਦਿੱਲੀ ਆਏ। ਦਿੱਲੀ ਮਗਰ ਉਨ੍ਹਾਂ ਦੇ ਲੋਕ ਆਏ। (ਤੇਜਾ ਸਿੰਘ) ਹੈਦਰਾਬਾਦ ਆਏ। ਹੈਦਰਾਬਾਦ ਤੋਂ ਇੱਕ ਵਾਰ ਜਾ ਕੇ ਉਨ੍ਹਾਂ ਨੇ ਲੋਕਾਂ ਅੱਗੇ ਹੱਥ ਜੋੜ ਕੇ ਪਹਿਲੇ ਦੁਆਨੀ ਦੁਆਨੀ ਦੇ ਕੇ, ਉਹਨਾਂ ਕੋਲੋਂ ਲਿਖਵਾ ਲਿਆ—ਕਿ ਅਸੀਂ ਸਭ ਕੁਝ ਲੈ ਬੈਠੇ ਹਾਂ। ਸਤਿਗੁਰੂ ਨੇ ਉਹਨਾਂ ਤੇ ਕਿਰਪਾ ਕੀਤੀ। ਉਹਨਾਂ ਕੋਲ ਬਹੁਤ ਪਦਾਰਥ ਹੋ ਗਿਆ। ਆਖੋ, ਧੰਨ ਸਤਿਗੁਰੂ ਰਾਮ ਸਿੰਘ ! ਜਿਹਨੇ ਇਹ ਕਿਰਪਾ ਉਹਨਾਂ ਤੇ ਕੀਤੀ। ਉਹ ਕਹਿੰਦੇ ਮੇਰੇ ਤੇ ਸਤਿਗੁਰੂ ਰਾਮ ਸਿੰਘ ਨੇ ਕਿਰਪਾ ਕਰ ਦਿੱਤੀ ਹੈ, ਉਹਨਾਂ ਨੇ ਮੁੜ ਕੇ ਜਾ ਕੇ ਜਿਹਨਾਂ ਤੋਂ ਦੁਆਨੀ ਦੇ ਕੇ ਫ਼ਾਰਖ਼ਤੀ ਲਈ ਸੀ, ਉਹਨਾਂ ਦੇ ਸਾਰੇ ਪੈਸੇ ਮੁੜ ਕੇ ਜਾ ਕੇ ਗੁਜਰਾਂਵਾਲੇ 'ਚ ਭੁਗਤਾ ਦਿੱਤੇ। ਉਹਨਾਂ ਨੂੰ ਕੋਈ ਘਾਟਾ ਨਹੀਂ ਰਿਹਾ। ਉਹ ਇਕੱਲੇ ਤੇਜਾ ਸਿੰਘ ਦਾ ਨਹੀਂ ਹੈ—ਅਕਾਲ ਪੁਰਖ ਸਭ ਦਾ ਹੈ—ਸਤਿਗੁਰੂ ਸਭ ਦਾ ਹੈ। ਤੁਸੀਂ ਧਿਆਓ, ਕਿਸੇ ਰੂਪ ਵਿੱਚ ਉਹਨੂੰ ਧਿਆਓ। ਜਿਸ ਜਿਸ ਤਰ੍ਹਾਂ ਤੁਸੀਂ ਉਹਨੂੰ ਮੰਨਦੇ ਹੋ ਮੰਨੋ। ਇਹ ਧਿਆਨ ਧਰੋ, ਇਹ ਚਿਤ ਵਿੱਚ ਖਿਆਲ ਕਰੋ, ਰੋਵੋ ਨਾ, ਮੇਰੇ ਕੋਲ ਅਰਜ਼ਾਂ ਨਾ ਕਰੋ, ਕਿਸੇ ਕੋਲ ਨਾ ਜਾ ਕੇ ਕਰੋ, ਅੰਦਰੋਂ ਅਰਦਾਸ ਕਰੋ ਸਤਿਗੁਰੂ ਦੇ ਅੱਗੇ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

**ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ,**
**ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈ।।**

*- ਦਸਮ ਗ੍ਰੰਥ, ਪੰਨਾ-੩੯*

ਉਹ ਗਰੀਬ ਦੀ ਸਭ ਤੋਂ ਪਹਿਲਾਂ ਸੁਣਦਾ ਹੈ। ਸੋ ਮੈਂ ਹੁਣ ਇਹਨਾ ਸ਼ਬਦਾਂ ਨਾਲ—ਕਲ੍ਹ ਨੂੰ ਜਾਣਾ ਹੈ—ਤੁਹਾਡੇ ਅੱਗੇ ਅਰਜ਼ ਕਰਦਾ ਹਾਂ। ਇੱਕ ਚੀਜ਼ ਰਹਿ ਗਈ ਸੀ ਕਿ ਸ਼ਬਦ ਜਪੁ ਸਾਹਿਬ ਤੱਕ ਜਿਹੜੀਆਂ ਪਉੜੀਆਂ ਹਨ ਉਹ ਇੱਕ-ਇੱਕ ਪਉੜੀ ਸਭ ਨੇ ਲੈ ਲਈ ਹੈ—ਚੰਗਮਈ ਤੇ ਲੰਪਾਂਗ ਵਾਲਿਆਂ ਨੇ। ਉਸ ਤੋਂ ਅੱਗੇ ਤੁਹਾਡਾ ਫਰਜ਼ ਹੈ ਇੱਕ ਇੱਕ ਸ਼ਬਦ—ਜੇ ਵੱਡਾ ਸ਼ਬਦ ਆਵੇ ਤਾਂ ਦੋ ਦੋ ਜਣੇ ਇੱਕ-ਇੱਕ ਸ਼ਬਦ ਲੈ ਕੇ, ਲਿਖ ਲਓ, ਬੀੜ ਉੱਤੋਂ ਕੰਠ ਕਰ ਲਓ, ਸਵਾ ਸਵਾ ਲੱਖ ਪਾਠ ਜਿੰਨੇ ਏਥੇ ਸਰੀਰ ਹਨ, ਡੇਢ ਸਾਲ ਵਿੱਚ ਕਰ ਲਓ। ਜਿਹੜਾ ਏਦੂੰ ਤੁਹਾਡੇ ਤੇ ਬਚੇਗਾ ਉਹ ਅਗਲੇ ਕਰਨਗੇ। ਅਸੀਂ ਹਾਂ ਮਾੜੇ, ਕਲਜੁਗ ਦਾ ਹੈ ਜ਼ੋਰ, ਸਤਿਗੁਰੂ ਨੇ ਸਾਨੂੰ ਨਾਮ ਤੇ ਬਾਣੀ ਦਾ ਬਖਸ਼ਿਆ ਹੈ ਆਸਰਾ। ਅਸੀਂ ਇਸ ਆਸਰੇ ਨਾਲ ਹੀ—ਜਿਸ ਤਰ੍ਹਾਂ ਉਹ ਗਰੜ ਉਦਗਾਰ ਇੱਕ ਬੂਟੀ ਹੈ, ਜਿਹੜਾ ਆਦਮੀ ਉਹਨੂੰ ਮੂੰਹ ਵਿੱਚ ਪਾ ਲਵੇ, ਉਹਨੂੰ ਸੱਪ ਲੜੇ ਤਾਂ ਜ਼ਹਿਰ ਨਹੀਂ ਚੜ੍ਹਦਾ—ਸਤਿਗੁਰੂ ਨੇ ਤੁਹਾਨੂੰ ਬਾਣੀ ਤੇ ਨਾਮ ਗਰੜ ਉਦਗਾਰ ਦਿੱਤਾ ਹੈ। ਤੁਸੀਂ ਇਸ ਨੂੰ ਜਪੋ, ਯਾਦ ਕਰੋ, ਪੜ੍ਹਿਆ ਕਰੋ। ਮੈਂ ਫੇਰ ਮੁੜ ਕੇ ਮਾਸਟਰ ਜੀ ਦਾ ਧੰਨਵਾਦ ਕਰਦਾ ਹਾਂ। ਇਹਨਾਂ ਨੇ ਕਿਰਪਾ ਕਰਕੇ—ਅਸੀਂ ਤਾਂ ਇਹਨਾਂ ਨੂੰ ਸੱਦਣ ਵੀ ਨਹੀਂ ਸੀ ਗਏ, ਕੋਲ ਆਇਆਂ ਨੂੰ। ਇਹਨਾਂ ਨੇ ਆਪ ਕਿਰਪਾ ਕਰ ਕੇ, ਆ ਕੇ ਦਰਸ਼ਨ ਦਿੱਤਾ ਹੈ। ਸਤਿਗੁਰੂ ਕਿਰਪਾ ਕਰੇ, ਤੁਸੀਂ ਭੀ ਅਰਦਾਸ ਕਰੋ, ਮੈਂ ਭੀ ਕਰਾਂ, ਇਹ ਭੀ ਕਰਨ ਕਿ ਇਹ ਸਿੱਖ ਪੰਥ ਆਟੇ 'ਚ ਲੂਣ ਵਰਗਾ ਹੈ। ਜੇ ਸਤਿਗੁਰੂ ਬਖਸ਼ਿਸ਼ ਕਰੇ ਸਾਡੇ ਉੱਤੇ, ਸਾਨੂੰ ਆਪਣੇ ਸਿੱਖ ਬਣਾ ਲਵੇ, ਔਰ ਆਪਣੇ ਸਿੱਖ ਬਣਾ ਕੇ ਆਪਣੇ ਚਰਨੀਂ ਲਾ ਕੇ ਸਾਨੂੰ ਬਚਾਅ ਲਵੇ, ਨਹੀਂ ਹੁਣ ਸਾਡਾ ਹਾਲ ਕੋਈ ਨਹੀਂ।

।।ਸਤਿ ਸ੍ਰੀ ਅਕਾਲ।।

## ਸ਼ਬਦਾਰਥ

੧ ਨਹੀ ਤਾਂ।
੨ ਸ਼ੌਕ, ਚਾਅ।
੩ ਆਉਣ ਦਾ।
੪ ਨਹੀਂ ਸੀ।
੫ ਮੇਰਾ।
੬ ਚੰਗੀ ਭਲੀ।
੭ ਗੁਜ਼ਰੇ, ਬੀਤੇ।
੮ ਥਾਈ ਭਾਸ਼ਾ ਵਿੱਚ ਮੰਦਰ ਨੂੰ ਵੱਠ ਕਹਿੰਦੇ ਹਨ।
੯ ਨਿਤ ਆਉਣ ਵਾਲੇ ਦਿਨ।
੧੦ ਸਵੇਰੇ, ਅੰਮ੍ਰਿਤ ਵੇਲੇ।
੧੧ ਸਵੇਰ ਦੇ।
੧੨ ਗਿਆਨਵਾਨਾਂ।
੧੩ ਮੁਕਤੀ।
੧੪ ਵਡੇ ਗੁਨਾਹ।
੧੫ ਬੀਜੇ।
੧੬ ਹੋਰ ਕਰਮਾਂ ਦੇ ਕਰਨ ਦਾ।
੧੭ ਵੇਲਾ।
੧੮ ਖੇਡਾਂ, ਕ੍ਰੀੜਾਂ।
੧੯ ਖੇਡਾਂ ਕਰਨ ਵਾਲਾ, ਕੌਤਕੀ।
੨੦ ਏਹੋ ਜਿਹਾ।
੨੧ ਚਾਹੀਏ।
੨੨ ਬਚਨ ਪਾਲ।
੨੩ ਢਿੱਡ ਵਿੱਚ।
੨੪ ਮੂੰਹ ਵਿੱਚ।

ਬੰਕੋਕ ੮-੧੦-੧੯੫੪